16

SP

PUNJAB VIDHAN SABHA

DEBATES

16th March, 1970

Vol. I—No. 16

OFFICIAL REPORT

CONTENTS

Monday, the 16th March, 1970

Punjab Vidhan Sabha Secretariat, Chandigarh.

Price Rs. 12-25

PUNJAB VIDHAN SABHA

Monday, the 16th March, 1970.

The Sabha met in the Hall of Vidhan Bhavan, Sector—1, Chandigarh, at 2.00 p.m. of the Clock. Mr. Speaker (Sardar Darbara Singh) in the Chair.

POSTPONED STARRED QUESTIONS AND ANSWERS

MID TERM TRANSFERS OF TEACHERS AND OTHER NON-GAZETTED STAFF OF EDUCATION DEPARTMENT

***1231. Comrade Babu Singh Master** (Put by Comrade Satya Pal Dang) : Will the Minister for Education be pleased to state whether mid-term transfers of teachers and other non-gazetted staff of the Education Department, in the State were made during the year 1969-70; if so, the number of such transfers, category-wise and district-wise be laid on the Table of the House ?

ਸਰਦਾਰ ਸੁਰਜੀਤ ਸਿੰਘ : ਹਾਂ ਜੀ, ਲੋੜੀਂਦੀ ਸੂਚਨਾ ਵਿਵਰਣ ਵਿਚ ਦਿੱਤੀ ਹੈ ਜਿਹੜੀ ਕਿ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

[ਵਿਦਿਆ ਮੰਤਰੀ]

ਵਿਵਰਣ

ਲੜੀ ਨੰ:	ਜ਼ਿਲ੍ਹੇ ਦਾ ਨਾਉਂ	ਮੁੱਖ ਅਧਿਆਪਕ	ਮੁੱਖ ਅਧਿਆਪਕਾ	ਲੈਕਚਰਾਰ ਕਾਲਜ (ਮਰਦ ਤੇ ਤੀਵੀਆਂ)	ਸਕੂਲ ਲੈਕਚਰਾਰ (ਮਰਦ)	ਸਕੂਲ ਲੈਕਚਰਾਰ (ਤੀਵੀਆਂ)	ਬੀ. ਈ. ਓ. (ਮਰਦ)	ਮਾਸਟਰ	ਮਿਸਟ੍ਰੈਸ
1	2	3	4	5	6	7	8	9	10
1.	ਜਲੰਧਰ	.. 1	1	1	—	3	—	8	3
2.	ਲੁਧਿਆਣਾ	.. 4	10	10	4	4	1	57	1
3.	ਪਟਿਆਲਾ	.. 5	5	6	3	8	—	25	5
4.	ਫਿਰੋਜ਼ਪੁਰ	.. 13	3	2	3	1	1	50	2
5.	ਅੰਮ੍ਰਿਤਸਰ	.. 8	2	4	2	2	3	1	15
6.	ਗੁਰਦਾਸਪੁਰ	.. 2	1	1	4	1	—	9	2
7.	ਹੁਸ਼ਿਆਰਪੁਰ	.. 2	—	2	3	5	—	7	3
8.	ਬਠਿੰਡਾ	.. 5	2	7	1	3	—	2	47
9.	ਸੰਗਰੂਰ	.. 16	5	9	6	—	—	20	4
10.	ਕਪੂਰਥਲਾ	.. 4	—	2	1	—	—	2	2
11.	ਰੋਪੜ	.. 2	—	3	—	—	—	33	2
12.	ਚੰਡੀਗੜ੍ਹ	. —	—	—	—	—	—	—	—
13.	ਮੰਡਲ ਨਾਭਾ	.. —	—	—	—	—	—	6	1
14.	ਮੰਡਲ ਜਲੰਧਰ	.. —	—	—	—	—	11	14	11
	ਕੁਲ ਜੋੜ	.. 62	29	47	27	27	16	234	98

ਕੁਲ ਜੋੜ : 2109

ਕਲਾਸੀਕਲ ਤੇ ਵਰਨੈਕੂਲਰ ਟੀਚਰ (ਮਰਦ)	ਕਲਾਸੀਕਲ ਤੇ ਵਰਨੈਕੂਲਰ (ਤੀਵੀਆਂ)	ਜੇ. ਬੀ. ਟੀ. (ਮਰਦ)	ਜੇ. ਬੀ. ਟੀ. (ਤੀਵੀਆਂ)	ਹੈਡ ਕਲਰਕ	ਸਟੈਨੋ-ਗਰਾਫਰ	ਸਹਾਇਕ	ਲੈਬਾਰਟਰ (ਅਸਿਸਟੈਂਟ)	ਕਲਰਕ	ਚਪੜਾਸੀ
11	12	13	14	15	16	17	18	19	20
—	—	51	23	—	1	—	—	5	—
5	25	97	2	—	—	—	—	3	1
27	1	77	10	—	—	—	1	5	—
37	—	341	8	—	—	—	—	8	—
5	1	50	3	1	—	1	—	—	—
9	2	27	37	—	—	1	—	—	—
—	—	43	55	—	—	—	—	4	—
—	—	116	6	—	—	—	—	7	—
28	2	122	21	—	—	—	—	8	—
—	1	28	1	—	—	1	—	2	—
—	1	129	7	—	—	—	—	1	—
—	—	—	—	—	—	—	1	—	—
—	—	10	19	—	—	—	—	—	—
—	—	30	56	—	—	—	—	4	—
111	34	1121	248	1	1	3	2	47	1

ਸ੍ਰੀ ਗਿਆਨ ਚੰਦ ਖਰਬੰਦਾ : ਮੈਂ ਜ਼ਿਆਦਾ ਨੰਬਰ ਵਿਚ ਜਿਹੜੀਆਂ ਮਿਡ-ਟਰਮ ਟਰਾਂਸਫਰਾਂ ਕੀਤੀਆਂ ਗਈਆਂ ਹਨ, ਉਨ੍ਹਾਂ ਬਾਰੇ ਸਰਕਾਰ ਤੋਂ ਇਹ ਗਲ ਜਾਣਨੀ ਚਾਹੁੰਦਾ ਹਾਂ ਕਿ ਇਹ ਇਤਨੀ ਵੱਡੀ ਤਾਦਾਦ ਵਿਚ ਕਿਉਂ ਕੀਤੀਆਂ ਗਈਆਂ ਹਨ, ਖਾਸ ਤੌਰ ਤੇ ਲੜਕੀਆਂ ਦੀ ਹਾਲਤ ਵਿਚ ?

ਮੰਤਰੀ : ਇਸ ਲਈ ਕਿ ਉਨ੍ਹਾਂ ਵੱਲੋਂ ਮੰਗ ਕੀਤੀ ਗਈ ਸੀ ਅਤੇ ਸਰਕਾਰ ਨੇ ਠੀਕ ਸਮਝ ਕੇ ਕਰ ਦਿੱਤੀਆਂ ਸੀ ।

चौधरी बलबीर सिंह : क्या मंत्री महोदय कोई ऐसी डिस्ट्रिक्ट कमेटियां बनाने के लिए तैयार हैं, जो टरांस्फर्ज के मुतालिक्क डिपार्टमैंट को रिकमेंडेशन कर सकें ? यह काम पहले जिला परिषद करती रही है ।

ਮੰਤਰੀ : ਨਹੀਂ ਜੀ, ਐਸਾ ਕੋਈ ਵਿਚਾਰ ਨਹੀਂ ਹੈ ।

BHADAUR HOUSE ACQUIRED BY THE IMPROVEMENT TRUST, LUDHIANA.

*1406. **Shri Sardari Lal Kapur** : Will the Minister for Local Government be pleased to state —

(a) whether it is a fact that the Bhadaur House, near Head Post Office, Ludhiana, has been acquired by the Improvement Trust, Ludhiana; if so, at what price;

(b) the reserved price fixed by the said Trust for sale of sites to the public;

(c) whether the Harijans sitting there have been removed therefrom; if so, the name of the place in the city to which they have been shifted ?

ਸ੍ਰੀ ਮਨਮੋਹਨ ਕਾਲੀਆ : (ਏ) (1) ਹਾਂ ਜੀ ।

(2) 5,38,565.92 ਰੁ: ਤੇ

(ਬੀ) 185 ਰੁਪਏ ਪ੍ਰਤੀ ਵਰਗ ਗਜ਼ ।

(ਸੀ) ਹਾਂ ਜੀ । ਹਰੀਜਨਾਂ ਨੂੰ ਅਸਲਾਮ ਗੰਜ ਵਿਖੇ ਵਸਾਉਣ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਉਨ੍ਹਾਂ ਨੇ ਮੰਨੀ ਨਹੀਂ ।

[(a) Yes, at the cost of Rs. 5,38,565.92.

(b) Rs. 185 per square yard.

(c) Yes. Alternative accommodation was offered to Harijans in the Islam Ganj but they refused to accept it.]

चौधरी बलबीर सिंह : क्या मंत्री महोदय इस सिलसिला में बतायेंगे कि आया गवर्नमैंट की पालिसी यही है कि जिन लोगों को वहां से उठाया जाये उनको पहले जगह दी जाये ?

मंत्री : जो लोग भी हमारे पास आये हैं, हम ने उनको अकामोडेट करने की कोशिश की है । जो भी जगह हमारे पास बनी हुई होती है हम उसमें उनको भेज देते हैं ।

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਇਹ ਗੱਲ ਵਜ਼ੀਰ ਸਾਹਿਬ ਤੋਂ ਪੁੱਛਣੀ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਖਰੀਦ ਕੇ ਅਗੇ ਦਿੱਤੀ ਗਈ ਹੈ, ਉਸ ਦੇ ਓਨਰਜ਼ ਨੂੰ ਫੀ ਗਜ਼ ਦੇ ਹਿਸਾਬ ਨਾਲ ਕਿਤਨੀ ਕੀਮਤ ਅਦਾ ਕਰਨੀ ਪਈ ਹੈ ?

ਮੰਤਰੀ : ਇਹ ਖੁਦ ਹਿਸਾਬ ਲਾ ਸਕਦੇ ਹਨ । ਕੁਲ ਏਰੀਆ 1690 ਗਜ਼ ਹੈ ਜਿਸ ਦਾ ਕਿ ਮੁਲ 38,565 ਇਨ੍ਹਾਂ ਨੂੰ ਲਿਖ ਕੇ ਦਿੱਤਾ ਹੈ, ਮੈਥੇਮੈਟੀਕਲੀ ਇਹ ਆਪ ਹਿਸਾਬ ਲਗਾ ਸਕਦੇ ਹਨ ।

ਸ਼੍ਰੀ ਸਰਦਾਰੀ ਲਾਲ ਕਪੂਰ : ਇਸ ਹਿਸਾਬ ਨਾਲ ਤਾਂ, ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਓ ਕਿ ਇਨ੍ਹਾਂ ਨੇ 16 ਰੁ: ਫੀ ਗਜ਼ ਖਰੀਦ ਕੇ 185 ਰੁਪਏ ਫੀ ਗਜ਼ ਵੇਚੀ ਹੈ ।

ਸ਼੍ਰੀ ਸਪੀਕਰ : ਇਮਪਰੂਵਮੈਂਟ ਟਰਸਟ ਵਿਚ ਤਾਂ ਇਸੇ ਤਰ੍ਹਾਂ ਹੀ ਕਪੂਰ ਸਾਹਿਬ ਚਲਦਾ ਹੈ । (This is how the Improvement Trusts, function.)

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਉਹ ਜਗ੍ਹਾ ਕੈਸੀ ਹੈ ? ਹਰੀਜਨ ਮੇਰੇ ਪਾਸ ਆਏ ਸਨ ਉਹ ਕਹਿੰਦੇ ਸਨ ਕਿ ਇਹ ਜਗ੍ਹਾ ਤਾਂ ਮਾੜੀ ਹੈ ।

ਮੰਤਰੀ : ਜਿਹੜੀ ਵੀ ਅਕਾਮੋਡੇਸ਼ਨ ਉਨ੍ਹਾਂ ਵਾਸਤੇ ਬਣੀ ਹੋਈ ਸੀ ਉਹੀ ਦਿੱਤੀ ਗਈ ਸੀ । ਰਹਿਣ ਜਾਂ ਨਾ ਰਹਿਣ ਬਾਰੇ ਤਾਂ ਉਨ੍ਹਾਂ ਦੀ ਮਰਜ਼ੀ ਸੀ ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਇਹ ਤਾਂ ਗੱਲ ਨਹੀਂ ਸੀ ਕਿ 50 ਗਜ਼ ਦੇ ਹਿਸਾਬ ਨਾਲ ਉਹ ਵਿਚਾਰੇ ਕਿਰਾਏ ਤੇ ਨਹੀਂ ਲੈ ਸਕਦੇ ਸੀ ?

ਮੰਤਰੀ : ਕਿਰਾਏ ਦੇ ਮੁਤਾਲਿਕ ਕੋਈ ਐਸੀ ਗੱਲ ਨਹੀਂ ਸੀ, ਜੇ ਉਨ੍ਹਾਂ ਨੂੰ ਕੋਈ ਇਤਰਾਜ਼ ਹੁੰਦਾ ਤਾਂ ਉਹ ਜ਼ਰੂਰ ਆਉਂਦੇ ।

ਚੌਧਰੀ ਰਾਮ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਨਣੀ ਚਾਹੁੰਦਾ ਹਾਂ ਕਿ ਜਿਵੇਂ ਹੁਣੇ ਐਜੂਕੇਸ਼ਨ ਮਨਿਸਟਰ ਸਾਹਿਬ ਤੋਂ ਇਹ ਪਤਾ ਲਗਿਆ ਸੀ ਕਿ ਖਰੀਦੀ 16 ਰੁਪਏ ਗਜ਼ ਸੀ ਅਤੇ ਵੇਚੀ 185 ਰੁਪਏ ਗਜ਼ ਸੀ । ਇਤਨਾ ਵੱਡਾ ਜਦੋਂ ਫਰਕ ਹੋਵੇ, ਇਨ੍ਹਾਂ ਹਾਲਤਾਂ ਦੇ ਵਿਚ ਕੀ ਸਰਕਾਰ ਆਪਣੇ ਤੌਰ ਤੇ ਕੋਈ ਪ੍ਰਬੰਧ ਕਰਨ ਲਈ ਕੋਈ ਲੈਜਿਸਲੇਸ਼ਨ ਲਿਆਉਣ ਦਾ ਵਿਚਾਰ ਰਖਦੀ ਹੈ ?

ਮੰਤਰੀ : ਮੈਂ ਆਨਰੇਬਲ ਮੈਂਬਰ ਦੀ ਵਾਕਫੀਅਤ ਲਈ ਅਰਜ਼ ਕਰ ਦੇਵਾਂ ਕਿ ਅਸੀਂ ਸਾਰੇ ਇਮਪਰੂਵਮੈਂਟ ਟਰੱਸਟਸ ਨੂੰ ਇਹ ਗੱਲ ਸਾਫ ਤੌਰ ਤੇ ਲਿਖ ਦਿੱਤੀ ਹੈ ਕਿ ਉਹ ਕਮਰਸ਼ਲ ਟਰੱਸਟਸ ਨਾ ਬਣਨ। ਜਿਹੜੀ ਵੀ ਜ਼ਮੀਨ ਲੈਣ ਜਿਮੀਂਦਾਰ ਨੂੰ ਉਸ ਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ।

ਸ਼੍ਰੀ ਗਿਆਨ ਚੰਦ ਖਰਬੰਦਾ : ਕੀ 34 ਰੁਪਏ ਗਜ਼ ਖਰੀਦ ਕੇ 185 ਰੁਪਏ ਦੇਣਾ ਇਹ ਸਰਕਾਰ ਖੁਦ ਬਲੈਕ ਨਹੀਂ ਕਰ ਰਹੀ ?

ਸ਼੍ਰੀ ਸਪੀਕਰ : ਕਪੂਰ ਸਾਹਿਬ 16 ਕਹਿੰਦੇ ਸੀ, ਤੁਸੀਂ 34 ਕਹਿੰਦੇ ਹੋ, ਇਹ ਕੀ ਹਿਸਾਬ ਹੈ। (ਹਾਸਾ) (What is the matter—the hon. Member is quoting Rs. 34 per yard while Mr. Kapoor had quoted Rs. 16.)

COLONY ESTABLISHED BY THE IMPROVEMENT TRUST, LUDHIANA IN ISLAM GANJ.

*1407. **Shri Sardari Lal Kapur** : Will the Minister for Local Government be pleased to state—

(a) whether it is a fact that the Improvement Trust, Ludhiana, has established a colony in Islam Ganj, Ludhiana; if so, the number of flats constructed therein together with the date of their construction and the expenditure incurred there on;

(b) whether the flats constructed in this Colony have been let out; if so, on what rent ?

ਸ਼੍ਰੀ ਮਨਮੋਹਨ ਕਾਲੀਆ : (ਏ) (i) ਹਾਂ ਜੀ

(ii) 84 ਦੋ ਮੰਜ਼ਲੇ ਫਲੈਟ

(iii) 72 ਦੋ ਮੰਜ਼ਲੇ ਫਲੈਟ ਸਾਲ 1965 ਵਿਚ ਅਤੇ 12 ਸਾਲ 1966 ਵਿਚ ਬਣਾਏ ਗਏ।

(iv) ਰੁਪਏ 7,30, 704.

(ਬੀ) (i) ਨਹੀਂ ਜੀ।

(ii) ਸਵਾਲ ਪੈਦਾ ਹੀ ਨਹੀਂ ਹੁੰਦਾ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮੰਤਰੀ ਜੀ ਇਹ ਗੱਲ ਦਸਣ ਦੀ ਖੇਚਲ ਕਰਨਗੇ ਕਿ ਕੀ ਇਹ ਸਹੀ ਹੈ ਕਿ ਜਿਹੜੀਆਂ ਕਾਲੋਨੀਜ਼ ਬਣਾਈਆਂ ਗਈਆਂ ਹਨ, ਉਹ ਸਾਰੀਆਂ ਖਾਲੀ ਪਈਆਂ ਹਨ ? ਸਰਕਾਰ ਦਾ ਹੁਣ ਤਕ 7 ਲੱਖ ਰੁਪਿਆ ਖਰਚ ਹੋਇਆ ਹੈ। ਕੀ ਇਹ ਦਸਣਗੇ ਕਿ ਇਨ੍ਹਾਂ ਦੇ ਖਾਲੀ ਰਹਿਣ ਦਾ ਕੀ ਕਾਰਨ ਹੈ ?

ਮੰਤਰੀ : ਕਾਰਨ ਕੋਈ ਨਹੀਂ, ਸਾਡੇ ਵਲੋਂ ਕਿਸੇ ਦੇ ਆਉਣ ਤੇ ਕੋਈ ਮਨਾਹੀ ਨਹੀਂ ਹੈ, ਤੁਸੀਂ ਕੋਈ ਪਰੋਪੋਜ਼ਲ ਦਿਉ ਅਸੀਂ ਇਸ ਬਾਰੇ ਗੌਰ ਕਰ ਸਕਦੇ ਹਾਂ।

ਸ੍ਰੀ ਸਰਦਾਰੀ ਲਾਲ ਕਪੂਰ : 7 ਲੱਖ ਰੁਪਿਆ ਖਰਚ ਕਰਨ ਤੋਂ ਬਾਅਦ ਵੀ ਉਹ ਖਾਲੀ ਪਈ ਹੈ, ਮੈਂ ਤਾਂ ਵਜ਼ੀਰ ਸਾਹਿਬ ਤੋਂ ਇਸ ਦਾ ਕਾਰਨ ਪੁਛਦਾ ਹਾਂ ?

ਮੰਤਰੀ : ਮੈਂ ਅਰਜ਼ ਕਰ ਚੁੱਕਾ ਹਾਂ ਇਸ ਨੂੰ ਆਬਾਦ ਕਰਨ ਲਈ ਜੇ ਕੋਈ ਤੁਹਾਡੀ ਪਰੋਪੋਜ਼ਲ ਹੈ ਉਹ ਮੈਨੂੰ ਦਿਓ, ਮੈਂ ਗੌਰ ਕਰਾਂਗਾ। ਇਹ ਗਵਰਨਮੈਂਟ ਆਫ ਇੰਡੀਆ ਨੇ ਸਲੱਮ ਕਲੀਅਰੈਂਸ ਦੇ ਸਿਲਸਿਲੇ ਵਿਚ ਬਣਾਈਆਂ ਸੀ ਪਰ ਇਨ੍ਹਾਂ ਵਿਚ ਰਹਿਣ ਦੇ ਵਾਸਤੇ ਕੋਈ ਨਹੀਂ ਆਇਆ।

चौधरी बलबीर सिंह : क्या इस की एक वजह यह तो नहीं है कि यह जिन लोगों के लिये बनाई गई है, किराया जयादा होने की वजह से वे इसे ऐफोर्ड नहीं कर सके हैं ?

ਮੰਤਰੀ : ਮੇਰੀ ਨਾਲਿਜ ਵਿਚ ਐਸੀ ਕੋਈ ਗੱਲ ਨਹੀਂ ਹੈ।

ਕਾਮਰੇਡ ਸੱਤ ਪਾਲ ਡਾਂਗ : ਮੈਂ ਵਜ਼ੀਰ ਸਾਹਿਬ ਤੋਂ ਇਹ ਚੀਜ਼ ਪੁਛਣੀ ਚਾਹੁੰਦਾ ਹਾਂ ਕਿ ਜੇ ਉਨ੍ਹਾਂ ਨੂੰ ਆਪੋਜ਼ੀਸ਼ਨ ਵਲੋਂ ਕੋਈ ਤਜਵੀਜ਼ ਨਾ ਆਵੇਗੀ ਤਾਂ ਕੀ ਉਹ ਇਸੇ ਤਰ੍ਹਾਂ ਹੀ ਆਪਣੀਆਂ ਕਾਲੋਨੀਆਂ ਬਣਾ ਬਣਾ ਕੇ ਰਖੀ ਜਾਣਗੇ ?

ਸ੍ਰੀ ਸਪੀਕਰ : ਡਾਂਗ ਸਾਹਿਬ, ਹੁਣ ਤਕ ਤਾਂ ਤੁਸੀਂ ਕਾਲੋਨੀਜ਼ ਵਾਸਤੇ ਕਹਿੰਦੇ ਰਹੇ ਹੋ। (Dang Sahib, you have been asking for the colonies uptil now.)

ਸ੍ਰੀ ਸਰਦਾਰੀ ਲਾਲ ਕਪੂਰ : ਮੈਂ ਸਰਕਾਰ ਨੂੰ ਉਨ੍ਹਾਂ ਦਾ ਕਿਰਾਇਆ ਫਿਕਸ ਕਰਨ ਬਾਰੇ ਕਹਾਂਗਾ ਕਿ 20/- ਰੁਪਏ ਕਰ ਦਿੱਤਾ ਜਾਵੇ। ਕੀ ਉਹ ਤਿਆਰ ਹਨ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

STARRED QUESTIONS AND ANSWERS

INCREASE IN AMOUNT OF SCHOLARSHIPS BEING GIVEN TO SCHEDULED CASTES STUDENTS.

* 1339. **Comrade Darshan Singh Jhabal** : Will the Minister for Education be pleased to state the rate at which scholarships to the students of Scheduled Castes and Backward Classes studying in 9th Class and upwards are given ?

ਸਰਦਾਰ ਸੁਰਜੀਤ ਸਿੰਘ : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

[ਵਿਦਿਆ ਮੰਤਰੀ]

ANNEXURE I

Rates of scholarships admissible to scheduled Castes and Backward Classes students under the State Harijan (Educational) Welfare Scheme.

	Classes		*Rate of stipends*	
	For Scheduled Castes			
1.	9th, 10th and 11th classes	..	Rs. 6/—	Per mensem.
	For Backward Classes			
1.	9th, 10th and 11th classes	..	Rs. 6/—	—do—
2.	Pre-University class	..	Rs. 15/—	—do—
3.	B A /B.Sc., B.Sc. integrated (Educational) Courses, B Sc. Honours, School Courses, Pre-Engineering, Pre-medical and Pre-Agriculture course.	..	Rs. 20/—	—do—
4	M.A./M.Sc. and M Sc Honours school course.	..	Rs. 25/—	—do—
5.	B.T./B.Ed. and	..	Rs. 20/—	—do—
6.	M.Ed.	..	Rs. 25—	—do—
7.	J.B.T. and MIL Classes & O.T.	..	Rs. 15/—	—do—
8.	Punjabi students belonging to scheduled castes and other backward classes regarding Kasturba Balika Ashram and Harijan Udhyogshala Delhi.	..	Rs. 35/—	—do—
9,	Diploma/Degree courses in Engineering, Technology, Architecture, medicine including Indian Medicine courses for overseers and Draftsmen and Sanitary Inspectors courses.	..		
10.	Diploma/Degree courses of Nursing and Pharmacy.	..		
11.	Diploma/Degree courses in Agriculture, Veterinary, Science and Foresty and		Rs. 25/—	—do—
12.	Post graduate courses in Agriculture.	..		
13.	Arts and Crafts Teachers Training Course.	..	Rs. 15/—	—do—
14.	Drawing Master Course.	..	Rs. 15/—	—do—
15.	Post Matric Clerical Course,	..	Rs. 15/—	—do—
16,	Kinder Garten Teacher Training Course,	..	Rs. 15/—	—do—
17.	Nursing and Pre-School Teacher Training Course.	..	Rs. 15/—	—do—
18.	Diploma in Library Science.	..	Rs. 20/-	—do—
19.	Diploma in teaching of General Science.	..	Rs. 20/—	—do—
20.	Law (Degree) Course i. e. LL.B.	..	Rs. 25/—	—do—
21.	Commerce Degree Course i. e. B. Com.	..	Rs. 25/—	—do—
22.	Diploma/Degree of Physical Education Course.	—	Rs. 25/—	—do—

ANNEXURE II

Rates of scholarships admissible to Scheduled Castes students under the Government of India Post Matric Scholarships Scheme for Scheduled Castes Lower Income Group Students."

Sr. No.	Course of Study	Monthly rate of scholarship in the Hostel	Monthly rate of scholarship as day scholar.
1	2	3	4
	..	Rs.	Rs.
1.	Preparatory/Pre-University, I.Sc. I.A., I. Com., I.Sc. (Agr.) B.Sc. B.A.. B. Com. Corresponding Oriental Language/ Fine Arts Courses. ..	40	27
2.	M.Sc. M.A., M.Com., LL.B. and Third year Class in hons. Course Corresponding Oriental Language/Fine Arts Courses. ..	50	35
3.	D.Sc. D.Litt., Ph. D. ..	60	45
4.	Diploma/Certificate courses in Agriculture, Veterinary Science, Hygiehne and Public Health Courses, Sanitary Inspector's course, Pre-Engineering, Pre-Medical Courses. ..	40	27
5.	Diploma and Degree courses in Indian medicine. ..	40	27
6.	Teacher's training and Physical Education. ..	40	27
	(a) Under graduate courses.		
	(b) Post-graduate courses ..	50	35
7.	B.Sc. (Agri.) B-V.Sc. Diploma Courses in Rural Services/Civil and Rural Engineering. ..	50	35
8.	Post graduate courses in Agriculture Post Diploma Courses in Co-operation/ Community Development. ..	60	45
9.	Diploma/certificate course in Engg. Technology, Architecture, Medicine and courses for Overseers, Draftsmen, Surveyors, Electrician, Tool maker and Wlreless Operator. ..	65	50
10.	Degree courses in Engg. Technology Architecture, Medicine and B.A. M&S or other similar courses. Master of Pharmacy. ..	75	60
11.	Bachelor of nursing and Bachelor of Pharmacy. ..	65	50
12.	Trade courses, e.g. Telegraphy, Book-Keeping, Shorthand, Tailoring, Tanning and Leather Goods Manufacture etc. ..	Adhoc financial assistance at the rate of Rs. 20/— P.M. (including of fees)	

ਕਾਮਰੇਡ ਦਰਸ਼ਨ ਸਿੰਘ ਝਬਾਲ : ਇਸ ਸਵਾਲ ਦੇ ਜਵਾਬ ਵਿਚ ਜਿਹੜੀ ਲਿਸਟ ਦਿੱਤੀ ਗਈ ਹੈ ਇਸ ਦੇ ਵਿਚ ਦਸਿਆ ਗਿਆ ਹੈ ਕਿ ਨੌਵੀਂ ਦਸਵੀਂ ਦੇ ਬੱਚਿਆਂ ਨੂੰ 6 ਰੁਪਏ ਵਜ਼ੀਫ਼ਾ ਦਿੱਤਾ ਜਾਂਦਾ ਹੈ । ਇਸੇ ਤਰ੍ਹਾਂ ਉਪਰਲੀਆਂ ਕਲਾਸਾਂ ਦੇ ਵਿਚ ਜਾਣ ਵਾਲੇ ਬੱਚਿਆਂ ਨੂੰ 15-20 ਰੁਪਏ ਤੱਕ ਵਜ਼ੀਫ਼ਾ ਦਿੱਤਾ ਜਾਂਦਾ ਹੈ । ਇਹ ਰਕਮ 20-25 ਸਾਲ ਤੋਂ ਉਹੀ ਹੈ ਹਾਲਾਂਕਿ ਮਹਿੰਗਾਈ ਬਹੁਤ ਵਧ ਚੁਕੀ ਹੈ । ਕੀ ਸਰਕਾਰ ਮਹਿੰਗਾਈ ਨੂੰ ਮੁੱਖ ਰਖ ਕੇ ਇਨ੍ਹਾਂ ਦੇ ਰੇਟਸ ਨੂੰ ਰੀਵਾਈਜ਼ ਕਰਨ ਦਾ ਕੋਈ ਉੱਦਮ ਕਰੇਗੀ ?

ਮੰਤਰੀ : ਇਨ੍ਹਾਂ ਵਜ਼ੀਫ਼ਿਆਂ ਦੇ ਦਰ ਵਿਚ 1 ਅਪਰੈਲ, 1970 ਤੋਂ ਵਾਧਾ ਕਰ ਦਿੱਤਾ ਗਿਆ ਹੈ । 6 ਰੁਪਏ ਦੀ ਬਜਾਏ 10 ਕਰ ਦਿੱਤੇ ਗਏ ਹਨ ।

ਚੌਧਰੀ ਜਗਤ ਰਾਮ : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਇਹ ਵਜ਼ੀਫ਼ੇ ਵਧਾਉਂਦੇ ਹੀ ਹਨ ਜਾਂ ਲੋਕਾਂ ਨੂੰ ਦਿੰਦੇ ਵੀ ਹਨ ? (ਹਾਸਾ)

ਮੰਤਰੀ : ਜ਼ਰੂਰ ਦਿੰਦੇ ਹਾਂ ਜੀ ।

ਚੌਧਰੀ ਸੁੰਦਰ ਸਿੰਘ : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਇਹ ਵਜ਼ੀਫ਼ੇ ਜਿਹੜੇ ਹਨ ਕੀ ਇਹ ਫਸਟ ਡਿਵੀਜ਼ਨ, ਸੈਕੰਡ ਡਿਵੀਜ਼ਨ ਅਤੇ ਥਰਡ ਡਿਵੀਜ਼ਨ, ਸਾਰਿਆਂ ਨੂੰ ਦਿੱਤੇ ਜਾਂਦੇ ਹਨ ?

ਮੰਤਰੀ : ਚੌਧਰੀ ਸਾਹਿਬ ਨੂੰ ਪਤਾ ਹੀ ਹੈ ਕਿ ਸਿਰਫ਼ ਫਸਟ ਅਤੇ ਸੈਕੰਡ ਡਿਵੀਜ਼ਨ ਵਾਲਿਆਂ ਨੂੰ ਇਹ ਵਜ਼ੀਫ਼ੇ ਦਿੱਤੇ ਜਾਂਦੇ ਹਨ ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਹ ਕਾਨੂੰਨ ਤੁਹਾਡੇ ਹੀ ਬਣਾਏ ਹੋਏ ਹਨ, ਇਸ ਲਈ ਤੁਸੀਂ ਕੀ ਪੁਛਦੇ ਹੋ ? (ਹਾਸਾ) (*Addressing Ch. Sunder Singh* : These rules were framed by your own (the Congress) Party; so you need not put numerous supplementary questions) (laughter.)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਤੁਸੀਂ ਇਹ ਗੱਲ ਨਾ ਆਖਿਆ ਕਰੋ, ਇਹ ਗੱਲ ਤੁਹਾਡੇ ਮੂੰਹ ਤੋਂ ਨਹੀਂ ਸ਼ੋਭਦੀ । (ਵਿਘਨ)

ਸ੍ਰੀ ਸਪੀਕਰ : ਮਾਸਟਰ ਜੀ, ਮੈਂ ਤਾਂ ਸਗੋਂ ਤੁਹਾਡੀ ਪਾਰਟੀ ਨੂੰ ਕਰੈਡਿਟ ਦਿੰਦਾ ਹਾਂ । (ਹਾਸਾ) (Master ji, I am giving credit to your party.) (laughter)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਡੀ. ਪੀ. ਆਈ. ਦੇ ਦਫ਼ਤਰ ਦੇ ਵਿਚੋਂ ਵਜ਼ੀਫ਼ੇ ਨਹੀਂ ਮਿਲਦੇ ਹਨ ਅਤੇ ਮਾਪਿਆਂ ਨੂੰ ਖਾਹਮਖਾਹ ਹੈਰਾਨ ਕੀਤਾ ਜਾਂਦਾ ਹੈ । ਕੀ ਉਹ ਇਸ ਗੱਲ ਦੀ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ?

ਮੰਤਰੀ : ਕੋਈ ਅਜਿਹਾ ਕੇਸ ਮੇਰੇ ਨੋਟਿਸ ਦੇ ਵਿਚ ਨਹੀਂ ਹੈ । ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਕੋਈ ਅਜਿਹਾ ਕੇਸ ਲੈ ਆਉਣ, ਜ਼ਰੂਰ ਪੜਤਾਲ ਕਰਵਾਵਾਂਗਾ ।

ਭਗਤ ਗੁਰਾਂ ਦਾਸ ਹੰਸ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਜੋ ਹਰ ਮਹੀਨੇ 10 ਰੁਪਏ ਵਜ਼ੀਫਾ ਕਰ ਦਿੱਤਾ ਗਿਆ ਹੈ, ਕੀ ਇਹ ਹਰ ਮਹੀਨੇ ਵਿਦਿਆਰਥੀਆਂ ਨੂੰ ਦਿਤਾ ਜਾਂਦਾ ਹੈ ?

ਮੰਤਰੀ : ਜ਼ਰੂਰ ਦੇ ਦਿਤਾ ਜਾਂਦਾ ਹੈ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਜੋ ਇਹ ਕਿਹਾ ਹੈ ਕਿ ਨੌਵੀਂ ਅਤੇ 10ਵੀਂ ਦੇ ਵਿਦਿਆਰਥੀਆਂ ਨੂੰ ਵਜ਼ੀਫਾ ਮਿਲਦਾ ਹੈ, ਕੀ 8ਵੀਂ, 7ਵੀਂ ਅਤੇ 6ਵੀਂ ਦੇ ਵਿਦਿਆਰਥੀਆਂ ਨੂੰ ਵੀ ਇਹ ਵਜ਼ੀਫਾ ਦੇਣ ਦੀ ਕੋਈ ਤਜਵੀਜ਼ ਤੁਹਾਡੇ ਵਿਚਾਰ ਅਧੀਨ ਹੈ ?

ਮੰਤਰੀ : ਇਨ੍ਹਾਂ ਕਲਾਸਾਂ ਦੀ ਐਜੂਕੇਸ਼ਨ ਮੁਫ਼ਤ ਹੈ ਇਸ ਲਈ ਇਨ੍ਹਾਂ ਨੂੰ ਵਜ਼ੀਫਾ ਨਹੀਂ ਦਿੱਤਾ ਜਾਂਦਾ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਪਰ ਕਿਤਾਬਾਂ ਆਦਿ ਦੇ ਤਾਂ ਖਰਚ ਹੁੰਦਾ ਹੀ ਹੈ।

ਸਰਦਾਰ ਰਾਜਾ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕੀ ਹਰੀਜਨਾਂ ਦੇ ਵਿਚ ਵੀ ਇਕ ਐਸਾ ਤਕੜਾ ਐਲੀਮੈਂਟ ਹੈ ਜਿਸ ਦੀ ਆਮਦਨ 4, 4 ਹਜ਼ਾਰ ਰੁਪਏ ਮਹੀਨਾ ਹੈ ਅਤੇ ਫਿਰ ਵੀ ਉਹ ਵਜ਼ੀਫੇ ਦੀ ਸਹੂਲਤ ਪ੍ਰਾਪਤ ਕਰ ਰਿਹਾ ਹੈ ? (ਵਿਘਨ) ਸ੍ਰੀ ਪ੍ਰਿਥਵੀ ਸਿੰਘ ਅਜ਼ਾਦ ਹੈ, ਉਹ ਕਰੋੜਾਂ ਦਾ ਮਾਲਕ ਹੈ ਪਰ ਫਿਰ ਵੀ ਇਹ ਸਹੂਲਤ ਲੈਂਦਾ ਹੈ । (ਵਿਘਨ)

ਸ੍ਰੀ ਸਪੀਕਰ : ਕਿਸੇ ਇੰਡੀਵੀਜੁਅਲ ਦਾ ਨਾਂ ਇਥੇ ਨਹੀਂ ਲਿਆ ਜਾਣਾ ਚਾਹੀਦਾ । (ਵਿਘਨ) (No individual should be referred to by name.)

PRINTING OF DEPARTMENTAL EXAMINATION PAPERS

*1534. **Vaid Kartar Singh**: Will the Minister for Education be pleased to state—

(a) whether the Education Department gets the Departmental Examination Papers printed from private presses and this work is got done confidentially ;

(b) the designation of the officer competent to get the said papers printed together with the name of the officer who issued orders for the printing of Departmental Examination Papers for 1968-69;

(c) the names of the presses from which the Departmental Examination Papers for the years 1968-69 and 1969-70 were got printed ?

ਸਰਦਾਰ ਸੁਰਜੀਤ ਸਿੰਘ : (ੲ) ਹਾਂ ਜੀ ।

(ਬੀ) (1) ਡੀ. ਪੀ. ਆਈ. ਜੀ ਦੀ ਪਰੈਸ ਤੇ ਰੇਟ ਦੀ ਪਰਵਾਨਗੀ ਉਪਰੰਤ ਲੋੜ ਅਨੁਸਾਰ ਉਨ੍ਹਾਂ ਵਲੋਂ ਸਹਾਇਕ ਡਾਇਰੈਕਟਰ (ਪਰੀਖਿਆਵਾਂ) ਛਪਾਈ ਦਾ ਆਰਡਰ ਦਿੰਦੇ ਹਨ ।

(2) (ੳ) ਸ੍ਰੀ ਐਚ. ਕੇ. ਨਿਝਾਵਨ

(ਅ) ਸ੍ਰੀ ਅਪਰ ਅਪਾਰ ਸਿੰਘ

(ਸੀ) ਇਹ ਦੱਸਣਾ ਲੋਕ ਹਿੱਤ ਵਿੱਚ ਨਹੀਂ ।

ਸਰਦਾਰ ਦਲੀਪ ਸਿੰਘ ਪਾਂਧੀ : ਵਜ਼ੀਰ ਸਾਹਿਬ ਦਸਣਗੇ ਕਿ ਕੀ ਇਹ ਠੀਕ ਹੈ ਕਿ ਇਹ ਛਪਾਈ ਦਾ ਕੰਮ ਡੀ. ਪੀ. ਆਈ. ਦੇ ਹੁਕਮ ਤੋਂ ਬਿਨਾਂ ਹੀ ਇਕ ਦੋ ਅਫ਼ਸਰਾਂ ਨੇ ਪ੍ਰਾਈਵੇਟ ਪਰੈਸਾਂ ਨੂੰ ਦਿੱਤਾ ਹੈ, ਅਤੇ ਇਸ ਕੰਮ ਦੇ ਪੈਸੇ ਵੀ ਪਹਿਲਾਂ ਦੇ ਦਿੱਤੇ ਗਏ ਤਾਕਿ ਉਨ੍ਹਾਂ ਨੂੰ ਇਸ ਵਿਚੋਂ ਹਿੱਸਾ ਮਿਲ ਸਕੇ ? ਇਹ ਕੇਸ ਪੁਲੀਸ ਵਿਚ ਵੀ ਚਲ ਰਿਹਾ ਹੈ। ਕੀ ਵਜ਼ੀਰ ਸਾਹਿਬ ਇਸ ਦੀ ਪੜਤਾਲ ਕਰਵਾਉਣਗੇ ?

ਮੰਤਰੀ : ਡੀ. ਪੀ. ਆਈ. ਦੀ ਮਨਜ਼ੂਰੀ ਦੇ ਨਾਲ ਹੀ ਆਰਡਰ ਪਲੇਸ ਕੀਤਾ ਗਿਆ ਸੀ ।

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਜਦੋਂ ਉਹ ਪੇਪਰ ਹੀ ਸਮੇਂ ਤੋਂ ਪਹਿਲਾਂ ਆਊਟ ਹੋ ਕੇ ਜਨਤਾ ਦੇ ਸਾਹਮਣੇ ਆ ਗਏ ਸੀ ਤਾਂ ਫਿਰ ਪ੍ਰੈਸਾਂ ਦੇ ਨਾਂ ਦਸਣ ਦਾ ਕੀ ਹਰਜ ਹੈ ?

ਮੰਤਰੀ : ਉਨ੍ਹਾਂ ਦੇ ਨਾਂ ਇਸ ਕਰਕੇ ਨਹੀਂ ਦਸੇ ਜਾ ਸਕਦੇ ਕਿ ਉਨ੍ਹਾਂ ਤੋਂ ਫਿਰ ਵੀ ਪੇਪਰ ਛਪਵਾਉਣੇ ਹੁੰਦੇ ਹਨ । ਜੇ ਉਨ੍ਹਾਂ ਦੇ ਨਾਂ ਆਊਟ ਹੋ ਗਏ ਤਾਂ ਬੜੀ ਮੁਸ਼ਕਲ ਹੋਵੇਗੀ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਜੋ ਪੇਪਰ ਆਊਟ ਹੋਣ ਦਾ ਰਿਵਾਜ ਜਿਹਾ ਹੀ ਹੋ ਗਿਆ ਹੈ, ਇਸ ਦੇ ਲਈ ਪੇਪਰਾਂ ਦੀ ਸੀਕਰੇਸੀ ਰਖਣ ਲਈ ਕੋਈ ਹੋਰ ਤਰੀਕਾ ਅਪਨਾਉਣਗੇ ਕਿਉਂਕਿ ਹੁਣ ਤਾਂ ਪੁਰਾਣਾ ਤਰੀਕਾ ਨਾਕਾਮ ਹੋ ਗਿਆ ਹੈ ?

ਮੰਤਰੀ : ਹੁਣ ਜੋ ਇਮਤਿਹਾਨ ਹੋ ਰਹੇ ਹਨ ਇਨ੍ਹਾਂ ਦੇ ਵਿਚ ਅਸੀਂ ਜੋ ਤਰੀਕਾ ਅਪਣਾਇਆ ਹੈ ਉਹਦੀ ਬੜੀ ਸ਼ਲਾਘਾ ਹੋ ਰਹੀ ਹੈ ਕਿਉਂਕਿ ਅਸੀਂ ਇਨ੍ਹਾਂ ਇਮਤਿਹਾਨਾਂ ਦੇ ਵਿਚ ਸੀਕਰੇਸੀ ਰਖਣ ਵਿਚ ਬੜੀ ਇੰਪਰੂਵਮੈਂਟ ਕੀਤੀ ਹੈ ਅਤੇ ਇਸ ਵਾਰ ਕੋਈ ਵੀ ਪੇਪਰ ਲੀਕ ਹੋਣ ਦੀ ਸ਼ਿਕਾਇਤ ਨਹੀਂ ਆਈ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਪੇਪਰ ਲੀਕ ਹੋਣ ਦੀਆਂ ਬਹੁਤ ਸ਼ਿਕਾਇਤਾਂ ਆ ਰਹੀਆਂ ਹਨ, ਗੌਰਮਿੰਟ ਇਸ ਗੱਲ ਤੇ ਵਿਚਾਰ ਕਰੇਗੀ ਕਿ ਇਹ ਪੇਪਰ ਛਾਪਣ ਦਾ ਕੰਮ ਗੌਰਮਿੰਟ ਪ੍ਰੈਸ ਦੇ ਹਵਾਲੇ ਕਰ ਦਿੱਤਾ ਜਾਵੇ ?

ਮੰਤਰੀ : ਨਹੀਂ ਜੀ, ਅਜਿਹਾ ਕੋਈ ਵਿਚਾਰ ਨਹੀਂ ਕੀਤਾ ਜਾ ਰਿਹਾ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦਸਣਗੇ ਕਿ ਕੀ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਸਿਰਫ਼ ਦੋ ਹੀ ਆਦਮੀ ਪ੍ਰੈਸਾਂ ਦੇ ਨਾਲ ਗੱਲ ਬਾਤ ਕਰਕੇ ਉਨ੍ਹਾਂ ਨੂੰ ਪੇਪਰ ਛਾਪਣ ਦਾ ਆਰਡਰ ਦਿੰਦੇ ਹਨ ? ਕੀ ਵਜ਼ੀਰ ਸਾਹਿਬ ਇਸ ਲੀਕੇਜ ਨੂੰ ਰੋਕਣ ਦੇ ਲਈ ਇਕ ਅਜਿਹੀ ਕਮੇਟੀ ਬਣਾਉਣਗੇ ਜਿਹੜੀ ਕਿ ਵਖੋ ਵਖ ਪ੍ਰੈਸਾਂ ਦੇ ਨਾਲ ਗੱਲ ਬਾਤ ਕਰਕੇ ਆਰਡਰ ਦੇਵੇ ?

ਮੰਤਰੀ : ਜਿਹੜੇ ਆਦਮੀ ਇਮਤਿਹਾਨਾਂ ਦੇ ਨਾਲ ਡੀਲ ਕਰਦੇ ਹਨ ਕੇਵਲ ਉਹ ਹੀ ਪ੍ਰੈਸਾਂ ਦੇ ਨਾਲ ਗੱਲ ਬਾਤ ਕਰ ਸਕਦੇ ਹਨ ।

J. B. T. EXAMINATION HELD IN JUNE, 1968

***1535. Vaid Kartar ingh** : Will the Minister for Education be pleased to state—

(a) whether it has come to the notice of the Government that some papers of J. B. T. examination held in June, 1963, were out several hours before the prescribed time of examination and came to the knowledge of the examinees;

(b) whether it is also a fact that information about the papers having been out before time was given to the Assistant Director (Examinations); if so, the action taken by him in the matter ?

ਸਰਦਾਰ ਸੁਰਜੀਤ ਸਿੰਘ (ਏ ਅਤੇ ਬੀ) : ਪੇਪਰ ਆਊਟ ਹੋਣ ਦੇ ਸਬੰਧ ਵਿਚ ਇਕ ਤਾਰ ਨਾਭਾ (ਪਟਿਆਲਾ) ਤੋਂ ਸਹਾਇਕ ਡਾਇਰੈਕਟਰ (ਪਰੀਖਿਆਵਾਂ) ਦੇ ਪਤੇ ਤੇ ਆਈ ਸੀ ਅਤੇ ਉਸ ਦੇ ਆਧਾਰ ਤੇ ਸਥਾਨਕ ਮੰਡਲ ਸਿਖਿਆ ਅਫ਼ਸਰ/ਕੇਂਦਰ ਸੁਪਰਡੰਟ ਤੋਂ ਛਾਣ ਬੀਣ ਕੀਤੀ ਗਈ ਸੀ ਲੇਕਿਨ ਇਹ ਖ਼ਬਰ ਨਿਰਆਧਾਰ ਨਿਕਲੀ ਸੀ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਲੰਧਰ ਦੇ ਸੈਂਟਰ ਵਿਚ ਜੋ ਪੇਪਰ ਲੀਕ ਹੋਏ ਸੀ ਉਨ੍ਹਾਂ ਦੇ ਬਾਰੇ ਉਹ ਕੀ ਐਕਸ਼ਨ ਲੈ ਰਹੇ ਹਨ ?

ਮੰਤਰੀ : ਜਲੰਧਰ ਦੇ ਬਾਰੇ ਕੋਈ ਅਜਿਹੀ ਸ਼ਿਕਾਇਤ ਮੇਰੇ ਨੋਟਿਸ ਵਿਚ ਨਹੀਂ ਆਈ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾ ਕਰੇਂਗੇ ਕਿ ਮੋਗੇ ਦੇ ਵਿਚ ਮਿਡਲ ਦੇ ਇਮਤਿਹਾਨਾਂ ਦੇ ਪੇਪਰ ਜੋ ਆਊਟ ਹੋ ਕੇ ਵਿਕਦੇ ਰਹੇ ਉਨ੍ਹਾਂ ਬਾਰੇ ਉਹ ਕੀ ਐਕਸ਼ਨ ਲੈ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਪਹਿਲਾਂ ਪੁਛਿਆ ਜਾ ਚੁਕਿਆ ਹੈ ਅਤੇ ਮੈਂ ਜਵਾਬ ਵੀ ਦੇ ਚੁਕਾ ਹਾਂ । ਪਰ ਫਿਰ ਵੀ ਜੇ ਤੁਸੀਂ ਮੈਨੂੰ ਕਹੋ ਤਾਂ ਮੈਂ ਜਵਾਬ ਦੇ ਦਿੰਦਾ ਹਾਂ ।

ਸਰਦਾਰ ਬਾਜਾ ਸਿੰਘ : ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਇਹ ਜੋ ਪੇਪਰ ਟਾਈਮ ਤੋਂ ਪਹਿਲਾਂ ਆਊਟ ਹੁੰਦੇ ਹਨ ਇਹ ਬਲੈਕ ਮੇਲਿੰਗ ਲਈ ਹੁੰਦੇ ਹਨ; ਇਸ ਲਈ ਜਿਹੜੇ ਅਫਸਰ ਇਹ ਜੁਰਮ ਕਰਦੇ ਹਨ ਕੀ ਉਨ੍ਹਾਂ ਦੇ ਖ਼ਿਲਾਫ ਏਹ ਕੋਈ ਐਕਸ਼ਨ ਲੈਣਗੇ ?

ਮੰਤਰੀ : ਕੋਈ ਅਜਿਹਾ ਕੇਸ ਮੇਰੇ ਨੋਟਿਸ ਵਿਚ ਲਿਆਓ, ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ ।

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਉਨ੍ਹਾਂ ਨੇ ਜਿਹੜਾ ਇਹ ਕਿਹਾ ਹੈ ਕਿ ਜਲੰਧਰ ਦੇ ਬਾਰੇ ਕੋਈ ਸ਼ਿਕਾਇਤ ਨਹੀਂ ਆਈ; ਜੇ ਇਸ ਸ਼ਿਕਾਇਤ ਨੂੰ ਅਸੀਂ ਸਾਬਤ ਕਰ ਦੇਈਏ ਤਾਂ ਇਹ ਕੋਈ ਐਕਸ਼ਨ ਲੈਣਗੇ ?

ਮੰਤਰੀ : ਜ਼ਰੂਰ ਲਵਾਂਗੇ ਜੀ ।

O. T. TEACHERS APPOINTED AS EXAMINER FOR J.B.T. EXAMINATION HELD IN JUNE, 1968.

***1536. Vaid Kartar Singh** : Will the Minister for Education be pleased to state—

(a) whether O.T. teachers are eligible for being appointed as examiners for J.B.T. examination; if so, under which rule;

(b) if reply to part (a) above be in the affirmative whether it is a fact that one O.T. teacher was appointed as examiner for the J.B.T. examination held in June, 1968;

(c) if the reply to part (b) above be in the affirmative, the name of the officer who made the said appointment in contravention of the rules or instructions and the action taken against him ?

ਸਰਦਾਰ ਸੁਰਜੀਤ ਸਿੰਘ : (ਏ) ਨਹੀਂ ਜੀ ।

(ਬੀ) ਨਹੀਂ ਜੀ ।

(ਸੀ) ਇਸ ਦਾ ਸਵਾਲ ਪੈਦਾ ਨਹੀਂ ਹੁੰਦਾ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਗਿਆਨੀ ਬੰਤ ਸਿੰਘ ਓ. ਟੀ. ਜੋ ਕਿ ਗੌਰਮਿੰਟ ਹਾਈ ਸਕੂਲ ਸੈਕਟਰ 19, ਚੰਡੀਗੜ੍ਹ, ਵਿਚ ਲਗਾ ਹੋਇਆ ਹੈ ਉਸ ਨੂੰ ਐਗਜ਼ਾਮੀਨਰ ਲਾਇਆ ਗਿਆ ਸੀ ? (ਵਿਘਨ) ਅਸੀਂ ਮਨਿਸਟਰ ਸਾਹਿਬ ਤੇ ਸ਼ੱਕ ਨਹੀਂ ਕਰਦੇ ਪਰ ਅਫਸਰ ਥਲੇ ਤੋਂ ਗਲਤ ਜਵਾਬ ਭੇਜਦੇ ਹਨ ।

ਮੰਤਰੀ : ਮੈਂਬਰ ਸਾਹਿਬ ਨੇ ਇਕ ਨਾਂ ਮੇਰੇ ਨੋਟਿਸ ਵਿਚ ਲਿਆਂਦਾ ਹੈ ਮੈਂ ਇਸ ਬਾਰੇ ਇਨਕੁਆਇਰੀ ਕਰਵਾ ਲਵਾਂਗਾ ।

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਮਿਸਲ ਨੂੰ ਪਹਿਲਾਂ ਚੰਗੀ ਤਰ੍ਹਾਂ ਪੜ੍ਹ ਲਿਆ ਕਰਨ, ਉਸ ਦੇ ਵਿਚ ਸਭ ਕੁਝ ਦਿੱਤਾ ਹੋਇਆ ਹੈ । ਉਹ ਹਾਊਸ ਦੇ ਵਿਚ ਗਲਤ ਜਵਾਬ ਨਾ ਦਿੱਤਾ ਕਰਨ ।

ਮੰਤਰੀ : ਮੈਂ ਆਪ ਸਾਰਾ ਕੇਸ ਵੇਖਿਆ ਹੈ ਪਰ ਉਸ ਵਿਚ ਕਿਧਰੇ ਇਹ ਨਾਂ ਨਹੀਂ ਆਇਆ । ਹੁਣ ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਲੈ ਆਏ ਹਨ ਇਸ ਲਈ ਇਸ ਦੀ ਪੜਤਾਲ ਕਰਵਾ ਲਵਾਂਗਾ ।

AUDITING OF ACCOUNTS OF PUBLIC HIGH SCHOOL, BEENEWAL, DISTRICT HOSHIARPUR

*1666. **Chaudhri Jagat Ram** : Will the Minister for Education be pleased to state—

(a) whether it is a fact that the D.E.O., Hoshiarpur, has not got the accounts of the Public High School, Beenewal, district Hoshiarpur audited since 1967; if so, the reasons therefor;

(b) whether it has come to the notice of the Government that embezzlement to the tune of Rs. 66,535.58 paisa has taken place in the said school; if so, the persons involved and the action, if any, taken in the matter ?

ਸਰਦਾਰ ਸੁਰਜੀਤ ਸਿੰਘ : (ੲ) ਹਾਂ ਜੀ, ਦਿੱਲੀ ਪ੍ਰਣਾਲੀ ਗ੍ਰਾਂਟ-ਇਨ-ਏਡ ਸਕੀਮ ਲਾਗੂ ਹੋਣ ਦੇ ਫਲਸਰੂਪ ਜ਼ਿਲ੍ਹਾ ਆਡੀਟਰਾਂ ਦੇ ਕੰਮ ਵਿਚ ਅਸਾਧਾਰਨ ਵਾਧਾ ਹੋ ਜਾਣ ਕਾਰਨ ।

(ਬੀ) ਨਹੀਂ ਜੀ । ਸਕੂਲ ਦੇ ਹਿਸਾਬ ਕਿਤਾਬ ਵਿਚ ਗੜਬੜ ਕੁਝ ਜ਼ਰੂਰ ਪਾਈ ਗਈ ਹੈ ਅਤੇ ਇਸ ਸਬੰਧ ਵਿਚ ਅਗਾਂਹ ਪੜਤਾਲ ਕੀਤੀ ਜਾ ਰਹੀ ਹੈ ।

ਚੌਧਰੀ ਜਗਤ ਰਾਮ : ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਗੜਬੜ ਪਾਈ ਗਈ ਹੈ । ਮੈਂ ਇਹ ਪੁਛਦਾ ਹਾਂ ਕਿ ਇਸ ਦੇ ਜ਼ਿੰਮੇਵਾਰ ਨੂੰ ਕੋਈ ਸਜ਼ਾ ਵੀ ਦਿੱਤੀ ਗਈ ਹੈ ਜਾਂ ਇਹ ਇਰਾਦਾ ਹੀ ਕਰ ਰਹੇ ਹਨ ? (ਹਾਸਾ)

ਮੰਤਰੀ : ਪੜਤਾਲ ਹੋ ਰਹੀ ਹੈ, ਉਹ ਮੁਕੰਮਲ ਹੋਣ ਤੇ ਕੋਈ ਐਕਸ਼ਨ ਲਿਆ ਜਾਵੇਗਾ ।

ਕਾਮਰੇਡ ਸੱਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਦੋਂ ਤੋਂ ਸਕੂਲ ਪ੍ਰੋਵਿੰਸ਼ੀਲਾਈਜ਼ ਕੀਤੇ ਗਏ ਹਨ ਪੜਤਾਲ ਕਰਨ ਵਾਲੇ ਆਡੀਟਰਾਂ ਦੀ ਗਿਣਤੀ 2 ਤੋਂ ਵਧਾ ਕੇ 11 ਕਰ ਦਿੱਤੀ ਗਈ ਹੈ ਤਾਂ ਫਿਰ ਵੀ ਅਜੇ ਤਕ ਇਹ ਪੜਤਾਲ ਖ਼ਤਮ ਕਿਉਂ ਨਹੀਂ ਹੋਈ ?

ਮੰਤਰੀ : ਕੰਮ ਬਹੁਤ ਹੈ ਇਸ ਲਈ ਦੇਰ ਹੋ ਗਈ ਹੈ । ਵੈਸੇ ਬੜੀ ਕੋਸ਼ਿਸ਼ ਹੋ ਰਹੀ ਹੈ ਕਿ ਜਲਦੀ ਤੋਂ ਜਲਦੀ ਪੜਤਾਲ ਮੁਕੰਮਲ ਹੋ ਜਾਵੇ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਹੜੇ ਗਬਨ ਦੇ ਕੇਸ ਹੋਇਆ ਕਰਨ ਉਹਨਾਂ ਦੀ ਕੁਵਿਕ ਇਨਕੁਆਇਰੀ ਕਰਨ ਵਾਸਤੇ ਕੋਈ ਹੋਰ ਪ੍ਰੋਸੀਜਰ ਅਡਾਪਟ ਕਰਨਗੇ ?

ਮੰਤਰੀ : ਪ੍ਰੋਸੀਜਰ ਤਾਂ ਬੜਾ ਕੁਵਿਕ ਹੈ ਪਰ ਅੱਡ ਅੱਡ ਕਾਰਣਾਂ ਕਰਕੇ ਡੀਲੇ ਹੋ ਜਾਂਦੀ ਹੈ ।

ਚੌਧਰੀ ਸੁੰਦਰ ਸਿੰਘ : ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦਸਣਗੇ ਕਿ ਜਿਹੜੀ ਇਹ ਥੋੜ੍ਹੀ ਜਿਹੀ ਗੜਬੜ ਕਹਿੰਦੇ ਹਨ ਇਹ 66,555 ਰੁਪਏ ਦੀ ਹੈ ? (ਹਾਸਾ)

ਮੰਤਰੀ : ਇਹ ਇਤਨੀ ਨਹੀਂ, ਘੱਟ ਹੈ।

ਮੇਜਰ ਹਰਿੰਦਰ ਸਿੰਘ : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਦੋਂ ਉਹਨਾਂ ਨੇ ਇਹ ਗੱਲ ਮੰਨ ਲਈ ਹੈ ਕਿ ਗੜਬੜ ਹੋਈ ਹੈ, ਫੇਰ ਹੁਣ ਪੜਤਾਲ ਕਿਸ ਗੱਲ ਦੀ ਕਰਾਉਣਗੇ ?

ਮੰਤਰੀ : ਗੜਬੜ ਦੀ ਸ਼ਿਕਾਇਤ ਆਈ ਹੈ । ਪਰਾਈਮਾ ਫੇਸਾਈ ਗੱਲ ਠੀਕ ਲੱਗੀ ਹੈ, ਉਸ ਦੀ ਪੜਤਾਲ ਹੋਵੇਗੀ ।

चौधरी बलबीर सिंह : इन्हों ने कहा है कि काम बढ़ गया है, इस लिए देरी हो जाती है । क्या इस चीज़ को सामने रखते हुए स्टाफ और बढ़ाने की कोशिश की जाएगी ताकि काम वकत पर हो सके ?

(ਕੋਈ ਜਵਾਬ ਨਹੀਂ ਦਿੱਤਾ ਗਿਆ)

CONVERSION OF MUNICIPAL COMMITTEE, AMRITSAR, INTO A CORPORATION

*1080. **Shri Gian Chand Kharbanda** : Will the Minister for Local Government be pleased to state whether any decision has been taken by the Government to raise the status of the Amritsar Municipality to that of a Corporation; if so, the localities and the areas which are likely to be included in the Corporation area ?

Shri Manmohan Kalia : No.

[ਨਹੀਂ ਜੀ ।]

ਸ੍ਰੀ ਗਿਆਨ ਚੰਦ ਖਰਬੰਦਾ : ਪਿਛਲੇ ਦਿਨੀਂ ਅੰਮ੍ਰਿਤਸਰ-ਲੋਹਗੜ੍ਹ ਸੜਕ ਦਾ ਉਦਘਾਟਨ ਕਰਦੇ ਹੋਏ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਵਿਚ ਕਿਹਾ ਸੀ ਕਿ ਅੰਮ੍ਰਿਤਸਰ ਮਿਉਂਸਪਲ ਕਮੇਟੀ ਨੂੰ ਕਾਰਪੋਰੇਸ਼ਨ ਬਣਾਉਣ ਲਈ ਜਲਦੀ ਅਨਾਉਂਸਮੈਂਟ ਹੋਵੇਗੀ ।

ਮੰਤਰੀ : ਨਹੀਂ ਜੀ, ਮੈਂ ਤਾਂ ਕਿਹਾ ਸੀ ਕਿ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਇਨ੍ਹਾਂ ਨੂੰ ਕਾਰਪੋਰੇਸ਼ਨ ਦਾ ਦਰਜਾ ਦੇਣ ਉਤੇ ਸਰਕਾਰ ਗੌਰ ਕਰੇਗੀ ।

ਕਾਮਰੇਡ ਸੱਤ ਪਾਲ ਡਾਂਗ : ਜਿਹੜਾ ਮਨਿਸਟਰ ਸਾਹਿਬ ਨੇ ਕਿਹਾ, "ਨਹੀਂ ਜੀ", ਮੈਂ ਪੁਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਕਮੇਟੀ ਨੂੰ ਕਾਰਪੋਰੇਸ਼ਨ ਬਣਾਉਣ ਬਾਰੇ ਜੋ ਇਨ੍ਹਾਂ ਨੇ "ਨਹੀਂ ਜੀ" ਜਵਾਬ ਦਿੱਤਾ ਹੈ ਇਹ 'ਨਹੀਂ ਜੀ' ਆਪਣੀ ਸਰਕਾਰ ਵੇਲੇ ਦੀ ਗਲ ਕਰਦੇ ਹਨ ਜਾਂ ਕਿ ਪਹਿਲੀਆਂ ਜੋ ਸਰਕਾਰਾਂ ਸਨ ਉਹਨਾਂ ਦੀ ਗਲ ਕਰਦੇ ਹਨ ? (ਵਿਘਨ)

ਮੰਤਰੀ : ਪਹਿਲਾਂ ਇਹ ਬਿੱਲ 1963 ਵਿਚ ਆਇਆ ਸੀ। ਉਦੋਂ ਇਹ ਰੀਜਨਲ ਕਮੇਟੀ ਨੂੰ ਸੌਂਪ ਦਿਤਾ ਗਿਆ ਸੀ। ਫੇਰ ਕਮੇਟੀਆਂ ਟੁਟ ਗਈਆਂ ਅਤੇ ਇਹ ਵਿਚ ਹੀ ਰਹਿ ਗਿਆ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਫੈਸਲਾ ਦੋ ਤਿੰਨ ਦਫਾ ਹੋਇਆ ਹੈ, ਕਾਰਪੋਰੇਸ਼ਨ ਬਿੱਲ ਬਣਿਆ। ਇਹ ਮਹਿਜ਼ ਇਸ ਕਰਕੇ ਤਾਂ ਨਹੀਂ ਰੁਕਿਆ ਕਿ ਦਿਹਾਤਾਂ ਦੇ ਨਾਲ ਦਾ ਇਲਾਕਾ ਸ਼ਾਮਲ ਕਰਨ ਨਾਲ ਜਨ-ਸੰਘ ਦੀ ਪੁਜ਼ੀਸ਼ਨ ਕਮਜ਼ੋਰ ਹੋ ਸਕਦੀ ਹੈ ?

ਮੰਤਰੀ : ਇਹ ਤਾਂ ਟਾਈਮ ਵਾਸਤੇ ਇਸ ਤਰ੍ਹਾਂ ਹੁੰਦਾ ਹੈ। ਇਹ ਤਾਂ ਟਾਈਮ ਦੀ ਗੱਲ ਹੈ। (ਵਿਘਨ)

ਸਰਦਾਰ ਗੁਰਬੰਤਾ ਸਿੰਘ : ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਇਹ ਬਿੱਲ ਬਣਿਆ ਅਤੇ ਰੀਜਨਲ ਕਮੇਟੀ ਦੇ ਸਪੁਰਦ ਹੋਇਆ। ਕਮੇਟੀਆਂ ਟੁਟ ਗਈਆਂ, ਇਸ ਕਰਕੇ ਬਿਲ ਜਾਂਦਾ ਰਿਹਾ। ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਬਿੱਲ ਰੀਜਨਲ ਕਮੇਟੀਆਂ ਤੋਂ ਪਾਸ ਹੋ ਗਿਆ ਸੀ ?

ਮੰਤਰੀ : ਨਹੀਂ ਜੀ।

चौधरी बलबीर सिंह : क्या मंत्री महोदय इस बारे में कोई तारीख मुकर्र करेंगे कि यह बिल इस हाऊस में कब पेश किया जाएगा ?

ਸ੍ਰੀ ਸਪੀਕਰ : ਜਵਾਬ ਤਾਂ ਪਹਿਲਾਂ ਹੀ 'ਨਹੀਂ' ਵਿਚ ਆ ਗਿਆ ਹੈ। (ਵਿਘਨ) (The hon. Minister has already given its reply in the negative.)

ਮੰਤਰੀ : ਕੋਈ ਤਾਰੀਖ ਨਹੀਂ ਫਿਕਸ ਕੀਤੀ ਜਾ ਸਕਦੀ।

ਚੌਧਰੀ ਰਾਮ ਸਿੰਘ : ਕੀ ਇਹ ਬਿੱਲ ਇਸ ਹਾਊਸ ਵਿਚ ਆ ਜਾਏਗਾ ?

ਕੋਈ ਜਵਾਬ ਨਹੀਂ ਦਿੱਤਾ ਗਿਆ)

RESIDENTIAL HOUSES CONSTRUCTED BY HOUSING DEPARTMENT FOR GOVERNMENT EMPLOYEES

***1081. Shri Gian Chand Kharbanda**: Will the Minister for Local Government be pleased to state—

(a) the number of residential houses constructed by the Government in the Housing Department during the period

[Shri Gian Chand Kharbanda]

from 1st April, 1969 todate as well as of those at present under construction for—

(i) Gazetted officers,

(ii) Clerical staff, and

(iii) Class IV employees;

(b) whether there is any proposal under the consideration of the Government to sanction the construction of more Government quarters particularly for the categories of the employees mentioned at No. (ii) and (iii) above?

ਸ੍ਰੀ ਮਨਮੋਹਨ ਕਾਲੀਆ: (ਏ) ਹੁਣ ਤਕ 33 ਮਕਾਨ ਬਣੇ ਹਨ। ਜਿਹੜੇ ਮਕਾਨਾਂ ਦੀ ਉਸਾਰੀ ਹੋ ਰਹੀ ਹੈ ਉਨ੍ਹਾਂ ਦੀ ਸੂਚੀ ਸਭਾ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਬੀ) ਜੀ ਹਾਂ 25 ਲੱਖ ਰੁਪਏ ਪਿਛਲੇ ਚਾਲੂ ਕੰਮਾਂ ਲਈ ਅਤੇ 50 ਲੱਖ ਰੁਪਏ ਕਰੈਸ਼ ਹਾਊਸਿੰਗ ਪ੍ਰੋਗਰਾਮ ਹੇਠ ਉਪਰੋਕਤ 'ਏ' ਅਨੁਸਾਰ (i), (ii) ਅਤੇ (iii) ਤੇ ਦਿੱਤੇ ਦਰਜੇ ਦੇ ਕਰਮਚਾਰੀਆਂ ਦੇ ਮਕਾਨਾਂ ਤੇ ਖਰਚ ਕਰਨ ਦੀ ਤਜਵੀਜ਼ ਹੈ।

ਜ਼ਿਲ੍ਹੇਵਾਰ ਮਕਾਨਾਂ ਦੀ ਸੂਚੀ, ਜਿਨ੍ਹਾਂ ਦੀ ਉਸਾਰੀ ਹੋ ਰਹੀ ਹੈ

ਲੜੀ ਨੰ:	ਜ਼ਿਲ੍ਹੇ ਦਾ ਨਾਂ		ਗਜ਼ਟਿਡ ਅਫਸਰਾਂ ਲਈ	ਕਲੈਰੀਕਲ ਸਟਾਫ ਲਈ
1.	ਪਟਿਆਲਾ	..	9	—
2.	ਸੰਗਰੂਰ	..	9	8
3.	ਰੋਪੜ	..	10	2
4.	ਕਪੂਰਥਲਾ	..	6	—
5.	ਜਲੰਧਰ	..	15	8
6.	ਲੁਧਿਆਣਾ	..	20	—
7.	ਹੁਸ਼ਿਆਰਪੁਰ	..	16	15
8.	ਫਿਰੋਜ਼ਪੁਰ	..	19	24
9.	ਬਠਿੰਡਾ	..	10	8
10.	ਅੰਮ੍ਰਿਤਸਰ	..	33	20
11.	ਗੁਰਦਾਸਪੁਰ	..	13	16
	ਜੋੜ	..	160	101

ਸ੍ਰੀ ਗਿਆਨ ਚੰਦ ਖਰਬੰਦਾ: ਇਸ ਲਿਸਟ ਦੇ ਮੁਤਾਬਿਕ ਗਜ਼ਟਿਡ ਔਰ ਕਲੈਰੀਕਲ, ਦੋ ਕੈਟੇਗਰੀਜ਼ ਦਾ ਜ਼ਿਕਰ ਕੀਤਾ ਗਿਆ ਹੈ ਪਰ ਕਲਾਸ ਫੋਰਥ ਐਂਪਲਾਈਜ਼ ਬਾਰੇ ਸਰਕਾਰ ਖਾਮੋਸ਼ ਹੈ। ਕੀ ਇਸ ਦਾ ਮੈਂ ਇਹ ਨਤੀਜਾ ਕੱਢਾਂ ਕਿ ਕਲਾਸ ਫੋਰਥ ਵਾਸਤੇ ਕੋਈ ਕੁਆਰਟਰ ਨਹੀਂ ਬਣਾਏ ਗਏ ਹਨ?

ਮੰਤਰੀ: ਹੁਣ ਡਿਪਟੀ ਕਮਿਸ਼ਨਰਜ਼ ਨੇ ਕਲਾਸ ਫੋਰਥ ਐਂਪਲਾਈਜ਼ ਵਾਸਤੇ ਇਸ ਸਿਲਸਿਲੇ ਵਿਚ ਰਿਕੁਆਇਰਮੈਂਟ ਦਸੀ ਹੈ। ਉਸ ਦੇ ਬੇਸਿਜ਼ ਉਤੇ ਡਿਜ਼ਾਈਨ, ਕਾਸਟ ਆਫ ਕੰਸਟਰਕਸ਼ਨ ਆਦਿ ਤੇ ਗੌਰ ਹੋ ਰਿਹਾ ਹੈ। (ਵਿਘਨ)

चौधरी बलबीर सिंह: इस सिलसिले में क्या गवर्नमैंट सरकारी मुलाज़मीन को हाउस लोन देने के लिए गौर करेगी ?

ਮੰਤਰੀ: ਇਹ ਲੋਨਜ਼ ਗੌਰਮਿੰਟ ਆਫ ਇੰਡੀਆ ਤੋਂ ਆਉਂਦੇ ਹਨ। ਇਸ ਸਕੀਮ ਹੇਠ ਸਾਰੇ ਕੈਟੇਗਰੀਜ਼ ਦੇ ਐਂਪਲਾਈਜ਼ ਆਉਂਦੇ ਹਨ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ: ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਗੌਰਮਿੰਟ ਆਫੀਸਰਜ਼ ਔਰ ਐਂਪਲਾਈਜ਼ ਲਈ ਵਖਰੇ ਰੂਲਜ਼ ਹਨ ਜਿਸ ਦੇ ਅਧੀਨ 36 ਮਹੀਨੇ ਦੀ ਤਨਖਾਹ ਦੇ ਬਰਾਬਰ ਲੋਨ ਦਿੱਤੇ ਜਾਂਦੇ ਹਨ ?

ਮੰਤਰੀ: ਇਸ ਪਰੋਗਰਾਮ ਦਾ ਉਸ ਸਕੀਮ ਨਾਲ ਕੋਈ ਸਬੰਧ ਨਹੀਂ ਹੈ।

ਡਾਕਟਰ ਅਮੀਰ ਸਿੰਘ ਕਲਕਟ: ਕਲਾਸ ਫੋਰਥ ਐਂਪਲਾਈਜ਼ ਗਰੀਬ ਲੋਕ ਹਨ, ਕੀ ਇਨ੍ਹਾਂ ਨੂੰ ਹੋਰ ਅਫਸਰਾਂ ਨਾਲੋਂ ਮਕਾਨ ਬਣਾਉਣ ਵਿਚ ਪਰੈਫਰੈਂਸ ਦਿੱਤੀ ਜਾਵੇਗੀ ?

ਮੰਤਰੀ: ਜ਼ਿਲ੍ਹਿਆਂ ਵਿਚੋਂ ਰਿਪੋਰਟ ਆਈ ਹੈ ਕਿ ਕਲਾਸ ਫੋਰਥ ਐਂਪਲਾਈਜ਼ ਨੂੰ ਪਰੈਫਰੈਂਸ ਮਿਲਣੀ ਚਾਹੀਦੀ ਹੈ।

ਭਗਤ ਗੁਰਾਂ ਦਾਸ ਹੰਸ: ਜਦੋਂ ਦੀ ਇਹ ਗੌਰਮਿੰਟ ਆਈ ਹੈ ਕਲਾਸ ਫੋਰਥ ਐਂਪਲਾਈਜ਼ ਵਾਸਤੇ ਇਹ ਕੰਮ ਅਗੇ ਪਾਉਣ ਦੀ ਕਰਦੀ ਹੈ। (ਵਿਘਨ)

ਮੰਤਰੀ: ਇਹ ਸਵਾਲ ਇਥੇ ਉਠਦਾ ਨਹੀਂ। ਪਰ ਫਿਰ ਵੀ ਮੈਂ ਅਰਜ਼ ਕਰ ਦਿਆਂ ਕਿ ਜਿਹੜੀ ਰਿਪੋਰਟ ਡਿਪਟੀ ਕਮਿਸ਼ਨਰਾਂ ਕੋਲੋਂ ਆਈ ਹੈ ਉਸ ਵਿਚ ਲਿਖਿਆ ਹੋਇਆ ਹੈ ਕਿ ਕਲਾਸ ਫੋਰਥ ਐਂਪਲਾਈਜ਼ ਵਾਸਤੇ ਕੁਆਰਟਰ ਬਣਾਉਣ ਵਿਚ ਇਨ੍ਹਾਂ ਲੋਕਾਂ ਨੂੰ ਪਰੈਫਰੈਂਸ ਮਿਲਣੀ ਚਾਹੀਦੀ ਹੈ। (ਵਿਘਨ)

STARRED QUESTION NO. 1623

ਖੇਤੀਬਾੜੀ ਮੰਤਰੀ, ਪੰਜਾਬ।
ਅ.ਸ. ਨੰ: 1515-ਖਬ1(4)-70/3969,
ਚੰਡੀਗੜ੍ਹ, ਮਿਤੀ 13 ਮਾਰਚ, 1970

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 1623 ਜੋ ਮਿਤੀ 16 ਮਾਰਚ, 1970

[ਸ੍ਰੀ ਸਪੀਕਰ]

ਲਈ ਸੁਆਲਾਂ ਦੀ ਸੂਚੀ ਵਿਚ ਚੌਧਰੀ ਸਤਿਆ ਦੇਵ ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 29 ਮਾਰਚ, 1970 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,

ਸਹੀ/-

(ਰਾਧਾ ਕ੍ਰਿਸ਼ਨ)

ਸਰਦਾਰ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

STARRED QUESTION NO. 1624

ਖੇਤੀਬਾੜੀ ਮੰਤਰੀ, ਪੰਜਾਬ ।
ਅ.ਸ. ਨੰ: 1512-ਖਬ1(4)-70/3973
ਚੰਡੀਗੜ੍ਹ, ਮਿਤੀ 13 ਮਾਰਚ, 1970

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ : 1624, ਜੋ ਮਿਤੀ 16 ਮਾਰਚ, 1970 ਲਈ ਸੁਆਲਾਂ ਦੀ ਸੂਚੀ ਵਿਚ ਚੌਧਰੀ ਸਤਿਆ ਦੇਵ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 29 ਮਾਰਚ, 1970, ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,

ਸਹੀ/-

(ਰਾਧਾ ਕ੍ਰਿਸ਼ਨ)

ਸ੍ਰੀ ਦਰਬਾਰਾ ਸਿੰਘ,
ਸਪੀਕਰ.
ਪੰਜਾਬ ਵਿਧਾਨ ਸਭਾ ।

*STARRED QUESTION No. 1610

Mr. Speaker: Extension has been applied for in respect of this question.

LETTER WRITTEN BY CHIEF MINISTER TO THE PRIME MINISTER/UNION HOME MINISTER AGAINST THE CENTRE'S DECISION ON CHANDIGARH

*1249. **Sardar Gurbanta Singh**: Will the Chief Minister be pleased to state whether he has written any letter to the Prime Minister or the Home Minister at Delhi against the declaration made by the Central Government whereby 114 villages of Fazilka Sub-Division are proposed to be transferred to Haryana ?

Sardar Gurnam Singh: Yes. A letter was written to the Prime Minister, with copies to the Union Ministers of Home, Food, Defence and Industrial Development, on 28th January, 1970, strongly protesting against the undue pressure being put on the Prime Minister by the Haryana Government to give them Fazilka area in lieu of Union Territory of Chandigarh. A copy of the letter is placed on the Table of the House.

[ਹਾਂ ਜੀ; ਇਕ ਚਿੱਠੀ ਪ੍ਰਧਾਨ ਮੰਤਰੀ ਨੂੰ, ਸਮੇਤ ਕਾਪੀਆਂ ਕੇਂਦਰੀ ਗ੍ਰਿਹ ਮੰਤਰੀ, ਖ਼ੁਰਾਕ ਮੰਤਰੀ, ਰੱਖਿਆ ਮੰਤਰੀ ਅਤੇ ਉਦਯੋਗਿਕ ਵਿਕਾਸ ਮੰਤਰੀ ਜੀ ਨੂੰ 28 ਜਨਵਰੀ, 1970 ਨੂੰ ਲਿਖੀ ਸੀ। ਇਸ ਪੱਤਰ ਵਿਚ ਹਰਿਆਣਾ ਸਰਕਾਰ ਦਾ ਪ੍ਰਧਾਨ ਮੰਤਰੀ ਤੇ ਨਜਾਇਜ਼ ਦਬਾਓ ਪਾਉਣ ਬਾਰੇ, ਕਿ ਉਹਨਾਂ ਨੂੰ ਚੰਡੀਗੜ੍ਹ ਦੀ ਬਜਾਏ ਫ਼ਾਜ਼ਿਲਕਾ ਦਾ ਇਲਾਕਾ ਦਿੱਤਾ ਜਾਵੇ, ਸਖਤ ਰੋਸ਼ ਪ੍ਰਗਟ ਕੀਤਾ ਗਿਆ ਸੀ। ਇਸ ਚਿੱਠੀ ਦੀ ਇਕ ਨਕਲ ਸਭਾ ਕੋਲ ਪੇਸ਼ ਕੀਤੀ ਜਾਂਦੀ ਹੈ।]

MOST CONFIDENTIAL

D.O. No. CMP/70/Con.
Chief Minister,
Punjab,
Camp : New Delhi,
January 28, 1970

Dear,

It is distressing to note that Haryana Government is putting undue pressure on you to give them Fazilka Tehsil including Abohar territory in lieu of Union Territory of Chandigarh. Haryana Government knows that their claim on Chandigarh is hollow, therefore, they are claiming this territory against all canons of fair play and justice. I must place it on record that I cannot agree to barter away the Tehsil of Fazilka including Abohar. If I do so it would be introducing virus of communalism in a secular India. It would really be handing over territory to Haryana because most of the inhabitants are Hindus to which principle I am unable to agree. I cannot agree to push out of Punjab Punjabi-speaking Hindu villages to satisfy undue greed of Haryana. Apart from this we would be introducing communal virus into rural areas resulting in serious law and order problem which I shudder to face. It is inconceivable to act on such a preposterous proposition in order to gain some point. I have been working for Hindu-Sikh unity since I have taken over as Chief Minister and have been trying

---

*Starred Question No. 1610 and reply thereto appear in the Punjab Vidhan Sabha Debates dated the 25th March, 1970.

[Chief Minister]

to strengthen secular forces. Now I cannot conceive of destroying that achievement in which I have phenomenal success. You are also aware that 1961 census cannot be relied upon. The conception of Fazilka Tehsil population was further changed by influx of Punjabi speaking population from West Pakistan to this tehsil at the time of partition of the country.

2. I, therefore, suggest that a Committee or Commission of the linguistic expert/s be set up and they should really examine the merits and demerits of claims and counter-claims about linguistic areas made by the two States. It is the only fair method to indentify linguistic areas. Any other method would be arbitrary resulting in serious injustice to large number of inhabitants of Punjab. I am placing these facts on the record so that there is no confusion or misunderstanding about the position of Punjab Government.

I would urge that decision of Chandigarh in favour of Punjab be made immediately.

Kind regards,

Yours sincerely,

Sd/—

(Gurnam Singh)

Smt. Indira Gandhi,
Prime Minister of India,
New Delhi.

Copy is forwarded to :—

1. Sh. Y. B. Chavan, Home Minister of India, New Delhi.
2. Sh. Jagjivan Ram, Food and Agriculture Minister of India, New Delhi.
3. Sardar Swarn Singh, Defence Minister of India, New Delhi.
4. Shri Fakhruddin Ali Ahmed, Industrial Development Minister, Government of India, New Delhi.

Sd/—

(Gurnam Singh)

ਸਰਦਾਰ ਗੁਰਬੰਤਾ ਸਿੰਘ: ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਪਰਾਈਮ ਮਨਿਸਟਰ ਨੂੰ ਲੈਟਰ ਲਿਖਿਆ ਗਿਆ 28 ਤਾਰੀਖ ਨੂੰ ਔਰ ਫ਼ੈਸਲਾ ਹੋਇਆ 29 ਤਾਰੀਖ ਨੂੰ, ਕੀ ਇਨ੍ਹਾਂ ਨੂੰ ਉਸ ਲੈਟਰ ਦਾ ਜਵਾਬ ਆਇਆ ਜਾਂ ਕਿ ਜ਼ਬਾਨੀ ਸੱਦ ਕੇ ਫੈਸਲਾ ਕਨਵੇ ਕਰ ਦਿੱਤਾ ਗਿਆ ਸੀ ?

ਮੁੱਖ ਮੰਤਰੀ: ਜਵਾਬ ਕੋਈ ਨਹੀਂ ਦਿੱਤਾ। ਯੂਨੀਅਨ ਹੋਮ ਮਨਿਸਟਰ ਦੇ ਘਰ ਸਾਨੂੰ ਦੋਹਾਂ ਚੀਫ਼ ਮਨਿਸਟਰਾਂ ਨੂੰ ਬੁਲਾ ਕੇ ਫੈਸਲਾ ਸੁਣਾ ਦਿੱਤਾ।

चौधरी बलबीर सिंह : क्या इतने गांव देने वाली स्कीम खुद चीफ मनिस्टर ने पेश की थी ताकि संत जी की जान बचाई जा सके ?

ਮੁੱਖ ਮੰਤਰੀ: ਬਿਲਕੁਲ ਬੇ-ਬੁਨਿਆਦ ਔਰ ਗਲਤ ਬਾਤ ਹੈ। ਜੇ ਮੈਂ ਹੋਰ ਲਫ਼ਜ਼ ਕਹਾਂ ਤਾਂ ਸ਼ਾਇਦ ਪਾਰਲੀਮੈਂਟਰੀ ਨਾਂ ਹੋਣ।

ਸਰਦਾਰ ਕਿਰਪਾਲ ਸਿੰਘ : ਕੀ ਚੀਫ ਮਨਿਸਟਰ ਸਾਹਿਬ ਇਹ ਦਸਣਗੇ ਕਿ ਇਸ ਸਾਰੀ ਗੇਮ ਵਿਚ ਕਿਸ ਪਾਰਟੀ ਨੇ, ਆਲ ਇੰਡੀਆ ਪਾਰਟੀ ਨੇ, ਡਬਲ ਰੋਲ ਅਦਾ ਕੀਤਾ ?

ਸਰਦਾਰ ਸ਼ੰਤੋਖ ਸਿੰਘ : ਜਦੋਂ ਸੰਤ ਫਤਿਹ ਸਿੰਘ ਨੇ ਫਾਸਟ ਰਖਿਆ ਸੀ, ਉਦੋਂ ਚੀਫ ਮਨਿਸਟਰ ਸਾਹਿਬ ਦਿਲੀ ਗਏ ਸੀ, ਕੀ ਆਪਣੇ ਆਪ ਗਏ ਸੀ ਜਾਂ ਕਿ ਉਨ੍ਹਾਂ ਦੇ ਸੱਦੇ ਤੇ ਗਏ ਸੀ ?

ਕਾਮਰੇਡ ਸੱਤ ਪਾਲ ਡਾਂਗ: ਕੀ ਚੀਫ ਮਨਿਸਟਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ, ਜਦੋਂ ਇਹ ਫੈਸਲਾ ਸੁਣਾਇਆ ਗਿਆ ਕੀ ਇਸ ਦੇ ਸੁਨਾਉਣ ਤੋਂ ਪਹਿਲਾਂ ਚੀਫ ਮਨਿਸਟਰ ਸਾਹਿਬ ਨੂੰ ਪੁਛਿਆ ਗਿਆ ਕਿ ਇਹ ਫੈਸਲਾ ਉਨ੍ਹਾਂ ਨੂੰ ਮਨਜ਼ੂਰ ਹੈ, ਕੀ ਇਸ ਉਤੇ ਸੰਤ ਜੀ ਆਪਣਾ ਵਰਤ ਛੱਡ ਦੇਣਗੇ ?

ਮੁੱਖ ਮੰਤਰੀ. ਆਇਆ ਮੈਂ ਗੌਰਮਿੰਟ ਵਲੋਂ ਜਵਾਬ ਦੇਣਾ ਹੈ ਜਾਂ ਕਿ ਪੁਲੀਟੀਕਲ ਪਾਰਟੀ ਵਲੋਂ ਜਵਾਬ ਦੇਣਾ ਹੁੰਦਾ ਹੈ । (ਸ਼ੋਰ) (ਵਿਘਨ) ।

ਕਾਮਰੇਡ ਸੱਤ ਪਾਲ ਡਾਂਗ: ਇਹ ਅਕਾਲੀ ਪਾਰਟੀ ਦੀ ਸਰਕਾਰ ਹੈ ਜਾਂ ਕਿ ਹੋਰ ਕਿਸੇ ਪਾਰਟੀ ਦੀ ਸਰਕਾਰ ਹੈ ? (ਵਿਘਨ)

ਸ੍ਰੀ ਸਪੀਕਰ: ਇਹ ਤਾਂ ਸਰਕਾਰ ਵਲੋਂ ਜਵਾਬ ਦੇਣਾ ਹੁੰਦਾ ਹੈ । (ਵਿਘਨ) (Reply is to be given on behalf of the Government.)

ਸਰਦਾਰ ਗੁਰਬੰਤਾ ਸਿੰਘ : ਜਿਸ ਵੇਲੇ ਇਨ੍ਹਾਂ ਨੂੰ ਫੈਸਲਾ ਸੁਣਾਇਆ ਗਿਆ ਕੀ ਉਸ ਵੇਲੇ ਚੀਫ ਮਨਿਸਟਰ ਸਾਹਿਬ ਨੇ ਪ੍ਰੋਟੈਸਟ ਕੀਤਾ ਕਿ ਇਹ ਫੈਸਲਾ ਇਨ੍ਹਾਂ ਨੂੰ ਮਨਜ਼ੂਰ ਨਹੀਂ

ਮੁੱਖ ਮੰਤਰੀ: ਬਿਲਕੁਲ ਕੀਤਾ ।

ਸ੍ਰੀ ਗਿਆਨ ਚੰਦ ਖਰਬੰਦਾ: ਇਹ ਫੈਸਲਾ ਜਦੋਂ ਹੋਇਆ ਤਾਂ ਇਨ੍ਹਾਂ ਨੇ ਦੀਪ ਮਾਲਾ ਕੀਤੀ, ਇਨ੍ਹਾਂ ਨੇ ਛੁੱਟੀ ਕੀਤੀ, ਕੀ ਇਨ੍ਹਾਂ ਦੇ ਖਿਆਲ ਵਿਚ ਇਹ ਠੀਕ ਸੀ ?

ਮੁੱਖ ਮੰਤਰੀ : ਚੰਡੀਗੜ੍ਹ ਦਾ ਫੈਸਲਾ ਬਿਲਕੁਲ ਠੀਕ ਸੀ ਪਰ ਫਾਜ਼ਿਲਕਾ ਬਾਰੇ ਪ੍ਰੋਟੈਸਟ ਕੀਤਾ ਗਿਆ ।

ਸਰਦਾਰ ਰਾਜਾ ਸਿੰਘ: ਇਹ ਕਾਂਗਰਸੀ ਭਰਾ ਅਸੈਂਬਲੀ ਵਿਚ ਹੋਰ ਬੋਲੀ ਬੋਲਦੇ ਹਨ ਅਤੇ ਸੈਂਟਰ ਵਿਚ ਜਾਕੇ ਹੋਰ ਬੋਲਦੇ ਹਨ । ਕੀ ਇਸ ਬਾਰੇ ਲੋਕਾਂ ਨੂੰ ਦਸਣ ਲਈ ਕੋਈ ਪਬਲਿਸਿਟੀ ਕਰਨ ਦਾ ਇੰਤਜ਼ਾਮ ਕੀਤਾ ਜਾਵੇਗਾ ? (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ: ਜਿਹੜਾ 114 ਪਿੰਡਾਂ ਦੀ ਟਰਾਂਸਫਰ ਦਾ ਫੈਸਲਾ ਇਨ੍ਹਾਂ ਨੇ ਮਨਜ਼ੂਰ ਕੀਤਾ ਹੈ ਕੀ ਹੁਣ ਇਹ ਉਸ ਦੇ ਉਤੇ ਕੋਈ ਐਕਸ਼ਨ ਲੈਣਗੇ ਅਤੇ ਉਨ੍ਹਾਂ ਪਿੰਡਾਂ ਨੂੰ ਵਾਪਿਸ ਲੈਣ ਲਈ ਕੋਈ ਕਦਮ ਉਠਾਉਣਗੇ ?

ਮੁੱਖ ਮੰਤਰੀ: ਇਸ ਦੇ ਬਾਰੇ ਹਾਲਾਂ ਤਾਂ ਇਹ ਕੋਈ ਫੈਸਲਾ ਨਹੀਂ ਕਿ ਇਹ 114 ਪਿੰਡ ਹਨ ਜਾਂ ਘੱਟ ਹੋਣਗੇ । (ਵਿਘਨ)

DECISION ON CHANDIGARH ISSUE

*1250. **Sardar Gurbanta Singh**: Will the Chief Minister be pleased to state :—

(a) whether the Punjab Government have accepted the proposal of allocation of Chandigarh to Punjab and transfer of 114 villages of Fazilka to Haryana;

(b) if the reply to part (a) above be in the affirmative, whether all the members of the Council of Ministers were consulted for the said acceptance;

(c) if the reply to part (b) above be in the affirmative, the reasons why some members of the Council of Ministers are propagating against it ?

Sardar Gurnam Singh : (a) It is a decision imposed by the Central Government on the Punjab Government. Punjab has welcomed the decision regarding transfer of Chandigarh to Punjab but has strongly resented the decision about the transfer of a part of Fazilka Tehsil to Haryana.

(b)
and Question does not arise.
(c)

[(ੲ) ਇਹ ਕੇਂਦਰੀ ਸਰਕਾਰ ਵਲੋਂ ਪੰਜਾਬ ਪੁਰ ਠੋਸਿਆ ਹੋਇਆ ਫੈਸਲਾ ਹੈ । ਚੰਡੀਗੜ੍ਹ ਨੂੰ ਪੰਜਾਬ ਵਿਚ ਮਿਲਾਣ ਸਬੰਧੀ ਫੈਸਲੇ ਦਾ ਪੰਜਾਬ ਵਲੋਂ ਸਵਾਗਤ ਕੀਤਾ ਗਿਆ ਹੈ, ਪਰ ਫਾਜ਼ਿਲਕਾ ਤਹਿਸੀਲ ਦੇ ਕੁਝ ਹਿੱਸੇ ਨੂੰ ਹਰਿਆਣੇ ਵਿਚ ਮਿਲਾਣ ਦੇ ਫੈਸਲੇ ਬਾਰੇ ਜ਼ੋਰਦਾਰ ਵਿਰੋਧਤਾ ਕੀਤੀ ਗਈ ਹੈ ।

(ਬੀ)
ਅਤੇ ਇਹ ਪ੍ਰਸ਼ਨ ਨਹੀਂ ਉਠਦਾ ।]
(ਸੀ)

ਸਰਦਾਰ ਗੁਰਬੰਤਾ ਸਿੰਘ : ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਜਿਹੜਾ ਡਸੀਜ਼ਨ ਹੈ, ਇਹ ਸਾਡੇ ਤੇ ਫੋਰਸ ਕੀਤਾ ਗਿਆ । ਨਾਲ ਹੀ ਕਿਹਾ ਕਿ ਚੰਡੀਗੜ੍ਹ ਬਾਰੇ ਫੈਸਲੇ ਨੂੰ ਅਸੀਂ ਵੈਲਕਮ ਕੀਤਾ ਹੈ ਅਤੇ ਦੂਸਰੇ ਪਾਸੇ ਪਰੋਟੈਸਟ ਕੀਤਾ ਗਿਆ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਹਿਲਾਂ ਵੀ ਚੀਫ ਮਨਿਸਟਰ ਸਾਹਿਬ ਨੇ ਉਥੇ ਜਾਕੇ ਕਿਹਾ ਸੀ ਕਿ ਦੋ ਹਿੱਸਿਆਂ ਵਿਚ ਤੁਸੀਂ ਫੈਸਲਾ ਕਰ ਦਿਉ ਅਤੇ ਇਕ ਹਿੱਸੇ ਨੂੰ ਅਸੀਂ ਮਨਜ਼ੂਰ ਕਰਨਾ ਹੈ ਅਤੇ ਦੂਜੇ ਨੂੰ ਨਹੀਂ ਕਰਾਂਗੇ ?

ਮੁੱਖ ਮੰਤਰੀ : ਡੀਸੀਜ਼ਨ ਹੋਣ ਤੋਂ ਪਹਿਲਾਂ ਮੈਂ ਨਜੂਮੀ ਨਹੀਂ ਸੀ ਕਿ ਕੀ ਫੈਸਲਾ ਹੋਣਾ ਹੈ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਪਾਰਟੀ ਉਥੇ ਕਨਫਿਊਜ਼ਡ ਹੋਈ ਬੈਠੀ ਹੈ ਅਤੇ ਉਹ ਗਲਤ ਫੈਸਲੇ ਕਰਦੀ ਹੈ । (ਵਿਘਨ)

चौधरी बलबीर सिंह : सी. एम. साहिब ने अपने पिछले सवाल में कहा है कि वैरीफिकेशन होगी कि 114 गांव हैं या कम हैं । (विघ्न)

ਸ੍ਰੀ ਸਪੀਕਰ : ਤੁਸੀਂ ਪਿਛਲੇ ਸਵਾਲ ਦੀ ਗੱਲ ਕਿਉਂ ਕਰਦੇ ਹੋ ਹੁਣ ਦੀ ਗੱਲ ਕਰੋ ? (The hon. Member should not refer to previous question. He should refer to the present question.)

चौधरी बलबीर सिंह : स्पीकर साहिब, उस सवाल के साथ इस का ताल्लुक है । इन्होंने ने कहा है कि 114 गाव हैं या नहीं इस की वैरीफिकेशन होगी । मैं पूछना चाहता हूँ कि उस की वैरीफिकेशन कौन करेगा ?

ਮੁੱਖ ਮੰਤਰੀ : ਵੈਰੀਫੀਕੇਸ਼ਨ ਸੈਂਟਰਲ ਗੌਰਮਿੰਟ ਕਰੇਗੀ, ਨਾਲ ਅਸੀਂ ਵੀ ਕਰਾਂਗੇ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਸਾਰਿਆਂ ਦੇ ਸਲਾਹ ਮਸ਼ਵਰੇ ਨਾਲ ਇਹ ਫੈਸਲਾ ਮਨਜ਼ੂਰ ਕੀਤਾ ਹੈ । ਪਰ ਸ੍ਰੀ ਬਲਰਾਮ ਦਾਸ ਟੰਡਨ ਨੇ ਆਪਣੀ ਸਟੇਟਮੈਂਟ ਵਿਚ ਕਿਹਾ ਹੈ ਕਿ ਸਾਡੇ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੋ ਗੱਲਾਂ ਵਿਚੋਂ ਕਿਹੜੀ ਗੱਲ ਠੀਕ ਹੈ ?

ਮੁੱਖ ਮੰਤਰੀ : ਇਹ ਇਸ ਸਵਾਲ ਵਿਚੋਂ ਪੈਦਾ ਨਹੀਂ ਹੁੰਦਾ ।

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਵੈਰੀ-ਫੀਕੇਸਨ ਕਰਾਂਗੇ ਔਰ ਸੈਂਟਰਲ ਗੌਰਮਿੰਟ ਵੀ ਵੈਰੀਫੀਕੇਸ਼ਨ ਕਰੇਗੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜਾ ਵਰਸ਼ਨ ਅਥੈਂਟੀਕੇਟਿਡ ਸਮਝਿਆ ਜਾਵੇ ?

ਮੁੱਖ ਮੰਤਰੀ : ਇਸ ਦੇ ਬਾਰੇ ਅਸੀਂ ਆਲਰੈਡੀ ਵੈਰੀਫੀਕੇਸ਼ਨ ਸ਼ੁਰੂ ਕੀਤੀ ਹੈ ਆਪਣੇ ਅਫਸਰਾਂ ਦੇ ਜ਼ਰੀਏ । ਸੈਂਟਰਲ ਗੌਰਮਿੰਟ ਜਾਂ ਕਿਹੜੀ ਏਜੰਸੀ ਕਰਦੀ ਹੈ ਜਾਂ ਨਹੀਂ ਕਰਦੀ, ਮੈਂ ਕਹਿ ਨਹੀਂ ਸਕਦਾ । ਜਦ ਸੈਂਟਰਲ ਗੌਰਮਿੰਟ ਕੋਈ ਏਜੰਸੀ ਇਸ ਦੇ ਬਾਰੇ ਤਜਵੀਜ਼ ਕਰੇਗੀ ਤਾਂ ਅਸੀਂ ਫਿਰ ਦੇਖ ਲਵਾਂਗੇ ।

(ਇਸ ਸਮੇਂ ਸਰਦਾਰ ਕਿਰਪਾਲ ਸਿੰਘ ਬੋਲਣ ਲਈ ਖੜੇ ਹੋਏ ।)

Mr. Speaker : Please resume your seat.

ਸਾਥੀ ਰੂਪ ਲਾਲ : ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਵੈਰੀਫੀਕੇਸ਼ਨ ਦੀ ਕੋਸ਼ਿਸ਼ ਕਰਨਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੀਆਂ ਐਫਰਟਸ ਦੇ ਬਾਵਜੂਦ ਕੀ ਇਹ ਹੋ ਸਕਦਾ ਹੈ ਕਿ ਕਿਸੇ ਮਨਿਸਟਰ ਨੇ ਇਨ੍ਹਾਂ ਨਾਲੋਂ ਪਹਿਲਾਂ ਹੀ ਕੋਈ ਇਹੋ ਜਿਹੀ ਗੱਲ ਕਰਕੇ ਇਹ ਤਹਿ ਕਰ ਲਿਆ ਹੋਵੇ ? ਕੀ ਐਸੀ ਕੋਈ ਗੱਲ ਇਨ੍ਹਾਂ ਦੇ ਨੋਟਿਸ ਵਿਚ ਹੈ ?

ਮੁੱਖ ਮੰਤਰੀ : ਨਹੀਂ, ਐਸੀ ਗੱਲ ਨਹੀਂ ਹੈ ।

ਸਰਦਾਰ ਗੁਰਬੰਤਾ ਸਿੰਘ : ਪਹਿਲਾਂ ਮੈਂ ਆਪਣੇ ਸਵਾਲ ਵਿਚ ਪੁੱਛਿਆ ਸੀ ਕਿ ਕੀ ਤੁਸੀਂ ਇਹ ਫੈਸਲਾ ਮਨਜ਼ੂਰ ਕੀਤਾ ਜਾਂ ਨਹੀਂ ਕੀਤਾ। ਇਸੇ ਤਰ੍ਹਾਂ ਦੂਜਾ ਕੁਐਸ਼ਚਨ ਪੁੱਛਿਆ ਸੀ ਕਿ ਕੀ ਤੁਸੀਂ ਸਾਰਿਆਂ ਮਨਿਸਟਰਾਂ ਨੇ ਇਕੱਠੇ ਹੋ ਕੇ ਇਹ ਕੀਤਾ ਜਾਂ ਨਹੀਂ ਕੀਤਾ। ਇਨ੍ਹਾਂ ਨੇ ਜਵਾਬ ਦਿੱਤਾ ਕਿ ਸਵਾਲ ਪੈਦਾ ਨਹੀਂ ਹੁੰਦਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਕੈਬਨਿਟ ਦੇ ਮਨਿਸਟਰਾਂ ਨੇ ਬਾਹਰ ਰੌਲਾ ਪਾਇਆ ਕਿ ਸਾਨੂੰ ਇਹ ਮਨਜ਼ੂਰ ਨਹੀਂ, ਪਰ ਤੁਸੀਂ ਕਹਿੰਦੇ ਹੋ ਕਿ ਅਸੀਂ ਸਾਰਿਆਂ ਫੈਸਲਾ ਕੀਤਾ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਕੈਬਨਿਟ ਵਿਚ ਫੈਸਲਾ ਕੀਤਾ ਹੁੰਦਾ ਤਾਂ ਤੁਹਾਡੇ ਮਨਿਸਟਰਾਂ ਨੇ ਰੌਲਾ ਕਿਉਂ ਪਾਇਆ ?

ਮੁੱਖ ਮੰਤਰੀ : ਚੰਡੀਗੜ੍ਹ ਦੇ ਮੁਤੱਲਕ ਸਭ ਨੇ ਡਸੀਜ਼ਨ ਮਨਜ਼ੂਰ ਕਰ ਲਿਆ ਹੈ, ਫਾਜ਼ਿਲਕਾ ਅਤੇ ਅਬੋਹਰ ਦੇ ਬਾਰੇ ਰੀਜੈਕਟ ਕੀਤਾ ਹੈ।

MINISTERS BELONGING TO SCHEDULED CASTES

***1638. Sardar Basant Singh Khalsa** : Will the Chief Minister be pleased to state the names of persons belonging to the Scheduled Castes who were taken as Ministers and Deputy Ministers in the State during the period from 1952 to-date ?

Sardar Gurnam Singh : The required statement is laid on the Table of the House.

[ਲੋੜੀਂਦੀ ਸੂਚਨਾ ਵਿਧਾਨ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ।]

Statement showing the names of Ministers/Deputy Ministers belonging to the Scheduled Castes who had been appointed from 1952 to-date

S. No.	Name	Appointed as	Date of appointment
1.	Ch. Sunder Singh	Minister	17-4-52
2.	Shri Gurbanta Singh	-do-	23-4-56
3.	-do-	-do-	1-11-56
4.	Shri Yaswant Rai	Deputy Minister	1-11-56
5.	Shri Chand Ram	-do-	11-11-56
6.	Shri Roshan Lal	-do-	11-11-56
7.	Shri Gurbanta Singh	Minister	9-4-1957
8.	Shri Dalbir Singh	Deputy Minister	9-4-1957
9.	Shri Yaswant Rai	-do-	9-4-1957
10.	Shri Gurbanta Singh	Minister	30-1-59

S. No.	Name	Appointed as	Date of appointment
11.	Shri Chand Ram	Minister of State	12-3-1962
12.	Shri Yaswant Rai	Deputy Minister	-do-
13.	Shri Sunder Singh	-do-	-do-
14.	Shri Harchand Singh	-do-	-do-
15.	Shri Gurbanta Singh	Minister	-do-
16.	Shri Gurbanta Singh	-do-	21-6-64
17.	Shri Sunder Singh	Deputy Minister	6-7-64
18.	Shri Chand Ram	Minister	6-6-1965
19.	Shri Sunder Singh	Minister of State	-do-
20.	Shri Yaswant Rai	Minister	1-11-1966
21.	Shri Harchand Singh	Deputy Minister	-do-
22.	Shri Gurmail Singh	-do-	-do-
23.	Shri Piara Ram Dhanowali	Minister	8-3-67
24.	Shri Shiv Chand	Deputy Minister	5-5-67
25.	Shri Karnail Singh Marhari	-do-	26-11-1967
26.	Shri Piara Ram Dhanowali	Minister	4-12-67
27.	Dr. Gurcharan Singh	Minister of State	-do-
28.	Shri Harbhaj Ram	Deputy Minister	12-2-1968
29.	Dr. Bhagat Singh	Minister	16-5-1969

ਸਰਦਾਰ ਬਸੰਤ ਸਿਘ ਖਾਲਸਾ : ਇਹ ਨਾਲ ਨੱਥੀ ਕੀਤੀ ਸਟੇਟਮੈਂਟ ਨੂੰ ਪੜ੍ਹਨ ਤੋਂ ਪਤਾ ਲੱਗੇਗਾ ਕਿ ਹਰ ਮਨਿਸਟਰੀ ਦੇ ਵਿਚ 3—4 ਮਨਿਸਟਰ ਸ਼ਡਿਊਲਡ ਕਾਸਟਸ ਦੇ ਹੁੰਦੇ ਸਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਮਨਿਸਟਰੀ ਦੇ ਵਿਚ ਹੋਰ ਇਨ੍ਹਾਂ ਦਾ ਵਾਧਾ ਕਰਨ ਦਾ ਵਿਚਾਰ ਹੈ ?

ਮੁੱਖ ਮੰਤਰੀ : ਇਹ ਵਿਚਾਰ ਅਧੀਨ ਹੈ ।

ਭਗਤ ਗੁਰਾਂ ਦਾਸ ਹੰਸ : ਸੀ. ਐਮ. ਨੇ ਕਿਹਾ ਹੈ ਕਿ ਇਹ ਵਿਚਾਰ ਅਧੀਨ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਿੰਨ੍ਹਾ ਚਿਰ ਵਿਚਾਰ ਅਧੀਨ ਰਹੇਗਾ ?

ਮੁੱਖ ਮੰਤਰੀ : ਅਸੀਂ ਜਲਦੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਚੋਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪਰਾਈਵੇਟ ਤੌਰ ਤੇ ਕਿਹਾ ਹੈ ਕਿ ਤੁਸੀਂ ਮਨਿਸਟਰੀ ਵਧਾਓ, ਇਹ ਕਹਿੰਦੇ ਹਨ ਕਿ ਵਧਾਵਾਂਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸਰਦਾਰ ਰਾਜਾ ਸਿੰਘ ਕਾਂਗਰਸ ਨੂੰ ਕੋਸਦੇ ਰਹਿੰਦੇ ਹਨ ਕੀ ਇਨ੍ਹਾਂ ਦਾ ਨੰਬਰ ਨਹੀਂ ਆ ਸਕਦਾ ? (ਹਾਸਾ)

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਬੱਜਟ ਸੈਸ਼ਨ ਤੋਂ ਬਾਅਦ ਮਨਿਸਟਰੀ ਐਕਸਪੈਂਡ ਕੀਤੀ ਜਾਵੇਗੀ ਅਤੇ ਕੀ ਹਰੀਜਨ ਵਿਚ ਲਏ ਜਾਣਗੇ ?

ਮੁੱਖ ਮੰਤਰੀ : ਮੈਂ ਤਾਂ ਪਹਿਲਾਂ ਕਿਹਾ ਹੈ ਕਿ ਸਾਰਾ ਮਾਮਲਾ ਵਿਚਾਰ ਅਧੀਨ ਹੈ ।

चौधरी बलबीर सिंह : हरिजनों को जितनी पहले नुमायंदगी दी जाती थी अब उतनी क्यों नहीं दी गई ?

(कोई उत्तर न दिया गया ।)

ਮਾਸਟਰ ਗੁਰਬੰਤਾ ਸਿੰਘ : ਮੈਂ ਸੀ. ਐਮ. ਨੂੰ ਪੁੱਛਣਾ ਚਾਹੁੰਦਾ ਹਾਂ ਅਤੇ ਮੈਨੂੰ ਇਸ ਗੱਲ ਦਾ ਡਰ ਹੈ ਕਿ, ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ :

"ਨਾਈਆਂ ਦੀ ਵਾਰੀ ਪਾੜਛਾ ਖੂਹ ਵਿਚ' (ਹਾਸਾ)

ਕਿ ਜਿਨ੍ਹਾਂ ਦੇ ਤਾਂ 7 ਮੈਂਬਰ ਹਨ, ਉਨ੍ਹਾਂ ਦੇ ਮਨਿਸਟਰੀ ਵਿਚ 3-4 ਲਏ ਹੋਏ ਹਨ ਅਤੇ ਜਿਨ੍ਹਾਂ ਦੇ 10-11 ਮੈਂਬਰ ਹਨ, ਉਨ੍ਹਾਂ ਦਾ ਇਕ ਟੋਟਰੂ ਹੈ । ਕੀ ਇਹ ਇਨ੍ਹਾਂ ਨਾਲ ਬੇ-ਇਨਸਾਫੀ ਨਹੀਂ ਹੈ ?

ਮੁੱਖ ਮੰਤਰੀ : ਜਦ ਮੈਂ ਲਿਸਟ ਦੇਖਦਾ ਹਾਂ ਤਾਂ ਇਉਂ ਨਜ਼ਰ ਆਉਂਦਾ ਹੈ ਕਿ ਸਰਦਾਰ ਗੁਰਬੰਤਾ ਸਿੰਘ ਦੇ ਮਗਰ ਮੱਛ ਦੇ ਅੰਸੂ ਹਨ । (ਹਾਸਾ) 1959 ਵਿਚ ਇਹ ਇਕੱਲੇ ਹੀ ਮਨਿਸਟਰ ਰਹੇ ਅਤੇ ਹੋਰ ਕਿਸੇ ਨੂੰ ਨਹੀਂ ਹੋਣ ਦਿਤਾ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਚੀਫ ਮਨਿਸਟਰ ਦਸਣਗੇ ਕਿ ਪਿਛਲੇ ਸਮੇਂ ਦੀ ਮਨਿਸਟਰੀਜ਼ ਦੇ ਵਿਚ ਹਰੀਜਨਾਂ ਨਾਲ ਬੇਇਨਸਾਫੀ ਹੁੰਦੀ ਰਹੀ ਹੈ ?

(ਕੋਈ ਜਵਾਬ ਨਾ ਦਿਤਾ ਗਿਆ ।)

ਸਰਦਾਰ ਕਿਰਪਾਲ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਵਿਚਾਰ ਅਧੀਨ ਗਲਾਂ ਵਿਚੋਂ ਇਹ ਗੱਲ ਇਨ੍ਹਾਂ ਨੇ ਤਸਲੀਮ ਕਰ ਲਈ ਹੈ ਕਿ ਸ਼ੈਡਿਊਲਡ ਕਾਸਟਸ ਮਨਿਸਟਰਜ਼ ਬਣਨਗੇ ਅਤੇ ਕੀ ਇਸ ਦੇ ਵਿਚ ਯੋਗਤਾ ਦੀ ਗੱਲ ਹੈ ਜਾਂ ਕੋਈ ਹੋਰ ਵੀ ਗੱਲ ਵਿਚਾਰ ਅਧੀਨ ਹੈ ?

ਮੁੱਖ ਮੰਤਰੀ : ਜ਼ਰੂਰ ਬਣਨਗੇ ।

ਸਾਥੀ ਰੂਪ ਲਾਲ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਤੇ ਇਨ੍ਹਾਂ ਦਾ ਇਹ ਇਰਾਦਾ ਤਾਂ ਨਹੀਂ ਕਿ ਬਾਹਰੋਂ ਹੋਰ ਮੈਂਬਰ ਲਿਆ ਕੇ ਬਣਾਏ ਜਾਣੇ ਹਨ ? (ਹਾਸਾ)

ਮੁੱਖ ਮੰਤਰੀ : ਇਹ ਇਨ੍ਹਾਂ ਨੂੰ ਗਲਤ ਫਹਿਮੀ ਲੱਗੀ ਹੋਈ ਹੈ।

PARTICULAR TYPE OF KNIFE USED IN COMMITTING MURDERS.

***1553. Sardar Kirpal Singh**: Will the Chief Minister be pleased to state—

(a) whether the Goverment is aware of the fact that knife, with a long blade, having a spring has often been used in the cities for committing murders ;

(b) if the reply to part (a) above be in the affirmative, whether the Government propose to impose a ban on carrying of such a knife?

Sardar Gurnam Singh: (a) Yes; in a few cases.

(b) The matter is under examination,

[(ਏ) ਹਾਂ ਜੀ; ਕੁਝ ਕੇਸਾਂ ਵਿਚ।

(ਬੀ) ਮੁਆਮਲਾ ਵਿਚਾਰ ਅਧੀਨ ਹੈ ।]

ਸਰਦਾਰ ਕਿਰਪਾਲ ਸਿੰਘ : ਇਸ ਗੱਲ ਦੇ ਪੇਸ਼ੇਨਜ਼ਰ ਕਿ ਇਹ ਵਾਰਦਾਤ ਚਾਕੂ ਨਾਲ ਵੱਧ ਰਹੀ ਹੈ; ਇਕ ਬਾਵਰਦੀ ਸਿਪਾਹੀ ਨੂੰ ਸਟੈਬ ਕੀਤਾ ਗਿਆ, ਕੀ ਸਰਕਾਰ ਇਸ ਨੂੰ ਆਰਮਜ਼ ਐਕਟ ਦੇ ਅਧੀਨ ਲਿਆਉਣ ਵਾਸਤੇ ਕੋਈ ਸਟੈਪ ਲੈ ਰਹੀ ਹੈ ?

ਮੁੱਖ ਮੰਤਰੀ : ਸਿਪਾਹੀ ਦਾ ਤਾਂ ਇਸ ਨਾਲ ਕੋਈ ਤੁਅੱਲਕ ਨਹੀਂ ਹੈ ।

ਸਰਦਾਰ ਕਿਰਪਾਲ ਸਿੰਘ : ਤੁਸੀਂ ਕਿੰਨੀ ਜਲਦੀ ਕਰੋਗੇ, ਮੈਂ ਇਹ ਪੁਛਣਾ ਚਾਹੁੰਦਾ ਹਾਂ ?

ਮੁੱਖ ਮੰਤਰੀ : ਪੁਜ਼ੀਸ਼ਨ ਇਹ ਹੈ ਕਿ ਇਕ ਰੂਲ 5 ਹੈ । ਸ਼ਡਿਊਲ ਆਰਮਡ ਐਕਟ ਦੇ ਵਿਚ 1962 ਦੇ ਵਿਚ ਜਿਸ ਦੇ ਮੁਤਾਬਿਕ ਕੋਈ ਚਾਕੂ ਜਾਂ ਬਲੇਡ 9 ਇੰਚ ਲੰਬਾ ਅਤੇ 2 ਇੰਚ ਚੌੜਾ ਹੋਵੇ ਤਾਂ ਉਹ ਵੈਸੇ ਹੀ ਆਰਮਜ਼ ਐਕਟ ਦੇ ਵਿਚ ਆ ਜਾਂਦਾ ਹੈ । ਜਿਹੜਾ ਵੈਪਨ ਅਫੈਂਸ ਵਾਸਤੇ ਯੂਜ਼ ਹੁੰਦਾ ਹੈ ਉਹ ਆਰਮਜ਼ ਐਕਟ ਦੇ ਵਿਚ ਆ ਜਾਂਦਾ ਹੈ ।

ਸ੍ਰੀ ਗਿਆਨ ਚੰਦ ਪਰਬੰਦਾ : ਇਹੋ ਜਿਹੇ ਚਾਕੂ ਦੇ ਨਾਲ ਅੰਮ੍ਰਿਤਸਰ ਦੇ ਵਿਚ ਬਹੁਤ ਸਾਰੇ ਕਤਲ ਹੁੰਦੇ ਹਨ । ਕੀ ਇਸ ਦੇ ਉਤੇ ਬੈਨ ਲਾਉਣ ਲਈ ਸਰਕਾਰ ਕੋਈ ਇਨਸਟਰਕਸ਼ਨਜ਼ ਜਾਰੀ ਕਰੇਗੀ ?

ਮੁੱਖ ਮੰਤਰੀ : ਅਗਰ ਕੋਈ ਵੀ ਆਦਮੀ ਅਜਿਹੇ ਕੇਸ ਵਿਚ ਗਿਰਫਤਾਰ ਹੋ ਜਾਂਦਾ ਹੈ ਤਾਂ ਉਹ ਇਸ ਐਕਟ ਦੇ ਥੱਲੇ ਆ ਜਾਂਦਾ ਹੈ ।

SCUFFLE BETWEEN THE POLICE AND THE STUDENTS OF GUJRANWALA KHALSA COLLEGE, LUDHIANA

*1540. **Sardar Kirpal Singh**: Will the Chief Minister be pleased to state—

(a) whether any scuffle took place between the students of the Gujranwala Khalsa College, Ludhiana and the local Police on the 11th or 12th February, 1970; if so, the details thereof together with the names of the persons arrested up-to-date;

(b) whether the Police challaned some culprits in this connection; if so, the provision of law under which they were challaned;

[Sardar Kirpal Singh]

(c) the full home address of the persons involved as well as the College where the students study,

(d) the action taken by the Police in this case so far and the result thereof,

(e) whether the Government intend to withdraw the said case, if so, the reasons therefor.

Sardar Gurnam Singh: (a) Enquires made from SSP, Ludhiana show that on 11th February, 1970, students of Guru Nanak Engineering College, Ludhiana had decided to go on strike. It was learnt that they had incited the students of Gujranwala Guru Nanak Khalsa College, Ludhiana to go on strike in their sympathy. A Police contingent was, therefore, deputed in the vicinity of Gujranwala Guru Nanak Khalsa College. The Station House Officer of Police Station Division No. 5 was present near the Rest House. 4/5 girl students of Khalsa College for Women (which is just opposite the Gujranwala Guru Nanak Khalsa College) were seen coming who were being followed by 4/5 students of Gujranwala Guru Nanak Khalsa College. The S.H.O. chased the boys who were following the girls and teasing them. The students started brick-batting the Police. At some distance from this place, some students snatched the cycle of a Constable which was broken and burnt, Case FIR No. 54 dated 11th February, 1970 u/s 353/332/148/149/294/435 IPC, P. S. Division No. 5, Ludhiana was registered. The case is under investigation and no arrest has been made so far.

(b) Not so far.

(c) The identity of the students involved has not been established so far. The boy students are reported to belong to the Gujranwala Guru Nanak Khalsa College and the girl students were from the Khalsa College for Women, Ludhiana.

(d) The case is still under investigation.

(e) Government has not so far considered this issue.

[(ੲ) ਐਸ.ਐਸ.ਪੀ. ਲੁਧਿਆਣਾ ਤੋਂ ਇਨਕੁਆਇਰੀ ਕਰਨ ਤੋਂ ਪਤਾ ਲਗਾ ਹੈ ਕਿ ਮਿਤੀ 11 ਫਰਵਰੀ, 1970 ਨੂੰ ਗੁਰੂ ਨਾਨਕ ਇੰਜੀਨੀਅਰਿੰਗ, ਕਾਲਜ, ਲੁਧਿਆਣਾ ਦੇ ਵਿਦਿਆਰਥੀਆਂ ਨੇ ਹੜਤਾਲ ਕਰਨ ਦਾ ਫੈਸਲਾ ਕੀਤਾ ਹੋਇਆ ਸੀ। ਇਹ ਵੀ ਪਤਾ ਲਗਾ ਹੈ ਕਿ ਉਨ੍ਹਾਂ ਨੇ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੂੰ ਵੀ ਉਨ੍ਹਾਂ ਦੀ ਹਮਦਰਦੀ ਵਿਚ ਹੜਤਾਲ ਕਰਨ ਲਈ ਉਕਸਾਇਆ ਸੀ। ਇਸ ਲਈ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਦੇ ਨੇੜੇ ਇਕ ਪੁਲਿਸ ਦਸਤਾ ਤਾਈਨਾਤ ਕਰ ਦਿੱਤਾ ਗਿਆ। ਥਾਣਾ ਡਵੀਜ਼ਨ ਨੰ: 5 ਦਾ ਐਸ.ਐਚ.ਓ. ਰੈਸਟ ਹਾਊਸ ਦੇ ਨੇੜੇ ਹਾਜ਼ਰ ਸੀ। ਖਾਲਸਾ ਕਾਲਜ ਫਾਰ ਵੋਮੈਨ (ਜੋ ਕਿ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਦੇ ਸਾਹਮਣੇ ਹੈ) ਦੀਆਂ 4/5 ਵਿਦਿਆਰਥੀ ਕੁੜੀਆਂ ਆਉਂਦੀਆਂ ਵੇਖੀਆਂ ਗਈਆਂ ਜਿਨ੍ਹਾਂ ਦਾ

ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਦੇ 4/5 ਵਿਦਿਆਰਥੀ ਮੁੰਡੇ, ਪਿੱਛਾ ਕਰ ਰਹੇ ਸਨ । ਐਸ.ਐਚ.ਓ. ਨੇ ਉਨ੍ਹਾਂ ਵਿਦਿਆਰਥੀ ਮੁੰਡਿਆਂ ਦਾ, ਜੋ ਕੁੜੀਆਂ ਦਾ ਪਿੱਛਾ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਛੇੜਖਾਨੀ ਕਰ ਰਹੇ ਸਨ, ਪਿੱਛਾ ਕੀਤਾ । ਇਸ ਤੇ ਵਿਦਿਆਰਥੀਆਂ ਨੇ ਪੁਲਿਸ ਤੇ ਪਥਰਾਓ ਸ਼ੁਰੂ ਕਰ ਦਿੱਤਾ । ਇਸ ਅਸਥਾਨ ਤੋਂ ਥੋੜੇ ਜਿਹੇ ਫਾਸਲੇ ਤੇ ਕੁਝ ਵਿਦਿਆਰਥੀਆਂ ਨੇ ਇਕ ਕਾਂਸਟੇਬਲ ਦਾ ਸਾਈਕਲ ਖੋਹ ਲਿਆ ਅਤੇ ਉਸ ਨੂੰ ਭੰਨ-ਤੋੜ ਕੇ ਅੱਗ ਲਾ ਦਿੱਤੀ । ਮੁਕਦਮਾ ਨੰ: 54 ਮਿਤੀ 11 ਫਰਵਰੀ, 1970 ਧਾਰਾ 353/332/148/ 149/294/435 ਆਈ.ਪੀ.ਸੀ. ਹੇਠ ਥਾਣਾ ਡਵੀਜ਼ਨ ਨੰ: 5 ਲੁਧਿਆਣਾ ਵਿਖੇ ਦਰਜ ਕੀਤਾ ਗਿਆ । ਇਹ ਮੁਕਦਮਾ ਤਫਤੀਸ਼ ਹੇਠ ਹੈ ਅਤੇ ਹਾਲੀ ਤਕ ਕੋਈ ਗਿਰਫਤਾਰੀਆਂ ਨਹੀਂ ਹੋਈਆਂ । ਮੁਕਦਮੇ ਨਾਲ ਸਬੰਧਤ ਵਿਦਿਆਰਥੀਆਂ ਦੀ ਸ਼ਨਾਖਤ ਹਾਲੇ ਤਕ ਨਹੀਂ ਹੋਈ ।

(ਬੀ) ਹਾਲੇ ਤਕ ਨਹੀਂ ।

(ਸੀ) ਮੁਕਦਮੇ ਨਾਲ ਸਬੰਧਤ ਵਿਦਿਆਰਥੀਆਂ ਦੀ ਸ਼ਨਾਖਤ ਹਾਲੇ ਤਕ ਨਹੀਂ ਹੋਈ । ਵਿਦਿਆਰਥੀ ਮੁੰਡੇ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਦੇ ਦੱਸੇ ਜਾਂਦੇ ਹਨ, ਵਿਦਿਆਰਥੀ ਕੁੜੀਆਂ ਖਾਲਸਾ ਕਾਲਜ ਫਾਰ ਵੋਮੈਨ, ਲੁਧਿਆਣਾ ਦੀਆਂ ਸਨ ।

(ਡੀ) ਮੁਕਦਮਾ ਹਾਲੇ ਤਫਤੀਸ਼ ਹੇਠ ਹੈ ।

(ਈ) ਸਰਕਾਰ ਨੇ ਹਾਲੇ ਇਸ ਸਵਾਲ ਤੇ ਗੌਰ ਨਹੀਂ ਕੀਤਾ ।]

ਡਾਕਟਰ ਅਮੀਰ ਸਿੰਘ ਕਲਕਟ: ਕੀ ਚੀਫ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਹੜੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਈਕਲ ਜਲਾ ਦਿਤਾ, ਕੀ ਉਸ ਤੇ ਯਕੀਨ ਕਰਨਗੇ ਜਦ ਕੇ ਸਟੂਡੈਂਟਸ ਕੋਲ ਉਸ ਵੇਲੇ ਕੋਈ ਚੀਜ਼ ਨਹੀਂ ਸੀ ਤਾਂ ਸਾਈਕਲ ਕਿਸ ਤਰ੍ਹਾਂ ਜਲਾਇਆ ਗਿਆ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਵਿਚ ਮੇਰੇ ਯਕੀਨ ਦਾ ਤਾਂ ਕੋਈ ਸਵਾਲ ਨਹੀਂ । ਇਨਵੈਸਟੀਗੇਸ਼ਨ ਵਿਚੋਂ ਜੋ ਚੀਜ਼ ਨਿਕਲੇਗੀ ਉਸ ਅਨੁਸਾਰ ਅਮਲ ਕੀਤਾ ਜਾਵੇਗਾ ।

चौधरी बलबीर सिंह: क्या चीफ मिनिस्टर साहिब इस बात को सामने रख कर कि गुन्डागर्दी बढ़ गई है गर्ल्ज़ कालज या गर्ल्ज़ स्कूल के इर्द गिर्द कोई हिफाज़त के लिये पुलिस रखने के लिये गौर करेंगे ?

ਮੁੱਖ ਮੰਤਰੀ: ਇਹ ਤਾਂ ਸਪੀਕਰ ਸਾਹਿਬ, ਪਹਿਲਾਂ ਹੀ ਇਨਸਟਰੱਕਸ਼ਨਜ਼ ਦਿਤੀਆਂ ਜਾ ਚੁਕੀਆਂ ਹਨ ਔਰ ਪਲੈਨ ਕਲੋਦਜ਼ ਵਿਚ ਪੁਲਿਸ ਉਥੇ ਰਹਿੰਦੀ ਹੈ ।

ਕਾਮਰੇਡ ਦਰਸ਼ਨ ਸਿੰਘ ਝਬਾਲ: ਕੀ ਚੀਫ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਉਸ ਥਾਣੇਦਾਰ ਨੇ ਵਿਦਿਆਰਥੀਆਂ ਤੋਂ ਮਾਫੀ ਮੰਗੀ ਸੀ ਕਿ ਮੇਰੇ ਕੋਲੋਂ ਗਲਤੀ ਹੋ ਗਈ ਹੈ ?

ਮੁੱਖ ਮੰਤਰੀ: ਇਹ ਮੇਰੇ ਨੋਟਿਸ ਵਿਚ ਨਹੀਂ ਹੈ ।

CLEARANCE OF ARREARS BY THE MANAGEMENT OF NAWAN SHEHR SUGAR MILLS.

*1374. **Comrade Darshan Singh Jhabal** : Will the Chief Minister be pleased to state whether the Government is aware that a huge amount of arrears for the last year is due to the Kissans from the Management of the Nawan Shehr Sugar Mills; if so, the steps the Government propose to take for the clearance of the said arrears, the amount of loss incurred by the said mills and the reasons therefor ?

Sardar Gurnam Singh : Yes, Sir. The mills secured a loan of Rupees nineteen lacs and have made payment of the price of sugar-cane to all the cane growers excepting a few who have not yet turned up to receive the payment.

A loss of Rs. 51.53 lacs was incurred by the mills due to huge investments, supply of diseased sugarcane and very poor recovery of 5.87% and lesser availability of sugarcane, etc. Now steps have been taken by Government to remove the bottlenecks and ensure sound working of the Sugar Mills. This year the mills is paying the price of sugarcane to the canegrowers regularly and the mills is functioning smoothly.

[ਜੀ ਹਾਂ, ਮਿਲ ਨੇ 19 ਲੱਖ ਰੁਪਏ ਦਾ ਕਰਜ਼ਾ ਹਾਸਲ ਕੀਤਾ ਤੇ ਸਵਾਏ ਥੋੜਿਆਂ ਦੇ ਜੋ ਰਕਮ ਵਸੂਲ ਕਰਨ ਲਈ ਨਹੀਂ ਆਏ, ਸਾਰੇ ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਕੀਮਤ ਦੀ ਅਦਾਇਗੀ ਕੀਤੀ।

ਚੋਖਾ ਸਰਮਾਇਆ ਲਗਾਣ ਕਾਰਨ, ਬੀਮਾਰੀ ਵਾਲਾ ਗੰਨਾ ਸਪਲਾਈ ਹੋਣ ਕਾਰਨ, 5.87 ਫੀ ਸਦੀ ਬਹੁਤ ਘੱਟ ਵਸੂਲੀ ਹੋਣ ਕਾਰਨ ਅਤੇ ਗੰਨੇ ਦੀ ਘੱਟ ਮਿਲਣ ਯੋਗਤਾ ਹੋਣ ਕਾਰਨ ਮਿਲ ਨੂੰ 51.53 ਲੱਖ ਰੁਪਏ ਦਾ ਘਾਟਾ ਹੋਇਆ।

ਹੁਣ ਮਿਲਾਂ ਦਾ ਕੰਮ ਉਚ ਪੱਧਰ ਤੇ ਲਿਆਣ ਲਈ ਅਤੇ ਖਾਮੀਆਂ ਦੂਰ ਕਰਨ ਲਈ ਸਰਕਾਰ ਵਲੋਂ ਕਦਮ ਉਠਾਏ ਗਏ ਹਨ। ਇਸ ਸਾਲ ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਕੀਮਤ ਮਿਲ ਬਾਕਾਇਦਾ ਅਦਾ ਕਰ ਰਹੀ ਹੈ ਅਤੇ ਕੰਮ ਕਾਰ ਵੀ ਅੱਛੀ ਤਰ੍ਹਾਂ ਕਰ ਰਹੀ ਹੈ।]

QUESTIONS ON REPLIES TO CALL ATTENTION NOTICES

(*Serial No. 47*)

ਸ੍ਰੀ ਗਿਆਨ ਚੰਦ ਖਰਬੰਦਾ : ਇਨ੍ਹਾਂ ਨੇ ਇਸ ਕਾਲ-ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਕਿਹਾ ਹੈ ਕਿ ਫੰਡਜ਼ ਦੀ ਕਮੀ ਕਰਕੇ ਜੋ ਸਕੂਲ 1 ਨਵੰਬਰ, 1967 ਦੇ ਮਗਰੋਂ ਰੈਕਗਨਾਈਜ਼ ਹੋਏ ਹਨ ਉਨ੍ਹਾਂ ਨੂੰ ਗਰਾਂਟਸ ਵਾਲੇ ਸਕੂਲਾਂ ਦੀ ਲਿਸਟ ਤੇ ਨਹੀਂ ਰਖਿਆ ਜਾਂਦਾ। ਜਦ ਉਨ੍ਹਾਂ ਨੇ ਸ਼ਰਤਾਂ ਪੂਰੀਆਂ ਕਰ ਦਿਤੀਆਂ ਹਨ ਤਾਂ ਉਨ੍ਹਾਂ ਨੂੰ ਗਰਾਂਟਸ ਨਾ ਦੇਣਾ ਕੀ ਇਹ ਉਨ੍ਹਾਂ ਸਕੂਲਾਂ ਨਾਲ ਵਿਤਕਰਾ ਨਹੀਂ ਜਦਕਿ ਦੂਜੇ ਸਕੂਲਾਂ ਨੂੰ ਇਹ ਮਿਲ ਰਹੀਆਂ ਹਨ। ਨਾਲ ਹੀ ਮੰਤਰੀ ਇਹ ਦਸਣ ਦੀ ਖੇਚਲ ਕਰਨ ਕਿ ਜਿਥੇ ਸਟੂਡੈਂਟਸ ਬਹੁਤ ਹੋ ਗਏ ਹਨ ਉਥੇ ਨਵੀਆਂ ਆਸਾਮੀਆਂ ਕਰੀਏਟ ਕਰਨ ਬਾਰੇ ਫੈਸਲਾ ਕਦ ਤਕ ਹੋ ਜਾਵੇਗਾ ?

ਵਿਦਿਆ ਮੰਤਰੀ : ਜਿਥੋਂ ਤਕ ਉਸ ਤਰੀਕ ਦਾ ਤਲੁਕ ਹੈ, ਉਸ ਤੋਂ ਬਾਅਦ ਜੋ ਸਕੂਲ ਬਣੇ ਹਨ, ਜਾਂ ਉਸ ਤੋਂ ਮਗਰੋਂ ਉਨ੍ਹਾਂ ਦੇ ਕੇਸ ਸਾਡੇ ਪਾਸ ਆਏ ਹਨ ਉਨ੍ਹਾਂ ਨੂੰ ਅਸੀਂ ਕੰਸਿਡਰ ਨਹੀਂ ਕਰ ਰਹੇ । ਬਾਕੀ ਆਸਾਮੀਆਂ ਵਧਾਉਣ ਦਾ ਸਵਾਲ ਸਾਡੇ ਵਿਚਾਰ ਅਧੀਨ ਹੈ ਅਤੇ ਜਲਦੀ ਹੀ ਫੈਸਲਾ ਹੋ ਜਾਵੇਗਾ ।

(*Serial No. 74*)

ਸ੍ਰੀ ਗਿਆਨ ਚੰਦ ਖਰਬੰਦਾ : ਇਨ੍ਹਾਂ ਨੇ ਮੋਗੇ ਬਾਰੇ ਦਸਿਆ ਹੈ ਕਿ ਤਫਤੀਸ਼ ਹੋ ਰਹੀ ਹੈ । ਕੀ ਵਜ਼ੀਰ ਸਾਹਿਬ ਦਸਣਗੇ ਕਿ ਜੋ ਆਮ ਸ਼ਿਕਾਇਤਾਂ ਆ ਰਹੀਆਂ ਹਨ ਕਿ ਐਗਜ਼ਾਮੀਨੇਸ਼ਨ ਹਾਲਜ਼ ਵਿਚ ਜੋ ਬੇਕਾਇਦਗੀਆਂ ਹੋ ਰਹੀਆਂ ਹਨ, ਪਰਚੇ ਲੀਕ ਹੋ ਰਹੇ ਹਨ ਅਤੇ ਸੁਪਰਵਾਈਜ਼ਰਾਂ ਨੂੰ ਡਰਾਉਣ ਧਮਕਾਉਣ ਦੀਆਂ ਜੋ ਵਾਰਦਾਤਾਂ ਹੋ ਰਹੀਆਂ ਹਨ ਉਨ੍ਹਾਂ ਨੂੰ ਰੋਕਣ ਲਈ ਕੀ ਇਹ ਕਾਰਵਾਈ ਕਰਨਗੇ ?

ਵਿਦਿਆ ਮੰਤਰੀ : ਇਨ੍ਹਾਂ ਗੱਲਾਂ ਨੂੰ ਰੋਕਣ ਬਾਰੇ ਮੈਂ ਅਰਜ਼ ਕਰਾਂ ਕਿ ਇਨ੍ਹਾਂ ਗੱਲਾਂ ਨੂੰ ਲਾ ਐਂਡ ਆਰਡਰ ਦਾ ਸਵਾਲ ਸਮਝਕੇ ਪੁਲਿਸ ਦੀ ਮਦਦ ਲਈ ਗਈ ਹੈ । ਜ਼ਰੂਰਤ ਪੈਣ ਤੇ ਪੁਲਿਸ ਸਕੂਲਾਂ ਵਿਚ ਪਹੁੰਚ ਕੇ ਮਦਦ ਦਿੰਦੀ ਹੈ । ਪਰ ਕਈ ਵਾਰੀ ਅਨਰੂਲੀ ਐਲੀਮੈਂਟਸ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਦੋ ਚਾਰ ਸਿਪਾਹੀ ਉਸ ਨੂੰ ਚੈਕ ਨਹੀਂ ਕਰ ਸਕਦੇ । ਸ਼ੋਰਸ਼ਰਾਬੇ ਦੀਆਂ ਸ਼ਿਕਾਇਤਾਂ ਹਨ ਪਰ ਪਰਚੇ ਆਊਟ ਹੋਣ ਦੀ ਸ਼ਿਕਾਇਤ ਮੋਗੇ ਤੋਂ ਇਲਾਵਾ ਹੋਰ ਕਿਤੋਂ ਨਹੀਂ ਆਈ ।

POINT OF ORDER REGARDING EXPUNCTIONS

चौधरी बलबीर सिंह : अध्यक्ष महोदय, शुक्रवार को जब हाऊस खतम हुआ तो मैंने प्रोटैस्ट किया था । आप ने कुछ रीमार्कस ऐक्सपंज करवा दिये । इस बारे में रूल 116 है जिस के नीचे आप को इस तरह से ऐक्सपंज करने का अधिकार नहीं है । रूल यह है :—

> "If the Speaker is of opinion that a word or words has or have been used in debate which is or are defamatory or indecent or unparliamentary or undignified, he may, in his discretion order that such word or words be expunged from the proceedings of the Assembly."

Sub-Rule (2) of Rule 116 is quite clear. It says—

> "The portion of the proceedings of the Assembly so expunged shall be marked by asterisks and an explanatory foot-note shall be inserted in the proceedings as follows—
> 'Expunged as ordered by the Chair.'"

आप ने उस दिन यह नहीं कहा कि कौन से लफ्ज़ ऐक्सपंज किये हैं । नारमली कायदा यह है कि जिस वक्त लफ्ज़ कहा जाए और उस पर कोई आबजेक्शन न हो, जो स्पीकर की कुर्सी पर बैठे हो वह या कोई और आबजेक्ट न करे तो वह लफ्ज निकाले नहीं जा सकते । उस दिन आप ने जो आर्डर दिये उस में यह नहीं कहा कि फलां लफ्ज़ निकाल दो या पैरे के पैरे उड़ा दो । आर्डीनेरीली यह बताना ज़रूरी है कि फलां लफ्ज़ ऐक्सपंज किये हैं ।

ਸ੍ਰੀ ਸਪੀਕਰ : ਆਪ ਦੇ ਉਨ੍ਹਾਂ ਸ਼ਬਦਾਂ ਬਾਰੇ ਮੈਂ ਸਪੈਸੀਫੀਕਲੀ ਆਰਡਰ ਦਿੱਤੇ ਹਨ ਕਿ ਇਹ ਸ਼ਬਦ ਕੱਢੇ ਜਾਣ । (I specifically ordered about the words which were to be expunged.) and it was conveyed to the Chairman of the Press Gallery Committee by the Secretary of the Vidhan Sabha.

चौधरी बलबीर सिंह : आप रिकार्ड मंगवा कर देखें । आप ने जो आर्डर दिये हैं उन में यह नहीं कहा कि कौन से शब्द ऐक्सपंज किये हैं । (विघ्न)

ਸ੍ਰੀ ਸਪੀਕਰ : ਕੀ ਐਕਸਪੰਜ ਹੋ ਸਕਦਾ ਹੈ ਇਸ ਬਾਰੇ ਸਪੀਕਰ ਨੂੰ upto the printing of the Debate, ਬੜੀਆਂ wide powers ਹਨ । (The Speaker has got wide powers to expunge a matter deemed to be objectionable even upto the printing of the Debate.)

I will quote from 'Practice and Procedure of Parliament', by Kaul and Shakdher. It says at page 822—

> "In actual practice, the scope of the Rule has been enlarged and the Speaker has ordered, in his discretion, from time to time, the expunction of words which he considered prejudicial to national interest or to the maintenance of friendly relations with a foreign State, derogatory to high dignatories, likely to offend national sentiment or the religious susceptibilities of a community, likely to discredit the Army and not in good taste or otherwise objectionable.
>
> In one instance, the speech of a Member was expunged because he had already spoken on the same motion in the earlier session."

(At this stage, Chaudhri Balbir Singh again rose to speak).
The hon. Member should please resume his seat.

चौधरी बलबीर सिंह : आप ने यह जो पढ़ कर सुनाया है पहले बताएं तो सही कि कौन से इलफ़ाज़ हैं जिन्हें आप ने एकसपंज करने का हुक्म दिया है ?

Mr. Speaker : No more discussion please. (*Interruption*)

चौधरी बलबीर सिंह : आप ने जो फिकरा काटा है इस को बता तो दें ।

श्री स्पीकर : एक ही फिकरा काटा है It would again, if I read it, not form part of the proceedings. (विघ्न) xxx (Only one sentence has been expunged and it would again, if I read it, not form part of the proceedings.) (*Interruption*)
[** ** ** **]

**Expunged as ordered by the Chair.

चौधरी बलबीर सिंह : तो इस में आप बताएं कि कौन सी डैफेमेटरी बात कही गई है ।

Mr. Speaker: My ruling is final. Please resume your seat.

Chaudhri Balbir Singh: He (the Chief Minister) can give explanation, if he so likes.

DISCUSSION AND VOTING ON THE DEMANDS FOR GRANTS

Mr. Speaker: Please resume your seat. There are two Demands for Grants which are to be discussed and voted to-day. If the hon. Members agree, both these Demands may be moved and discussed together.

(Voices: Yes, yes)

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਮੈਂ ਆਪ ਦੀ ਇਜਾਜ਼ਤ ਨਾਲ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿਉਂਕਿ ਇਹ ਜ਼ੀਰੋ ਆਵਰ ਹੈ । ਇਸ ਤੋਂ ਪਹਿਲਾਂ ਕਿ ਗਰਾਂਟਾਂ ਦੇ ਸਬੰਧ ਵਿਚ ਮੋਸ਼ਨ ਮੂਵ ਕੀਤੀ ਜਾਵੇ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਹਿਲੇ ਜਿਹੜਾ ਪ੍ਰੋਗਰਾਮ ਸਾਨੂੰ ਦਿੱਤਾ ਗਿਆ ਹੈ ਉਹ ਤਿੰਨ ਅਪਰੈਲ ਤੱਕ ਸੀ ਪਰ ਅਜੇ ਤੱਕ ਸਾਨੂੰ ਕੋਈ ਬਿੱਲ ਸਰਕੂਲੇਟ ਨਹੀਂ ਕੀਤੇ ਗਏ । ਜੇਕਰ ਸਰਕਾਰ ਦੀ ਇਹ ਪਾਲੇਸੀ ਹੈ ਕਿ ਜਿਸ ਦਿਨ ਪਾਸ ਕਰਵਾਣੇ ਹੋਣਗੇ ਉਸੇ ਹੀ ਦਿਨ ਦਿੱਤੇ ਜਾਣ ਤਾਂ ਇਸ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ ਅਤੇ ਸਾਨੂੰ ਸਰਕਾਰ ਕਲੀਅਰਲੀ ਦੱਸ ਦੇਵੇ ਅਸੀਂ ਬਿੱਲਾਂ ਨੂੰ ਪਹਿਲਾਂ ਪੜ੍ਹਨਾ ਹੁੰਦਾ ਹੈ, ਫਿਰ ਤਰਮੀਮਾਂ ਸੁਜੈਸਟ ਕਰਨੀਆਂ ਹੁੰਦੀਆਂ ਹਨ । ਜੇਕਰ ਇਸ ਹਫਤੇ ਵਿਚ ਹਾਊਸ ਨੂੰ ਸਰਕਾਰ ਨਾ ਦਸੇ ਕਿ ਕਿਹੜੇ ਬਿੱਲ ਸਰਕਾਰ ਇਸ ਸੈਸ਼ਨ ਵਿਚ ਲਿਆ ਰਹੀ ਹੈ ਤਾਂ ਇਹ ਠੀਕ ਨਹੀਂ । ਅਤੇ ਜੇਕਰ ਇਨ੍ਹਾਂ ਦਾ ਵਿਚਾਰ ਸੈਸ਼ਨ ਦੇਰ ਤੱਕ ਕਰਨ ਦਾ ਹੈ ਤਾਂ ਤਿੰਨ ਤੱਕ ਦਾ ਜਿਹੜਾ ਸਮਾਂ ਸਾਡੇ ਪਾਸ ਹੈ ਇਸ ਵਿਚ ਬਾਕੀ ਗੱਲਾਂ ਨੂੰ ਡਿਸਕਸ ਕਰਨ ਦਾ ਵਕਤ ਦੇ ਦਿੱਤਾ ਜਾਵੇ ਜਿਵੇਂ ਕਿ ਪੰਜ ਸਾਲਾ ਪਲਾਨ ਅਤੇ ਪਬਲਿਕ ਸਰਵਿਸ ਕਮਿਸ਼ਨ ਦੀ ਵਰਕਿੰਗ ਆਦਿ ਹੈ । ਇਸ ਦੇ ਬਾਰੇ ਵਿਚ ਸੀ. ਐਮ. ਸਾਹਿਬ ਨੂੰ ਕਿਹਾ ਜਾਵੇ ਕਿ ਆਪਣੀ ਪੋਜ਼ੀਸ਼ਨ ਕਲੀਅਰ ਕਰ ਦੇਣ ਕਿ ਬਿੱਲ ਕਦ ਆ ਰਹੇ ਹਨ ਅਤੇ ਕਿਹੜੇ ਆ ਰਹੇ ਹਨ ।

ਮੁੱਖ ਮੰਤਰੀ: ਸਪੀਕਰ ਸਾਹਿਬ ਇਹ ਡੀਮਾਂਡਾਂ ਮੂਵ ਕਰਨ ਤੋਂ ਪਹਿਲਾਂ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਉਸ ਦਿਨ ਰੌਲੇ ਗੌਲੇ ਵਿਚ ਪਤਾ ਨਹੀਂ ਲੱਗ ਸਕਿਆ । ਇਥੇ ਸਰਦਾਰ ਸੰਤੋਖ ਸਿੰਘ ਹੋਰਾਂ ਨੇ ਮੇਰੇ ਤੇ ਇਕ ਐਲੀਗੇਸ਼ਨ ਲਗਾਇਆ ਜਿਹੜਾ ਕਿ ਬੇਬੁਨਿਆਦ ਹੈ ਅਤੇ ਮੈਂ ਇਸ ਤਰ੍ਹਾਂ ਦੀਆਂ ਕੀਤੀਆਂ ਗੱਲਾਂ ਨੂੰ ਅਹਿਮੀਅਤ ਨਹੀਂ ਦਿੰਦਾ ਪਰ ਜੇਕਰ ਗੱਲ ਨਾ ਕਹੀ ਤਾਂ ਇਹ ਗੱਲ ਅਨਕੰਟ੍ਰਾਡਿਕਟਿਡ ਹੀ ਨਾ ਸਮਝ ਲਈ ਜਾਵੇ । ਇਨ੍ਹਾਂ ਨੇ ਆਪਣੇ ਮੁਬਾਰਕ ਮੁਖਾਰਬਿੰਦ ਤੋਂ ਇਹ ਫੁਰਮਾ ਦਿਤਾ ਕਿ ਮੇਰੇ ਚਾਚਾ ਤੇ ਵਾਲਦ ਸਾਹਿਬ ਬੱਬਰ ਅਕਾਲੀਆਂ ਦੇ ਕੇਸ ਵਿਚ ਉਨ੍ਹਾਂ ਦੇ ਖਿਲਾਫ ਗਵਾਹੀਆਂ ਦਿੰਦੇ ਰਹੇ ਹਨ ।

ਇਹ ਬਿਲਕੁਲ ਬੇਬੁਨਿਆਦ ਗੱਲ ਹੈ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਦਾ ਹਾਊਸ ਵਿਚ ਕੋਈ ਫਾਇਦਾ ਨਹੀਂ । ਮੈਂ ਹੁਣ ਵੀ ਤਿਆਰ ਹਾਂ ਜੇਕਰ ਇਨ੍ਹਾਂ ਪਾਸ ਵਾਕਿਆਤ ਹਨ ਕਿ ਕਿਹੜਾ ਮੁਕਦਮਾ ਸੀ, ਦਸ ਦੇਣ, ਤਾਂ ਮੈਂ ਝਟ ਹੀ ਹਾਊਸ ਵਿਚ ਆਕੇ ਹਾਊਸ ਨੂੰ ਦਸ ਦਿਆਂਗਾ ਕਿ ਇਨ੍ਹਾਂ ਨੇ ਮੇਰੀ ਤਸੱਲੀ ਕਰਵਾ ਦਿੱਤੀ ਹੈ ਪਰ ਇਸ ਤਰ੍ਹਾਂ ਗੱਲਾਂ ਨਹੀਂ ਕਹਿਣੀਆਂ ਚਾਹੀਦੀਆਂ । (ਵਿਘਨ)

ਸਰਦਾਰ ਸੰਤੋਖ ਸਿੰਘ : ** ** ਮੈਂ ਇਹਨਾਂ ਨੂੰ ਹੁਣੇ ਹੀ ਮੁਕੱਦਮੇ ਦਾ ਵੇਰਵਾ ਦੱਸ ਸਕਦਾ ਹਾਂ (ਵਿਘਨ)

ਸ਼੍ਰੀ ਸਪੀਕਰ : ਜੋ ਕੁਝ ਸਰਦਾਰ ਸੰਤੋਖ ਸਿੰਘ ਕਹਿ ਰਹੇ ਹਨ ਇਹ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (ਵਿਘਨ) (Whatever the hon. Member Sardar Santokh Singh is saying will not form part of the proceedings.) (*Interruption*)

चौधरी बलबीर सिंह : अध्यक्ष महोदय, इनका जबाब देने का हक बनता है ।

ਸ਼੍ਰੀ ਸਪੀਕਰ : ਕੀ ਰਾਈਟ ਬਣਦਾ ਹੈ ਇਨ੍ਹਾਂ ਨੂੰ ਪਰਸਨਲ ਐਕਸਪਲੇਨੇਸ਼ਨ ਤੇ ਬੋਲਣ ਦਾ? (How has he got the right to speak on a point of personal explanation ? I would request Chaudhri Balbir Singh to refer to the Rules.) (*Interruptions.*)

Chief Minister (Sardar Gurnam Singh): Sir, I beg to move:

Demand No. 9

That a sum not exceeding Rs. 4,36,84,900 be granted to the Governor to defray the charges that will come in the course of payment for the year 1970-71 in respect of 19—General Administration

Demand No. 12

That a sum not exceeding Rs. 8,53,90,900 be granted to the Governor to defray the charges that will come in the course of payment for the year 1970-71 in respect of 23—Police.

Mr. Speaker : Motions moved—

That a sum not exceeding Rs. 4,36 84,900 be granted to the Governor to defray the charges that will come in the course of payment for the year 1970-71 in respect of 19—General Administration.

That a sum not exceeding Rs. 8,53,90,900 be granted to the Governor to defray the charges that will come in the course of payment for the year 1970-71 in respect of 23—Police.

Mr. Speaker: There are some notices of Cut-Motions to these demands. These will be deemed to have been read and moved and can be discussed along with the Demands. The hon. Members, while speaking, may indicate the Demand No. on which they would like to raise the discussion. At the end, I shall put the Cut-Motions and the Demands one by one to the vote of the House.

**Expunged as ordered by the Chair.

DEMAND NO. 9 (19—GENERAL ADMINISTRATION)

1. **Comrade Satya Pal Dang;**
2. **Comrade Babu Singh:**

That the demand be reduced by Re. 1/-

3. **Chaudhri Balbir Singh:**

That the demand be reduced by Re. 1/-

DEMAND NO. 12 (23—POLICE)

1. **Comrade Satya Pal Dang;**
2. **Comrade Babu Singh:**

That the demand be reduced by Rs. 10/-

3. **Chaudhri Balbir Singh:**

That the demand be reduced by Re. 1/-

ਸਰਦਾਰ ਕਿਰਪਾਲ ਸਿੰਘ : ਪੁਆਇੰਟ ਆਫ਼ ਆਰਡਰ, ਸਰ। ਮੇਰੀ ਬੇਨਤੀ ਇਹ ਹੈ ਕਿ ਜਿਹੜੇ ਇਲਫ਼ਾਜ਼ ਐਕਸਪੰਜ ਕੀਤੇ ਜਾਣ ਉਨ੍ਹਾਂ ਦੀ ਕਾਪੀ ਮੁਤਲਿਕਾ ਮੈਂਬਰ ਪਾਸ ਭੇਜੀ ਜਾਣੀ ਚਾਹੀਦੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਕਿਹੜੇ ਲਫ਼ਜ਼ਾਂ ਨੂੰ ਐਕਸਪੰਜ ਕੀਤਾ ਗਿਆ ਹੈ ਆਪ ਨੇ ਜਿਹੜੀ ਰੂਲਿੰਗ ਸ਼ੁਕਰਵਾਰ ਨੂੰ ਦਿੱਤੀ ਹੈ ਕੁਝ ਲਫ਼ਜ਼ ਐਕਸਪੰਜ ਕਰਨ ਦੀ ਉਸ ਵਿਚ ਮੇਰੇ ਨਾਮ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਗੱਲ ਹਾਊਸ ਵਿਚ ਦੱਸ ਦੇਣੀ ਚਾਹੀਦੀ ਹੈ ਕਿ ਕਿਹੜੇ ਉਹ ਇਲਫ਼ਾਜ਼ ਸਨ ਜਿਨ੍ਹਾਂ ਬਾਰੇ ਆਪ ਨੇ ਹੁਕਮ ਦਿੱਤਾ ਸੀ। (ਵਿਘਨ)

ਸ੍ਰੀ ਸਪੀਕਰ: ਤੁਸੀਂ ਮੇਰੇ ਚੈਂਬਰ ਵਿਚ ਤਸ਼ਰੀਫ਼ ਲੈ ਆਉਣਾ ਦੱਸ ਦਿਆਂਗੇ। (ਵਿਘਨ) (I would request the hon. Member to come to my Chamber and I will let him know all about it.) (*Interruptions*)

ਸਰਦਾਰ ਉਮਰਾਓ ਸਿੰਘ (ਬੜਾ ਪਿੰਡ): ਸਪੀਕਰ ਸਾਹਿਬ ਸੀ. ਐਮ. ਸਾਹਿਬ ਨੇ ਜਿਹੜੀਆਂ ਡੀਮਾਂਡਜ਼ ਜਨਰਲ ਐਡਮਨਿਸਟ੍ਰੇਸ਼ਨ ਅਤੇ ਪੁਲਿਸ ਦੇ ਬਾਰੇ ਵਿਚ ਪੇਸ਼ ਕੀਤੀਆਂ ਹਨ ਇਸ ਤੋਂ ਪਹਿਲਾਂ ਕਿ ਮੈਂ ਇਨ੍ਹਾਂ ਸਬਜੈਕਟਸ ਤੇ ਬੋਲਾਂ ਮੈਂ ਉਨ੍ਹਾਂ ਗੱਲਾਂ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਜਿਹੜੀਆਂ ਕਿ ਸੀ. ਐਮ. ਸਾਹਿਬ ਨੇ ਉਸ ਦਿਨ ਬਜਟ ਦੀ ਜਨਰਲ ਡਿਸਕਸ਼ਨ ਵਿਚ ਹਿੱਸਾ ਲੈਂਦਿਆਂ ਕਹੀਆਂ ਸਨ ਅਤੇ ਇਨ੍ਹਾਂ ਨੇ ਇੰਟਰਵੀਨ ਕਰਦਿਆਂ ਤਿੰਨ ਗੱਲਾਂ ਕਹੀਆਂ ਸਨ। ਇਨ੍ਹਾਂ ਨੇ ਇਸ਼ਾਰਾ ਕੀਤਾ ਸੀ ਅਤੇ ਮੈਂ ਉਨ੍ਹਾਂ ਦਾ ਜਵਾਬ ਦੇਣਾ ਚਾਹੁੰਦਾ ਹਾਂ। ਇਕ ਗੱਲ ਇਨ੍ਹਾਂ ਨੇ ਪੰਜਾਬੀ ਸੂਬੇ ਦੇ ਬਾਰੇ ਵਿਚ ਕਹੀ, ਦੂਜੀ ਇਨ੍ਹਾਂ ਨੇ ਸਿੱਖ ਧਰਮ ਦੇ ਬਾਰੇ ਵਿਚ ਕਹੀ ਅਤੇ ਹਿਸਟਾਰੀਕਲ ਬੈਕਗਰਾਊਂਡ ਦਿੱਤੀ

ਅਤੇ ਤੀਜੀ ਇਹ ਕਿ ਪੰਜਾਬ ਵਿਚ ਅਮਨ ਅਮਾਨ ਹੈ। ਜਿਥੇ ਤੱਕ ਪੰਜਾਬੀ ਸੂਬੇ ਦਾ ਤੁਅੱਲਕ ਹੈ ਮੈਂ ਇਸ ਦੇ ਬਾਰੇ ਵਿਚ ਬਾਅਦ ਵਿਚ ਜ਼ਿਕਰ ਕਰਾਂਗਾ। ਇਨ੍ਹਾਂ ਨੇ ਇਕ ਗੱਲ ਰੋਲ ਆਫ ਸਿੱਖਜ਼ ਦੇ ਬਾਰੇ ਵਿਚ ਕਹੀ ਅਤੇ ਸੀ. ਐਮ. ਸਾਹਿਬ ਵੱਲੋਂ ਇਧਰ ਬੈਠੀ ਪਾਰਟੀ ਵੱਲ ਇਸ਼ਾਰਾ ਕੀਤਾ ਗਿਆ ਅਤੇ ਆਪਣੇ ਆਪ ਨੂੰ ਹੀ ਦਾਵੇਦਾਰ ਉਨ੍ਹਾਂ ਦਾ ਕਿਹਾ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੇਕਰ ਇਹ ਆਪਣੇ ਆਪ ਨੂੰ ਦਾਵੇਦਾਰ ਸਮਝਦੇ ਹਨ ਤਾਂ ਅਸੀਂ ਇਨ੍ਹਾਂ ਨਾਲੋਂ ਘੱਟ ਨਹੀਂ। (ਵਿਰੋਧੀ ਦਲ ਵੱਲੋਂ ਪ੍ਰਸ਼ੰਸਾ) ਅਸੀਂ ਸਾਰੇ ਉਨ੍ਹਾਂ ਵਿਚ ਅਕੀਦਤ ਰੱਖਦੇ ਹਾਂ ਅਤੇ ਸਿੱਖ ਧਰਮ ਨੂੰ ਸਾਰਿਆਂ ਤੋਂ ਅਫਜ਼ਲ ਸਮਝਦੇ ਹਾਂ ਅਤੇ ਜਿਹੜੇ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਨਹੀਂ ਮੰਨਦੇ ਉਹ ਸਿੱਖ ਸ਼ਾਇਦ ਕੋਈ ਹੀ ਹੋਵੇ ਅਤੇ ਸਾਡੇ ਵਿਚੋਂ ਵੀ ਕੋਈ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਸਿਖ ਵੀ ਹਿੰਦੁਸਤਾਨ ਦੇ ਸ਼ਹਿਰੀ ਨੇ। (ਵਿਘਨ)

Mr. Speaker: Is it within the scope of the demand for rant under discussion?

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਬਜਟ ਦੀ ਜਨਰਲ ਡਿਸਕਸ਼ਨ ਤੇ ਕੁਝ ਆਬਜ਼ਰਵੇਸ਼ਨਾਂ ਕੀਤੀਆਂ ਸਨ। ਪੰਜਾਬੀ ਸੂਬੇ....(ਵਿਘਨ)

Mr. Speaker: Please try to be relevant.

ਸਰਦਾਰ ਉਮਰਾਓ ਸਿੰਘ: ਪੰਜਾਬੀ ਸੂਬੇ ਦੇ ਬਾਰੇ ਵਿਚ ਜ਼ਿਕਰ ਇਨ੍ਹਾਂ ਕੀਤਾ ਸੀ ਇਸ ਬਾਰੇ ਵਿਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰੇ ਸਾਹਮਣੇ ਬੈਠੇ ਸਰਦਾਰ ਆਤਮਾ ਸਿੰਘ ਅਤੇ ਬਾਦਲ ਸਾਹਿਬ ਨੂੰ ਛੱਡ ਕੇ ਕੋਈ ਵੀ ਸੱਜਣ ਅਜੇਹਾ ਵਿਖਾਈ ਨਹੀਂ ਦਿੰਦਾ ਇਨ੍ਹਾਂ ਦੀ ਪਹਿਲੀ ਕਤਾਰ ਵਿਚ ਬੈਠਾ ਹੋਇਆ ਜਿਸ ਨੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ ਹੋਣ। (ਵਿਘਨ) ਮੈਂ ਆਪ ਜੇਲ੍ਹ ਕੱਟੀ ਹੈ ਪੰਜਾਬੀ ਸੂਬੇ ਲਈ ਅਤੇ ਬਾਦਲ ਸਾਹਿਬ ਮੇਰੇ ਨਾਲ ਸਨ।

ਸ਼੍ਰੀ ਸਪੀਕਰ: ਤੁਹਾਡਾ ਓਧਰ ਜਾਣ ਦਾ ਵਿਚਾਰ ਤਾਂ ਨਹੀਂ? ਹਾਸਾ (Is the hon. Member thinking of crossing to their side?) (*Laughter*)

ਸਰਦਾਰ ਉਮਰਾਓ ਸਿੰਘ: ਨਹੀਂ ਜੀ ਉਹਨਾਂ ਨੂੰ ਇਧਰ ਲਿਆਉਣ ਦਾ ਵਿਚਾਰ ਹੈ। (ਹਾਸਾ)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਇਹ ਓਧਰ ਜਾਣ ਜਾਂ ਉਹ ਇਧਰ ਆ ਜਾਣ ਅਕਾਲੀ ਕਾਂਗਰਸ ਕੁਲੀਸ਼ਨ ਵਿਚ ਕੋਈ ਫਰਕ ਨਹੀਂ ਪਏਗਾ (ਹਾਸਾ) (ਵਿਘਨ)।

ਸ਼੍ਰੀ ਸਪੀਕਰ: ਡਾਂਗ ਸਾਹਿਬ ਤੁਸੀਂ ਬਗੈਰ ਫੀਸ ਦੇ ਵਕਾਲਤ ਕਰਨ ਲਗ ਪਏ ਹੋ (*Addressing Comrade Satya Pal Dang*: The hon. Member is pleading the case without any fee.)

ਸਰਦਾਰ ਉਮਰਾਓ ਸਿੰਘ: ਮੈਂ ਬਹੁਤਾ ਤਾਂ ਇਸ ਬਾਰੇ ਨਹੀਂ ਕਹਿੰਦਾ ਇਤਨਾ ਜ਼ਰੂਰ ਕਹਾਂਗਾ ਕਿ ਜਿਹੜੇ ਇਨ੍ਹਾਂ ਵਿਚੋਂ ਪੰਜਾਬੀ ਸੂਬੇ ਦੀਆਂ ਐਜੀਟੇਸ਼ਨਾਂ ਦੇ ਵਿਚ ਕੈਦ ਹੋਏ, ਮੈਂ ਉਨ੍ਹਾਂ ਦੇ ਨਾਲ ਕੈਦ ਹੋਇਆ, ਹਰ ਐਜੀਟੇਸ਼ਨ ਦੇ ਵਿਚ ਇਕਠਾ ਰਿਹਾ ਹਾਂ।

ਸ਼੍ਰੀ ਸਪੀਕਰ: ਮੈਂ ਕਹਾਂਗਾ ਕਿ ਉਹ ਆਪਣੀ ਡੀਮਾਂਡ ਤੇ ਹੀ ਬੋਲਣ। (The hon. Member should please confine himself to the demand he is speaking on.)

ਸਰਦਾਰ ਉਮਰਾਓ ਸਿੰਘ: ਅੱਜ ਉਹ ਪੰਜਾਬੀ ਸੂਬੇ ਦੇ ਦਾਅਵੇ ਕਰਦੇ ਹਨ, ਪਰ ਕਾਂਗਰਸ ਪਾਰਟੀ ਨੇ ਜੋ ਕੁਝ ਕੀਤਾ ਉਹ ਕਾਂਗਰਸ ਕਹਿਣਾ ਨਹੀਂ ਚਾਹੁੰਦੀ, ਕਾਂਗਰਸ ਤਾਂ ਕਹਿੰਦੀ ਹੈ ਕਿ ਇਹ ਗੱਲ ਤਾਂ ਹੋਈ ਹੁਣ ਅਗੇ ਨੂੰ ਕੀ ਕਰਨਾ ਹੈ। ਕਿਸ ਪਾਲੀਸੀ ਤੇ ਚਲਿਆ ਜਾਵੇ ਜਿਸ ਨਾਲ ਮੁਲਕ ਵਿਚ ਏਕਤਾ ਹੋਵੇ ਮੁਲਕ ਦੀ ਤਰੱਕੀ ਹੋਵੇ, ਉਹ ਹਮੇਸ਼ਾ ਅਗਲੀ ਪਾਲੀਸੀ ਨੂੰ ਸੋਚਦੇ ਹਨ। ਮੈਂ ਇਸ ਹਾਊਸ ਦੇ ਵਿਚ ਪੁਰਾਣੀ ਕਿਸਮ ਦੀਆਂ ਗੱਲਾਂ ਦੁਹਰਾਉਣੀਆਂ ਨਹੀਂ ਚਾਹੁੰਦਾ ਅਤੇ ਨਾ ਹੀ ਕਿਸੇ ਨੂੰ ਹੱਕ ਹੈ ਕਿ ਉਹ ਇਸ ਤਰ੍ਹਾਂ ਹਾਊਸ ਦਾ ਟਾਈਮ ਜ਼ਾਇਆ ਕਰੇ। ਮੈਂ ਇਕ ਗੱਲ ਕਹਾਂ, ਇਸ ਗੱਲ ਨੂੰ ਚੀਫ਼ ਮਨਿਸਟਰ ਸਾਹਿਬ ਭੁਲੇ ਨਹੀਂ ਹੋਣਗੇ, ਜਦੋਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਨੇ ਕਿਹਾ ਸੀ....(ਸ਼ੋਰ)

ਸ਼੍ਰੀ ਸਪੀਕਰ: ਪਲੀਜ਼, ਤੁਸੀਂ ਉਹੀ ਗੱਲ ਕਹੋ ਜੋ ਡੀਮਾਂਡ ਦੇ ਨਾਲ ਸਬੰਧ ਰਖੱਦੀ ਹੋਵੇ। (The hon. Member should refer to only those facts, which are relevant to the Demand.)

ਸਰਦਾਰ ਉਮਰਾਓ ਸਿਘ: (ਸ਼ੋਰ) ਮੇਰੀ ਗੁਜ਼ਾਰਿਸ਼ ਇਹ ਹੈ ਕਿ ਚੀਫ਼ ਮਨਿਸਟਰ ਸਾਹਿਬ ਏਥੋਂ ਉਠਦੇ ਹਨ ਅਤੇ ਮਦਰਾਸ ਚਲੇ ਜਾਂਦੇ ਹਨ, ਉਥੋਂ ਮਦਰਾਸ ਦੇ ਲੋਕਾਂ ਨਾਲ ਗਲਬਾਤ ਦੀਆਂ ਖਬਰਾਂ ਆ ਜਾਂਦੀਆਂ ਹਨ ਅਤੇ ਉਥੇ ਦੀਆਂ ਗੱਲਾਂ ਵੇਖ ਕੇ ਇਹ ਕਹਿ ਦਿੰਦੇ ਹਨ ਕਿ ਪੰਜਾਬ ਦੇ ਹਾਲਾਤ ਸਾਰੀਆਂ ਸਟੇਟਾਂ ਦੇ ਨਾਲੋਂ ਅੱਛੇ ਹਨ, ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦੇ ਹਾਲਾਤ ਬਹੁਤ ਗੰਭੀਰ ਹਨ, ਉਨ੍ਹਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ, ਉਹ ਮੇਰੀਆਂ ਗੱਲਾਂ ਨੂੰ ਸਰਸਰੀ ਨਾ ਸਮਝਣ।

ਇਸ ਵਕਤ ਪੰਜਾਬ ਦੀ ਕੇਬਨਿਟ ਦੇ ਜੋ ਹਾਲਾਤ ਹਨ, ਮੈਨੂੰ ਉਨ੍ਹਾਂ ਨੂੰ ਸੁਣ ਕੇ ਸਰਦਾਰ ਗੁਰਨਾਮ ਸਿੰਘ ਹੋਰਾ ਦੇ ਨਾਲ ਬਹੁਤ ਹਮਦਰਦੀ ਹੈ।

ਇਕ ਮਾਨਯੋਗ ਮੈਂਬਰ: ਇਹ ਕਿੱਥੋਂ ਸੁਣਦੇ ਹੋ ਇਸ ਤਰ੍ਹਾਂ ਦੀਆਂ ਖ਼ਬਰਾਂ?

ਸਰਦਾਰ ਉਮਰਾਓ ਸਿੰਘ: ਪੰਜਾਬ ਵਿਚ ਜਿਸ ਤਰ੍ਹਾਂ ਦੀਆਂ ਖ਼ਬਰਾਂ ਸਰਦਾਰ ਗੁਰਨਾਮ ਸਿੰਘ ਦੇ ਮੁਤਾਲਿਕ ਹਨ, ਉਹ ਨਿੱਤ ਦੀਆਂ ਨਵੀਆਂ ਹਨ। ਇਸ ਵਕਤ ਪੰਜਾਬ ਦੇ ਤਿੰਨ ਚੀਫ਼ ਮਨਿਸਟਰ ਹਨ, ਇਕ ਤਾਂ ਇਹ ਹਨ, ਦੂਸਰੇ ਚੀਫ਼ ਮਨਿਸਟਰ ਇਸ ਸਟੇਟ ਦੇ ਅੰਮ੍ਰਿਤਸਰ ਰਹਿੰਦੇ ਹਨ, ਇਕ ਉਨ੍ਹਾਂ ਦੇ ਡਿਪਟੀ ਵੀ ਉਥੇ ਹੀ ਰਹਿੰਦੇ ਹਨ ਅਤੇ ਤੀਸਰੇ ਚੀਫ਼ ਮਨਿਸਟਰ

ਪੰਜਾਬ ਦੇ ਇਸ ਸੈਕਰੀਟੇਰੀਏਟ ਵਿਚ ਹਨ। ਇਹ ਹਾਲਾਤ ਹਨ ਪੰਜਾਬ ਦੇ। ** ** (ਵਿਘਨ)

ਸ੍ਰੀ ਸਪੀਕਰ : ਜਿਹੜੇ ਸ਼ਬਦ ਹੁਣੇ ਲੁਧਿਆਣੇ ਦੇ ਮੁਤਾਲਿਕ ਕਹੇ ਗਏ ਹਨ, ਇਹ ਇਨ੍ਹਾਂ ਪ੍ਰੋਸੀਡਿੰਗਜ਼ ਦਾ ਪਾਰਟ ਫਾਰਮ ਨਾ ਹੋਣ। (What has just been said by the hon. Member about Ludhiana should not form part of the proceedings.)

ਸਰਦਾਰ ਉਮਰਾਓ ਸਿੰਘ : ਅੱਛਾ ਜੀ, ਮੈਂ ਹੋਰ ਪੁਆਇੰਟ ਲੈਂਦਾ ਹਾਂ। ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਸਟੇਟ ਦੇ ਵਿਚ ਤਿੰਨ ਚੀਫ਼ ਮਨਿਸਟਰਾਂ ਦੀ ਹਕੂਮਤ ਚਲਦੀ ਹੈ।......

चौधरी बलबीर सिंह : जो रिमार्कस आप ने रूल 116 के तहत ऐक्सपंज कराये हैं लुधियाना के मुताल्लिक यह कोई ऐसी बात नहीं है। पता नहीं आप को लुधियाना की क्यों इतनी अलर्जी है। वह वहां से चुन कर आये हैं अगर कोई कहे और उसे मना किया जाये......।

Mr. Speaker : This is no point of order. Please resume your seat.

ਸਰਦਾਰ ਉਮਰਾਓ ਸਿੰਘ : ਮੈਂ ਇਸ ਤੇ ਇਨਸਿਸਟ ਨਹੀਂ ਕਰਦਾ, ਮੈਂ ਅਰਜ਼ ਕਰ ਰਿਹਾ ਸੀ ਕਿ ਰੋਜ਼ ਹਦਾਇਤਾਂ ਜਾਰੀ ਹੁੰਦੀਆਂ ਹਨ ਇਨ੍ਹਾਂ ਚੀਫ਼ ਮਨਿਸਟਰਾਂ ਤੋਂ ਤਾਂ ਜੋ ਇਕ ਦੂਸਰੇ ਵਿਚ ਝਗੜਾ ਨਾ ਵਧੇ ਫੇਰ ਜਿਸ ਤਰ੍ਹਾਂ ਦੇ ਬਿਆਨਾਤ ਅਖਬਾਰਾਂ ਵਿਚ ਆਉਂਦੇ ਹਨ, ਕਦੇ ਸਰਦਾਰ ਆਤਮਾ ਸਿੰਘ ਦਾ ਕਦੇ ਕਿਸੇ ਦੂਸਰੇ ਮਨਿਸਟਰ ਦਾ, ਇਸ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਕੁਲੀਸ਼ਨ ਦਾ ਜੇ ਇਸ ਤਰ੍ਹਾਂ ਦਾ ਮਹੌਲ ਰਿਹਾ ਤਾਂ ਫੇਰ ਇਹ ਕੋਈ ਬਹੁਤੀ ਦੇਰ ਤੱਕ ਰਹਿਣ ਵਾਲੀ ਨਹੀਂ ਹੈ।

ਸ੍ਰੀ ਸਪੀਕਰ : ਇਹ ਤੁਸੀਂ ਲਾ ਐਂਡ ਆਰਡਰ ਦੀਆਂ ਗੱਲਾਂ ਕਹਿ ਰਹੇ ਹੋ? (ਹਾਸਾ) (Is the hon. Member referring to the law and order position?) (laughter)

ਸਰਦਾਰ ਉਮਰਾਓ ਸਿੰਘ : ਮੈਂ ਇਹ ਕਹਿ ਰਿਹਾ ਸੀ ਕਿ ਸਟੇਟ ਦੇ ਵਿਚ ਵੀ ਇਹ ਫ਼ਰਕ ਵਧੇ, ਜਿਸ ਦਾ ਨਤੀਜਾ ਕਿ ਤਬਾਹੀ ਹੁੰਦੀ ਹੈ.... (ਵਿਘਨ)

ਸਰਦਾਰ ਗੁਰਮੀਤ ਸਿੰਘ (ਮੁੱਖ ਸੰਸਦੀ ਸਕੱਤਰ) : ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਸਪੀਚ ਕਰਨ ਲਈ ਕਿਹਾ ਹੈ ਜਾਂ ਪਰਸਨਲ ਐਕਸਪਲੇਨੇਸ਼ਨ ਤੇ ਬੋਲਣ ਲਈ ਕਿਹਾ ਹੈ। ਜਿਸ ਤਰ੍ਹਾਂ ਦੀਆਂ ਏਥੇ ਗੱਲਾਂ ਹੋ ਰਹੀਆਂ ਹਨ ਇਹਨਾਂ ਦੇ ਨਾਲ ਸਾਡਾ ਟਾਈਮ ਜ਼ਾਇਆ ਹੁੰਦਾ ਹੈ।

**Expunged as ordered by the Chair.

ਸਰਦਾਰ ਉਮਰਾਓ ਸਿੰਘ : ਸਪੀਕਰ ਚੀਫ਼ ਸਾਹਿਬ, ਪਾਰਲੀਮੈਂਟਰੀ ਸੈਕਟਰੀ ਨੇ ਤਾਂ ਕਹਿ ਦਿੱਤਾ ਹੈ ਕਿ ਰੈਲੇਵੈਂਸੀ ਨਹੀਂ ਪਰ ਕੈਬੀਨਿਟ ਤਾਂ ਜਨਰਲ ਐਡਮਿਨਿਸਟ੍ਰੇਸ਼ਨ ਨਾਲ ਇੰਟਰਲਿੰਕਡ ਹੁੰਦੀ ਹੈ। (ਵਿਘਨ) (ਸ਼ੋਰ)

Mr. Speaker : Order please.

चौधरी बलबीर सिंह : मेरा व्यवस्था का प्रश्न यह है कि जनरल ऐडमनिस्टरेशन पर हर तरह की डिस्कशन हो सकती है। आप पिछला रिकार्ड निकलवा कर देख लें कभी किसी मैंबर को एक ही बात पर सीमित रहने के लिये चैंबर की तरफ से रूलिंग नहीं दिये गये। जिस तरह से बजट पर बहस होती है, यहां पर भी होनी चाहिये।

ਸਰਦਾਰ ਕਪੂਰ ਸਿੰਘ : ਸਪੀਕਰ ਸਾਹਿਬ, ਮੈਂ ਕਿਸੇ ਕਿਤਾਬ ਦੇ ਵਿਚ ਲਿਖਿਆ ਹੋਇਆ ਇਹ ਪੜ੍ਹਿਆ ਹੈ ਕਿ ਸਭ ਤੋਂ ਉੱਤਮ ਅਤੇ ਵਧੀਆ ਸਪੀਕਰ ਉਹ ਹੁੰਦਾ ਹੈ ਜੋ ਆਪ ਤਾਂ ਬਹੁਤ ਘੱਟ ਬੋਲੇ ਪਰ ਵਧ ਤੋਂ ਵਧ ਮੈਂਬਰਾਂ ਨੂੰ ਬੋਲਣ ਦਾ ਮੌਕਾ ਦੇਵੇ। (ਹਾਸਾ)

ਸ੍ਰੀ ਸਪੀਕਰ : ਸਰਦਾਰ ਕਪੂਰ ਸਿੰਘ ਜੀ, ਮੈਂ ਆਪ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਕ ਬੜੇ ਗਿਆਨ ਵਾਲੀ ਗੱਲ ਦੱਸੀ ਹੈ। (ਹਾਸਾ) (I am very thankful to the hon. Member for imparting this knowledge to me.) (laughter)

ਸਰਦਾਰ ਉਮਰਾਓ ਸਿੰਘ : ਇਹ ਤਾਂ ਉਹੀ ਗੱਲ ਹੈ ਕਿ—"ਤੇਰੇ ਕੋ ਵੋਹ ਚਾਹੇ ਨਾ ਚਾਹੇ....

(ਇਕ ਮਾਨਯੋਗ ਮੈਂਬਰ : ਇਨਕੋ ਤੋ ਲੈਲਾ ਭੀ ਪਿਆਰੀ ਹੈ ਔਰ ਉਸ ਕਾ ਕੁੱਤਾ ਭੀ ਪਿਆਰਾ ਹੈ।)

ਮੈਂ ਅਰਜ਼ ਕਰ ਰਿਹਾ ਸੀ ਕਿ ਪਿਛਲੇ ਦਿਨੀਂ ਪੰਜਾਬ ਦੇ ਵਿਚ ਬੜੀ ਬਿਆਨਬਾਜ਼ੀ ਹੋਈ, ਇੱਥੋਂ ਤਕ ਕਿ ਕੈਬਨਿਟ ਦੇ ਮੈਂਬਰਾਂ ਤੱਕ ਨੇ ਕਿਹਾ ਕਿ ਸਾਡਾ ਤਾਂ ਦਮ ਘੁੱਟ ਰਿਹਾ ਹੈ। ਜਦੋਂ ਕੈਬਨਿਟ ਦੇ ਮੈਂਬਰ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਤਾਂ ਆਮ ਜਨਤਾ ਦੀ ਕੀ ਹਾਲਤ ਹੋਵੇਗੀ। ਪਰ ਇਹ ਰਟ 'ਸਭ ਅਛਾ' ਦੀ ਲਗਾਈ ਜਾ ਰਹੇ ਹਨ. ਅਛਾ ਹੋਵੇ ਜਾਂ ਨਾ ਉਹ ਇਨ੍ਹਾਂ ਦੀ ਬਲਾ ਜਾਣੇ। ਇਹ ਕਹਿੰਦੇ ਹਨ ਕਿ ਪੰਜਾਬ ਦੀ ਕੈਬਨਿਟ ਵਿਚ ਬੜੀ ਸੀਕਰੇਸੀ ਹੈ, ਪਰ ਇਨ੍ਹਾਂ ਦੀ ਗੜਬੜ ਬਾਰੇ ਇਨ੍ਹਾਂ ਦੇ ਬੰਦੇ ਹੀ ਸਾਨੂੰ ਆ ਆ ਕੇ ਦਸਦੇ ਹਨ। ਪਰ ਇਹ ਗੜਬੜ ਕਿਵੇਂ ਦੂਰ ਹੋ ਸਕਦੀ ਹੈ ਜਦਕਿ ਇਕ ਚੀਫ਼ ਮਨਿਸਟਰ ਅੰਮ੍ਰਿਤਸਰ ਵਿਚ ਬੈਠਾ ਹੈ ਅਤੇ ਇਕ ਏਥੇ ਬੈਠਾ ਹੈ। ਇਹ ਕਦੇ ਕਾਂਗਰਸ ਦੀ, ਕੁਲੀਸ਼ਨ ਦੀ ਗੱਲ ਕਰਦੇ ਹਨ, ਕਦੇ ਕਿਸੇ ਹੋਰ ਦੀ; ਇਹ ਆਪਣੀ ਕੁਲੀਸ਼ਨ ਹੀ ਰੱਖਣ, ਕਾਂਗਰਸ ਨੂੰ ਇਨ੍ਹਾਂ ਦੀ ਕਿਸੇ ਤਰ੍ਹਾਂ ਦੀ ਕੁਲੀਸ਼ਨ ਦੀ ਲੋੜ ਨਹੀਂ। ਇਹ ਚੀਫ਼ ਮਨਿਸਟਰ ਸਾਹਿਬ ਸਾਰਿਆਂ ਨੂੰ ਦਿਲਾਸਾ ਦੇ ਕੇ ਰੱਖਦੇ ਹਨ, ਕਿਸੇ ਨੂੰ ਕਿਸੇ ਤਰ੍ਹਾਂ ਦੇ ਸਬਜ਼ ਬਾਗ ਵਿਖਾ ਕੇ ਚੁੱਪ ਕਰਾ ਲੈਂਦੇ ਹਨ, ਕਿਸੇ ਨੂੰ ਕਿਸੇ ਤਰ੍ਹਾਂ ਦਾ। ਜਿਸ ਤਰ੍ਹਾਂ ਕਿਸੇ ਸ਼ਾਇਰ ਨੇ ਕਿਹਾ ਸੀ ਕਿ—

ਅਭੀ ਕਮਸਿਨ ਹੋ, ਕਹੀਂ ਖੋ ਨਾ ਦੇਨਾ ਦਿਲ ਮੇਰਾ.

ਤੁਮ੍ਹਾਰੇ ਲੀਏ ਤੋ ਰੱਖਾ ਹੈ, ਲੇ ਲੇਨਾ ਜਵਾਂ ਹੋਕਰ।

ਇਹ ਤਾਂ ਕਮਸਿਨ ਇਕਠੇ ਹੋਏ ਹਨ, ਅਤੇ ਕਹਿ ਇਹ ਰਹੇ ਹਨ ਕਿ ਪੰਜਾਬ ਸਟੇਟ ਦੀ ਸਾਰਿਆਂ ਨਾਲੋਂ ਅੱਛੀ ਹਾਲਤ ਹੈ, ਪਰ ਉਨ੍ਹਾਂ ਨੂੰ ਪੁਲਿਟੀਕਲ ਤਜ਼ਰਬਾ ਨਹੀਂ ਹੈ ਇਹ ਐਡਮਨਿਸਟਰੇਸ਼ਨ ਦਿਨੋ ਦਿਨ ਥੋਥੀ ਹੁੰਦੀ ਜਾ ਰਹੀ ਹੈ । ਏਥੇ ਕਦੇ ਕੁਰਪਸ਼ਨ ਦੇ ਚਾਰਜਿਜ਼ ਲਗਦੇ ਹਨ, ਕਦੇ ਚੀਫ ਮਨਿਸਟਰ ਦੇ ਖਿਲਾਫ, ਕਦੇ ਕੈਬਨਿਟ ਦੇ ਦੂਸਰੇ ਮਨਿਸਟਰ ਦੇ ਖਿਲਾਫ । ਉਨ੍ਹਾਂ ਵਿਚ ਅਸਲੀਅਤ ਸਮਝਦੇ ਹਨ ਤਦ ਹੀ ਤਾਂ ਚੁੱਪ ਹਨ ਵਰਨਾ ਸਹੀ ਜਵਾਬ ਨਾ ਦੇਣ । ਮੈਂ ਇਸ ਮੁਆਮਲੇ ਤੇ ਅਗੇ ਨਹੀਂ ਜਾਣਾ ਚਾਹੁੰਦਾ ਜੇ ਉਹ ਵਾਕਈ ਮੇਰੀ ਇਸ ਗਲ ਤੇ ਸੀਰੀਅਸ ਹਨ, ਉਹ ਮੇਰਾ ਇਹ ਚੈਲੇਂਜ ਕਬੂਲ ਕਰਨ । ਅਸੀਂ ਉਨ੍ਹਾਂ ਨੂੰ ਸਾਰੀਆਂ ਗਲਾਂ ਸਾਬਤ ਕਰਕੇ ਦੱਸਾਂਗੇ । ਇਥੇ ਸ੍ਰੀ ਕ੍ਰਿਸ਼ਨ ਲਾਲ, ਫਾਈਨੈਂਸ ਮਨਿਸਟਰ ਦੇ ਖਿਲਾਫ ਚਾਰਜਿਜ਼ ਲਗੇ । ਇਹ ਦੱਸਿਆ ਗਿਆ ਕਿ ਉਸ ਨੇ ਆਪਣੇ ਲੜਕੇ ਦੇ ਨਾਉਂ ਕੁੱਲੂ ਵਿਚ ਫਾਰਮ ਬਣਾਇਆ ਹੈ, ਪਰ ਚੀਫ ਮਨਿਸਟਰ ਸਾਹਿਬ ਨੇ ਕੋਈ ਐਕਸ਼ਨ ਨਹੀਂ ਲਿਆ । ਮੈਂ ਕਿਸੇ ਮਨਿਸਟਰ ਸਾਹਿਬ ਦਾ ਨਾਉਂ ਨਹੀਂ ਲੈਂਦਾ ਪਰ ਜਦੋਂ ਵੀ ਜ਼ਰੂਰਤ ਹੋਵੇ ਮੈਨੂੰ ਪੁਛਿਆ ਜਾ ਸਕਦਾ ਹੈ, ਮੈਂ ਇਹ ਗਲ ਸਾਬਤ ਕਰ ਸਕਦਾ ਹਾਂ ਪਰ ਹਾਊਸ ਵਿਚ ਅਜੇ ਮੈਂ ਛੁਪਾ ਕੇ ਹੀ ਰੱਖਣਾ ਚਾਹੁੰਦਾ ਹਾਂ ਕਿ ਉਸ ਮਨਿਸਟਰ ਸਾਹਿਬ ਦੇ ਸਾਹਿਬਜ਼ਾਦੇ ਦੇ ਮੁਤਲਿਕ ਇਕ ਅਖਬਾਰ ਦੇ ਵਿਚ ਖਬਰ ਛਪੀ ਸੀ, ਜੋ ਬਿਲਕੁਲ ਦਰੁਸਤ ਸੀ, ਪਰ ਜਦੋਂ ਚੀਫ ਮਨਿਸਟਰ ਨੂੰ ਕਿਹਾ ਗਿਆ ਤਾਂ ਉਸ ਨੇ ਕਿਹਾ ਕਿ ਇਹ ਗਲਤ ਹੈ । ਪਰ ਮੈਂ ਸਾਬਤ ਕਰ ਸਕਦਾ ਹਾਂ ਕਿ ਜੋ ਵੀ ਖਬਰ ਛਪੀ ਸੀ ਉਹ ਸਹੀ ਸੀ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਅਸੀਂ ਪਿਛਲੇ ਸਾਲ ਦੇ ਫੈਕਟਸ ਅਤੇ ਫਿਗਰਜ਼ ਇਕਠ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਅਜੇ ਸਾਨੂੰ ਉਹ ਪੂਰੇ ਮਿਲੇ ਨਹੀਂ ਕਿ ਕਿਤਨੇ ਮਰਡਰ ਹੋਏ, ਕਿਤਨੇ ਕਿਡਨੈਪਿੰਗ ਦੇ ਕੇਸਿਜ਼ ਹੋਏ, ਇਨ੍ਹਾਂ ਦੇ ਸਵਾਲ ਜੋ ਅਸੀਂ ਦਿੱਤੇ ਸੀ ਉਹ ਸਾਰੇ ਪੈਂਡਿੰਗ ਹੀ ਪਏ ਹਨ ਪਰ ਜੋ ਪ੍ਰਿੰਟਿਡ ਮੈਟਰ ਇਨ੍ਹਾਂ ਨੇ ਸਾਨੂੰ ਭੇਜਿਆ ਹੈ ਉਸ ਤੋਂ ਇਹ ਪਤਾ ਲਗਦਾ ਹੈ ਕਿ ਮਰਡਰ ਦੇ ਕੇਸਿਜ਼ ਬਹੁਤ ਵਧ ਗਏ ਹਨ, ਕਿਡਨੈਪਿੰਗ ਦੇ ਕੇਸਿਜ਼ ਬਹੁਤ ਵਧ ਗਏ ਹਨ । ਕੈਟਲ ਲਿਫਟਿੰਗ ਦੇ ਕੇਸਿਜ਼ ਵੀ ਬਹੁਤ ਵਧ ਗਏ ਹਨ । ਹੋਮੇਸਾਈਡ ਦੇ ਕੇਸਾਂ ਵਿਚ ਵੀ ਬੜਾ ਵਾਧਾ ਹੋਇਆ ਹੈ । ਅਤੇ ਜੇ ਇਲੀਸਿਟ ਲੀਕੂਅਡ ਦੇ ਕੇਸਿਜ਼ ਲਈਏ ਤਾਂ ਉਹ ਤਾਂ ਕਈ ਗੁਣਾ ਵਧ ਗਏ ਹਨ । ਜੇ ਫਿਰ ਵੀ ਚੀਫ ਮਨਿਸਟਰ ਸਾਹਿਬ ਇਹ ਕਹਿਣ ਕਿ ਪੰਜਾਬ ਦੇ ਵਿਚ ਸਭ ਅੱਛਾ ਹੈ ਤਾਂ ਕੋਈ ਵੀ ਨਹੀਂ ਮੰਨ ਸਕਦਾ ਕਿਉਂਕਿ ਹਾਲਾਤ ਸਭ ਦੇ ਸਾਹਮਣੇ ਹਨ । ਫਿਰ, ਸਪੀਕਰ ਸਾਹਿਬ, ਕੀ ਹੁੰਦਾ ਹੈ ਕਿ ਜਦੋਂ ਕੋਈ ਕੇਸ ਕਤਲ ਦਾ ਟਰੇਸ ਨਹੀਂ ਹੁੰਦਾ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਇਹ ਨੈਕਸੇਲਾਈਟਾਂ ਦਾ ਕੰਮ ਹੈ । ਮੈਂ ਇਹ ਨਹੀਂ ਕਹਿੰਦਾ ਕਿ ਨੈਕਸੇਲਾਈਟਾਂ ਦਾ ਇਹ ਕੰਮ ਨਹੀਂ ਹੋ ਸਕਦਾ ਪਰ ਹਰ ਇਕ ਕੇਸ ਜਿਹੜਾ ਟਰੇਸ ਨਹੀਂ ਹੁੰਦਾ ਉਹ ਉਨ੍ਹਾਂ ਦੇ ਨਾਂ ਤੇ ਲਾ ਦਿੱਤਾ ਜਾਂਦਾ ਹੈ । ਫਿਰ, ਸਪੀਕਰ ਸਾਹਿਬ, ਸਿਰਫ ਮਰਡਰ ਦੀ ਗਲ ਹੀ ਨਹੀਂ ਅੱਜ ਕਾਰਖਾਨੇਦਾਰਾਂ ਨੂੰ ਚਿੱਠੀਆਂ ਲਿਖ ਕੇ ਧਮਕੀਆਂ ਦਿੱਤੀਆਂ ਜਾਂਦੀਆਂ ਹਨ । ਫਗਵਾੜੇ ਵਿਚ, ਲੁਧਿਆਣੇ ਵਿਚ ਅਤੇ ਹੋਰ ਕਈ ਥਾਵਾਂ ਤੇ ਕਾਰਖਾਨੇਦਾਰਾਂ ਨੂੰ ਇਸ ਪ੍ਰਕਾਰ ਦੀਆਂ ਚਿੱਠੀਆਂ ਲਿਖੀਆਂ ਗਈਆਂ ਹਨ ਜਿਹਨਾਂ ਦੇ ਵਿਚ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਹੁੰਦੀਆਂ ਸੀ । ਉਹ ਚਿੱਠੀਆਂ ਪੁਲੀਸ ਨੂੰ ਦਿਖਾਈਆਂ ਵੀ ਗਈਆਂ ਹਨ ਪਰ ਅਜੇ ਤੱਕ ਪੁਲੀਸ ਉਨ੍ਹਾਂ ਨੂੰ ਟਰੇਸ ਨਹੀਂ ਕਰ ਸਕੀ । ਫਿਰ ਇਕ ਨੰਬਰਦਾਰ ਖੁਸ਼ਹਾਲ ਸਿੰਘ ਨੂੰ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ । ਇਕ ਹੋਰ ਪਿੰਡ ਖਬਲਕੇ ਦੇ ਨੰਬਰਦਾਰ ਨੂੰ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ

[ਸਰਦਾਰ ਉਮਰਾਓ ਸਿੰਘ]

ਉਸ ਦੇ ਕਤਲ ਦੇ ਜੁਰਮ ਵਿਚ ਇਕ ਅਜਿਹੇ ਆਦਮੀ ਨੂੰ ਫੜਿਆ ਗਿਆ ਹੈ ਜੋ ਕਿ ਤਰੀਕ ਤੇ ਗਿਆ ਹੋਇਆ ਸੀ । ਇਸੇ ਤਰ੍ਹਾਂ ਪੈਪਸੂ ਦੇ ਦੋ ਇੰਡਸਟਰੀਲਿਸਟਸ ਸਵੇਰੇ ਸੈਰ ਕਰਨ ਲਈ ਜਾ ਰਹੇ ਸੀ, ਉਹ ਬੜੇ ਸ਼ਰੀਫ ਸੱਜਣ ਸੀ ਅਤੇ ਕਿਸੇ ਨਾਲ ਵੀ ਉਨ੍ਹਾਂ ਦੀ ਦੁਸ਼ਮਣੀ ਨਹੀਂ ਸੀ ਪਰ ਉਨ੍ਹਾਂ ਨੂੰ ਮਾਰ ਦਿੱਤਾ ਗਿਆ । ਪੁਲੀਸ ਕਹਿੰਦੀ ਹੈ ਕਿ ਇਹ ਸਭ ਨੈਕਸੇਲਾਈਟਾਂ ਦੀ ਕਾਰਵਾਈ ਹੈ ਪਰ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਇਹ ਕਹਿ ਕੇ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੀ । ਕਿਉਂਕਿ ਭਾਵੇਂ ਨੈਕਸੇਲਾਈਟਾਂ ਦੀਆਂ ਐਕਟੀਵਿਟੀਜ਼ ਹੋਣ ਜਾਂ ਕੁਝ ਹੋਰ ਰੀਜ਼ਨ ਹੋਵੇ ਸਰਕਾਰ ਨੂੰ ਇਸ ਹਾਲਤ ਤੇ ਕੰਟਰੋਲ ਪਾਉਣਾ ਚਾਹੀਦਾ ਹੈ । ਇਸ ਲਈ ਭਾਵੇਂ ਕੋਈ ਸਪੈਸ਼ਲ ਸੁਕੇਡ ਬਣਾਇਆ ਜਾਵੇ ਜਾਂ ਕਿਸੇ ਹੋਰ ਤਰੀਕੇ ਨਾਲ ਹਾਲਾਤ ਤੇ ਕਾਬੂ ਪਾਇਆ ਜਾਵੇ, ਕਿਉਂਕਿ ਪਿਛਲੇ ਦੋ ਤਿੰਨ ਮਹੀਨਿਆਂ ਤੋਂ ਕਤਲ ਬਹੁਤ ਵਧ ਗਏ ਹਨ ।

ਫਿਰ, ਸਪੀਕਰ ਸਾਹਿਬ, ਜਿੱਥੇ ਤੱਕ ਕੁਰੱਪਸ਼ਨ ਅਤੇ ਸਮਗਲਿੰਗ ਦਾ ਤੁਅੱਲਕ ਹੈ, ਤੁਸੀਂ ਕਿਸੇ ਵੀ ਥਾਣੇ ਦੇ ਵਿਚ ਮੇਰੇ ਨਾਲ ਚਲੇ ਚਲੋ । ਮੈਂ ਪਿਛੇ ਜਿਹੇ ਜਦੋਂ ਦਿੱਲੀ ਗਿਆ ਤਾਂ ਉਥੇ ਮੈਨੂੰ ਇਕ ਪੁਲੀਸ ਅਫ਼ਸਰ ਮਿਲਿਆ ਜਿਹੜਾ ਕਿ ਪਹਿਲਾਂ ਪੰਜਾਬ ਵਿਚ ਸੀ ਅਤੇ ਬੜਾ ਈਮਾਨਦਾਰ ਸੀ । ਇਸ ਕਰਕੇ ਹੀ ਉਸ ਨੂੰ ਸੈਂਟਰਲ ਇੰਟੈਲੀਜੈਂਸ ਬਿਊਰੋ ਵਿਚ ਲੈ ਲਿਆ ਗਿਆ ਸੀ, ਉਸ ਨੇ ਮੈਨੂੰ ਪੁੱਛਿਆ ਕਿ ਪੰਜਾਬ ਵਿਚ ਕੀ ਹਾਲ ਹੈ । ਮੈਂ ਉਸ ਨੂੰ ਦੱਸਿਆ ਕਿ ਜਦੋਂ 7 ਸਾਲ ਪਹਿਲਾਂ ਮੈਂ ਮੈਂਬਰ ਬਣਿਆ ਸੀ ਤਾਂ ਵੀ ਥਾਣੇ ਵਾਲੇ ਰਿਸ਼ਵਤ ਲੈਂਦੇ ਸੀ ਪਰ ਸਾਡੇ ਤੋਂ ਡਰ ਕੇ ਕਿ ਕਿਤੇ ਮੇਰੇ ਇਲਾਕੇ ਦੇ ਐਮ.ਐਲ.ਏ. ਜਾਂ ਮਨਿਸਟਰ ਨੂੰ ਪਤਾ ਨਾ ਲਗ ਜਾਵੇ ਪਰ ਅੱਜ ਕਲ ਇਹ ਹਾਲਤ ਹੈ ਕਿ ਉਹ ਸਾਡੇ ਹੱਥਾਂ ਦੇ ਵਲ ਦੇਖਦੇ ਹਨ ਕਿ ਅਸੀਂ ਉਨ੍ਹਾਂ ਨੂੰ ਕੀ ਦਿਵਾਉਂਦੇ ਹਾਂ । (ਵਿਘਨ) ਜੇ ਚੀਫ ਮਨਿਸਟਰ ਸਾਹਿਬ ਨੂੰ ਮੇਰੀ ਗਲ ਤੇ ਇਤਬਾਰ ਨਹੀਂ ਤਾਂ ਇਹ ਮੇਰੇ ਨਾਲ ਭੇਸ ਬਦਲ ਕੇ ਚਲਣ ਮੈਂ ਉਨ੍ਹਾਂ ਨੂੰ ਦਿਖਾ ਦਿੰਦਾ ਹਾਂ ਕਿ ਕਿਸ ਤਰ੍ਹਾਂ ਰਿਸ਼ਵਤ ਚਲਦੀ ਹੈ (ਵਿਘਨ) ਮੈਂ ਇਨ੍ਹਾਂ ਦੀ ਆਪਣੀ ਪਾਰਟੀ ਵਿਚੋਂ ਕੋਈ ਮੈਂਬਰ ਲੈ ਲੈਂਦਾ ਹਾਂ । ਅੱਜ ਤਾਂ ਇਹ ਹਾਲਤ ਹੋ ਗਈ ਹੈ ਕਿ ਥਾਣਿਆਂ ਦੀਆਂ ਬੋਲੀਆਂ ਪੈਂਦੀਆਂ ਹਨ । ਜਲੰਧਰ ਦੇ ਵਿਚ ਥਾਣੇਦਾਰ ਲਗਣ ਲਈ ਬੜੀ ਭਾਰੀ ਕੋਸ਼ਿਸ਼ ਕੀਤੀ ਜਾਂਦੀ ਹੈ । ਇਸੇ ਤਰ੍ਹਾਂ ਜਲੰਧਰ ਦੇ ਵਿਚ ਇਕ ਪੋਸਟ ਹੈ ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰ ਦੀ, ਉਸ ਲਈ ਬੜੀ ਕੋਸ਼ਿਸ਼ ਕੀਤੀ ਜਾਂਦੀ ਹੈ । ਬੇਸ਼ਕ ਪੀ.ਸੀ.ਐਸ. ਅਫ਼ਸਰ ਜਿਹੜੇ ਹਨ ਉਨ੍ਹਾਂ ਨੇ ਕਿਤੇ ਮੈਜਿਸਟਰੇਟ ਲਗਣਾ ਹੁੰਦਾ ਹੈ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਪੋਸਟ ਉਨ੍ਹਾਂ ਨੂੰ ਦਿੱਤੀ ਜਾਂਦੀ ਹੈ ਪਰ ਫਿਰ ਵੀ ਕੁਝ ਅਜਿਹੀਆਂ ਪੋਸਟਾਂ ਹਨ ਜਿਹਨਾਂ ਨੂੰ ਪ੍ਰਾਈਸ ਪੋਸਟ ਕਿਹਾ ਜਾਂਦਾ ਹੈ । ਅਜਿਹੀਆਂ ਪੋਸਟਾਂ ਤੇ ਲਗਣ ਵਾਸਤੇ ਸਿਫਾਰਸ਼ਾਂ ਪੁਆਈਆਂ ਜਾਂਦੀਆਂ ਹਨ, ਰਿਸ਼ਵਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਹੋਰ ਹਰ ਤਰ੍ਹਾਂ ਕੋਸ਼ਿਸ਼ ਕੀਤੀ ਜਾਂਦੀ ਹੈ । ਮੈਂ ਸਰਕਾਰ ਨੂੰ ਇਹ ਸੁਝਾਵ ਦਿਆਂਗਾ ਕਿ ਉਹ ਪੰਜਾਬ ਦੇ ਸਾਰੇ ਪੀ.ਸੀ.ਐਸ. ਅਫ਼ਸਰਾਂ ਦਾ ਰਿਕਾਰਡ ਦੇਖੇ ਕਿ ਕਿਹੜਾ ਕਿਹੜਾ ਅਫ਼ਸਰ ਕਿੱਥੇ ਕਿੱਥੇ ਅਤੇ ਕਿਹੜੀ ਕਿਹੜੀ ਪੋਸਟ ਤੇ ਰਿਹਾ ਹੈ, ਅਤੇ ਉਥੇ ਉਸ ਨੇ ਕਿੰਨੀ ਕੁਰੱਪਸ਼ਨ ਕੀਤੀ ਹੈ । ਉਹ ਕਾਂਗਰਸ ਰਾਜ ਦੇ ਵਕਤ ਦਾ ਵੀ, ਗਵਰਨਰੀ ਰਾਜ ਦੇ ਵਕਤ ਦਾ ਵੀ ਆਪਣੀ ਪਹਿਲੀ ਸਰਕਾਰ ਦੇ ਸਮੇਂ ਦਾ ਵੀ ਅਤੇ ਹੁਣ ਦੀ ਸਰਕਾਰ ਦੇ ਸਮੇਂ ਦਾ ਵੀ ਰਿਕਾਰਡ ਦੇਖਣ ।

ਫਿਰ, ਸਪੀਕਰ ਸਾਹਿਬ, ਪੰਜਾਬ ਵਿਚ ਤਕਰੀਬਨ 8 ਦਰਜਨ ਭਾਵ 96 ਅਫਸਰਾਂ ਦੀਆਂ ਟਰਾਂਸਫਰਜ਼ ਹੋਈਆਂ । ਲਗਭਗ ਹਰ ਇਕ ਅਫਸਰ ਦੀ ਟਰਾਂਸਫਰ ਕੀਤੀ ਗਈ । ਕਈ ਅਫਸਰਾਂ ਦੀ ਤਾਂ ਇਕ ਇਕ ਮਹੀਨੇ ਦੇ ਵਿਚ 4, 4 ਵਾਰ ਟਰਾਂਸਫਰ ਕੀਤੀ ਗਈ ਅਤੇ ਕਈ ਅਫਸਰਾਂ ਨੂੰ 6, 6 ਮਹੀਨੇ ਕੋਈ ਥਾਂ ਹੀ ਨਹੀਂ ਮਿਲੀ । ਸਾਡੇ ਜਲੰਧਰ ਸ਼ਹਿਰ ਦੇ ਵਿਚ ਇਕ ਮਿਊਨਿਸਪਲ ਕਮੇਟੀ ਦਾ ਐਡਮਨਿਸਟਰੇਟਿਵ ਅਫਸਰ ਸੀ ਗੁਲਾਬ ਸਿੰਘ ਕੰਗ । ਉਸ ਮਿਊਨਿਸਪਲ ਕਮੇਟੀ ਨੂੰ ਹਾਈਕੋਰਟ ਨੇ ਬਹਾਲ ਵੀ ਕਰ ਦਿੱਤਾ ਪਰ ਉਹ ਆਪਣੇ ਆਪ ਨੂੰ ਐਡਮਨਿਸਟ੍ਰੇਟਰ ਹੀ ਅਖਵਾਉਂਦਾ ਰਿਹਾ ਅਤੇ ਘਰ ਬੈਠੇ ਹੀ 6 ਮਹੀਨੇ ਦੀ ਤਨਖਾਹ ਲੈਂਦਾ ਰਿਹਾ ।

ਫਿਰ, ਸਪੀਕਰ ਸਾਹਿਬ, ਜਲੰਧਰ ਦੇ ਵਿਚ ਇਕ ਚੀਫ ਸੈਟਲਮੈਂਟ ਕਮਿਸ਼ਨਰ ਹੈ ਅਤੇ ਇਕ ਅਸਿਸਟੈਂਟ ਸੈਟਲਮੈਂਟ ਕਮਿਸ਼ਨਰ ਹੈ । ਜਿਹੜਾ ਚੀਫ ਹੈ ਉਹ ਅਸਿਸਟੈਂਟ ਦੀਆਂ ਅਪੀਲਾਂ ਸੁਣਦਾ ਹੈ । ਪਰ ਇਸ ਸਰਕਾਰ ਨੇ ਇਹ ਕੀਤਾ ਹੈ ਕਿ 5,6 ਮਹੀਨੇ ਹੋਏ ਜਿਹੜਾ ਚੀਫ ਸਟੈਲਮੈਂਟ ਕਮਿਸ਼ਨਰ ਸੀ ਉਸ ਨੂੰ ਅਸਿਸਟੈਂਟ ਸੈਟਲਮੈਂਟ ਕਮਿਸ਼ਨਰ ਬਣਾ ਦਿੱਤਾ ਹੈ ਅਤੇ ਜਿਹੜਾ ਅਸਿਸਟੈਂਟ ਸੈਟਲਮੈਂਟ ਕਮਿਸ਼ਨਰ ਸੀ ਉਸ ਨੂੰ ਚੀਫ ਸੈਟਲਮੈਂਟ ਕਮਿਸ਼ਨਰ ਬਣਾ ਦਿੱਤਾ ਹੈ । ਇਹ ਇਸ ਸਰਕਾਰ ਦੀ ਨਾਅਹਿਲੀਅਤ ਦਾ ਸਬੂਤ ਹੈ । ਹੁਣ ਜਿਹੜਾ ਚੀਫ ਬਣ ਗਿਆ ਹੈ ਉਹ ਆਪਣੇ ਫੈਸਲਿਆਂ ਦੀਆਂ ਅਪੀਲਾਂ ਵੀ ਆਪ ਹੀ ਸੁਣਿਆ ਕਰੇਗਾ । ਜੇ ਕਰ ਉਨ੍ਹਾਂ ਦੀ ਸੀਨੀਆਰਟੀ ਜੂਨੀਆਰਟੀ ਦੇ ਵਿਚ ਕੋਈ ਝਗੜਾ ਸੀ ਤਾਂ ਉਨ੍ਹਾਂ ਦੀ ਉਥੋਂ ਬਦਲੀ ਕਰਕੇ ਉਨ੍ਹਾਂ ਦਾ ਝਗੜਾ ਹੱਲ ਕੀਤਾ ਜਾਂਦਾ । ਪਰ ਹੁਣ ਤਾਂ ਜਿਸ ਨੇ ਫੈਸਲੇ ਕੀਤੇ ਸੀ ਅਸਿਸਟੈਂਟ ਸੈਟਲਮੈਂਟ ਕਮਿਸ਼ਨਰ ਹੋਣ ਦੇ ਨਾਤੇ ਉਹ ਆਪਣੀਆਂ ਅਪੀਲਾਂ ਵੀ ਆਪ ਹੀ ਸੁਣੇਗਾ । ਇਸ ਤਰ੍ਹਾਂ ਦੀਆਂ ਮਿਸਾਲਾਂ ਜਾਂ ਤਾਂ ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਦੇ ਵਕਤ ਮਿਲਦੀਆਂ ਸੀ ਜਾਂ ਹੁਣ ਇਸ ਸਰਕਾਰ ਦੇ ਸਮੇਂ ਮਿਲੀ ਹੈ । (ਥੰਪਿੰਗ)

ਫਿਰ, ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਹਰੀਜਨਾਂ ਦੀ ਬਹੁਤ ਭਲਾਈ ਹੋ ਰਹੀ ਹੈ । ਮੈਂ ਇਸ ਦੇ ਬਾਰੇ ਵਿਚ ਬਹੁਤ ਕੁਝ ਨਹੀਂ ਕਹਿਣਾ ਚਾਹੁੰਦਾ ਕੇਵਲ ਇਹ ਹੀ ਕਹਾਂਗਾ ਕਿ ਇਸੇ ਰੂਲਿੰਗ ਪਾਰਟੀ ਦੇ ਹਰੀਜਨ ਮੈਂਬਰਾਂ ਨੇ ਪਿੱਛੇ ਜਿਹੇ ਵਾਕ ਆਊਟ ਵਿਚ ਲੀਡ ਕੀਤਾ ਸੀ । ਉਨ੍ਹਾਂ ਨੇ ਆਪਣੇ ਗਰੀਵੈਂਸਿਜ਼ ਓਪਨਲੀ ਇਸ ਹਾਊਸ ਦੇ ਵਿਚ ਦਸੇ ਹਨ । ਫਿਰ ਵੀ ਜੇ ਇਹ ਕਹਿਣ ਕਿ ਹਰੀਜਨਾਂ ਦੇ ਨਾਲ ਇਨਸਾਫ ਹੁੰਦਾ ਹੈ ਤਾਂ ਇਹ ਗਲਤ ਗਲ ਕਹਿੰਦੇ ਹਨ । ਸਪੀਕਰ ਸਾਹਿਬ, ਮੈਂ ਅਖਬਾਰ ਦੇ ਵਿਚ ਪੜ੍ਹਿਆ ਹੈ ਕਿ ਰੋਪੜ ਦੇ ਵਿਚ ਇਕ ਹਰੀਜਨ ਔਰਤ ਦੇ ਨਾਲ ਕੁਝ ਬੰਦਿਆਂ ਨੇ ਖਰਾਬੀ ਕੀਤੀ ਤਾਂ ਉਹ ਖੂਹ ਵਿਚ ਛਾਲ ਮਾਰ ਕੇ ਮਰ ਗਈ ਕਿਉਂਕਿ ਉਸ ਦੀ ਕਿਧਰੇ ਸੁਣਵਾਈ ਨਹੀਂ ਸੀ ਹੋ ਰਹੀ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਫਿਰ ਇਥੇ ਪਖੋ ਸਾਹਿਬ ਨੇ ਹਾਊਸ ਦੇ ਵਿਚ ਧਰਨਾਂ ਮਾਰਿਆ ਅਤੇ ਆਪਣੇ ਹਾਲਾਤ ਦੱਸੇ । ਪਰ ਫਿਰ ਵੀ ਚੀਫ ਮਨਿਸਟਰ ਸਾਹਿਬ ਇਹ ਕਹਿੰਦੇ ਹਨ ਕਿ ਇਹ ਕੇਸ ਇੰਡੀਵਿਜੂਲ ਕਿਸਮ ਦੇ ਹਨ । ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਬੇਸ਼ਕ ਇਹ ਕੇਸ ਇਸ ਕਿਸਮ ਦੇ ਹਨ ਪਰ ਕੀ ਇਹ ਉਸ ਵੇਲੇ ਜਾਗਣਗੇ ਜਦੋਂ ਪਿੰਡਾਂ ਦੇ ਪਿੰਡ ਉਜੜਨੇ ਸ਼ੁਰੂ ਹੋ ਜਾਣਗੇ । ਹੁਣ ਇਹ ਇਕਲੇ ਦੁਕਲੇ ਕੇਸ ਹਨ ਫਿਰ ਇਨ੍ਹਾਂ ਦੇ ਹੀ ਗਰੋਹ ਬਣ ਜਾਣਗੇ । ਇਥੇ ਕੁਝ ਮੈਂਬਰਾਂ ਨੇ ਛੁਰੇ ਬਾਰੇ ਗਲ ਕੀਤੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਅਜ ਸਵੇਰੇ ਸੈਸ਼ਨ ਕੋਰਟ ਦੇ ਵਿਚ ਮੇਰੀ ਤਰੀਕ ਸੀ, ਮੈਂ ਉਥੇ ਗਿਆ ਤਾਂ ਮੇਰੇ ਸਾਹਮਣੇ ਕੋਰਟ ਦੇ ਅਹਾਤੇ ਦੇ ਅੰਦਰ ਇਕ ਨਿਹੰਗ ਸਿੰਘ ਨੇ ਇਕ ਆਦਮੀ ਨੂੰ ਛੁਰਾ ਕੱਢ ਮਾਰਿਆ ।

[ਸਰਦਾਰ ਉਮਰਾਓ ਸਿੰਘ]

ਪਤਾ ਨਹੀਂ ਉਹ ਸੱਜਣ ਮਰਿਆ ਕਿ ਬਚ ਗਿਆ ਪਰ ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਲੋਕਾਂ ਦੇ ਇਰਾਦੇ ਖਤਰਨਾਕ ਬਣਦੇ ਜਾ ਰਹੇ ਹਨ ਅਤੇ ਇਹ ਪੰਜਾਬ ਲਈ ਖਤਰਨਾਕ ਹਨ।

ਇਸ ਤੋਂ ਬਿਨਾਂ ਇਕ ਹੋਰ ਟੈਂਡੈਂਸੀ ਪੰਜਾਬ ਵਿਚ ਵਧ ਰਹੀ ਹੈ ਕਿ ਲੋਕ ਇਹ ਮਹਿਸੂਸ ਕਰਨ ਲਗ ਪਏ ਹਨ ਕਿ ਉਨ੍ਹਾਂ ਨੂੰ ਅਦਾਲਤਾਂ ਦੇ ਵਿਚ ਇਨਸਾਫ਼ ਨਹੀਂ ਮਿਲਦਾ ਇਸ ਲਈ ਆਪ ਹੀ ਬਦਲੇ ਲੈ ਲਓ। ਇਸ ਲਈ ਕਤਲਾਂ ਦੀ ਗਿਣਤੀ ਦਿਨ ਦਿਹਾੜੇ ਵਧ ਰਹੀ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇਕਰ ਇਹ ਟੈਂਡੈਂਸੀ ਵਧਦੀ ਗਈ ਅਤੇ ਲੋਕਾਂ ਦਾ ਭਰੋਸਾ ਰੂਲ ਆਫ਼ ਲਾਅ ਤੋਂ ਉਠਦਾ ਗਿਆ ਤਾਂ ਇਥੇ ਬਿਲਕੁਲ ਲਾਅ ਆਫ਼ ਜੰਗਲ ਹੋ ਜਾਵੇਗਾ। ਫਿਰ ਬੇਸ਼ਕ ਚੀਫ਼ ਮਨਿਸਟਰ ਸਾਹਿਬ ਇਹ ਕਹਿੰਦੇ ਰਹਿਣ ਕਿ ਪੰਜਾਬ ਦੀ ਹਾਲਤ ਬਾਕੀ ਸਾਰੇ ਹਿੰਦੁਸਤਾਨ ਨਾਲੋਂ ਚੰਗੀ ਹੈ, ਪਰ ਉਸ ਨਾਲ ਕੁਝ ਨਹੀਂ ਬਣੇਗਾ।

ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਨੇ ਪਿਛਲੇ 20 ਸਾਲਾਂ ਦੇ ਵਿਚ ਬਹੁਤ ਤਰੱਕੀ ਕੀਤੀ ਹੈ। ਪਰ ਮੈਂ ਅਰਜ਼ ਕਰਦਾ ਹਾਂ ਕਿ :

"ਕਿਸ਼ਤੀ ਜੋ ਬਚ ਨਿਕਲੀ ਥੀ ਤੂਫਾਂ ਸੇ,
ਕਹੀਂ ਸਾਹਿਲ ਸੇ ਵੋਹ ਟਕਰਾ ਨਾ ਜਾਏ।"

ਪੰਜਾਬ ਦੀ ਕਿਸ਼ਤੀ ਜਿਹੜੀ ਪਹਿਲੀ ਪਾਰਟੀਸ਼ਨ ਤੋਂ ਅਤੇ ਫਿਰ ਦੂਜੀ ਪਾਰਟੀਸ਼ਨ ਤੋਂ ਅਤੇ ਹੁਣ ਤੀਜੀ ਪਾਰਟੀਸ਼ਨ ਤੋਂ ਬਚ ਨਿਕਲੀ ਹੈ ਇਸ ਨੂੰ ਇਹ ਮੇਰੇ ਅਲੂੜ ਦੋਸਤ ਸਾਹਿਲ ਤੇ ਨਾ ਡੋਬ ਦੇਣ।

ਇਹ ਕਿਹਾ ਗਿਆ ਹੈ ਕਿ ਫਾਜ਼ਿਲਕਾ ਦਾ ਫੈਸਲਾ ਜੋ ਕੀਤਾ ਹੈ, ਉਹ ਇੰਦਰਾ ਗਾਂਧੀ ਨੇ ਕੀਤਾ ਹੈ, ਇਸ ਲਈ ਇਸ ਚੀਜ਼ ਦੀ ਕਿਸੇ ਤੇ ਜ਼ਿੰਮੇਵਾਰੀ ਨਹੀਂ ਆਉਂਦੀ। ਸਿਰਫ਼ ਇਕ ਦੋ ਮਿੰਟਾਂ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਫਾਜ਼ਿਲਕਾ ਦਾ ਮਸਲਾ ਬੜਾ ਕਲੀਅਰ ਹੈ। ਜਦੋਂ ਚੰਡੀਗੜ੍ਹ ਦੀ ਡਵੀਜ਼ਨ ਹੋ ਰਹੀ ਸੀ, ਇਹ ਸਭ ਸੈਕਟਰ ਤੋਂ ਪਰੇ, ਜਿਸ ਵਿਚ ਕਿ ਡਿਪਟੀ ਮਨਿਸਟਰਾਂ ਦੀਆਂ ਕੋਠੀਆਂ ਬਚ ਜਾਂਦੀਆਂ ਸਨ, ਤਾਂ ਇਸ ਪਰੋਪੋਜ਼ਲ ਨੂੰ ਰਿਜੈਕਟ ਕਰ ਦਿੱਤਾ ਗਿਆ ਅਤੇ ਇਸ ਪਰਪੋਜ਼ਲ ਨੂੰ, ਜੋ ਕਿ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਰਿਜੈਕਟ ਕੀਤੀ ਸੀ, ਸੈਂਟਰ ਨੇ ਪਰਵਾਨ ਕਰ ਲਿਆ। ਜੇ ਇਹ ਚੰਡੀਗੜ੍ਹ ਦੀ ਡਵੀਜ਼ਨ ਨੂੰ ਬਚਾਇਆ ਜਾ ਸਕਦਾ ਸੀ ਤਾਂ ਫਾਜ਼ਿਲਕਾ ਦੀ ਡਵੀਜ਼ਨ ਨੂੰ ਕਿਉਂ ਨਹੀਂ ਬਚਾਇਆ ਗਿਆ। ਇਨ੍ਹਾਂ ਨੇ ਕਿਹਾ ਹੈ ਫਾਜ਼ਿਲਕਾ ਦਾ ਇਲਾਕਾ ਜੋ ਦਿੱਤਾ ਹੈ, ਉਸ ਦੀ ਜ਼ਿੰਮੇਵਾਰੀ ਸੈਂਟਰ ਤੇ ਹੈ, ਮੈਂ ਸਮਝਦਾ ਹਾਂ ਕਿ ਇਹ ਜ਼ਿੰਮੇਵਾਰੀ ਸੈਂਟਰ ਤੇ ਬਿਲਕੁਲ ਨਹੀਂ ਹੈ। ਇਹ ਫਿਰਕਾਪਰਸਤੀ ਤੇ ਮਬਨੀ ਫੈਸਲਾ ਕਿਉਂ ਦੇਣਾ ਪਿਆ ਕਿਉਂ ਕਿ ਇਕ ਫਿਰਕਾਪਰਸਤ ਲੀਡਰ ਨੂੰ ਬਚਾਉਣਾ ਸੀ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੋ ਇਹ ਫੈਸਲਾ ਕੀਤਾ ਗਿਆ ਹੈ ਇਸ ਵਿਚ ਫਿਰਕਾਪਰਸਤੀ ਦੀ ਬੂ ਆਉਂਦੀ ਸੀ। ਜੇ ਕੋਈ ਐਸਾ ਸਜਣ ਹੁੰਦਾ ਜੋ ਕਿ ਪੰਜਾਬ ਦਾ ਸਾਂਝਾ ਲੀਡਰ ਹੁੰਦਾ, ਤਾਂ (ਘੰਟੀ) ਯਕੀਨਨ ਪੰਜਾਬ ਦੇ ਹੱਕ ਵਿਚ ਫੈਸਲਾ ਹੋਣਾ ਸੀ।

ਇਸ ਤੋਂ ਇਲਾਵਾ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਬੜਾ ਚਰਚਾ ਹੋਇਆ ਫਿਰੋਜ਼ਪੁਰ ਜੇਲ੍ਹ ਬਾਰੇ (ਘੰਟੀ) ਇਸ ਸਿਲਸਿਲੇ ਵਿਚ ਜੋ ਇਨਕੁਆਇਰੀ ਹੋਈ ਹੈ ਉਸ ਦੇ ਮੁਤੱਲਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਹਾਊਸ ਨੂੰ ਕਾਨਫੀਡੈਂਸ ਵਿਚ ਲੈਕੇ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਇਸ ਕੇਸ ਵਿਚ ਕੀ ਐਕਸ਼ਨ ਲਿਆ ਗਿਆ ਹੈ।

ਇਥੇ ਮਨਿਸਟਰ ਉਤੇ ਕੁਰੱਪਸ਼ਨ ਦੇ ਚਾਰਜਿਜ਼ ਲਗੇ ਹਨ। ਕੀ ਇਸ ਗੱਲ ਦੀ ਤਹਿਕੀਕਾਤ ਕਰਨ ਲਈ ਇਸ ਹਾਊਸ ਦੇ ਮੈਂਬਰਾਂ ਦੀ ਕਮੇਟੀ ਬਣਾਈ ਜਾਵੇਗੀ? ਉਸ ਵਿਚ ਹਰ ਪਾਰਟੀ ਦੇ ਮੈਂਬਰ ਗਿਣਤੀ ਦੀ ਰੇਸ਼ੋ ਵਿਚ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਪਾਰਟੀ ਦੇ ਨੁਮਾਇੰਦੇ ਵਧ ਹੋਣਗੇ। ਸਰਦਾਰ ਤੇਜਾ ਸਿੰਘ ਵਰਗੇ ਜੋ ਕਿ ਐਸਟੀਮੇਟਸ ਕਮੇਟੀ ਦੇ ਚੇਅਰਮੈਨ ਸੀ ਉਨ੍ਹਾਂ ਨੇ ਕਈ ਕੁਰੱਪਸ਼ਨ ਦੇ ਕੇਸਿਜ਼ ਫੜੇ। ਜੇ ਕੁਰੱਪਸ਼ਨ ਨੂੰ ਦੂਰ ਕਰਨਾ ਹੈ ਤਾਂ ਇਸ ਪਾਸੇ ਖਾਸ ਕਦਮ ਉਠਾਉਣੇ ਚਾਹੀਦੇ ਹਨ। ਕੁਰੱਪਸ਼ਨ ਅਗੇ ਨਾਲੋਂ ਵਧੀ ਹੈ। (ਵਿਘਨ) ਜੇ ਇਸ ਨੂੰ ਖਤਮ ਨਾ ਕੀਤਾ ਗਿਆ ਤਾਂ ਲੋਕ ਸਮਝਣਗੇ ਕਿ ਇਸ ਵਿਚ ਉਹ ਵੀ ਸ਼ਾਮਿਲ ਹਨ।

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਵੈਸਟ): ਸਪੀਕਰ ਸਾਹਿਬ, ਰੈਵੀਨਿਊ ਅਕਾਊਂਟ ਵਿਚੋਂ 6% ਪੁਲਿਸ ਲਈ ਅਤੇ 5% ਜਨਰਲ ਐਡਮਨਿਸਟਰੇਸ਼ਨ ਲਈ ਅਸੀਂ ਖਰਚ ਕਰ ਰਹੇ ਹਾਂ 1970-71 ਵਿਚ ਜਿਸ ਲਈ ਬਜਟ ਪੇਸ਼ ਕੀਤਾ ਗਿਆ ਹੈ, ਇਹ ਕਾਫੀ ਵਡੀ ਰਕਮ ਹੈ। ਐਡਮਨਿਸਟਰੇਸ਼ਨ ਅਤੇ ਪੁਲਿਸ ਚੰਗੀ ਚਲਦੀ ਹੈ ਜਾਂ ਨਹੀਂ ਚਲਦੀ, ਰਕਮ ਦੇ ਸਵਾਲ ਤੋਂ ਵੀ ਇਲਾਵਾ, ਇਸ ਦਾ ਜਨਤਾ ਦੇ ਜੀਵਨ ਨਾਲ ਬੜਾ ਡੂੰਘਾ ਸਬੰਧ ਹੈ। ਮੈਂ ਇਹ ਗੱਲ ਚੀਫ ਮਨਿਸਟਰ ਸਾਹਿਬ ਨੂੰ ਤੁਹਾਡੀ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਥੇ ਅੰਗਰੇਜ਼ ਦੀ ਹਕੂਮਤ ਸੀ, ਉਦੋਂ ਇਕ ਲਾ ਐਂਡ ਆਰਡਰ ਸਟਟ ਸੀ, ਡਿਵੈਲਪਮੈਂਟ ਸਟੇਟ ਨਹੀਂ ਸੀ। ਇਕੋ ਕੰਮ ਸੀ ਉਸ ਦਾ ਲਾ ਐਂਡ ਆਰਡਰ ਨਾਲ ਬੇਰੂਨੀ ਹਕੂਮਤ ਨੂੰ ਮੁਲਕ ਵਿਚ ਕਾਇਮ ਰੱਖਣਾ। ਉਸ ਵੇਲੇ ਪੁਲਿਸ ਦਾ ਰਵਈਆ ਲੋਕਾਂ ਦੇ ਵਿਰੁਧ ਸੀ, ਐਂਟੀ ਪੀਪਲ ਸੀ। ਜਦੋਂ ਅਸੀਂ ਦੇਸ਼ ਦੀ ਅਜ਼ਾਦੀ ਲੜ ਰਹੇ ਸਾਂ ਉਦੋਂ ਇਹ ਚੀਜ਼ ਵੀ ਸਾਡੇ ਕੰਮਾਂ ਵਿਚ ਸ਼ਾਮਲ ਸੀ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਹਿੰਦੁਸਤਾਨ ਦੀ ਐਡਮਨਿਸਟਰੇਸ਼ਨ ਦੇ ਢਾਂਚੇ ਵਿਚ ਬੁਨਿਆਦੀ ਤਬਦੀਲੀ ਲਿਆਂਦੀ ਜਾਵੇਗੀ। ਵੀਹ ਬਾਈ ਸਾਲ ਇਥੇ ਕਾਂਗਰਸ ਨੇ ਹਕੂਮਤ ਕੀਤੀ। ਕਾਂਗਰਸ ਦੀ ਮਨਾਪਲੀ ਸੀ, ਇਨ੍ਹਾਂ ਨੇ ਸਾਰੇ ਹਿੰਦੁਸਤਾਨ ਵਿਚ 20/22 ਸਾਲ ਹਕੂਮਤ ਕੀਤੀ। ਅੱਜ ਮੈਨੂੰ ਨੁਕਤਾ ਚੀਨੀ ਕਰਨ ਦੀ ਲੋੜ ਨਹੀਂ, ਕਾਂਗਰਸ ਦੇ ਮੁੱਖ ਲੀਡਰ, ਪ੍ਰਧਾਨ ਮੰਤਰੀ ਅਤੇ ਹੋਰ ਕਈ ਲੀਡਰ ਇਸ ਗੱਲ ਨੂੰ ਤਸਲੀਮ ਕਰਦੇ ਹਨ ਕਿ ਜੋ ਇਨ੍ਹਾਂ ਨੇ ਜਨਤਾ ਨਾਲ ਵਾਅਦਾ ਕੀਤਾ ਸੀ, ਉਹ ਪੂਰਾ ਨਹੀਂ ਹੋਇਆ। ਪੁਲਿਸ ਵਿਚ ਬੁਨਿਆਦੀ ਤਬਦੀਲੀ ਨਹੀਂ ਲਿਆਂਦੀ ਗਈ। ਲੋਕਾਂ ਵਿਚ ਇਹ ਰੁਝਾਨ ਪੈਦਾ ਹੋਇਆ ਕਿ ਕਾਂਗਰਸ ਪਾਰਟੀ ਦੀ ਸਰਕਾਰ ਇਹ ਕੰਮ ਨਹੀਂ ਕਰ ਸਕਦੀ ਤਾਂ ਹੋਰ ਪਾਰਟੀ ਦੀ ਸਰਕਾਰ ਬਣਾਉਣੀ ਚਾਹੀਦੀ ਹੈ। ਇਹਦਾ ਮੇਨ ਰੀਜ਼ਨ ਇਹੀ ਸੀ ਕਿ ਪੁਲਸ ਦਾ ਰਵਈਆ ਠੀਕ ਨਹੀਂ ਅਤੇ ਬਿਊਰੋਕਰੇਸੀ, ਜਿਸ ਨੂੰ ਕਿ ਕਾਂਗਰਸ ਨੇ ਬਦਲਣ ਦਾ ਵਾਅਦਾ ਕੀਤਾ ਸੀ, ਉਹ ਪੂਰਾ ਨਹੀਂ ਕਰ ਸਕੀ।

ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਇਸ ਵੇਲੇ ਦੀ ਮੌਜੂਦਾ ਸਰਕਾਰ ਨੂੰ ਵੇਖਿਆ ਜਾਵੇ ਅਤੇ ਇਕ ਸਾਲ ਦੇ ਤਜ਼ਰਬੇ ਨੂੰ ਵੇਖਿਆ ਜਾਵੇ ਤਾਂ ਇਹ ਗੱਲ ਬਿਲਕੁਲ ਸਾਫ ਹੈ ਕਿ ਇਹ ਸਰਕਾਰ ਇਸ ਪਾਸੇ ਕਿਸੇ ਕਿਸਮ ਦੀ ਤਬਦੀਲੀ ਲਿਆਉਣ ਦਾ ਯਤਨ ਨਹੀਂ

[ਕਾਮਰੇਡ ਸੱਤ ਪਾਲ ਡਾਂਗ]

ਕਰ ਸਕੀ। ਮੈਂ ਚੀਫ਼ ਮਨਿਸਟਰ ਸਾਹਿਬ ਦਾ ਧਿਆਨ ਅਲਾਹਾਬਾਦ ਦੀ ਹਾਈ ਕੋਰਟ ਦੇ ਇਕ ਜਸਟਿਸ ਮੁਲਾਂ ਦੇ ਕਿਸੇ ਮੁਕਦਮੇ ਦੇ ਫੈਸਲੇ ਵੱਲ ਦਿਵਾਉਂਦਾ ਹਾਂ, ਜਿਸ ਵਿਚ ਉਸਨੇ ਸਟਰਿਕਚਰ ਪਾਸ ਕਰਦਿਆਂ ਕਿਹਾ ਸੀ ਕਿ ਮੁਲਕ ਵਿਚ ਅਗਰ ਗੈਰ ਜ਼ਿੰਮੇਵਾਰ ਕੋਈ ਏਜੰਸੀ ਹੈ ਤਾਂ ਉਹ ਪੁਲਿਸ ਹੈ। ਮੈਂ ਨਹੀਂ ਕਹਿੰਦਾ ਕਿ ਹਰ ਪੁਲਿਸ ਦਾ ਅਫਸਰ ਕੁਰੱਪਟ ਹੈ। ਮੈਨੂੰ ਪਰਸਨਲੀ ਪਤਾ ਹੈ ਕਿ ਕਈ ਪੁਲਿਸ ਅਫ਼ਸਰ ਬਹੁਤ ਅਛੇ ਹਨ ਲੇਕਿਨ ਬਾਈ ਐਂਡ ਲਾਰਜ ਮੁਲਾਂ ਸਾਹਿਬ ਨੇ ਜੋ ਆਬਜ਼ਰਵੇਸ਼ਨ ਕੀਤੀ ਸੀ ਚਾਹੇ ਸੁਪਰੀਮ ਕੋਰਟ ਨੇ ਹਟਾ ਦਿੱਤੀ ਸੀ, ਪਰ ਬਾਈ ਐਂਡ ਲਾਰਜ ਉਨ੍ਹਾਂ ਦੀ ਆਬਜ਼ਰਵੇਸ਼ਨ ਠੀਕ ਸੀ। ਉਸ ਨੂੰ ਮੁੱਖ ਰੱਖਕੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਪੁਲਿਸ ਜ਼ਿਆਦਾ ਨੋਟੋਰੀਅਸ ਰਹੀ ਹੈ। ਅੰਗਰੇਜ਼ ਵੇਲੇ ਅਤੇ ਕਾਂਗਰਸ ਵੇਲੇ ਜੇ ਇਹ ਪੁੱਛਿਆ ਜਾਵੇ ਕਿ ਇਸ ਪਾਸੇ ਬੁਨਿਆਦੀ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕੀਤੀ, ਤਾਂ ਮੈਂ ਕਹਾਂਗਾ "ਨਹੀਂ"।

1967 ਵਿਚ ਜਦੋਂ ਚੀਫ਼ ਮਨਿਸਟਰ ਸਰਦਾਰ ਗੁਰਨਾਮ ਸਿੰਘ ਸਨ, ਉਦੋਂ ਇਨ੍ਹਾਂ ਦੇ ਨੋਟਿਸ ਵਿਚ ਕਈ ਕੇਸ ਲਿਆਂਦੇ ਗਏ ਸਨ, ਪਠਾਨਕੋਟ ਦੀ ਪੀ. ਏ. ਪੀ. ਦਾ ਸਮਗਲਿੰਗ ਵਿਚ ਹਥ ਸੀ। ਅੰਮ੍ਰਿਤਸਰ ਸਰਹੱਦ ਉਤੇ ਇਸੀ ਕੰਮ ਵਿਚ ਪੀ.ਏ.ਪੀ. ਦੇ ਟਰੱਕ, ਡਰਾਈਵਰ ਅਤੇ ਹੋਰ ਆਦਮੀ ਫੜੇ ਗਏ। ਇਹ ਕੋਈ ਆਈਸੋਲੇਟਿਡ ਕੇਸ ਨਹੀਂ ਸੀ। ਕੀ ਇਸ ਚੀਜ਼ ਨੂੰ ਰੋਕਣ ਲਈ ਕੋਈ ਕਦਮ ਚੁੱਕੇ ਜਾ ਰਹੇ ਹਨ? ਮੈਂ ਕਹਾਂਗਾ ਕਿ ਸਮਗਲਿੰਗ ਵਿਚ ਇਕ ਸੀਨੀਅਰ ਐਸ. ਪੀ. ਅੰਮ੍ਰਿਤਸਰ ਦਾ ਹੱਥ ਸੀ। ਇਸ ਕੇਸ ਦੀ ਇਨਕੁਆਇਰੀ ਹੋਈ। ਮੈਂ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਕਿ ਉਸ ਸਮਗਲਿੰਗ ਵਿਚ ਇਕ ਟਾਪ ਮੋਸਟ ਪੁਲਿਸ ਅਫ਼ਸਰ ਦਾ ਹੱਥ ਸੀ। ਉਸ ਦੀਆਂ ਟਰੱਕ ਕਾਲਾਂ ਫੜੀਆਂ ਗਈਆਂ। ਔਰ ਇਹ ਚੀਜ਼ ਐਸਟੈਬਲਿਸ਼ ਹੋ ਗਈ, ਪਰਾਈਮਾ-ਫੇਸੀਈ, ਕਿ ਉਸ ਪੁਲਿਸ ਅਫਸਰ ਦਾ ਹਥ ਹੈ। ਉਹ ਪੁਲਿਸ ਅਫਸਰ ਉਥੇ ਅੱਜ ਵੀ ਮੌਜੂਦ ਹੈ। ਉਸਨੂੰ ਹਟਾਇਆ ਨਹੀਂ ਗਿਆ। ਉਹ ਸੱਜਣ ਅਕਾਲੀ ਪਾਰਟੀ ਦੇ ਕਈ ਮੈਂਬਰਾਂ ਦਾ ਰੈਲੇਟਿਵ ਹੈ। ਇਸ ਕਰਕੇ ਜਿਨਾਂ ਚਿਰ ਇਹੋ ਜਿਹੀਆਂ ਚੀਜ਼ਾਂ ਠੀਕ ਨਹੀਂ ਹੋਣਗੀਆਂ ਉਨ੍ਹਾਂ ਚਿਰ ਐਡਮਨਿਸਟ੍ਰੇਸ਼ਨ ਚੰਗੀ ਤਰ੍ਹਾਂ ਚਲ ਨਹੀਂ ਸਕਦੀ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਕਰਾਈਮ ਦੀ ਸਿਚੂਏਸ਼ਨ ਬਾਰੇ ਬਹੁਤਾ ਜ਼ਿਕਰ ਨਹੀਂ ਕਰਨਾ ਚਾਹੁੰਦਾ ਕਿਉਂਕਿ ਇਸ ਪਾਸੇ ਸਰਦਾਰ ਉਮਰਾਓ ਸਿੰਘ ਕਾਫੀ ਕੁਝ ਕਹਿ ਚੁਕੇ ਹਨ। ਇਥੇ ਗੈਰ-ਕਾਂਗਰਸੀ ਸਰਕਾਰਾਂ ਦੀ ਐਡਮਨਿਸਟਰੇਸ਼ਨ ਬਾਰੇ ਦੱਸਿਆ ਗਿਆ ਹੈ ਕਿ ਉਥੇ ਬਹੁਤ ਭੈੜਾ ਹਾਲ ਹੈ। ਸ਼ਾਇਦ ਉਨ੍ਹਾਂ ਦੇ ਮਨ ਵਿਚ, ਚੀਫ਼ ਮਨਿਸਟਰ ਸਾਹਿਬ ਦੇ ਮਨ ਵਿਚ ਬੰਗਾਲ ਹੋਵੇਗਾ। ਇਹ ਠੀਕ ਹੈ ਕਿ ਉਥੇ ਸਿਚੂਏਸ਼ਨ ਅੱਛੀ ਨਹੀਂ ਹੈ। ਉਥੇ ਇੰਟਰ-ਪਾਰਟੀ ਕਲੈਸ਼ਿਜ਼ ਹੋ ਰਹੇ ਹਨ। ਸਵਾਲ ਇਹ ਨਹੀਂ ਹੈ ਕਿ ਇਥੇ ਕਿਸੀ ਹੋਰ ਸਟੇਟ ਨਾਲੋਂ ਅੱਛੀ ਹਾਲਤ ਹੈ। ਚੀਫ਼ ਮਨਿਸਟਰ ਸਾਹਿਬ ਨੇ ਆਪਣੀ ਤਕਰੀਰ ਕਰਦਿਆਂ ਕਿਹਾ ਸੀ ਕਿ ਮੈਂ ਹਰ ਇਕ ਦੀ ਮੰਜੀ ਨਾਲ ਸਿਪਾਹੀ ਥੋੜ੍ਹੇ ਹੀ ਬੰਨ ਸਕਦਾ ਹਾਂ।

ਮੈਂ, ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਕਰਾਈਮ ਦੀ ਸਿਚੂਏਸ਼ਨ ਕੁਝ ਇੰਪਰੂਵ ਨਹੀਂ ਹੋ ਸਕੀ। ਇਸ ਸਬੰਧੀ ਮੈਂ ਮਿਸਾਲ ਦਿੰਦਾ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਜੰਡਿਆਲਾ ਵਿਖੇ ਰਾਜਸਥਾਨੀ ਲੇਬਰ ਬੈਠੀ ਹੋਈ ਹੈ। ਛੋਟੀਆਂ ਛੋਟੀਆਂ ਕੋਠੜੀਆਂ ਵਿਚ ਉਹ ਲੋਕ ਰਹਿੰਦੇ

ਹਨ । ਇਕ ਰਾਤ ਨੂੰ ਪਤਾ ਨਹੀਂ ਡਾਕੂਆਂ ਨੇ ਆ ਕੇ 15/20 ਕੋਠੜੀਆਂ ਬਾਹਰੋਂ ਬੰਦ ਕਰ ਦਿੱਤੀਆਂ । ਇਹ ਰਾਜਸਥਾਨੀ ਲੋਕ ਬੈਂਕਾਂ ਵਿਚ ਤਾਂ ਕੁਝ ਜਮ੍ਹਾਂ ਕਰਦੇ ਨਹੀਂ । ਇਹ ਲੋਕ ਆਮ ਤੌਰ ਤੇ ਚਾਂਦੀ ਖਰੀਦ ਲੈਂਦੇ ਹਨ ਅਤੇ ਪੈਰਾਂ ਆਦਿ ਵਿਚ ਪਾ ਲੈਂਦੇ ਹਨ। ਉਨ੍ਹਾਂ ਨੂੰ ਸਰੀਆ ਪਾ ਕੇ ਚਾਂਦੀ ਦੇ ਗਹਿਣਿਆ ਨੂੰ ਤੋੜਿਆ ਗਿਆ ਔਰ ਇਸ ਤਰ੍ਹਾਂ ਕਰਕੇ ਬੁੱਢੇ, ਬਚੇ, ਔਰਤਾਂ ਫੱਟੜ ਕੀਤੇ । ਅੱਜ ਤੱਕ ਉਹ ਡਾਕਾ ਲਭਿਆ ਨਹੀਂ। ਬਾਅਦ ਵਿਚ ਇਹ ਕੇਸ ਪੁਲਿਸ ਅਫਸਰ ਨੇ ਕਿਹਾ ਕਿ ਫੜਿਆ ਗਿਆ, ਪਰ ਬਾਅਦ ਵਿਚ ਛੱਡ ਦਿੱਤਾ ਗਿਆ । ਲੋਕੀ ਕਹਿੰਦੇ ਹਨ ਕਿ ਉਥੇ ਕੋਈ ਪੁਲਿਟੀਕਲ ਇੰਟਰਫੀਰੀਐਂਸ ਹੋਈ, ਐਮ. ਐਲ. ਏਜ਼ ਨੇ ਦਖਲ ਦਿੱਤਾ । ਪਤਾ ਨਹੀਂ ਇਹ ਠੀਕ ਹੈ ਜਾਂ ਨਹੀਂ । ਪਰ ਮੈਂ ਕਹਿੰਦਾ ਹਾਂ ਕਿ ਜਿੰਨਾ ਚਿਰ ਇਹ ਅਜਿਹੀਆਂ ਵਾਰਦਾਤਾਂ ਨੂੰ ਰੋਕ ਨਹੀਂ ਸਕਦੇ, ਇਹ ਕਰਾਈਮ ਘੱਟ ਨਹੀਂ ਸਕਦੇ । ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਦਿਨ ਦੇ ਛੇ ਵਜੇ ਇਕ ਆਦਮੀ, ਜਿਸ ਦਾ ਰੂਲਿੰਗ ਪਾਰਟੀ ਜਨਸੰਘ ਦੇ ਨਾਲ ਤੁਅੱਲਕ ਹੈ, ਉਹ 10 ਗੁੰਡਿਆਂ ਨੂੰ ਨਾਲ ਲੈ ਕੇ ਇਕ ਖੁਲੇ ਆਮ ਗਲੀ ਵਿਚ ਇਕ ਮਕਾਨ ਤੇ ਚਲਾ ਗਿਆ ਅਤੇ ਉਨ੍ਹਾਂ ਨੇ ਕਿਰਾਏਦਾਰ ਨੂੰ ਕਿਹਾ ਕਿ ਮਕਾਨ ਖਾਲੀ ਕਰ ਦੇ । ਉਸ ਨੇ ਕਿਹਾਂ ਕਿ ਨਹੀਂ ਕਰਦਾ ਤਾਂ ਇਨ੍ਹਾਂ ਨੇ ਉਸ ਦੀ ਬੇਇਜ਼ਤੀ ਕੀਤੀ, ਉਸ ਨੂੰ ਨੰਗਾ ਕੀਤਾ ਗਿਆ ਅਤੇ ਗਾਲਾਂ ਕੱਢੀਆਂ ਗਈਆਂ । (ਆਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ) ਫਿਰ ਉਸ ਕਿਰਾਏਦਾਰ ਨੇ ਪੁਲਿਸ ਵਿਚ ਕੇਸ ਰਜਿਸਟਰ ਕਰਨ ਲਈ ਕਿਹਾ ਪਰ ਇਹ ਕੇਸ ਰਜਿਸਟਰ ਨਹੀਂ ਕੀਤਾ ਗਿਆ। ਜਦ ਮੈਂ ਵਿਚ ਦਖਲ ਦਿੱਤਾ ਤਾਂ ਉਸ ਆਦਮੀ ਨੇ ਮੁਆਫੀ ਮੰਗ ਲਈ ਅਤੇ ਸਮਝੌਤਾ ਕਰ ਲਿਆ । ਹੋਰ ਹੋ ਵੀ ਕੀ ਸਕਦਾ ਸੀ । ਇਹ ਇਕ ਕੇਸ ਹੀ ਨਹੀਂ, ਸਪੀਕਰ ਸਾਹਿਬ, ਮੈਂ ਅੰਮ੍ਰਿਤਸਰ ਦੀਆਂ ਦਰਜਨਾਂ ਮਿਸਾਲਾਂ ਦਸ ਸਕਦਾ ਹਾਂ, ਜਿੱਥੇ ਵੱਡੇ ਵੱਡੇ ਪੁਲਿਸ ਅਫਸਰਾਂ ਨੇ ਕਾਨੂੰਨ ਦੀ ਉਲੰਘਣਾ ਕਰਕੇ ਲੈਂਡ ਲਾਰਡਜ਼ ਕੋਲੋਂ ਪੈਸੇ ਲੈ ਕੇ ਨਜਾਇਜ਼ ਕੰਮ ਕੀਤੇ ਅਤੇ ਜਿਹੜੇ ਸਮਗਲਰ ਫੜੇ ਉਨ੍ਹਾਂ ਕੋਲੋਂ ਮਾਲ ਝਾੜ ਕੇ ਛੱਡ ਦਿੱਤਾ ਗਿਆ । ਸ਼ਾਇਦ ਉਹ ਅਕਾਲੀਆਂ ਦੇ ਰਿਸ਼ਤੇਦਾਰ ਹਨ, ਇਸ ਕਰਕੇ ਅਜਿਹੇ ਕੰਮ ਕਰਦੇ ਹਨ । ਸਪੀਕਰ ਸਾਹਿਬ, ਮੈਂ ਹੋਰ ਦਸਦਾ ਹਾਂ ਕਿ ਇਕ ਡੀ. ਐਸ. ਪੀ. ਦੇ ਬਹੁਤ ਸਾਰੇ ਕੁਆਰਟਰਜ਼ ਬਣਾਏ ਹੋਏ ਹਨ, ਉਸ ਨੇ ਵੀ ਇਸੇ ਤਰ੍ਹਾਂ ਕਿਰਾਏਦਾਰਾਂ ਨਾਲ ਬੜੇ ਧਕੇ ਕੀਤੇ । ਗਰੀਵੈਂਸਿਜ਼ ਕਮੇਟੀ ਵਿਚ ਪੁਲਿਸ ਨੇ ਡੀ. ਸੀ. ਦੇ ਸਾਹਮਣੇ ਇਹ ਚੀਜ਼ ਮੰਨੀ ਸੀ, ਪਰ ਸਪੀਕਰ ਸਾਹਿਬ, ਸੁਣਕੇ ਬੜੀ ਹੈਰਾਨੀ ਹੋਵੇਗੀ, ਮੈਂ ਸੀ. ਐਮ ਨੂੰ ਦੱਸਦਾ ਹਾਂ ਕਿ ਬਾਅਦ ਵਿਚ ਉਹ ਮੁੱਕਰ ਗਏ ਅਤੇ ਫਾਈਲ ਸਾਰੀ ਬਦਲੀ ਗਈ । ਸਪੀਕਰ ਸਾਹਿਬ, ਕਰਾਈਮਜ਼ ਦੀ ਸਿਚੂਏਸ਼ਨ ਇੰਪਰੂਵ ਨਹੀਂ ਹੋਈ। ਇਕ ਪੁਲਿਸ ਕਮਿਸ਼ਨ ਮੁਕੱਰਰ ਹੋਇਆ ਸੀ ਉਸ ਪੁਲਿਸ ਕਮਿਸ਼ਨ ਨੇ ਬੜੇ ਸਾਲ ਲਾ ਕੇ ਰਿਪੋਰਟ ਤਿਆਰ ਕੀਤੀ ਅਤੇ ਜਿਸ ਦੀ ਰਿਪੋਰਟ 1967 ਵਿਚ ਚੀਫ਼ ਮਨਿਸਟਰ, ਸਰਦਾਰ ਗੁਰਨਾਮ ਸਿੰਘ ਨੇ ਹਾਊਸ ਦੀ ਟੇਬਲ ਤੇ ਰੱਖੀ ਸੀ। ਉਸ ਦੇ ਵਿਚ ਇਕ ਰੀਕੁਮੈਂਡੇਸ਼ਨ ਸੀ ਕਿ ਜਿੰਨੇ ਪੁਲਿਸ ਅਫਸਰ ਹਨ, ਉਨ੍ਹਾਂ ਦੀ ਇਕ ਹਾਈ ਪਾਵਰਡ ਕਮੇਟੀ ਸਕਰੀਨਿੰਗ ਕਰੇ ਔਰ ਜਿਨ੍ਹਾਂ ਦੀ ਇੰਟੇਗਰਿਟੀ ਡਾਊਟਫੁਲ ਹੋਵੇ ਉਨ੍ਹਾਂ ਨੂੰ ਨੌਕਰੀ ਤੋਂ ਹਟਾ ਦਿਤਾ ਜਾਵੇ । ਸਪੀਕਰ ਸਾਹਿਬ, ਇਕ ਦਫਾ ਰੇਲਵੇ ਦੇ ਮੁਲਾਜ਼ਮਾਂ ਨੇ ਹੜਤਾਲ ਕੀਤੀ ਸੀ ਤਾਂ ਵਿਧਾਨ ਦੀ ਧਾਰਾ ਉਨ੍ਹਾਂ ਤੇ ਵਰਤੀ ਗਈ ਸੀ । ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਪੁਲਿਸ ਅਫਸਰਾਂ ਦੀ ਇੰਟੇਗਰਿਟੀ ਡਾਊਟਫੁਲ ਹੋਵੇ ਤਾਂ ਉਨ੍ਹਾਂ ਦੇ ਉਤੇ ਵੀ ਇਸੇ ਤਰ੍ਹਾਂ ਧਾਰਾ ਵਰਤਣੀ ਚਾਹੀਦੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੁਲਿਸ

[ਕਾਮਰੇਡ ਸੱਤ ਪਾਲ ਡਾਂਗ]

ਕਮਿਸ਼ਨ ਦੀ ਰਿਪੋਰਟ ਦੇ ਮੁਤਾਬਿਕ ਸਾਰੇ ਪੁਲਿਸ ਅਫਸਰਾਂ ਦੀ ਸਕਰੀਨਿੰਗ ਕਿਉਂ ਨਹੀਂ ਕੀਤੀ ? ਮੈਂ ਕਹਿੰਦਾ ਹਾਂ ਕਿ ਅਗਰ ਅਸੀਂ ਐਡਮਨਿਸਟਰੇਸ਼ਨ ਇੰਪਰੂਵ ਕਰਨੀ ਹੈ ਤਾਂ ਉਸ ਰਿਪੋਰਟ ਵਿਚ ਜੋ ਸਿਫਾਰਸ਼ਾਂ ਹਨ, ਉਨ੍ਹਾਂ ਨੂੰ ਲਾਗੂ ਕੀਤਾ ਜਾਵੇ । ਮੈਂ ਬੇਨਤੀ ਕਰਾਂ ਕਿ ਜਦ ਇਹ ਆਪੋਜੀਸ਼ਨ ਵਿਚ ਸਨ ਤਾਂ ਇਹ ਸਾਡੇ ਨਾਲ ਸਹਿਮਤ ਸਨ । ਜਿਸ ਵੇਲੇ ਲੋਕ ਸ਼ਿਕਾਇਤ ਲੈ ਕੇ ਆਉਂਦੇ ਸੀ ਕਿ ਪੁਲਿਸ ਵਾਲਿਆਂ ਨੇ ਧੱਕਾ ਕੀਤਾ ਹੈ ਤਾਂ ਇਹ ਵੀ ਸਾਡੇ ਨਾਲ ਸਹਿਮਤ ਹੁੰਦੇ ਸਨ ਕਿ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਮੈਂ ਇਨਕੁਆਇਰੀ ਬਾਰੇ ਤੁਹਾਨੂੰ ਦੱਸਦਾ ਹਾਂ ਕਿ ਜਿਸ ਦੇ ਖਿਲਾਫ ਕੋਈ ਕੇਸ ਹੁੰਦਾ ਹੈ, ਉਸ ਦੀ ਇਨਕੁਆਇਰੀ ਜਿਹੜਾ ਅਫਸਰ ਕਰਦਾ ਹੈ, ਉਹ ਉਸ ਦੇ ਨਾਲ ਮਿਲਿਆ ਹੁੰਦਾ ਹੈ । ਇਸ ਲਈ ਇਹ ਇਨਕੁਆਇਰੀ ਇੰਡੀਪੈਂਡੈਂਟ ਏਜੰਸੀ ਕੋਲੋਂ ਕਰਾਉਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਮੈਂ ਤੁਹਾਨੂੰ ਰਾਮਪੁਰਾ ਫੂਲ ਦੀ ਗਲ ਦੱਸਦਾ ਹਾਂ । ਉਥੇ ਟੀਚਰਾਂ ਨੇ ਮੁਜ਼ਾਹਰਾ ਕੀਤਾ । ਉਨ੍ਹਾਂ ਨੇ ਕੋਈ ਗੜਬੜ ਨਹੀਂ ਕੀਤੀ । ਲੇਕਿਨ ਸਪੀਕਰ ਸਾਹਿਬ, ਪੁਲਿਸ ਨੇ ਉਨ੍ਹਾਂ ਟੀਚਰਾਂ ਨੂੰ ਫੜ ਲਿਆ ਅਤੇ ਸੜਕ ਤੇ ਹੀ ਡੰਡਿਆਂ ਦੇ ਨਾਲ ਉਨ੍ਹਾਂ ਨੂੰ ਕੁੱਟਿਆ । ਫਿਰ ਇਹ ਕਹਿੰਦੇ ਹਨ ਕਿ ਉਹ ਨਕਸਲਵਾੜੀਏ ਹਨ ਪਰ ਉਹ ਨਕਸਲ-ਵਾੜੀਏ ਨਹੀਂ ਸੀ । ਜੇ ਉਹ ਗਰੇਡਜ਼ ਲੈਣ ਬਾਰੇ ਮੁਜ਼ਾਹਰਾ ਕਰਦੇ ਹਨ ਤਾਂ ਇਹ ਉਨ੍ਹਾਂ ਦਾ ਹੱਕ ਹੈ । ਲੇਕਿਨ ਜਦ ਮੈਂ ਇਸ ਦੀ ਸ਼ਿਕਾਇਤ ਕੀਤੀ ਤਾਂ ਸੀ. ਐਮ. ਨੇ ਕਿਹਾ ਕਿ ਇਨਕੁਆਇਰੀ ਕਰਾਂਗੇ । ਇਸ ਤੋਂ ਬਾਅਦ ਇਹ ਕੇਸ ਉਸੇ ਹੀ ਥਾਣੇ ਵਿਚ ਚਲਾ ਗਿਆ। ਮੈਂ, ਸਪੀਕਰ ਸਾਹਿਬ, ਅੱਜ ਵੀ ਸੀ. ਐਮ. ਨੂੰ ਕਹਿੰਦਾ ਹਾਂ ਕਿ ਜੇ ਉਹ ਰਾਮਪੁਰਾ ਫੂਲ ਵਿਚ ਇਸ ਬਾਰੇ ਪਤਾ ਕਰਨ, ਉਥੇ ਆਉਂਦੇ ਜਾਂਦੇ ਸੌ ਆਦਮੀ ਨੂੰ ਇਸ ਬਾਰੇ ਪੁੱਛ ਲੈਣ, ਉਹ ਤਾਂ ਇਹ ਕਹਿਣਗੇ ਕਿ ਇਹ ਗਲ ਹੋਈ ਹੈ। ਜੇ ਮੈਂ ਗਲਤ ਹੋਵਾਂ ਤਾਂ ਤੁਸੀਂ ਮੈਨੂੰ ਕਹਿਣਾ । ਉਨ੍ਹਾਂ ਨੂੰ ਉਥੇ ਬੁਰੀ ਤਰ੍ਹਾਂ ਕੁਟਿਆ ਗਿਆ । ਸੋ ਇਨ੍ਹਾਂ ਨੂੰ ਇਨਕੁਆਇਰੀ ਦਾ ਸਿਸਟਮ ਬਦਲਣਾ ਚਾਹੀਦਾ ਹੈ । ਜਿਸ ਦੇ ਅਗੇਂਸਟ ਕੇਸ ਹੋਵੇ, ਉਸ ਦੀ ਕੋਈ ਹੋਰ ਅਫਸਰ ਇਨਕੁਆਇਰੀ ਕਰੇ, ਜਿਸ ਦਾ ਉਸ ਨਾਲ ਕੋਈ ਤੁਅੱਲਕ ਨਾ ਹੋਵੇ। ਮੈਂ ਕਹਿੰਦਾ ਹਾਂ ਕਿ ਹਰ ਥਾਣੇ ਲੈਵਲ ਤੇ ਇਕ ਕਮੇਟੀ ਬਣਾਈ ਜਾਵੇ। ਐਡਵਾਇਜ਼ਰੀ ਕਮੇਟੀਜ਼ ਬਣਾਈਆਂ ਜਾਣ ਅਗਰ ਪੁਲਿਸ ਐਡਮਨਿਸਟਰੇਸ਼ਨ ਨੂੰ ਠੀਕ ਕਰਨਾ ਹੈ ਤਾਂ । ਇਕ ਗੱਲ ਸੀ. ਐਮ. ਸਾਹਿਬ ਨੇ ਮੰਨ ਲਈ ਹੈ, ਉਨ੍ਹਾਂ ਨੇ ਪਿਛਲੇ ਸੈਸ਼ਨ ਵਿਚ ਕਿਹਾ ਸੀ ਕਿ ਇਸ ਦੀਆਂ ਡੀਟੇਲਜ਼ ਵਰਕ ਆਊਟ ਹੋ ਰਹੀਆਂ ਹਨ । ਮੈਂ ਕਹਿੰਦਾ ਹਾਂ ਕਿ ਪਰਾਸੀਕਿਊਸ਼ਨ ਏਜੰਸੀ ਪੁਲਿਸ ਦੇ ਨਾਲੋਂ ਫੌਰੀ ਤੌਰ ਤੇ ਅੱਡ ਹੋ ਜਾਣੀ ਚਾਹੀਦੀ ਹੈ । ਇਹ ਉਹ ਗਲ ਹੈ, ਜਿਸ ਦੇ ਉਤੇ ਕੋਈ ਵਿਚਾਰਨ ਦੀ ਲੋੜ ਨਹੀਂ। ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਉਸ ਵੇਲੇ ਯੂਨਾਨੀਮਸਲੀ ਇਸ ਦੇ ਹਕ ਵਿਚ ਸਨ, ਉਸ ਵੇਲੇ ਸ੍ਰੀ ਰਾਮ ਕ੍ਰਿਸ਼ਨ ਨੇ ਕਿਹਾ ਸੀ ਕਿ ਅਸੀਂ ਕਰਾਂਗੇ ਪਰ ਇਹ ਨਹੀਂ ਹੋਇਆ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਇਕ ਗੱਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਸੀ. ਐਮ. ਨੇ ਆਪਣੀ ਤਕਰੀਰ ਵਿਚ ਕਿਹਾ ਹੈ, ਮੈਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ; ਉਨ੍ਹਾਂ ਨੇ ਕਿਹਾ ਸੀ ਕਿ ਪੁਲਿਸ ਦੀ ਇਨਵੈਸਟੀਗੇਸ਼ਨ ਦਾ ਮੈਥਡ ਬਦਲਣਾ ਚਾਹੀਦਾ ਹੈ । ਮੈਂ ਇਸ ਚੀਜ਼ ਦਾ ਸਵਾਗਤ ਕਰਦਾ ਹਾਂ । ਹੁਣ ਦਾ ਜਿਹੜਾ ਮੈਥਡ ਹੈ ਇਸ ਦੇ ਵਿਚ ਬੇਗੁਨਾਹਗਾਰਾਂ ਨੂੰ ਕੁਟਿਆ ਜਾਂਦਾ ਹੈ । ਅਗਰ ਦਸ ਆਦਮੀ ਕੁਟੇ ਜਾਂਦੇ ਹਨ ਤਾਂ ਵਿਚ 4 ਬੇਗੁਨਾਹਗਾਰ ਕੁਟੇ ਜਾਂਦੇ ਹਨ । ਲੇਕਿਨ ਜ਼ਿੰਮੇਂਵਾਰੀ ਸਰਕਾਰ ਨੂੰ ਲੈਣੀ ਪਵੇਗੀ । ਹੋ ਸਕਦਾ ਹੈ ਕਿ ਜਿਸ ਵੇਲੇ

ਇਹ ਮੈਥਡ ਬੰਦ ਕਰ ਦੇਈਏ ਅਤੇ ਜਿਹੜਾ ਨਵਾਂ ਮੈਥਡ ਅਪਣਾਵਾਂਗੇ ਤਾਂ ਸ਼ੁਰੂ ਸ਼ੁਰੂ ਵਿਚ ਤਾਂ ਇਹ ਠੀਕ ਨਹੀਂ ਲਗੇਗਾ ਪਰ ਇਨ ਦੀ ਲੌਂਗ ਰਨ ਇਹ ਠੀਕ ਲਗੇਗਾ। ਇਸ ਮੌਜੂਦਾ ਮੈਥਡ ਨਾਲ ਲੋਕਾਂ ਤੇ ਜ਼ੁਲਮ ਹੁੰਦਾ ਹੈ। ਬਾਅਦ ਵਿਚ ਕੋਈ ਰੈਮਿਡੀ ਨਹੀਂ।

ਇਸ ਤੋਂ ਅਗੇ ਮੈਂ ਫਿਰੋਜ਼ਪੁਰ ਸੈਂਟਰਲ ਜੇਲ੍ਹ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਸਰਦਾਰ ਉਮਰਾਓ ਸਿੰਘ ਨੂੰ ਸ਼ਾਇਦ ਪਤਾ ਨਹੀਂ। ਸੀ. ਐਮ. ਦਾ ਰਵੱਈਆ ਸੀ ਕਿ ਜੁਡੀਸ਼ਲ ਇਨਕੁਆਇਰੀ ਨਹੀਂ ਹੋਣੀ ਚਾਹੀਦੀ ਪਰ ਮੇਰਾ ਖਿਆਲ ਸੀ ਕਿ ਜੁਡੀਸ਼ਲ ਇਨ-ਕੁਆਇਰੀ ਕਰਵਾਈ ਜਾਵੇ। ਪਿੰਡ ਵਿਚ ਵੀ ਕਈ ਵਾਰੀ ਲੜਾਈ ਹੋ ਜਾਂਦੀ ਹੈ ਅਤੇ ਉਹ ਜੇਲ੍ਹ ਚਲੇ ਜਾਂਦੇ ਹਨ। ਮੈਂ ਉਸ ਵੇਲੇ ਵੀ ਬੇਨਤੀ ਕੀਤੀ ਸੀ ਕਿ ਇਸ ਦੀ ਜੁਡੀਸ਼ਲ ਇਨਕੁਆਇਰੀ ਹੋਣੀ ਚਾਹੀਦੀ ਹੈ। ਪਹਿਲਾਂ ਤਾਂ ਇਨ੍ਹਾਂ ਨੇ ਮਤਹਿਤ ਮੈਜਿਸਟਰੇਟ ਨੂੰ ਇਨਕੁਆਇਰੀ ਵਾਸਤੇ ਹੁਕਮ ਕੀਤਾ। ਲੇਕਿਨ ਗੋਲੀ ਦਾ ਹੁਕਮ ਡੀ. ਸੀ. ਨੇ ਕੀਤਾ ਸੀ। ਪਹਿਲਾਂ ਮੈਜਿਸਟਰੇਟ ਨੂੰ ਇਨਕੁਆਇਰੀ ਵਾਸਤੇ ਕਿਹਾ ਅਤੇ ਫਿਰ ਆਈ. ਏ. ਐਸ. ਅਫ਼ਸਰ ਇਸ ਦੀ ਇਨਕੁਆਇਰੀ ਵਾਸਤੇ ਮੁਕੱਰਰ ਹੋਇਆ। ਮੈਂ ਉਨ੍ਹਾਂ ਦੇ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ, ਪਰ ਮੈਂ ਕਹਿੰਦਾ ਹਾਂ ਅਤੇ ਉਦੋਂ ਵੀ ਕਿਹਾ ਸੀ ਕਿ ਕੋਈ ਪਰਾਪਰ ਇਨਕੁਆਇਰੀ ਇਸ ਦੇ ਵਿਚੋਂ ਸਾਬਤ ਨਹੀਂ ਹੋ ਸਕੀ। ਕਾਮਰੇਡ ਦਾਨਾ ਰਾਮ ਦੇ ਸਵਾਲ ਦੇ ਜਵਾਬ ਦੇ ਵਿਚ ਇਨਕੁਆਇਰੀ ਦੀ ਰਿਪੋਰਟ ਮੈਨੂੰ ਮਿਲੀ ਹੈ। ਮੈਂ ਜ਼ਿੰਮੇਦਾਰੀ ਨਾਲ ਕਹਿ ਸਕਦਾ ਹਾਂ ਕਿ ਮੈਂ ਇਹੋ ਜਿਹੀ ਬੋਗਸ ਇਨਕੁਆਇਰੀ ਕਦੇ ਨਹੀਂ ਪੜ੍ਹੀ। ਇਹ ਵੀ ਨਹੀਂ ਦੱਸਿਆ ਗਿਆ ਕਿ ਪਰਿਜ਼ਨਰਜ਼ ਨੇ ਬਾਈਕਾਟ ਕੀਤਾ ਜਾਂ ਨਹੀਂ ਕੀਤਾ ? ਪਰ ਇਹ ਕਹਿ ਦਿੱਤਾ ਕਿ ਫਾਇਰਿੰਗ ਠੀਕ ਹੋਈ ਹੈ। ਮੈਂ ਕਹਿੰਦਾ ਹਾਂ ਕਿ ਐਨਾ ਵੱਡਾ ਕੇਸ ਹੋਵੇ ਔਰ ਉਸ ਦੀ ਜੁਡੀਸ਼ਲ ਇਨਕੁਆਇਰੀ ਨਾ ਕਰਵਾਈ ਜਾਵੇ ? ਮੈਂ ਕਹਿੰਦਾ ਹਾਂ ਕਿ ਲਾ ਐਂਡ ਆਰਡਰ ਦਾ ਕੰਸੈਪਟ ਜਾਣਨਾ ਚਾਹੀਦਾ ਹੈ ਨਹੀਂ ਤਾਂ ਪੁਲਿਸ ਐਡਮਨਿਸਟਰੇਸ਼ਨ ਅਤੇ ਜਨਰਲ ਐਡਮਨਿਸਟਰੇਸ਼ਨ ਸੁਧਰ ਨਹੀਂ ਸਕਦੀ। ਮੈਂ ਕਹਿੰਦਾ ਹਾਂ ਕਿ ਮਨਿਸਟਰੀ ਐਜ਼ ਏ ਹੋਲ ਜਾਂ ਐਜ਼ ਏ ਟੀਮ ਕੰਮ ਕਰੇ, ਨੈਰੋ ਵਿਊ ਨਹੀਂ ਲੈਣਾ ਚਾਹੀਦਾ ਅਤੇ ਕੁਝ ਲੋਕਾਂ ਦੀਆਂ ਜ਼ਮੀਰਾਂ ਹੀ ਨਹੀਂ ਬਨਾਉਣੀਆਂ ਚਾਹੀਦੀਆਂ। ਜਿੰਨਾ ਚਿਰ ਇਹ ਦੋ ਚੀਜ਼ਾਂ ਨਹੀਂ ਹੁੰਦੀਆਂ ਉਤਨੀ ਦੇਰ ਤੱਕ ਐਡਮਨਿਸਟਰੇਸ਼ਨ ਲੋਕਾਂ ਦੀ ਅੱਛੀ ਤਰ੍ਹਾਂ ਚੱਲ ਨਹੀਂ ਸਕਦੀ। ਐਡਮਨਿਸਟ੍ਰੇਸ਼ਨ ਇਸ ਵੇਲੇ ਕਿਸ ਤਰ੍ਹਾਂ ਚਲ ਰਹੀ ਹੈ। ਮੇਰੇ ਹਲਕੇ ਵਿਚ ਇਕ ਪਿੰਡ ਹੈ। ਸਾਰੇ ਪਿੰਡ ਨੇ ਦਰਖਾਸਤ ਦੇ ਦਿਤੀ ਕਿ ਸਾਡੀ ਕਨਸਾਲੀਡੇਸ਼ਨ ਹੋ ਜਾਵੇ। 4-5 ਘਰਾਂ ਨੇ ਸ਼ਾਮਲਾਤ ਤੇ ਕਬਜ਼ਾ ਕਰ ਲਿਆ ਹੈ। ਇਸ ਦੀ ਨੋਟੀਫੀਕੇਸ਼ਨ ਹੋ ਗਈ। ਕੁਝ ਆਦਮੀ ਅਕਾਲੀ ਪਾਰਟੀ ਦੇ ਐਮ.ਐਲ.ਏਜ਼., ਨਾਲ ਲੈ ਕੇ ਮਨਿਸਟਰ ਕੋਲ ਚਲੇ ਗਏ ਉਸ ਨੇ ਕਿਹਾ ਕਿ ਮੈਂ ਇਨਕੁਆਇਰੀ ਕਰ ਲਵਾਂਗਾ ਅਤੇ ਕਨਸਾਲੀਡੇਸ਼ਨ ਦਾ ਕੰਮ ਰੋਕ ਦਿੱਤਾ। ਇਸ ਤਰ੍ਹਾਂ ਕੁਝ ਘਰ ਇਕ ਪਾਸੇ ਅਤੇ ਕੁਝ ਦੂਜੇ ਪਾਸੇ ਹੋ ਗਏ ਇਸ ਤੋਂ ਬਾਅਦ ਫਿਰ 4 ਆਦਮੀ ਐਮ. ਐਲ. ਏਜ਼. ਨੂੰ ਨਾਲ ਲੈ ਕੇ ਸਟੇਟ ਮਨਿਸਟਰ ਕੋਲ ਚਲੇ ਗਏ, ਉਸ ਨੇ ਡਾਇਰੈਕਟਰ ਦੀ ਡਿਊਟੀ ਲਗਾ ਦਿੱਤੀ। ਫਿਰ 70 ਘਰ ਇਕ ਪਾਸੇ ਅਤੇ 10 ਦੂਜੇ ਪਾਸੇ, ਫਿਰ ਸਟੇ ਆਰਡਰ ਖਤਮ ਹੋ ਗਏ। ਹੁਣ ਫਿਰ ਤੀਜਾ ਸਟੇ ਆਰਡਰ ਜਾਰੀ ਹੈ। ਤੁਸੀਂ ਆਪ ਅੰਦਾਜ਼ਾ ਲਗਾਓ ਕਿ ਇਸ ਤਰ੍ਹਾਂ ਐਡਮਨਿਸਟਰੇਸ਼ਨ ਕਿਸ ਤਰ੍ਹਾਂ ਚਲ ਸਕਦੀ ਹੈ ?

ਇਲੈਕਸ਼ਨ ਦੇ ਵਿਚ ਮਨਿਸਟਰੀ ਇਹ ਸਟੈਂਡ ਲਵੇ ਕਿ ਕੋਈ ਵੀ ਗੌਰਮਿੰਟ ਅਫਸਰ

[ਕਾਮਰੇਡ ਸੱਤ ਪਾਲ ਡਾਂਗ]
ਜਾਂ ਇੰਪਲਾਈ ਇੰਟਰੇਸਟ ਨਹੀਂ ਲਵੇਗਾ ਜਿਹੜਾ ਇੰਟਰੇਸਟ ਲਵੇਗਾ ਉਸ ਦੇ ਉਤੇ ਐਕਸ਼ਨ ਲਵਾਂਗੇ ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ) ।

4.00 p.m. ਡਿਪਟੀ ਸਪੀਕਰ ਸਾਹਿਬ, ਮੈਨੂੰ ਬੜਾ ਦੁਖ ਹੈ ਕਿ ਲੁਧਿਆਣੇ ਜ਼ਿਲ੍ਹੇ ਵਿਚ ਜੇ. ਬੀ. ਟੀ. ਟੀਚਰਜ਼ ਟਰਾਂਸਫਰ ਕੀਤੇ ਗਏ ਜੋ ਕਿ ਇਲਲੀਗਲ ਰੂਲ ਹੈ । ਜੇ ਉਹ ਵਿਚਾਰੇ ਅਮੀਰ ਹੁੰਦੇ ਔਰ ਉਨ੍ਹਾਂ ਕੋਲ ਪੈਸੇ ਹੁੰਦੇ ਤਾਂ ਉਹ ਹਾਈ ਕੋਰਟ ਵਿਚ ਚਲੇ ਜਾਂਦੇ ਔਰ ਉਥੋਂ ਇਨਸਾਫ ਮੰਗਦੇ। ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਟਰਾਂਸਫਰ ਨਹੀਂ ਕੀਤੇ, ਆਨ ਡੈਪੂਟੇਸ਼ਨ ਭੇਜੇ ਹਨ । ਮੈਂ ਪੁੱਛਦਾ ਹਾਂ ਕਿ ਡੈਪੂਟੇਸ਼ਨ ਤੇ ਤੁਸੀਂ ਕਿਸ ਤਰ੍ਹਾਂ ਭੇਜ ਸਕਦੇ ਹੋ ਜਿਤਨਾਂ ਚਿਰ ਉਨ੍ਹਾਂ ਦੀ ਕਨਸੈਂਟ ਨਾ ਹੋਵੇ ? ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਕੋਲੋਂ ਕਨਸੈਂਟ ਮੰਗੀ ਗਈ ਪਰ ਉਨ੍ਹਾਂ ਨੇ ਆਪਣੀ ਕਨਸੈਂਟ ਨਹੀਂ ਦਿੱਤੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਐਡਮਨਿਸਟਰੇਸ਼ਨ ਫਿਰ ਕਿਸ ਤਰ੍ਹਾਂ ਚਲੇਗੀ ਜੇ ਕਿਸ ਤਰ੍ਹਾਂ ਚੀਜ਼ਾਂ ਹੁੰਦੀਆਂ ਰਹਿਣ ?

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕੋਟਿਆਂ ਦੇ ਬਾਰੇ ਕਰਨੀ ਚਾਹੁੰਦਾ ਹਾਂ । ਕੋਈ ਬੰਦਾ ਉਠਿਆ ਔਰ ਅਪਰੋਚ ਕੀਤੀ ਕਿ ਜੇ ਬੀ.ਟੀ. ਦੇ ਦਾਖਲੇ ਲਈ ਸੀਟਾਂ ਦਾ ਕੋਟਾ ਇਸ ਤਰ੍ਹਾਂ ਕਰ ਲਓ ਤਾਂ ਮਰਹੂਮ ਚੀਫ ਮਨਿਸਟਰ, ਗਿਲ ਸਾਹਿਬ ਨੇ ਕਿਹਾ ਕਿ ਇਸ ਤਰ੍ਹਾਂ ਕਰ ਲਉ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਵੀ ਜਿਹੜੇ ਕਿਸਮ ਦਾ ਕੋਟਾ ਹੈ ਉਹ ਖ਼ਤਮ ਹੋਣਾ ਚਾਹੀਦਾ ਹੈ। ਜੇ ਐਡਮਨਿਸਟਰੇਸ਼ਨ ਨੂੰ ਕਲੀਨ ਕਰਨਾ ਹੈ ਤਾਂ ਇਸ ਦੀ ਐਗਜ਼ੈਮਪਲ ਤੁਹਾਨੂੰ ਕਾਇਮ ਕਰਨੀ ਪਵੇਗੀ। ਅਗਰ ਗੌਰਮਿੰਟ ਕੋਟਾ ਕਿਸੇ ਚੀਜ਼ ਦਾ ਕਰਦੀ ਹੈ Then every step must be taken to ensure ਕਿ ਇਸ ਦਾ ਬੈਨੀਫਿਟ ਕਿਸੇ ਮਨਿਸਟਰ ਜਾਂ ਐਮ. ਐਲ. ਏਜ਼ ਨੂੰ ਨਹੀਂ ਹੋਵੇਗਾ, ਇਹ ਜਨਰਲ ਪਬਲਿਕ ਨੂੰ ਹਵੇਗਾ । ਲੇਕਿਨ, ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਇਹ ਕਿਸ ਤਰ੍ਹਾਂ ਕਰ ਸਕਦੇ ਹਨ ? ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਇਕ ਆਰਡਰ ਮਨਿਸਟਰ ਲੋਕਲ ਬਾਡੀਜ਼ ਨੇ ਕੀਤਾ ! ਬਠਿੰਡੇ ਵਿਚ ਇਕ ਐਮ. ਐਲ. ਏ. ਸਾਹਿਬ ਸਨ । (ਵਿਘਨ) ਪ੍ਰੈਜ਼ੀਡੈਂਟ ਦੇ ਖਿਲਾਫ ਇਕ ਨੋਟੀਫੀਕੇਸ਼ਨ ਦਿਤੀ ਕਿ ਮੀਟਿੰਗ ਹੋਵੇ । ਉਹ ਐਮ. ਐਲ. ਏ. ਅਗੇ ਤੁਰਿਆ ਫਿਰੇ ਕਿ ਜਿਤਨਾ ਚਿਰ ਇਹ ਸਰਕਾਰ ਹੈ ਮੈਂ ਪਰੈਜ਼ੀਡੈਂਟ ਰਹਾਂ ਚਾਹੇ ਮੇਰੇ ਨਾਲ ਕੋਈ ਰਹੇ ਜਾਂ ਨਾਂ । ਉਸ ਨੇ ਕੁਝ ਪਾਵਰਜ਼ ਮਿਸਯੂਜ਼ ਕੀਤੀਆਂ ਔਰ ਮਨਿਸਟਰ ਸਾਹਿਬ ਨੇ ਐਕਸ਼ਨ ਲੈ ਲਿਆ ਔਰ ਨਵੇਂ ਪਰੈਜ਼ੀਡੈਂਟ ਦੇ ਆਰਡਰ ਕੀਤੇ । ਡਿਪਟੀ ਸਪੀਕਰ ਸਾਹਿਬ, ਸਟੇਟ ਮਨਿਸਟਰ ਸਾਹਿਬ ਨੇ ਸਟੇ ਆਰਡਰ ਦੇ ਦਿੱਤੇ ਔਰ ਉਹ ਆਰਡਰ ਦਸਤੀ ਫੜਾ ਦਿੱਤੇ । ਮੇਰੀ ਅਰਜ਼ ਹੈ ਕਿ ਇਕ ਮਨਿਸਟਰ ਦੇ ਆਰਡਰ ਦੇ ਖਿਲਾਫ ਇਹ ਆਰਡਰ ਦਿੱਤੇ ਤਾਂ ਮੈਂ ਨਹੀਂ ਸਮਝਦਾ ਕਿ ਇਹ ਐਡਮਨਿਸਟਰੇਸ਼ਨ ਕਿਸ ਤਰ੍ਹਾਂ ਚੇਲੇਗੀ ?

ਡਿਪਟੀ ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੇ ਬਾਰੇ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਇਹ ਇਕ ਬੜੀ ਵਡੀ ਬਿਮਾਰੀ ਬਣੀ ਹੋਈ ਹੈ ਔਰ ਇਹ ਬਿਮਾਰੀ ਦਿਨ ਬਦਿਨ ਵੱਧ ਰਹੀ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦਾ ਇਲਾਜ ਕਿਉਂ ਨਹੀਂ ਹੁੰਦਾ ਔਰ ਇਹ ਕੁਰੱਪਸ਼ਨ ਦੂਰ ਕਿਉਂ ਨਹੀਂ ਹੁੰਦੀ । ਡਿਪਟੀ ਸਪੀਕਰ ਸਾਹਿਬ, ਇਹ ਕੁਰੱਪਸ਼ਨ ਦੂਰ ਨਹੀਂ

ਹੋ ਸਕਦੀ ਜਿਤਨਾ ਚਿਰ ਟਾਪ ਤੇ ਜੋ ਬੈਠੇ ਹਨ ਉਹ ਫੇਅਰ ਡੀਲਰਜ਼ ਨਹੀਂ ਹੁੰਦੇ । ਜਿਤਨਾ ਚਿਰ ਉਹ ਠੀਕ ਕੰਮ ਨਹੀਂ ਕਰਦੇ ਉਤਨਾ ਚਿਰ ਕੁਰੱਪਸ਼ਨ ਦੂਰ ਨਹੀਂ ਹੋ ਸਕਦੀ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਸਪੋਰਟਸ ਅਫ਼ਸਰ ਹੈ, ਪਹਿਲਾਂ ਉਹ ਡਿਵੈਲਪਮੈਂਟ ਵਿਚ ਸੀ । 1962 ਵਿਚ ਜਦੋਂ ਚਾਈਨੀਜ਼ ਐਗਰੈਸ਼ਨ ਹੋਇਆ ਤਾਂ ਹਜ਼ਾਰਾਂ ਰੁਪਏ ਡੀਫੈਂਸ ਫੰਡ ਲਈ ਇਕਠੇ ਹੋਏ ਔਰ ਉਹ ਖਾ ਪੀ ਗਿਆ । 1967 ਵਿਚ ਫਰੰਟ ਮਨਿਸਟਰੀ ਸੀ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕੇਸ ਰੈਫਰ ਕੀਤਾ । ਫਿਰ ਉਹ ਮਨਿਸਟਰੀ ਟੁਟ ਗਈ । ਕਈ ਸੱਜਣ ਇਨ੍ਹਾਂ ਕੋਲ ਗਏ ਕਿ ਮਹਾਰਾਜ ਹੁਣ ਐਕਸ਼ਨ ਨਾ ਲਵੋ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਉਂ ਨਾ ਐਕਸ਼ਨ ਲਿਆ ਜਾਵੇ ? ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਇਕ ਆਈ. ਏ. ਐਸ. ਅਫ਼ਸਰ ਦੀ ਕਾਰ ਸਮੱਗਲਰਾਂ ਨਾਲ ਫੜੀ ਗਈ । (ਵਿਘਨ) ਗਿਲ ਸਾਹਿਬ ਨੇ ਉਸ ਨੂੰ ਇਨਾਮ ਦਿੱਤਾ । ਮੈਂ ਕਹਿੰਦਾ ਹਾਂ ਕਿ ਹੁਣ ਦੀ ਸਰਕਾਰ ਨੇ ਕੀ ਐਕਸ਼ਨ ਲਿਆ ? ਡਿਪਟੀ ਸਪੀਕਰ ਸਾਹਿਬ, ਇਸ ਨਾਲ ਨਤੀਜਾ ਕੀ ਨਿਕਲੇਗਾ ਅਫ਼ਸਰ ਹਮੇਸ਼ਾ ਇਹ ਸੋਚਣਗੇ ਕਿ ਜੇ ਮੈਂ ਕੁਰੱਪਸ਼ਨ ਫੜ ਲਈ ਤਾਂ ਮੈਂ ਫੜਿਆ ਜਾਵਾਂਗਾ ਔਰ ਕੁਰੱਪਸ਼ਨ ਕਰਨ ਵਾਲੇ ਨੂੰ ਕੁਝ ਨਹੀਂ ਹੋਵੇਗਾ । ਸੋ ਮੇਰੀ ਅਰਜ਼ ਹੈ ਕਿ ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਇਹ ਕੁਰੱਪਸ਼ਨ ਘੱਟ ਨਹੀਂ ਸਕਦੀ ।

ਡਿਪਟੀ ਸਪੀਕਰ ਸਾਹਿਬ, ਜ਼ਮੀਨ ਦਾ ਮਸਲਾ ਆਇਆ । ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਕਿ ਕੋਈ ਵੀ ਬੰਦਾ ਹੋਵੇ ਚਾਹੇ ਉਹ ਸਰਦਾਰ ਆਤਮਾ ਸਿੰਘ ਦਾ ਬੰਦਾ ਹੋਵੇ ਜਾਂ ਉਸ ਦਾ ਕੋਈ ਰਿਸ਼ਤੇਦਾਰ ਹੋਵੇ ਜਾਂ ਕੋਈ ਹੋਰ ਹੋਵੇ, ਜੇ ਉਸ ਨੇ ਇਸ ਤਰ੍ਹਾਂ ਕੀਤਾ ਹੈ ਤਾਂ ਮੈਂ ਕਬਜ਼ਾ ਦਿਵਾਵਾਂਗਾ । ਡਿਪਟੀ ਸਪੀਕਰ ਸਾਹਿਬ, ਬਹੁਤ ਸਾਰੀਆਂ ਜ਼ਮੀਨਾ ਬੰਜਰ ਸੀ, ਹਰੀਜਨ ਮੇਹਨਤ ਕਰਕੇ ਉਸ ਨੂੰ ਆਬਾਦ ਕਰਕੇ ਬੈਠੇ ਹਨ । ਜੇ ਕੋਈ ਬੰਦਾ ਉਸ ਤੇ ਇਸ ਕਰਕੇ ਕਬਜ਼ਾ ਕਰ ਲਵੇ ਕਿ ਉਹ ਇਕ ਮਨਿਸਟਰ ਸਾਹਿਬ ਦਾ ਭਰਾ ਹੈ ਜਾਂ ਕੋਈ ਰਿਸ਼ਤੇਦਾਰ ਹੈ, ਜੇ ਇਹੋ ਜਿਹੀ ਹਾਲਤ ਹੋਵੇ ਤਾਂ ਮੇਰੀ ਅਰਜ਼ ਹੈ ਕਿ ਇਹ ਕੁਰੱਪਸ਼ਨ ਦੂਰ ਨਹੀਂ ਹੋ ਸਕਦੀ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਵੀ ਕਪੂਰਥਲੇ ਤੋਂ ਚਿੱਠੀ ਆਈ । (ਵਿਘਨ) ਨਾਮ ਉਹੀ ਹੈ ਜਿਸ ਦਾ ਜ਼ਿਕਰ ਹੋਇਆ ਹੈ । ਮੈਂ ਇਹ ਚੀਜ਼ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲੈ ਆਵਾਂ. . . . .

> "S. Sewa Singh, the brother of S. Atma Singh, has encroached two kanals' piece of Custodian land situated opposite Central Octroi post on Railway Road, Kapurthala forcibly and wall has been completed on all sides. This is in the knowledge of Government of Punjab but they are not taking any action against S. Sewa Singh due to S. Atma Singh, Minister, Punjab......."

ਹੁਣ ਇਹ ਕਿਹਾ ਜਾਂਦਾ ਹੈ ਕਿ ਕੋਈ ਵੀ ਹੋਵੇ, ਮਨਿਸਟਰ ਸਾਹਿਬ ਦਾ ਭਰਾ ਭਾਈ ਜੋ ਵੀ ਹੋਵੇ, ਉਸ ਨੂੰ ਉਠਾ ਦੇਵਾਂਗੇ । ਮੇਰੀ ਅਰਜ਼ ਹੈ ਕਿ ਜੇ ਇਹੋ ਜਿਹੀਆਂ ਚੀਜ਼ਾਂ ਨੂੰ ਦੂਰ ਕਰਨ ਦਾ ਯਤਨ ਨਹੀਂ ਕਰਨਗੇ ਤਾਂ ਕੁਰੱਪਸ਼ਨ ਕਿਸ ਤਰ੍ਹਾਂ ਦੂਰ ਹੋਵੇਗੀ ?

ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਜ਼ਿਲ੍ਹੇ ਦੀ ਗੱਲ ਕਰਦਾ ਹਾਂ । ਇਕ ਸਰਪੰਚ ਦੇ ਖਿਲਾਫ਼ ਗ਼ਬਨ ਦਾ ਕੇਸ ਸੀ ਔਰ ਉਹ ਗਬਨ ਦਾ ਕੇਸ ਸਾਬਤ ਹੋ ਗਿਆ । 10 ਮਹੀਨੇ, ਸਾਲ ਉਹ ਕੇਸ ਰਜਿਸਟਰ ਹੀ ਨਹੀਂ ਹੋਇਆ ਕਿਉਂਕਿ ਸਰਦਾਰ ਕੈਰੋਂ ਨੇ ਪੁਲਿਸ ਨੂੰ ਕਹਿ

ਕਾਮਰੇਡ ਸੱਤ ਪਾਲ ਡਾਂਗ]

ਦਿਤਾ ਸੀ ਕਿ ਇਹ ਕੇਸ ਰਜਿਸਟਰ ਨਹੀਂ ਕਰਨਾ । ਹੁਣ ਚੀਫ ਮਨਿਸਟਰ ਸਾਹਿਬ ਹੈਰਾਨ ਹੁਦੇ ਹਨ । ਕੀ ਇਨ੍ਹਾਂ ਨੂੰ ਨਹੀਂ ਪਤਾ ਕਿ ਇਹ ਗਲਾਂ ਵੀ ਹੁੰਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਜੇ ਚਿਟੀ ਲਾਹ ਦਿਓ ਤੇ ਨੀਲੀ ਕਰਵਾ ਕੇ ਬੰਨ੍ਹ ਲਓ ਤਾਂ ਕੀ ਸਾਰਾ ਕੁਝ ਸ਼ੁਧ ਹੋ ਜਾਂਦਾ ਹੈ ? (ਵਿਘਨ) ਮੈਨੂੰ ਨਹੀਂ ਪਤਾ ਡਿਪਟੀ ਸਪੀਕਰ ਸਾਹਿਬ ਕਿ ਚੀਫ ਮਨਿਸਟਰ ਸਾਹਿਬ ਹੈਰਾਨ ਕਿਉਂ ਹੁੰਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇਹੋ ਜਿਹੇ ਦਰਜਨਾਂ ਕੇਸ ਦੱਸ ਸਕਦਾ ਹਾਂ ਪਰ ਮੈਂ ਉਨ੍ਹਾਂ ਵੱਲ ਬਹੁਤਾ ਨਾ ਜਾਂਦਾ ਹੋਇਆ ਇਕ ਦੋ ਗਲਾਂ ਹੀ ਕਰਨੀਆਂ ਚਾਹੁੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਬੜੇ ਮਾਣ ਨਾਲ ਇਹ ਦਾਅਵਾ ਕੀਤਾ ਕਿ 1967 ਦਾ ਜੋ ਸਾਂਝਾ ਫਰੰਟ ਸੀ ਉਸ ਫਰੰਟ ਦਾ ਜੋ 10 ਨੁਕਤਾ ਪਰੋਗਰਾਮ ਸੀ ਉਸ ਤੇ ਅਮਲ ਸ਼ੁਰੂ ਕਰ ਦਿੱਤਾ ਹੈ । ਅੱਜ ਡਿਪਟੀ ਸਪੀਕਰ ਸਾਹਿਬ, ਬਹਿਸ ਪੁਲਿਸ ਤੇ ਜੈਨਰਲ ਐਡਮਿਨਿਸਟਰੇਸ਼ਨ ਤੇ ਹੈ । ਉਸ ਵਿਚ ਦੋ ਨੁਕਤੇ ਸਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਅਗਰ ਉਹ ਅਪਰੂਵ ਕਰ ਦਿੱਤਾ ਹੈ ਤਾਂ ਉਸ ਤੇ ਅਮਲ ਹੋਣਾ ਚਾਹੀਦਾ ਹੈ, ਇਹ ਸਰਕਾਰ ਹੁਣ ਅਮਲ ਕਿਉਂ ਨਹੀਂ ਕਰਨਾ ਚਾਹੁੰਦੀ ਉਦੋਂ ਇਹ ਚੀਫ ਮਨਿਸਟਰ ਸਾਹਿਬ ਕਰਨਾ ਚਾਹੁੰਦੇ ਸੀ ? (ਵਿਘਨ) ਡਿਪਟੀ ਸਪੀਕਰ ਸਾਹਿਬ, ਉਹ ਮਨਿਸਟਰੀ ਟੁੱਟ ਗਈ ਹੈ ਪਰ ਉਨ੍ਹਾਂ ਗਲਾਂ ਤੇ ਅਮਲ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਕ ਹਾਈ ਪਾਵਰਡ ਕਮਿਸ਼ਨ ਮੁਕੱਰਰ ਹੋਣਾ ਚਾਹੀਦਾ ਹੈ । ਜੇ ਪੰਜਾਬ ਦਾ ਵਾਤਾਵਰਨ ਚੰਗਾ ਕਰਨਾ ਹੈ, ਜੇ ਦੇਸ਼ ਦਾ ਵਾਤਾਵਰਣ ਚੰਗਾ ਕਰਨਾ ਹੈ ਤਾਂ ਇਕ ਹਾਈ ਪਾਵਰਡ ਕਮਿਸ਼ਨ ਮੁਕਰੱਰ ਕਰੋ । (ਵਿਘਨ) ਉਸ ਵਿਚ ਐਮ. ਐਲ. ਏਜ਼ 10 ਹੋਣ ਜਾਂ 5 ਐਮ. ਐਲ. ਏਜ਼ ਹੋਣ, ਜਿਤਨਾ ਪੈਸਾ ਜਮ੍ਹਾਂ ਕਰਵਾਉਣਾ ਹੈ ਉਹ ਵੀ ਮੁੱਕਰਰ ਕਰ ਦਿਓ ਫਿਰ ਅਗਰ ਕਿਸੇ ਮਨਿਸਟਰ ਦੇ ਖਿਲਾਫ, ਕਿਸੇ ਸਟੇਟ ਮਨਿਸਟਰ ਦੇ ਖਿਲਾਫ ਜਾਂ ਕਿਸੇ ਐਕਸ ਮਨਿਸਟਰ ਦੇ ਖਿਲਾਫ ਕੋਈ ਐਲੀਗੇਸ਼ਨ ਲਗੇ ਤਾਂ ਸਰਕਾਰ ਉਸ ਨੂੰ ਰੋਕੇ ਨਾ, ਔਰ ਉਸ ਮਸ਼ੀਨਰੀ ਕੋਲ ਭੇਜੇ । ਜੇ ਉਹ ਐਲੀਗੇਸ਼ਨ ਐਸਟੈਬਲਿਸ਼ ਹੋ ਜਾਵੇ ਤਾਂ ਇਨਕੁਆਇਰੀ ਕਮਿਸ਼ਨ, ਇਨਕੁਆਇਰੀ ਐਕਟ ਦੇ ਹੇਠਾਂ ਮੁਕਰੱਰ ਕਰ ਕੇ, ਉਸ ਦੇ ਉਤੇ ਫੁਲ ਫਲੈਜਡ ਇਨਕੁਆਇਰੀ ਕਰੇ । ਕੀ ਇਸ ਦੀ ਲੋੜ ਨਹੀਂ ? ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁਛਾਂਗਾ ਕਿ ਜਿਹੜੇ ਮੋਲੈਸਿਜ਼ ਵਾਲੇ ਕੇਸ ਤੇ ਅਸੀਂ ਰਲ ਕੇ ਦਸਤਖਤ ਕੀਤੇ ਸੀ ਅਤੇ ਮੈਮੋਰੰਡਮ ਪੇਸ਼ ਕੀਤਾ ਸੀ ਗਵਰਨਰ ਸਾਹਿਬ ਨੂੰ, ਉਸ ਦਾ ਹੁਣ ਕੀ ਬਣਿਆ ? ਜੇਕਰ ਸਬੰਧਤ ਚੀਫ਼ ਮਨਿਸਟਰ ਸਾਹਿਬ ਗੁਜ਼ਰ ਗਏ ਹਨ ਤਾਂ ਕੀ ਉਸ ਦੇ ਨਾਲ ਹੀ ਕੇਸ ਖ਼ਤਮ ਹੋ ਜਾਂਦਾ ਹੈ । ਬਾਕੀ ਜਿਹੜੇ ਉਸ ਕੇਸ ਵਿਚ ਇਨਵਾਲਵਡ ਹਨ, ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲਿਆ ਜਾ ਸਕਦਾ ਹੈ ਪਰ ਪਤਾ ਨਹੀਂ ਕਿਉਂ ਉਹ ਕੇਸ ਖ਼ਤਮ ਕੀਤਾ ਜਾ ਰਿਹਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਜੇਕਰ ਅਸੀਂ ਇਨ੍ਹਾਂ ਚੀਜ਼ਾਂ ਵਲ ਧਿਆਨ ਨਹੀਂ ਦਿਆਂਗੇ ਤਾਂ ਐਡਮਨਿਸਟਰੇਸ਼ਨ ਕਲੀਨ ਨਹੀਂ ਹੋ ਸਕਦੀ । ਚਾਰ ਕਲਰਕਾਂ

ਨੂੰ ਕੱਢ ਦੇਣਾ ਜਾਂ ਚਾਰ ਛਾਬੜੀ ਵਾਲਿਆਂ ਦੇ ਚਲਾਨ ਕਰ ਦੇਣ ਨਾਲ ਐਡਮਨਿਸਟਰੇਸ਼ਨ ਸੁਧਰ ਨਹੀਂ ਸਕਦੀ ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਸ਼੍ਰੀ ਪ੍ਰਿੰਕਿੰਗਸਨ ਜਿਹੜੇ ਐਡ-ਮਨਿਸਟਰੇਸ਼ਨ ਦੇ ਐਕਸਪਰਟ ਹਨ ਅਤੇ ਜਿਨ੍ਹਾਂ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੇ ਇਕ ਆਰਟੀਕਲ ਵਿਚ ਕੋਟ ਕੀਤਾ ਸੀ ਉਹ ਸਜਣ ਸਾਡੇ ਦੇਸ਼ ਵਿਚ ਆਏ ਹੋਏ ਹਨ ਅਤੇ ਸਾਡੀ ਸਰਕਾਰ ਨੇ ਉਨ੍ਹਾਂ ਕੋਲ ਆਪਣੇ ਅਫਸਰਾਂ ਨੂੰ ਭੇਜ ਕੇ ਲੈਕਚਰ ਕਰਵਾਏ । ਉਨ੍ਹਾਂ ਦੀਆਂ ਬਾਕੀ ਗੱਲਾਂ ਵਿਚ ਮੈਂ ਨਹੀਂ ਜਾਣਾ ਚਾਹੁੰਦਾ ਠੀਕ ਹਨ ਜਾਂ ਗਲਤ ਹਨ, ਲੇਕਿਨ ਮੈਂ ਉਨ੍ਹਾਂ ਨਾਲ ਇਥੇ ਤਾਈਂ ਜ਼ਰੂਰ ਸਹਿਮਤ ਹਾਂ ਕਿ ਜਿੰਨੀਂ ਬਿਊਰੋਕਰੇਸੀ ਵਧੇਗੀ, ਤਾਂ ਉਨਾਂ ਕੰਮ ਘੱਟੇਗਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਉਸ ਦੀ ਇਸ ਗੱਲ ਤੇ ਅਮਲ ਵੀ ਕਰਨਾ ਚਾਹੀਦਾ ਹੈ, ਕੇਵਲ ਦਿਖਾਵਾ ਹੀ ਨਹੀਂ ਕਰਨਾ ਚਾਹੀਦਾ । ਇਥੇ ਜਿੰਨੀਆਂ ਵੀ ਅਨ-ਨਸੈਸਰੀ ਪੋਸਟਾਂ ਕਰੀਏਟ ਕੀਤੀਆਂ ਹੋਈਆਂ ਹਨ ਉਨ੍ਹਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ ਅਤੇ ਤਾਂ ਹੀ ਬਿਊਰੋਕਰੇਸੀ ਦਾ ਖ਼ਾਤਮਾ ਹੋ ਸਕਦਾ ਹੈ ।

ਮੈਂ ਅਰਜ਼ ਕਰਾਂਗਾ ਕਿ ਹਰ ਡਿਪਾਰਟਮੈਂਟ ਲਈ ਇਕ ਡਿਪਾਰਟਮੈਂਟਲ ਕਮੇਟੀ ਬਣਾਈ ਜਾਣੀ ਚਾਹੀਦੀ ਹੈ । ਇਸ ਦੇ ਇਲਾਵਾ ਜ਼ਿਲ੍ਹਾ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਇਸੇ ਤਰ੍ਹਾਂ ਹਰ ਪੱਧਰ ਤੇ ਕਮੇਟੀਆਂ ਬਣਾਈਆਂ ਜਾਣ ਤਾਂ ਹੀ ਲੋਕਾਂ ਨੂੰ ਸੁਖੱਲੀ ਅਤੇ ਸਸਤੀ ਐਡਮਨਿਸਟਰੇਸ਼ਨ ਮਿਲ ਸਕਦੀ ਹੈ । ਮੈਨੂੰ ਖ਼ੁਸ਼ੀ ਹੈ ਕਿ ਇਨ੍ਹਾਂ ਨੇ ਰੀਜਨਲ ਟਰਾਂਸਪੋਰਟ ਅਥਾਰਟੀਜ਼ ਕੱਢ ਦਿਤੀਆਂ, ਪਟਿਆਲਾ, ਜਲੰਧਰ ਆਦਿ ਵਿਚ ਅਤੇ ਉਨ੍ਹਾਂ ਦਾ ਕੰਮ ਉਥੇ ਦੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰਾਂ ਨੂੰ ਦੇ ਦਿਤਾ ਹੈ । ਇਸੇ ਤਰ੍ਹਾਂ ਹੀ ਬਾਕੀ ਜਿਹੜੀਆਂ ਅਨ-ਨਸੈਸਰੀ ਪੋਸਟਾਂ ਹਨ ਉਹ ਵੀ ਖ਼ਤਮ ਕਰ ਦੇਣੀਆਂ ਚਾਹੀਦੀਆਂ ਹਨ ਅਤੇ ਇਸੇ ਤਰ੍ਹਾਂ ਬਿਊਰੋਕਰੇਸੀ ਦੇ ਰਾਜ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ । ਤਾਂ ਹੀ ਐਡਮਨਿਸਰੇਸ਼ਨ ਲੋਕਾਂ ਦੇ ਨੇੜੇ ਆ ਸਕਦੀ ਹੈ ਅਤੇ ਤਾਂ ਹੀ ਐਡਮਨਿਸਟਰੇਸ਼ਨ ਬਿਹਤਰ ਹੋ ਸਕਦੀ ਹੈ ਅਤੇ ਲੋਕਾਂ ਨੂੰ ਕਲੀਨ ਐਡਮਨਿਸਟਰੇਸ਼ਨ ਮਿਲ ਸਕਦੀ ਹੈ ।

ਸਰਦਾਰ ਕ੍ਰਿਪਾਲ ਸਿੰਘ (ਅੰਮ੍ਰਿਤਸਰ ਦੱਖਣ) : ਡਿਪਟੀ ਸਪੀਕਰ ਸਾਹਿਬ, ਅੱਜ ਦੀਆਂ ਜਿਹੜੀਆਂ ਡਿਮਾਂਡਜ਼ ਹਾਊਸ ਦੇ ਸਾਹਮਣੇ ਪੇਸ਼ ਹਨ ਨੰ: 19, 23 ਆਮ ਪ੍ਰਸ਼ਾਸਨ ਅਤੇ ਪੁਲਿਸ ਦੇ ਸਿਲਸਲੇ ਵਿਚ, ਮੈਂ ਉਨ੍ਹਾਂ ਬਾਰੇ ਚੰਦ ਮਿੰਟਾਂ ਵਿਚ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ । ਜਿਥੋਂ ਤੱਕ ਆਮ ਪ੍ਰਸ਼ਾਸਨ ਦਾ ਤੁਅੱਲਕ ਹੈ ਉਸ ਦੇ ਬਾਰੇ ਵਿਚ ਡਾਂਗ ਸਾਹਿਬ ਨੇ ਬਹੁਤ ਕੁੱਝ ਕਿਹਾ ਹੈ । ਮੈਂ ਮਿਸਾਲ ਦੇ ਤੌਰ ਤੇ ਚੰਦ ਗੱਲਾਂ ਅਰਜ਼ ਕਰਨੀਆਂ ਚਾਹੁੰਦਾ ਹਾਂ ਕਿ ਪੁਲੀਟੀਕਲ ਬਿਨਾ ਉਤੇ ਝੂਠੇ ਮੁਕੱਦਮੇ ਦਾਇਰ ਕਰਨਾ ਇਹ ਰਿਵਾਜ਼ ਬਹੁਤ ਦੇਰ ਤੋਂ ਚਲਿਆ ਆ ਰਿਹਾ ਹੈ ਔਰ ਜੋ ਇਹ ਸਰਕਾਰ ਆਈ ਹੈ ਜਦੋਂ ਇਹ ਸੱਜਨ ਆਪੋਜ਼ੀਸ਼ਨ ਵਿਚ ਸਨ ਜਿਸ ਚੀਜ਼ ਦੀ ਸਾਨੂੰ ਸ਼ਿਕਾਇਤ ਹੁਣ ਹੈ ਉਸ ਵੇਲੇ ਇਨ੍ਹਾਂ ਨੂੰ ਇਹੀ ਸ਼ਿਕਾਇਤ ਹੁੰਦੀ ਸੀ । ਮੈਂ ਇਹ ਕਹਾਂਗਾ ਕਿ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣ ਦੇ ਬਾਵਜੂਦ ਵੀ ਕਿ ਇਹ ਝੂਠੇ ਕੇਸ ਹਨ ਅਤੇ ਉਹ ਵਾਜ਼ਿਹ ਤੌਰ ਤੇ ਝੂਠੇ ਕੇਸ ਹਨ, ਲੇਕਿਨ ਹਾਲੇ ਤੱਕ ਵੀ ਉਹ ਕਾਇਮ ਹਨ । ਅੰਮ੍ਰਿਤਸਰ ਵਿਚ ਜਿਸ ਵੇਲੇ ਚੰਡੀਗੜ੍ਹ, ਫਾਜ਼ਿਲਕਾ ਅਤੇ ਅਬੋਹਰ ਦਾ ਫੈਸਲਾ ਹੋਇਆ ਤਾਂ ਉਸ ਵੇਲੇ ਦੋ ਆਦਮੀਆਂ ਤੇ ਦੋ ਕੇਸ ਬਣੇ । ਇਕ ਦਾ ਨਾਂ ਸ਼੍ਰੀ ਪੂਰਣ ਸਿੰਘ ਹੈ ਅਤੇ

[ਸਰਦਾਰ ਕ੍ਰਿਪਾਲ ਸਿੰਘ]

ਦੂਸਰੇ ਦਾ ਨਾਂ ਸ਼੍ਰੀ ਸੰਤੋਖ ਸਿੰਘ । ਇਨ੍ਹਾਂ ਦੋਸਤਾਂ ਤੇ ਬਿਲਕੁਲ ਝੂਠੇ ਮੁਕਦਮੇ ਬਣਾਏ ਗਏ । ਸ਼੍ਰੀ ਪੂਰਨ ਸਿੰਘ ਤੇ ਤਾਂ ਇਹ ਮੁਕੱਦਮਾ ਬਣਾਇਆ ਗਿਆ ਕਿ ਉਸ ਨੇ ਕੇਲੇ ਵਾਲੇ ਤੋਂ ਕੇਲੇ ਲਏ ਅਤੇ ਉਸ ਨੂੰ ਪੈਸੇ ਨਹੀਂ ਦਿੱਤੇ ਤੇ ਆਪਸ ਦੀ ਲੜਾਈ ਵਿਚ ਅੰਦਰ ਕਰ ਦਿਤਾ । ਜਦੋਂ ਕਿ ਕੇਲਿਆਂ ਵਾਲਾ ਕਹਿੰਦਾ ਹੈ ਕਿ ਮੇਰੇ ਕੋਲੋਂ ਪੁਲੀਸ ਜ਼ਬਰਦਸਤੀ ਦਸਤਖਤ ਕਰਾ ਕੇ ਲੈ ਗਈ ਹੈ । ਇਹ ਕੇਸ ਇਸ ਲਈ ਬਣਾਏ ਗਏ ਕਿਉਂਕਿ ਉਹ ਸੱਜਨ ਉਸ ਫੈਸਲੇ ਦੀ ਵਿਰੋਧਤਾ ਵਿਚ ਸੰਤ ਫਤਹ ਸਿੰਘ ਦੇ ਵਿਰੁਧ ਬੋਲੇ ਸਨ । ਦੂਜੇ ਆਦਮੀ ਤੇ ਅਫ਼ੀਮ ਦਾ ਕੇਸ ਬਣਾਇਆ ਗਿਆ । ਅਫ਼ੀਮ ਉਸ ਦੇ ਅੰਦਰ ਪਾ ਦਿੱਤੀ ਗਈ ਅਤੇ ਉਸ ਜੁਰਮ ਵਿਚ ਉਸ ਨੂੰ ਗਿਰਫਤਾਰ ਕੀਤਾ ਗਿਆ ਅਤੇ ਕੇਸ ਚਲਾ ਦਿੱਤਾ, ਜਿਹੜਾ ਕਿ ਬਿਲਕੁਲ ਝੂਠਾ ਅਤੇ ਬੇਬੁਨਿਆਦ ਸੀ । ਸਿਰਫ ਗੱਲ ਇਤਨੀ ਸੀ ਕਿ ਉਹ ਸੰਤ ਦੇ ਉਸ ਫ਼ੈਸਲੇ ਨੂੰ ਮੰਨ ਲੈਣ ਨਾਲ ਮੁਖਾਲਫ਼ਤ ਕਰਦੇ ਸੀ । ਇਸ ਲਈ ਮੈਂ ਆਪਣੇ ਜ਼ਿਲ੍ਹ ਵਿਚ ਹੋਈ ਇਸ ਗੱਲ ਦੀ ਆਪੋਜ਼ੀਸ਼ਨ ਕਰਦਾ ਹਾਂ ਅਤੇ ਮੈਂ ਪਹਿਲਾਂ ਵੀ ਇਸ ਦੀ ਮੁਖਾਲਫਤ ਕੀਤੀ ਸੀ ।

ਮੈਂ ਬਜਟ ਡਿਸਕਸ਼ਨ ਵੇਲੇ ਵੀ ਐਡਮਨਿਸਟਰੇਸ਼ਨ ਤੇ ਬੋਲਦਿਆਂ ਅਰਜ਼ ਕੀਤੀ ਸੀ ਕਿ ਇਹ ਕਿਸ ਤਰੀਕੇ ਨਾਲ ਚਲ ਰਹੀ ਹੈ । ਮੈਂ ਅੰਮ੍ਰਿਤਸਰ ਦੇ ਹੋਟਲਾਂ ਦੀ ਮਿਸਾਲ ਦਿੱਤੀ ਸੀ ਕਿ ਉਨ੍ਹਾਂ ਦੇ ਖਿਲਾਫ ਕੇਸ ਬਣ ਗਏ ਸੀ ਅਤੇ ਉਨ੍ਹਾਂ ਨੇ ਰੀਪ੍ਰੈਜ਼ੇਂਟੇਸ਼ਨ ਕੀਤੀ ਕਿ ਅਸੀਂ ਤਾਂ ਦੁਧ ਇਸਤੇਮਾਲ ਨਹੀਂ ਕਰਦੇ ਅਤੇ ਸਪਰੇਟਾ ਇਸਤੇਮਾਲ ਕਰਦੇ ਹਾਂ ਉਹ ਵੀ ਚਾਹ ਲਈ । ਇਸ ਦੇ ਉੱਤੇ ਜਿਹੜੇ ਸਾਡੇ ਸਾਬਕਾ ਮਨਿਸਟਰ ਸਾਹਿਬ, ਸ਼੍ਰੀ ਕ੍ਰਿਸ਼ਨ ਲਾਲ ਜੀ ਨੇ ਇਹ ਆਰਡਰ ਕਰ ਦਿੱਤੇ ਚੂੰਕਿ ਇਹ ਪੈਟੀ ਕੇਸ ਹਨ ਅਤੇ ਵਾਪਿਸ ਲੈ ਲਏ ਜਾਣ । ਉਥੋਂ ਦੀ ਮਿਊਂਸਪਲ ਕਮੇਟੀ ਜਿਸ ਤੇ ਅੱਜ ਕੱਲ੍ਹ ਇਨ੍ਹਾਂ ਦਾ ਕਬਜ਼ਾ ਹੈ ਉਸ ਨੇ ਵੀ ਉਹ ਕੇਸਿਜ਼ ਵਾਪਸ ਲੈਣ ਦਾ ਫੈਸਲਾ ਕੀਤਾ । ਉਨ੍ਹਾਂ ਚਾਰ ਕੇਸਾਂ ਵਿੱਚੋਂ ਇਕ ਕੇਸ ਵਿਚ ਤਾਂ ਸਜ਼ਾ ਹੋ ਗਈ ਹੈ ਅਤੇ ਉਹ ਆਪਣਾ ਕੇਸ ਸੈਸ਼ਨ ਕੋਰਟ ਵਿਚ ਲੈ ਗਏ ਅਤੇ ਉਥੋਂ ਵੀ ਸਜ਼ਾ ਹੋ ਗਈ ਅਤੇ ਬਾਕੀ ਜਿਹੜੇ ਤਿੰਨ ਕੇਸਿਜ਼ ਸਨ ਉਨ੍ਹਾਂ ਨੇ ਕਿਹਾ ਕਿ ਸਾਡਾ ਤਾਂ ਦੁੱਧ ਹੀ ਨਹੀਂ ਸੀ ਬਲਕਿ ਸਪਰੇਟਾ ਸੀ । ਅਤੇ ਉਹ ਜਿਹੜਾ ਦੁੱਧ ਦਾ ਨਮੂਨਾ ਭਰਿਆ ਗਿਆ ਸੀ ਤਾਂ ਉਸ ਵਿਚ 50% ਦੁੱਧ ਫੇਲ੍ਹ ਹੋਇਆ । ਉਹ ਸਪਰੇਟਾ ਨਹੀਂ ਸੀ । ਉਹ ਦੁੱਧ ਦੇ ਪੂਰੇ ਪੈਸੇ ਚਾਰਜ ਕਰਦੇ ਸਨ । ਉਨ੍ਹਾਂ ਵਿਚੋਂ ਇਕ ਹੋਰ ਸੱਜਣ ਕੋਲੋਂ ਦਹੀਂ ਦਾ ਨਮੂਨਾ ਲਿਆ ਗਿਆ ਸੀ ਅਤੇ ਸਪਰੇਟਾ ਨਹੀਂ ਸੀ । ਇਸ ਤਰ੍ਹਾਂ ਉਹ ਤਿੰਨੇ ਕੇਸ ਵਾਪਸ ਲੈਣ ਲਈ ਕਮੇਟੀ ਤੋਂ ਫੈਸਲਾ ਕਰਾਇਆ ਹੋਇਆ ਹੈ । ਹੋਟਲਾਂ ਵਾਲਿਆਂ ਨੂੰ ਇਸ ਕਿਸਮ ਦੇ ਕੇਸਾਂ ਵਿਚ ਅਦਾਲਤਾਂ ਤੋਂ ਹਜ਼ਾਰਾਂ ਰੁਪਏ ਜੁਰਮਾਨੇ ਅਤੇ ਕੈਦ ਦੀਆਂ ਸਜ਼ਾਵਾਂ ਹੁੰਦੀਆਂ ਹਨ । ਮੈਂ ਕਹਿੰਦਾ ਹਾਂ ਕਿ ਹੋਟਲਾਂ ਵਾਲਿਆਂ ਨੇ ਇਨ੍ਹਾਂ ਨੂੰ ਅਪ੍ਰੋਚ ਕੀਤੀ ਅਤੇ 10-20 ਹਜ਼ਾਰ ਰੁਪਏ ਰਿਸ਼ਵਤ ਦੇ ਚੜ੍ਹਾ ਦਿਤੇ ਗਏ ਅਤੇ ਉਹ ਕੇਸ ਵਾਪਸ ਲੈ ਲੈਣ ਲਈ ਆਰਡਰ ਕਰ ਦਿਤੇ । ਮੈਂ ਕਹਿੰਦਾ ਹਾਂ ਕਿ ਜਦ ਮਨਿਸਟਰਾਂ ਦਾ ਇਹੀ ਹਾਲ ਹੋਵੇਗਾ ਤਾਂ ਬਾਕੀ ਲੋਕ ਕੀ ਕਰਨਗੇ। ਇਥੇ ਮਨਿਸਟਰ ਸਾਹਿਬ ਨੇ ਦਾਅਵੇ ਕੀਤੇ ਹਨ ਪੰਜਾਬ ਨੂੰ ਪਿਉਰ ਫੂਡ ਦੇਣ ਲਈ ਅਤੇ ਦੀਗਰ ਖਾਲਸ ਚੀਜ਼ਾਂ ਦੇਣ ਲਈ। ਉਹ ਇਕ ਕਹਿਣ ਦੀਆਂ ਗੱਲਾਂ ਹੀ ਰਹਿ ਗਈਆਂ ਹਨ । ਇਸ ਦੇ ਨਾਲ ਹੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਫੂਡ ਇਨਸਪੇਕਟਰ ਸਾਹਿਬਾਨ ਹਨ ਉਨ੍ਹਾਂ ਦੀ ਇਨਕਮ

ਸਾਡੇ ਚੀਫ਼ ਮਨਿਸਟਰ ਸਾਹਿਬ ਤੋਂ ਦਸ ਗੁਣਾ ਹੈ, ਉਹ ਸਾਰੇ ਸ਼ਹਿਰ ਨੂੰ ਲੁੱਟਦੇ ਹਨ। ਉਨ੍ਹਾਂ ਦੇ ਇਨ੍ਹਾਂ ਕਿਰਦਾਰਾਂ ਕਰਕੇ ਪੰਜਾਬ ਦੇ ਲੋਕਾਂ ਨੂੰ ਪਿਊਰ ਫੂਡ ਮਿਲ ਹੀ ਨਹੀਂ ਸਕਦੀ। ਇਸ ਪਾਸੇ ਵੱਲ ਕੋਈ ਧਿਆਨ ਹੀ ਇਸ ਸਰਕਾਰ ਦਾ ਨਹੀਂ ਜਾਂਦਾ। ਮੈਂ ਕਹਿੰਦਾ ਹਾਂ ਕਿ ਜਦੋਂ ਮਨਿਸਟਰਾਂ ਦੀ ਇਹ ਹਾਲਤ ਹੋਵੇ ਕਿ ਪੈਂਟੀ ਕੇਸ ਕਹਿ ਕੇ ਵਾਪਸ ਲੈ ਲਏ ਜਾਂਦੇ ਹਨ ਕੇਸ ਤਾਂ ਮੈਂ ਕਹਾਂਗਾ ਕਿ:

"ਚੂੰ ਕੁਫ਼ਰ ਅਜ਼ ਕਾਬਾ ਬਰ ਖੇਜ਼ਦ ਕੁਜਾ ਮਾਨਦ ਮੁਸਲਮਾਨੀ"

ਜਦੋਂ ਮਨਿਸਟਰਾਂ ਦਾ ਇਹ ਹਾਲ ਹੈ ਤਾਂ ਲੋਕਾਂ ਨੂੰ ਕੀ ਕਿਹਾ ਜਾ ਸਕਦਾ ਹੈ। ਮੈਂ ਅਰਜ਼ ਕਰਾਂ ਕਿ ਇਸ ਹਾਊਸ ਵਿਚ ਕਿਹਾ ਗਿਆ ਹੈ ਕਿ 11 ਮਹੀਨਿਆਂ ਵਿਚ ਇਕ ਮਨਿਸਟਰ ਸਾਹਿਬ ਦੇ ਟੈਲੀਫੋਨ ਦੇ ਬਿਲ ਦਾ ਖਰਚ 23 ਹਜ਼ਾਰ ਰੁਪਏ ਹੈ ਅਤੇ ਦੂਜੇ ਮਨਿਸਟਰ ਸਾਹਿਬ ਦਾ 12 ਹਜ਼ਾਰ ਰੁਪਏ ਤੇਲ ਦਾ ਖਰਚ ਹੈ। ਪਤਾ ਨਹੀਂ ਟੈਲੀਫੋਨ ਤੇ ਸਰਕਾਰੀ ਕੰਮ ਕਿੰਨਾ ਹੁੰਦਾ ਹੈ? ਮੈਂ ਕਹਿੰਦਾ ਹਾਂ ਕਿ ਇਹ ਸਾਰਾ ਖ਼ਰਚਾ ਪਾਰਟੀ ਦੇ ਕੰਮਾਂ ਅਤੇ ਆਪਣੇ ਜ਼ਾਤੀ ਕੰਮਾਂ ਲਈ ਕੀਤਾ ਜਾਂਦਾ ਹੈ। ਜੇ ਕਰ ਮਨਿਸਟਰ ਸਾਹਿਬ ਸਰਕਾਰੀ ਚੀਜ਼ ਨੂੰ ਇਸ ਤਰ੍ਹਾਂ ਜ਼ਾਤੀ ਕੰਮਾਂ ਲਈ ਯੂਜ਼ ਕਰਨਗੇ ਅਤੇ ਸਰਕਾਰ ਦਾ ਪੈਸਾ ਇਸ ਤਰ੍ਹਾਂ ਖ਼ਰਚ ਕਰਨਗੇ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਐਡਮਨਿਸਟ੍ਰੇਸ਼ਨ ਕਿਸ ਤਰ੍ਹਾਂ ਠੀਕ ਚਲ ਸਕਦੀ ਹੈ? ਜੇ ਕਰ ਬਾਦਸ਼ਾਹ ਮਾੜਾ ਜਿਹਾ ਗਲਤ ਕੰਮ ਕਰ ਦੇਵੇ ਤਾਂ ਜਨਤਾ ਉਸ ਤੋਂ ਕਈ ਗੁਣਾ ਵੱਧ ਕਰਨ ਤੋਂ ਗੁਰੇਜ਼ ਨਹੀਂ ਕਰਦੀ। ਜੇ ਮਨਿਸਟਰ ਹੀ ਇਸ ਤਰ੍ਹਾਂ ਕਰਨਗੇ ਤਾਂ ਮੈਂ ਕਹਾਂਗਾ ਕਿ:—

'ਤੁਮਹੇਂ ਹਰ ਮੋੜ ਪਰ, ਇਕ ਰਾਹਜ਼ਨ ਸੇ
ਬਚ ਕੇ ਚਲਨਾ ਹੈ,
ਕਿ ਹਮ ਹਰ ਮੋੜ ਪਰ ਇਕ ਰਹਿਨੁਮਾ
ਛੋੜ ਕਰ ਆਏ ਹੈਂ।"

ਇਸ ਕਿਸਮ ਦੇ ਰਹਿਨੁਮਾ, ਜਿਨ੍ਹਾਂ ਨੇ ਆਪ ਰਾਹਜ਼ਨੀ ਕੀਤੀ ਹੋਵੇ ਉਹ ਰਹਿਨੁਮਾਈ ਨਹੀਂ ਕਰ ਸਕਦੇ। ਇਸ ਲਈ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਆਪਣੇ ਸਾਥੀਆਂ ਨੂੰ ਸਾਦਾ ਜ਼ਿੰਦਗੀ ਬਸਰ ਕਰਨ ਲਈ, ਜਿਹੜੀ ਕਾਬਲੇ ਤਾਰੀਫ ਹੋਵੇ ਅਤੇ ਜਿਹੜੀ ਲੋਕਾਂ ਲਈ ਕੋਈ ਜਜ਼ਬਾਤ ਬਣ ਸਕੇ, ਬਸਰ ਕਰਨ ਲਈ ਕਹਿਣ ਤਾਂ ਆਮ ਪ੍ਰਸ਼ਾਸਨ ਵਿਚ ਸੁਧਾਰ ਹੋ ਸਕਦਾ ਹੈ।

ਇਥੇ ਆਮ ਪ੍ਰਸ਼ਾਸਨ ਵਾਸਤੇ ਜਿਹੜੀ ਚੀਜ਼ ਆਈ ਹੈ, ਮੈਂ ਅੰਮ੍ਰਿਤਸਰ ਦੀ ਇਕ ਹੋਰ ਮਿਸਾਲ ਦਿੰਦਾ ਹਾਂ। ਉਥੋਂ ਦੀ ਮਿਊਂਸਪਲ ਕਮੇਟੀ ਅਤੇ ਇਸ ਮਨਿਸਟਰੀ ਦੋਹਾਂ ਨੇ ਮਿਲ ਕੇ ਕਿਸ ਤਰ੍ਹਾਂ ਇਕ ਵਾਹਦ ਇੰਸਟੀਚਿਊਟ ਨੂੰ ਆਪਣੇ ਸਿਆਸੀ ਮੰਤਵਾਂ ਕਾਰਨ ਫ਼ਾਇਦਾ ਪਹੁੰਚਾਇਆ ਹੈ। ਉਹ ਵੀ ਇਕ ਐਸੇ ਇੰਸਟੀਚਿਊਟ ਨੂੰ ਜਿਸ ਦੇ ਰੂਲਜ਼ ਦੇ ਮੁਤਾਬਿਕ ਮੈਨੇਜਰ ਮੈਨੇਜਿੰਗ ਕਮੇਟੀ ਅਪੁਆਇੰਟ ਕਰਦਾ ਹੈ। ਉਹ ਹੈ ਅੰਮ੍ਰਿਤਸਰ ਵਿਚ ਇਕ ਅਜੀਤ ਵਿਦਿਆਲਾ। ਜਿਸ ਨੂੰ ਕਮੇਟੀ ਦੀ ਜ਼ਮੀਨ ਕੌਡੀਆਂ ਦੇ ਭਾਅ ਦਿੱਤੀ ਗਈ ਹੈ। ਉਸ ਸਕੂਲ ਦੀਆਂ ਫੀਸਾਂ ਇਤਨੀਆਂ ਜ਼ਿਆਦਾ ਹਨ ਜਿਨ੍ਹਾਂ ਦਾ ਕੋਈ ਹਿਸਾਬ ਹੀ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਅਸੀਂ ਸਟੇਟ ਦੀ ਜਾਇਦਾਦ

[ਸਰਦਾਰ ਕ੍ਰਿਪਾਲ ਸਿੰਘ]

ਮਾਲੇਮੁਫਤ ਸਮਝ ਕੇ ਲੁਟਾਈ ਜਾਈਏ ਤਾਂ ਮੈਂ ਨਹੀਂ ਸਮਝਦਾ ਕਿ ਅਸੀਂ ਲੋਕਾਂ ਨਾਲ ਕਿਸੇ ਕਿਸਮ ਦਾ ਇਨਸਾਫ਼ ਕਰ ਸਕਾਂਗੇ ਅਤੇ ਜੇ ਕਰ ਸਾਡਾ ਵਿਹੀ ਰੱਵਈਆ ਜਾਰੀ ਰਿਹਾ ਤਾਂ ਇਹ ਕੋਈ ਅੱਛੀ ਗੱਲ ਨਹੀਂ ।

ਇਸ ਦੇ ਇਲਾਵਾ ਮੈਂ ਇਕ ਹੋਰ ਮਿਸਾਲ ਦਿੰਦਾ ਹਾਂ ਕਿ ਗਿਆਨ ਸਿੰਘ ਟੀਚਰ ਹੈ ਉਸ ਦੀ ਇਕ ਜਨਸੰਘੀ ਨਾਲ ਨਹੀਂ ਬਣੀ, ਜਿਹੜਾ ਕਿ ਉਸ ਦਾ ਗਵਾਂਢੀ ਹੈ ਅਤੇ ਨਾਲ ਹੀ ਉਹ ਸ੍ਰੀ ਬਲਰਾਮ ਦਾਸ ਟੰਡਨ ਦਾ ਸਪੋਰਟਰ ਹੈ । ਉਸ ਜਨਸੰਘੀ ਦੇ ਕਹਿਣ ਤੇ ਉਸ ਟੀਚਰ ਦੀ 12 ਦਫ਼ਾ ਤਬਦੀਲੀ ਹੋਈ । ਹਰ ਤਬਦੀਲੀ ਦੇ ਬਾਅਦ ਕੋਈ ਨਵਾਂ ਬਹਾਨਾ ਬਣਾ ਕੇ ਉਸ ਨੂੰ ਉਥੋਂ ਫਿਰ ਤਬਦੀਲ ਕਰ ਦਿਤਾ ਜਾਂਦਾ ਹੈ । ਕਦੇ ਬਠਿੰਡੇ ਤੇ ਕਦੇ ਮਾਨਸੇ ਕਦੇ ਕਿਤੇ ਤੇ ਕਦੇ ਕਿਤੇ ਤਾਂ ਕਿ ਉਹ ਖ਼ਾਨਾਬਦੋਸ਼ਾਂ ਦੀ ਤਰ੍ਹਾਂ ਫਿਰਦਾ ਰਹੇ । ਮੈਂ ਕਹਿੰਦਾ ਹਾਂ ਕਿ ਅਗਰ 12 ਦੀ ਜਗ੍ਹਾ ਤੇ ਇਕ ਵਾਰੀ ਵੀ ਘੱਟ ਹੋਵੇ ਯਾਨੀ ਜੇਕਰ ਉਸ ਦੀ ਤਬਦੀਲੀ 11 ਦਫਾ ਕੀਤੀ ਗਈ ਹੋਵੇ ਤਾਂ ਮੈਂ ਉਸ ਦੇ ਲਈ ਇਨ੍ਹਾਂ ਦਾ ਦੇਣਦਾਰ ਹਾਂ । ਇਕ ਟੀਚਰ ਦੀ 12 ਵਾਰੀ ਇਸ ਲਈ ਤਬਦੀਲੀ ਕੀਤੀ ਗਈ ਕਿਉਂਕਿ ਉਹ ਆਪਣੇ ਇਕ ਜਨਸੰਘੀ ਗਵਾਂਢੀ ਦੀ ਤਾਬੇਦਾਰੀ ਕਰਨ ਵਿਚ ਫੇਲ੍ਹ ਹੋਇਆ । ਉਹ ਬਿਨਾ ਵਜ੍ਹਾ ਧੱਕੇ ਖਾਂਦਾ ਫਿਰਦਾ ਹੈ । ਇਹ ਹੈ ਇਨ੍ਹਾਂ ਦੀ ਕਲੀਨ ਐਡਮਨਿਸਟਰੇਸ਼ਨ । ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਰੋਜ਼ ਮਰੱਰਾਹ ਦੀ ਐਡਮਨਿਸਟਰੇਸ਼ਨ ਵਿਚ ਇਹ ਮਨਿਸਟਰ ਦਖਲਅੰਦਾਜ਼ੀ ਕਰਦੇ ਰਹੇ ਤਾਂ ਲੋਕਾਂ ਦਾ ਫਿਰ ਖੁਦਾ ਹੀ ਹਾਫ਼ਜ਼ ਹੈ ।

ਇਥੋਂ ਤਕ ਪੁਲੀਸ ਦੇ ਝੂਠੇ ਕੇਸਾਂ ਦਾ ਤੁਅਲਕ ਹੈ ਉਹ ਤਾਂ ਦਿਨ ਵਿਚ ਕਈ ਵਾਰੀ ਦਰਜ਼ ਹੋ ਜਾਂਦੇ ਹਨ ਅਤੇ ਜੇਕਰ ਕੋਈ ਸੱਚਾ ਕੇਸ ਚਲਾ ਜਾਵੇ ਉਹ ਦਰਜ਼ ਕਰਨਾ ਹੀ ਔਖਾ ਹੋ ਜਾਂਦਾ ਹੈ । ਜਿਹੜੇ ਅੱਜ ਮਨਿਸਟੀਰੀਅਲ ਬੈਂਚਾਂ ਤੇ ਬੈਠੇ ਹਨ, ਇਹ ਜਦੋਂ ਆਪੋਜ਼ੀਸ਼ਨ ਵਿਚ ਹੁੰਦੇ ਸਨ ਅਤੇ ਇਸ ਕਿਸਮ ਦੀਆਂ ਚੀਜ਼ਾਂ ਦੀ ਨੁਕਤਾਚੀਨੀ ਕਰਦੇ ਰਹਿੰਦੇ ਸਨ, ਪਰ ਉਨ੍ਹਾਂ ਦੀ ਐਡਮਨਿਸਟਰੇਸ਼ਨ ਵਿਚ ਤਾਂ ਇਹ ਚੀਜ਼ਾਂ ਅੱਗੇ ਨਾਲੋਂ ਬਹੁਤ ਜ਼ਿਆਦਾ ਹੋ ਗਈਆਂ ਹਨ ।

ਮੈਂ ਇਕ ਹੋਰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਨਾਜਾਇਜ਼ ਅਫ਼ੀਮ ਦਾ ਕਾਰੋਬਾਰ ਬਹੁਤ ਜ਼ਿਆਦਾ ਵੱਧ ਗਿਆ ਹੈ । ਅੱਜ ਜੇ ਕਰ 10-20 ਕਿਲੋ ਅਫ਼ੀਮ ਫੜੀ ਜਾਂਦੀ ਹੈ ਤਾਂ ਉਸਦਾ ਕਾਫ਼ੀ ਹਿੱਸਾ ਥਾਣੇ ਵਿਚ ਹੀ ਗੁਲ ਹੋ ਜਾਂਦਾ ਹੈ ਅਤੇ ਸਾਰੀ ਅਫ਼ੀਮ ਪੁਲੀਸ ਦੇ ਅਫ਼ਸਰ ਹੀ ਹਜ਼ਮ ਕਰ ਜਾਂਦੇ ਹਨ, ਅਤੇ ਉਹ ਅਫੀਮ ਪਿੰਡਾਂ ਵਿਚ ਵਿਕਦੀ ਹੈ ਅਤੇ ਪੁਲੀਸ ਵਾਲੇ ਆਪ ਹੀ ਉਸ ਦਾ ਇਸਤੇਮਾਲ ਕਰਦੇ ਹਨ । ਇਹ ਅਫ਼ੀਮ ਸਾਡੀ ਉਹ ਫੌਜ ਇਸਤੇਮਾਲ ਕਰਦੀ ਹੈ ਜਿਸ ਨੇ ਔਖੇ ਵੇਲੇ ਕੰਮ ਆਉਣਾ ਹੈ । ਤੁਸੀਂ ਆਪ ਅੰਦਾਜ਼ਾ ਲਗਾਉ ਕਿ ਉਹ ਫੌਜ ਕਿਸ ਤਰ੍ਹਾਂ ਔਖੇ ਵੇਲੇ ਸਾਡੇ ਕੰਮ ਆ ਸਕਦੀ ਹੈ । ਇਸ ਤਰ੍ਹਾਂ ਸਟੇਟ ਅਤੇ ਨੇਸ਼ਨ ਦਾ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ । ਮੈਂ ਅਰਜ਼ ਕਰਾਂਗਾ ਕਿ ਅਗਰ ਚੀਫ਼ ਮਨਿਸਟਰ ਸਾਹਿਬ ਠੀਕ ਸਮਝਣ ਤਾਂ ਹਰ ਸਾਲ ਸਾਰੇ ਪੁਲਿਸ ਅਫ਼ਸਰਾਂ ਦਾ ਖੂਨ ਟੈਸਟ ਕਰਾਇਆ ਕਰਨ ਅਤੇ ਜੋ ਅਫ਼ੀਮ ਖਾਂਦਾ ਹੋਵੇ ਪੁਲੀਸ ਦਾ ਅਫ਼ਸਰ ਉਸਨੂੰ ਸਰਵਿਸ ਵਿਚੋਂ ਕੱਢ ਦਿੱਤਾ ਜਾ[illegible] ਫਿਰ ਉਨ੍ਹਾਂ ਲਈ

ਮੁਫਤ ਦੀ ਹੋਣ ਕਰਕੇ ਬਹੁਤ ਵਧ ਰਹੀ ਹੈ । ਮੈਂ ਇਹ ਬੜੀ ਕਨਸਟ੍ਰਕਟਿਵ ਗੱਲ ਗੋਸ਼ ਗੁਜ਼ਾਰ ਕੀਤੀ ਹੈ ਕਿਉਂਕਿ ਇਸ ਤੇ ਅਮਲ ਕਰਨ ਵਿਚ ਦੇਸ਼, ਸੂਬਾ ਅਤੇ ਫੋਰਸ ਦਾ ਹਿੱਤ ਹੈ, । ਸਾਲਾਨਾ ਖੂਨ ਦੇ ਟੈਸਟ ਦੀ ਗੱਲ ਕਵਾਇਦ ਵਿਚ ਰਖੀ ਜਾਵੇ । ਇਸ ਤਰ੍ਹਾਂ ਕਰਨ ਨਾਲ ਅਸੀਂ ਇਸ ਪੱਖ ਵੱਲ ਕਾਮਯਾਬ ਹੋ ਸਕਦੇ ਹਾਂ ।

ਪਰਾਸੀਕਿਊਸ਼ਨ ਬਰਾਂਚ ਦੀ ਪੁਲਿਸ ਤੋਂ ਅਲਾਹਿਦਗੀ ਬਾਰੇ ਇਕ ਸਵਾਲ ਦੇ ਜਵਾਬ ਵਿਚ ਚੀਫ਼ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਸੀ ਕਿ ਇਸ ਬਾਰੇ ਸੋਚ ਰਹੇ ਹਾਂ । ਮੈਂ ਬੇਨਤੀ ਕਰਾਂਗਾ ਕਿ ਇਹ ਸੋਚ ਜਲਦੀ ਹੀ ਖ਼ਤਮ ਹੋਣੀ ਚਾਹੀਦੀ ਹੈ । ਚੀਫ਼ ਮਨਿਸਟਰ ਸਾਹਿਬ ਬੜੇ ਕਾਬਲ ਆਦਮੀ ਹਨ, ਕਾਨੂੰਨ ਜਾਣਦੇ ਹਨ, ਫੈਸਲੇ ਕਰਦੇ ਰਹੇ ਹਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਲੋਕਾਂ ਨੂੰ ਇਸ ਗੱਲ ਦੀ ਕਿੰਨੀ ਤੰਗੀ ਹੈ, ਇਸ ਲਈ ਆਸ ਕਰਦਾ ਹਾਂ ਕਿ ਇਸ ਪੱਖ ਵਲ ਜਲਦੀ ਹੀ ਕਦਮ ਉਠਾਉਣਗੇ ।

ਫਿਰ ਜੇਲ੍ਹਾਂ ਬਾਰੇ ਕੁਝ ਅਰਜ਼ ਕਰਨੀ ਹੈ । ਮੇਰੇ ਇਕ ਸਵਾਲ ਦੇ ਜਵਾਬ ਵਿਚ ਇਨ੍ਹਾਂ ਕਿਹਾ ਸੀ ਕਿ ਫਿਰੋਜ਼ਪੁਰ ਜੇਲ੍ਹ ਦੇ ਕੈਦੀਆਂ ਨੂੰ ਸਜ਼ਾਵਾਂ ਜੇਲ੍ਹ ਅਥਾਰਿਟੀਜ਼ ਨੇ ਕੀਤੀਆਂ ਹਨ। ਝਗੜਾ ਜੇਲ੍ਹ ਅਥਾਰੇਟੀਜ਼ ਨਾਲ ਹੀ ਹੋਇਆ ਸੀ ਅਗਰ ਉਹੀ ਸਜ਼ਾਵਾਂ ਦੇਣ ਤਾਂ ਕੀ ਇਸ ਤਰ੍ਹਾਂ ਇਨਸਾਫ ਦਾ ਖੂਨ ਨਹੀਂ ਹੋਇਆ ? ਅਗਰ ਸਰਕਾਰ ਇਸ ਬਾਰੇ ਆਪਣੇ ਤੇ ਇਲਜ਼ਾਮ ਲੈਣਾ ਮੁਨਾਸਬ ਨਹੀਂ ਸਮਝਦੀ, ਅਤੇ ਸਮਝਦੀ ਹੈ ਕਿ ਉਨ੍ਹਾਂ ਨਾਲ ਬੇਇਨਸਾਫੀ ਦਾ ਇਸ ਤੇ ਇਲਜ਼ਾਮ ਨਹੀਂ ਲਗਦਾ ਤਾਂ ਇਸ ਨੂੰ ਚਾਹੀਦਾ ਹੈ ਕਿ ਇਸ ਵਿਚ ਜੁਡੀਸ਼ਲ ਇਨਕੁਆਇਰੀ ਦੇ ਆਰਡਰ ਕਰਕੇ ਇਸ ਇਲਜ਼ਾਮ ਨੂੰ ਆਪਣੇ ਦਾਮਨ ਤੋਂ ਧੋ ਸਕਦੀ ਹੈ । ਜੋ ਸਜ਼ਾਵਾਂ ਦਿਤੀਆਂ ਗਈਆਂ ਹਨ ਉਹ ਯਕਤਰਫਾ ਹਨ । ਬਹੁਤ ਸਾਰੀਆਂ ਦੀ, ਜੋ ਕਾਫੀ ਕਾਫੀ ਸਜ਼ਾ ਕਟ ਚੁੱਕੇ ਹਨ, ਸਜ਼ਾ ਵਧੀ ਹੈ । ਬਹੁਤ ਸਾਰੇ ਐਸੇ ਆਦਮੀ ਹਨ ਜਿਨ੍ਹਾਂ ਬਾਰੇ ਜ਼ਾਤੀ ਵਾਕਫੀਅਤ ਦੀ ਬਿਨਾ ਤੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ । ਪਰ ਇਨ੍ਹਾਂ ਤਾਂ ਇਹ ਕੀਤਾ ਹੈ ਕਿ ਜਦ ਪਰਸ਼ਾਦ ਵੰਡਿਆ ਜਾ ਰਿਹਾ ਹੈ ਤਾਂ ਉਨ੍ਹਾਂ ਨੂੰ ਵੀ ਕਿਉਂ ਨਾ ਦੇ ਦਿਤਾ ਜਾਵੇ । ਇਸ ਬਿਨਾ ਤੇ ਉਨ੍ਹਾਂ ਨੂੰ ਸਜ਼ਾਵਾਂ ਮਿਲੀਆਂ ਹਨ ।

ਦਰਿਆਈ ਸਕੀਮਾਂ ਬਾਰੇ ਅਰਜ਼ ਹੈ ਕਿ ਥੇਈਂ ਡੈਮ ਬਾਰੇ ਚੀਫ਼ ਮਨਿਸਟਰ ਸਾਹਿਬ ਅਤੇ ਬਾਸੀ ਸਾਹਿਬ ਨੇ ਵੀ ਕਿਹਾ ਹੈ ਕਿ ਗਵਰਨਮੈਂਟ ਆਫ਼ ਇੰਡੀਆ ਇਸ ਦੇ ਮੁਤਾਲਿਕ ਤੁਆਵਨ ਨਹੀਂ ਦੇ ਰਹੀ । ਇਸ ਮੌਕੇ ਤੇ ਸੈਂਟਰਲ ਗਵਰਨਮੈਂਟ ਕਮਜ਼ੋਰ ਹੈ ਅਤੇ ਆਪ ਉਸ ਨੂੰ ਤੁਆਵਨ ਵੀ ਦੇ ਰਹੇ ਹੋ । ਇਸ ਵੇਲੇ ਅਗਰ ਕੋਈ ਪਰੈਸ਼ਰ ਜਾਂ ਥਰੈਟ ਵੀ ਅਗਰ ਸੂਬੇ ਦੇ ਇੰਟਰੈਸਟ ਲਈ ਠੀਕ ਹੋਵੇ ਤਾਂ ਉਸ ਦਾ ਸਹਾਰਾ ਲੈ ਕੇ ਅਗਰ ਇਹ ਸਰਕਾਰ ਕੁਝ ਹਾਸਲ ਨਹੀਂ ਕਰ ਸਕਦੀ ਤਾਂ ਮੈਂ ਸਮਝਦਾ ਹਾਂ ਕਿ ਇਸ ਤੋਂ ਚੰਗਾ ਮੌਕਾ ਫਿਰ ਨਹੀਂ ਆਉਣਾ ਅਤੇ ਸੂਬੇ ਅਤੇ ਮੁਲਕ ਨਾਲ ਬੇਇਨਸਾਫੀ ਹੋਵੇਗੀ । ਸਾਡਾ ਗਵਾਂਢੀ ਮੁਲਕ, ਪਾਕਿਸਤਾਨ, ਜਿਸ ਨੂੰ ਸਾਡੇ ਨਾਲ ਖੁਦਾ ਵਾਸਤੇ ਦੀ ਦੁਸ਼ਮਣੀ ਹੈ, ਉਸ ਨੂੰ ਮੁਫਤ ਪਾਣੀ ਦੇਣਾ, 100 ਕਰੋੜ ਰੁਪਿਆ ਵੀ ਦੇਣਾ ਇਸ ਦੇਸ਼ ਦੇ ਹਿੱਤ ਵਿਚ ਨਹੀਂ ਹੈ । ਸਰਕਾਰ ਨੂੰ ਇਸ ਥੇਈਂ ਡੈਮ, ਬਿਜਲੀ ਦੇ ਦੂਜੇ ਪਰਾਜੈਕਟ ਅਤੇ ਹੈਵੀ ਇੰਡਸਟਰੀ ਦੇ ਪਲਾਂਟਸ ਲਈ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਉਣਾ ਚਾਹੀਦਾ ਹੈ । ਦਰਿਆਈ ਸਕੀਮਾਂ ਸਬੰਧੀ ਬੰਨ੍ਹਾਂ ਅਤੇ ਕਿਨਾਰਿਆਂ ਬਾਰੇ ਇਥੇ ਬਹੁਤ ਸਾਰੀਆਂ ਗੱਲਾਂ ਹਾਊਸ ਦੇ

[ਸਰਦਾਰ ਕ੍ਰਿਪਾਲ ਸਿੰਘ]

ਸਾਹਮਣੇ ਆਈਆਂ । ਮੈਂ ਅਰਜ਼ ਕਰਾਂ ਕਿ ਦਰਿਆਈ ਸਪੱਰਾਂ ਦਾ ਇਕ ਸਕੈਂਡਲ ਬਣਿਆ ਹੋਇਆ ਹੈ । ਇਨ੍ਹਾਂ ਵਿਚ ਇਸਤੇਮਾਲ ਕਰਨ ਲਈ ਸ਼ੋ ਕੀਤਾ ਜਾਂਦਾ ਹੈ ਕਿ ਕਲਕੱਤਾ, ਬੰਬਈ ਅਤੇ ਦਿੱਲੀ ਆਦਿ ਤੋਂ ਤਾਰ ਆਈ ਪਰ ਅਸਲ ਵਿਚ ਆਉਂਦੀ ਨਹੀਂ ਅਤੇ ਉਸ ਦੇ ਬਿਨਾ ਹੀ ਕੰਮ ਹੋ ਜਾਂਦਾ ਹੈ । ਸਿਰਫ ਕਾਗਜ਼ੀ ਇੰਦਰਾਜ਼ ਹੀ ਹੁੰਦਾ ਹੈ । ਰਕਮ ਖਾਧੀ ਜਾਂਦੀ ਹੈ । ਮੈਂ ਸਪਲੀਮੈਂਟਰੀ ਡੀਮਾਂਡਜ਼ ਦੀ ਬਹਿਸ ਵੇਲੇ ਵੀ ਕਿਹਾ ਸੀ ਕਿ ਸਾਰੀ ਰਕਮ ਮਾਰਚ ਦੇ ਇਕ ਮਹੀਨੇ ਵਿਚ ਖਤਮ ਕੀਤੀ ਜਾਂਦੀ ਹੈ । (ਘੰਟੀ) ਮੈਂ ਜਲਦੀ ਹੀ ਖਤਮ ਕਰ ਦਿੰਦਾ ਹਾਂ । ਇਹ ਸਕੈਂਡਲ ਹੈ । ਫਿਰ ਪੱਥਰ ਦਾ ਵੀ ਕੋਈ ਹਿਸਾਬ ਕਿਤਾਬ ਨਹੀਂ, ਕੋਈ ਇੰਦਰਾਜ਼ ਨਹੀਂ, ਬੇਰੀਅਰ ਆਦਿ ਤੇ । ਥੋੜ੍ਹੇ ਜਿਹੇ ਚੈਕ ਨਾਲ ਇਹ ਸਾਰੀਆਂ ਗੱਲਾਂ ਸਾਹਮਣੇ ਆ ਸਕਦੀਆਂ ਹਨ ਅਤੇ ਇਨ੍ਹਾਂ ਦਰਿਆਈ ਸਕੀਮਾਂ ਵਿਚ ਜੋ ਬੰਗਲਿੰਗ ਅਤੇ ਰੁਪਿਆ ਜ਼ਾਇਆ ਹੋ ਰਿਹਾ ਹੈ, ਉਸ ਨੂੰ ਰੋਕਿਆ ਜਾ ਸਕਦਾ ਹੈ ।

ਮੈਂ ਉਮੀਦ ਕਰਦਾ ਹਾਂ ਕਿ ਇਹ ਜੋ ਮੈਂ ਕੁਝ ਗੱਲਾਂ ਕਹੀਆਂ ਹਨ ਐਡਮਨਿਸਟਰੇਸ਼ਨ ਇਨ੍ਹਾਂ ਵੱਲ ਧਿਆਨ ਦੇਵੇਗੀ । ਆਪ ਦਾ ਧੰਨਵਾਦ ।

ਸਰਦਾਰ ਪ੍ਰਤਾਪ ਸਿੰਘ (ਕ੍ਰਮ ਕਲਾਂ) : ਡਿਪਟੀ ਸਪੀਕਰ ਸਾਹਿਬ, ਅੱਜ ਦੋ ਡੀਮਾਂਡਜ਼ ਨੰ: 9 ਅਤੇ 12 ਬਾਰੇ ਜੋ ਇਹ ਡਿਸਕਸ਼ਨ ਹੋ ਰਹੀ ਹੈ । ਮੈਂ ਵੀ ਇਨ੍ਹਾਂ ਬਾਰੇ ਆਪਣੇ ਵਿਚਾਰ ਹਾਊਸ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ ।

ਡੀਮਾਂਡ ਨੰ: 9 ਵਿਚ 4,36,84,000 ਰੁ: ਦੀ ਮੰਗ ਕੀਤੀ ਗਈ ਹੈ । ਇਸ ਨੂੰ ਅਗਰ ਦੇਖਿਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਹੀ ਮੰਗ ਹੈ ਜਿਸ ਤੇ ਸਰਕਾਰ ਦੀ ਐਡਮਨਿਸਟਰੇਸ਼ਨ ਨਿਰਭਰ ਹੈ । ਸਾਨੂੰ ਆਪਣੀ ਐਡਮਨਿਸਟਰੇਸ਼ਨ ਦਾ ਢਾਂਚਾ ਵਿਦੇਸ਼ੀ ਹਕੂਮਤ ਤੋਂ ਮਿਲਿਆ । ਉਸ ਹਕੂਮਤ ਦਾ ਰਾਜ ਕਰਨ ਦਾ ਤਰੀਕਾ ਇਹ ਸੀ ਕਿ ਐਡਮਨਿਸਟਰੇਸ਼ਨ ਨੂੰ ਪਬਲਿਕ ਤੋਂ ਪਰ੍ਹਾਂ ਅਤੇ ਸੁਪੀਰੀਅਰ ਰੱਖਿਆ ਜਾਵੇ ਅਤੇ ਇਸੇ ਪਲੈਨ ਦੇ ਸਹਾਰੇ ਉਹ ਬਿਦੇਸ਼ੀ ਇਥੇ ਬਹੁਤ ਦੇਰ ਤਾਂਈਂ ਰਾਜ ਕਰਦੇ ਰਹੇ । ਆਜ਼ਾਦੀ ਮਿਲਣ ਤੇ ਉਹੀ ਐਡਮਨਿਸਟਰੇਸ਼ਨ ਸਾਨੂੰ ਮਿਲੀ । ਉਸ ਵਿਚ ਸੁਧਾਰ ਕਰਨ ਦੀ ਵੀ ਵਕਤਨ-ਫਵਕਤਨ ਕੋਸ਼ਿਸ਼ ਹੁੰਦੀ ਰਹੀ । ਇਕ ਗੱਲ ਇਹ ਅਨੁਭਵ ਕੀਤੀ ਗਈ ਕਿ ਜੋ ਪਲੈਨ ਉਪਰੋਂ ਚਲਦੀ ਹੈ ਉਹ ਥੱਲੇ ਪਹੁੰਚਦੀ ਪਹੁੰਚਦੀ ਇਫੈਕਟਿਵ ਨਹੀਂ ਰਹਿੰਦੀ । ਸੋ ਵਿਚਾਰ ਹੋਇਆ ਕਿ ਪਲੈਨਿੰਗ ਹੇਠਾਂ ਤੋਂ ਅਰੰਭਿਆ ਜਾਵੇ । ਇਸੇ ਤਰ੍ਹਾਂ ਦੇ ਵਿਚਾਰਾਂ ਕਰਕੇ ਡੀਸੈਂਟਰੇਲਾਈਜ਼ੇਸ਼ਨ ਦੀ ਗੱਲ ਚਲੀ ਅਤੇ ਹਰ ਤਸੀਲ ਵਿਚ ਸਬਡਵੀਜ਼ਨ ਬਣੇ ਕਿਉਂਕਿ ਖਿਆਲ ਇਹ ਸੀ ਕਿ ਇਸੇ ਤਰ੍ਹਾਂ ਸਰਕਾਰੀ ਕਰਮਚਾਰੀ ਅਤੇ ਅਫ਼ਸਰ ਜਨਤਾ ਦੇ ਵਧ ਨੇੜੇ ਹੋਣਗੇ ਅਤੇ ਇਸ ਨਾਲ ਐਡਮਨਿਸਟਰੇਸ਼ਨ ਜ਼ਿਆਦਾ ਚੰਗੇ ਢੰਗ ਨਾਲ ਚਲ ਸਕੇਗੀ । ਪਰ ਦੇਖਣ ਵਿਚ ਇਹ ਆਇਆ ਹੈ ਕਿ ਡੀਸੈਂਟਰਲਾਈਜ਼ੇਸ਼ਨ ਤਾਂ ਕੀਤੀ ਪਰ ਸੈਂਟਰਲਾਈਜ਼ੇਸ਼ਨ ਘੱਟ ਨਹੀਂ ਕੀਤੀ । ਇਹ ਗੱਲ ਸਿਵਲ ਸੈਕਰੇਟਰੀਏਟ ਦੇ ਖਰਚ ਤੋਂ ਪਤਾ ਚਲ ਜਾਂਦੀ ਹੈ । ਇਹ ਖਰਚ ਹੈ 1,62,30,000 ਰੁ: ਜੋ ਕੁਲ ਐਡਮਨਿਸ਼ਟਰੇਸ਼ਨ ਦੇ ਖਰਚ ਦਾ 38-39% ਬਣਦਾ ਹੈ । ਜੋ ਸਕੀਮ ਨੀਚੇ ਤੋਂ ਚਲਦੀ ਹੈ ਉਹ ਸੈਕਰੇਟੇਰੀਏਟ ਤਕ ਪਹੁੰਚਦੀ ਪਹੁੰਚਦੀ ਬਹੁਤ ਕਮਜ਼ੋਰ ਹੋ ਜਾਂਦੀ ਹੈ । ਮੈਂ ਪਹਿਲਾਂ ਵੀ ਇਹ ਗੱਲ

ਇਕ ਦਿਨ ਦੱਸੀ ਸੀ । ਉਸ ਨੂੰ ਕਿੰਨੇ ਹੱਥਾਂ ਵਿਚ ਲੰਘਣਾ ਪੈਂਦਾ ਹੈ । ਅਸਿਸਟੈਂਟ, ਸੁਪਰਡੈਂਟ, ਅਸਿਸਟੈਂਟ ਸੈਕਰੇਟਰੀ, ਡਿਪਟੀ ਸੈਕਰੇਟਰੀ, ਜਾਇੰਟ ਸੈਕਰੇਟਰੀ ਅਤੇ ਸੈਕਰੇਟਰੀ ਆਦਿ ਕਿੰਨੇ ਆਦਮੀ ਉਸ ਦੇ ਰਸਤੇ ਵਿਚ ਆਉਂਦੇ ਹਨ ਜਿਨ੍ਹਾਂ ਦੀ ਵਜ੍ਹਾ ਕਰਕੇ ਸਕੀਮ ਸਰਕਾਰ ਤੱਕ ਪਹੁੰਚਦੀ ਪਹੁੰਚਦੀ ਬੇਅਸਰ ਹੋ ਜਾਂਦੀ ਹੈ । ਆਪ ਜਾਣਦੇ ਹੋ ਕਿ ਜਿਸ ਗੱਲ ਦਾ ਫੈਸਲਾ ਵੇਲੇ ਸਿਰ ਅਤੇ ਜਲਦੀ ਨਹੀਂ ਹੁੰਦਾ ਉਸ ਵਿਚੋਂ ਕਈ ਤਰ੍ਹਾਂ ਦੀਆਂ ਖਰਾਬੀਆਂ ਨਿਕਲਦੀਆਂ ਹਨ । ਕੁਰੱਪਸ਼ਨ ਬਗੈਰ ਹੋਣ ਲਗ ਪੈਂਦੀ ਹੈ । ਲੋਕ ਸੋਚਣ ਲੱਗ ਪੈਂਦੇ ਹਨ ਕਿ ਦੋ ਸਾਲ ਹੋ ਗਏ, ਹਾਲੇ ਤਾਈਂ ਕੁਝ ਨਹੀਂ ਬਣਿਆ ਅਤੇ ਕੁਰੱਪਸ਼ਨ ਤੇਜ਼ ਹੋ ਜਾਂਦੀ ਹੈ । ਮੈਂ ਸਮਝਦਾ ਹਾਂ ਕਿ ਡੀਸੈਂਟਰੇਲਾਈਜ਼ੇਸ਼ਨ ਨੂੰ ਇਫੈਕਟਿਵ ਬਣਾਉਣ ਦੀ ਲੋੜ ਹੈ । ਮੈਂ ਉਸ ਸੁਝਾਵ ਨਾਲ ਸਹਿਮਤ ਹਾਂ ਜੋ ਇਥੇ ਕਿਸੇ ਦੋਸਤ ਨੇ ਦਿੱਤਾ ਹੈ ਕਿ ਜ਼ਿਲ੍ਹਿਆਂ ਵਿਚ ਆਲ ਪਾਰਟੀਜ਼ ਕਮੇਟੀਆਂ ਬਣਾ ਕੇ ਅਤੇ ਉਨ੍ਹਾਂ ਐਡਮਨਿਸਟਰੇਸ਼ਨ ਦੇ ਨਾਲ ਲਾਕੇ ਕੰਮ-ਕਾਰ ਵਿਚ ਸੁਧਾਰ ਕੀਤਾ ਜਾਵੇ । ਜਿੰਨਾ ਪੈਸਾ ਜ਼ਿਲ੍ਹੇ ਵਿਚ ਖਰਚ ਕਰਨਾ ਹੈ ਅਤੇ ਜਿਸ ਮਹਿਕਮੇ ਵਿਚ ਖਰਚ ਕਰਨਾ ਹੈ ਉਸ ਦਾ ਫੈਸਲਾ ਉਸ ਕਮੇਟੀ ਵਿਚ ਸਬੰਧਤ ਵਜ਼ੀਰ ਦੀ ਪਰਧਾਨਗੀ ਹੇਠ ਲਿਆ ਜਾਵੇ ਅਤੇ ਇਸ ਤਰ੍ਹਾਂ ਬਹੁਤ ਸਾਰਾ ਰੈਡਟੇਪਿਜ਼ਮ ਖ਼ਤਮ ਕੀਤਾ ਜਾ ਸਕਦਾ ਹੈ । ਇਸ ਨਾਲ ਸਕੀਮਾਂ ਨੂੰ ਇਫੈਕਟਿਵ ਚਲਾਕੇ ਲੋਕਾਂ ਦਾ ਕਨਫੀਡੈਂਸ ਜਿਤਿਆ ਜਾ ਸਕਦਾ ਹੈ । ਡਿਪਟੀ ਸਪੀਕਰ ਸਾਹਿਬ, ਸੂਬਾ 10-11 ਜ਼ਿਲ੍ਹਿਆਂ ਦਾ ਛੋਟਾ ਜਿਹਾ ਰਹਿ ਗਿਆ ਪਰ ਸੈਕਰੇਟੇਰੀਏਟ ਦਾ ਖ਼ਰਚ ਨਹੀਂ ਘਟਿਆ । ਪਹਿਲਾਂ ਜਿਥੇ 17 ਜ਼ਿਲ੍ਹੇ ਸਨ ਹੁਣ 11 ਰਹਿ ਗਏ ਹਨ । ਮਗਰ ਸੈਕਰੇਟੇਰੀਏਟ ਦਾ ਜੋ ਬਰਡਨ ਲੋਕਾਂ ਤੇ ਪੈ ਰਿਹਾ ਹੈ ਇਸ ਵਲ ਦੇਖਣ ਦੀ ਲੋੜ ਹੈ ।

ਹੁਣੇ ਹੁਣੇ, ਡਿਪਟੀ ਸਪੀਕਰ ਸਾਹਿਬ, ਨਵੀਆਂ ਤਸੀਲਾਂ ਅਤੇ ਸਬ-ਤਸੀਲਾਂ ਬਣਾਈਆਂ ਗਈਆਂ ਹਨ । ਮੈਂ ਜ਼ਾਤੀ ਤੌਰ ਤੇ ਇਸ ਦੇ ਹੱਕ ਵਿਚ ਨਹੀਂ । ਇਸ ਦਾ ਕਾਰਨ ਇਹ ਹੈ ਕਿ ਪਿੰਡਾਂ ਵਿਚ ਸਾਡੀ ਸਾਰੀ ਵਸੋਂ ਦਾ 80% ਰਹਿੰਦਾ ਹੈ ਅਤੇ ਪਿੰਡਾਂ ਵਿਚ ਤਰੱਕੀ ਕੀਤੀ ਗਈ ਹੈ । ਸਰਕਾਰ ਨੇ ਲਿੰਕ ਰੋਡਾਂ ਬਣਾ ਦਿਤੀਆਂ ਹਨ ਅਤੇ ਇਹ ਇਕ ਸ਼ਲਾਘਾਯੋਗ ਕਦਮ ਹੈ । ਸੜਕਾਂ ਦਾ ਜਾਲ ਵਿਛਾ ਕੇ ਇਨ੍ਹਾਂ ਨੇ ਪਿੰਡਾਂ ਨੂੰ ਸ਼ਹਿਰਾਂ ਦੇ ਨੇੜੇ ਕਰ ਦਿਤਾ ਹੈ । ਸੜਕਾਂ ਦੀ ਬਦੌਲਤ ਇਸੇ ਤਰ੍ਹਾਂ ਇਨ੍ਹਾਂ ਦੀ ਪੰਜ-ਸਾਲਾ ਪਲਾਨ ਵਿਚ ਹੋਰ ਸੜਕਾਂ ਬਨਾਉਣ ਦਾ ਪ੍ਰੋਗ੍ਰਾਮ ਹੈ ਅਤੇ ਪਾਲਿਸੀ ਹੈ । ਕਿਸ ਤਰ੍ਹਾਂ ਟ੍ਰਾਂਸਪੋਰਟ ਵੀ ਚੰਗੀ ਤਰ੍ਹਾਂ ਤਰੱਕੀ ਕਰ ਰਹੀ ਹੈ ਅਤੇ ਇਸ ਤਰ੍ਹਾਂ ਪਿੰਡਾਂ ਵਾਲਿਆਂ ਨੂੰ ਆਉਣ ਜਾਣ ਦੀ ਕੋਈ ਦਿੱਕਤ ਨਹੀਂ ਰਹੇਗੀ । ਇਸ ਲਈ ਮੈਂ ਸਮਝਦਾ ਹਾਂ ਕਿ ਸਬ-ਡਵੀਜ਼ਨਾਂ ਬਣਾ ਕੇ ਅਤੇ ਸਬ-ਤਸੀਲਾਂ ਬਣਾ ਕੇ ਲਖਾਂ ਰੁਪਏ ਖਰਚ ਕਰਨ ਦੀ ਲੋੜ ਨਹੀਂ ਸੀ । ਇਹ ਖਰਚ ਕਰਨਾ ਪਬਲਿਕ ਦੇ ਹਿਤ ਵਿਚ ਨਹੀਂ ਹੋਵੇਗਾ । ਇਸ ਗੱਲ ਨੂੰ ਇਸ ਪੱਖ ਤੋਂ ਵੇਖਣ ਦੀ ਲੋੜ ਹੈ ਕਿ ਜਿਹੜੀਆਂ ਤਸੀਲਾਂ ਹੁੰਦੀਆਂ ਹਨ ਉਨ੍ਹਾਂ ਵਿਚ ਕੀ ਕੰਮ ਲਿਆ ਜਾਂਦਾ ਹੈ । ਇਕ ਤਾਂ ਇਹ ਕਿ ਉਥੇ ਰੈਵੇਨਿਊ ਦਾ ਰੀਕਾਰਡ ਹੁੰਦਾ ਹੈ ਅਤੇ ਦੂਜਾ ਇਹ ਕਿ ਰਜਿਸਟਰੇਸ਼ਨ ਦਾ ਕੰਮ ਹੁੰਦਾ ਹੈ । ਇਸ ਦੇ ਬਾਰੇ ਵਿਚ ਬੇਨਤੀ ਹੈ ਕਿ ਜਿਸਨੇ ਜਾਇਦਾਦ ਨੂੰ ਵੇਚਣਾ ਹੈ ਜਾਂ ਖ਼ਰੀਦ ਕਰਨਾ ਹੈ ਉਸ ਨੇ ਇਸ ਤਸੀਲ ਵਿਚ ਆਉਣਾ ਹੈ ਅਤੇ ਜੇਕਰ ਸਰਕਾਰ ਨੇ ਉਸ ਲਈ ਟ੍ਰਾਂਸਪੋਰਟ ਦਾ ਆਲ੍ਹਾ ਇੰਤਜ਼ਾਮ ਕਰ ਦਿਤਾ ਹੈ ਅਤੇ ਜੇਕਰ ਉਹ ਇਕ ਰੇਲ ਗੱਡੀ ਵਿਚ ਬੈਠ ਜਾਏ ਜਾਂ ਬੱਸ ਤੇ ਸਵਾਰ ਹੋ ਜਾਏ ਤਾਂ ਨੇੜੇ ਅਤੇ ਦੂਰ ਦਾ ਕੋਈ ਫਰਕ ਨਹੀਂ ਰਹਿ ਜਾਂਦਾ । 25 ਮੀਲ ਅੱਗੇ ਵੀ ਜਾ ਸਕਦਾ

[ਸਰਦਾਰ ਪ੍ਰਤਾਪ ਸਿੰਘ]

ਹੈ । ਫਿਰ ਜਿਹੜੀ ਗੱਲ ਇੰਤਕਾਲਾਂ ਦੇ ਬਾਰੇ ਹੈ ਜਾਂ ਗਿਰਦਾਵਰੀਆਂ ਚੈਕ ਕਰਨ ਦੇ ਬਾਰੇ ਵਿਚ ਹੈ ਇਸ ਲਈ ਪਹਿਲਾਂ ਹੀ ਸਬੰਧਤ ਅਫ਼ਸਰਾਂ ਪਾਸ ਸਵਾਰੀ ਦਿੱਤੀ ਹੋਈ ਹੈ ਅਤੇ ਉਹ ਦੂਰ ਵੀ ਪਹੁੰਚ ਸਕਦੇ ਹਨ ਇਸ ਲਈ ਇਸ ਤਰ੍ਹਾਂ ਦਾ ਨਵਾਂ ਖ਼ਰਚ ਸਰਕਾਰ ਨੂੰ ਨਵੀਆਂ ਤਸੀਲਾਂ ਅਤੇ ਸਬ-ਤਸੀਲਾਂ ਬਨਾਉਣ ਵਿਚ ਖਰਚ ਨਹੀਂ ਕਰਨਾ ਚਾਹੀਦਾ ।

ਇਕ ਗੱਲ ਮੈਂ ਪੁਲਿਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ । ਇਹ ਮੰਗ ਨੰਬਰ 12 ਹੈ ਅਤੇ ਇਸ ਵਿਚ 8 ਕਰੋੜ 53 ਲੱਖ 90 ਹਜ਼ਾਰ ਨੌ ਸੌ ਰੁਪਏ ਦੀ ਮੰਗ ਕੀਤੀ ਗਈ ਹੈ । ਡਿਪਟੀ ਸਪੀਕਰ ਸਾਹਿਬ, ਇਹ ਜ਼ਰੂਰੀ ਹੈ ਕਿ ਪੁਲਿਸ ਦਾ ਇੰਤਜ਼ਾਮ ਠੀਕ ਰੱਖਿਆ ਜਾਵੇ । ਜਿਹੜੀ ਸਟੇਟ ਵਿਚ ਪੁਲਿਸ ਐਫੀਸ਼ੈਂਟ ਨਹੀਂ ਉਸ ਸਟੇਟ ਵਿਚ ਇੰਤਜ਼ਾਮ ਠੀਕ ਰਹਿ ਨਹੀਂ ਸਕਦਾ । ਮੈਂ ਸਮਝਦਾ ਹਾਂ ਕਿ ਇਸ ਮੱਦ ਤੇ ਖ਼ਰਚ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਐਫੀਸ਼ੈਂਟ ਕਰਨ ਲਈ ਜਿੰਨਾ ਖ਼ਰਚ ਮੰਗਿਆ ਜਾਵੇ ਉਸ ਨੂੰ ਜਾਇਜ਼ ਸਮਝਣਾ ਚਾਹੀਦਾ ਹੈ । ਹੁਣ ਵੇਖਣ ਵਿਚ ਗੱਲ ਇਹ ਆਉਂਦੀ ਹੈ ਕਿ ਕਈ ਥਾਂਵਾਂ ਤੇ ਐਸ. ਪੀ. ਨੂੰ ਐਸ. ਐਸ. ਪੀ. ਬਣਾ ਦਿੱਤਾ ਗਿਆ ਹੈ ਤਾਂ ਕਿ ਖਿਆਲ ਇਹ ਸੀ ਕਿ ਇਨ੍ਹਾਂ ਨਾਲ ਜ਼ਿਲ੍ਹਿਆਂ ਦਾ ਇੰਤਜ਼ਾਮ ਠੀਕ ਹੋ ਜਾਊ ਪਰ ਵੇਖਣ ਵਿਚ ਇਹ ਆਇਆ ਹੈ ਕਿ ਸਾਧਾਰਣ ਆਦਮੀ ਨੂੰ ਇਸ ਨਾਲ ਕੋਈ ਫ਼ਾਇਦਾ ਨਹੀਂ ਹੋਇਆ ਅਤੇ ਉਸ ਨੂੰ ਜਿਥੇ ਚੰਗਾ ਇਨਸਾਫ ਮਿਲਣਾ ਸੀ ਉਹ ਨਹੀਂ ਮਿਲਿਆ ਅਤੇ ਇਸ ਪੱਖ ਵਿਚ ਕੋਈ ਫਰਕ ਨਹੀ ਪਿਆ । ਟ੍ਰੈਫਿਕ ਸਟਾਫ ਤੇ 16800 ਰੁਪਏ ਦੀ ਰਕਮ ਖਰਚ ਹੋਈ ਹੈ ਪਰ ਇਸ ਸਟਾਫ ਵਿਚ ਕਿੰਨੀਆਂ ਕੁਰੀਤੀਆਂ ਹਨ ਗਿਣੀਆਂ ਨਹੀਂ ਜਾਂਦੀਆਂ । ਟੈਕਸੀ ਵਾਲਿਆਂ ਦਾ ਤਾਂ ਚਲਾਨ ਕਰ ਲਿਆ ਜਾਂਦਾ ਹੈ ਪਰ ਜਿਹੜੇ ਪ੍ਰਾਈਵੇਟ ਟੈਕਸੀਆਂ ਚਲਾਉਂਦੇ ਹਨ ਉਨ੍ਹਾਂ ਵਲ ਧਿਆਨ ਨਹੀਂ ਦਿਤਾ ਗਿਆ । ਵੇਖਣ ਵਿਚ ਆਇਆ ਹੈ ਕਿ ਪ੍ਰਾਈਵੇਟ ਟੈਕਸੀਆਂ ਵਾਲਿਆਂ ਇਕ ਅਧ ਟੈਕਸੀ ਤਾਂ ਵਗਾਰ ਵਾਸਤੇ ਹੀ ਰੀਜ਼ਰਵ ਕਰ ਦਿੱਤੀ ਹੋਈ ਹੈ ਅਤੇ ਜਿਸ ਵੀ ਕਿਸੇ ਐਡਮਨਿਸਟ੍ਰੇਟਿਵ ਅਫਸਰ ਨੂੰ ਜਾਂ ਜ਼ਿਲ੍ਹੇ ਵਿਚ ਉਚ ਅਧਿਕਾਰੀ ਨੂੰ ਲੋੜ ਹੋਵੇ ਜਿਸ ਵਕਤ ਚਾਹੇ ਮੰਗਵਾ ਸਕਦਾ ਹੈ, ਇਸ ਗੱਲ ਤੋਂ ਪਬਲਿਕ ਜਾਣੂ ਹੈ ਅਤੇ ਕਿਸੇ ਨੁਕਰ ਤੋਂ ਪੁੱਛ ਲਓ ਕਿਸੇ ਖੁੰਡ ਤੋਂ ਪਤਾ ਕਰ ਲਓ ਪਤਾ ਲਗ ਸਕਦਾ ਹੈ ਕਿ ਕਿੰਨੇ ਪੈਸੇ ਬਧੇ ਹੋਏ ਹਨ, ਹਰ ਮਹੀਨੇ ਉਨ੍ਹਾਂ ਅਫਸਰਾਂ ਦੇ ਉਨ੍ਹਾਂ ਵਲੋਂ ਜਿਹੜੇ ਕਿ ਇਨ੍ਹਾਂ ਪ੍ਰਾਈਵੇਟ ਟੈਕਸੀਆਂ ਨੂੰ ਰਨ ਕਰਦੇ ਹਨ । (ਵਿਰੋਧੀ ਦਲ ਵਲੋਂ ਪ੍ਰਸ਼ੰਸਾ)

ਇਕ ਗੱਲ ਜ਼ਰੂਰੀ ਧਿਆਨ ਦੇਣ ਵਾਲੀ ਹੈ ਸਮੱਗਲਿੰਗ ਦੀ । ਸਮਗਲਰਾਂ ਨੂੰ ਫੜਿਆ ਨਹੀਂ ਜਾਂਦਾ । ਡਿਪਟੀ ਸਪੀਕਰ ਸਾਹਿਬ, ਨਸ਼ੇ ਬੰਦੀ ਕਰਨ ਲਈ ਸਰਕਾਰ ਨੇ ਕਦਮ ਚੁਕੇ ਤਾਂ ਸਮਗਲਿੰਗ ਸ਼ੁਰੂ ਹੋ ਗਈ । ਇਹ ਕਿਉਂਕਿ ਨਸ਼ਾਂ ਖਾਣ ਵਾਲੇ ਨੂੰ ਤਾਂ ਰੋਕਾ ਨਹੀਂ ਸਕੇ ਸਿਧੇ ਅਤੇ ਪੁਠੇ ਤਰੀਕੇ ਨਾਲ ਉਸ ਪਾਸ ਬਾਕਾਇਦਾ ਚੀਜ਼ਾਂ ਸਮੱਗਲ ਹੋ ਕੇ ਆ ਜਾਂਦੀਆਂ ਹਨ । ਅਤੇ ਮੈਂ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਲਿਆਉਂਦਾ ਹਾਂ ਕਿ ਅਫੀਮ ਸਮਗਲ ਹੋ ਕੇ ਆਉਂਦੀ ਹੈ ਅਤੇ ਖਾਣ ਵਾਲੇ ਦੇ ਮੂੰਹ ਤਕ ਪਹੁੰਚ ਜਾਂਦੀ ਹੈ । ਇਹ ਸਮੱਗਲਰ ਦਾ ਕੰਮ ਹੈ । ਸਰਕਾਰ ਪਹਿਲਾਂ ਇਸ ਪਾਸੇ ਧਿਆਨ

ਦਿੰਦੀ ਸੀ ਪਰ ਹੁਣ ਇਹ ਪਤਾ ਲੱਗਾ ਹੈ ਕਿ ਪੁਲਿਸ ਆਪ ਸਹਾਇਕ ਬਣਦੀ ਜਾ ਰਹੀ ਹੈ। (ਵਿਰੋਧੀ ਦਲ ਵੱਲੋਂ ਪ੍ਰਸ਼ੰਸਾ)

ਡਿਪਟੀ ਸਪੀਕਰ ਸਾਹਿਬ, ਇਸ ਦੀ ਇਕ ਮਿਸਾਲ ਦੇਵਾਂ ਕਿ ਹੁਣੇ ਹੁਣੇ ਇਕ ਸੱਜਣ ਵਲੈਤੋਂ ਆਏ ਅਤੇ ਉਹ ਸ਼ਿਕਾਰੀ ਕੁੱਤੇ ਨਾਲ ਲਿਆਏ। ਇਕ ਪੁਲਿਸ ਅਫਸਰ ਜਿਸ ਨੂੰ ਸ਼ਿਕਾਰੀ ਕੁੱਤੇ ਰੱਖਣ ਦਾ ਬਹੁਤ ਸ਼ੌਕ ਸੀ, ਨੇ ਦੋ ਕੁੱਤੇ 5 ਹਜ਼ਾਰ ਰੁਪਏ ਦੇ ਮੁੱਲ ਲੈ ਲਏ ਪਰ ਉਸ ਦੀ ਪੇਮੈਂਟ, ਮੈਨੂੰ ਦਸਣ ਲਗਿਆਂ ਦੁੱਖ ਹੁੰਦਾ ਹੈ ਕਿ ਅਫੀਮ ਦੀ ਸ਼ਕਲ ਵਿਚ ਹੋਈ (ਵਿਘਨ) (ਅਵਾਜ਼ਾਂ : ਸ਼ੇਮ ਸ਼ੇਮ) ਇਹ ਗੱਲ ਮੇਰੇ ਜ਼ਾਤੀ ਨੋਟਿਸ ਵਿਚ ਹੈ ਕਿ ਕਿਹੜਾ ਆਦਮੀ ਵਲੈਤੋਂ ਆਇਆ ਅਤੇ ਕਿਹੜਾ ਸ਼ਿਕਾਰੀ ਕੁੱਤੇ ਲਿਆਇਆ ਅਤੇ ਕਿਸ ਤਰ੍ਹਾਂ ਅਫੀਮ ਦੀ ਸ਼ਕਲ ਵਿਚ ਪੇਮੈਂਟ ਹੋਈ।

ਇਕ ਮੈਂਬਰ : ਤੁਸੀਂ ਆਪੋਜੀਸ਼ਨ ਦੀ ਗੱਲ ਕਰ ਰਹੇ ਹੋ। (ਵਿਘਨ)

ਸਰਦਾਰ ਪ੍ਰਤਾਪ ਸਿੰਘ: ਮੈਂ ਅਪੋਜ਼ੀਸ਼ਨ ਦੀ ਗੱਲ ਨਹੀਂ ਕਰਦਾ ਮੈਂ ਤਾਂ ਇਹ ਜ਼ਿਕਰ ਕਰ ਰਿਹਾ ਹਾਂ ਕਿ ਅਫੀਮ ਦੀ ਸਮੱਗਲਿੰਗ, ਰੇਡ ਟੇਪਇਜ਼ਮ ਅਤੇ ਇਨਐਫੀਸ਼ੈਂਸੀ ਜੇਕਰ ਇਸ ਤਰ੍ਹਾਂ ਰਹੀ ਤਾਂ ਦੇਸ਼ ਦੀ ਅਜ਼ਾਦੀ ਬਹੁਤ ਚਿਰ ਕਾਇਮ ਨਹੀਂ ਰਹਿ ਸਕਦੀ। (ਵਿਘਨ) (ਵਿਰੋਧੀ ਦੱਲ ਵਲੋਂ ਪ੍ਰਸ਼ੰਸਾ) ਇਸ ਕਰਕੇ ਮੈਂ ਇਸ ਗੱਲ ਦਾ ਯਤਨ ਕੀਤਾ ਹੈ ਕਿ ਅਸਲੀਅਤ ਲਭ ਕੇ ਲਿਆ ਸਕਾਂ। (ਵਿਘਨ) (ਘੰਟੀ) ਬਸ ਮੈਂ ਇਥੇ ਹੀ ਖ਼ਤਮ ਕਰਦਾ ਹਾਂ।

ਸਰਦਾਰ ਸ਼ਸ਼ਪਾਲ ਸਿੰਘ (ਮਜੀਠਾ) : ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਇਕ ਕਿਹਾ ਹੈ ਕਿ ਸੈਂਟਰ ਦੀ ਹਕੂਮਤ ਕਮਜ਼ੋਰ ਹੈ ਲੇਕਿਨ ਪੰਜਾਬ ਦੀ ਅਛੀ ਹੈ ਅਤੇ ਇਥੇ ਦੀ ਐਡਮਨਿਸਟ੍ਰੇਸ਼ਨ ਮਜ਼ਬੂਤ ਹੈ ਅਤੇ ਇਸ ਦੇ ਬਾਰੇ ਵਿਚ ਉਨ੍ਹਾਂ ਸੁਝਾਵ ਦਿਤੇ ਹਨ। ਮੈਂ ਡਿਪਟੀ ਸਪੀਕਰ ਸਾਹਿਬ, ਇਥੇ ਜੋ ਲਾ ਐਂਡ ਆਰਡਰ ਦੀ ਹਾਲਤ ਹੈ ਉਸ ਬਾਰੇ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ। ਮੈਂ ਇਹ ਸਮਝਦਾ ਹਾਂ ਕਿ ਇਸ ਵਕਤ ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਸਾਰੇ ਦੇਸ਼ ਵਿਚੋਂ ਨੰਬਰ 1 ਤੇ ਹੈ। ਜੇਕਰ ਬਾਕੀ ਦੇ ਰਾਜਾਂ ਨਾਲ ਇਸ ਦਾ ਮੁਕਾਬਲਾ ਕਰੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਸਾਰਿਆਂ ਨਾਲੋਂ ਚੰਗੀ ਹੈ। ਬੰਗਾਲ ਵਿਚ ਵੇਖ ਲਓ ਕੀ ਹੋ ਰਿਹਾ ਹੈ। ਉਥੇ ਲਾ ਐਂਡ ਆਰਡਰ ਲੋਅਸਟ ਐਬ ਤੇ ਹੈ, ਬਾਟਮ ਤੇ ਹੈ ਪਰ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਟਾਪ ਤੇ ਹੈ।

ਮੈਂ ਬੇਨਤੀ ਕਰਾਂਗਾਂ ਕਿ ਇਸ ਦਾ ਕਰੈਡਿਟ ਇਸ ਪੰਜਾਬ ਦੀ ਗੌਰਮਿੰਟ ਨੂੰ ਜਾਂਦਾ ਹੈ ਜਿਸ ਦੇ ਲੀਡਰ ਸਰਦਾਰ ਗੁਰਨਾਮ ਸਿੰਘ ਜੀ ਹਨ। ਲਾਅ ਐਂਡ ਆਰਡਰ ਵੇਖਣ ਲਈ ਲੋਕ ਆਉਂਦੇ ਹਨ। ਇਸ ਪੱਖ ਵਿਚ ਕਿੰਨੀ ਤਰੱਕੀ ਇਸ ਸਰਕਾਰ ਨੇ ਕੀਤੀ ਹੈ। ਪਿਛਲੀ ਜੋ ਸਰਕਾਰ ਕਾਂਗਰਸ ਦੀ ਸੀ ਉਦੋਂ ਲਾਅ ਐਂਡ ਆਰਡਰ ਦੀ ਹਾਲਤ ਕੀ ਸੀ ਅਤੇ ਹੁਣ ਕੀ ਹੈ ਜੇਕਰ ਇਸ ਦਾ ਮੁਕਾਬਲਾ ਕੀਤਾ ਜਾਵੇ ਤਾਂ ਪਤਾ ਲੱਗ ਸਕਦਾ ਹੈ ਕਿ ਇਹ ਬੇਹਤਰ ਹੈ। ਕਲਕੱਤੇ ਵਿਚ, ਵੈਸਟ ਬੰਗਾਲ ਵਿਚ ਕੀ ਹੋ ਰਿਹਾ ਹੈ, ਆਪ ਸਾਰਿਆਂ ਦੇ ਸਾਹਮਣੇ ਹੈ; ਅਤੇ ਪੰਜਾਬ ਵਿਚ ਕੀ ਹਾਲਤ ਹੈ, ਇਹ ਗੱਲ ਅਸਾਨੀ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਇਸ ਹਾਲਤ ਦਾ ਬਾਕੀ ਦੇ ਸੂਬਿਆਂ ਨਾਲ ਮੁਕਾਬਲਾ ਕਰੀਏ ਜਾਂ ਬੰਗਾਲ ਨਾਲ ਮੁਕਾਬਲਾ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਹਜ਼ਾਰ ਗੁਣਾਂ ਚੰਗੀ ਹੈ।

[ਸਰਦਾਰ ਜਸਪਾਲ ਸਿੰਘ]

ਇਥੇ ਪੁਲਿਸ ਦੇ ਬਾਰੇ ਵਿਚ ਗੱਲਾਂ ਕਹੀਆਂ ਗਈਆਂ ਹਨ । ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਇਹ ਡੀਪਾਰਟਮੈਂਟ ਹੈਂਡੀਕੇਪਡ ਹੈ । ਜਿਹੜੀ ਸਾਡੀ ਪੁਲਿਸ ਫੋਰਸ ਹੈ ਇਹ ਘੱਟ ਹੈ । ਇੰਟਰਨੈਸ਼ਨਲ ਜੋ ਮਿਆਰ ਇਸ ਸਬੰਧ ਵਿਚ ਹੈ ਉਸ ਤੋਂ ਵੀ 1/10 ਹਿੱਸਾ ਹੈ, ਇਨੀ ਥੋੜ੍ਹੀ ਫੋਰਸ ਹੈ । ਇਸ ਤੋਂ ਸਾਫ ਪਤਾਂ ਲੱਗਦਾ ਹੈ ਕਿ ਸੂਬਾ ਮਜਬੂਤ ਹੈ ਅਤੇ ਰਹਿਣ ਸਹਿਣ ਅਤੇ ਤਰੱਕੀ ਦੇ ਹਾਲਾਤ ਜ਼ਿਆਦਾ ਹਨ ਅਤੇ ਕਮਿਊਨਿਟੀ ਮਜ਼ਬੂਤ ਹੈ ਅਤੇ ਹਾਲਤ ਕਮਿਊਨਿਟੀ ਦੀ ਚੰਗੀ ਹੈ ਅਤੇ ਫੋਰਸ ਹਰ ਲੜਾਈ ਝਗੜੇ ਨੂੰ ਫੇਸ ਕਰਨ ਲਈ ਤਤਪਰ ਰਹਿੰਦੀ ਹੈ । ਇਥੇ ਇਹ ਕਿਹਾ ਜਾ ਸਕਦਾ ਹੈ ਕਿ ਪੁਲਿਸ ਐਡਮਨਿਸਟਰੇਸ਼ਨ ਇਮਪਰੂਵ ਹੋਈ ਹੈ । ਅਤੇ ਪੰਜਾਬ ਦੀ ਪੁਲਿਸ ਦੀ ਬੇਸਟ ਪਰਫਾਰਮੈਂਸ ਹੈ ਬਾਕੀ ਸਾਰਿਆਂ ਸੂਬਿਆਂ ਨਾਲੋਂ । (ਵਿਘਨ)

ਇਥੇ ਸਮੱਗਲਿੰਗ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਜ਼ਿਆਦਾ ਹੋਈ ਹੈ । ਇਸ ਦੀ ਕੀ ਵਜ੍ਹਾ ਹੈ ਮੈਂ ਦੱਸਣਾ ਚਾਹੁੰਦਾ ਹਾਂ ? ਸਾਡਾ ਸੂਬਾ ਇਕ ਬਾਰਡਰ ਸਟੇਟ ਹੈ ਅਤੇ ਬਾਰਡਰ ਸਟੇਟ ਵਿਚ ਹਾਊਸ ਨੂੰ ਪਤਾ ਹੀ ਹੈ ਕਿ ਬਾਰਡਰ ਤੇ ਕੰਟਰੋਲ ਬਾਰਡਰ ਸਿਕਊਰਿਟੀ ਫੋਰਸ ਦਾ ਹੁੰਦਾ ਹੈ । ਇਸ ਦਾ ਪੰਜਾਬ ਦੀ ਪੁਲਿਸ ਦੇ ਨਾਲ ਕੋਈ ਤੁਅੱਲਕ ਨਹੀਂ । ਪੰਜਾਬ ਦੀ ਪੁਲਿਸ ਉਸ ਵੇਲੇ ਆਉਂਦੀ ਹੈ ਜਿਸ ਵਕਤ ਬਾਰਡਰ ਤੋਂ ਮਾਲ ਨਿਕਲਕੇ ਸ਼ਹਿਰਾਂ ਦੇ ਵਿਚ ਆ ਵੜਦਾ ਹੈ । ਮੈਂ ਸਮਝਦਾ ਹਾਂ ਪੰਜਾਬ ਦੀ ਪੁਲਿਸ ਤੇ ਇਸ ਤਰ੍ਹਾਂ ਦੀ ਇਲਜ਼ਾਮ ਤਰਾਸ਼ੀ ਕਰਨਾ ਵੀ ਠੀਕ ਨਹੀਂ ਹੈ ।

ਏਥੇ ਸਰਦਾਰ ਉਮਰਾਓ ਸਿੰਘ ਨੇ ਕਈ ਗੱਲਾਂ ਦਸੀਆਂ ਹਨ, ਮੈਂ ਉਨ੍ਹਾਂ ਦੇ ਮੁਤਾਲਕ ਵੀ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਇਨ੍ਹਾਂ ਨੇ ਦਸਿਆ ਕਿ ਉਸ ਵੇਲੇ ਐਡਮਨਿਸਟਰੇਸ਼ਨ ਤੇ ਪੂਰਾ ਕੰਟਰੋਲ ਸੀ ਅਤੇ ਲਾਅ ਐਂਡ ਆਰਡਰ ਦੀ ਹਾਲਤ ਵੀ ਅੱਛੀ ਸੀ । ਉਸ ਵੇਲੇ ਜਰਾਇਮ ਘੱਟ ਹੁੰਦੇ ਸੀ, ਇਸ ਤਰ੍ਹਾਂ ਦੀਆਂ ਗੱਲਾਂ ਇਨ੍ਹਾਂ ਨੇ ਕੀਤੀਆਂ ਹਨ । ਇਹ ਜਰਾਇਮ ਦੀ ਤਾਦਾਦ ਅਸਲ ਵਿਚ ਘੱਟ ਨਹੀਂ ਸੀ ਕਿਉਂਕਿ ਥਾਣੇ ਵਾਲਿਆਂ ਨੂੰ ਇਹ ਹਦਾਇਤ ਸੀ ਕਿ ਜੋ ਕੋਈ ਫਰਿਆਦੀ ਆਵੇ ਉਸ ਦਾ [illegible] ਰਜਿਸਟਰ ਨਾ ਕੀਤਾ ਜਾਵੇ ਤਾਂ ਜੋ ਜਰਾਇਮ ਦੀਆਂ ਫਿਗਰਜ਼ ਦੇ ਵਿਚ ਵਾਧਾ ਨਾ ਹੋਵੇ । ਮੈਂ ਆਪ ਦੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਵੱਲੋਂ ਹਰ ਥਾਣੇ ਨੂੰ ਇਹ ਇਨਸਟਰਕਸ਼ਨਜ਼ ਹਨ ਕਿ ਕੇਸਿਜ਼ ਦੇ ਰਜਿਸਟਰ ਕਰਨ ਦੇ ਵਿਚ ਕਿਸੇ ਤਰ੍ਹਾਂ ਦੀ ਵੀ ਕੋਤਾਹੀ ਨਹੀਂ ਹੋਣੀ ਚਾਹੀਦੀ, ਉਸ ਵੇਲੇ ਨਾਲੋਂ ਫਿਗਰਜ਼ ਵਧ ਜਾਣ ਦਾ ਇਕ ਇਹ ਕਾਰਨ ਵੀ ਹੈ ਕਿ ਉਸ ਵੇਲੇ ਕੇਸਿਜ਼ ਰਜਿਸਟਰ ਹੀ ਨਹੀਂ ਹੁੰਦੇ ਸਨ, ਇਸ ਲਈ ਫਿਗਰਜ਼ ਦਾ ਖਿਆਲ ਮੁੱਖ ਰੱਖ ਕੇ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਜਿਹੜੇ ਸੱਜਣ ਇਸ ਤਰ੍ਹਾਂ ਦੀਆਂ ਗੱਲਾਂ ਕਰਿਟੀਸਾਈਜ਼ ਕਰਦੇ ਹਨ ਉਹ ਪ੍ਰੈਕਟੀਕਲੀ ਵੇਖਣ ਕੀ ਹੁੰਦਾ ਹੈ। ਜਿਸ ਤਰ੍ਹਾਂ ਦੀਆਂ ਖਬਰਾਂ ਅਖਬਾਰਾਂ ਦੇ ਵਿਚ ਆਉਂਦੀਆਂ ਹਨ ਦੂਸਰੀਆਂ ਸਟੇਟਸ ਦੀਆਂ ਇਹ 1/10 ਹਿੱਸਾ ਵੀ ਪੰਜਾਬ ਦੀਆਂ ਨਹੀਂ ਹੁੰਦੀਆਂ । ਉਧਰ ਦੇ ਲਾਅ ਐਂਡ ਆਰਡਰ ਦੀ ਇਹ ਹਾਲਤ ਹੈ ਕਿ ਕੋਈ ਜਨਾਨੀ ਅੱਛੀ ਸਾੜ੍ਹੀ ਪਹਿਨ ਕੇ ਵੀ ਬਾਜ਼ਾਰ ਦੇ ਵਿਚ ਨਹੀਂ ਨਿਕਲ ਸਕਦੀ।

(ਸ਼ੇਮ, ਸ਼ੇਮ ਦੀਆਂ ਆਵਾਜ਼ਾਂ) । (ਇਕ ਮਾਨਯੋਗ ਮੈਂਬਰ : ਅੱਜ ਵੀ ਹੁਸ਼ਿਆਰਪੁਰ ਵਿਚ ਇਸੇ ਤਰ੍ਹਾਂ ਹੀ ਹੁੰਦਾ ਹੈ) । ਕਾਮਰੇਡ ਸਾਹਿਬ ਨੂੰ ਹੁਣ ਮੇਰੀਆਂ ਗੱਲਾਂ ਦੀ ਤਕਲੀਫ ਹੁੰਦੀ ਹੈ, ਅਸੀਂ ਜਦੋਂ ਉਨ੍ਹਾਂ ਨੂੰ ਪੇਸ਼ੈਂਟਲੀ ਸੁਣਿਆ ਹੈ, ਉਹ ਵੀ ਹੌਸਲੇ ਨਾਲ ਸੁਣਨ । ਮੈਂ ਅਰਜ਼ ਕਰ ਰਿਹਾ ਸੀ ਕਿ ਪੁਲੀਸ ਕੋਈ ਐਕਸ਼ਨ ਰੋਂਗ ਲੈ ਸਕਦੀ ਹੈ, ਪਰ ਲਾਅ ਐਂਡ ਆਰਡਰ ਆਫ਼ ਦੀ ਸਟੇਟ ਦਾ ਜਿਥੋਂ ਤੱਕ ਸਵਾਲ ਹੈ, ਇਹ ਓਵਰ ਆਲ ਸਾਰੀ ਸਟੇਟ ਦੇ ਹਾਲਾਤ ਤੋਂ ਜੱਜ ਕੀਤਾ ਜਾ ਸਕਦਾ ਹੈ । ਸਾਡੇ ਹਾਲਾਤ ਜੇਕਰ ਦੂਸਰੀਆਂ ਸਟੇਟਸ ਦੇ ਨਾਲ ਮਿਲਾਏ ਜਾਣ ਤਾਂ ਹਜ਼ਾਰ ਦਰਜ਼ਾ ਬੇਹਤਰ ਹਨ । ਤੁਸੀਂ ਦੂਸਰੀਆਂ ਸਟੇਟਸ ਦੇ ਵਿਚ ਜਾ ਕੇ ਵੇਖੋ ਕਿਸ ਤਰ੍ਹਾਂ ਉਥੋਂ ਦੇ ਕਾਰਖਾਨੇਦਾਰ ਸਹਿਮੇ ਹੋਏ ਹਨ । ਉਹ ਉਥੋਂ ਦੂਸਰੀਆਂ ਸਟੇਟਸ ਦੇ ਵਿਚ ਭੱਜਣ ਦੀ ਕੋਸ਼ਿਸ਼ ਕਰ ਰਹੇ ਹਨ । ਜੇਕਰ ਉਨ੍ਹਾਂ ਨੂੰ ਉਥੋਂ ਨਿਕਲਣ ਦੀ ਇਜ਼ਾਜਤ ਦਿੱਤੀ ਜਾਵੇ ਤਾਂ ਉਹ ਦੂਸਰੀਆਂ ਸਟੇਟਸ ਦੇ ਵਿਚ ਆਉਣ ਲਈ ਤਿਆਰ ਹਨ । ਇਹ ਹਾਲਾਤ ਹਨ ਉਨ੍ਹਾਂ ਸਟੇਟਸ ਦੇ ਜਿਥੋਂ ਦੇ ਲਾਅ ਐਂਡ ਆਰਡਰ ਦੀ ਸਿਫ਼ਤ ਕਰਕੇ ਇਹ ਥਕਦੇ ਨਹੀਂ । ਜਦੋਂ ਪੰਜਾਬ ਵਿਚ ਕਾਂਗਰਸ ਦਾ ਰਾਜ ਸੀ ਇਥੇ ਹਿੰਦੂ ਸਿੱਖਾਂ ਦਾ ਆਪਸ ਵਿਚ ਹਰ ਵੇਲੇ ਝਗੜਾ ਹੀ ਰਹਿੰਦਾ ਸੀ, ਕੋਈ ਵਾਕਿਆ ਮੌਜੂਦਾ ਹਕੂਮਤ ਦੇ ਵੇਖਣ ਵਿਚ ਨਹੀਂ ਆਇਆ । (ਵਿਘਨ—ਸ਼ੋਰ)

ਸ੍ਰੀ ਡਿਪਟੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਉਹ ਤੁਹਾਨੂੰ ਸੁਣਦੇ ਰਹੇ ਹਨ, ਹੁਣ ਤੁਸੀਂ ਵੀ ਉਨ੍ਹਾਂ ਦੀਆਂ ਗੱਲਾਂ ਦੇ ਵਿਚ ਆਪਣਾ ਧਿਆਨ ਦਿਉ ਅਤੇ ਹਿੰਮਤ ਨਾਲ ਉਨ੍ਹਾਂ ਨੂੰ ਵੀ ਸੁਣੋ । (I would request the hon. members to listen to him attentively, as he had been listening to them, They should have courage to listen to him now.)

ਸਰਦਾਰ ਸ਼ਸ਼ਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਏਥੇ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਸੀ ਕਹਿਣਾ ਚਾਹੁੰਦਾ, ਪਰ ਉਹ ਬੋਲਣ ਲੱਗ ਪਏ ਹਨ, ਇਸ ਲਈ ਮੈਨੂੰ ਵੀ ਮਜ਼ਬੂਰਨ ਕੁਝ ਨਾ ਕੁਝ ਕਹਿਣ ਹੀ ਪੈਣਾਂ ਹੈ । ਇਹ ਮੈਂ ਨਹੀਂ ਜਾਣਦਾ ਪੰਜਾਬੀ ਸੂਬੇ ਦੀ ਐਜੀਟੇਸ਼ਨ ਜਦੋਂ ਸੀ, ਡਾਂਗ ਸਾਹਿਬ ਵੀ ਜਾਣਦੇ ਹਨ, ਇਨ੍ਹਾਂ ਕਾਂਗਰਸੀਆਂ ਨੂੰ । ਉਸ ਵੇਲੇ ਕੀ ਹੋਇਆ ਸੀ ਕਿ ਖੁਸ਼ਬਖਤ ਰਾਏ ਏ. ਐਸ. ਆਈ. ਨੂੰ ਦਿਨ ਦਿਹਾੜੇ ਕਤਲ ਕੀਤਾ ਗਿਆ । ਅੱਜ ਇਹ ਆਪਣੇ ਰਾਜ ਦੀਆਂ ਸਫਾਈਆਂ ਪੇਸ਼ ਕਰਦੇ ਹਨ, ਇਹ 20 ਸਾਲਾਂ ਦੇ ਵਿਚ ਹਿੰਦੂ ਸਿੱਖ ਫਸਾਦ ਕਰਾਉਣ ਦੇ ਵਿਚ ਹੀ ਲੱਗੇ ਰਹੇ ਹਨ, ਹੋਰ ਇਨ੍ਹਾਂ ਨੇ ਜਨਤਾ ਦਾ ਕੀ ਸੰਵਾਰਿਆ ਹੈ । ਇਹ ਗੱਲਾਂ ਬਿਲਕੁਲ ਫੈਕਟ ਹਨ (ਵਿਘਨ—ਸ਼ੋਰ) ਡਾਂਗ ਸਾਹਿਬ ਤਾਂ ਮੇਰੇ ਨਾਲੋਂ ਵੱਧ ਜਾਣਦੇ ਹਨ ਕਿ ਕਾਂਗਰਸ ਰਾਜ ਵਿਚ ਇਨ੍ਹਾਂ ਆਪੋਜ਼ੀਸ਼ਨ ਪਾਰਟੀਆਂ ਦੀ ਕੀ ਹਾਲਤ ਹੋਈ ਹੈ, ਜਿਸ ਤਰ੍ਹਾਂ ਦੀ ਹਾਲਤ ਹੋਈ ਆਪੋਜ਼ੀਸ਼ਨ ਦੀ ਉਸ ਦੀ ਮਿਸਾਲ ਨਹੀਂ ਮਿਲਦੀ । ਅਕਾਲੀ ਪਾਰਟੀ ਦੇ ਲੀਡਰ ਜਾਣਦੇ ਹਨ ਕਿ ਕਿਸ ਤਰ੍ਹਾਂ ਉਨ੍ਹਾਂ ਦੀਆਂ ਆਸਾਂ ਤੇ ਸੁਹਾਗੇ ਫੇਰੇ ਗਏ, ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਟਬਰਾਂ ਨੂੰ ਕੈਦ ਕੀਤਾ ਗਿਆ, ਉਨ੍ਹਾਂ ਦੀਆਂ ਜਾਇਦਾਦਾਂ ਖੋਹਈਆਂ ਗਈਆਂ । ਜੋ ਕੁਝ ਇਸ ਰਾਜ ਵਿਚ ਹੋਇਆ ਉਹ ਸਾਰੇ ਹੀ ਜਾਣਦੇ ਹਨ । ਮੈਨੂੰ ਇਸ ਦੀ ਬਹੁਤ ਤਫ਼ਸੀਲ ਦੇ ਵਿਚ ਜਾਣ ਦੀ ਜ਼ਰੂਰਤ ਨਹੀਂ । ਇਨ੍ਹਾਂ ਤੋਂ ਬਾਅਦ ਜਨਤਾ ਪਾਰਟੀ ਦੀ ਸਰਕਾਰ ਆਈ, ਇਨ੍ਹਾਂ ਬਾਰੇ ਵੀ ਕਾਮਰੇਡ ਸਾਹਿਬ ਨੂੰ

[ਸਰਦਾਰ ਸ਼ਸ਼ਪਾਲ ਸਿੰਘ]

ਸਾਰੇ ਹਾਲਾਤ ਦਾ ਪਤਾ ਹੈ, ਇਸੇ ਤਰ੍ਹਾਂ ਯੂਨਾਈਟਿਡ ਫਰੰਟ ਦੀ ਸਾਂਝੀ ਸਰਕਾਰ ਰਹੀ ਅਤੇ ਹੁਣ ਵੀ ਸਾਂਝੀ ਸਰਕਾਰ ਹੈ। ਇਹ ਸਾਰੇ ਲੋਕ, ਉਨ੍ਹਾਂ ਦੇ ਮੁਕਾਬਲੇ ਵਿਚ ਬਖੂਬੀ ਜਾਣਦੇ ਹਨ ਕਿ ਮੌਜੂਦਾ ਹਾਲਾਤ ਦੇ ਵਿਚ ਐਡਮਨਿਸਟਰੇਸ਼ਨ ਦਾ ਕਿਤਨਾ ਕੰਟਰੋਲ ਹੈ ਅਤੇ ਕਿਤਨਾ ਇਨਸਾਫ਼ ਲੋਕਾ ਨੂੰ ਮਿਲਦਾ ਹੈ। ਇਸ ਸਰਕਾਰ ਨੇ ਜ਼ਿਮੀਂਦਾਰ ਨੂੰ ਖਾਸ ਤੌਰ ਤੇ ਸਹੂਲਤਾਂ ਦੇਣ ਦਾ ਪਰੋਗਰਾਮ ਬਣਾਇਆ ਹੈ, ਕਿਉਂਕਿ ਇਸ ਸਟੇਟ ਵਿਚ ਇਨ੍ਹਾਂ ਰਾਹੀਂ ਹੀ ਮੁਲਕ ਦੀ ਆਮਦਨ ਵਿਚ ਵਾਧਾ ਕੀਤਾ ਜਾ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਸਰਕਾਰ ਨੇ ਕਾਰਖਾਨੇਦਾਰਾਂ ਦੀ ਵੀ ਵਧ ਚੜ੍ਹ ਕੇ ਹਮਾਇਤ ਕੀਤੀ ਹੈ, ਜਿਤਨੀਆਂ ਵੀ ਫੈਸਿਲਿਟੀਜ਼ ਇਹ ਸਰਕਾਰ ਦੇਣਾ ਯੋਗ ਸਮਝਦੀ ਹੈ, ਉਹ ਦੇ ਰਹੀ ਹੈ। ਇਹ ਸਾਰਾ ਕਰੈਡਿਟ ਮੌਜੂਦਾ ਹਕੂਮਤ ਦੀ ਐਡਮਨਿਸਟਰੇਸ਼ਨ ਨੂੰ ਜਾਂਦਾ ਹੈ। ਏਥੇ ਕਾਰਖਾਨੇਦਾਰਾਂ ਤੇ ਕੋਈ ਪਾਬੰਦੀ ਨਹੀਂ, ਹਰ ਤਰ੍ਹਾਂ ਦਾ ਕੱਚਾ ਮਾਲ ਮਿਲਣ ਵਿਚ ਸਰਕਾਰ ਉਨ੍ਹਾਂ ਦੀ ਸਹਾਈ ਹੁੰਦੀ ਹੈ ਤਾਂ ਜੋ ਜੇ ਮਾਲ ਵਧੀਆ ਮਿਲੇਗਾ ਤਾਂ ਵਧੀਆ ਚੀਜ਼ਾਂ ਵੀ ਤਿਆਰ ਹੋਣਗੀਆਂ (ਇਕ ਮਾਨਯੋਗ ਮੈਂਬਰ : ਉਨ੍ਹਾਂ ਨੂੰ ਹੋਰ ਕੋਈ ਤਕਲੀਫ਼ ਨਹੀਂ ਸਿਰਫ਼ ਮਜ਼ਦੂਰ ਮਾਰੇ ਜਾ ਰਹੇ ਹਨ।)

ਇਥੇ ਕਈ ਮੈਂਬਰ ਸਾਹਿਬਾਨ ਨੇ ਅਫੀਮ ਦੀ ਸਮੱਗਲਿੰਗ ਦਾ ਜ਼ਿਕਰ ਕੀਤਾ ਹੈ। ਪਰ ਇਹ ਗੱਲ ਕੋਈ ਲੁਕੀ ਛਿਪੀ ਨਹੀਂ। ਅਫੀਮ ਉਦੋਂ ਵੀ ਆਉਂਦੀ ਸੀ ਪਰ ਗੱਲ ਤਾਂ ਇਤਨੀ ਹੀ ਸੀ ਕਿ ਉਸ ਵੇਲੇ ਕੇਸ ਬਾਹਰ ਦੀ ਬਾਹਰ ਖੁਰਦ ਬੁਰਦ ਹੁੰਦੇ ਸੀ ਅਤੇ ਰਜਿਸਟਰ ਨਹੀ ਸੀ ਹੁੰਦੇ, ਅਸੀਂ ਇਹ ਦਰਜ਼ ਕਰਨੇ ਸ਼ੁਰੂ ਕਰ ਦਿੱਤੇ ਹਨ। ਇਹ ਫਿਗਰਜ਼ ਦਿਨ ਬਦਿਨ ਵਧਦੀਆਂ ਹੀ ਜਾਂਦੀਆਂ ਹਨ। ਇਥੇ ਦਾ ਕੰਟਰੋਲ ਅੱਗੇ ਨਾਲੋਂ ਚੰਗਾ ਹੋ ਗਿਆ ਹੈ, ਇਹੋ ਇਨ੍ਹਾਂ ਨੂੰ ਇਤਰਾਜ਼ ਹੈ। ਇਹ ਨੰਬਰ ਅਸੀਂ ਵੀ ਘੱਟ ਕਰਕੇ ਵਿਖਾ ਸਕਦੇ ਸੀ, ਜੇ ਅਸੀਂ ਕੇਸਿਜ਼ ਰਜਿਸਟਰ ਨਾ ਕਰਦੇ। ਮੈਨੂੰ ਪੂਰਾ ਯਕੀਨ ਹੈ ਕਿ ਜੇਕਰ ਪੁਲਿਸ ਫੋਰਸ ਪਾਪੂਲੇਸ਼ਨ ਦੇ ਲਿਹਾਜ਼ ਨਾਲ ਹਰ ਜ਼ਿਲ੍ਹੇ ਵਿਚ ਲਗਾਈ ਜਾਵੇ ਇਸ ਦਾ ਨੰਬਰ ਵਧ ਕਰ ਦਿੱਤਾ ਜਾਵੇ, ਉਤਨਾ ਨੰਬਰ ਜਿਤਨਾ ਕਿ ਇਕ ਜ਼ਿਲੇ ਵਿਚ ਉਥੇ ਦੀ ਆਬਾਦੀ ਅਨੁਸਾਰ ਹੋਣਾ ਚਾਹੀਦਾ ਹੈ, ਤਾਂ ਲਾਅ ਐਂਡ ਆਰਡਰ ਦੀਆਂ ਜੋ ਹੁਣ ਕੋਈ ਸ਼ਿਕਾਇਤਾਂ ਹਨ ਵੀ, ਉਹ ਵੀ ਦੂਰ ਹੋ ਜਾਣਗੀਆਂ। ਚੀਫ਼ ਮਨਿਸਟਰ ਸਾਹਿਬ ਮੈਨੂੰ ਉਮੀਦ ਹੈ ਇਸ ਵਿਚ ਜ਼ਰੂਰ ਕੋਈ ਨਾ ਕੋਈ ਤਬਦੀਲੀ ਲਿਆਉਣ ਬਾਰੇ ਸੋਚਣਗੇ।

ਅਖੀਰ ਦੇ ਵਿਚ ਇਕ ਬਹੁਤ ਹੀ ਜ਼ਰੂਰੀ ਗੱਲ ਜਿਹੜੀ ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਜ਼ਿਮੀਂਦਾਰ ਅਦਾਲਤਾਂ ਵਿਚ, ਦਫਤਰਾਂ ਵਿਚ ਆਪਣੇ ਕੰਮ ਛਡ ਕੇ ਸਵੇਰੇ ਹੀ ਪਹੁੰਚ ਜਾਂਦੇ ਹਨ, ਪਰ ਸ਼ਾਮ ਨੂੰ ਕਿਤੇ ਜਾ ਕੇ ਉਨ੍ਹਾਂ ਨੂੰ ਆਵਾਜ਼ ਪੈਂਦੀ ਹੈ। ਇਸ ਤਰ੍ਹਾਂ ਇਸ ਵਕਤ ਵਿਚ ਜਿਹੜਾ ਉਨ੍ਹਾਂ ਨੇ ਜ਼ਿਮੀਂਦਾਰੇ ਤੇ ਵਕਤ ਲਾਉਣਾ ਹੁੰਦਾ ਹੈ ਉਹ ਜ਼ਾਇਆ ਜਾਂਦਾ ਹੈ। ਜੇ ਉਨ੍ਹਾਂ ਨੂੰ ਜਿਸ ਦਿਨ ਬੁਲਾਇਆ ਜਾਵੇ ਨਾਲ ਇਹ ਵੀ ਲਿਖ ਦਿੱਤਾ ਜਾਇਆ ਕਰੇ ਕਿ ਉਨ੍ਹਾਂ ਨੂੰ ਲੰਚ ਆਵਰ ਤੋਂ ਪਹਿਲਾਂ ਜਾਂ ਪਿਛੋਂ ਕਾਲ ਕੀਤਾ ਜਾਵੇਗਾ ਤਾਂ ਇਸ ਢੰਗ ਨਾਲ ਉਨ੍ਹਾਂ ਦਾ ਅੱਧਾ ਦਿਨ ਬਚ ਸਕਦਾ ਹੈ। ਉਮੀਦ ਹੈ ਸਰਕਾਰ ਮੇਰੀਆਂ ਇਨ੍ਹਾ ਬੇਨਤੀਆਂ ਵੱਲ ਜ਼ਰੂਰ ਧਿਆਨ ਦੇਵੇਗੀ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਜੱਥੇਦਾਰ ਹਰਦਿੱਤ ਸਿੰਘ ਭੱਠਲ (ਧਨੌਲਾ) : ਸਪੀਕਰ ਸਾਹਿਬ, ਮੈਂ ਕੁਝ ਸਾਂਝੀਆਂ ਜੇਹੀਆਂ ਗੱਲਾਂ ਤੇ ਬੋਲਣਾ ਹੈ, ਮੈਨੂੰ ਇਤਰਾਜ਼ ਹੈ ਕਿ ਪਿਛੇ ਜਦੋਂ ਗਵਰਨਰ ਐਡਰੈਸ ਹੋਇਆ ਉਸ ਤੇ ਬਹਿਸ ਕਰਨ ਦਾ ਟਾਈਮ ਨਹੀਂ ਮਿਲਿਆ, ਬਜਟ ਦੀ ਬਹਿਸ ਵਿਚ ਵੀ ਟਾਈਮ ਨਹੀਂ ਮਿਲਿਆ, ਹੁਣ ਮੈਨੂੰ ਵੱਧ ਤੋਂ ਵੱਧ ਬੋਲਣ ਦਾ ਮੌਕਾ ਮਿਲਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਜਥੇਦਾਰ ਜੀ, ਉਸ ਵੇਲੇ ਦਾ ਟਾਈਮ ਸਰਦਾਰ ਦਰਸ਼ਨ ਸਿੰਘ ਝਬਾਲ ਨੂੰ ਦੇ ਦਿੱਤਾ ਗਿਆ ਸੀ, ਹੁਣ ਤੁਸੀਂ ਜਿਹੜੀਆਂ 2—4 ਗੱਲਾਂ ਕਰ ਨੀਆਂ ਹਨ ਉਹ ਆਪਣੇ ਟਾਈਮ ਦੇ ਵਿਚ ਹੀ ਕਰ ਲਉ । (I would point out to Jathedar Hardit Singh Bhathal that Sardar Darshan Singh Jhabal was accommodated at that time. He should finish his speech in his own time now.)

ਜਥੇਦਾਰ ਹਰਦਿੱਤ ਸਿੰਘ ਭੱਠਲ : ਇਸ ਬਜਟ ਦੇ ਵਿਚ ਸਭ ਤੋਂ ਚੰਗੀ ਗੱਲ ਜਿਹੜੀ ਕੀਤੀ ਹੈ, ਉਹ ਇਹੋ ਹੈ ਕਿ ਇਨ੍ਹਾਂ ਇਸ ਵਿਚ ਟੈਕਸ ਨਹੀਂ ਲਾਏ। ਦੂਸਰੇ ਪਾਸੇ ਜਿਹੜੀ ਮਾੜੀ ਗੱਲ ਕੀਤੀ ਹੈ ਉਹ ਸਾਢੇ ਸਤ ਕਰੋੜ ਰੁਪਏ ਦਾ ਜਿਹੜਾ ਘਾਟਾ ਵਿਖਾਇਆ ਹੈ । ਇਹਦਾ ਮਤਲਬ ਤਾਂ ਇਹ ਹੋਇਆ ਇਹ ਘਾਟਾ ਲੋਕਾਂ ਤੇ ਟੈਕਸ ਲਾ ਕੇ ਪੂਰਾ ਕੀਤਾ ਜਾਵੇਗਾ । ਪਹਿਲਾਂ ਕਾਂਗਰਸ ਸਰਕਾਰ ਦਾ ਤਾਂ ਇਹ ਹੌਸਲਾ ਹੁੰਦਾ ਸੀ ਕਿ ਉਹ ਡੰਡੇ ਡੰਡੀ ਹੋਕੇ ਇਥੇ ਬਜਟ ਵਿਚ ਟੈਕਸ ਲਿਆਉਂਦੇ ਸੀ ਅਤੇ ਮੈਂਬਰਾਂ ਅੱਗੇ ਰੱਖਦੇ ਸੀ ਅਤੇ ਫਿਰ ਉਨ੍ਹਾਂ ਨੂੰ ਪਾਸ ਭਾਵੇਂ ਧੱਕੇ ਨਾਲ ਹੀ ਕਰਵਾਉਂਦੇ ਸੀ ਪਰ ਇਨ੍ਹਾਂ ਨੇ ਪਿਛਲੀ ਵਾਰੀ ਵੀ ਇਸ ਤਰ੍ਹਾਂ ਕੀਤਾ ਕਿ ਇਥੇ ਕੋਈ ਟੈਕਸ ਨਹੀਂ ਲਗਾਇਆ ਤੇ ਬਾਅਦ ਵਿਚ ਆਰਡੀਨੈਂਸਾਂ ਦੇ ਰਾਹੀਂ ਟੈਕਸ ਲਾ ਦਿੱਤੇ । ਮੈਂ ਸਮਝਦਾ ਹਾਂ ਕਿ ਜਾਂ ਤਾਂ ਇਹ ਡਰਾਕਲ ਹਨ ਜਾਂ ਕਮਜ਼ੋਰ ਹਨ ਤਾਂ ਹੀ ਇਹ ਇਥੇ ਟੈਕਸ ਲਿਆਉਣ ਦੀ ਥਾਂ, ਬਾਅਦ ਵਿਚ ਆਰਡੀਨੈਂਸ ਅਤੇ ਚੋਰ ਬਜ਼ਾਰੀ ਦੇ ਰਾਹੀਂ ਟੈਕਸ ਲਿਆਉਂਦੇ ਹਨ ।

ਫਿਰ, ਡਿਪਟੀ ਸਪੀਕਰ ਸਾਹਿਬ, ਇਹ ਗਵਰਨਰ ਐਡਰੈਸ ਵਿਚ ਕਹਿੰਦੇ ਹਨ ਕਿ ਅਸੀਂ ਕੌਂਸਲ ਤੋੜ ਦਿੱਤੀ ਹੈ । ਮੈਂ ਸਮਝਦਾ ਹਾਂ ਕਿ ਇਹ ਬੜਾ ਚੰਗਾ ਕੰਮ ਕੀਤਾ ਹੈ । ਪਰ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਕ ਹੋਰ ਚੰਗਾ ਕੰਮ ਕਰੋ ਕਿ ਕੌਂਸਲ ਦੇ ਸਟਾਫ਼ ਦੇ 90 ਕਰਮਚਾਰੀ ਹਾਲੇ ਤੱਕ ਬਾਹਰ ਹੀ ਫਿਰ ਰਹੇ ਹਨ ਉਨ੍ਹਾਂ ਨੂੰ ਯੋਗਤਾ ਅਨੁਸਾਰ ਕੰਮ ਤੇ ਲਾ ਦਿੱਤਾ ਜਾਵੇ ਤਾਂ ਇਹ ਬੜੀ ਹੀ ਚੰਗੀ ਗੱਲ ਹੋਵੇਗੀ ।

ਫਿਰ ਇਕ ਹੋਰ ਗੱਲ ਇਨ੍ਹਾਂ ਨੇ ਗਵਰਨਰ ਐਡਰੈਸ ਦੇ ਵਿਚ ਕਹੀ ਕਿ ਅਸੀਂ ਕਿਸਾਨਾਂ ਦੇ ਲਈ ਇਹ ਕਰ ਦਿੱਤਾ, ਉਹ ਕਰ ਦਿੱਤਾ ਪਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਹਾਈ ਬਰੈਡ ਬਾਜਰਾ ਸਰਕਾਰ ਨੇ ਕਿਸਾਨਾਂ ਨੂੰ 900 ਰੁਪਏ ਕੁਇੰਟਲ ਦਿੱਤਾ ਪਰ ਜਦੋਂ ਕਿਸਾਨਾਂ ਦੇ ਘਰ ਬਾਜਰਾ ਸੀ ਤਾਂ ਉਸ ਦਾ ਭਾਅ 44 ਰੁਪਏ ਫਿਕਸ ਕੀਤਾ । ਮੈਂ ਸਰਕਾਰ ਨੂੰ ਕਹਾਂਗਾ ਕਿ ਜੇ ਕਿਸਾਨ ਦੀ ਤਰੱਕੀ ਕਰਨੀ ਹੈ ਤਾਂ ਉਸ ਨੂੰ ਖੁਲ੍ਹੇ ਪਾਣੀ ਦਿਓ । ਸਸਤੇ ਟਰੈਕਟਰ ਦਿਓ, ਸਸਤੇ ਟਿਊਬਵੈਲ ਦਿਓ, ਸਸਤੇ ਬੀਜ

[ਜੱਥੇਦਾਰ ਹਰਦਿੱਤ ਸਿੰਘ ਭੱਠਲ]

ਅਤੇ ਖਾਦ ਦਿਓ ਅਤੇ ਹਰ ਇਕ ਪੈਦਾ ਕਰਨ ਵਾਲੀ ਚੀਜ਼ ਸਸਤੀ ਦਿਉ ਤਾਂ ਕਿਸਾਨ ਦੀ ਭਲਾਈ ਹੋ ਸਕਦੀ ਹੈ । ਫਿਰ ਇਕ ਹੋਰ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕਾਰਖਾਨੇਦਾਰਾਂ ਦਾ ਸਾਰਾ ਖ਼ਰਚ ਕਢ ਕੇ ਉਨ੍ਹਾਂ ਦੀ ਬਣਾਈ ਹੋਈ ਚੀਜ਼ ਤੇ ਮੁਨਾਫ਼ਾ ਲਗਾਇਆ ਜਾਂਦਾ ਹੈ ਇਸੇ ਤਰ੍ਹਾਂ ਕਿਸਾਨਾਂ ਦਾ ਵੀ ਸਾਰਾ ਖ਼ਰਚ ਕੱਢ ਕੇ ਉਨ੍ਹਾਂ ਦੀ ਜਿਨਸ ਦਾ ਭਾਅ ਲਗਾਇਆ ਜਾਵੇ । ਉਸ ਦੇ ਬਲਦਾਂ ਦਾ ਖ਼ਰਚ ਕੱਢ ਲਿਆ ਜਾਵੇ, ਉਸ ਦੇ ਬੀਜ਼ ਦਾ ਖ਼ਰਚ ਕੱਢ ਲਿਆ ਜਾਵੇ, ਉਸ ਦੀ ਰੇਹ ਦਾ ਖ਼ਰਚ ਕੱਢ ਲਿਆ ਜਾਵੇ ਉਸ ਦੇ ਪਾਣੀ ਦਾ ਖ਼ਰਚ ਕੱਢ ਲਿਆ ਜਾਵੇ ਮਜਦੂਰਾਂ ਦਾ ਖ਼ਰਚ ਕੱਢ ਲਿਆ ਜਾਵੇ ਅਤੇ ਘਰ ਦਿਆਂ ਦੀ ਦਿਹਾੜੀ ਦਾ ਖ਼ਰਚ ਕੱਢ ਲਿਆ ਜਾਵੇ । ਗੱਲ ਕੀ ਉਸ ਦੀਆਂ ਸਾਰੀਆਂ ਮਦਾਂ ਦਾ ਖ਼ਰਚ ਕੱਢ ਕੇ ਫਿਰ ਉਸ ਦੀ ਜਿਨਸ ਦਾ ਭਾਅ ਮੁਕੱਰਰ ਕੀਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਹਰ ਇਕ ਆਦਮੀ ਆਪਣੀ ਚੀਜ਼ ਦੀ ਕੀਮਤ ਆਪ ਲਗਾਉਂਦਾ ਹੈ ਤਾਂ ਫਿਰ ਵੇਚਦਾ ਹੈ ਪਰ ਸਿਰਫ ਇਹ ਕਿਸਾਨ ਹੀ ਹੈ ਕਿ ਜਿਸ ਦੀ ਪੈਦਾਵਾਰ ਦਾ ਭਾਅ ਕੋਈ ਦਿੱਲੀ ਵਿਚ ਬੈਠ ਕੇ ਜਾਂ ਬੰਬਈ ਵਿਚ ਬੈਠ ਕੇ ਲਗਾਉਂਦਾ ਹੈ। ਇਸ ਲਈ ਉਸ ਦਾ ਕੁਲ ਖ਼ਰਚ ਕੱਢ ਕੇ ਉਸ ਦੀ ਜਿਨਸ ਦਾ ਭਾਅ ਲਗਾਇਆ ਜਾਵੇ ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਕਰਦਾ ਹਾਂ ਬਿਜਲੀ ਦੇ ਪਰਬੰਧ ਬਾਰੇ । ਇਕ ਤਾਂ ਪਹਿਲਾਂ ਜਿਹੜਾ ਫਲੈਟ ਰੇਟ ਲਗਾਇਆ ਗਿਆ ਹੈ ਇਸ ਨਾਲ ਕਿਸਾਨਾਂ ਨੂੰ ਬਹੁਤ ਨੁਕਸਾਨ ਹੈ । ਕਿਉਂਕਿ ਜਦੋਂ ਤੱਕ ਬਾਰਸ਼ਾਂ ਹੁੰਦੀਆਂ ਰਹਿਣਗੀਆਂ ਉਨੀ ਦੇਰ ਤੱਕ ਬਿਜਲੀ ਨਹੀਂ ਕਿਸਾਨ ਵਰਤੇਗਾ ਪਰ ਉਸ ਦਾ ਫਲੈਟ ਰੇਟ ਹੋਣ ਦੇ ਕਾਰਣ ਉਸ ਦੇ ਪੈਸੇ ਜ਼ਰੂਰ ਦੇਣੇ ਪੈਣਗੇ । ਫਿਰ ਜਦੋਂ ਲੋੜ ਹੁੰਦੀ ਹੈ ਪਾਣੀ ਦੀ, ਉਦੋਂ 4, 5 ਦਿਨ ਲਾਈਨਾਂ ਖਰਾਬ ਰਹਿੰਦੀਆਂ ਹਨ ਅਤੇ ਬਿਜਲੀ ਨਹੀਂ ਮਿਲਦੀ ਪਰ ਕੋਈ ਪਰਵਾਹ ਨਹੀਂ ਕਰਦਾ ਕਿਉਂਕਿ ਫਲੈਟ ਰੇਟ ਹੋਣ ਦੇ ਕਾਰਣ ਕਿਸਾਨ ਤੋਂ ਪੂਰੇ ਪੈਸੇ ਲੈ ਲਏ ਜਾਂਦੇ ਹਨ । ਇਸ ਲਈ ਖ਼ਰਾਬ ਲਾਈਨਾਂ ਦੀ ਦੇਖ ਭਾਲ ਕਰਨ ਵੱਲ ਕੋਈ ਧਿਆਨ ਨਹੀਂ ਦਿੰਦਾ । ਫਿਰ, ਡਿਪਟੀ ਸਪੀਕਰ ਸਾਹਿਬ ਮੈਨੂੰ ਇਕ ਗੱਲ ਦਾ ਪਤਾ ਲੱਗਾ ਹੈ ਜੇ ਇਹ ਠੀਕ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਚੰਗੀ ਗੱਲ ਕੀਤੀ ਹੈ ਕਿ ਬਿਜਲੀ ਬੋਰਡ ਨੇ ਜ਼ਿਲ੍ਹਾ ਬਠਿੰਡਾ ਅਤੇ ਜ਼ਿਲ੍ਹਾ ਸੰਗਰੂਰ ਨੂੰ ਬਿਜਲੀ ਦੇ ਮਾਮਲੇ ਵਿਚ ਪਛੜਿਆ ਹੋਇਆ ਇਲਾਕਾ ਮੰਨ ਲਿਆ ਹੈ । ਮੈਂ ਅਰਜ਼ ਕਰਦਾ ਹਾਂ ਕਿ ਜ਼ਿਲ੍ਹਾ ਸੰਗਰੂਰ ਦੀ ਤਸੀਲ ਬਰਨਾਲਾ ਅਤੇ ਬਲਾਕ ਬਰਨਾਲਾ, ਬਲਾਕ ਮਹਿਲ ਕਲਾਂ, ਅਤੇ ਬਲਾਕ ਚੀਮੇਂ ਦੇ ਵਿਚ ਘੱਟ ਤੋਂ ਘੱਟ ਪਿੰਡਾਂ ਦੇ ਵਿਚ ਬਿਜਲੀ ਗਈ ਹੈ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਪਿੰਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਉਥੇ ਵੱਧ ਤੋਂ ਵੱਧ ਬਿਜਲੀ ਦੇਣੀ ਚਾਹੀਦੀ ਹੈ । ਖੇਤਾਂ ਅਤੇ ਪਿੰਡਾਂ ਨੂੰ ਵੱਧ ਤੋਂ ਵੱਧ ਬਿਜਲੀ ਦੇਣੀ ਚਾਹੀਦੀ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਤਸੀਲ ਧੂਰੀ ਦੇ ਵਿਚ ਸਰਕਾਰ ਨੇ ਜੋ ਸਰਕਾਰੀ ਟਿਊਬਵੈਲਜ਼ ਲਗਾਏ ਹਨ, ਉਹ ਢਾਈ ਰੁਪਏ ਫੀ ਘੰਟਾ ਸਿੰਜਾਈ ਵਾਸਤੇ ਲੈਂਦੇ ਹਨ । ਪਹਿਲਾਂ ਉਥੇ ਇਕ ਘੰਟੇ ਦੇ ਵਿਚ 4 ਵਿਘੇ ਸਿੰਜੇ ਜਾਂਦੇ ਸੀ । ਉਥੇ ਦੇ ਖਾਲ ਵੀ ਸਰਕਾਰ ਨੇ ਆਪ ਹੀ ਬਣਾਏ ਹਨ । ਪਰ ਉਥੇ ਹੁਣ ਪਤਾ ਨਹੀਂ ਕੀ ਖਰਾਬੀ ਆ ਗਈ ਹੈ ਕਿ ਇਕ ਘੰਟੇ ਦੇ ਵਿਚ ਇਕ ਵਿਘਾ ਵੀ ਨਹੀਂ ਸਿੰਜਿਆ ਜਾਂਦਾ । ਪਰ ਪੈਸੇ ਉਤਨੇ

ਹੀ ਵਸੂਲ ਕੀਤੇ ਜਾਂਦੇ ਹਨ ਅਤੇ ਖਾਲ ਦੀ ਮੁਰੰਮਤ ਵਾਸਤੇ ਪੈਸੇ ਕਿਸਾਨਾਂ ਤੋਂ ਉਗਰਾਹੇ ਜਾਂਦੇ ਹਨ । ਇਹ ਸਰਕਾਰ ਦਾ ਆਪਣਾ ਹੱਕ ਹੈ ਕਿ ਖਾਲਾਂ ਦੀ ਮੁਰੰਮਤ ਕਰਵਾਏ । ਫਿਰ ਕਿਸਾਨਾਂ ਤੋਂ ਜੋ ਪੈਸਾ ਉਗਰਾਹਿਆ ਜਾਂਦਾ ਹੈ ਉਹ ਕਿਸਾਨਾਂ ਦੀ ਭਲਾਈ ਤੇ ਖ਼ਰਚ ਨਹੀਂ ਕੀਤਾ ਜਾਂਦਾ । ਉਥੇ ਕੁਝ ਥੋੜ੍ਹੀ ਜਿਹੀ ਸੀਮਿੰਟ ਰਲਾਕੇ ਹੋਰ ਬਰੇਤੀ ਲਗਾ ਦਿੱਤੀ ਜਾਂਦੀ ਹੈ ਪਰ ਉਸ ਨੂੰ ਠੀਕ ਨਹੀਂ ਕੀਤਾ ਜਾਂਦਾ । ਸਰਕਾਰ ਨੂੰ ਉਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਡਰੇਨਾਂ ਹਨ, ਸਰਕਾਰ ਕਹਿੰਦੀ ਹੈ ਕਿ ਇਸ ਪਾਸੇ ਤਰੱਕੀ ਕਰਾਂਗੇ । ਪਰ ਅੱਜ 15-16 ਸਾਲ ਤਾਂ ਹੋ ਗਏ ਹਨ ਕੁਝ ਨਹੀਂ ਹੋਇਆ ਜਿਸ ਤਰ੍ਹਾਂ ਡਰੇਨਾਂ ਹਨ ਉਸੇ ਤਰ੍ਹਾਂ ਵਿਚ ਵਿਚਾਲੇ ਹੀ ਪਈਆਂ ਹਨ । ਇਹੋ ਹਾਲ ਪੁਲੀਆਂ ਦਾ ਹੈ । ਬੜਾ ਰੌਲਾ ਇਸ ਬਾਰੇ ਪਾਇਆ ਹੈ ਪਰ ਕੁਝ ਨਹੀਂ ਬਣਦਾ । ਕਿਸਾਨਾਂ ਨੂੰ ਪਾਣੀ ਦੀ ਲੋੜ ਹੁੰਦੀ ਹੈ ਪਰ ਨਹਿਰਾਂ 15-15 ਦਿਨ ਬੰਦ ਰਹਿੰਦੀਆਂ ਹਨ । ਮਲੇਰਕੋਟਲਾ ਅਤੇ ਬਠਿੰਡਾ ਬ੍ਰਾਂਚਾਂ ਕਿੰਨੇ ਹੀ ਚਿਰ ਤੋਂ ਬੰਦ ਪਈਆਂ ਹਨ । ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਠੀਕ ਕਰਨਾ ਚਾਹੀਦਾ ਹੈ ਤੇ ਕਿਸਾਨਾਂ ਨੂੰ ਨਹਿਰ ਦਾ ਪਾਣੀ ਵੱਧ ਤੋਂ ਵੱਧ ਦੇਣਾ ਚਾਹੀਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਸੜਕਾਂ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਥੇ ਸਿਆਸੀ ਭ੍ਰਿਸ਼ਟਾਚਾਰ ਚੱਲਦਾ ਹੈ । ਮੈਂ ਪਹਿਲੀ ਵਾਰੀ ਵੀ ਇਥੇ ਇਹ ਗੱਲ ਕਹੀ ਸੀ ਹੁਣ ਵੀ ਕਹਿੰਦਾ ਹਾਂ ਕਿ ਇਥੇ ਸਿਆਸੀ ਭ੍ਰਿਸ਼ਟਾਚਾਰ ਬਹੁਤ ਚਲਦਾ ਹੈ । ਜਿਥੇ ਸਰਕਾਰੀ ਸਿਆਸੀ ਬੰਦੇ ਦਾ ਜ਼ੋਰ ਹੋਵੇ ਉਸ ਦੇ ਹਲਕੇ ਦੇ ਵਿਚ ਬਹੁਤ ਸਾਰੀਆਂ ਸੜਕਾਂ ਬਣ ਜਾਂਦੀਆਂ ਹਨ ਅਤੇ ਹੋਰ ਚੀਜ਼ਾਂ ਬਣ ਜਾਂਦੀਆਂ ਹਨ ਅਤੇ ਜਿਹੜੇ ਸਾਡੇ ਵਰਗੇ ਹੁੰਦੇ ਹਨ ਉਥੇ ਕੁਝ ਵੀ ਸੜਕਾਂ ਨਹੀਂ ਬਣਦੀਆਂ । ਫਿਰ ਜਿਹੜੀਆਂ ਸੜਕਾਂ, ਇਹ ਲਿੰਕ ਰੋਡ ਬਣਾਈਆਂ ਗਈਆਂ ਹਨ ਉਨ੍ਹਾਂ ਦੀ ਹਾਲਤ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਾਂ ਕਿ ਕਿਸੇ ਤੇ ਰੱਦੀ, ਜਾਂ ਸਿਧੀਆਂ ਇੱਟਾਂ ਪਾਈਆਂ ਹਨ ਤੇ ਕਿਸੇ ਤੇ ਰੋੜੀ ਨਹੀਂ ਪਈ । ਕਈ ਥਾਵਾਂ ਤੇ ਤਾਂ ਸਿਰਫ ਇਕ ਇਕ ਇੰਚ ਰੋੜੀ ਹੀ ਸੁੱਟੀ ਹੈ । ਕਈ ਥਾਂ ਕੱਚੀ ਰੇਹ ਵਰਗੀ ਇੱਟ ਲਗਾਈ ਗਈ ਹੈ । ਜ਼ਿਲ੍ਹਾ ਸੰਗਰੂਰ ਦੇ ਵਿਚ ਸਾਡੀ ਪਾਰਟੀ ਨੇ ਇਕ ਸ਼ਿਕਾਇਤ ਕੀਤੀ ਸੀ, ਕਿ ਸੜਕ ਉਤੇ ਸਿਰਫ ਇਕ ਇਕ ਇੰਚ ਰੋੜੀ ਹੈ, ਹੋਰ ਕੁਝ ਨਹੀਂ । ਡੀ.ਸੀ. ਨੇ ਆਪਣਾ ਬੰਦਾ ਭੇਜਿਆ ਉਸ ਦੇ ਨਾਲ ਪੀ. ਡਬਲਿਊ. ਡੀ. ਦਾ ਐਕਸ.ਈ.ਐਨ. ਸੀ । ਉਨ੍ਹਾਂ ਨੇ ਇਹ ਦੇਖਿਆ ਕਿ ਉਥੇ ਇਕ ਇੰਚ ਤੋਂ ਵਧ ਰੋੜੀ ਨਹੀਂ ਪਈ । ਇਸੇ ਤਰ੍ਹਾਂ ਇਸ ਪਾਸੇ ਹੋਰ ਵੀ ਬੜੀ ਹੇਰਾ ਫੇਰੀ ਹੋਈ ਹੈ । ਇਹ ਸੜਕ ਹੈ ਹੰਡਾਏ ਤੋਂ ਫਤਹਿਗੜ੍ਹ, ਛੰਨਾ ਤੱਕ ।

ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਪੁਲਿਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । (ਹਾਸਾ) (ਵਿਘਨ)

ਸ੍ਰੀ ਡਿਪਟੀ ਸਪੀਕਰ: ਸ਼ੁਕਰ ਹੈ, ਉਹ ਪੁਆਇੰਟ ਤੇ ਆਉਣ ਲੱਗੇ ਹਨ, ਤੁਸੀਂ ਇੰਟਰਪਟ ਨਾ ਕਰੋ । (Thank God, the hon. Member is coming to the point. Please do not interrupt him.)

ਚੌਧਰੀ ਬਲਬੀਰ : ਕੀ ਇਹ ਜਿਮਜਨਰਲ ਡਿਸਕਸ਼ਨ ਹੈ ਜੀ ?

ਸ਼੍ਰੀ ਡਿਪਟੀ ਸਪੀਕਰ: ਨਹੀਂ, ਇਹ ਪੁਲੀਸ ਅਤੇ ਜਨਰਲ ਐਡਮਨਿਸਟਰੇਸ਼ਨ ਤੇ ਡਿਸਕਸ਼ਨ ਹੋ ਰਹੀ ਹੈ । (No, the House is discussing the Police as well as the General Administration.)

ਜੱਥੇਦਾਰ ਹਰਦਿੱਤ ਸਿੰਘ ਭੱਠਲ : ਡਿਪਟੀ ਸਪੀਕਰ ਸਾਹਿਬ, ਜਿਤਨਾ ਖ਼ਰਚ ਅਤੇ ਤਾਦਾਦ ਪੁਲੀਸ ਦੀ ਵਧ ਰਹੀ ਹੈ ਉਸ ਦੇ ਨਾਲ ਇਥੇ ਦੀ ਹਾਲਤ ਵਿਚ ਬੜਾ ਸੁਧਾਰ ਹੋਣਾ ਚਾਹੀਦਾ ਸੀ ਪਰ ਇਥੇ ਦੀ ਹਾਲਤ ਵਿਚ ਕੋਈ ਫਰਕ ਨਹੀਂ ਪਿਆ। ਅੰਗਰੇਜ਼ਾਂ ਦੇ ਵੇਲੇ ਜਿਹੜੀ ਹਾਲਤ ਸੀ ਕਾਂਗਰਸ ਦੇ ਰਾਜ ਵਿਚ ਉਹ ਹੋਰ ਵੀ ਭੈੜੀ ਹੋ ਗਈ ਅਤੇ ਅੱਜ ਵੀ ਉਸੇ ਤਰ੍ਹਾਂ ਹੀ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਦੇ ਝੂਠੇ ਕੇਸ ਪਹਿਲਾਂ ਰਾਜੇ ਤੇ ਨਵਾਬ ਸਾਡੇ ਤੇ ਬਣਾਉਂਦੇ ਸੀ ਉਸ ਤਰ੍ਹਾਂ ਦੇ ਝੂਠੇ ਕੇਸ ਹੁਣ ਇਹ ਸਰਕਾਰ ਬਣਾ ਰਹੀ ਹੈ । ਕਤਲਾਂ ਦੇ, ਡਾਕਿਆਂ ਦੇ ਅਤੇ ਹੋਰ ਭੈੜੇ ਤੋਂ ਭੈੜੇ ਜੁਰਮਾਂ ਦੇ ਝੂਠੇ ਕੇਸ ਰਾਜੇ ਅਤੇ ਨਵਾਬ ਸਾਡੇ ਤੇ ਬਣਾਉਂਦੇ ਸੀ । ਮੈਂ ਮਿਸਾਲ ਦੇਂਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਸ਼ਹੀਦ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਤੇ ਇਕ ਸਾਧ ਦੀ ਗੜਵੀ ਦੀ ਚੋਰੀ ਦਾ ਇਲਜ਼ਾਮ ਮਹਾਰਾਜੇ ਪਟਿਆਲੇ ਵੱਲੋਂ ਲਗਾਇਆ ਗਿਆ ਸੀ। ਹੁਣ ਡੇਰਾ ਬਸੀ ਵਿਚ ਇਕ ਮਕਾਨ ਦਾ ਝਗੜਾ ਹੈ ਪਰ ਉਥੇ ਡਾਕਟਰ ਭਾਰਦਵਾਜ ਅਤੇ ਬਾਬਾ ਸੁੰਦਰ ਸਿੰਘ ਤੇ ਚੋਰੀ ਦਾ ਝੂਠਾ ਕੇਸ ਬਣਾ ਦਿੱਤਾ ਹੈ । ਉਨ੍ਹਾਂ ਦੇ ਕੁਝ ਹੋਰ ਸਾਥੀਆਂ ਤੇ ਵੀ ਇਹ ਕੇਸ ਬਣਾਇਆ ਹੈ । ਬਾਬਾ ਸੁੰਦਰ ਸਿੰਘ ਨੂੰ ਮੇਰਾ ਖਿਆਲ ਹੈ ਕਿ ਇਸ ਹਾਊਸ ਦੇ ਬਹੁਤ ਸਾਰੇ ਮੈਂਬਰ ਜਾਣਦੇ ਹਨ ਕਿ ਉਨ੍ਹਾਂ ਨੇ ਸਾਰੀ ਉਮਰ ਦੇਸ਼ ਲਈ ਲਗਾ ਦਿੱਤੀ ਪਰ ਉਨ੍ਹਾਂ ਤੇ ਡਾਕਟਰ ਭਾਰਦਵਾਜ ਉਤੇ ਅਤੇ ਉਨ੍ਹਾਂ ਦੇ ਕੁਝ ਹੋਰ ਸਾਥੀਆਂ ਤੇ ਚੋਰੀ ਦਾ ਕੇਸ ਬਣਾਇਆ ਗਿਆ ਹੈ । ਫਿਰ, ਡਿਪਟੀ ਸਪੀਕਰ ਸਾਹਿਬ, ਸੋਹਨਗੜ੍ਹ ਦੇ ਵਿਚ ਮੁਜ਼ਾਰਿਆਂ ਅਤੇ ਜਗੀਰਦਾਰਾਂ ਦੀ ਲੜਾਈ ਹੋਈ ਜਿਸ ਵਿਚ ਕਿ 15-20 ਮੁਜ਼ਾਰੇ ਗੋਲੀਆਂ ਨਾਲ ਫੱਟੜ ਹੋ ਗਏ ਅਤੇ 2 ਜਗੀਰਦਾਰ ਮਰ ਗਏ । ਪੁਲੀਸ ਨੇ ਉਨ੍ਹਾਂ ਮਰਿਆਂ ਹੋਇਆਂ ਦੀ ਰਿਪੋਰਟ ਦਰਜ਼ ਕਰ ਲਈ ਹੈ ਅਤੇ ਉਨ੍ਹਾਂ 15—20 ਮੁਜ਼ਾਰਿਆਂ ਦੇ ਫੱਟੜ ਹੋਣ ਦੀ ਕੋਈ ਰਿਪੋਰਟ ਵੀ ਦਰਜ਼ ਨਹੀਂ ਕੀਤੀ ਜਿਹੜੇ ਕਿ ਗੋਲੀ ਦੇ ਨਾਲ ਫੱਟੜ ਹੋਏ । ਉਥੇ ਦਾ ਐਸ. ਪੀ. ਜਗੀਰਦਾਰਾਂ ਦੀ ਨੰਗੀ ਹਿਮਾਇਤ ਕਰ ਰਿਹਾ ਹੈ ।

ਇਕ ਹੋਰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਹੋਰ ਨਵਾਂ ਸਿਲਸਿਲਾ ਛਿੜਿਆ ਹੋਇਆ ਹੈ, ਭਾਵੇਂ ਉਸ ਦਾ ਸਾਡੇ ਨਾਲ ਕੋਈ ਸਬੰਧ ਨਹੀਂ ਹੈ, ਉਹ ਹੈ ਨਕਸਲਵਾਦੀਆਂ ਦਾ । ਇਸ ਸਿਲਸਿਲੇ ਵਿਚ ਨਕਸਲਵਾਦੀ ਤਾਂ ਕਿਤੇ ਹੋਰ ਫਿਰਦੇ ਹਨ ਅਤੇ ਪੁਲਿਸ ਜਿਸ ਨੇ ਉਨ੍ਹਾਂ ਨੂੰ ਫੜਨਾ ਹੈ ਉਹ ਕਿਤੇ ਹੋਰ ਫਿਰਦੀ ਰਹਿੰਦੀ ਹੈ । ਨਕਸਲਵਾਦੀਆਂ ਦੇ ਬਹਾਨੇ ਪੁਲਿਸ ਨੇ ਕਿਸਾਨਾਂ ਨੂੰ ਬੜਾ ਤੰਗ ਕੀਤਾ ਹੋਇਆ ਹੈ ਅਤੇ ਲੋਕਾਂ ਤੇ ਜ਼ਬਰ ਕਰਦੀ ਹੈ । ਪੁਲਿਸ ਖੇਤਾਂ ਵਿਚ ਜਾ ਕੇ ਧਰਨੇ ਮਾਰ ਦਿੰਦੀ ਹੈ । ਕਈ ਢੰਗ ਨਾਲ ਪਿੰਡਾਂ ਵਾਲਿਆਂ ਨੂੰ ਤੰਗ ਕੀਤਾ ਜਾਂਦਾ ਹੈ । ਡਿਪਟੀ ਸਪੀਕਰ ਸਾਹਿਬ, ਮੇਰੇ ਪਿੰਡ ਇਕ ਮੁੰਡਾ ਹੈ ਜੋ ਕਿ ਨਕਸਲਵਾੜੀ ਵਿਚ ਹੈ । ਦੋ ਦਿਨ ਉਥੇ ਗੋਲੀਆਂ ਚਲਦੀਆਂ ਰਹੀਆਂ ਪਰ ਕੋਈ ਪੁਲਿਸ ਵਾਲਾ ਨਹੀਂ ਆਇਆ । ਚੌਥੇ ਦਿਨ ਜਦੋਂ ਪੁਲਿਸ ਆਈ ਤਾਂ ਪਿੰਡ ਦੇ ਬਾਹਰ ਹੀ ਆਪਣਾ ਟਰੱਕ ਖੜ੍ਹਾ ਕਰ

ਦਿੱਤਾ ਅਤੇ ਇਕ ਬੰਦਾ ਅੰਦਰ ਭੇਜ ਦਿੱਤਾ ਤਾਂ ਜੋ ਉਹ ਨਕਸਲਵਾਦੀ ਭਜ ਜਾਣ । ਫੇਰ ਜਦੋਂ ਉਹ ਨਕਲਸਵਾਦੀ ਪਿਡ ਵਿਚ ਨਹੀਂ ਸਨ, ਤਾਂ ਪੁਲਿਸ ਨੇ ਆ ਕੇ ਉਹਦੇ ਭਰਾ ਨੂੰ ਫੜ ਲਿਆ ਜਿਸ ਦਾ ਕਿ ਨਕਸਲਵਾਦੀ ਨਾਲ ਕੋਈ ਤੁਅੱਲਕ ਨਹੀਂ ਸੀ । (ਘੰਟੀ) (ਵਿਘਨ) ਪਰ ਫੇਰ ਵੀ ਉਸ ਨੂੰ ਬਹੁਤ ਤੰਗ ਕੀਤਾ ਗਿਆ । ਇਕ ਅੰਨ੍ਹੀ ਬੁਢੀ ਦਾ ਕੁਤਾ ਚੁਕ ਕੇ ਲੈ ਗਏ । ਪਿੰਡ ਸ਼ੇਰੋਂ ਵਿਚ ਇਕ ਪੁਲਿਸ ਦਾ ਗੁਆਹ ਦਿਨ ਦੇ ਤਿੰਨ ਵਜੇ ਮਾਰਿਆ ਗਿਆ ਪਤਾ ਨਹੀਂ ਕਿਸ ਨੇ ਮਾਰਿਆ । ਇਸ ਦੇ ਲਾਗੇ ਹੀ ਥਾਣਾ ਤਿੰਨ ਮੀਲ ਲੌਂਗੋਵਾਲ, ਚਾਰ ਮੀਲ ਤੇ ਸੁਨਾਮ, ਚਾਰ ਮੀਲ ਤੇ ਸੰਗਰੂਰ ਹੈ । ਪਰ ਕੋਈ ਇਨ੍ਹਾਂ ਥਾਣਿਆਂ ਤੋਂ ਪਤਾ ਨਹੀਂ ਲਗਿਆ । ਪਿੰਡ ਭੱਠਲਾਂ ਦੇ ਕੁਝ ਕਿਸਾਨ ਪਿੰਡ ਸ਼ੇਰੋਂ ਵਿਚ ਜ਼ਮੀਨ ਆਪਣੇ ਰਿਸ਼ਤੇਦਾਰਾਂ ਦੀ ਵਾਹੁੰਦੇ ਸਨ । ਉਥੇ ਕਰਤਾਰ ਸਿੰਘ, ਮੱਘਰ ਸਿੰਘ ਅਤੇ ਕਰਨੈਲ ਸਿੰਘ ਇਨ੍ਹਾਂ ਤਿੰਨਾਂ ਨੂੰ ਫੜ ਲਿਆ ਅਤੇ ਬਹੁਤ ਕੁਟਿਆ ਅਤੇ ਉਨ੍ਹਾਂ ਤੋਂ ਉਨ੍ਹਾਂ ਨੂੰ ਨਕਸਲਵਾਦੀ ਨੂੰ ਰੋਟੀ ਦੇਣ ਵਾਸਤੇ ਕਹਾਉਣ ਦੀ ਕੋਸ਼ਿਸ਼ ਕੀਤੀ ਗਈ । (ਸ਼ੇਮ) (ਸ਼ੇਮ) ਉਨ੍ਹਾਂ ਦੀ ਕਿਸੇ ਦੀ ਸ਼ਿਕਾਇਤ ਤੇ ਉਨ੍ਹਾਂ ਨੂੰ ਫੜਨ ਤੇ ਤੁਰ ਪਏ ਕਿ ਉਨ੍ਹਾਂ ਕੋਲ ਰੋਟੀ ਖਾ ਕੇ ਗਏ ਹਨ । ਉਹ ਭਾਈ—ਕੇ ਪਸ਼ੌਰ ਮਕਾਣੇ ਗਏ ਹੋਏ ਸੀ । ਉਨ੍ਹਾਂ ਨੂੰ ਉਥੋਂ ਪਕੜ ਲਿਆ । ਘਰ ਵਾਲੀ ਨੂੰ ਐਨਾ ਕੁਟਿਆ ਗਿਆ ਕਿ ਉਹਦੀਆਂ ਟੰਗਾਂ ਵੀ ਕੁਟਦਿਆਂ ਟੁਟ ਗਈਆਂ ਤੇ ਬੇਹੋਸ਼ ਕਰਕੇ ਸੁਟ ਦਿੱਤੀ, ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਅਤਿਆਚਾਰ ਹੋ ਰਿਹਾ ਹੈ । 70/80 ਸਾਲ ਦੀ ਬੁਢੀ ਨੂੰ ਮਾਰਿਆ ਗਿਆ, ਕੁਟਿਆ ਗਿਆ । ਉਸ 80 ਸਾਲ ਦੀ ਬੁਢੀ ਨੂੰ ਐਨਾ ਕੁਟਿਆ ਗਿਆ ਕਿ ਉਸਦੇ ਸ਼ਰੀਰ ਤੇ ਹੁਣ ਤਕ ਲਾਸ਼ਾਂ ਪਈਆਂ ਹੋਈਆਂ ਹਨ । ਇਕ ਹੋਰ ਪੰਡਤ ਵਿਦਿਆ ਦੇਵ ਦੀ ਨੂੰਹ ਨੂੰ ਪਟਿਆਲੇ ਲਿਆ ਕੇ ਦੋ ਦਿਨ ਤੰਗ ਕੀਤਾ ਗਿਆ । ਪਿੰਡ ਦੀਆਂ ਨੂੰਹਾਂ ਨੂੰ, ਔਰਤਾਂ ਨੂੰ ਪੁਲਿਸ ਤੰਗ ਕਰਦੀ ਹੈ । (ਵਿਘਨ) ਪਿੰਡਾਂ ਵਿਚ ਜਾ ਕੇ ਪੁਲਿਸ ਲੋਕਾਂ ਨੂੰ ਬਹੁਤ ਤੰਗ ਕਰਦੀ ਹੈ ।

Mr. Deputy Speaker : Please take your seat.

ਜਥੇਦਾਰ ਹਰਦਿੱਤ ਸਿੰਘ ਭੱਠਲ : ਮੈਂ ਦੋ ਲਫਜ਼ਾਂ ਵਿਚ ਖਤਮ ਕਰ ਦਿੰਦਾ ਹਾਂ । (ਵਿਘਨ)

ਸ੍ਰੀ ਡਿਪਟੀ ਸਪੀਕਰ : ਜੇ ਤੁਸੀਂ ਕਿਸੇ ਰੂਲ ਉਤੇ ਨਹੀਂ ਚਲੋਗੇ ਤਾਂ ਪੁਲਿਸ ਨੂੰ ਕਿਸ ਤਰ੍ਹਾਂ ਕਹੋਗੇ ਕਿ ਉਹ ਰੂਲ ਉਤੇ ਚਲੇ ? (If the hon. Member does not follow rules, how can he expect the police to do so ?)

I will not permit you to speak. I have never permitted anybody to speak without the permission of the Chair. Please take your seat now.

ਜਥੇਦਾਰ ਹਰਦਿੱਤ ਸਿੰਘ ਭੱਠਲ : ਡਿਪਟੀ ਸਪੀਕਰ ਸਾਹਿਬ, ...

ਸ੍ਰੀ ਡਿਪਟੀ ਸਪੀਕਰ : ਮੈਂ ਨਵੀਂ ਗੱਲ ਨਹੀਂ ਕਰਨੀ । ਜਿੰਨਾ ਚਿਰ ਮੈਂ ਆਪਣੀ ਕੁਰਸੀ ਤੇ ਹਾਂ ਮੈਂ ਆਪਣਾ ਫਰਜ਼ ਨਿਭਾਈ ਚਲਣਾ ਹੈ । Please take your seat. ਸਾਥੀ ਰੂਪ ਲਾਲ । (ਵਿਘਨ) (I will not go against the rules. So far as I am in the Chair, I will do my duty. Please take your seat.(Sathi Roop Lal. (*Interruption*)

ਸਾਥੀ ਰੂਪ ਲਾਲ (ਮੋਗਾ) : ਮੈਂ ਜਨਰਲ ਐਡਮਨਿਸਟਰੇਸ਼ਨ ਅਤੇ ਪੁਲਿਸ ਤੇ ਕੁਝ ਗੱਲਾਂ ਕਰਨੀਆਂ ਹਨ, ਨੁਕਤਾਚੀਨੀ ਵੀ ਕਰਨੀ ਹੈ, ਤਾਮੀਰੀ ਸੁਝਾਉ ਵੀ ਦੇਣੇ ਹਨ। ਮੈਂ ਕੋਈ ਇਧਰ ਉਧਰ ਨਹੀਂ ਜਾਣਾ ਜਿਸ ਦੇ ਨਾਲ ਕਿ ਕੋਈ ਛੋਟਾ ਮੋਟਾ ਕੇਸ ਲੈ ਕੇ ਐਡਮਨਿਸਟਰੇਸ਼ਨ ਦੀ ਮਿਸਾਲ ਦੇਵਾਂ। ਸਵਾਲ ਇਹ ਪੈਦਾ ਹੁੰਦਾ ਹੈ ਕਿ ਐਡਮਨਿਸਟਰੇਸ਼ਨ ਚਲਾਉਣ ਲਈ ਸਰਕਾਰ ਦੀ ਪਾਲਿਸੀ ਤਹਿ ਕਰਦੀ ਹੈ ਉਸ ਸਰਕਾਰ ਨੂੰ ਚਲਾਉਣ ਵਾਲੀ ਪਾਰਟੀਆਂ ਦੀ ਲੀਡਰਸ਼ਿਪ। ਜੇ ਲੀਡਰਸ਼ਿਪ ਦੀ ਕਰਦਾਰ ਚੰਗੀ ਹੋਵੇ ਔਰ ਲੀਡਰਸ਼ਿਪ ਆਪਣੀਆਂ ਪਾਰਟੀਆਂ ਨੂੰ ਐਡਮਨਿਸਟਰੇਸ਼ਨ ਵਿਚ ਨਾਜਾਇਜ਼ ਮੁਦਾਖਲਤ ਕਰਨ ਵਾਲੇ ਪਾਸੇ ਨਾਂ ਆਉਣ ਔਰ ਇਸ ਦੇ ਚਲਣ ਵਿਚ ਇਮਦਾਦੀ ਸਾਬਤ ਹੋਣ ਤਾਂ ਐਡਮਨਿਸਟਰੇਸ਼ਨ ਵਿਚ ਨੁਕਸ ਨਹੀਂ ਪੈਂਦਾ। ਮੈਂ ਇਹ ਗੱਲ ਬੜੇ ਵਸੂਲ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਅੰਦਰ ਬੁਨਿਆਦੀ ਤੌਰ ਤੇ ਚਲ ਰਹੀ ਅਕਾਲੀ—ਜਨਸੰਘ ਸਰਕਾਰ ਇਹ ਕਹਿ ਕੇ ਚਲਾਈ ਗਈ ਹੈ ਕਿ ਇਹ ਹਿੰਦੂ-ਸਿਖ ਏਕਤਾ ਦੀ ਜ਼ਾਮਿਨ ਹੈ। ਮੈਂ ਇਸ ਨੂੰ ਤਸਲੀਮ ਨਹੀਂ ਕਰਦਾ ਕਿਉਂਕਿ ਜਨਸੰਘੀਆਂ ਨੇ ਕੋਈ ਹਿੰਦੂਆਂ ਦੀ ਠੇਕੇਦਾਰੀ ਨਹੀਂ ਲਈ ਹੋਈ ਇਸੇ ਤਰ੍ਹਾਂ ਹੀ ਅਕਾਲੀਆਂ ਨੇ ਕੋਈ ਸਿਖਾਂ ਦੀ ਠੇਕੇਦਾਰੀ ਨਹੀਂ ਲਈ ਹੋਈ। ਮੈਂ ਇਹ ਗਲ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਹਿੰਦੂ ਸਿੱਖ ਦਾ ਸਵਾਲ ਬਾਰ ਬਾਰ ਕਿਉਂ ਪੈਦਾ ਕੀਤਾ ਜਾਂਦਾ ਹੈ। ਹਿੰਦੂ ਸਿੱਖ ਏਕਤਾ ਦਾ ਨਾਂ ਬਾਰ ਬਾਰ ਕਿਉਂ ਲਿਆ ਜਾਂਦਾ ਹੈ ? ਇਹ ਗਲ ਦਲੀਲ ਦੀ ਕਸੌਟੀ ਤੇ ਨਹੀਂ ਪਰਖੀ ਜਾ ਸਕਦੀ। ਮੈਂ ਪੁੱਛਣਾ ਚਾਹੁੰਦਾ ਹਾਂ ਇਨ੍ਹਾਂ ਤੋਂ ਜੋ ਕਿ ਹਿੰਦੂ ਸਿਖ ਵੀ ਜ਼ਾਮਿਨੀ ਦਿੰਦੇ ਹਨ, ਕਿ ਜਦੋਂ ਇਨਸਾਨ ਪੈਦਾ ਹੁੰਦਾ ਹੈ, ਕਦੇ ਕਿਸੇ ਨੇ ਆਖਿਆ ਆਪਣੇ ਮਾਂ ਪਿਉ ਨੂੰ ਮੈਂ ਹਿੰਦੂ ਬਣਨਾ ਜਾਂ ਸਿਖ ਬਣਨਾ ਹੈ। ਮੈਂ ਇਹ ਚੀਜ਼ ਕਹਿ ਸਕਦਾ ਹਾਂ ਕਿ ਇਨਸਾਨਿਅਤ ਵੀ ਕੋਈ ਚੀਜ਼ ਹੁੰਦੀ ਹੈ। ਇਨਸਾਨ ਪੈਦਾ ਹੁੰਦਾ ਹੈ ਇਨਸਾਨੀਅਤ ਦੇ ਨਾਤੇ ਤਾਂ ਮੈਂ ਕਹਿ ਰਿਹਾ ਸੀ ਕਿ ਜਿਹੜੀ ਸਰਕਾਰ ਚਲਦੀ ਹੈ, ਉਸਦੀ ਪਾਲਿਸੀ ਬਣਾਉਂਦੀ ਹੈ ਉਹ ਦੀ ਲੀਡਰਸ਼ਿਪ। ਜਿਹੜੀ ਇਸ ਵੇਲੇ ਪਾਲਿਸੀ ਚਲ ਰਹੀ ਹੈ ਜਨਸੰਘ ਅਕਾਲੀ ਪਾਰਟੀਆਂ ਦੀ, ਉਸ ਦੇ ਮੁਤੱਲਕ ਮੈਂ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਜਨਸੰਘੀਆਂ ਦਾ ਕਿਰਦਾਰ ਉਨ੍ਹਾਂ ਦੀ ਲੀਡਰਸ਼ਿਪ ਦੀਆਂ ਗੱਲਾਂ ਤੋਂ ਪਤਾ ਚਲਦਾ ਹੈ। ਇਨ੍ਹਾਂ ਦੀ ਲੀਡਰਸ਼ਿਪ ਦਾ ਕਿਰਦਾਰ ਹੁਣ ਕੀ ਹੈ ਅਤੇ ਪਹਿਲਾਂ ਕੀ ਸੀ ? ਜੇ ਇਸ ਚੀਜ਼ ਨੂੰ ਦੇਖਿਆ ਜਾਵੇ ਤਾਂ ਇਹ ਸਾਬਤ ਹੁੰਦਾ ਹੈ ਕਿ ਇਨ੍ਹਾਂ ਦਾ ਕਿਰਦਾਰ ਪਹਿਲਾਂ ਵੀ ਚੰਗਾ ਨਹੀਂ ਸੀ ਅਤੇ ਹੁਣ ਵੀ ਚੰਗੀ ਨਹੀਂ ਹੈ। ਜਿਸ ਵੇਲੇ ਪੰਜਾਬੀ ਸੂਬੇ ਦੀ ਗੱਲ ਚਲੀ ਤਾਂ ਉਸ ਵੇਲੇ ਜਨਸੰਘੀਏ ਉਸਦੇ ਉਲਟ ਚਲੇ। ਇਸੇ ਤਰ੍ਹਾਂ ਜਨਸੰਘੀਏ ਪੰਜਾਬੀ ਦੇ ਖਿਲਾਫ ਚਲੇ ਔਰ ਹਿੰਦੀ ਦੀ ਕਹਾਣੀ ਇਨ੍ਹਾਂ ਨੇ ਅਗੇ ਵਧਣ ਨਾ ਦਿੱਤੀ। ਜੇ ਜਨਸੰਘੀਏ ਉਸ ਵੇਲੇ ਆਪਣੀ ਕਿਰਦਾਰ ਵਿਚ ਅਜਿਹੀ ਗੱਲ ਸ਼ਾਮਿਲ ਨਾ ਕਰਦੇ ਤਾਂ ਪੰਜਾਬੀ ਸੂਬਾ ਬਹੁਤ ਬੜਾ ਹੁੰਦਾ ਅਤੇ ਹਿੰਦੀ ਵੀ ਕਿਤੇ ਅਗੇ ਵਧੀ ਹੁੰਦੀ। ਆਹ ਜਿਹੜੇ ਚੰਡੀਗੜ੍ਹ ਅਤੇ ਹੋਰ ਮਸਲੇ ਸਾਡੇ ਸਾਹਮਣੇ ਆਏ ਹਨ, ਇਹ ਮਸਲੇ ਖੜੇ ਹੀ ਨਾ ਹੁੰਦੇ। ਇਸੇ ਤਰ੍ਹਾਂ ਅਕਾਲੀ ਲੀਡਰਸ਼ਿਪ ਦੇ ਮੁਤੱਲਕ ਮੈਂ ਕਹਿਣਾ ਚਾਹੁੰਦਾ ਹਾਂ ਕਿ ਠੀਕ ਹੈ ਇਥੇ ਹਾਊਸ ਦੇ ਲੀਡਰ ਸਰਦਾਰ ਗੁਰਨਾਮ ਸਿੰਘ ਜੱਜ ਰਹੇ ਹਨ, ਔਰ ਐਡਮਨਿਸਟਰੇਟਰ ਬਹੁਤ ਵਧੀਆ ਹਨ। ਪਰ ਇਨ੍ਹਾਂ ਦਾ ਕੋਈ ਕਸੂਰ ਨਹੀਂ, ਇਨ੍ਹਾਂ ਤੇ ਪਿਛੋਂ ਸੱਟ ਪੈਂਦੀ ਹੈ—ਲੀਡਰਸ਼ਿਪ ਦੀ। ਲੀਡਰਸ਼ਿਪ ਇਨ੍ਹਾਂ ਨੂੰ ਦੂਜੇ ਪਾਸੇ ਲਾਈ ਜਾਂਦੀ ਹੈ। ਇਨ੍ਹਾਂ ਦੇ ਕੰਮਾਂ ਵਿਚ ਨਾਜਾਇਜ਼ ਮੁਦਾਖਲਤ

ਹੁੰਦੀ ਹੈ। ਇਸੇ ਤਰ੍ਹਾਂ ਚੰਡੀਗੜ੍ਹ ਦਾ ਸਵਾਲ ਆਇਆ, ਇਨ੍ਹਾਂ ਨੇ ਬੜੇ ਅੱਛੇ ਢੰਗ ਨਾਲ ਉਸ ਸਵਾਲ ਨੂੰ ਤੈ ਕਰਨ ਦੀ ਕੋਸ਼ਿਸ਼ ਕੀਤੀ। ਪਰ ਜਿਹੜੀ ਇਨ੍ਹਾਂ ਦੀ ਲੀਡਰਸ਼ਿਪ ਹੈ ਜਿਸ ਨੂੰ ਕਿ ਮੈਂ ਟੱਟੂ ਵਾਲੀ (ਵਿਘਨ) ਗੱਲ ਕਹਿ ਸਕਦਾ ਹਾਂ ਉਹ ਰਸਤੇ ਵਿਚ ਹਾਇਲ ਹੈ। ਜੇ ਇਹ ਚੀਜ਼ ਨਾ ਹੁੰਦੀ ਤਾਂ ਚੰਡੀਗੜ੍ਹ ਬਾਰੇ ਇਹ ਹਾਲਤ ਨਾ ਹੁੰਦੀ ਜੋ ਅਜ ਹੋਈ ਹੈ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਅਜ ਡਿਮਾਂਡ ਨੰਬਰ 9 ਅਤੇ 12 ਤੇ ਬਹਿਸ ਹੋ ਰਹੀ ਹੈ। ਇਸ ਵਿਚ ਕੋਈ ਮਸਲਾ ਨਹੀਂ ਲੀਡਰਸ਼ਿਪ ਦਾ।

ਸ੍ਰੀ ਡਿਪਟੀ ਸਪੀਕਰ : ਤੁਸੀਂ ਵੀ ਬੋਲਣਾ ਹੈ। ਤੁਹਾਡੇ ਤੇ ਨਾ ਪੁਆਇੰਟ ਆਫ਼ ਆਰਡਰ ਹੋ ਜਾਵੇ। (The hon. Member is also to speak. He should be careful in raising such points of order lest similar points of order should be raised against him.)

ਸਾਥੀ ਰੂਪ ਲਾਲ : ਡਿਪਟੀ ਸਪੀਕਰ ਸਾਹਿਬ, ਤੁਸੀਂ ਐਗਰੀ ਕਿਸ ਤਰ੍ਹਾਂ ਹੋ ਗਏ। ਜਦ ਜਨਰਲ ਐਡਮਨਿਸਟਰੇਸ਼ਨ ਦੀ ਗੱਲ ਹੈ ਤਾਂ ਇਹ ਪਾਰਟੀ ਦੀ ਪਾਲੀਸੀ ਦੇ ਨਾਲ ਤੁਅੱਲਕ ਰੱਖਦੀ ਹੈ। ਹੁਣ ਮੈਂ ਜਨਰਲ ਐਡਮਨਿਸਟਰੇਸ਼ਨ ਤੇ ਆਉਂਦਾ ਹਾਂ। ਜਨਰਲ ਐਡਮਨਿਸਟਰੇਸ਼ਨ ਠੀਕ ਹੋ ਸਕਦੀ ਹੈ, ਜੇ ਇਹ ਗੱਲਾਂ ਨਾ ਹੋਣ, ਜਿਹੜੀਆਂ ਮੈਂ ਤੁਹਾਡੇ ਸਾਹਮਣੇ ਲਿਆਂਦੀਆਂ ਹਨ। ਲੀਡਰਸ਼ਿਪ ਦਾ ਸਵਾਲ ਬੜਾ ਹੀ ਟੇਢਾ ਸਵਾਲ ਹੈ, ਜਿਸ ਨੂੰ ਸਮਝਣ ਦੀ ਲੋੜ ਹੈ ਲੀਡਰਸ਼ਿਪ ਮੁਲਕ ਨੂੰ ਅੱਗੇ ਲੈ ਜਾ ਸਕਦੀ ਹੈ ਔਰ ਲੀਡਰਸ਼ਿਪ ਹੀ ਮੁਲਕ ਨੂੰ ਬਰਬਾਦੀ ਵਾਲੇ ਪਾਸੇ ਲੈ ਜਾ ਸਕਦੀ ਹੈ, ਜਿਸ ਤਰ੍ਹਾਂ ਕਿ ਹੁਣ ਇਨ੍ਹਾਂ ਨੇ ਪੰਜਾਬ ਨਾਲ ਕੀਤਾ ਹੈ। (ਆਪੋਜ਼ੀਸ਼ਨ ਵੱਲੋਂ ਪਰਸ਼ੰਸਾ) ਜੇ ਲੀਡਰਸ਼ਿਪ ਚੰਗੀ ਹੁੰਦੀ ਤਾਂ ਇਸ ਤਰ੍ਹਾਂ ਨਾ ਹੁੰਦਾ। ਡਿਪਟੀ ਸਪੀਕਰ ਸਾਹਿਬ, ਜਨਰਲ ਐਡਮਨਿਸਟਰੇਸ਼ਨ ਦੇ ਵਿਚ ਸਰਕਾਰ ਚਲਾਉਣ ਵਾਲਿਆਂ ਦੀ ਲੀਡਰਸ਼ਿਪ ਜੇ ਇਸ ਕਿਸਮ ਦੀਆਂ ਗੱਲਾਂ ਨਾ ਕਰੇ, (ਵਿਘਨ) ਮੈਂ ਮਿਸਾਲਾਂ ਦੇ ਸਕਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਥੋਂ ਬਦਲੀਆਂ ਵਿਚ ਅੜਿੱਕੇ ਪਾਏ ਜਾਂਦੇ ਹਨ। ਇਥੇ ਕੰਮ ਕਾਰ ਚਲਾਉਣ ਵੇਲੇ ਅੜਿੱਕੇ ਪਾਏ ਜਾਂਦੇ ਹਨ। ਇਥੇ ਕਿਹਾ ਜਾਂਦਾ ਹੈ ਕਿ ਨਰਸ ਨੂੰ ਬਦਲ ਦਿਓ, ਡਾਕਟਰ ਨੂੰ ਬਦਲ ਦਿਓ, ਸਿਪਾਹੀ ਅਤੇ ਥਾਣੇਦਾਰ ਨੂੰ ਬਦਲ ਦਿਓ। ਔਰ ਉਨ੍ਹਾਂ ਦੀਆਂ ਜਿਹੜੀਆਂ ਬਦਲੀਆਂ ਹਨ, ਉਹ ਬੇਸਡ ਹਿੰਦੂ ਸਿੱਖ ਦੀ ਬਿਨਾਂ ਤੇ ਕੀਤੀਆਂ ਜਾਂਦੀਆਂ ਹਨ। ਮੇਰੇ ਜਨਸੰਘੀ ਭਰਾ ਤਾਂ ਮਹਿਜ਼ ਇਹ ਗੱਲ ਦੇਖਦੇ ਹਨ ਕਿ ਫਲਾਣਾ ਕੇਸਾਧਾਰੀ ਹੈ, ਉਸ ਦਾ ਨਾਸ਼ ਕਰਨ ਤੇ ਤੁੱਲ ਜਾਂਦੇ ਹਨ। ਔਰ ਕੁਝ ਅਕਾਲੀ ਭਰਾ ਉਹ ਇਸ ਗੱਲ ਤੇ ਤੁੱਲ ਜਾਂਦੇ ਹਨ ਕਿ ਫਲਾਣਾ ਰੋਡੇ ਸਿਰ ਵਾਲਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਈ ਅਫ਼ਸਰ ਚੰਗੇ ਹਨ, ਉਨ੍ਹਾਂ ਦਾ ਕੀ ਕਸੂਰ ਹੈ ? ਕਹਿੰਦੇ ਹਨ ਕਿ ਉਸ ਨੇ ਕੇਸ ਨਹੀਂ ਰੱਖੇ ਅਤੇ ਉਹ ਕੇਸਾਧਾਰੀ ਨਹੀਂ ਹੈ। ਇਹ ਕਹਿੰਦੇ ਹਨ ਕਿ ਇਸ ਗੱਲ ਦਾ ਇਸ ਨਾਲ ਕੀ ਤੁਅੱਲਕ ਹੈ ? ਮੈਂ ਕਹਿੰਦਾ ਹਾਂ ਕਿ ਇਹ ਤੁਅੱਲਕ ਹੈ, ਜੋ ਮੈਂ ਦੱਸ ਰਿਹਾ ਹਾਂ ਕਿ ਐਡਮਨਿਸਟਰੇਸ਼ਨ ਦੇ ਵਿਚ ਇਨ੍ਹਾਂ ਗੱਲਾਂ ਦੇ ਨਾਲ ਨੁਕਸ ਪੈਦਾ ਹੁੰਦਾ ਹੈ।

[ਸਾਥੀ ਰੂਪ ਲਾਲ]

(ਚੌਧਰੀ ਬਲਬੀਰ ਸਿੰਘ ਵੱਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਇਥੇ ਪਾਰਟੀ ਦੀਆਂ ਗੱਲਾਂ ਹੁੰਦੀਆਂ ਹਨ । ਮੈਂ ਚੌਧਰੀ ਸਾਹਿਬ ਨੂੰ ਕਹਿੰਦਾ ਹਾਂ ਕਿ ਮੈਂ ਇਨ੍ਹਾਂ ਸਾਰਿਆਂ ਨਾਲੋਂ ਵੱਡਾ ਜਥੇਦਾਰ ਹਾਂ । ਜਥੇਦਾਰੀ ਇਸ ਗੱਲ ਵਿਚ ਨਹੀਂ ਕਿ ਉਸ ਨੇ ਨੀਲੀ ਪੱਗ ਬੰਨ ਲਈ ਅਤੇ ਉਹ ਜਥੇਦਾਰ ਬਣ ਗਿਆ । ਡਿਪਟੀ ਸਪੀਕਰ ਸਾਹਿਬ, ਹਿੰਦੂ ਸਿੱਖ ਦਾ ਸਵਾਲ ਤੁਹਾਡੇ ਸਾਹਮਣੇ ਹੈ । ਚੀਫ ਮਨਿਸਟਰ ਸਾਹਿਬ ਨੇ ਇਥੇ ਇਤਿਹਾਸ ਦੀ ਗੱਲ ਕੀਤੀ ਸੀ, ਉਨ੍ਹਾਂ ਨੇ ਇਤਿਹਾਸ ਦਸਿਆ ਸੀ । ਉਨ੍ਹਾਂ ਨੇ ਸਿੱਖਾਂ ਦੇ ਇਤਿਹਾਸ ਦੀ ਗੱਲ ਕੀਤੀ ਸੀ । ਮੈਂ ਵੀ, ਡਿਪਟੀ ਸਪੀਕਰ ਸਾਹਿਬ, ਸਿੱਖਾਂ ਦੇ ਇਤਿਹਾਸ ਨੂੰ ਬੜਾ ਪੜ੍ਹਿਆ ਹੈ । ਮੈਂ ਕਹਿ ਸਕਦਾ ਹਾਂ ਕਿ ਸਿੱਖੀ ਬੜੀ ਵੱਡੀ ਚੀਜ਼ ਹੈ । ਸਿੱਖ ਬਣਨਾ ਇਕ ਬੜੀ ਵੱਡੀ ਗੱਲ ਹੈ । ਇਹ ਕੋਈ ਮਾਮੂਲੀ ਗੱਲ ਨਹੀਂ । ਸਿੱਖ ਕਹਾਉਣਾ ਜਾਂ ਰਹਿਣਾ ਇਹ ਗੱਲਾਂ ਕਿਰਤ ਨਾਲ ਹੁੰਦੀਆਂ ਹਨ। ਸਿੱਖੀ ਨੇੜੇ ਨਹੀਂ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਸੂਲ ਬਣਾਏ ਔਰ ਜ਼ੁਲਮ ਦੇ ਖਿਲਾਫ ਲੜੇ । ਉਨ੍ਹਾਂ ਨੇ ਕਿਹਾ ਸੀ ਕਿ ਮੇਰਾ ਸਿੱਖ ਉਹ ਹੈ ਜੋ ਜ਼ੁਲਮ ਦੇ ਨਾਲ ਲੜੇ । ਮੇਰਾ ਸਿੱਖ ਉਹ ਹੈ ਜੋ ਪਰਾਈ ਨਾਰ ਨਾ ਤੱਕੇ, ਉਨ੍ਹਾਂ ਨੇ ਕਿਹਾ ਸੀ ਕਿ ਮੇਰਾ ਸਿੱਖ ਉਹ ਹੈ ਜੋ ਬਗਾਨਾ ਮਾਲ ਨਾ ਲਵੇ । ਇਥੇ ਮੇਰੇ ਜਨਸੰਘੀ ਭਰਾ ਹਿੰਦੂਆਂ ਦੇ ਠੇਕੇਦਾਰ ਬਣੇ ਫਿਰਦੇ ਹਨ । ਇਹ ਹਿੰਦੂਆਂ ਦੀਆਂ ਗੱਲਾਂ ਕਰਦੇ ਹਨ । ਲੇਕਿਨ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਵਿਚ ਰਹਿਣ ਵਾਲੇ ਹਰ ਬਾਸ਼ਿੰਦੇ ਨੂੰ ਹਿੰਦੂ ਪੁਕਾਰਿਆ ਜਾਂਦਾ ਹੈ । ਉਹ ਇਸ ਕਰਕੇ ਨਹੀਂ ਕਿ ਉਹ ਰੋੜਾ ਹੈ ਜਾਂ ਰਾਸ਼ਟਰੀ ਹੈ ਜਾਂ ਜਨਸੰਘੀ ਹੈ (ਵਿਘਨ) ਮੈਂ ਦੱਸ ਦਿਆਂ ਕਿ ਹਿੰਦੂਆਂ ਦੀ ਡੈਫੀਨੀਸ਼ਨ ਕੀ ਹੈ ? ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਹਿੰਦੂ ਉਸ ਨੂੰ ਕਹਿ ਦਿਓ ਜਿਹੜਾ ਦਿਆਲੂ ਹੋਵੇ ਔਰ ਹਰ ਪਾਸੇ ਦਾ ਪਤਾ ਰੱਖੇ ਔਰ ਹਰ ਹਮਸਾਏ ਨੂੰ ਪਾਲੇ । ਮੈਂ ਦਸਦਾ ਹਾਂ ਕਿ ਮਹਾਰਾਣਾ ਪਰਤਾਪ ਜੰਗਲਾਂ ਵਿਚ ਚਲੇ ਗਏ, ਉਥੇ ਉਹ ਥਕ ਗਏ । ਭਾਮਿਸ਼ਾਹ ਨੇ ਉਨ੍ਹਾਂ ਨੂੰ ਕਿਹਾ ਕਿ ਮਹਾਰਾਣਾ ਸਾਹਿਬ, ਦਿਲ ਨਾ ਛੱਡੋ ਅਤੇ ਮੁਗਲ ਸ਼ਾਹੀ ਦੇ ਅੱਗੇ ਨਾ ਝੁਕੋ । ਤੁਸੀਂ ਮੇਰੇ ਕੋਲੋਂ ਮਾਇਆ ਲੈ ਕੇ ਆਪਣੀ ਫੌਜ ਤਿਆਰ ਕਰੋ ਅਤੇ ਮੁਗਲਾਂ ਦੇ ਖਿਲਾਫ ਲੜੋ। ਮਤਲਬ ਇਹ ਕਿ ਹਿੰਦੂ ਉਹ ਨਹੀਂ ਜਿਹੜਾ ਠੱਗੀ ਕਰੇ ਜਾਂ ਹੇਰਾਫੇਰੀ ਕਰੇ । ਇਹ ਜਨਸੰਘੀਆਂ ਦਾ ਕੰਮ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਇਥੇ ਪੁਲਿਸ ਦੇ ਬਾਰੇ ਗੱਲ ਚੱਲ ਰਹੀ ਹੈ, ਇਸ ਲਈ ਮੈਂ ਹਕੂਮਤ ਨੂੰ ਕਹਿਣਾ ਚਾਹੁੰਦਾ ਹਾਂ ਕਿ............. (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਪਾਰਟੀ ਦੀ ਸਟਰੈਂਗਥ ਦੇ ਮੁਤਾਬਿਕ ਹੀ ਟਾਈਮ ਦੇਣਾ ਚਾਹੀਦਾ ਹੈ, ਹੋਰ ਵੀ ਮੈਂਬਰ ਸਾਹਿਬਾਨ ਨੇ ਬੋਲਣਾ ਹੈ, ਇਸ ਲਈ..... (ਵਿਘਨ) ।

ਸ੍ਰੀ ਡਿਪਟੀ ਸਪੀਕਰ : ਜੇ ਤੁਸੀ ਮੇਰੇ ਤੇ ਟਰੱਸਟ ਨਹੀਂ ਰਖਦੇ ਤਾਂ ਮੈਂ ਉਠਕੇ ਚਲਾ ਜਾਂਦਾ ਹਾਂ (ਅਵਾਜ਼ਾਂ : ਨਹੀਂ ਜੀ, ਟਾਈਮ ਦੇਣਾ ਚੇਅਰ ਦਾ ਕੰਮ ਹੈ ।) (If the

hon. Members do not repose trust in me then I would like to vacate the Chair).

ਚੌਧਰੀ ਤੁਲਸੀ ਰਾਮ ਚੌਹਾਨ : ਡਿਪਟੀ ਸਪੀਕਰ ਸਾਹਿਬ, ਕੀ ਟਾਈਮ ਦੇਣਾ ਚੇਅਰ ਦਾ ਕੰਮ ਹੈ ਜਾਂ ਪਾਂਧੀ ਸਾਹਿਬ ਦਾ ਕੰਮ ਹੈ ?

Mr. Deputy Speaker : Please do not disturb. It is my privilege to allot time and I am exercising it. If you have any objection to it, then you can raise a Point of Order.

ਸਾਥੀ ਰੂਪ ਲਾਲ : ਡਿਪਟੀ ਸਪੀਕਰ ਸਾਹਿਬ, ਪੁਲਿਸ ਦਾ ਜ਼ਿਕਰ ਕਰਨ ਲਈ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਸੇ ਹਾਊਸ ਦੇ ਅੰਦਰ ਜਨਤਾ ਸਰਕਾਰ ਦੇ ਵੇਲੇ ਪੁਲਿਸ ਦਾ ਕਿਰਦਾਰ ਕੀ ਸੀ ਔਰ ਉਸ ਸਰਕਾਰ ਦੇ ਵੇਲੇ ਹਾਊਸ ਤੋਂ ਬਾਹਿਰ ਇਨ੍ਹਾਂ ਪੁਲਿਸ ਅਫ਼ਸਰਾਂ ਦਾ ਕਿਰਦਾਰ ਕੀ ਸੀ ? ਮੈਂ ਚੀਫ਼ ਮਨਿਸਟਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਨੇ (ਅੱਜ ਦੇ ਸੀ.ਐਮ. ਨੇ) ਗਿੱਲ ਸਰਕਾਰ ਦੇ ਖਿਲਾਫ਼ ਐਜੀਟੇਸ਼ਨ ਕਰਦੇ ਅਤੇ ਲੜਦੇ ਹੋਏ ਇਹ ਗੱਲ ਆਖੀ ਕਿ ਨਹੀਂ ਕਿ ਉਨ੍ਹਾਂ ਪੁਲਿਸ ਅਫ਼ਸਰਾਂ ਨੂੰ, ਜਿਨ੍ਹਾਂ ਨੇ ਲੋਕਾਂ ਨਾਲ ਜ਼ਿਆਦਤੀਆਂ ਕੀਤੀਆਂ ਅਤੇ ਝੂਠੇ ਮੁਕੱਦਮੇ ਬਣਾਏ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ ਅਤੇ ਜਿਨ੍ਹਾਂ ਲੋਕਾਂ ਦਾ ਜਾਂ ਜਨਤਾ ਦਾ ਨੁਕਸਾਨ ਹੋਇਆ ਉਨ੍ਹਾਂ ਨੂੰ ਕੰਪਨਸੇਟ ਕੀਤਾ ਜਾਵੇਗਾ । ਸੋ ਮੈਂ ਚੀਫ਼ ਮਨਿਸਟਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਲਫ਼ਜ਼ ਯਾਦ ਕਰ ਲੈਣ ਜਦ ਇਨ੍ਹਾਂ ਨੇ ਕਿਹਾ ਸੀ ਕਿ ਝੂਠੇ ਮੁਕੱਦਮੇ ਬਨਾਉਣ ਵਾਲੇ ਇਸ ਹਾਊਸ ਦੇ ਅੰਦਰ ਆਏ ਅਤੇ ਇਸ ਹਾਊਸ ਦੀ ਬੇਇਜ਼ਤੀ ਕੀਤੀ । ਮੈਂ ਪੁੱਛਦਾ ਹਾਂ ਕਿ ਸੀ.ਐਮ. ਦੇ ਉਹ ਅੱਖਰ ਕਿਧਰ ਹਨ ? ਉਹੀ ਅਫ਼ਸਰ ਤਰੱਕੀ ਪਾਉਂਦੇ ਹਨ । ਮੈਂ ਇਨ੍ਹਾਂ ਨੂੰ ਮੋਗੇ ਦੀ ਗੱਲ ਦੱਸਦਾ ਹਾਂ । ਮੋਗੇ ਦੇ ਡੀ.ਐਸ.ਪੀ. ਸਰਦਾਰ ਗੁਰਦਿਆਲ ਸਿੰਘ ਨੇ ਸਾਡੀਆਂ ਚੂਲੀਆਂ ਕੁੱਟੀਆਂ, ਸਾਨੂੰ ਡੰਡੇ ਮਾਰੇ ਗਏ । ਹਵਾਲਾਤ ਵਿਚ ਛਿੱਤਰ ਮਾਰੇ ਗਏ । (ਆਪੋਜ਼ੀਸ਼ਨ ਵੱਲੋਂ ਸ਼ੇਮ, ਸ਼ੇਮ) ਮੇਰੇ ਸਾਥੀਆਂ ਨੂੰ ਐਨੇ ਡੰਡੇ ਮਾਰੇ ਗਏ ਕਿ ਉਨ੍ਹਾਂ ਦਾ ਪਿਸ਼ਾਬ ਵਿਚ ਹੀ ਨਿਕਲ ਗਿਆ । (ਆਪੋਜ਼ੀਸ਼ਨ ਵੱਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਔਰ ਉਸ ਡੀ.ਐਸ.ਪੀ. ਨੂੰ ਅੰਮ੍ਰਿਤਸਰ ਲਗਾਇਆ ਹੋਇਆ ਹੈ । ਉਸ ਦੀ ਇਹ ਕੋਸ਼ਿਸ਼ ਹੈ ਕਿ ਮੈਂ ਇਕ ਦੋ ਸਾਲ ਹੋਰ ਲਾ ਲਵਾਂ ਅਤੇ ਜਦ ਦੋ ਸਾਲਾਂ ਨੂੰ ਰਿਟਾਇਰ ਹੋਣਾ ਹੈ ਤਾਂ ਉਦੋਂ ਤੱਕ 5-7 ਲੱਖ ਰੁਪਿਆ ਬਣਾ ਲਵਾਂ । ਉਸ ਨੂੰ ਸਗੋਂ ਇਸ ਗੱਲ ਦਾ ਇਨਾਮ ਮਿਲਿਆ ਹੈ । ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਇਕ ਥਾਣੇਦਾਰ ਸੱਜਣ ਸਿੰਘ ਹੈ ਉਹ ਇਕ ਬਦਨਾਮ ਥਾਣੇਦਾਰ ਹੈ ਜਿਸ ਨੇ ਉਥੇ ਵੱਡੇ ਵੱਡੇ ਕੇਸ ਕੀਤੇ ਔਰ ਉਸ ਨੇ ਇਹੋ ਜਿਹੇ ਕੰਮ ਕੀਤੇ ਹਨ ਕਿ ਕੋਈ ਸਰਕਾਰ ਉਨ੍ਹਾਂ ਕੰਮਾਂ ਨੂੰ ਦੇਖਕੇ ਉਸ ਨੂੰ ਛੱਡ ਨਹੀਂ ਸਕਦੀ । ਲੇਕਿਨ ਇਸ ਬਿਨਾ ਤੇ ਕਿ ਕਿਸੇ ਵੇਲੇ ਉਹ ਕਿਸੇ ਐਮ.ਐਲ.ਏ. ਦੀ ਮੱਦਦ ਕਰਦਾ ਸੀ, ਉਸ ਨੂੰ ਛੱਡ ਦਿੱਤਾ ਗਿਆ । ਉਸ ਦੇ ਉਤੇ ਇਸ ਕਿਸਮ ਦੇ ਇਲਜ਼ਾਮ ਹਨ, ਮੈਂ ਦੱਸਦਾ ਹਾਂ ਕਿ ਉਸ ਦੇ ਉਤੇ ਬੰਦੇ ਮਰਵਾਉਣ ਦੇ ਇਲਜ਼ਾਮ ਹਨ । ਉਸ ਥਾਣੇਦਾਰ ਨੂੰ ਅੱਜ ਦੇ ਸੀ.ਐਮ. ਅਤੇ ਸਰਕਾਰ ਨੇ ਗਿਰਾਉਣ ਦੇ ਵਿਚ ਭਾਰੀ ਪਾਰਟ ਪਲੇ ਕੀਤਾ ਹੈ । ਉਹ 2 ਸੌ ਏਕੜ ਜ਼ਮੀਨ ਤੇ ਨਜਾਇਜ਼ ਕਬਜ਼ਾ ਕਰੀ ਬੈਠਾ ਹੈ । ਉਸ ਥਾਣੇਦਾਰ ਦੇ ਉਤੇ ਚੋਰੀਆਂ ਦੇ ਇਲਜ਼ਾਮ ਹਨ । ਛੇ ਕਾਰਾਂ ਅਤੇ 6-7 ਸਕੂਟਰ, ਬਿਜਲੀ ਦੇ ਪੱਖੇ ਅਤੇ ਬਿਜਲੀ ਦੀਆਂ ਮੋਟਰਾਂ ਦੀ ਚੋਰੀ ਦੇ ਇਲਜ਼ਾਮ ਉਸ ਦੇ ਉਤੇ ਹਨ । (ਆਪੋਜ਼ੀਸ਼ਨ ਵੱਲੋਂ ਸ਼ੇਮ, ਸ਼ੇਮ) ਡਿਪਟੀ ਸਪੀਕਰ ਸਾਹਿਬ, ਉਸ ਦਾ

[ਸਾਥੀ ਰੂਪ ਲਾਲ]

ਭਤੀਜਾ ਲੁਧਿਆਣਾ ਤੋਂ ਸਕੂਟਰ ਭਜਾ ਕੇ ਲੈ ਗਿਆ ਅਤੇ ਉਹ ਫੜਿਆ ਗਿਆ ਪਰ ਸਰਕਾਰ ਨੇ ਅਜੇ ਤੱਕ ਉਸ ਨੂੰ ਹੱਥ ਨਹੀਂ ਪਾਇਆ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਗਿਲਾ ਹੈ ਕਿ ਜੇ ਸਰਕਾਰ ਇਸੇ ਤਰ੍ਹਾਂ ਚਲੇਗੀ ਔਰ ਉਨ੍ਹਾਂ ਅਫਸਰਾਂ ਨੂੰ ਜੋ ਬਦ-ਸਲੂਕੀ ਕਰਦੇ ਹੋਣ ਉਨ੍ਹਾਂ ਨੂੰ ਇਸੇ ਤਰ੍ਹਾਂ ਇਨਾਮ ਦਿੰਦੀ ਰਹੇਗੀ ਤਾਂ ਪੁਲਿਸ ਵਿਚ ਕੋਈ ਸੁਧਾਰ ਨਹੀਂ ਹੋ ਸਕਦਾ । ਮੈਂ ਸਰਕਾਰ ਨੂੰ ਇਹ ਤਜਵੀਜ਼ ਕਰਾਂਗਾ ਕਿ ਸਰਕਾਰ ਇਹੋ ਜਿਹੇ ਅਫਸਰਾਂ ਨੂੰ ਮੁਨਾਸਬ ਸਜ਼ਾ ਦੇਵੇ ਔਰ ਉਨ੍ਹਾਂ ਨੂੰ ਕਿਸੇ ਦੇ ਕਹਿਣ ਤੇ, ਕਿਸੇ ਜੱਥੇਦਾਰ ਦੇ ਕਹਿਣ ਤੇ, ਕਿਸੇ ਹੋਰ ਬੰਦੇ ਦੇ ਕਹਿਣ ਤੇ, ਉਨ੍ਹਾਂ ਨੂੰ ਛੋਟ ਨਾ ਦੇਵੇ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਅਰਜ਼ ਇਹ ਕਰਨੀ ਚਾਹੁੰਦਾ ਹਾਂ ਕਿ ਪੁਲਿਸ ਨੂੰ ਗਸ਼ਤ ਲਈ ਜੀਪਾਂ ਸਪਲਾਈ ਹੋਣੀਆਂ ਚਾਹੀਦੀਆਂ ਹਨ । ਇਹ ਜੀਪਾਂ ਸਪਲਾਈ ਹੋਣ ਨਾਲ ਇਕ ਤਾਂ 'ਘੋੜਾ ਅਲਾਊਂਸ' ਦਾ ਖਰਚ ਬਚੇਗਾ ਔਰ ਦੂਸਰਾ ਕੰਮ ਤੇਜ਼ੀ ਨਾਲ ਹੋਵੇਗਾ । ਇਤਨਾ ਕਹਿ ਕੇ ਮੈਂ, ਡਿਪਟੀ ਸਪੀਕਰ ਸਾਹਿਬ, ਆਪ ਤੋਂ ਖਿਮਾਂ ਮੰਗਦਾ ਹਾਂ ਔਰ ਸ਼ੁਕਰੀਆ ਅਦਾ ਕਰਦਾ ਹਾਂ ਕਿ ਆਪ ਨੇ ਮੈਨੂੰ ਬੋਲਣ ਲਈ ਸਮਾਂ ਦਿੱਤਾ ।

(At this stage Mr. Deputy Speaker called upon Sardar Dalip Singh Pandhi to speak.)

Sardar Umrao Singh: Sir, our party should also be given time.

Mr. Deputy Speaker: Sardar Umrao Singh, you have already spoken for half an hour and these two hon. Members have spoken only for twenty minutes.

Sardar Umrao Singh: Sir, Comrade Satya Pal Dang has also spoken for half an hour.

Mr. Deputy Speaker: This is what I am saying.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 9 ਅਤੇ ਡਿਮਾਂਡ ਨੰਬਰ 12 ਦੀ ਪਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ ਔਰ ਮੈਂ ਸਰਕਾਰ ਨੂੰ ਇਸ ਦੇ ਲਈ ਮੁਬਾਰਕਬਾਦ ਦਿੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਇਹ ਜੋ ਸਾਰਾ ਬਜਟ ਹੈ ਇਹ ਇਕ ਬੜਾ ਚੰਗਾ ਬਜਟ ਹੈ ਔਰ ਇਸ ਦੇ ਵਿਚ ਪੈਸੇ ਵੀ ਬੜੇ ਚੰਗੇ ਕੰਮਾਂ ਲਈ ਰਖੇ ਗਏ ਹਨ । (ਵਿਘਨ) ਇਹੋ ਜਿਹੀ ਗੱਲ ਨਹੀਂ । ਮੈਂ ਤਾਂ ਕਹਿੰਦਾ ਹਾਂ ਕਿ ਜੇ ਸਰਕਾਰ ਕੋਈ ਚੰਗੇ ਕੰਮ ਕਰਦੀ ਹੈ ਤਾਂ ਉਸ ਦੀ ਸਰਾਹਣਾ ਕਰਨੀ ਚਾਹੀਦੀ ਹੈ ਔਰ ਜੇ ਕੋਈ ਮਾੜਾ ਕੰਮ ਕਰਦੀ ਹੈ ਇਸ ਨੂੰ ਮਾੜਾ ਕਹਿਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਸਾਥੀ ਸਾਹਿਬ ਨੇ ਕੁਝ ਗੱਲਾਂ ਕਹੀਆਂ ਹਨ ਔਰ ਹੋਰ ਇਥੇ ਕਈ ਸੱਜਣਾਂ ਨੇ ਐਡਮਨਿਸਟਰੇਸ਼ਨ ਵਿਚ ਨੁਕਸ ਦਸੇ ਹਨ । ਪਰ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਨੁਕਸ ਇਨ੍ਹਾਂ ਦੇ ਆਪਣੇ ਪਾਏ ਹੋਏ ਹਨ ਔਰ ਇਹ ਅੱਜ ਇਨ੍ਹਾਂ ਵਿਚਾਰਿਆਂ ਤੇ ਇਲਜ਼ਾਮ ਲਗਾਉਂਦੇ ਹਨ । ਮੈਂ ਕਹਿੰਦਾ ਹਾਂ ਕਿ ਜੋ ਇਲਜ਼ਾਮ ਇਹ ਲਗਾਉਂਦੇ ਹਨ ਅਗਰ ਅੱਜ ਅਸੀਂ ਉਨ੍ਹਾਂ ਸਾਰਿਆਂ ਦੀ ਇਨਕੁਆਇਰੀ ਕਰਵਾਈਏ ਤਾਂ ਇਹ

ਭਰਾ (ਆਪੋਜੀਸ਼ਨ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਵਿਚ ਆਪ ਫਸਦੇ ਹਨ। (ਵਿਘਨ) (ਸ਼ੋਰ) ਮੈਂ ਤਾਂ ਬੇਨਤੀ ਕਰਾਂਗਾ ਕਿ ਇਕ ਪਰਮਾਨੈਂਟ ਕਮਿਸ਼ਨ ਬਣਨਾ ਚਾਹੀਦਾ ਹੈ..(ਵਿਘਨ)

ਸਾਥੀ ਰੂਪ ਲਾਲ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਪਾਂਧੀ ਸਾਹਿਬ ਨੇ ਮੇਰਾ ਨਾਮ ਲਿਆ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ 'ਪਿਦਰੇ ਮਨ ਸੁਲਤਾਨ ਬੂਦ' ਵਾਲੀ ਗੱਲ ਕੀਤੀ ਹੈ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਰਾ ਪੈਸਾ ਇਨ੍ਹਾਂ ਡਿਮਾਂਡਾਂ ਵਿਚ ਰਖਿਆ ਹੈ ਇਸ ਨੂੰ ਇਮਾਨਦਾਰੀ ਦੇ ਨਾਲ ਅਫ਼ਸਰਾਂ ਦੀਆਂ ਤਨਖਾਹਾਂ ਔਰ ਇਹ ਸਾਰਾ ਪਰਬੰਧ ਠੀਕ ਕਰਨ ਲਈ ਠੀਕ ਢੰਗ ਨਾਲ ਖ਼ਰਚਿਆ ਜਾਵੇ। ਮੈਂ ਪੁਲਿਸ ਐਡਮਨਿਸਟਰੇਸ਼ਨ ਨੂੰ ਵੀ ਕਹਾਂਗਾ ਕਿ ਡੀ.ਐਸ.ਪੀਜ਼ ਵਗੈਰਾ ਦੀਆਂ ਤਨਖਾਹਾਂ ਵਧਾਈਆਂ ਗਈਆਂ ਹਨ ਹੁਣ ਉਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੇ ਕੰਮ ਵਿਚ ਸੁਧਾਰ ਕਰਨ ਔਰ ਇਹ ਜਿਹੜੇ ਮੇਰੇ ਵੀਰ ਕੁਝ ਇਲਜ਼ਾਮ ਆਦਿ ਲਗਾਉਂਦੇ ਹਨ, ਇਨ੍ਹਾਂ ਨੂੰ ਸੁਧਾਰਨ ਔਰ ਦੂਰ ਕਰਨ। ਸਾਰੇ ਸਾਥੀਆਂ ਨੂੰ ਇਸ ਦੇ ਸੁਧਾਰ ਕਰਨ ਵਿਚ ਯਤਨ ਕਰਨਾ ਚਾਹੀਦਾ ਹੈ। ਹੁਣ ਬਦਲੀਆਂ ਦੀ ਵੀ ਕੋਈ ਗੱਲ ਨਹੀਂ ਹੈ। (ਵਿਘਨ) ਇਹ ਪੰਜਾਬੀ ਸੂਬਾ ਬਦਕਿਸਮਤੀ ਨਾਲ ਕੁਝ ਸਜਣਾਂ ਨੇ ਇਸ ਦੀ ਵਿਰੋਧਤਾ ਕੀਤੀ ਔਰ ਛੋਟਾ ਬਣਾ ਦਿੱਤਾ। (ਵਿਘਨ) ਪਹਿਲਾਂ ਤਾਂ ਨਾਰਨੌਲ ਜਾਣ ਤੋਂ ਮੁਲਾਜ਼ਮ ਬਹੁਤ ਡਰ ਜਾਂਦਾ ਸੀ ਪਰ ਹੁਣ ਉਨ੍ਹਾਂ ਨੂੰ ਕੋਈ ਡਰ ਨਹੀਂ ਰਿਹਾ। (ਵਿਘਨ) ਸੋ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਆਪਣੇ ਕੰਮ ਵਿਚ ਸੁਧਾਰ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਅਰਜ਼ ਬੈਕਵਰਡ ਕਲਾਸ ਦੀ ਰਿਜ਼ਰਵੇਸ਼ਨ ਵਾਸਤੇ ਕਰਨੀ ਚਾਹੁੰਦਾ ਹਾਂ। ਹੁਣ ਤੱਕ ਰਿਜ਼ਰਵੇਸ਼ਨ ਦੇ ਮੁਤਾਬਕ ਕੋਈ ਸਿਪਾਹੀ ਨਹੀਂ ਭਰਤੀ ਹੋਏ, ਕੋਈ ਥਾਣੇਦਾਰ ਨਹੀਂ ਭਰਤੀ ਹੋਏ, ਕੋਈ ਪੁਲਿਸ ਦੇ ਵਿਚ ਰਿਜ਼ਰਵੇਸ਼ਨ ਦੇ ਮੁਤਾਬਕ ਐਸ. ਪੀ. ਨਹੀਂ ਭਰਤੀ ਹੋਏ। (ਵਿਘਨ) ਇਨ੍ਹਾਂ ਦੇ ਵੇਲੇ ਦੇ ਅੰਕੜੇ ਕੱਢ ਕੇ ਦੇਖ ਲਓ। ਸੈਂਟਰ ਦੀ ਸਰਕਾਰ ਦੇ ਅੰਕੜੇ ਕੱਢ ਕੇ ਦੇਖ ਲਓ....(ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ.: ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਰਿਜ਼ਰਵੇਸ਼ਨ ਦੀ ਗੱਲ ਕਰਦੇ ਹਨ। ਇਨ੍ਹਾਂ ਕੋਲੋਂ ਆਪਣੀ ਮਨਿਸਟਰੀ ਵਿਚ ਹਰੀਜਨਾਂ ਦੀ ਰਿਜ਼ਰਵੇਸ਼ਨ ਨਹੀਂ ਪੂਰੀ ਹੁੰਦੀ ਤਾਂ ਇਹ ਬਾਕੀ ਮਹਿਕਮਿਆਂ ਵਿਚ ਰਿਜ਼ਰਵੇਸ਼ਨ ਕੀ ਪੂਰੀ ਕਰ ਸਕਦੇ ਹਨ? (ਵਿਘਨ)

Mr. Deputy Speaker: No point of order.

ਸਰਦਾਰ ਦਲੀਪ ਸਿੰਘ ਪਾਂਧੀ: ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਾਂਗਰਸ ਨੇ ਹਿੰਦੁਸਤਾਨ ਦੀਆਂ ਕਿੰਨੀਆਂ ਪੋਸਟਾਂ ਤੇ ਹਰੀਜਨਾਂ ਨੂੰ ਲਗਾਇਆ ਹੈ। ਇਹ ਮੈਨੂੰ ਕੋਈ ਹਰੀਜਨ ਰਾਜਦੂਤ ਲਗਿਆ ਦਿਖਾ ਦੇਣ, ਇਹ ਕੋਈ ਜੱਜ ਲਗਿਆ ਦਸ ਦੇਣ ਜਾਂ ਇਹ ਕੋਈ ਆਈ. ਏ. ਐਸ. ਅਫ਼ਸਰ ਹਰੀਜਨ ਲਗਿਆ ਦਸ ਦੇਣ। (ਵਿਘਨ)

ਸਰਦਾਰ ਸੰਤੋਖ ਸਿੰਘ: ** ** **

Mr. Deputy Speaker: This is no point of order. This is not to be taken down.

ਸਰਦਾਰ ਦਲੀਪ ਸਿੰਘ ਪਾਂਧੀ: ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਹਿੰਦੁਸਤਾਨ ਦਾ ਕਾਨਸਟੀਚਿਊਸ਼ਨ ਹੈ ਇਹ ਡਾਕਟਰ ਅੰਬੇਦਕਰ ਨੇ ਬਣਾਇਆ ਸੀ। ਉਸ ਵਿਚਾਰੇ ਨੇ ਲੋਕ ਸਭਾ ਵਿਚ ਪੰਜਾਬ ਔਰ ਹੋਰ ਸਟੇਟਾਂ ਦੀਆਂ ਸੇਵਾਵਾਂ ਵਿਚ ਰਿਜ਼ਰਵੇਸ਼ਨ ਰੱਖੀ। ਉਸ ਦੇ ਬਾਅਦ ਕਾਂਗਰਸ ਸਰਕਾਰ ਨੇ ਰਾਜ ਸਭਾ ਵਿਚ ਕੋਈ ਸੀਟ ਨਹੀਂ ਰੱਖੀ, ਪਬਲਿਕ ਸਰਵਿਸ ਕਮਿਸ਼ਨ ਵਿਚ ਕੋਈ ਸੀਟ ਨਹੀਂ ਰੱਖੀ, ਰੇਲਵੇ ਬੋਰਡ ਵਿਚ ਕੋਈ ਸੀਟ ਨਹੀਂ ਰੱਖੀ ਹੋਰ ਜਿਹੜੀਆਂ ਸਟੇਟਾਂ ਹਨ ਉਨ੍ਹਾਂ ਵਿਚ ਹਰੀਜਨਾਂ ਦੀ ਕੋਈ ਸੀਟ ਨਹੀਂ। (ਵਿਘਨ) ਹੁਣ ਜਦੋਂ ਹਰੀਜਨਾ ਦੀ ਜਾਂ ਕੋਈ ਹੋਰ ਗੱਲ ਚਲਦੀ ਹੈ ਤਾਂ ਇਹ ਆਪਣੀ ਦਿਆਨਤਦਾਰੀ ਸ਼ੋ ਕਰਦੇ ਹਨ। (ਵਿਘਨ) ਹੁਣ ਇਹ ਗੱਲਾਂ ਕਰਦੇ ਹਨ ਮੈਂ ਕਹਿੰਦਾ ਹਾਂ ਕਿ ਅਫ਼ੀਮ ਦੀ ਬਲੈਕ ਔਰ ਹੋਰ ਕੋਈ ਅਜੇਹੀਆਂ ਚੀਜ਼ਾਂ ਦੀ ਬਲੈਕ ਇਹ ਕਰਾਉਂਦੇ ਰਹੇ ਹਨ। (ਵਿਘਨ) (ਸ਼ੋਰ) ਮੈਂ ਆਪਣੀ ਪੰਜਾਬ ਦੀ ਸਰਕਾਰ ਨੂੰ ਅਰਜ ਕਰਾਂਗਾ ਕਿ ਇਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਉਣਾ ਚਾਹੀਦਾ ਔਰ ਰਾਜ ਪਰਬੰਧ ਨੂੰ ਸੁਧਾਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਪ੍ਰਾਈਵੇਟ ਬੱਸਾਂ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟ ਬੱਸਾਂ ਦੇ ਚਾਲਾਨ ਹੁੰਦੇ ਹਨ ਕਿ ਇਹ ਟੈਕਸ ਘੱਟ ਕਟਦੀਆਂ ਹਨ ਔਰ ਇਹ ਓਵਰ-ਲੋਡ ਵੀ ਚਲਦੀਆਂ ਹਨ। ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ। ਇਥੇ ਸਰਦਾਰ ਪਰਤਾਪ ਸਿੰਘ ਨੇ ਜ਼ਿਕਰ ਕੀਤਾ ਸੀ ਕਿ ਪ੍ਰਾਈਵੇਟ ਟੈਕਸੀਆਂ ਵੀ ਚਲਦੀਆਂ ਹਨ। (ਵਿਘਨ) ਮੈਂ ਇਕ ਸਵਾਲ ਕੀਤਾ ਔਰ ਮੈਨੂੰ ਉਸ ਦਾ ਜਵਾਬ ਗਲਤ ਮਿਲਿਆ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਭਾਈਆਂ (ਕਾਂਗਰਸ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਨੇ ਝੂਠ ਬੋਲਣ ਦਾ ਰਿਵਾਜ ਪਾ ਦਿੱਤਾ ਹੈ। ਮੇਰੀ ਅਰਜ਼ ਹੈ ਕਿ ਇਹ ਜਿਹੜਾ ਟੈਕਸ ਦਾ ਮਹਿਕਮਾ ਹੈ ਇਸ ਨੂੰ ਖਿੱਚ ਕੇ ਰੱਖਣਾ ਚਾਹੀਦਾ ਹੈ। ਜੇ ਇਹ ਮਹਿਕਮਾ ਸਹੀ ਢੰਗ ਨਾਲ ਆਪਣੇ ਕੰਮ ਨੂੰ ਚਲਾਵੇ ਔਰ ਟੈਕਸ ਦੀ ਚੋਰੀ ਨੂੰ ਰੋਕਿਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਸਰਕਾਰ ਨੂੰ ਕੋਈ ਨਵਾਂ ਟੈਕਸ ਲਾਉਣ ਦੀ ਲੋੜ ਨਹੀਂ ਪੈਣੀ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਹਰੀਜਨਾਂ ਦੀ ਗੱਲ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਿਸਟਰਿਕਟ ਲੁਧਿਆਣਾ ਵਿਚ ਇਕ ਬੇਦੋਵਾਲ ਪਿੰਡ ਹੈ ਅਤੇ ਉਥੋਂ ਦੇ ਸਰਪੰਚ ਦਾ ਕਤਲ ਹੋਇਆ। ਡਵੀਜ਼ਨ ਨੰ: 2 ਵਿਚ ਪ੍ਰੇਮ ਨਗਰ ਦੀ ਇਕ ਔਰਤ ਨੂੰ ਮਾਰਿਆ ਗਿਆ ਅਤੇ ਕੁਟਿਆ ਗਿਆ। ਮੈਂ ਇਨ੍ਹਾਂ ਚੀਜ਼ਾਂ ਦੇ ਬਰਖ਼ਿਲਾਫ਼ ਹਾਂ। ਮੈਂ ਹਮੇਸ਼ਾ ਕੁਰੱਪਸ਼ਨ ਦੇ ਖਿਲਾਫ਼ ਬੋਲਦਾ ਰਹਿੰਦਾ ਹਾਂ ਅਤੇ ਮੈਂ ਅਰਜ਼ ਕਰਾਂਗਾ ਕਿ ਕੁਰੱਪਸ਼ਨ ਨੂੰ ਖਤਮ ਕਰਨ ਲਈ ਸਾਡੀ ਸਰਕਾਰ ਨੂੰ ਇਕ ਮਨ ਬਣਾ ਲੈਣਾ ਚਾਹੀਦਾ ਹੈ। ਜਿਹੜੇ ਚੰਗੇ ਆਦਮੀ ਹਨ ਅਤੇ ਇਮਾਨਦਾਰੀ ਨਾਲ ਕੰਮ ਕਰਦੇ ਹਨ ਉਨ੍ਹਾਂ ਨੂੰ

**ਇਹ ਡਿਪਟੀ ਸਪੀਕਰ ਸਾਹਿਬ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।

ਇਨਸੈਂਟਿਵ ਮਿਲਣਾ ਚਾਹੀਦਾ ਹੈ । ਉਨ੍ਹਾਂ ਨੂੰ ਚੰਗੀਆਂ ਤਨਖਾਹਾਂ ਦੇਣੀਆਂ ਚਾਹੀਦੀਆਂ ਹਨ ਅਤੇ ਜੇ ਕਰ ਹੋ ਸਕੇ ਤਾਂ ਉਨ੍ਹਾਂ ਨੂੰ ਕੋਈ ਸਪੈਸ਼ਲ ਭੱਤੇ ਵੀ ਮਿਲਣੇ ਚਾਹੀਦੇ ਹਨ ਤਾਂ ਕਿ ਉਹ ਆਪਣੀ ਇਮਾਨਦਾਰੀ ਨਾਲ ਡਿਊਟੀ ਅਦਾ ਕਰਦੇ ਰਹਿਣ । ਜਿਹੜੇ ਮਾੜੇ ਅਤੇ ਕੁਰੱਪਟ ਆਦਮੀ ਹਨ, ਉਨ੍ਹਾਂ ਦੇ ਦਿਲਾਂ ਵਿਚ ਇਕ ਡਰ ਬਿਠਾ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਹਰ ਖੇਤਰ ਵਿਚ ਡਿਸਕਰੇਜ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਵਿਚ ਚੰਗੇ ਆਦਮੀ ਭਰਤੀ ਹੋ ਕੇ ਪੰਜਾਬ ਦੀ ਸੇਵਾ ਕਰ ਸਕਣ। ਇਹ ਕੁਦਰਤੀ ਤੌਰ ਤੇ ਹੁੰਦਾ ਹੈ ਕਿ ਜੇ ਕਰ ਕੋਈ ਆਦਮੀ ਕਿਸੇ ਨੂੰ ਨੌਕਰੀ ਵਿਚ ਭਰਤੀ ਕਰਾਉਂਦਾ ਹੈ ਤਾਂ ਉਹ ਉਸ ਆਦਮੀ ਦਾ ਅਹਿਸਾਨਮੰਦ ਹੁੰਦਾ ਹੈ ਅਤੇ ਉਸ ਦੇ ਕਹੇ ਤੇ ਕੰਮ ਕਰਦਾ ਹੈ । ਜਿਹੜੀ ਇਹ ਭਰਤੀ ਹੋਈ ਹੋਈ ਹੈ ਮੁਲਾਜ਼ਮਾਂ ਦੀ ਉਹ ਇਨ੍ਹਾਂ ਨੇ ਕੀਤੀ ਹੋਈ ਹੈ, ਕੋਈ ਜਨ ਸੰਘ ਨੇ ਜਾਂ ਸਾਡੀ ਅਕਾਲੀ ਪਾਰਟੀ ਨੇ ਨਹੀਂ ਕੀਤੀ ਹੋਈ, ਇਸ ਕਰਕੇ ਉਹ ਲੋਕ ਇਨ੍ਹਾਂ ਦੇ ਕਹੇ ਅਨੁਸਾਰ ਚਲਦੇ ਹਨ । ਜੇ ਕਰ ਕੋਈ ਗੱਲ ਵਜ਼ੀਰ ਸਾਹਿਬ ਵੀ ਕਹਿ ਦਿੰਦੇ ਹਨ ਕਰਨ ਲਈ ਤਾਂ ਉਹ ਕਾਗਜ਼ ਇਧਰ ਦਾ ਉਧਰ ਕਰੀ ਰੱਖਦੇ ਹਨ ਅਤੇ ਟਾਲ ਮਟੋਲ ਵਿਚ ਕੰਮ ਨੇਪਰੇ ਨਹੀਂ ਚੜ੍ਹਾਉਂਦੇ । ਸਰਦਾਰ ਰਵੇਲ ਸਿੰਘ ਵਰਗੇ ਸੱਜਣ ਪੁਰਸ਼ਾਂ ਦੇ ਨਿਰੀਖਣ ਹੇਠ ਪੰਜਾਬ ਦੇ ਲੋਕਾਂ ਦੇ ਬਹੁਤ ਕੰਮ ਰਹੇ ਹਨ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਹੋ ਰਿਹਾ ਹੈ ਅਤੇ ਪੰਜਾਬ ਦੀ ਜਨਰਲ ਐਡ-ਮਨਿਸਟਰੇਸ਼ਨ ਅਤੇ ਪੁਲਿਸ ਵਿਚ ਚੰਗੇ ਸੁਧਾਰ ਲਿਆਏ ਜਾ ਰਹੇ ਹਨ . . (ਵਿਘਨ). .

ਕਾਮਰੇਡ ਬਾਬੂ ਸਿੰਘ ਮਾਸਟਰ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਇਨਫਰਮੇਸ਼ਨ ਇਹ ਹੈ ਕਿ ਮੇਰੇ ਆਨਰੇਬਲ ਦੋਸਤ ਨੇ ਅਤੇ ਹੋਰ ਕੁਝ ਸਾਥੀਆਂ ਨੇ ਸਰਦਾਰ ਆਤਮਾ ਸਿੰਘ ਦੇ ਬਾਰੇ ਵਿਚ ਇਨਕੁਆਰੀ ਕਰਾਉਣ ਵਾਸਤੇ ਕਿਹਾ ਸੀ, ਮੈਂ ਆਨਰੇਬਲ ਮੈਂਬਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਸ ਦਾ ਕੀ ਬਣਿਆ ?

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਹੁਣੇ ਸਰਦਾਰ ਰਾਜਾ ਸਿੰਘ ਨੇ ਖਰੜ ਦੇ ਥਾਣਿਆਂ ਬਾਰੇ ਵਿਚ ਅਰਜ਼ ਕੀਤੀ ਹੈ ਕਿ ਉਥੇ ਦੇ ਥਾਣੇਦਾਰ ਹਜ਼ਾਰਾਂ ਰੁਪਏ ਦੀ ਕੁਰੱਪਸ਼ਨ ਕਰਦੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਸਦਰ ਪਟਿਆਲਾ ਦੇ ਥਾਣੇ ਵਿਚ ਉਹ ਅਫ਼ਸਰ ਲਾਏ ਜਾਂਦੇ ਹਨ ਜਿਹੜੇ ਅਫ਼ਸਰਾਂ ਦੇ ਮਨਜ਼ੂਰੇ ਨਜ਼ਰ ਹਨ ਅਤੇ ਉਹ ਲੋਕ ਮਾੜੇ ਮੋਟੇ ਐਮ. ਐਲ. ਏ. ਦੀ ਗੱਲ ਤੱਕ ਹੀ ਨਹੀਂ ਸੁਣਦੇ ਅਤੇ ਕੋਈ ਪ੍ਰਵਾਹ ਨਹੀਂ ਕਰਦੇ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜੇ ਅਫ਼ਸਰ ਉਨ੍ਹਾਂ ਦਾ ਨਾਂ ਲੈ ਕੇ ਇਹੋ ਜਿਹੇ ਕੁਰੱਪਸ਼ਨ ਦੇ ਕੰਮ ਕਰਦੇ ਹਨ ਕੰਮ ਸੇ ਕੰਮ ਉਨ੍ਹਾਂ ਦਾ ਜ਼ਰੂਰ ਧਿਆਨ ਰਖਿਆ ਜਾਏ ਅਤੇ ਉਨ੍ਹਾਂ ਦੀ ਇਨਕੁਆਰੀ ਕੀਤੀ ਜਾਵੇ ਅਤੇ ਐਕਸ਼ਨ ਲਿਆ ਜਾਵੇ ।

ਹੁਣ ਮੈਂ ਭਰਿਸ਼ਟਾਚਾਰ ਦੀ ਗੱਲ ਕਰਦਾ ਹਾਂ ਕਿ ਇਹ ਜਿਹੜੀ ਭਰਿਸ਼ਟਾਚਾਰ ਦੀ ਬੀਮਾਰੀ ਹੈ ਇਸ ਨੂੰ ਪੰਜਾਬ ਵਿਚੋਂ ਖਤਮ ਕਰਨਾ ਚਾਹੀਦਾ ਹੈ । ਹੁਣੇ ਇਥੇ ਜਿਸ ਤਰ੍ਹਾਂ ਸਰਦਾਰ ਰਾਜਾ ਸਿੰਘ ਨੇ ਕਿਹਾ ਕਿ ਖਰੜ ਵਿਚ ਕਿਸੇ ਨੂੰ ਬਹੁਤ ਬੁਰੀ ਤਰ੍ਹਾਂ ਕੁਟਿਆ ਗਿਆ, ਪਰ ਅਜੇ ਤੱਕ ਪਤਾ ਨਹੀਂ ਲਗ ਸਕਿਆ ਉਸ ਆਦਮੀ ਦੇ ਬਾਰੇ ਜਿਸ ਨੇ ਇਹ ਹਰਕਤ ਕੀਤੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਵੱਧ ਵਾਰਦਾਤਾਂ ਸੰਗਰੂਰ, ਮਾਨਸਾ ਅਤੇ ਬਠਿੰਡਾ ਆਦਿ ਵਿਚ ਹੁੰਦੀਆਂ ਹਨ ਨਕਸਲਬਾੜੀ ਰੌਲੇ ਆਦਿ ਕਰਦੇ । ਪਰ ਉਥੋਂ ਦੇ ਜਿਹੜੇ

[ਸਰਦਾਰ ਦਲੀਪ ਸਿੰਘ ਪਾਂਧੀ]

ਅਫ਼ਸਰ ਹਨ ਖਾਸ ਤੌਰ ਤੇ ਜਿਹੜੇ ਪੁਲੀਸ ਅਫਸਰ ਹਨ ਉਹ, ਜਿਹੜੀ ਪੰਥ ਦੇ ਹੱਥ ਵਿਚ ਤਾਕਤ ਆਈ ਹੈ, ਮੈਂ ਸਮਝਦਾ ਹਾਂ ਕਿ ਉਹ ਪੰਥ ਨੂੰ ਬਦਨਾਮ ਕਰਨ ਲਈ ਇਹ ਸਾਰੀਆਂ ਗੱਲਾਂ ਕਰਾਉਂਦੇ ਹਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਅਜਿਹੇ ਕਾਰਨਾਮਿਆਂ ਕਰਕੇ ਪੰਜਾਬ ਸਰਕਾਰ ਦੀ ਹੀ ਬਦਨਾਮੀ ਹੁੰਦੀ ਹੈ । ਮੈਂ ਸਮਝਦਾ ਹਾਂ ਕਿ ਇਸ ਕੁਰੱਪਸ਼ਨ ਨੂੰ ਖ਼ਤਮ ਕਰਨ ਦੇ ਵਾਸਤੇ ਉਨ੍ਹਾਂ ਸਾਰੇ ਅਫ਼ਸਰਾਂ ਨੂੰ ਇਕੱਠਾ ਕਰਕੇ ਆਨੰਦਪੁਰ ਸਾਹਿਬ ਵਿਚ ਜਾ ਕੇ ਉਨ੍ਹਾਂ ਤੋਂ ਸਹੁੰ ਚੁਕਾਉਣੀ ਚਾਹੀਦੀ ਹੈ ਕਿ ਪਹਿਲੋਂ ਜਿਹੜਾ ਕੁਝ ਉਨ੍ਹਾਂ ਨੇ ਕੀਤਾ ਸਭ ਗੁਨਾਹ ਮਾਫ਼ ਅਤੇ ਅਗੇ ਨੂੰ ਉਨ੍ਹਾਂ ਤੋਂ ਹਲਫ਼ ਲੈ ਜਾਣ ਕਿ ਉਹ ਪੰਜਾਬ ਦੀ ਸੇਵਾ ਕਰਨਗੇ ਅਤੇ ਕਿਸੇ ਕਿਸਮ ਦੀ ਕੁਰੱਪਸ਼ਨ ਵਿਚ ਆਪਣਾ ਕੋਈ ਹਿੱਸਾ ਨਹੀਂ ਪਾਉਣਗੇ । ਜੇ ਕਰ ਇਸ ਤਰ੍ਹਾਂ ਕਰ ਦਿੱਤਾ ਜਾਏ ਤਾਂ ਪੰਜਾਬ ਦੇ ਹਾਲਾਤ ਚੰਗੇ ਹੋ ਸਕਦੇ ਹਨ ਅਤੇ ਜੇ ਕਰ ਫਿਰ ਭੀ ਉਹ ਆਪਣਾ ਕੁਰੱਪਟ ਵਤੀਰਾ ਨਾ ਬਦਲਣ ਤਾਂ ਗੌਰਮੈਂਟ ਨੂੰ ਉਨ੍ਹਾਂ ਦੇ ਖਿਲਾਫ਼ ਵੱਧ ਤੋਂ ਵੱਧ ਐਕਸ਼ਨ ਲੈਣਾ ਚਾਹੀਦਾ ਹੈ ।

ਅਸੀਂ ਅਗੇ ਵੀ ਜਿਹੜੇ ਬਜਟ ਪੇਸ਼ ਹੁੰਦੇ ਸਨ ਉਹ ਵੇਖੇ ਹਨ । ਅਸੀਂ ਵੇਖਦੇ ਹੁੰਦੇ ਸੀ ਕਿ ਬਜਟ ਸੈਸ਼ਨ ਦੇ ਦਿਨਾਂ ਵਿਚ ਕਿਸ ਤਰ੍ਹਾਂ ਐਮ. ਐਲ. ਏਜ਼. ਦੇ ਹੋਸਟਲਾਂ ਵਿਚ ਕਿਸ ਤਰ੍ਹਾਂ ਲੋਕਾਂ ਦਾ ਜਮਘਟਾ ਲਗਿਆ ਰਹਿੰਦਾ ਸੀ ਅਤੇ ਨਾਲ ਹੀ ਅਸੈਂਬਲੀ ਹਾਲ ਦੇ ਅਗੇ ਕਿਸ ਤਰ੍ਹਾਂ ਲੋਕਾਂ ਦੀਆਂ ਕਤਾਰਾਂ ਲਗੀਆਂ ਹੁੰਦੀਆਂ ਸਨ । ਲੋਕੀਂ ਆਪਣਾ ਕੰਮ ਕਰਾਉਣ ਲਈ ਕਿਸ ਤਰ੍ਹਾਂ ਐਮ.ਐਲ.ਏਜ਼. ਦੇ ਮਗਰ ਮਗਰ ਭੱਜੇ ਰਹਿੰਦੇ ਸੀ ਭਾਵੇਂ ਕੋਈ ਟਰਾਂਸਫ਼ਰ ਦਾ ਕੰਮ ਹੁੰਦਾ ਸੀ ਜਾਂ ਕੋਈ ਦੂਸਰਾ, ਬਿਨਾ ਕੁਰਪਸ਼ਨ ਦਿੱਤੇ ਕੋਈ ਕੰਮ ਹੀ ਨਹੀਂ ਹੁੰਦਾ ਸੀ । ਕਿਨਾ ਬੁਰਾ ਰਿਵਾਜ਼ ਸੀ ਉਹ ਅਤੇ ਕਿਨੇ ਲੋਕਾਂ ਦਾ ਉਸ ਨਾਲ ਨੁਕਸਾਨ ਹੁੰਦਾ ਸੀ । ਅੱਜ ਵੇਖੋ ਕਿ ਲੋਕਾਂ ਨੂੰ ਇਥੇ ਆਉਣ ਦੀ ਲੋੜ ਹੀ ਨਹੀਂ ਪੈਂਦੀ ਅਤੇ ਹਰ ਇਕ ਦਾ ਕੰਮ ਆਪਣੇ ਆਪ ਹੀ ਡਿਸਟਰਿਕਟ ਲੈਵਲ ਤੇ, ਤਹਿਸੀਲ ਲੈਵਲ ਤੇ ਹੋ ਸਕਦਾ ਹੈ ਅਤੇ ਹੋ ਜਾਂਦਾ ਹੈ । ਅਤੇ ਇਸ ਲਈ ਇਹ ਸਰਕਾਰ ਲੋਕਾਂ ਵਿਚ ਪਾਪੂਲਰ ਹੋ ਗਈ ਹੈ ।

ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਪਾਪੂਲਰ ਸਰਕਾਰ ਦੇ ਜ਼ੋਰ ਸਾਇਆਂ ਕਿੰਨੀਆਂ ਸੜਕਾਂ ਬਣ ਰਹੀਆਂ ਹਨ ਅਤੇ ਕਿੰਨੇ ਬਿਜਲੀ ਦੇ ਕੰਮ ਹੋ ਰਹੇ ਹਨ ਅਤੇ ਡਰੇਨਾਂ ਖੋਦੀਆਂ ਜਾ ਰਹੀਆਂ ਹਨ ਅਤੇ ਕਿਸ ਤਰ੍ਹਾਂ ਐਡਮਨਿਸਟਰੇਸ਼ਨ ਵਿਚ ਸੁਧਾਰ ਕੀਤਾ ਜਾ ਰਿਹਾ ਹੈ, ਇਹ ਸਾਰੀਆਂ ਚੀਜ਼ਾਂ ਸ਼ਲਾਘਾਯੋਗ ਹਨ । (ਵਿਘਨ)

ਡਾਕਟਰ ਸਾਧੂ ਰਾਮ (ਫ਼ਗਵਾੜਾ ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਅੱਜ ਕੁਝ ਡਿਮਾਂਡਾਂ ਤੇ ਇਥੇ ਬਹਿਸ ਹੋ ਰਹੀ ਹੈ ਮੈਂ ਉਨ੍ਹਾਂ ਤੇ ਕੁਝ ਬੋਲਣ ਲਈ ਖੜਾ ਹੋਇਆ ਹਾਂ । ਮੈਂ ਅਰਜ਼ ਕਰਾਂ ਕਿ ਇਹ ਠੀਕ ਹੈ ਕਿ ਮੇਰੇ ਦੋਸਤ ਨੇ ਬੜੀ ਚੰਗੀ ਤਰ੍ਹਾਂ ਬੋਲਿਆਂ ਹੈ । ਸਰਕਾਰ ਦਾ ਨਸ਼ਾ ਹੁੰਦਾ ਹੈ, ਪਰ ਇਹ ਥੋੜੀ ਦੇਰ ਹੀ ਚਲ ਸਕਦਾ ਹੈ। ਮੈਂ ਤਾਂ ਇਹੀ ਕਹਿੰਦਾ ਹਾਂ ਕਿ ਅਜ-ਕਲ ਹਰੀਜਨ ਅਤੇ ਛੋਟਾ ਕਿਸਾਨ ਪਿਸ ਰਹੇ ਹਨ । ਚੌਧਰੀ ਸਾਹਿਬ ਨੇ ਜੋ ਕੁਝ ਕਿਹਾ ਹੈ ਉਹ ਠੀਕ ਹੈ । ਮੈਂ ਨਵੀਂ ਗਲ ਦਸਦਾ ਹਾਂ ਕਿ ਅੱਜ ਕਲ ਇਸ ਤਰ੍ਹਾਂ ਹੁੰਦਾ ਹੈ ਕਿ ਇਕ ਬੰਦਾ ਜਿਹੜਾ ਲਾਠੀਆਂ ਮਾਰਦਾ ਹੈ ਉਸ ਨੂੰ ਤਾਂ ਕੁਝ ਨਹੀਂ ਕਿਹਾ ਜਾਂਦਾ. ਦੂਸਰੇ ਬੰਦੇ ਨੂੰ ਅੰਦਰ ਕਰ ਦਿੱਤਾ ਜਾਂਦਾ ਹੈ । ਜਿਹੜੇ ਵੀ ਹਰੀਜਨ ਹਨ,

ਛੋਟੇ ਕਿਸਾਨ ਹਨ, ਮਜ਼ਦੂਰ ਗਰੀਬ ਹਨ ਉਹ ਇਸ ਰਾਜ ਵਿੱਚ ਬਹੁਤ ਬੁਰੀ ਤਰ੍ਹਾਂ ਪਿਸ ਰਹੇ ਹਨ ।

ਮੈਂ ਇਕ ਗੱਲ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਟਰਾਂਸਪੋਰਟ ਦੇ ਸਿਲਸਲੇ ਵਿਚ ਇਨ੍ਹਾਂ ਨੇ ਬੜੀਆਂ ਡੀਂਗਾਂ ਮਾਰੀਆਂ ਟਰਾਂਸਪੋਰਟ ਦੀਆਂ । ਮੈਂ ਕਹਿੰਦਾ ਹਾਂ ਕਿ ਜਿਹੜਾ ਹਮੇਸ਼ਾਂ ਬੱਸਾਂ ਵਿਚ ਸਫਰ ਕਰਦਾ ਹੈ ਉਸ ਨੂੰ ਪਤਾ ਹੁੰਦਾ ਕਿ ਕੀ ਤਕਲੀਫ ਹੁੰਦੀ ਹੈ ਕਿਸ ਤਰ੍ਹਾਂ ਲਾਈਨ ਵਿਚ ਖੜ ਕੇ ਟਿਕਟ ਲੈਣਾ ਪੈਂਦਾ ਹੈ ? ਜਿਹੜੇ ਕਾਰਾਂ ਵਿਚ ਸਫਰ ਕਰਦੇ ਹਨ ਉਨ੍ਹਾਂ ਨੂੰ ਇਨ੍ਹਾਂ ਗੱਲਾ ਦਾ ਕੀ ਪਤਾ ਹੋ ਸਕਦਾ ਹੈ ? ਮੇਰੇ ਦੋਸਤ ਨਵੇਂ ਨਵੇਂ ਅਸੈਂਬਲੀ ਵਿਚ ਆਏ ਹਨ ਇਨ੍ਹਾਂ ਨੂੰ ਕੀ ਪਤਾ, ਇਨ੍ਹਾਂ ਨੂੰ ਵੀ ਜਦੋਂ ਸੱਟਾਂ ਲਗਣਗੀਆਂ ਪਤਾ ਲਗ ਜਾਵੇਗਾ (ਵਿਘਨ) ਕੱਲ ਇਨ੍ਹਾਂ ਨੇ ਵਾਕ ਆਊਟ ਕੀਤਾ ਅਸੀਂ ਉਨ੍ਹਾਂ ਦੇ ਮਗਰ ਤੁਰ ਪਏ ਅਤੇ ਜੇ ਹਰੀਜਨਾਂ ਦੀ ਭਲਾਈ ਵਾਸਤੇ ਕੱਲ ਨੂੰ ਅਗਰ ਇਹ ਫਿਰ ਕੋਈ ਇਸ ਤਰ੍ਹਾਂ ਦੀ ਗਲ ਕਰਨਗੇ ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਅਸੀਂ ਫਿਰ ਇਨ੍ਹਾਂ ਦੇ ਮਗਰ ਤੁਰ ਪਵਾਂਗੇ । (ਵਿਘਨ)

ਪਲਿਸ ਦੀ ਗਲ ਚਲ ਰਹੀ ਹੈ, ਮੈਂ ਅਰਜ਼ ਕਰਾਂ ਕਿ ਸਰਦਾਰ ਦਰਸ਼ਨ ਸਿੰਘ ਐਸ.ਐਚ.ਓ. ਲੁਧਿਆਣਾ ਦੇ ਇੰਡਸਟਰੀਅਲ ਏਰੀਆ ਵਿਚ ਲਗਾ ਹੋਇਆ ਹੈ । ਉਹ ਫਗਵਾੜਿਓਂ 5 ਹਜ਼ਾਰ ਰੁਪਏ ਲੈ ਆਇਆ । ਅਸੀਂ ਆਈ. ਜੀ., ਸਾਹਿਬ ਨੂੰ ਲਿਖ ਕੇ ਦਿੱਤਾ ਡਿਪਟੀ ਕਮਿਸ਼ਨਰ ਸਾਹਿਬ ਨੂੰ ਲਿਖ ਕੇ ਦਿੱਤਾ ਅਸੀਂ ਹਰ ਜਗ੍ਹਾ ਅਰਜ਼ੀਆਂ ਦਿੱਤੀਆਂ ਪਰ ਉਸ ਦਾ ਹਾਲੇ ਤੱਕ ਕੁਝ ਨਹੀ ਬਣਿਆ । ਸਰਮਾਏਦਾਰ ਕਿਧਰ ਜਾਏ, ਇੰਡਸਟਰੀਅਲਿਸਟ ਕਿਧਰ ਜਾਏ, ਗਰੀਬ ਆਦਮੀ ਕਿਥੇ ਜਾਏ, ਸਾਨੂੰ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਦਾ ਪਰੋਗਰਾਮ ਕੀ ਹੈ ਅਤੇ ਇਹ ਕਰਨਾ ਕੀ ਚਾਹੁੰਦੇ ਹਨ । ਅਸੀਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ੀਆਂ ਦਿੱਤੀਆਂ ਪਰ ਕੋਈ ਅਸਰ ਨਹੀਂ, ਉਹ ਅਰਜ਼ੀ ਉਨ੍ਹਾਂ ਦੀ ਮੇਜ਼ ਤੇ ਪਈ ਹੋਈ ਹੈ । (ਵਿਘਨ) ਇਸ ਤੋਂ ਇਲਾਵਾ ਮੇਰੇ ਹਲਕੇ ਦੇ ਵਿਚ ਸਰਦਾਰ ਹਰਜੀਤ ਸਿੰਘ ਐਸ. ਐਚ. ਓ. ਲਗਿਆ ਹੋਇਆ ਹੈ, ਉਹ ਬੜਾ ਹੀ ਕੁਰੱਪਟ ਆਦਮੀ ਹੈ । ਉਸ ਨੇ ਰੇਡ ਕੀਤੀ ਅਤੇ ਇਕ ਅਕਾਲੀ ਜੱਥੇਦਾਰ ਨੂੰ ਫੜਿਆ ਅਤੇ ਉਸ ਦੀਆਂ ਮੁੱਛਾਂ ਪੁਟੀਆਂ ਗਈਆਂ । ਉਸ ਦੇ ਗੁਪਤ ਅੰਗ ਦੇ ਵਾਲ ਮੋਮਬਤੀ ਜਲਾ ਕੇ ਉੜਾਏ ਗਏ । ਉਸ ਦਾ ਡਾਕਟਰੀ ਮੁਆਇਨਾ ਹੋਇਆ ਅਤੇ ਉਸ ਦੇ ਵਿਚ ਇਹ ਚੀਜ਼ ਪਰੂਵ ਹੋ ਗਈ ਅਤੇ ਅਸੀਂ ਉਹ ਡਾਕਟਰੀ ਸਰਟੀਫੀਕੇਟ ਚੀਫ ਮਨਿਸਟਰ ਸਾਹਿਬ ਦੇ ਕੋਲ ਭਿਜਵਾ ਦਿੱਤਾ ਅਤੇ ਉਹ ਉਨ੍ਹਾਂ ਕੋਲ ਪਹੁੰਚ ਗਿਆ ਹੈ ਪਰ ਹਾਲੇ ਤੱਕ ਕੋਈ ਸੁਣਵਾਈ ਨਹੀਂ ਹੋਈ । ਮੈਂ ਕਹਿੰਦਾ ਹਾਂ ਕਿ ਤੁਸੀਂ ਇਨਕੁਆਇਰੀ ਕਰਾਉ ਜੇ ਕਰ ਅਸੀਂ ਝੂਠੇ ਹੋਵਾਂਗੇ ਤਾਂ ਸਾਨੂੰ 182 ਦੇ ਤਹਿਤ ਅੰਦਰ ਕਰ ਦਿਉ ਅਤੇ ਆਪੇ ਕੋਰਟ ਫੈਸਲਾ ਕਰੇਗੀ । ਜਿਹੜਾ ਗਲਤ ਹੋਵੇਗਾ ਉਸ ਨੂੰ ਸਜ਼ਾ ਹੋ ਜਾਵੇਗੀ । ਮੈਂ ਅਰਜ਼ ਕਰਾਂ ਕਿ ਉਸ ਸਰਦਾਰ ਹਰਜੀਤ ਸਿੰਘ ਨੇ ਦੋ ਔਰਤਾਂ ਨਾਲ ਸ਼ਾਦੀ ਕਰ ਰੱਖੀ ਹੈ । ਪੁਲੀਸ ਰੂਲਜ਼ ਦੇ ਮੁਤਾਬਕ ਉਹ ਦੋ ਸ਼ਾਦੀਆਂ ਨਹੀਂ ਕਰ ਸਕਦਾ । ਅਸੀਂ ਐਫੀਡੇਵਿਟ ਦਿੱਤੇ ਹੋਏ ਹਨ ਉਨ੍ਹਾਂ ਦੀਆਂ ਲੜਕੀਆਂ ਅਤੇ ਲੜਕਿਆਂ ਦੇ ਨਾਮ ਦਿੱਤੇ ਹੋਏ ਹਨ, ਪਰ ਕੋਈ ਸੁਣਵਾਈ ਨਹੀਂ ਹੁੰਦੀ । ਇਸ ਪੰਜਾਬ ਵਿਚ ਰਹਿਣਾ ਦੂਭਰ ਹੋ ਗਿਆ ਹੈ । ਐਸੀ ਹਾਲਤ ਹੈ ਇਥੇ ਲਾਅ ਐਂਡ ਆਰਡਰ ਦੀ ਮੈਂ ਕਹਿੰਦਾ ਹਾਂ ਕਿ ਉਹ ਵੀ ਚੀਫ ਮਨਿਸਟਰ ਦੀ ਮੇਜ਼ ਤੇ ਪਈ ਹੋਈ ਹੈ ਅਤੇ ਕੋਈ ਸੁਣਵਾਈ ਹੀ ਨਹੀਂ ਹੁੰਦੀ ।

[ਡਾਕਟਰ ਸਾਧੂ ਰਾਮ]

ਇਸ ਤੋਂ ਬਾਅਦ ਮੇਰੇ ਪੈਪਸੂ ਦੇ ਏਰੀਆ ਵਿਚ ਕੋਈ ਗੱਲ ਹੋਈ ਅਤੇ ਕੁਝ ਆਦਮੀਆਂ ਨੇ ਇਕ ਮਿਲ ਮਾਲਕ ਤੇ ਹਮਲਾ ਕਰ ਦਿੱਤਾ। ਉਸ ਸਿਲਸਿਲੇ ਵਿਚ ਫੜਿਆ ਕਿਸ ਨੂੰ ਇਕ ਮਿਲ ਮਜ਼ਦੂਰ ਨੂੰ ਅਤੇ ਉਸ ਦੀ ਜ਼ਮਾਨਤ ਤੱਕ ਨਹੀਂ ਹੋਣ ਦਿਤੀ। ਫਿਰ 10 ਦਿਨਾਂ ਬਾਅਦ ਇਕ ਨਕਸਲਬਾੜੀ ਨੂੰ ਫੜਿਆ ਅਤੇ ਉਹ ਵੀ ਇਕ ਬੰਦਾ ਫੜਿਆ ਗਿਆ। ਮੈਂ ਕਹਿੰਦਾ ਹਾਂ ਕਿ ਜੇ ਕਰ ਇਸ ਵਿਚ ਕੋਈ ਪੁਲੀਸ ਦਾ ਹੱਥ ਨਾ ਹੋਵੇ ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ।

ਇਕ ਗੁਰੂ ਨਾਨਕ ਅਲੈਕਟਰੋ ਮਕੈਨਿਕਲ ਵਰਕਸ ਇੰਡਸਟਰੀ ਹੈ ਜਿਹੜੀ ਸਵਿੱਚ ਅਤੇ ਹੋਲਡਰ ਤਿਆਰ ਕਰਦੀ ਹੈ। ਉਸ ਦੇ ਘਰ ਅਗੇ 13 ਤਾਰੀਖ ਨੂੰ ਚਾਰ ਪੰਜ ਆਦਮੀ ਆਏ ਉਹਨਾਂ ਦੇ ਪਾਸ ਪੈਟਰੌਲ ਦੇ 2 ਟੀਨ ਸਨ ਨਾਲੇ ਉਨ੍ਹਾਂ ਪਾਸ revolver ਅਤੇ ਬੰਦੂਕ ਸੀ ਤੇ ਉਨ੍ਹਾਂ ਨੇ fire ਵੀ ਕੀਤਾ, ਪਰ ਉਸ ਵਕਤ ਹੋਰ ਟਰੱਕ ਵਾਲੇ ਆ ਗਏ ਅਤੇ ਉਹ ਬੱਚ ਗਿਆ ਨਹੀਂ ਤਾਂ ਉਨ੍ਹਾਂ ਦੀ ਜਾਨ ਅਤੇ ਮਾਲ ਨੂੰ ਖਤਰਾ ਸੀ। ਇਸ ਤਰ੍ਹਾਂ ਗੋਲੀਆਂ ਮਾਰ ਕੇ ਇੰਡਸਟਰੀ ਨਹੀਂ ਖੋਈ ਜਾਂਦੀ।

ਇਸ ਤੋਂ ਬਾਅਦ ਮੈਂ ਇਥੇ ਕਾਲ ਐਟੇਨਸ਼ਨ ਮੋਸ਼ਨ ਦਿੱਤੀ ਮੇਰੀ ਔਰਤ ਨੂੰ ਖੂਹ ਤੇ ਬੁਲਾਇਆ ਗਿਆ। ਮੈਂ ਕਹਿੰਦਾ ਹਾਂ ਕਿ ਕੋਈ ਆਪਣੀ ਔਰਤ ਦੇ ਬਾਰੇ ਵੀ ਗਲਤ ਗੱਲ ਕਹਿ ਸਕਦਾ ਹੈ। ਇਹ ਕਹਿੰਦੇ ਹਨ ਕਿ ਲਾਅ ਐਂਡ ਆਰਡਰ ਦੀ ਹਾਲਤ ਠੀਕ ਹੈ, ਮੈਂ ਕਹਿੰਦਾ ਹਾਂ ਕਿ ਇਹ ਦੱਸਣ ਤਾਂ ਸਹੀ ਕਿ ਕਿਥੇ ਠੀਕ ਹੈ......

(Mr. Speaker in the Chair)

ਸਪੀਕਰ ਸਾਹਿਬ, ਇਕ ਮਾਮਲੇ ਬਾਰੇ ਮੇਰੀ ਕਾਲ ਅਟੈਨਸ਼ਨ ਮੋਸ਼ਨ ਵੀ ਸੀ। ਉਸ ਕੇਸ ਵਿਚ ਗਵਾਹੀਆਂ ਵੀ ਹੋਈਆਂ। ਮੇਰੀ ਘਰ ਵਾਲੀ ਬਾਰੇ ਲਿਖ ਦਿੱਤਾ ਗਿਆ, ਬਿਨਾਂ ਉਸ ਤੋਂ ਪੁਛੇ, ਕਿ ਇਹ ਔਰਤ ਸ਼ਰਾਬ ਦੀ ਸਿਫ਼ਾਰਸ਼ ਕਰਨ ਗਈ ਸੀ। ਪੁਲਿਸ ਦਾ ਇਸ ਤਰ੍ਹਾਂ ਦੀ ਗੱਲਾਂ ਕਰਨਾ ਕਿ ਔਰਤਾਂ ਬਾਰੇ ਲਿਖ ਦੇਣਾ ਕਿ ਉਹ ਸ਼ਰਾਬ ਦੀ ਸਿਫ਼ਾਰਸ਼ ਕਰਨ ਗਈ ਸੀ, ਇਸ ਤੋਂ ਵਧ ਹਨੇਰ ਹੋਰ ਕੀ ਹੋ ਸਕਦਾ ਹੈ। ਪਰ ਨਹੀਂ ਐਡਮਨਿਸਟਰੇਸ਼ਨ ਬਹੁਤ ਚੰਗੀ ਹੈ, ਪੁਲਿਸ ਬਹੁਤ ਵਧੀਆ ਹੈ। ਪਰ ਇਨ੍ਹਾਂ ਨੂੰ ਤਾਂ ਟੋਕਰੀ ਦੀ ਥਾਂ ਖੱਡ ਵਿਚ ਪਾਉਣਾ ਚਾਹੀਦਾ ਹੈ ਇਹੋ ਜਿਹੀ ਸਰਕਾਰ ਨੂੰ। ਸਾਡਾ ਐਫੀਡੇਵਿਟ ਗਲਤ ਹੈ ਪਰ ਪੁਲਿਸ ਸੱਚੀ ਹੈ।

ਫਿਰ, ਸਪੀਕਰ ਸਾਹਿਬ, ਇਕ ਅਕਾਲੀ ਮੈਂਬਰ ਦੇ ਹਲਕੇ ਵਿਚ ਇਕ ਕਤਲ ਹੋਇਆ ਹੈ। ਥਾਣੇਦਾਰ ਕੁੰਦਨ ਸਿੰਘ ਨੇ ਇਕ ਤੋਂ 5000/- ਰੁ: ਅਤੇ ਦੂਜੇ ਤੋਂ 3000/- ਰੁ: ਲੈ ਲਿਆ। ਤਫ਼ਤੀਸ਼ ਨਹੀਂ ਕੀਤੀ। ਉਸ ਆਦਮੀ ਨੂੰ ਥਾਨੇ ਬੁਲਾ ਕੇ ਮਿਰਚਾਂ ਲਾਈਆਂ। ਜਿਸ ਦਾ ਬੱਚਾ ਮਰੇ ਉਸ ਨੂੰ ਦੁੱਖ ਤਾਂ ਹੋਣਾ ਹੀ ਹੈ, ਉਹ ਅਕਾਲੀ ਮੈਂਬਰ ਪਾਸ ਆਇਆ ਪਰ ਐਸ. ਐਚ. ਓ. ਨੇ ਪੈਸਾ ਖਾਧਾ ਹੋਇਆ ਸੀ, ਕੁਝ ਨਹੀਂ

ਬਣਿਆ। ਅਗਰ ਕੋਈ ਕਦੇ ਬਣ ਵੀ ਜਾਵੇ ਤਾਂ ਉਹ ਪੁਲਿਸ ਦੇ ਅਫ਼ਸਰ ਕੀ ਪਰਵਾਹ ਕਰਦੇ ਹਨ। ਉਹ ਕਹਿੰਦੇ ਹਨ ਕਿ ਚਲੋ 5000/- ਲਿਆ ਹੈ ਤਾਂ 10,000/- ਦੇ ਦਿਆਂਗੇ, ਫਿਰ ਕਮਾ ਲਵਾਂਗੇ। ਇਹ ਹਾਲਤ ਹੋ ਰਹੀ ਹੈ, ਉਹ ਕਹਿੰਦੇ ਹਨ ਕਿ ਸਾਨੂੰ ਕੌਣ ਪੁਛੇਗਾ ਕੋਈ ਜਾਵੇ ਤਾਂ ਕਿਥੇ ਜਾਵੇ। ਸ਼ਰਾਬ ਫੜਦੇ ਹਨ ਪਰ ਇਹ ਤਾਂ ਆਪ ਵੇਚਦੇ ਹਨ ਇਨਸਪੈਕਟਰ ਨੇ ਸ਼ਰਾਬ ਫੜੀ, ਉਸ ਨੇ ਦੋ ਬਲੈਡਰ, 36 ਬੋਤਲਾਂ ਆਪ ਲੈ ਲਈਆਂ, ਮੈਂ ਉਸ ਦੀ ਸ਼ਿਕਾਇਤ ਲਿਖੀ ਪਰ 10 ਦਿਨ ਮਗਰੋਂ ਪੁਛਿਆ ਤਾਂ ਕਹਿਣ ਲਗੇ ਸ਼ਰਾਬ ਤਾਂ ਹੈ ਹੀ ਨਹੀਂ ਸੀ। (ਵਿਘਨ) ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਤੁਸੀਂ ਸ਼ਰਾਬ ਪੀਣ ਵਾਲਿਆਂ ਨੂੰ ਤਾਂ ਫੜ ਲੈਂਦੇ ਹੋ ਜਿਸ ਦੇ ਪਊਆ ਸ਼ਰਾਬ ਹੁੰਦੀ ਹੈ ਉਸ ਨੂੰ ਤੁਸੀ ਫੜ ਕੇ ਅੰਦਰ ਕਰ ਦਿੰਦੇ ਹੋ ਪਰ ਜੋ ਬੋਤਲਾਂ ਦੀਆਂ ਬੋਤਲਾਂ ਵੇਚਦਾ ਹੈ ਉਸ ਨੂੰ ਕੁਝ ਨਹੀਂ ਕਹਿੰਦੇ।

ਸ਼੍ਰੀ ਸਪੀਕਰ : ਆਪ ਦੇ ਦੋ ਮਿੰਟ ਰਹਿ ਗਏ ਹਨ। (The hon. Member has got only two minutes more to speak.)

ਡਾਕਟਰ ਸਾਧੂ ਰਾਮ : ਸ਼ਰਾਬ ਵੇਚਣ ਵਾਲਿਆਂ ਨੂੰ ਪਕੜਿਆ ਨਹੀਂ ਜਾਂਦਾ। (ਵਿਘਨ) ਪਿੰਡ ਧਨਾਲ ਵਿਚ ਇਕ ਹਰੀਜ਼ਨ ਨੂੰ ਬਰਛਾ ਮਾਰ ਕੇ ਮਾਰ ਦਿੱਤਾ ਗਿਆ। ਪੁਲਿਸ ਨੇ ਡਾਕਟਰ ਨੂੰ ਰਿਪੋਰਟ ਲਈ ਵੀ ਨਹੀਂ ਬੁਲਾਇਆ। ਪੁਲਿਸ ਜੋ ਮਰਜ਼ੀ ਕਰਦੀ ਹੈ ਇਸੇ ਲਈ ਤਾਂ ਇਥੇ ਲਾਅ ਐਂਡ ਆਰਡਰ ਬਹੁਤ ਚੰਗਾ ਹੈ। ਇਹ ਆਪ ਹੀ ਇਸ ਦੀਆਂ ਧੱਜੀਆਂ ਉਡਾਉਂਦੇ ਚਲੇ ਜਾ ਰਹੇ ਹਨ। ਲੋਕ ਮਰ ਰਹੇ ਹਨ ਮਗਰ ਲਾਅ ਐਂਡ ਆਰਡਰ ਅੱਛਾ ਹੈ। ਫਿਰ ਇਹ ਸਾਡੇ ਜਨਸੰਘੀ ਭਰਾ ਇਨ੍ਹਾਂ ਦੀਆਂ ਗੱਲਾਂ ਦੇਖ ਕੇ ਕਿਉਂ ਨਹੀਂ ਬੋਲਦੇ। ਮੈਂ ਆਪ ਦੇ ਸਾਹਮਣੇ ਅੰਕੜੇ ਰੱਖਦਾ ਹਾਂ। ਇਸ ਵੇਲੇ ਪੰਜਾਬ ਵਿਚ 11 ਐਸ. ਪੀ. ਹਨ : 8 ਅਕਾਲੀ ਤੇ 3 ਹਿੰਦੂ। 88 ਡੀ. ਐਸ. ਪੀ. ਹਨ ਜਿਨਾਂ ਵਿਚੋਂ ਸਿਰਫ 11 ਹਿੰਦੂ ਹਨ। ਇਹ ਹਿੰਦੂ-ਸਿੱਖ ਏਕਤਾ ਬਹੁਤ ਚੰਗੀ ਹੈ। ਸਾਨੂੰ ਪਤਾ ਹੈ ਇਹ ਏਕਤਾ ਕਿਸ ਤਰ੍ਹਾਂ ਚਲ ਰਹੀ ਹੈ। ਫਿਰ ਡੀ. ਈ. ਓਜ਼ ਨੂੰ ਛਉ ਜਿਹੜੇ 500/- ਰੁਪਿਆ ਲੈ ਕੇ ਬਦਲੀਆਂ ਕਰਦੇ ਹਨ। ਇਹ 10 ਵਿਚੋਂ ਇਕ ਹਿੰਦੂ ਹੈ ਇਸ ਤਰ੍ਹਾਂ ਹਿੰਦੂ-ਸਿਖ ਏਕਤਾ ਚਲਦੀ ਹੈ। ਇਹ ਜਨਸੰਘੀ ਭਾਈ ਦਾਅਵੇ ਕਰਦੇ ਹਨ, ਨਾਰੇ ਮਾਰਦੇ ਹਨ। ਪਤਾ ਨਹੀਂ ਇਹ ਗੱਲਾਂ ਇਸ ਤਰ੍ਹਾਂ ਦੀਆਂ ਕਿਵੇਂ ਕਰਦੇ ਹਨ। ਫਿਰ ਇਹ ਫੰਕਸ਼ਨਜ਼ ਤੇ ਜਾਂਦੇ ਹਨ। ਇਨ੍ਹਾਂ ਦੇ ਕਾਰੀਆਕਰਤਾ ਇਕੱਠੇ ਹੋ ਜਾਂਦੇ ਹਨ ਅਤੇ ਫਿਰ ਚਲੇ ਜਾਂਦੇ ਹਨ ਸਲਾਹ ਕਰਕੇ। ਇਨ੍ਹਾਂ ਦੇ ਲਾਅ ਐਂਡ ਆਰਡਰ ਦਾ ਹਾਲ ਬਹੁਤ ਚੰਗਾ ਹੈ ਪਰ ਪਰਮਾਤਮਾ ਬਚਾਏ ਇਨ੍ਹਾਂ ਦੇ ਲਾਅ ਐਂਡ ਆਰਡਰ ਤੋਂ। ਜਾਂ ਵਾਹਿਗੁਰੂ ਬਚਾਏ ਜਾਂ ਅੱਲਾ ਬਚਾਏ ਇਨ੍ਹਾਂ ਦੇ ਲਾਅ ਐਂਡ ਆਰਡਰ ਤੋਂ, ਹੋਰ ਕੋਈ ਨਹੀਂ ਬਚਾ ਸਕਦਾ। (ਤਾੜੀਆਂ)

ਮੁੱਖ ਮੰਤਰੀ: (ਤਾੜੀਆਂ) ਸਪੀਕਰ ਸਾਹਿਬ, ਅੱਜ ਦੋ ਮੰਗਾਂ ਤੇ ਬਹਿਸ ਸੀ—ਐਡਮਨਿਸਟਰੇਸ਼ਨ ਦੀ ਅਤੇ ਪੁਲਿਸ ਦੀ। ਬਹੁਤ ਸਾਰੀਆਂ ਇਰੈਲੇਵੈਂਟ ਗੱਲਾਂ ਹੋਈਆਂ ਹਨ, ਪਰ ਮੈਨੂੰ ਕੋਈ ਇਤਰਾਜ਼ ਨਹੀਂ ਅਗਰ ਇਹ ਨਹਿਰਾਂ ਦਾ ਜ਼ਿਕਰ ਕਰਨ ਕੁਝ ਹੋਰ ਗੱਲਾਂ ਦਾ ਜ਼ਿਕਰ ਕਰਨ ਪਰ ਮੈਂ ਉਮੀਦ ਕਰਦਾ ਸੀ ਕਿ ਜੋ ਨੁਕਤਾਚੀਨੀ ਮੈਂਬਰ ਸਾਹਿਬਾਨ ਕਰਨਗੇ ਜਾਂ ਸੁਝਾ ਦੇਣਗੇ ਉਨ੍ਹਾਂ ਦਾ ਫਾਇਦਾ ਉਠਾ ਕੇ ਮੈਂ ਕੁਝ ਸੁਧਾਰ ਕਰ ਸਕਾਂਗਾ। ਪਰ ਇਨ੍ਹਾਂ ਨੇ ਇੰਡੀਵਿਜੁਅਲ ਕੇਸਿਜ਼

ਦਾ ਹੀ ਜ਼ਿਕਰ ਕੀਤਾ। ਕਹਿਣ ਲਗੇ ਫਲਾਨਾ ਥਾਨੇਦਾਰ 5000 ਰੁ. ਖਾ ਗਿਆ ਜਿਵੇਂ ਇਹ ਮੈਂਬਰ ਸਾਹਿਬ ਉਥੇ ਸਾਹਮਣੇ ਬੈਠੇ ਸਨ। ਇਸ ਤਰ੍ਹਾਂ ਦੀਆਂ ਗੱਲਾਂ, ਇੰਡੀਵਿਜੂਅਲ ਕੇਸਿਜ਼ ਤਾਂ ਹੁੰਦੇ ਹੀ ਰਹੇ ਹਨ। ਕਾਂਗਰਸ ਪਾਰਟੀ ਦੇ ਚੀਫ ਵ੍ਹਿਪ ਨੇ ਇਕ ਬੜੀ ਸਨਸਨੀ ਪੈਦਾ ਕਰਨ ਵਾਲੀ ਗੱਲ ਸੁਣਾਈ, ਮੈਨੂੰ ਤਾਂ ਫਿਕਰ ਹੀ ਹੋ ਗਿਆ ਇਨ੍ਹਾਂ ਦੀ ਗੱਲ ਸੁਣਦੇ ਹੋਏ ਕਿ ਪਤਾ ਨਹੀਂ ਕੀ ਹੋ ਗਿਆ ਹੈ। ਕਹਿਣ ਲਗੇ ਕਚਹਿਰੀ ਵਿਚ ਖੜੇ ਹੋ ਕੇ ਕਿਸੇ ਨੂੰ ਚਾਕੂ ਮਾਰਿਆ ਗਿਆ। ਇਸ ਲਈ ਕਹਿਣ ਲਗੇ ਲਾਅ ਐਂਡ ਆਰਡਰ ਤਾਂ ਖਤਮ ਹੋ ਗਿਆ ਹੈ। ਮੈਂ ਇਨ੍ਹਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਵਿਚ ਜੱਜ ਤੇ ਹਮਲਾ ਹੋ ਗਿਆ ਸੀ। ਇਹ ਤਾਂ ਚਾਕੂ ਨੂੰ ਰੋ ਰਹੇ ਹਨ। ਤਾਂ ਕੀ ਮੈਂ ਇਸ ਗੱਲ ਤੇ ਕਹਾਂ ਕਿ ਸੈਂਟਰ ਦਾ ਲਾਅ ਐਂਡ ਆਰਡਰ ਖਰਾਬ ਹੈ। ਨਹੀਂ ਕਹਾਂਗਾ। ਇਹ ਇੰਡੀਵਿਜੂਅਲ ਕੇਸਿਜ਼ ਹਨ। ਅਗਰ ਕੋਈ ਪਾਗਲ ਹੋ ਜਾਵੇ ਅਤੇ ਕੋਈ ਐਸੀ ਹਰਕਤ ਕਰੇ ਤਾਂ ਉਸ ਨੂੰ ਪਾਗਲਖਾਨੇ ਭੇਜਿਆ ਜਾਵੇਗਾ, ਲਾਅ ਐਂਡ ਆਰਡਰ ਦਾ ਇਸ ਨਾਲ ਕੀ ਤੁਅੱਲਕ ਹੈ। ਇਹ ਆਈਸੋਲੇਟਿਡ ਕੇਸਿਜ਼ ਨੂੰ ਲੈਕੇ ਕਹਿੰਦੇ ਹਨ ਕਿ ਲਾਅ ਐਂਡ ਆਰਡਰ ਖਤਮ ਹੋ ਗਿਆ। ਮੈਂ ਕਹਿੰਦਾ ਹਾਂ ਕਿ ਅਗਰ ਉਸ ਨੇ ਚਾਕੂ ਨਾ ਮਾਰਿਆ ਹੁੰਦਾ ਤਾਂ ਇਨ੍ਹਾਂ ਦੀ ਵਕਾਲਤ ਕਿਵੇਂ ਚਲਦੀ। (ਹਾਸਾ) ਤੁਸੀਂ ਕੋਈ ਨੁਕਤਾਚੀਨੀ ਕਰੋਗੇ ਤਾਂ ਮੈਂ ਉਸ ਦੀ ਰੋਸ਼ਨੀ ਵਿਚ ਐਡਮਨਿਸਟਰੇਸ਼ਨ ਨੂੰ ਠੀਕ ਕਰਾਂਗਾ। ਪਰ ਜੋ ਇਨ੍ਹਾਂ ਨੇ ਆਈਸੋਲੇਟਿਡ ਕੇਸ ਦਸੇ ਉਨ੍ਹਾਂ ਦਾ ਜਵਾਬ ਦੇਣ ਦੀ ਲੋੜ ਨਹੀਂ। ਆਈਸੋਲੇਟਿਡ ਕੇਸਿਜ਼ ਨੂੰ ਕੋਟ ਕਰਨਾ ਗਲਤ ਗੱਲ ਹੈ। ਸਰਦਾਰ ਪਰਤਾਪ ਸਿੰਘ ਕੈਰੋਂ ਕਿੰਨਾ ਪਾਵਰਫੁਲ ਚੀਫ ਮਨਿਸਟਰ ਸੀ ਪਰ ਕਾਂਗਰਸ ਦੀ ਸਰਕਾਰ ਦੇ ਰਾਜ ਵਿਚ ਉਸ ਨੂੰ ਵਗਦੀ ਸੜਕ ਤੇ ਦਿਨ ਦਿਹਾੜੇ ਮਾਰ ਦਿੱਤਾ ਗਿਆ। ਕੀ ਕਹਾਂ ਕਿ ਲਾਅ ਐਂਡ ਆਰਡਰ ਬਹੁਤ ਖਰਾਬ ਹੋ ਗਿਆ ਸੀ। ਇਸੇ ਤਰ੍ਹਾਂ ਖੁਸ਼ਵੰਤ ਰਾਏ ਥਾਨੇਦਾਰ ਨੂੰ ....(ਵਿਘਨ) ਇਹ 5—6 ਘੰਟੇ ਬੋਲੇ ਹਨ ...(ਵਿਘਨ) ਮੈਂ 15—20 ਮਿੰਟ ਬੋਲਦਾ ਹੈ....(ਵਿਘਨ)।

ਸਰਦਾਰ ਬਚਨ ਸਿੰਘ ਪੱਖੋ : ** **

ਸ੍ਰੀ ਸਪੀਕਰ : ਇਹ ਜੋ ਕਹਿਣ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (Whatever the hon. Member says may not be recorded.) (*Interruption.*)

ਮੁੱਖ ਮੰਤਰੀ : ਮੈਂ ਹੋਰ ਕੇਸਿਜ਼ ਵਿਚ ਨਹੀਂ ਜਾਣਾ ਚਾਹੁੰਦਾ। ਸਪੀਕਰ ਸਾਹਿਬ, ਪੰਜਾਬੀ ਸੂਬਾ ਮੂਵਮੈਂਟ ਹੋਈ, ਮੈਨੂੰ ਖੁਸ਼ੀ ਹੈ ਕਿ ਸਰਦਾਰ ਉਮਰਾਓ ਸਿੰਘ ਉਸ ਵਿਚ ਕੈਦ ਹੋਏ, ਹੁਣ ਇਹ ਭਾਵੇਂ ਛੱਡ ਗਏ ਹਨ, ਭਗੌੜੇ ਹੋ ਗਏ ਹਨ। ਜਦੋਂ ਪੰਜਾਬੀ ਸੂਬਾ ਮੂਵਮੈਂਟ ਹੋਈ ਤਾਂ ਮੁਨਸ਼ੀ ਕਮੇਟੀ ਬਣੀ। ਜਿਸ ਦੇ ਚੇਅਰਮੈਨ ਸਵਤੰਤਰਾ ਪਾਰਟੀ ਦੇ ਲੀਡਰ ਸਨ ਅਤੇ ਜਿਸ ਵਿਚ ਹੋਰ ਨਾਥ ਪਾਈ ਜਿਹੇ, ਜੋ ਕਿ ਪਰਜਾ ਸੋਸ਼ਲਿਸਟ ਪਾਰਟੀ ਦੇ ਲੀਡਰ ਹਨ, ਇਸ ਕਮੇਟੀ ਦੇ ਮੈਂਬਰ ਸਨ। ਉਸ ਵਕਤ ਕਾਂਗਰਸ ਸਰਕਾਰ ਸੀ। ਜੋ ਲਾਅ ਐਂਡ ਆਰਡਰ ਦੀ ਮਿੱਟੀ ਪਲੀਦ ਉਦੋਂ ਹੋਈ ਹੈ ਉਹ ਸਭ ਨੂੰ ਪਤਾ ਹੈ। ਲਾ ਐਂਡ ਆਰਡਰ ਹੈ ਹੀ ਨਹੀਂ ਸੀ। ਇਕ ਮੁਲਜ਼ਮ ਪੇਸ਼ ਹੁੰਦਾ ਹੈ, ਉਸ ਲਈ ਵਕੀਲ ਮੁਕੱਰਰ ਕੀਤਾ ਜਾਂਦਾ ਹੈ ਉਸਨੂੰ ਡਿਫੈਂਡ ਕਰਨ ਲਈ, ਮਗਰ ਉਸ ਨੂੰ ਜਾਂਦੇ ਨੂੰ ਰਸਤੇ ਵਿਚ ਹੀ

**ਸਪੀਕਰ ਸਾਹਿਬ ਦੇ ਹੁਕਮ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।

ਪਕੜ ਲਿਆ ਜਾਂਦਾ ਹੈ। ਇਹ ਆਈਸੋਲੇਟਿਡ ਕੇਸ ਨਹੀਂ ਸੀ, ਦਰਜਨ ਵਕੀਲਾਂ ਨੂੰ ਇਸ ਤਰ੍ਹਾਂ ਪਕੜਿਆ। ਜੋ ਲਾਅ ਐਂਡ ਆਰਡਰ ਦੀ ਮਿੱਟੀ ਪਲੀਦ ਇਨ੍ਹਾਂ ਨੇ ਕੀਤੀ ਉਸ ਤੋਂ ਵੱਧ ਪਲੀਦ ਕੋਈ ਨਹੀਂ ਕਰ ਸਕਦਾ। ਮੁਨਸ਼ੀ ਕਮੇਟੀ, ਐਂਟੀ ਪੰਜਾਬੀ ਸੂਬਾ ਸੀ। ਪਰ ਜਿਹੜੇ ਹਾਲਾਤ ਉਨ੍ਹਾਂ ਵੇਖੇ ਉਨ੍ਹਾਂ ਨੇ ਉਸ ਦੀ ਰਿਪੋਰਟ ਦੇ ਦਿੱਤੀ ਜੇਕਰ ਤੁਸੀਂ ਰਿਪੋਰਟ ਪੜ੍ਹ ਕੇ ਵੇਖੋ ਤਾਂ ਰੌਂਗਟੇ ਖੜੇ ਹੋ ਜਾਂਦੇ ਹਨ।

ਇਥੇ, ਸਪੀਕਰ ਸਾਹਿਬ, ਪੁਲਿਸ ਤੇ ਨੁਕਤਾਚੀਨੀ ਕੀਤੀ ਗਈ। ਮੈਂ ਨਹੀਂ ਕਹਿੰਦਾ ਕਿ ਪੁਲਿਸ ਫ਼ਰਿਸ਼ਤਾ ਹੈ, ਮੈਂ ਨਹੀਂ ਕਹਿੰਦਾ ਕਿ ਕੁਰੱਪਸ਼ਨ ਨਹੀਂ ਹੋ ਸਕਦੀ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਾਹਮਣੇ ਦੋ ਤਿੰਨ ਮੂਵਮੈਂਟਾਂ ਨੇ ਜਿਨ੍ਹਾਂ ਵਿਚ ਇਸ ਪੁਲਿਸ ਨੇ ਕੰਮੈਂਡੇਬਲ ਕੰਮ ਕੀਤਾ ਹੈ। ਚੰਡੀਗੜ੍ਹ ਦੇ ਮਾਮਲੇ ਤੇ ਵੇਖ ਲਉ ਸਰਦਾਰ ਦਰਸ਼ਨ ਸਿੰਘ ਜੀ ਫੇਰੂਮਾਨ ਦੇ ਸਬੰਧ ਵਿਚ ਬੜੀਆਂ ਡਿਫ਼ਿਕਲਟ ਸਿਚੂਏਸ਼ਨਾਂ ਵਿਚੋਂ ਪੁਲਿਸ ਨੂੰ ਲੰਘਣਾ ਪਿਆ ਅਤੇ ਪੰਜਾਬ ਦੀ ਪੁਲਿਸ ਨੇ ਜਨਤਾ ਦੀ ਖ਼ਿਦਮਤ ਕੀਤੀ (ਵਿਘਨ) ਲਾ ਐਂਡ ਆਰਡਰ ਦੀਆਂ ਮੇਰੇ ਪਾਸ ਫ਼ਿਗਰਜ਼ ਮੌਜੂਦ ਹਨ ਕਿ ਕਿੰਨੀ ਦਫ਼ਾ ਫ਼ੌਜ ਲਾਅ ਐਂਡ ਆਰਡਰ ਲਈ ਬੁਲਾਣੀ ਪਈ। ਇਹ ਬਾਕੀ ਪ੍ਰਾਂਤਾਂ ਦੀਆਂ ਵੀ ਫ਼ਿਗਰਜ਼ ਮੇਰੇ ਪਾਸ ਹਨ ਕਿ ਉਨ੍ਹਾਂ ਨੇ ਕਿੰਨੀ ਵੇਰ ਫ਼ੌਜ ਨੂੰ ਬੁਲਾਇਆ। 1 ਅਪਰੈਲ, 1967 ਤੋਂ ਲੈ ਕੇ 7 ਮਾਰਚ, 1970 ਤਕ ਜਿੰਨੀ ਵੇਰ ਫ਼ੌਜ ਨੂੰ ਦੂਜੇ ਪ੍ਰਾਂਤਾਂ ਵਿਚ ਲਾਅ ਐਂਡ ਆਰਡਰ ਲਈ ਬੁਲਾਇਆ ਗਿਆ ਉਹ ਇਸ ਪਰਕਾਰ ਹੈ। ਵੈਸਟ ਬੰਗਾਲ ਵਿਚ 6 ਦਫ਼ਾ ਫ਼ੌਜ ਬੁਲਾਈ ਗਈ ਲਾਅ ਐਂਡ ਆਰਡਰ ਰਖਣ ਲਈ; ਮਧ ਪ੍ਰਦੇਸ਼ ਵਿਚ 4 ਵੇਰ; ਆਂਧਰਾ ਪ੍ਰਦੇਸ਼ ਵਿਚ 2 ਵੇਰ; ਜੰਮੂ ਅਤੇ ਕਸ਼ਮੀਰ ਵਿਚ 2 ਵੇਰ; ਮਹਾਰਾਸ਼ਟਰਾ ਵਿਚ 2 ਵੇਰ; ਮਨੀਪੁਰ ਵਿਚ 2 ਵੇਰ; ਯੂ. ਪੀ. ਵਿਚ 2 ਵੇਰ; ਰਾਜਿਸਥਾਨ ਵਿਚ 2 ਵੇਰ; ਬਿਹਾਰ ਵਿਚ 1 ਵੇਰ; ਦਿੱਲੀ ਵਿਚ 1 ਵੇਰ; ਗੁਜਰਾਤ ਵਿਚ 1 ਵੇਰ; ਹਰਿਆਣਾ ਵਿਚ 1 ਵੇਰ ਅਤੇ ਮਦਰਾਸ ਵਿਚ 1 ਵੇਰ ਅਤੇ ਇਸ ਵਿਚ ਪੰਜਾਬ ਦਾ ਨਾਂ ਤਕ ਨਹੀਂ ਆਇਆ ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਲਾ ਐਂਡ ਆਰਡਰ ਦੀ ਹਾਲਤ ਕਿਥੇ ਚੰਗੀ ਹੈ ਜੇਕਰ, ਜਿਸ ਤਰ੍ਹਾਂ ਮੇਰੇ ਵੀਰ ਕਹਿੰਦੇ ਨੇ ਕਿ ਇਥੇ ਲਾਅ ਐਂਡ ਆਰਡਰ ਦੀ ਹਾਲਤ ਚੰਗੀ ਨਹੀਂ, ਤਾਂ ਸੈਂਟਰ ਸਰਕਾਰ ਨੇ ਹੋਰਨਾਂ ਸੂਬਿਆਂ ਨੂੰ ਫ਼ੌਜ ਭੇਜੀ ਹੈ ਇਥੇ ਤਾਂ ਕਦੇ ਨਹੀਂ ਭੇਜੀ। ਖ਼ਤਰਾ ਤਾਂ ਇਨ੍ਹਾਂ ਦੇ ਕਹਿਣ ਦੇ ਮੁਤਾਬਿਕ ਪੰਜਾਬ ਨੂੰ ਸੀ ਤੇ ਫ਼ੌਜ ਹੋਰਨਾਂ ਸੂਬਿਆਂ ਵਿਚ ਭੇਜੀ ਗਈ। (ਪ੍ਰਸ਼ੰਸਾ) ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਗੁਮਰਾਹ ਹੋ ਚੁਕੇ ਹਨ ਪਤਾ ਨਹੀਂ ਕਿਸ ਕਰਕੇ ਅਤੇ ਕਹਿ ਦਿੱਤਾ ਹੈ ਕਿ ਇਥੇ ਲਾਅ ਐਂਡ ਆਰਡਰ ਖ਼ਰਾਬ ਹੈ। (ਕੈਪਟਨ ਸਾਹਿਬ ਵਲੋਂ ਵਿਘਨ) ਕਪਤਾਨ ਸਾਹਿਬ ਕਹਿੰਦੇ ਹਨ ਕਿ ਇਹ ਪੰਜਾਬੀਆਂ ਦੀ ਪੁਰਾਣੀ ਰਵਾਇਤ ਹੈ ਕਿ ਲਾਅ ਐਂਡ ਆਰਡਰ ਰਖਦੇ ਹਨ ਤਾਂ ਫਿਰ ਇਸ ਵਿਚ ਮਾੜੀ ਕਿਹੜੀ ਗੱਲ ਹੈ, ਇਹ ਤਾਂ ਚੰਗਾ ਹੀ ਹੋਇਆ ਕਿ ਉਹ ਆਪ ਮੰਨ ਗਏ ਹਨ ਕਿ ਲਾਅ ਐਂਡ ਆਰਡਰ ਦੀ ਹਾਲਤ ਚੰਗੀ ਹੈ। ਜਿਥੇ ਤਕ ਚੰਡੀਗੜ੍ਹ ਦੇ ਝਗੜੇ ਦੀ ਗੱਲ ਹੈ ਇਸ ਵਿਚ ਬਾਰਡਰ ਸਿਕਿਉਰੇਟੀ ਫੋਰਸ ਨੂੰ ਭੇਜਿਆ ਗਿਆ, ਸੈਂਟਰ ਦੀ ਸਰਕਾਰ ਨੇ ਭੇਜੀ, ਪਰ ਮੈਂ ਬਾਹਰ ਕੱਢ ਕੇ ਬਿਠਾ ਦਿੱਤੀ ਅਤੇ ਕਿਹਾ ਕਿ ਮੈਂ ਇਸ ਨੂੰ ਇਸਤੇਮਾਲ ਨਹੀਂ ਕਰਨਾ ਚਾਹੁੰਦਾ ਕਿਉਂਕਿ ਲਾਅ ਐਂਡ ਆਰਡਰ ਦੀ ਹਾਲਤ ਚੰਗੀ ਹੈ। (ਪ੍ਰਸ਼ੰਸਾ) ਬੀ.ਐਸ.ਐਫ. ਨੂੰ ਨਹੀਂ ਵਰਤਿਆ। ਅਤੇ ਚੰਡੀਗੜ੍ਹ ਲੈ ਲਿਆ।

ਮੁੱਖ ਮੰਤਰੀ]

(ਇਕ ਮਾਨਯੋਗ ਮੈਂਬਰ : ਜੇਕਰ ਚੰਡੀਗੜ੍ਹ ਨਾ ਮਿਲਦਾ ਤਾਂ) ਜੇਕਰ ਚੰਡੀਗੜ੍ਹ ਨਾ ਮਿਲਦਾ ਤਾਂ ਵੀ ਲਾ ਐਂਡ ਆਰਡਰ ਕਾਇਮ ਰਹਿਣਾ ਸੀ । ਤੁਸੀਂ ਤਾਂ ਜ਼ੋਰ ਲਾ ਲਿਆ ਕਿ ਚੰਡੀਗੜ੍ਹ ਨਾ ਮਿਲੇ (ਵਿਘਨ) (ਵਿਰੋਧੀ ਦਲ ਵਲੋਂ ਆਵਾਜ਼ਾਂ (ਗ਼ਲਤ, ਗ਼ਲਤ) ਅਸੀਂ ਫਿਰ ਵੀ ਸੂਬੇ ਦੀ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਠੀਕ ਹੀ ਰਖਣੀ ਸੀ । (ਵਿਘਨ) (ਸ਼ੋਰ)

Mr. Speaker: Order please.

ਮੁੱਖ ਮੰਤਰੀ: ਸਾਡੀ ਨੇਬਰਿੰਗ ਸਟੇਟ ਵਿਚ ਕੀ ਕੁਝ ਨਹੀਂ ਹੋਇਆ । ਤੁਹਾਨੂੰ ਪਤਾ ਹੀ ਕਿ ਲਾ ਐਂਡ ਆਰਡਰ ਦੀ ਹਾਲਤ ਕੀ ਰਹੀ । ਅੱਗਾਂ ਲਾਈਆਂ ਗਈਆਂ ਅਤੇ ਜਾਇਦਾਦ ਦਾ ਨੁਕਸਾਨ ਕੀਤਾ ਗਿਆ । ਉਨ੍ਹਾਂ ਨੂੰ ਗੋਲੀ ਚਲਾਣੀ ਪਈ ਅਤੇ ਫੌਜ ਬੁਲਾਣੀ ਪਈ ਪਰ ਇਥੇ ਕੋਈ ਫੌਜ ਦੀ ਲੋੜ ਨਾ ਪਈ ਅਤੇ ਨਾ ਹੀ ਅਮਨ ਨੂੰ ਭੰਗ ਹੋਣ ਦਿਤਾ ਗਿਆ ।

ਇਥੇ ਇਕ ਸੁਝਾਵ ਡਾਂਗ ਸਾਹਿਬ ਵਲੋਂ ਆਇਆ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਪੁਲਿਸ ਕਮਿਸ਼ਨ ਨੇ ਇਸ ਗੱਲ ਦੀ ਸਿਫਾਰਸ਼ ਕੀਤੀ ਸੀ ਕਿ ਪੁਲਿਸ ਅਫਸਰਾਂ ਲਈ ਇਕ ਸਕਰੀਨਿੰਗ ਬਾਡੀ ਬਣਾਨੀ ਚਾਹੀਦੀ ਹੈ । ਇਸ ਗੱਲ ਨੂੰ ਐਗਜ਼ਾਮਿਨ ਕੀਤਾ ਜਾ ਸਕਦਾ ਹੈ । ਮੈਂ ਸਮਝਦਾ ਸਾਂ ਕਿ ਇਸ ਤਰ੍ਹਾਂ ਦੇ ਸੁਝਾਵ ਮੈਂਬਰਾਂ ਵਲੋਂ ਆਉਣਗੇ ਜਿਨ੍ਹਾਂ ਦੀ ਲਾਈਟ ਵਿਚ ਪੁਲਿਸ ਐਡਮਨਿਸਟ੍ਰੇਸ਼ਨ ਨੂੰ ਬਿਹਤਰ ਬਣਾਇਆ ਜਾ ਸਕਦਾ ਸੀ ਪਰ ਕਿਸੇ ਨੇ ਇਸ ਤਰ੍ਹਾਂ ਦਾ ਚੰਗਾ ਸੁਝਾਵ ਨਹੀਂ ਲਿਆਂਦਾ । ਕੋਈ ਸ਼ਰਾਬ ਵਿਚ ਹੀ ਲਗੇ ਰਹੇ; ਕੋਈ ਕਿਸੇ ਥਾਨੇਦਾਰ ਤੇ ਵਰ੍ਹਦੇ ਰਹੇ; ਕਿਸੇ ਨੇ ਹੋਰ ਕਿਸੇ ਨੂੰ ਨਿੰਦ ਦਿਤਾ । ਇਹ ਜਿਹੜਾ ਸੁਝਾਵ ਡਾਂਗ ਸਾਹਿਬ ਵਲੋਂ ਆਇਆ ਹੈ ਇਸ ਨੂੰ ਜ਼ਰੂਰ ਐਗਜ਼ਾਮਿਨ ਕਰਾਂਗਾ ਅਤੇ ਦੇਖਾਂਗੇ ।

ਇਥੇ ਹੋਰ ਜ਼ਿਕਰ ਕੀਤਾ ਗਿਆ ਡਾਕਟਰ ਸਾਧੂ ਰਾਮ ਵਲੋਂ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਕਿਥੋਂ ਆਉਂਦੀ ਹੈ, ਇਹ ਸਾਡੇ ਤੁਹਾਡੇ ਵਿਚੋਂ ਹੀ ਹਨ । ਇਨ੍ਹਾਂ ਕਰਮਚਾਰੀਆਂ ਦਾ ਜ਼ਿਕਰ ਕਰਦਿਆਂ ਇਹ ਕਹਿ ਦਿੱਤਾ ਗਿਆ ਕਿ ਇਨ੍ਹਾਂ ਐਸ. ਪੀਜ਼ ਵਿਚ ਤਾਂ ਅੱਠ ਅਕਾਲੀ ਤੇ ਤਿੰਨ ਹਿੰਦੂ ਨੇ । ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੂੰ ਸਿਰਫ ਦੋ ਹੀ ਜਮਾਤਾਂ ਨਜ਼ਰ ਆਈਆਂ—ਅਕਾਲੀ ਤੇ ਹਿੰਦੂ ਅਤੇ ਇਨ੍ਹਾਂ ਨੇ ਹਰੀਜਨਾਂ ਨੂੰ ਵੀ ਵਿਚੋਂ ਕਢ ਦਿੱਤਾ । ਪਤਾ ਨਹੀਂ ਇਹ ਕਦ ਦੇ ਹਰੀਜਨਾਂ ਦੇ ਖੈਰਖਾਹ ਨਹੀਂ ਰਹੇ ਅਤੇ ਇਨ੍ਹਾਂ ਨੂੰ 8 ਅਕਾਲੀ ਤੇ ਤਿੰਨ ਹਿੰਦੂ ਅਫਸਰ ਹੀ ਨਜ਼ਰ ਆਏ । ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਮੇਰੇ ਵੇਲੇ ਤਾਂ ਭਰਤੀ ਨਹੀਂ ਸਨ ਕੀਤੇ ਗਏ । ਕਾਂਗਰਸ ਸਰਕਾਰ ਨੇ ਇਨ੍ਹਾਂ ਨੂੰ ਭਰਤੀ ਕੀਤਾ ਸੀ (ਪ੍ਰਸ਼ੰਸਾ) ਹੁਣ ਇਹ ਅਪਣੀਆਂ ਸੀਨੀਆਰੇਟੀਆਂ ਨਾਲ ਜੇਕਰ ਉਪਰ ਪੋਸਟਾਂ ਤੇ ਆ ਗਏ ਹਨ ਤਾਂ ਇਸ ਵਿਚ ਮੇਰਾ ਕੀ ਕਸੂਰ ਹੈ । ਹਰ ਇਕ ਦੀ ਸੀਨੀਆਰੇਟੀ ਨਾਲ ਪ੍ਰੋਮੋਸ਼ਨ ਵਿਚ ਵਾਰੀ ਆਉਂਦੀ ਹੈ । ਮੈਂ ਤਾਂ ਹੈਰਾਨ ਹਾਂ ਕਿ ਇਨ੍ਹਾਂ ਨੇ ਹਰੀਜਨਾਂ ਦਾ ਜ਼ਿਕਰ ਨਹੀਂ ਕੀਤਾ ਅਤੇ ਇਹ ਆਪ ਪਤਾ ਨਹੀਂ ਕਦ ਤੋਂ ਫਿਰਕਾਪ੍ਰਸਤ ਬਣ ਗਏ ਹਨ (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਇਨ੍ਹਾਂ ਨੇ ਕਿਹਾ ਸੀ ਕਿ ਅਫਸਰਾਂ ਵਿਚ ਹਰੀਜਨ ਕੋਈ ਨਹੀਂ (ਵਿਘਨ) ।

Mr. Speaker : Order please.

ਮੁੱਖ ਮੰਤਰੀ : ਕੇ. ਪੀ. ਸਾਹਿਬ ਤਾਂ ਪਿੰਡਾਂ ਦੇ ਨਾਮ ਹੀ ਦਸਣ ਵਿਚ ਰਹੇ । (ਹਾਸਾ)

ਇਕ ਗੱਲ ਦਾ ਜ਼ਿਕਰ ਡਾਕਟਰ ਸਾਧੂ ਰਾਮ ਜੀ ਨੇ ਕੀਤਾ ਅਤੇ ਮੈਨੂੰ ਦੁੱਖ ਹੋਇਆ ਸੁਣ ਕੇ ਕਿ ਇਨ੍ਹਾਂ ਦੀ ਘਰ ਵਾਲੀ ਦਾ ਜ਼ਿਕਰ ਆਇਆ । ਮੈਂ ਇਸ ਗੱਲ ਵਿਚ ਆਖਰ ਤਕ ਇਨਕੁਆਇਰੀ ਕਰਾਂਗਾ ਅਤੇ ਇਹ ਵੇਖਾਂਗਾ ਕਿ ਕੋਈ ਪੁਲਿਸ ਅਫਸਰ ਕੋਈ ਜ਼ਾਤੀ ਗੁੱਸਾ ਇਸ ਤਰ੍ਹਾਂ ਨਾ ਕੱਢੇ । ਮੈਂ ਇਸ ਗੱਲ ਦੀ ਇਨਕੁਆਇਰੀ ਕਰਾਂਗਾ ।

ਸਪੀਕਰ ਸਾਹਿਬ, ਇਥੇ ਇਨ੍ਹਾਂ ਨੇ ਆਮ ਸ਼ਿਕਾਇਤ ਪੁਲਿਸ ਦੇ ਖਿਲਾਫ ਕੀਤੀ ਪਰ ਮੈਂ ਕਹਿੰਦਾ ਹਾਂ ਕਿ ਉਹ ਫਰਿਸ਼ਤੇ ਨਹੀਂ ਅਤੇ ਕਿਤੇ ਹੋ ਸਕਦਾ ਹੈ ਕੋਈ ਇਕਾ ਦੁਕਾ ਕੇਸ ਹੋਵੇ ਜਿਸ ਨੂੰ ਵੇਖਿਆ ਜਾ ਸਕਦਾ ਹੈ । ਇਥੇ ਇਨ੍ਹਾਂ ਨੇ ਕੁਝ ਗੱਲਾਂ ਮੇਰੇ ਖਿਲਾਫ ਵੀ ਕੀਤੀਆਂ ਹਨ, ਮੈਂ ਉਨ੍ਹਾਂ ਵਿਚ ਬਹੁਤਾ ਨਹੀਂ ਜਾਣਾ ਚਾਹੁੰਦਾ । ਇਨ੍ਹਾਂ ਨੇ ਕਿਹਾ ਹੈ ਕਿ ਟ੍ਰਾਂਸਫਰਾਂ ਕੀਤੀਆਂ ਜਾਂਦੀਆਂ ਹਨ ਅਤੇ ਇਸ ਵਿਚ ਅਫਸਰਾਂ ਦਾ ਹੱਥ ਹੁੰਦਾ ਹੈ ਜਾਂ ਕੋਈ ਹੋਰ ਵਿਚਾਰ ਸਾਹਮਣੇ ਹੁੰਦਾ ਹੈ ਪਰ ਮੈਂ ਇਹ ਕਹਾਂਗਾ ਕਿ ਇਸ ਦੇ ਬਾਰੇ ਵਿਚ ਆਨਰੇਬਲ ਮੈਂਬਰ ਤੰਗ ਕਰਦੇ ਹਨ-ਇਸ ਨੂੰ ਬਦਲ ਦਿਉ, ਇਸ ਦੀ ਬਦਲੀ ਨੂੰ ਰੋਕ ਦਿਓ । (ਇਕ ਮਾਨਯੋਗ ਮੈਂਬਰ : ਉਸ ਮੈਂਬਰ ਦਾ ਨਾਂ ਦੱਸੋ) ਨਾਂ ਵੀ, ਅਗੇ ਤਾਂ ਨੋਟ ਨਹੀਂ ਕੀਤੇ, ਜੇਕਰ ਹੁਣ ਚਾਹੋ ਤਾਂ ਅੱਗੇ ਤੋਂ ਨੋਟ ਕਰ ਲਿਆ ਕਰਾਂਗਾ । ਕਿਸੇ ਅਫਸਰ ਨੂੰ ਤਰੱਕੀ ਦਿੱਤੀ ਜਾਂਦੀ ਹੈ ਤਾਂ ਮੈਰਿਟ ਤੇ ਅਤੇ ਜੇਕਰ ਇਸ ਦੇ ਉਲਟ ਕੋਈ ਗੱਲ ਆਣ ਕੇ ਕਹੇ ਤਾਂ ਚੰਗਾ ਨਹੀਂ ਲਗਦਾ । ਕੋਈ ਆ ਜਾਂਦਾ ਹੈ ਕਿ ਸੀ. ਐਮ. ਸਾਹਿਬ ਇਹ ਕੰਮ ਕਰ ਦਿਤੇ ਅਤੇ ਇਹ ਨਾ ਕਰੋ । ਇਸ ਤਰ੍ਹਾਂ ਦੀ ਇਨਟਰਫੀਅਰੰਸ ਨਹੀਂ ਹੋਣੀ ਚਾਹੀਦੀ। ਜੇਕਰ ਅਸੀਂ ਪਬਲਿਕ ਦਾ ਕੰਮ ਕਰਨਾ ਹੈ ਤਾਂ ਸਾਨੂੰ ਇਸ ਪੱਖ ਨੂੰ ਸੀਰੀਅਸਲੀ ਸੋਚਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਇਨਟਰਫੀਅਰੰਸ ਨਹੀਂ ਕਰਨੀ ਚਾਹੀਦੀ । ਮੈਂਬਰਾਂ ਵਲੋਂ ਇਸ ਤਰ੍ਹਾਂ ਸਿਫਾਰਸ਼ਾਂ ਦੀ ਭਰਮਾਰ ਨਹੀਂ ਹੋਣੀ ਚਾਹੀਦੀ।

ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਅਫਸਰ ਅਤੇ ਪੁਲਿਸ ਵਾਲੇ ਕੋਈ ਫਰਿਸ਼ਤੇ ਨਹੀਂ । ਤੁਹਾਡੇ ਸਾਡੇ ਵਰਗੇ ਹਨ ਅਤੇ ਉਨ੍ਹਾਂ ਦੀ ਰਿਕਰੂਟਮੈਂਟ ਸਾਡੇ ਤੁਹਾਡੇ ਵਿਚੋਂ ਹੋਈ ਹੈ । ਜੇਕਰ ਅਸੀਂ ਆਪ ਇਸ ਤਰ੍ਹਾਂ ਇਕ ਦੂਜੇ ਦੀਆਂ ਸਿਫਾਰਸ਼ਾਂ ਕਰਦੇ ਰਹਾਂਗੇ ਅਤੇ ਆਪਣੀ ਜ਼ਹਿਨੀਅਤ ਨੂੰ ਇਸ ਤਰ੍ਹਾਂ ਦੀ ਬਣਾ ਲਵਾਂਗੇ ਤਾਂ ਉਨ੍ਹਾਂ ਤੇ ਕੀ ਅਸਰ ਪਏਗਾ । ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਜ਼ਹਿਨੀਅਤਾਂ ਨੂੰ ਉਚਾ ਚੁਕੀਏ । ਜੇਕਰ ਆਪਣੀ ਸਾਡੀ ਜ਼ਹਿਨੀਅਤ ਠੀਕ ਨਹੀਂ ਹੋਵੇਗੀ ਤਾਂ ਉਨ੍ਹਾਂ ਤੇ ਨੁਕਤਾਚੀਨੀ ਵੀ ਠੀਕ ਨਹੀਂ ਹੋਵੇਗੀ । ਇਸ ਲਈ ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਉਹ ਇਕ ਲੈਜਿਸਲੇਟਰ ਦੇ ਤੌਰ ਤੇ ਕੰਮ ਕਰਨ ਅਤੇ ਇਸ ਤਰ੍ਹਾਂ ਦੀ ਮਿਸਾਲ ਕਾਇਮ ਕਰਨ ਜਿਸ ਨੂੰ ਦੂਜੇ ਫਾਲੋ ਕਰਨ ।

ਇਥੇ ਟਰਾਂਸਫਰਾਂ ਦੀ ਗੱਲ ਕੀਤੀ ਗਈ ਹੈ । ਮੈਂ ਇਸ ਗਲ ਨੂੰ ਮੰਨਦਾ ਹਾਂ ਕਿ ਟਰਾਂਸਫਰਾਂ ਫਰੀਕਵੈਂਟ ਹੋਣੀਆਂ ਠੀਕ ਨਹੀਂ ਅਤੇ ਮੁਤਫਿਕ ਹਾਂ ਅਤੇ ਮੈਂ ਇਸ ਦੇ ਬਾਰੇ ਵਿਚ ਕਿਹਾ ਹੈ ਕਿ ਰੂਲਜ਼ ਬਣਾ ਦੇਣੇ ਚਾਹੀਦੇ ਹਨ, ਖਾਸ ਕਰਕੇ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਵੀ ਕਿਹਾ ਹੈ ਕਿ ਟਰਾਂਸਫਰਾਂ ਦੇ ਰੂਲ ਬਣਾ ਦਿਤੇ ਜਾਣ ਅਤੇ ਉਸ ਵਿਚ ਟੀਚਰਾਂ ਦੀ ਯੂਨੀਅਨ ਨਾਲ ਸਲਾਹ ਕਰ ਲਈ ਜਾਵੇ ਅਤੇ ਜਿਹੜੇ ਰੂਲਜ਼ ਬਣਾਏ ਜਾਣ ਉਨ੍ਹਾਂ ਤੇ

[ਮੁੱਖ ਮੰਤਰੀ]
ਰਿਜਡਲੀ ਅਮਲ ਕੀਤਾ ਜਾਵੇ (ਪ੍ਰਸ਼ੰਸਾ) ਜੇਕਰ ਕੋਈ ਸ਼ਿਕਾਇਤ ਹੋਵੇ ਤਾਂ ਉਸ ਨੂੰ ਸੁਣੋ ਨਹੀਂ ਤਾਂ ਨਾਰਮਲ ਪੀਰੀਅਡ ਵਾਸਤੇ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਫ਼ਰੀਕਵਿੰਟਲੀ ਤਬਦੀਲ ਨਹੀਂ ਕਰਨਾ ਚਾਹੀਦਾ। ਪਰ ਇਥੇ ਇਕ ਮੈਂ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਤਰਾਜ਼ ਕਰਨ ਵਾਲਿਆਂ ਦੀ ਟੀਚਰਾਂ ਨਾਲ ਕੋਈ ਹਮਦਰਦੀ ਨਹੀਂ । ਸਿਆਸੀ ਪਾਰਟੀਆਂ ਤਾਂ ਆਪ ਇਨ੍ਹਾਂ ਨੂੰ ਵਰਤਦੀਆਂ ਹਨ ਆਪਣੇ ਮੁਫ਼ਾਦ ਲਈ ਅਤੇ ਆਪ ਭੜਕਾਂਦੀਆਂ ਹਨ, ਟੀਚਰਾਂ ਨੂੰ ਐਜੀਟੇਟ ਇਨ੍ਹਾਂ ਪਾਰਟੀਆਂ ਨੇ ਹੀ ਕੀਤਾ ਹੈ ।

ਇਕ ਆਵਾਜ਼ : ਨਾਂ ਲੈ ਦਿਉ (ਵਿਘਨ)

ਮੁੱਖ ਮੰਤਰੀ: ਕਿਉਂਕਿ ਸਿਆਸੀ ਪਾਰਟੀ ਨੂੰ ਇਸ ਤਰ੍ਹਾਂ ਕਰਨ ਨਾਲ ਤਾਕਤ ਮਿਲਦੀ ਹੈ। ਇਸ ਲਈ ਮੈਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਕਰਮਚਾਰੀਆਂ ਨੂੰ ਪਾਲਿਟਿਕਸ ਤੋਂ ਪਰ੍ਹੇ ਰਖਣ, ਉਨ੍ਹਾਂ ਨੂੰ ਸਿਆਸਤ ਵਿਚ ਨਾ ਲਿਆਣ ਕਿਉਂਕਿ ਮੈਂ ਜਾਣਦਾ ਹਾਂ ਕਿ ਕਿਹੜੀਆਂ ਪਾਰਟੀਆਂ ਜਾਣ ਕੇ ਉਨ੍ਹਾਂ ਨੂੰ ਇਸ ਪਾਸੇ ਵਲ ਲਿਆਂਦੀਆਂ ਹਨ । (ਸ੍ਰੀ ਗੁਰਦਿਆਲ ਸੈਣੀ ਵਲੋਂ ਵਿਘਨ: ਨਾਂ ਦਸੋ) ਸ੍ਰੀ ਗੁਰਦਿਆਲ ਸੈਣੀ ਨੂੰ ਨਾਂ ਦਾ ਤਾਂ ਪਤਾ ਹੀ ਹੈ । ਆਨਰੇਬਲ ਮੈਂਬਰਾਂ ਨੂੰ ਪਤਾ ਹੈ ਕਿ ਐਜੀਟੇਸ਼ਨਾਂ ਕਰਾਣ ਵਾਲੀਆਂ ਸਿਆਸੀ ਪਾਰਟੀਆਂ ਹਨ, ਆਪ ਜਾ ਕੇ ਉਨ੍ਹਾਂ ਨੂੰ ਇਨਸਟੀਗੇਟ ਕੀਤਾ ਜਾਂਦਾ ਹੈ ਕਿ ਹੜਤਾਲ ਕਰੋ । ਹੜਤਾਲ ਕਰਾਣ ਦੀ ਕੋਸ਼ਿਸ਼ ਕੀਤੀ ਗਈ ਪਰ ਕਰਮਚਾਰੀ ਵਕਤ ਸਿਰ ਸਮਝ ਗਏ ਅਤੇ ਇਨ੍ਹਾਂ ਦੀ ਚਾਲ ਵਿਚ ਨਹੀਂ ਆਏ ਅਤੇ ਹੜਤਾਲ ਨਾ ਕਰਨ ਦਾ ਫ਼ੈਸਲਾ ਕਰ ਦਿਤਾ । (ਪ੍ਰਸ਼ੰਸਾ) ਇਸ ਲਈ ਜੇਕਰ ਇਹ ਸਿਆਸੀ ਪਾਰਟੀਆਂ ਉਨ੍ਹਾਂ ਤੋਂ ਪਰ੍ਹੇ ਹੋ ਜਾਣ ਤਾਂ ਮੇਰਾ ਵੀ ਬਹੁਤ ਸਾਰਾ ਹੈਡਏਕ ਖਤਮ ਹੋ ਸਕਦਾ ਹੈ । ਟਰਾਂਸਫ਼ਰਾਂ ਨਾਰਮਲ ਤਰੀਕੇ ਨਾਲ ਹੋਣ ਅਤੇ ਨਾਰਮਲ ਪੀਰੀਅਡ ਤਕ ਕਰਮਚਾਰੀ ਇਕ ਥਾਂ ਤੇ ਰਹਿਣ । ਇਹ ਤਾਂ ਹੀ ਹੋ ਸਕਦਾ ਹੈ ਕਿ ਜੇਕਰ ਮੈਂਬਰ ਸਾਹਿਬਾਨ ਇਸ ਦੀਆਂ ਸਿਫ਼ਾਰਸ਼ਾਂ ਕਰਨੀਆਂ ਬੰਦ ਕਰ ਦੇਣ । ਇਕ ਪਾਸੇ ਆਣ ਕੇ ਸ਼ਿਕਾਇਤ ਕਰਦੇ ਨੇ ਕਿ ਆਪਣੇ ਪਿੰਡ ਵਿਚ ਹੀ ਕੋਈ ਕਰਮਚਾਰੀ ਲਗਾ ਹੋਇਆ ਹੈ ਅਤੇ ਘਰ ਵਿਚ ਹੀ ਰਹਿੰਦਾ ਹੈ ਅਤੇ ਡਿਊਟੀ ਪੂਰੀ ਨਹੀਂ ਦਿੰਦਾ ਤੇ ਫਿਰ ਇਸ ਤੋਂ ਪਹਿਲਾਂ

6.00 P.M.

ਕਹਿੰਦੇ ਸਨ ਕਿ ਉਸ ਨੂੰ ਪਿੰਡ ਵਿਚ ਲਗਾ ਦਿੱਤਾ ਜਾਵੇ। ਮੈਂ ਅਰਜ਼ ਕਰਾਂ ਕਿ ਅਸੀਂ ਸਰਵਿਸਿਜ਼ ਨੂੰ ਠੀਕ ਕਰਨਾ ਚਾਹੁੰਦੇ ਹਾਂ, ਅਸੀਂ ਚਾਹੁੰਦੇ ਹਾਂ ਹਰ ਜਗ੍ਹਾ ਬੇਹਤਰੀਨ ਤਰੀਕੇ ਨਾਲ ਕੰਮ ਚਲੇ, ਪਰ ਜਦੋਂ ਇਹ ਲੋਕ ਆਪੋ ਆਪਣੇ ਸਿਆਸੀ ਘੋੜੇ ਦੌੜਾਂਦੇ ਹਨ ਤਾਂ ਸਟੇਟ ਦਾ ਇਨਟਰੈਸਟ ਸਫ਼ਰ ਕਰਦਾ ਹੈ, ਸਾਨੂੰ ਇਸ ਮੁਆਮਲੇ ਵਿਚ ਸਾਰਿਆਂ ਦੀ ਹਮਦਰਦੀ, ਸਾਰਿਆਂ ਦੀ ਕੋਆਪਰੇਸ਼ਨ ਦੀ ਜ਼ਰੂਰਤ ਹੈ। (ਚੌਧਰੀ ਸੁੰਦਰ ਸਿੰਘ ਵਲੋਂ ਇੰਟਰੱਪਸ਼ਨ) ਤੁਹਾਡੇ ਵਲੋਂ ਤਾਂ ਚੌਧਰੀ ਸਾਹਿਬ ਮੈਨੂੰ ਪੂਰੀ ਹਮਦਰਦੀ ਹੈ, ਜਦੋਂ ਤੁਸੀਂ ਵੇਦਾਂਤ ਅਤੇ ਸ਼ਾਸਤਰ ਕੋਟ ਕਰਦੇ ਹੋ ਤਾਂ ਮੈਂ ਤੁਹਾਡੀਆਂ ਗੱਲਾਂ ਬੜੇ ਧਿਆਨ ਦੇ ਨਾਲ ਸੁਣਦਾ ਹਾਂ । (ਹਾਸਾ)

ਇਕ ਆਨਰੇਬਲ ਮੈਂਬਰ ਨੇ ਏਥੇ ਪਾਰਕਿਨਸਨਜ਼ ਲਾਅ ਦਾ ਵੀ ਜ਼ਿਕਰ ਕੀਤਾ, ਉਨ੍ਹਾਂ ਦੇ ਲਾਅ ਦੇ ਅਨੁਸਾਰ ਤਾਂ ਇਸ ਹਾਊਸ ਦੇ 104 ਆਦਮੀਆਂ ਨੂੰ ਹੀ ਖ਼ਤਮ ਕਰ ਦਿਉ ਤਾਂ ਫੇਰ ਕੰਮ ਹੋਰ ਵੀ ਘਟ ਜਾਵੇਗਾ । (ਹਾਸਾ) ਮੈਂ ਇਸ ਤਰ੍ਹਾਂ ਦੀ ਆਈਡਿਆਲੋਜੀ ਦੇ ਹਰਗਿਜ਼ ਹੱਕ ਵਿਚ ਨਹੀਂ ਹਾਂ । ਸਾਡਾ ਇਕ ਡੈਮੋਕਰੈਟਿਕ ਵਿਧਾਨ ਹੈ, ਇਸ ਦੇ ਵਿਚ ਕੋਈ ਨੁਕਸ ਨਹੀਂ ਜੇ ਸਹੀ ਢੰਗ ਨਾਲ ਕਿਤੇ ਲਾਗੂ ਹੋਵੇ ਪਰ ਜੇ ਇਨਸਾਨ ਠੀਕ ਕੰਮ ਨਾ

ਕਰੇ ਫੇਰ ਵਿਧਾਨ ਦਾ ਕੀ ਕਸੂਰ ਹੈ । ਵਿਧਾਨ ਉਸ ਵੇਲੇ ਤਕ ਸਹੀ ਹੈ ਜਦੋਂ ਤਕ ਇਸ ਦੀ ਫੰਕਸ਼ਨਿੰਗ ਸਹੀ ਹੈ । ਇਥੇ ਪਾਰਕਿੰਨਸਨਜ਼ ਦੀ ਥਿਊਰੀ ਲਾਗੂ ਕਰਨ ਦੀ ਕੋਈ ਗੱਲ ਨਹੀਂ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਜਿਤਨੇ ਆਦਮੀ ਦਾ ਨੰਬਰ ਜ਼ਿਆਦਾ ਹੋਵੇਗਾ ਕੰਮ ਘਟ ਹੋਵੇਗਾ, ਜਿਤਨਾ ਨੰਬਰ ਘੱਟ ਹੋਵੇਗਾ ਕੰਮ ਵਧ ਹੋਵੇਗਾ । ਪਰ ਸਾਡੇ ਇਹ ਮਿਸਾਲ ਢੁੱਕਦੀ ਨਹੀਂ ਅਸੀਂ ਤਾਂ ਇਹ ਵੇਖਦੇ ਹਾਂ ਕਿ ਕਿਸੇ ਕੰਮ ਨੂੰ ਜੇ ਬਹੁਤੇ ਬੰਦੇ ਲਗਾ ਦਿੱਤੇ ਜਾਣ ਤਾਂ ਕੰਮ ਛੇਤੀ ਹੁੰਦਾ ਹੈ ਅਤੇ ਐਫੀਸ਼ੈਂਟਲੀ ਹੁੰਦਾ ਹੈ ਪਰ ਜੇ ਘੱਟ ਲਗਾਈਏ ਕੰਮ ਸਲੋ ਹੁੰਦਾ ਹੈ ਅਤੇ ਅਛਾ ਵੀ ਨਹੀਂ ਹੁੰਦਾ (ਕੈਪਟਨ ਰਤਨ ਸਿੰਘ ਬੈਠਿਆਂ ਬੈਠਿਆਂ : ਜੇ ਇਕ ਬੱਘੀ ਨੂੰ ਇਕ ਘੋੜਾ ਲਗਾ ਦੇਈਏ ਤਾਂ ਵੀ ਉਤਨਾ ਦੌੜੇਗਾ ਜੇ ਦੋ ਲਗਾ ਦੇਈਏ ਤਾਂ ਵੀ ਉਤਨਾ ਹੀ ਦੌੜੇਗਾ, ਸਪੀਡ ਵਿਚ ਤਾਂ ਕੋਈ ਫਰਕ ਨਹੀਂ ਪੈਣਾ) ਇਹ ਤਾਂ ਤੁਹਾਡਾ ਆਪਣਾ ਖਿਆਲ ਹੈ । ਜੇ ਇਕ ਨੂੰ ਲਗਾਉ ਤਾਂ ਘੱਟ ਦੌੜੇਗਾ ਅਤੇ ਜੇ ਦੋ ਨੂੰ ਲਗਾਉ ਤਾਂ ਵਧ ਦੌੜੇਗਾ ।

ਸਪੀਕਰ ਸਾਹਿਬ, ਮੈਂ ਸਮੇਂ ਦੇ ਘਟ ਹੋਣ ਕਰਕੇ, ਕੁਝ ਮੋਟੇ ਮੋਟੇ ਪੁਆਇੰਟਸ ਹੀ ਅਰਜ਼ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਮੈਂ ਏਥੇ ਮੋਟੇ ਮੋਟੇ ਪੁਆਇੰਟਸ ਹੀ ਲੈਣਾ ਚਾਹੁੰਦਾ ਹਾਂ । ਇਕ ਗਿਲਾ ਮੇਰੇ ਪਾਸ ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਕੀਤਾ ਕਿ ਉਨ੍ਹਾਂ ਦਾ ਕੰਮ ਇਸ ਹਾਊਸ ਵਿਚ ਹੁਣ ਤਕ ਸ਼ੇਅਰ ਪੜ੍ਹਨ ਦਾ ਰਿਹਾ ਹੈ, ਪਰ ਇਨ੍ਹਾਂ ਦਾ ਕੰਮ ਅਜ ਸਰਦਾਰ ਉਮਰਾਓ ਸਿੰਘ ਨੇ ਸੰਭਾਲ ਲਿਆ, ਉਨ੍ਹਾਂ ਨੂੰ ਗੁੱਸਾ ਇਸ ਗੱਲ ਦਾ ਹੈ ਕਿ ਇਕੋ ਹੀ ਸ਼ੇਅਰ ਸਰਦਾਰ ਉਮਰਾਓ ਸਿੰਘ ਨੇ ਪੜ੍ਹਿਆ ਅਤੇ ਉਹ ਵੀ ਗਲਤ ਹੀ ਪੜ੍ਹਿਆ ।

ਇਥੇ ਸਮੱਗਲਿੰਗ ਦੀ ਗੱਲ ਚਲੀ ਕਿ ਬੜੀ ਸਮੱਗਲਿੰਗ ਹੋ ਰਹੀ ਹੈ । ਇਹ ਗੱਲ ਤਾਂ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਇਕ ਬਾਰਡਰ ਸਟੇਟ ਹੈ ਅਤੇ ਸਮੱਗਲਿੰਗ ਕਿਤੇ ਬਾਹਰ ਤਾਂ ਹੋਣੀ ਨਹੀਂ ਇਹ ਬਾਰਡਰ ਸਟੇਟ ਦੇ ਵਿਚ ਹੀ ਹੋਣੀ ਹੈ । ਸਾਰੇ ਹਿੰਦੁਸਤਾਨ ਦੀ ਬਾਰਡਰ ਦੀ ਆਸਪਿਨੇਜ ਇਤਨੀ ਲੰਬੀ ਚੌੜੀ ਹੈ ਕਿ ਇਹ ਇੰਤਜ਼ਾਮ ਕਰਨਾ ਕੋਈ ਮਾਮੂਲੀ ਕੰਮ ਨਹੀਂ ਹੈ । ਪਰ ਬਾਰਡਰ ਸਕਿਉਰਟੀ ਫੋਰਸ ਸੈਂਟਰ ਦੇ ਅਧੀਨ ਹੈ, ਇਸ ਦਾ ਪੰਜਾਬ ਸਟੇਟ ਦੇ ਨਾਲ ਕੋਈ ਤਾਅਲੁਕ ਨਹੀਂ । ਮੈਂ ਆਨਰੇਬਲ ਮੈਂਬਰ ਸਾਹਿਬਾਨ ਦੀ ਖਿਦਮਤ ਵਿਚ ਉਨ੍ਹਾਂ ਦੀ ਵਾਕਫੀਅਤ ਲਈ ਅਰਜ਼ ਕਰ ਦਿਆਂ ਕਿ ਇਹ ਸ਼ਿਕਾਇਤ ਉਨ੍ਹਾਂ ਨੂੰ ਹੀ ਨਹੀਂ ਬਲਕਿ ਮੈਂ ਖੁਦ ਹੋਮ ਮਨਿਸਟਰ ਸਾਹਿਬ ਨੂੰ ਇਸ ਮੁਆਮਲੇ ਸਬੰਧੀ ਮਿਲਿਆ ਅਤੇ ਉਨ੍ਹਾਂ ਨੂੰ ਸ਼ਿਕਾਇਤ ਕੀਤੀ ਕਿ ਇਹ ਬੜੀ ਡੇਂਜਰਸ ਚੀਜ਼ ਹੈ, ਇਥੇ ਚੰਗੇ ਆਫੀਸਰਜ਼ ਲਗਾਉਣੇ ਚਾਹੀਦੇ ਹਨ ਅਤੇ ਬਾਰਡਰ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ (ਤਾੜੀਆਂ) ਉਨ੍ਹਾਂ ਨੂੰ ਮੈਂ ਇਹ ਵੀ ਕਿਹਾ ਕਿ ਜਿਥੇ ਜਿਥੇ ਚੰਗੇ ਆਫੀਸਰਜ਼ ਲਗਾਏ ਗਏ ਸੀ ਉਥੇ ਸਮੱਗਲਿੰਗ ਬੰਦ ਵੀ ਹੋਈ ਹੈ । ਇਕ ਦੋ ਐਸ.ਪੀ. ਐਸੇ ਐਫੀਸ਼ੈਂਟ ਸੀ ਜਿਨ੍ਹਾਂ ਨੇ ਮੁਕੰਮਲ ਤੌਰ ਤੇ ਇੰਤਜ਼ਾਮ ਕੀਤਾ । ਜਿਥੇ ਵੀ ਸਮੱਗਲਰਜ਼ ਨਾਲ ਫੇਵਰਿਟ ਸਲੂਕ ਕੀਤਾ ਜਾਂਦਾ ਹੈ ਉਥੇ ਸਮੱਗਲਿੰਗ ਹੁੰਦੀ ਹੈ, ਪਰ ਬਦਨਾਮ ਸਾਰੀ ਪੁਲੀਸ ਹੁੰਦੀ ਹੈ । (ਵਿਘਨ) ਇਹ ਜਿਹੜਾ ਐਸ.ਐਸ.ਪੀ. ਨਾਲਾਇਕ ਕਹਿੰਦੇ ਹਨ, ਮੈਂ ਉਨ੍ਹਾਂ ਦੀ ਵਾਕਫ਼ੀ ਦੇ ਲਈ ਅਰਜ਼ ਕਰਾਂ ਕਿ ਉਸ ਨੇ ਆਪ ਜਾ ਕੇ ਐਟ ਦੀ ਸਪਾਟ ਸਮੱਗਲਰਜ਼ ਫੜੇ ਹਨ, ਜੇ ਉਹ ਨਾਲਾਇਕ ਹੁੰਦਾ ਤਾਂ ਕਦੇ ਇਸ ਤਰ੍ਹਾਂ ਉਹ ਐਸਾ ਕਰ ਸਕਦਾ ਸੀ ? (ਮੈਂ ਉਨ੍ਹਾਂ ਨੂੰ ਪੁੱਛਦਾ

[ਮੁੱਖ ਮੰਤਰੀ]

ਹਾਂ ਕਿ ਅਜ ਉਹ ਪੁਲੀਸ ਬਾਰੇ ਇਤਨੀ ਹਫੜਾ ਦਫੜੀ ਪਾਉਂਦੇ ਹਨ) ਮੈਂ ਆਪਣੇ ਮੁਤਾਲਿਕ ਹੀ ਅਰਜ਼ ਕਰ ਦਿਆਂ। 1967 ਦੇ ਵਿਚ ਜਦੋਂ ਮੇਰੀ ਸਰਕਾਰ ਟੁੱਟੀ ਸੀ ਉਸ ਵੇਲੇ ਇਕ ਮੈਂਬਰ ਸਾਹਿਬ ਮੇਰੇ ਪਾਸ ਆਏ ਸੀ ਕਿ ਸਮੱਗਲਿੰਗ ਦੇ ਵਿਚ ਮੇਰਾ ਇਕ ਰਿਸ਼ਤੇਦਾਰ ਫੜਿਆ ਗਿਆ ਹੈ ਤੁਸੀਂ ਮੇਰੀ ਇਮਦਾਦ ਕਰੋ ਮੈਂ ਉਨ੍ਹਾਂ ਨੂੰ ਉਸ ਵੇਲੇ ਹੀ ਜਵਾਬ ਦਿਤਾ ਸੀ ਕਿ ਮੈਂ ਹੋਰ ਕੰਮ ਵਿਚ ਆਪ ਦੀ ਇਮਦਾਦ ਕਰ ਸਕਦਾ ਹਾਂ ਪਰ ਜਿਥੋਂ ਤਕ ਸਮੱਗਲਰਜ਼ ਦਾ ਸਵਾਲ ਹੈ, ਮੈਂ ਇਸ ਬਾਰੇ ਆਪਦੀ ਕੋਈ ਇਮਦਾਦ ਨਹੀਂ ਕਰ ਸਕਦਾ। (ਤਾੜੀਆਂ) ਮੈਂ, ਸਪੀਕਰ ਸਾਹਿਬ, ਸਮੱਗਲਿੰਗ ਦੇ ਮੁਤਾਲਿਕ ਅਰਜ਼ ਕਰਾਂ ਕਿ ਇਹ ਕੋਈ ਅਜ ਦੀ ਗੱਲ ਨਹੀਂ ਹੈ, ਇਹ ਤਾਂ 20—22 ਸਾਲ ਦਾ ਹੀ ਇਹੋ ਹਾਲ ਹੈ, ਇਹ ਵੀ ਮੈਂ ਮੰਨਦਾ ਹਾਂ ਕਿ ਸਮੱਗਲਿੰਗ ਹੁੰਦੀ ਹੀ ਤਦ ਹੈ ਜਦੋਂ ਉਹ ਸਿਆਸੀ ਪਾਰਟੀਆਂ ਦੀ ਆੜ ਲੈਂਦੇ ਹਨ। ਮੈਨੂੰ ਐਸੇ ਕੇਸਿਜ਼ ਦਾ ਵੀ ਪਤਾ ਹੈ। ਇਕ ਦੀ ਸਮੱਗਲਿੰਗ ਦੇ ਸਿਲਸਲੇ ਵਿਚ ਇਨਕੁਆਇਰੀ ਕਰਵਾਈ ਗਈ ਅਤੇ ਕੋਰਟ ਵਿਚ ਆਪ ਹੀ ਜਾ ਕੇ ਐਫੀਡੇਵਿਟ ਦੇ ਦਿਤਾ ਕਿ ਮੈਂ ਗਲਤ ਬਿਆਨ ਦੇ ਦਿੱਤਾ ਹੈ। ਹੁਣ ਆਪ ਹੀ ਅੰਦਾਜ਼ਾ ਲਾ ਲਉ ਕਿ ਕੌਣ ਬੇਈਮਾਨੀਆਂ ਕਰਦਾ ਹੈ। ਉਹ ਸਮੱਗਲਿੰਗ ਦੇ ਮੁਤਾਲਿਕ ਜੇ ਸੋਚਣ ਸਾਡੀ ਫੋਰਸਿਜ਼ ਨੇ ਆਪ ਜਾ ਕੇ ਰੇਡ ਕਰ ਕਰ ਕੇ ਬੜੇ ਬੜੇ ਨਾਮੀ ਸਮੱਗਲਰਜ਼ ਫੜੇ ਹਨ, ਇਨ੍ਹਾਂ ਦੇ ਵਕਤ ਕਿਸੇ ਨੇ ਉਨ੍ਹਾਂ ਨੂੰ ਹੱਥ ਨਹੀਂ ਸੀ ਪਾਇਆ ਪਰ ਅਸੀਂ ਉਨ੍ਹਾਂ ਨੂੰ ਫੜਿਆ ਸੀ।

ਸਪੀਕਰ ਸਾਹਿਬ, ਸਰਕਾਰ ਨੇ ਪ੍ਰਾਸੀਕਿਊਸ਼ਨ ਏਜੰਸੀਜ਼ ਨੂੰ ਜੁਡੀਸ਼ਰੀ ਤੋਂ ਅਲੱਹਿਦਾ ਕੀਤਾ, ਇਹ 20—22 ਸਾਲ ਇਹ ਕੰਮ ਵੀ ਨਾ ਕਰ ਸਕੇ, ਇਹ ਬੀੜਾ ਜਦੋਂ ਮੈਂ ਆਪੋਜ਼ੀਸ਼ਨ ਦੇ ਵਿਚ ਸੀ ਚੁਕਿਆ ਸੀ ਪਰ ਇਹ ਤਾਂ ਲੋਤੋ ਲਾਲ ਹੀ ਕਰਦੇ ਰਹੇ। ਜਦੋਂ ਬਿਲਕੁਲ ਹੀ ਕਾਰਨਰ ਹੋ ਗਏ ਫੇਰ ਇਨ੍ਹਾਂ ਨੇ ਇਹ ਗੱਲ ਮੰਨੀ ਸੀ। (ਸ਼ੋਰ) ਜਿਥੋਂ ਤਕ ਫਿਰੋਜ਼ਪੁਰ ਜੇਲ੍ਹ ਦੀ ਇਨਕੁਆਇਰੀ ਦਾ ਸਵਾਲ ਹੈ, ਉਹ ਜਸਟੀਫਾਈ ਹੋ ਚੁਕੀ ਹੈ, ਜਿਸ ਦੀ ਇਕ ਕਾਪੀ ਡਾਂਗ ਸਾਹਿਬ ਨੂੰ ਵੀ ਭੇਜੀ ਗਈ ਹੈ, ਇਹ ਜੇ ਕਹੋਗੇ ਮੈਂ ਸਦਨ ਦੀ ਮੇਜ਼ ਤੇ ਵੀ ਰਖ ਦੇਵਾਂਗਾ।

ਪਰ ਸਾਡੀ ਕੋਸ਼ਿਸ਼ ਇਹ ਹੁੰਦੀ ਹੈ ਕਿ ਕੋਈ ਬੇਗੁਨਾਹ ਨਾ ਫੱਸ ਜਾਵੇ। ਕਈ ਤਾਂ ਗੁਨਾਹ ਕਰਕੇ ਵੀ ਸਾਡੇ ਸਿਰ ਤੇ ਚੜ੍ਹੇ ਰਹਿੰਦੇ ਹਨ। (ਹਾਸਾ) ਪਰ ਅਸੀਂ ਚਾਹੁੰਦੇ ਹਾਂ ਕਿ ਗੁਨਾਹ ਕਰਕੇ ਭਾਵੇਂ ਕੋਈ ਬਚ ਜਾਵੇ ਪਰ ਬੇਗੁਨਾਹ ਕੋਈ ਨਾ ਫੱਸ ਜਾਵੇ। ਫਿਰ, ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਗੁਨਾਹ ਕਰਕੇ ਵੀ ਕਿਉਂ ਬੱਚ ਜਾਂਦੇ ਹਨ? ਉਸ ਦਾ ਕਾਰਣ ਇਹ ਹੈ ਕਿ ਲੋਕ ਗਵਾਹੀ ਨਹੀਂ ਦਿੰਦੇ। ਪੁਲੀਸ ਨੂੰ ਮਿਲਵਰਤਣ ਨਹੀਂ ਦਿੰਦੇ। ਮੈਂ ਇਕ ਮਿਸਾਲ ਦਿੰਦਾ ਹਾਂ ਕਿ ਮੇਰੇ ਕੋਲ ਇਕ ਡਾਕਟਰ ਦੀ ਸ਼ਿਕਾਇਤ ਆਈ ਕਿ ਉਹ ਗਲਤ ਕੰਮ ਕਰਦਾ ਹੈ। ਮੈਂ ਉਸ ਨੂੰ ਅਰੈਸਟ ਕਰ ਲਿਆ। ਪਰ ਫਿਰ ਉਹੀ ਲੋਕ ਜਿਨ੍ਹਾਂ ਨੇ ਕੰਪਲੇਂਟ ਕੀਤੀ ਸੀ ਉਹ ਆ ਕੇ ਮੈਨੂੰ ਕਹਿਣ ਲਗ ਪਏ ਕਿ ਉਨ੍ਹਾਂ ਨੂੰ ਗਲਤੀ ਲਗ ਗਈ ਸੀ ਇਸ ਲਈ ਡਾਕਟਰ ਬੇਗੁਨਾਹ ਹੈ ਉਸ ਨੂੰ ਛੱਡ ਦਿਉ। ਹਾਲ ਇਹ ਹੈ ਕਿ ਜੇ ਕਿਸੇ ਦੇ ਸਾਹਮਣੇ ਕਤਲ ਵੀ ਹੁੰਦਾ ਹੋਵੇ ਤਾਂ ਲੋਕ ਗਵਾਹੀ ਵੇਲੇ ਗਵਾਹੀ ਨਹੀਂ ਦਿੰਦੇ ਤੇ ਕਹਿੰਦੇ ਹਨ ਕਿ ਚਲੋ ਉਹ ਤਾਂ ਚਲਾ ਹੀ ਗਿਆ, ਇਸ ਨੂੰ ਫਸਾ ਕੇ ਕੀ ਮਿਲ ਜਾਵੇਗਾ।

ਸਰਦਾਰ ਸਰੂਪ ਸਿੰਘ : ਕਿਹੜੇ ਜੱਥੇਦਾਰ ਤੁਹਾਡੇ ਕੋਲ ਆਏ ਸੀ ?

ਮੁੱਖ ਮੰਤਰੀ : ਸਰਦਾਰ ਸਰੂਪ ਸਿੰਘ ਵਰਗੇ ਕਈ ਸੀ । (ਹਾਸਾ)

ਸਰਦਾਰ ਸਰੂਪ ਸਿੰਘ : ਬਲਵੰਤ ਸਿੰਘ ਤਾਂ ਨਹੀਂ ਸੀ ? (ਹਾਸਾ)

ਮੁੱਖ ਮੰਤਰੀ : ਬਲਵੰਤ ਸਿੰਘ ਵੀ ਸਰੂਪ ਸਿੰਘ ਦੇ ਨਾਲ ਹੋ ਸਕਦਾ ਸੀ । (ਹਾਸਾ) ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਕ੍ਰਾਈਮ ਰਿਪੋਰਟ ਮੰਗਵਾਈ ਹੋਈ ਹੈ । ਇਥੇ ਜਿੰਨੀਆਂ ਵੀ ਗੱਲਾਂ ਕੀਤੀਆਂ ਗਈਆਂ ਹਨ ਉਹ ਸਾਰੀਆਂ ਜਨਰਲ ਨੇਚਰ ਦੀਆਂ ਹਨ, ਕੋਈ ਡੈਫੀਨਿਟ ਗੱਲ ਨਹੀਂ ਕਹੀ । ਮੈਂ ਕ੍ਰਾਈਮ ਰਿਪੋਰਟ ਮੰਗਵਾਈ ਹੈ ਇਥੇ ਤਾਂ ਕਿਹਾ ਗਿਆ ਕਿ ਪੰਜਾਬ ਦੇ ਵਿਚ ਇਹ ਹੋ ਗਿਆ ਹੈ, ਉਹ ਹੋ ਗਿਆ ਹੈ, ਇਥੇ ਲਾਅ ਐਂਡ ਆਰਡਰ ਨਹੀਂ ਰਿਹਾ, ਪੰਜਾਬ ਡੁੱਬ ਜਾਵੇਗਾ, ਇਹ ਬਚ ਨਹੀਂ ਸਕਦਾ, ਪਰ ਜੋ ਰਿਪੋਰਟ ਮੇਰੇ ਕੋਲ ਆਈ ਹੈ ਇਹ ਦਸਦੀ ਹੈ ਕਿ ਜੁਰਮ ਘਟੇ ਹਨ । (ਥੰਪਿੰਗ) ਜ਼ਿਆਦਾ ਜੁਰਮ ਘਟੇ ਹਨ ਅਤੇ ਕੋਈ ਕੋਈ ਵਧੇ ਹਨ । ਪਰ ਇਹ ਨਾਰਮਲ ਹੈ । ਇਹ ਵੀ ਇਸ ਲਈ ਹੈ ਕਿ ਮੈਂ ਜਦੋਂ 1967 ਵਿਚ ਚੀਫ਼ ਮਨਿਸਟਰ ਬਣਿਆ ਸੀ ਤਾਂ ਉਦੋਂ ਵੀ ਇਹ ਹਿਦਾਇਤਾਂ ਦਿਤੀਆਂ ਸੀ ਕਿ ਕੋਈ ਵੀ ਰਿਪੋਰਟ ਲਿਖਣ ਤੋਂ ਨਾਂਹ ਨਾ ਕੀਤੀ ਜਾਵੇ । ਜੇ ਕੋਈ ਅਜਿਹਾ ਝਗੜਾ ਹੈ ਜਿਹੜਾ ਕਿ ਨਾਕਾਬਲੇ ਦਸਤਅੰਦਾਜ਼ੀ ਪੁਲੀਸ ਹੈ ਤਾਂ ਉਸ ਆਦਮੀ ਨੂੰ ਸਮਝਾ ਦਿਤਾ ਕਿ ਉਹ ਅਦਾਲਤ ਦੇ ਵਿਚ ਜਾਵੇ ਵੈਸੇ ਕੋਈ ਰਿਪੋਰਟ ਲਿਖਣ ਤੋਂ ਨਾਂਹ ਨਾ ਕੀਤੀ ਜਾਵੇ । ਮੈਂ ਅਰਜ਼ ਕਰਦਾ ਹਾਂ ਕਿ ਇਸ ਸਾਲ ਪੰਜਾਬ ਦੇ ਵਿਚ ਡਕੈਤੀ ਕੋਈ ਨਹੀਂ ਹੋਈ । ਬਰਗਲਰੀ ਵੀ ਘਟ ਹੋਈ ਹੈ ਰਾਇਟਿੰਗ ਵੀ 14 ਘੱਟ ਹਨ ।

ਕਾਮਰੇਡ ਬਾਬੂ ਸਿੰਘ ਮਾਸਟਰ : ਆਨ ਏ ਪੁਆਇੰਟ ਆਫ਼ ਆਰਡਰ ਸਰ । ਮੈਂ ਮੁੱਖ ਮੰਤਰੀ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਬਠਿੰਡੇ ਵਿਚ, ਮਹਿਮੇ ਵਿਚ ਦਿਨ ਦਿਹਾੜੇ 3 ਵਜੇ ਡਕੈਤੀ ਹੋਈ ਹੈ ਪਰ ਪੁਲੀਸ ਨੇ ਕੇਸ ਰਜਿਸਟਰ ਨਹੀਂ ਕੀਤਾ ।

ਮੁੱਖ ਮੰਤਰੀ : ਮੈਂ ਕਿਵੇਂ ਮੰਨਾ । ਮੈਂ ਇਸ ਤਰ੍ਹਾਂ ਕਹੀ ਕੋਈ ਗੱਲ ਨਹੀਂ ਮੰਨ ਸਕਦਾ । ਮੈਂ ਤਾਂ ਅਥੈਨਟੀਕੇਟਿਡ ਰਿਕਾਰਡ ਹੀ ਮੰਨਾਗਾਂ । ਹਾਂ, ਜੇ ਮੈਂਬਰ ਸਾਹਿਬ ਆਪ ਡਾਕੂਆਂ ਦੇ ਨਾਲ ਸੀ ਤਾਂ ਦਸਣ । (ਹਾਸਾ)

ਕੈਪਟਨ ਰਤਨ ਸਿਘ : ਇਕ ਮੈਂਬਰ ਕਿਸ ਤਰ੍ਹਾਂ ਡਾਕੂਆਂ ਦੇ ਨਾਲ ਹੋ ਸਕਦਾ ਹੈ ?

ਮੁੱਖ ਮੰਤਰੀ : ਕਈ ਮੈਂਬਰ ਡਾਕੂਆਂ ਦੇ ਨਾਲ ਹੁੰਦੇ ਹਨ । (ਹਾਸਾ)

ਡਾਕਟਰ ਸਾਧੂ ਰਾਮ : ਉਨ੍ਹਾਂ ਨੇ ਨੀਲੀਆਂ ਪੱਗਾਂ ਬੰਨ੍ਹ ਕੇ ਡਾਕਾ ਮਾਰਿਆ ਹੋਣਾ ਹੈ । (ਹਾਸਾ)

ਮੁੱਖ ਮੰਤਰੀ : ਜੇ ਨੀਲੀਆਂ ਪੱਗਾਂ ਬੰਨ੍ਹ ਕੇ ਡਾਕਾ ਮਾਰੇਗਾ ਤਾਂ ਵੀ ਅੰਦਰ ਜਾਵੇਗਾ ਅਤੇ ਜੇ ਕੋਈ ਖੱਦਰ ਦੀ ਟੋਪੀ ਪਾ ਕੇ ਡਾਕਾ ਮਾਰੇਗਾ ਤਾਂ ਉਹ ਵੀ ਅੰਦਰ ਹੀ ਜਾਵੇਗਾ । (ਹਾਸਾ) ਸਪੀਕਰ ਸਾਹਿਬ, ਇਨ੍ਹਾਂ ਨੂੰ 20 ਸਾਲਾਂ ਤੋਂ ਇਹ ਆਦਤ ਪਈ ਹੋਈ ਹੈ । (ਹਾਸਾ)

ਸ੍ਰੀ ਸਪੀਕਰ : ਕੀ ਹਾਊਸ ਦਾ ਟਾਈਮ ਕੁਝ ਐਕਸਟੈਂਡ ਕਰ ਦਿੱਤਾ ਜਾਵੇ ? (Is it the sense of the House that the time of the sitting be extended ?)

ਮੁੱਖ ਮੰਤਰੀ : ਨਹੀਂ ਜੀ, ਮੈਂ ਖ਼ਤਮ ਕਰ ਦਿੰਦਾ ਹਾਂ। ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਜੁਰਮ ਪੰਜਾਬ ਵਿਚ ਬਹੁਤ ਘੱਟ ਹੋਏ ਹਨ। ਰਾਇਟਿੰਗ ਦੇ ਕੇਸਿਜ਼ 14 ਘੱਟ ਹੋਏ ਹਨ....

ਕੈਪਟਨ ਰਤਨ ਸਿੰਘ : ਮਰਡਰ ਕਿਤਨੇ ਹੋਏ ਹਨ ?

ਮੁੱਖ ਮੰਤਰੀ : ਮਰਡਰ 41 ਹੋਏ ਹਨ, ਇਸ ਸਾਲ ਵਿਚ ਜ਼ਿਆਦਾ ਹੋਏ ਹਨ। ਮੈਂ ਕੋਈ ਚੀਜ਼ ਕੰਨਸੀਲ ਨਹੀਂ ਕਰਨਾ ਚਾਹੁੰਦਾ। ਬਾਕੀ ਆਰਡੀਨਰੀ ਥੈਫ਼ਟ 93 ਘੱਟ ਹੋਈਆਂ ਹਨ। ਅਫੀਮ ਐਕਟ ਥੱਲੇ 577 ਕੇਸ ਘੱਟ ਹੋਏ ਹਨ। ਇਸੇ ਤਰ੍ਹਾਂ ਆਰਮਜ਼ ਦੇ 211 ਕੇਸਿਜ਼ ਘਟ ਹੋਏ ਹਨ, ਬਾਕੀ ਵੀ ਬਹੁਤ ਸਾਰੇ ਜੁਰਮ ਘਟ ਹੋਏ ਹਨ। ਇਹ ਜਿਹੜੇ ਘਟੇ ਹਨ ਜਾਂ ਕੁਝ ਵਧੇ ਹਨ, ਜਿਸ ਤਰ੍ਹਾਂ ਕਿ ਮਰਡਰ ਆਦਿ, ਇਹ ਨਾਰਮਲ ਹਨ। ਇਹ ਰਾਈਜ਼ ਐਂਡ ਫ਼ਾਲ ਨਾਰਮਲ ਹੈ।

Mr. Speaker : Now I will put Cut Motions to Demand No. 9 to the vote of the House. First, we take up Cut Motions Nos. 1 and 2 by Comrade Satya Pal Dang and Comrade Babu Singh.

Mr. Speaker : Question is—

That the demand be reduced by Re. 1/-

The Motion was lost.

Mr. Speaker : Now we take up Cut Motion No. 3 by Chaudhri Balbir Singh.

Mr. Speaker : Question is—

That the demand be reduced by Re. 1/-

The Motion was lost.

Mr. Speaker : Question is—

That a sum not exceeding Rs. 4,36,84,900 be granted to the Governor to defray the charges that will come in the course of payment for the year 1970-71 in respect of 19-General Administration.

The Motion was carried.

Mr. Speaker : Now I will put Cut Motions to Demand No. 12 to the vote of the House. First, we take up Cut Motions Nos. 1 and 2 by Comrade Satya Pal Dang and Comrade Babu Singh.

Mr. Speaker : Question is—

That the demand be reduced by Rs. 10/-

The Motion was lost.

Mr. Speaker : Now we take up Cut Motion No. 3 by Chaudhri Balbir Singh.

Mr. Speaker : Question is—

That the Demand be reduced by Rs. 1/-

The Motion was lost.

Mr. Speaker : Question is—

That a sum not exceeding Rs. 8,53,90,900 be granted to the Governor to defray the charges that will come in the course of payment for the year 1970-71 in respect of 23-Police.

The Motion was carried.

Mr. Speaker : The House stands adjourned till 9-00 A. M. on Tuesday, the 17th March, 1970.

2-00 p. m. | *(The Sabha then adjourned till 9.00 A. M. on Tuesday, the 17th March, 1970)*

1489—1-8-75—286 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

APPENDIX

TO

PUNJAB VIDHAN SABHA

DEBATES

Dated 16th March, 1970

Vol. I—No. 16

SCUFFLE BETWEEN THE POLICE AND THE STUDENTS OF GUJRANWALA KHALSA COLLEGE, LUDHIANA.

*1540. **Sardar Kirpal Singh** : Will the Chief Minister be pleased to state—

(a) whether any scuffle took place between the students of the Gujranwala Khalsa College, Ludhiana and the local police on the 11th or 12th February, 1970; if so, the details thereof together with the names of the persons arrested up-to-date ;

(b) whether the police challaned some culprits in this connection; if so, the provision of law under which they were challaned ;

(c) the full home address of the persons involved as well as the College where the students study;

(d) the action taken by the police in this case so far and the result thereof ;

(e) whether the Govt. intend to withdraw the said case ; if so, the reasons therefor ?

Sardar Gurnam Singh : (a) Enquiries made from S.S.P., Ludhiana, show that on 11th February, 1970, students of Guru Nanak Engineering College, Ludhiana had decided to go on strike. It was learnt that they had incited the students of Gujranwala Guru Nanak Khalsa College, Ludhiana to go on strike in their sympathy. A police contingent was, therefore, deputed in the vicinity of Gujranwala Guru Nanak Khalsa College. The Station House Officer of police station Division No. 5 was present near the Rest House. 4/5 girl students of Khalsa College for Women (which is just opposite the Gujranwala Guru Nanak Khalsa College) were seen coming who were being followed by 4/5 students of Gujranwala Guru Nanak Khalsa College. The S. H. O. chased the boys who were following the girls and teasing them. The students started brick-batting the police. At some distance from this place, some students snatched the cycle of a Constable which was broken and burnt. Case F.I.R. No. 54 dated 11th February, 1970 u/s 353/332/148/149/294, 435 IPC, P. S. Div. No. 5, Ludhiana, was registered. The case is under investigation and no arrest has been made so far.

(b) Not so far.

(c) The identity of the students involved has not been established so far. The boy students are reported to belong to the Gujranwala Guru Nanak Khalsa College and the girl students were from the Khalsa College for Women, Ludhaiana.

(d) The case is still under investigation.

(e) Government has not so far considered this issue.

PHARMACISTS REMOVED FROM SERVICE DURING JANUARY, 1970

*1610. **Sardar Kirpal Singh** : Will the Minister of State for Industries and Health be pleased to state—

(a) the number of pharmacists removed from service during the month of January, 1970 together with the reasons for their removal ;

(b) whether any Bonded Pharmacists have also been removed; if so, whether one Subhash Chander Anand of V. J. Hospital, Amritsar, is also included in them ;

(c) if the reply to part (b) above be in the affirmative, the details of allegations against the said employees ?

ਸਰਦਾਰ ਰਵੇਲ ਸਿੰਘ : (ਏ) ਚਾਰ ਪ੍ਰਸ਼ਾਸਕੀ ਕਾਰਨਾਂ ਕਰਕੇ ।

(ਬੀ) ਇਕ, ਹਾਂ ਜੀ ।

(ਸੀ) ਹਾਂ ਜੀ, ਉਹ ਛੇ ਮਹੀਨੇ ਦੇ ਆਧਾਰ ਤੇ ਕੰਮ ਕਰਦਾ ਸੀ ਅਤੇ ਮੈਡੀਕਲ ਸੁਪਰਡੰਟ, ਵੀ. ਜੇ. ਹਸਪਤਾਲ, ਅੰਮ੍ਰਿਤਸਰ, ਦੀ ਰਿਪੋਰਟ ਅਨੁਸਾਰ ਉਸ ਦਾ ਕੰਮ ਅਤੇ ਵਿਹਾਰ ਸੰਤੋਸ਼ਜਨਕ ਨਹੀਂ ਸੀ । ਇਸ ਤੋਂ ਇਲਾਵਾ ਉਸ ਦੇ ਵਿਰੁੱਧ ਸੁਪਰਡੰਟ, ਡਿਸਪੈਂਸਰੀ ਅਤੇ ਦੂਜੇ ਕੁਲੀਗਾਂ ਨਾਲ ਮਿਲ ਕੇ ਕੰਮ ਨਾ ਕਰਨ ਬਾਰੇ ਵੀ ਇਲਜ਼ਾਮ ਸਨ ।

CASE OF EMBEZZLEMENT AGAINST THE AGRICULTURAL INSPECTOR KAHNUWAN BLOCK, DISTRICT GURDASPUR.

562. **Chaudhri Ram Singh** : Will the Minister for Agriculture be pleased to state—

(a) whether any case of embezzlement involving the Agricultural Inspector in Kahnuwan Block, in district Gurdaspur came to the notice of the Government; if so, the action taken by the Director of Agriculture, Punjab, against this official ;

(b) whether some quantity of Lemo Rojo wheat seed was auctioned by the said official in the presence of a Gazetted Officer ;

(c) whether it is a fact that higher price for the said seed was offered in the first instance ; if so, the reasons why the same was sold at low price, and who is responsible for the loss ?

Shri Radha Krishan : During the course of checking of the Cash Book of the Agricultural Inspector, Kahnuwan, a discrepancy of Rs. 300/- was observed which was due to less counting. This amount was credited into the Treasury by the Agricultural Inspector, Kahnuwan, on 23rd June, 1969. The action is being taken against the defaulters.

No Sir, but the auction papers have been duly countersigned by the Block Development and Panchayat Officer, Kahnuwan.

(c) No Sir.

[(ੲ) ਖੇਤੀ ਬਾੜੀ ਇਨਸਪੈਕਟਰ ਕਾਂਨਵਾਂ ਦੀ ਕੈਸ਼ ਬੁਕ ਦੀ ਚੈਕਿੰਗ ਦੇ ਦੌਰਾਨ, 300 ਰੁਪਏ ਦਾ ਫਰਕ ਜੋ ਘੱਟ ਗਿਣਤੀ ਦੇ ਕਾਰਨ ਸੀ ਆਇਆ ਇਹ ਰਕਮ ਖੇਤੀ ਬਾੜੀ ਇਨਸਪੈਕਟਰ, ਕਾਨਵਾਂ ਨੇ 23 ਜੂਨ, 1969 ਨੂੰ ਖਜ਼ਾਨੇ ਵਿਚ ਜਮ੍ਹਾਂ ਕਰਾਈ । ਬੇਕਾਇਦਗੀ ਕਰਨ ਵਾਲਿਆਂ ਦੇ ਖਿਲਾਫ ਕਰਵਾਈ ਕੀਤੀ ਜਾ ਰਹੀ ਹੈ ।

(ਬੀ) ਨਹੀਂ ਜੀ, ਲੇਕਿਨ? ਨਿਲਾਮੀ ਦੇ ਕਾਗਜ਼ਾਤ ਬਾਕਾਇਦਾ ਤੌਰ ਤੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ, ਕਾਨਵਾਂ ਨੇ ਪ੍ਰਤਿ-ਹਸਤਾਖਰਿਤ ਕੀਤੇ ਹਨ ।

(ਸੀ) ਨਹੀਂ ਜੀ ।]

STARTING DIRECT LOCAL BUS SERVICE BETWEEN CHHEHARTA (AMRITSAR) AND STATE HEALTH INSURANCE HOSPITAL, AMRITSAR

588. **Shri Gian Chand Kharbanda**: Will the Chief Minister be pleased to state whether there is any proposal under the consideration of the Government to start a direct local bus service between Chheharta (Amritsar) and State Health Insurance Hospital, Majitha Road, Amritsar to facilitate the labourers going there for medical treatment ; if so, when the same is likely to be implemented ?

Sardar Parkash Singh Badal : No Sir. Chheharta State Health Insurance Hospital is adquately served by local services already operating on Chheharta-Amritsar and Amritsar-Majitha routes whereon this hospital lies. There is 7 minutes service on the former route and half an hour's service on the latter route. In addition, there is a local between Chauk Phawara and Sacred Heart School near which this Hospital lies.

[ਨਹੀਂ ਜੀ । ਛੇਹਰਟਾ ਅਤੇ ਸਟੇਟ ਹੈਲਥ ਇਨਸ਼ੋਰੈਂਨਸ ਹਸਪਤਾਲ ਦੇ ਵਿਚਕਾਰ ਕਾਫ਼ੀ ਲੋਕਲ ਬਸਾਂ ਹਨ ਜੋ ਕਿ ਛੇਹਰਟਾ-ਅੰਮ੍ਰਿਤਸਰ ਅਤੇ ਅੰਮ੍ਰਿਤਸਰ-ਮਜੀਠਾ ਰੂਟਾਂ ਤੇ, ਜਿਥੇ ਕਿ ਇਹ ਹਸਪਤਾਲ ਪੈਂਦਾ ਹੈ, ਚਲ ਰਹੀਆਂ ਹਨ । ਪਹਿਲੇ ਰੂਟ ਤੇ ਸੱਤ ਮਿੰਟ ਪਿਛੋਂ ਸਰਵਿਸ

ਮਿਲਦੀ ਹੈ ਅਤੇ ਦੂਜੇ ਰੂਟ ਤੇ ਅਧੇ ਅਧੇ ਘੰਟੇ ਤੇ ਸਰਵਿਸ ਮਿਲਦੀ ਹੈ। ਇਸ ਤੋਂ ਉਪਰੰਤ ਲੋਕਲ ਸਰਵਿਸਾਂ ਫ਼ਵਾਰਾ ਚੌਕ ਅਤੇ ਸੇਕਰਿਡ ਹਾਰਟ ਸਕੂਲ ਜਿਸ ਦੇ ਨੇੜੇ ਇਹ ਹਸਪਤਾਲ ਹੈ, ਵੀ ਚਲ ਰਹੀਆਂ ਹਨ।]

REPRESENTATION OF SWAMI RALLA RAM, VICE PRESIDENT, MARKET COMMITTEE, BUDHLADA, DISTRICT BHATINDA

589. **Comrade Satya Pal Dang** : Will the Chief Minister be pleased to state whether in the month of November, 1969 the Chief Minister received any representation from Swami Ralla Ram, Vice-President, Market Committee, Budhlada, District Bhatinda, alleging sorry state of affairs at Budhlada as far as law and order situation was concerned ; if so, a copy of the same alongwith the action taken by the Govt. in this connection be laid on the Table of the House?

ਸਰਦਾਰ ਗੁਰਨਾਮ ਸਿੰਘ : ਹਾਂ ਜੀ। ਦਰਖ਼ਾਸਤ ਦੀ ਨਕਲ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਪੜਤਾਲ ਤੇ ਦਰਖ਼ਾਸਤ ਵਿੱਚ ਲਾਏ ਗਏ ਦੋਸ਼ ਗਲਤ ਪਾਏ ਗਏ ਹਨ। ਇਸ ਲਈ ਕਿਸੇ ਕਾਰਵਾਈ ਦੀ ਲੋੜ ਨਹੀਂ ਪਾਈ ਗਈ।

COPY OF REPRESENTATION

Express Delivery

From

Swami Ralla Ram,
Vice-President,
Market Committee, Budhlada,
Distt. Bhatinda,
(17-2-69) Budhlada.

To

The Deputy Inspector General of Police,
Patiala Range, Patiala.

Subject :—Maintenance of Law and Order and also transfer of S. H. O., Budhlada.

Sir,

With due respect and humble submission I beg to lay the following for your kind consideration and favour of immediate necessary order and action.

1. That Shri Gursharan Singh Jeji is posted at Bhatinda as Superintendent of Police. He belongs to village Chular which is situated in District Sangrur. But the boundaries of that village are contiguous to District Bhatinda.

2. That he has so many relations in the village of District Bhatinda like Chak Bhiks, Kahangarh and Mal-Singh-Wala. His relatives are landlords and influential persons. They are giving shelters to the vagabonds and desperadoes.

That so many serious occurrences take place in Budhlada. The S. P. of the quarter concerned has been approached but no fruitful result has been born out at any time. If any complaint takes place against the S. H. O., Budhlada, he approaches the relatives of S. P. and nothing has been done against him. He (S.H.O.) now openly says that the S.P. is under his thumb.

4. That since Shri Gursharan Singh Jeji assumed the duties of S. P., Bhatinda, the law and order is deteriorating day by day in Budhlada and, as such if any henious crime takes place in Budhlada, no proper investigation has been conducted by the local police.

It is, therefore, requested that necessary action against the S.H.O., Budhlada, Dy. S.P., Mansa and S. P., Bhatinda may kindly be taken instantaneously and enquiry be conducted to give justice to the inhabitants of Budhlada. Justice would be administered at your honour's benevolent hands. Praying for your longevity and prosperity. This may be treated as an extra immediate.

Thanking you.

Yours faithfully,

Sd/-

(Swami Ralla Ram)

Dated: 1st November, 1969.

Copies to :—

1. The Hon'ble Chief Minister, Punjab, Chandigarh.
2. The Inspector General of Police, Punjab, Chandigarh.
3. His Excellency the Governor of Punjab, Chandigarh, for information and immediate and deterrent action please.

Dated : 1st November, 1969.

Sd/-

(Swami Ralla Ram)

1489—1·8·75—279—Pb. Govt. Press Patiala

PUNJAB VIDHAN SABHA

DEBATES

17th March, 1970

VOl. I—NO. 17

OFFICIAL REPORT

CONTENTS

Tuesday, the 17th March, 1970.

Punjab Vidhan Sabha, Secretariat, Chandigarh. *Price* : *Rs. 5.90*

(ਕਾਮਰੇ

ਪੰਜਾਬ

17th

ਕੋਈ

ERRATA

TO

Punjab Vidhan Sabha

DEBATES

Dated 17th March, 1970.

Vol. I—No. 17

Read	*For*	*Page*	*Line*
(ਕਾਮਰੇਡ ਬਾਬੂ ਸਿੰਘ ਮਾਸਟਰ)	(ਕਾਮਰੇਡ ਬਾਬ ਸਿੰਘ ਮਾਸਟਰ)	(17)58	1
ਪੰਜਾਬ	ਥੰਜਾਬ	(17)71	10
17th March, 1970	17th M	(17)76	Heading
ਕੋਈ	ਕੋਸੀ	(17)89	14th from below

PUNJAB VIDHAN SABHA

Tuesday, the 17th March, 1970.

The Vidhan Sabha met in the Hall of the Vidhan Bhavan, Sector 1, Chandigarh at 9.00 a.m. of the Clock. Mr. Speaker (Sardar Darbara Singh) in the Chair.

POSTPONED STARRED QUESTION AND ANSWER

FUNDS ALLOCATED BY FIRST CLASS MUNICIPAL COMMITTEES FOR CONSTRUCTION OF QUARTERS FOR HARIJANS.

*1325. **Sardar Sarup Singh** : Will the Minister for Local Government be pleased to state whether any of the First Class Municipal Committees in the Punjab have allocated funds for the construction of quarters for Harijans ; if so, their number together with the details of funds provided by each ?

Shri Manmohan Kalia ; (i) No.

(ii) Question does not arise.

[(i) ਨਹੀਂ ਜੀ ।

(ii) ਸਵਾਲ ਪੈਦਾ ਨਹੀਂ ਹੁੰਦਾ ।]

ਸਰਦਾਰ ਸਰੂਪ ਸਿੰਘ : ਪੁਛਿਆ ਇਹ ਗਿਆ ਹੈ ਕਿ ਕੀ ਮਨਿਸਟਰ ਸਾਹਿਬ ਦਸਣਗੇ ਕਿ ਇਸ ਦਫਾ ਅੰਮ੍ਰਿਤਸਰ ਮਿਊਂਸਪਲ ਕਮੇਟੀ ਨੇ ਫੰਡਜ਼ ਰਖੇ ਸਨ, ਪਰ ਇਨ੍ਹਾਂ ਨੇ ਕਿਹਾ 'ਨਹੀਂ ਜੀ' ਅਤੇ ਦੂਜੇ ਪੋਰਸ਼ਨ ਵਿਚ ਇਨ੍ਹਾਂ ਨੇ ਜਵਾਬ ਦਿਤਾ ਕਿ 'ਸਵਾਲ ਪੈਦਾ ਨਹੀਂ ਹੁੰਦਾ ।' ਜੇ ਮਿਊਂਸਪਲ ਕਮੇਟੀ ਹਰੀਜਨਾਂ ਵਾਸਤੇ ਫੰਡਜ਼ ਰਖੇ, ਤਾਂ ਇਨ੍ਹਾਂ ਨੂੰ ਕੀ ਇਤਰਾਜ਼ ਹੈ ? ਜਲੰਧਰ ਮਿਊਂਸਪਲ ਕਮੇਟੀ ਨੇ ਫੰਡਜ਼ ਰਖੇ ਪਰ ਇਨ੍ਹਾਂ ਨੇ ਨਾਂਹ ਕਿਉਂ ਕੀਤੀ ?

ਮੰਤਰੀ : ਜਲੰਧਰ ਮਿਊਂਸਪਲ ਕਮੇਟੀ ਨੇ ਇਸ ਕੰਮ ਵਾਸਤੇ ਇਕ ਲੱਖ ਚਾਲੀ ਹਜ਼ਾਰ ਰੁਪਏ ਰਖੇ ਸਨ, ਜੋ ਕਿ ਸਾਰੇ ਐਮਪਲਾਈਜ਼ ਵਾਸਤੇ ਰਖੇ ਗਏ ਸਨ । ਉਸ ਵਿਚ ਸਾਰੇ ਐਮਪਲਾਈਜ਼ ਸ਼ਾਮਿਲ ਸਨ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਇਹ ਸਾਰੀਆਂ ਫਸਟ ਕਲਾਸ ਮਿਊਂਸਪੈਲਿਟੀਜ਼ ਨੂੰ ਹਦਾਇਤ ਜਾਰੀ ਕਰਨਗੇ ਕਿ ਉਹ ਆਪਣੇ ਹਰੀਜਨ ਅਤੇ ਦਰਜਾ 4 ਦੇ ਐਮਪਲਾਈਜ਼ ਦੇ ਮਕਾਨਾਂ ਵਾਸਤੇ ਸਪੈਸ਼ਲ ਫੰਡਜ਼ ਅਲਾਟ ਕਰਿਆ ਕਰਨ ?

ਮੰਤਰੀ : ਅੰਮ੍ਰਿਤਸਰ ਮਿਊਂਸਪਲ ਕਮੇਟੀ ਨੇ 100 ਕੁਆਰਟਰਜ਼ ਹਰੀਜਨਾਂ ਵਾਸਤੇ ਬਣਾ ਲਏ ਹਨ ਅਤੇ ਹੋਰ ਬਣਾਉਣ ਦੀ ਪਰੋਪੋਜ਼ਲ ਹੈ । ਵੱਡੀਆਂ ਮਿਊਂਸਪਲ ਕਮੇਟੀਆਂ ਦੇ ਪਰੈਜ਼ੀਡੈਂਟਾਂ ਅਤੇ ਗੌਰਮੈਂਟ ਵਿਚਕਾਰ ਇਸ ਸਬੰਧੀ ਇਕ ਮੀਟਿੰਗ ਹੋ ਚੁਕੀ ਹੈ ਕਿ ਹਰੀਜਨਾਂ ਵਾਸਤੇ ਕੁਆਰਟਰਜ਼ ਬਣਾਏ ਜਾਣ ।

ਸਰਦਾਰ ਗੁਰਬੰਤਾ ਸਿੰਘ : ਜਿਹੜੀਆਂ ਕਲਾਸ I ਮਿਉਂਸਪਲ ਕਮੇਟੀਆਂ ਹਨ ਜਿਵੇਂ ਕਿ ਜਲੰਧਰ, ਅੰਮ੍ਰਿਤਸਰ ਵਗੈਰਾ ਕੀ ਉਥੇ ਜ਼ਮੀਨ ਦੀ ਬੜੀ ਕਿੱਲਤ ਹੈ ? ਜੇ ਹੈ ਤਾਂ ਕੀ ਇਹ ਇਮਪਰੂਵਮੈਂਟ ਟਰੱਸਟਾਂ ਨੂੰ ਇਨਸਟਰੱਕਸ਼ਨਜ਼ ਜਾਰੀ ਕਰਨਗੇ ਕਿ ਜਦੋਂ ਉਹ ਜ਼ਮੀਨ ਨਿਲਾਮ ਕਰਦੇ ਹਨ ਉਸ ਵੇਲੇ ਕੁਝ ਜ਼ਮੀਨ ਹਰੀਜਨਾਂ ਅਤੇ ਹੋਰ ਗਰੀਬ ਐਮਪਲਾਈਜ਼ ਲਈ ਰਖੀ ਜਾਵੇ ? ਇਨ੍ਹਾਂ ਮਿਉਂਸਪਲ ਕਮੇਟੀਆਂ ਵਿਚ ਜ਼ਮੀਨ ਅਗੇ ਹੀ ਨਹੀਂ ਮਿਲਦੀ । ਉਥੇ ਇਕ ਹਜ਼ਾਰ ਰੁਪਿਆ ਮਰਲਾ ਜ਼ਮੀਨ ਮਿਲਦੀ ਹੈ । ਇਸ ਨੂੰ ਗਰੀਬ ਖਰੀਦ ਨਹੀਂ ਸਕਦੇ । ਇਸ ਲਈ ਐਸੀ ਸਕੀਮ ਬਣਾਈ ਜਾਵੇ ਜਿਸ ਨਾਲ ਗਰੀਬ ਲੋਕ ਵੀ ਇਮਪਰੂਵਮੈਂਟ ਟਰਸਟ ਰਾਹੀਂ ਜ਼ਮੀਨ ਖਰੀਦ ਸਕਣ ।

ਮੰਤਰੀ : ਮਾਸਟਰ ਜੀ ਵੇਲੇ ਵੀ ਲੈਂਡ ਇਮਪਰੂਵਮੈਂਟ ਰੂਲਜ਼ ਵਿਚ ਇਹ ਪਰੋਵੀਜ਼ਨ ਨਹੀਂ ਸੀ । ਹੁਣ ਇਸ ਬਾਰੇ ਸੋਚ ਰਹੇ ਹਾਂ ।

चौधरी बलबीर सिंह : पहले इन्होंने जवाब 'न' में दिया है और अब कहा है कि अमृतसर म्युनिसिपल कमेटी ने 100 क्वार्टरज़ हरिजनों के लिए बनाए हैं। तो पहला जवाब इनका ठीक है या कि जो अब दिया है वह ठीक है ? अगर कोई कमेटी क्लास फोर्थ के ऐम्पलाईज़ और हरिजनों के लिए क्वार्टरज़ बनाती है, तो सरकार को इस में क्या तकलीफ है ? इनको मन्ज़ूरी देनी चाहिए ।

ਮੰਤਰੀ : ਇਸ ਬਾਰੇ ਅਸੀਂ ਮਿਉਂਸਪਲ ਕਮੇਟੀਜ਼ ਨੂੰ ਪਰੇਸ ਕਰ ਰਹੇ ਹਾਂ । (ਵਿਘਨ)

ਸਰਦਾਰ ਸਰੂਪ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਅਗਰ ਕੋਈ ਮਿਉਂਸਪਲ ਕਮੇਟੀ......(ਵਿਘਨ)

ਸ਼੍ਰੀ ਸਪੀਕਰ : ਜੋ ਯੂਟੇਲਾਈਜ਼ਡ ਫੰਡਜ਼ ਹਨ ਉਹ ਐਲੋਕੇਟਿਡ ਫੰਡਜ਼ ਤਾਂ ਨਹੀਂ ਹੋਣਗੇ । (The utilised funds cannot be called allocated funds.)

Chaudhri Balbir Singh : First they are allocated and then they are utilized.

Mr. Speaker : If the allocated funds are utilized then they will not remain allocated funds.

ਸਰਦਾਰ ਸਰੂਪ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਦੋਂ ਮਿਉਂਸਪਲ ਕਮੇਟੀਆਂ ਆਪਣੇ ਬਜਟ ਵਿਚੋਂ ਹਰੀਜਨਾਂ ਵਾਸਤੇ ਪੈਸੇ ਰਖਣ ਤਾਂ ਕੀ ਪੰਜਾਬ ਗੌਰਮੈਂਟ ਵੀ ਇਸ ਸਬੰਧ ਵਿਚ ਕੋਈ ਫੰਡਜ਼ ਦੇ ਕੇ ਉਨ੍ਹਾਂ ਦੀ ਸਹਾਇਤਾ ਕਰੇਗੀ ?

ਮੰਤਰੀ : ਪੰਜਾਬ ਗੌਰਮੈਂਟ ਦੀ ਇਹ ਸਨਸੀਅਰ ਕੋਸ਼ਿਸ਼ ਹੈ । ਇਸ ਦੇ ਮੁਤਾਬਿਕ ਅਸੀਂ ਸਕੀਮ ਉਤੇ ਗੌਰ ਕਰ ਰਹੇ ਹਾਂ ਕਿ ਗੌਰਮੈਂਟ ਕਿੰਨੀ ਸਹਾਇਤਾ ਕਰੇ । ਇਸ ਚੀਜ਼ ਦਾ ਅਜੇ ਫ਼ੈਸਲਾ ਨਹੀਂ ਹੋਇਆ ਹੈ ।

STARRED QUESTIONS AND ANSWERS

ALLEGED UNAUTHORISED CONSTRUCTION IN MOHALLA DHAN, JULLUNDUR CITY.

*1600. **Shri Gurdial Saini** : Will the Minister for Local Government be pleased to state whether it has come to the notice of the Government that in Mohalla Dhan in Jullundur City, somebody has made unauthorised construction on the land of the Improvement Trust, which was meant for public purposes ; if so, the action so far taken by the Government in the matter ?

ਸਥਾਨਕ ਸਰਕਾਰ ਮੰਤਰੀ :

(i) ਹਾਂ ਜੀ ।

(ii) ਨਾਜਾਇਜ਼ ਕਬਜ਼ੇਦਾਰਾਂ ਨੂੰ ਟਰਸਟ ਵਲੋਂ ਨੋਟਸ ਦੇ ਦਿਤੇ ਗਏ ਹਨ ਅਤੇ ਨਾਜਾਇਜ਼ ਤਾਮੀਰ ਨੂੰ ਜੇ ਲੋੜ ਪਈ ਤਾਂ ਪੁਲੀਸ ਦੀ ਸਹਾਇਤਾ ਨਾਲ ਦੂਰ ਕੀਤਾ ਜਾਵੇਗਾ ।

STINKING WATER FLOWING IN THE GROUND ATTACHED TO THE LABHU RAM DOABA HIGH SCHOOL AT JULLUNDUR.

*1631 **Shri Gurdial Saini** : Will the Minister for Local Government be pleased to state :—

(a) whether the Government is aware of the fact that water freely flows in the ground attached to the Labhu Ram Doaba High School at Jullundur and stinks to the great inconvenience of the 5000 children studying there ;

(b) if the reply to part (a) above be in the affirmative, whether Government propose to take steps to remove this standing water from the ground by constructing a Nala from the Labhu Ram Doaba High school to village Reru in Jullundur ?

Shri Manmohan Kalia :

(a) Yes.

(b) The Municipal Committee, Jullundur is approaching the Public Health Department in this connection.

[(ੲ) ਜੀ ਹਾਂ ।

(ਬੀ) ਇਸ ਸਬੰਧ ਵਿਚ ਨਗਰ ਪਾਲਿਕਾ, ਜਲੰਧਰ, ਜਨ ਸਿਹਤ ਵਿਭਾਗ ਨਾਲ ਗੱਲ ਬਾਤ ਕਰ ਰਹੀ ਹੈ ।]

---

* N.B. Reply to St. Qn.No. 1600 was received after the Session.

ਸ੍ਰੀ ਗੁਰਦਿਆਲ ਸੈਣੀ : ਕੀ ਇਹ ਪਾਣੀ ਨਾਲੇ ਰਾਹੀਂ ਇਥੋਂ ਕੱਢਿਆ ਜਾਵੇਗਾ ? ਇਸ ਪਾਣੀ ਨੂੰ ਸਲਮ ਸਕੀਮ ਹੇਠ ਹੀ ਕੱਢ ਦੇਣਾ ਚਾਹੀਦਾ ਹੈ (ਵਿਘਨ)

ਮੰਤਰੀ : ਇਹ ਕੰਮ ਮਿਉਂਸਪਲ ਕਮੇਟੀ ਦਾ ਹੈ । ਜੋ ਇਹ ਚੇਂਜਿਜ਼ ਲਿਆਉਣੀਆਂ ਚਾਹੁੰਦੇ ਹਨ, ਇਸ ਨੂੰ ਗੌਰਮੈਂਟ ਐਗਜ਼ਾਮਿਨ ਕਰ ਲਵੇਗੀ ।

ਸਰਦਾਰ ਸਰੂਪ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕੀ ਇਸ ਇਲਾਕੇ ਨੂੰ ਪੰਜਾਬ ਗੌਰਮੈਂਟ ਸਲਮ ਸਕੀਮ ਹੇਠ ਲਵੇਗੀ ?

ਮੰਤਰੀ : ਸਵਾਲ ਪਾਣੀ ਦੇ ਨਿਕਾਸ ਬਾਰੇ ਹੈ ।

ਸ੍ਰੀ ਗੁਰਦਿਆਲ ਸੈਣੀ : ਮਨਿਸਟਰ ਸਾਹਿਬ ਆਪ ਮੌਕੇ ਤੇ ਗਏ ਸਨ ਅਤੇ ਇਨ੍ਹਾਂ ਦੇ ਨਾਲ ਪਬਲਿਕ ਹੈਲਥ ਦਾ X E.N. ਵੀ ਸੀ । ਇਹ ਇਲਾਕਾ ਸਲਮ ਏਰੀਆ ਹੈ । ਕੀ ਸੰਤੋਖਪੁਰਾ ਸਲਮ ਏਰੀਆ ਨਾਲ ਇਸ ਇਲਾਕੇ ਦੇ ਪਾਣੀ ਦਾ ਵੀ ਨਿਕਾਸ ਕਰਾ ਦੇਣਗੇ ?

(ਕੋਈ ਜਵਾਬ ਨਾ ਦਿਤਾ ਗਿਆ ।)

ਡਾਕਟਰ ਅਮੀਰ ਸਿੰਘ ਕਲਕਟ : ਮਨਿਸਟਰ ਸਾਹਿਬ ਇਹੋ ਜਿਹਾ ਭੈੜਾ ਏਰੀਆ ਮਿਉਂਸਪਲ ਕਮੇਟੀ ਦਾ ਦੇਖ ਕੇ ਆਏ ਹਨ । ਕੀ ਇਹ ਅਜਿਹੀ ਮਿਉਂਸਪਲ ਕਮੇਟੀ ਦੇ ਖਿਲਾਫ ਕੋਈ ਐਕਸ਼ਨ ਲੈਣ ਨੂੰ ਤਿਆਰ ਹਨ ਡਿਊ ਟੂ ਅਪੈਥੀ ਆਫ਼ ਦੀ ਕਮੇਟੀ ?

(ਕੋਈ ਜਵਾਬ ਨਾ ਦਿਤਾ ਗਿਆ)

SCHEME FOR ACQUIRING 500 ACRES OF LAND UNDER THE TOWN PLANNING SCHEME.

*1497. **Doctor Sadhu Ram** : Will the Minister for Local Government be pleased to state whether it is a fact that the scheme for acquiring 500 acres of land by Govt. in 1968-69 under the Town Planning Scheme in Phagwara which was cancelled has again been revived ; if so, the reasons therefor ?

ਸ੍ਰੀ ਮਨਮੋਹਨ ਕਾਲੀਆ : ਇਹ ਸੱਚ ਹੈ ਕਿ ਸਾਲ 1968-69 ਵਿੱਚ ਫਗਵਾੜਾ ਵਿਖੇ ਲਗਭਗ 404 ਏਕੜ ਭੋਂ ਦਾ ਭੋਂ ਪ੍ਰਾਪਤੀ ਐਕਟ, 1894 ਅਧੀਨ ਧਾਰਾ 4 ਦਾ ਨੋਟੀਫਿਕੇਸ਼ਨ ਕੀਤਾ ਗਿਆ ਸੀ ਜਿਸ ਵਿੱਚੋਂ ਸਿਰਫ 50 ਏਕੜ ਭੋਂ ਹੀ ਸ਼ਹਿਰੀ ਮਿਲਖ ਦੀ ਸਥਾਪਨਾ ਲਈ ਪ੍ਰਾਪਤ ਕੀਤੀ ਜਾਣੀ ਸੀ । ਪਰ ਕੁਝ ਕਾਨੂੰਨੀ ਔਕੜਾਂ ਕਰਕੇ ਉਹ ਭੋਂ ਪ੍ਰਾਪਤ ਨਹੀਂ ਕੀਤੀ ਜਾ ਸਕੀ ਅਤੇ ਸਾਲ 1969-70 ਵਿੱਚ ਫਗਵਾੜਾ ਵਿਖੇ ਹੋਰ ਥਾਂ ਚੁਣ ਕੇ ਸ਼ਹਿਰੀ ਮਿਲਖ ਸਥਾਪਤ ਕਰਨ ਦਾ ਫੈਸਲਾ ਕੀਤਾ । ਇਸ ਬਾਰੇ ਲੋਕਲ ਸਾਈਟਿੰਗ ਬੋਰਡ ਦੀ ਮੀਟਿੰਗ ਬੁਲਾਈ ਗਈ ਪਰ ਫਗਵਾੜਾ ਦੀਆਂ ਮਿਉਂਸਪਲ ਹੱਦਾਂ ਅਨਿਸ਼ਚਿਤ ਹੋਣ ਕਰਕੇ ਹਾਲੇ ਤਕ ਕੋਈ ਥਾਂ ਨਹੀਂ ਚੁਣੀ ਜਾ ਸਕੀ ।

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਹ ਜਿਹੜੀ 500 ਏਕੜ ਜ਼ਮੀਨ ਬਾਰੇ ਇਥੇ ਜ਼ਿਕਰ ਕੀਤਾ ਗਿਆ ਹੈ ਜਿਸ ਵਿਚੋਂ ਥੋੜ੍ਹੀ ਜ਼ਮੀਨ ਲੈਣੀ ਹੈ, ਕੀ ਇਸ ਦੇ ਪੰਜ ਪੰਜ ਏਕੜ ਦੇ ਪਲਾਟ ਬਣਾ ਕੇ ਹਰੀਜਨਾਂ ਨੂੰ ਦਿਤੇ ਜਾਣਗੇ ?

ਮੰਤਰੀ : ਹਾਲੇ ਇਹ ਐਕੁਆਇਰ ਨਹੀਂ ਹੋਈ ਹੈ । (ਵਿਘਨ)

ਡਾਕਟਰ ਸਾਧੂ ਰਾਮ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜਿਹੜਾ ਇਨ੍ਹਾਂ ਨੇ ਦਸਿਆ ਹੈ ਕਿ ਹੁਣ ਦੁਬਾਰਾ ਪਟਵਾਰੀ ਭੇਜਕੇ ਕੀਮਤ ਪੁਆਈ ਜਾਵੇਗੀ, ਕੀ ਇਸ ਵਿਚ ਜ਼ਿਮੀਂ-ਦਾਰਾਂ ਨੂੰ ਧੱਕਾ ਤਾਂ ਨਹੀਂ ਦਿਤਾ ਜਾਵੇਗਾ ?

ਸ਼੍ਰੀ ਸਪੀਕਰ : ਤੁਹਾਡੇ ਅਤੇ ਮਾਸਟਰ ਜੀ ਦੇ ਇੰਟਰੈਸਟਸ ਕਲੈਸ਼ ਕਰਦੇ ਹਨ। (The interests of Dr. Sadhu Ram and that of Master Gurbanta Singh clash with each other.)

ਡਾਕਟਰ ਸਾਧੂ ਰਾਮ : ਉਨ੍ਹਾਂ ਨੂੰ ਪਤਾ ਹੈ ਕਿ ਇਹ ਜ਼ਮੀਨ ਜ਼ਿਮੀਂਦਾਰਾਂ ਦੀ ਹੈ। ਬੜਾ ਅੱਛਾ ਹੈ ਪਹਿਲਾਂ ਰਿਜੈਕਟ ਹੋ ਗਈ ਸੀ ਇਹ ਸਕੀਮ। ਦੁਬਾਰਾ ਹੁਣ ਫੇਰ ਸਕੀਮ ਬਣੀ ਹੈ, ਕੀ ਇਹ ਠੀਕ ਹੈ ਜਾਂ ਕਿ ਨਹੀਂ ?

ਮੰਤਰੀ : ਇਸ ਬਾਰੇ ਪਰੋਪੋਜ਼ਲ ਹੈ, ਕੁਝ ਰਕਬਾ ਮਿਊਂਸਪਲ ਏਰੀਆ ਤੋਂ ਬਾਹਰ ਹੈ ਅਤੇ ਕੁਝ ਅੰਦਰ ਹੈ। ਇਸ ਕਰਕੇ ਇਹ ਸਕੀਮ ਹਾਲੇ ਫਾਈਨੇਲਾਈਜ਼ ਨਹੀਂ ਹੋਈ ਹੈ।

चौधरी बलबीर सिंह : क्या मनिस्टर साहिब बताएंगे कि लैन्ड एक्वायर करने में इनको क्या दिक्कत है ?

ਮੰਤਰੀ : ਇਹ ਅਰਬਨ ਐਸਟੇਟ ਹੈ।

ਸਰਦਾਰ ਦਰਸ਼ਨ ਸਿੰਘ ਕੇ. ਪੀ : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਹ ਚੀਜ਼ ਇਨ੍ਹਾਂ ਦੇ ਇਲਮ ਵਿਚ ਹੈ ਕਿ ਜਮਸ਼ੇਰ ਔਰ ਸਾਮਸਾਰ ਪਿੰਡਾਂ ਦੀ ਜ਼ਮੀਨ 500 ਏਕੜ ਐਕੁਆਇਰ ਕੀਤੀ ਹੈ ?

(ਕੋਈ ਜਵਾਬ ਨਹੀਂ ਦਿਤਾ ਗਿਆ)

Mr. Speaker : Next question please.

Starred Question No. 1629

ਅ: ਸ: ਨੰ: 3738-3ਸੀ 1-70/
ਮੰਤਰੀ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।
ਮਿਤੀ 16 ਮਾਰਚ, 1970.

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 1629 ਜੋ ਮਿਤੀ 17-3-1970 ਲਈ ਸਵਾਲਾਂ ਦੀ ਸੂਚੀ ਵਿੱਚ ਸ: ਸਰੂਪ ਸਿੰਘ, ਐਮ. ਐਲ. ਏ., ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਕਿਉਂਕਿ ਇਸ ਲਈ ਨੋਟਿਸ ਦਾ ਬਹੁਤ ਘੱਟ ਸਮਾਂ ਮਿਲਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ

[ਸਥਾਨਕ ਸਰਕਾਰ ਮੰਤਰੀ]

ਇਸ ਸਵਾਲ ਨੂੰ ਮਿਤੀ 30-3-70 ਤੋਂ ਪਿਛੋਂ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
ਸਹੀ/-
(ਮਨਮੋਹਨ ਕਾਲੀਆ)

ਸ: ਦਰਬਾਰਾ ਸਿੰਘ, ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

INCOME FROM FORESTS.

*1197. **Chaudhri Ram Singh** : Will the Minister of State for Finance and Forests be pleased to state :—

(a) the annual income that accrued to the Government from the Forests during the years 1966-67 and 1969-70 to-date separately ;

(b) whether any steps are being taken by the Government to increase the said income ; if so, the details thereof ?

Sardar Satnam Singh Bajwa :

(a)	1966-67 (1. 11. 1966 to 31. 3. 1967)	Rs. 31, 84, 577. 00
	1967-68	Rs. 52, 16, 513. 00
	1968-69	Rs. 64, 99, 294. 00
	1969-70 (anticipated Revenue)	Rs. 65, 00, 000. 00

(b) Yes. New plantations are being raised which will increase the income of the Department.

ਡਾਕਟਰ ਸਾਧੂ ਰਾਮ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਹੜੇ ਪੌਦੇ ਪੁਰਾਣੇ ਲਗੇ ਹਨ ਕਿਧਰੇ ਉਹ ਤਾਂ ਲਿਸਟ ਵਿਚ ਨਹੀਂ ਦੱਸ ਦਿਤੇ ?

ਰਾਜ ਮੰਤਰੀ : ਇਹ ਤੁਹਾਡੇ ਵਾਲਾ ਸੁਭਾਅ ਅਸੀਂ ਛੱਡ ਦਿਤਾ ਹੈ । (ਹਾਸਾ)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕਰੈਸ਼ ਪ੍ਰੋਗਰਾਮ ਅਧੀਨ ਸੜਕਾਂ ਦੇ ਦੁਆਲੇ ਦਰੱਖਤ ਨਹੀਂ ਲਗਾਏ, ਕੀ ਇਹ ਦਰੱਖਤ ਲਗਾ ਕੇ ਆਮਦਨੀ ਵਿਚ ਵਾਧਾ ਕਰਨ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ ਜ਼ਰੂਰ ਕੋਸ਼ਿਸ਼ ਕਰਾਂਗੇ ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੇ ਪੌਦੇ ਲਗਾ ਰਹੇ ਹਨ ਇਹ ਸਫੈਦੇ ਦੇ ਆਮ ਲਗਾ ਰਹੇ ਹਨ ? ਕੀ ਸਫੈਦੇ ਦਾ ਦਰੱਖਤ ਆਮਦਨੀ ਦੇ ਲਿਹਾਜ਼ ਨਾਲ ਐਕਨਾਮੀਕਲ ਹੈ ਜਾਂ ਕੋਈ ਹੋਰ ਦਰੱਖਤ ਜਿਸ ਤਰ੍ਹਾਂ ਕਿ ਪੁਰਾਣਾ ਸ਼ੀਸ਼ਮ ਆਦਿ ਆਮਦਨੀ ਦੇਣ ਵਾਲੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਸਵਾਲ ਮੈਂਬਰ ਸਾਹਿਬ ਨੇ ਕੀਤਾ ਹੈ ਇਸ ਦੇ ਬਾਰੇ ਮੇਰੀ ਅਰਜ਼ ਹੈ ਕਿ ਸਫੈਦੇ ਦਾ ਦਰੱਖਤ ਇਕ ਤਾਂ ਜਲਦੀ ਹੁੰਦਾ ਹੈ ਔਰ ਦੂਸਰਾ ਜੋ ਕਾਗਜ਼ ਬਣਾਉਣ ਦੀ ਫੈਕਟਰੀ ਦਾ ਪ੍ਰੋਗਰਾਮ ਹੈ ਉਸ ਵਿਚ ਇਹ ਕਾਗਜ਼ ਬਣਾਉਣ ਵਿਚ ਕੰਮ ਆਵੇਗਾ। (ਵਿਘਨ)

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਸ਼ਹਿਤੂਤ ਦੇ ਦਰੱਖਤ ਦੀ ਬਹੁਤ ਜ਼ਰੂਰਤ ਹੈ, ਉਨ੍ਹਾਂ ਨੂੰ ਲਾਉਣ ਵਲ ਕਿਉਂ ਨਹੀਂ ਧਿਆਨ ਦਿਤਾ ਜਾਂਦਾ ?

ਰਾਜ ਮੰਤਰੀ : ਇਹ ਦਰੱਖਤ ਵੀ ਕਈ ਜਗ੍ਹਾ ਲਗਾਏ ਜਾ ਰਹੇ ਹਨ।

ਸਰਦਾਰ ਗੁਰਬੰਤਾ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜਾ ਸਫੈਦੇ ਦੇ ਦਰੱਖਤ ਬਾਰੇ ਇਨ੍ਹਾਂ ਨੇ ਦਸਿਆ ਹੈ ਕਿ ਉਹ ਨਿਊਜ਼ ਪ੍ਰਿੰਟ ਫੈਕਟਰੀ ਵਾਸਤੇ ਕੰਮ ਆਵੇਗਾ, ਕੀ ਪਹਿਲਾਂ ਜਿਹੜੀ ਨਿਊਜ਼ ਪ੍ਰਿੰਟ ਫੈਕਟਰੀ ਦੀ ਸਕੀਮ ਬਣੀ ਸੀ ਔਰ ਲੱਖਾਂ ਕਰੋੜਾਂ ਰੁਪਏ ਦੀ ਮਦਦ ਦੀ ਗਲ ਸੀ ਕਿ ਤੁਸੀਂ ਦਰੱਖਤ ਲਗਾਓ ਤਾਂ ਉਸ ਲਈ ਸਹਾਇਤਾ ਦਿਤੀ ਜਾਵੇਗੀ, ਕੀ ਹੁਣ ਵੀ ਕੋਈ ਐਸੀ ਸਕੀਮ ਹੈ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਿਰਦਾਰ ਕਪੂਰ ਸਿੰਘ : ਪੰਜਾਬ ਵਿਚ ਡੇਲਿਆਂ ਦਾ ਆਚਾਰ ਬੜਾ ਮਹਿੰਗਾ ਹੋ ਰਿਹਾ ਹੈ, ਕੀ ਮਾਨਯੋਗ ਮੰਤਰੀ ਸਾਹਿਬ ਇਸ ਗਲ ਵਲ ਧਿਆਨ ਦੇਣਗੇ ਕਿ ਕਰੀਰਾਂ ਦੇ ਝਾੜ ਵੀ ਸਰਕਾਰੀ ਸੜਕਾਂ ਉਤੇ ਲਾਏ ਜਾਣ ?

ਰਾਜ ਮੰਤਰੀ : ਸਪੀਕਰ ਸਾਹਿਬ, ਜੇ ਇਹ ਖਾਣ ਦਾ ਸ਼ੌਕ ਰਖਦੇ ਹਨ ਤਾਂ ਇਹ ਵੀ ਲਗਾ ਦੇਵਾਂਗੇ।

चौधरी बलबीर सिंह : क्या मनिस्टर साहिब के नोटिस में है कि रोपड़ में बहुत भारी स्कैंडल हुआ है कि कुछ लोगों को 28 हज़ार रुपये पर दरख्तों की निलामी की गई जब कि सरकार के पास लाखों रुपये की आफ़र थी ? अगर यह चीज़ मिनिस्टर साहिब के नोटिस में है तो इस पर क्या कारवाई की गई है ?

ਮੰਤਰੀ : ਇਹ ਤਾਂ ਸਪੀਕਰ ਸਾਹਿਬ, ਅਗੇ ਵੀ ਇਕ ਸਵਾਲ ਆਇਆ ਸੀ ਔਰ ਉਸ ਦੇ ਜਵਾਬ ਵਿਚ ਦਸਿਆ ਗਿਆ ਹੈ ਕਿ ਇਸ ਦੀ ਇਨਕੁਆਇਰੀ ਕੀਤੀ ਜਾਵੇਗੀ।

DEPUTY PUBLIC ANALYST UNDER THE HEALTH DEPARTMENT

*1611. **Shri Sardari Lal Kapur** : Will the Minister of State for Industries and Health be pleased to s a e :—

(a) Whether it is a fact that Shri Hargobind Singh appointed as Deputy Public Analyst under the Health Department, does

[**Shri Sardari Lal Kapur**]

not possess the requisite qualifications and experience as prescribed in the Prevention of Food Adulteration Act (1954); if so, the reasons for giving him preference over the qualified candidates available in the department ;

(b) whether it is a fact that extension in his service beyond six months has been got approved from the Punjab Public Service Commission; if not, the reasons therefor ;

(c) whether he has submitted any report of analysis in connection with the analytical-cum-legal work entrusted to him in respect of a couple of districts in the State ; if not, the fate of the state of the samples entrusted to him for analysis ;

(d) the total number of legal samples handled by him and the expenditure incurred by Government in seizing them ;

(e) whether the Government is aware of harrassment to the Vendors resulting from the continued seizure of samples without the reports of the Analyst ; and the action the Government propcse to take in the matter ?

ਸਰਦਾਰ ਰਵੇਲ ਸਿੰਘ :

(ੲ) ਹਾਂ ਜੀ। ਕਿਉਂਕਿ ਇਹਨਾਂ ਦੀ ਨਿਯੁਕਤੀ ਤੱਦ-ਅਰਥ ਅਧਾਰ ਤੇ ਕੀਤੀ ਗਈ ਸੀ।

(ਬੀ) ਨਹੀਂ ਜੀ। ਕਿਉਂਕਿ ਉਪ ਲੋਕ ਵਿਸ਼ਲੇਸ਼ਨ ਦੀ ਅਸਾਮੀ ਦਾ ਨਾਮ ਪੱਦ ਤਬਦੀਲ ਕਰਨ ਦਾ ਮੁਆਮਲਾ ਸਰਕਾਰ ਦੇ ਵਿਚਾਰ ਅਧੀਨ ਰਿਹਾ ਹੈ।

(ਸੀ) ਨਹੀਂ ਜੀ। ਇਨ੍ਹਾਂ ਸੈਂਪਲਾਂ ਦਾ ਮੁਆਮਲਾ ਹਾਲੇ ਵਿਚਾਰ ਅਧੀਨ ਹੈ।

(ਡੀ) ਕੁਲ 1635 ਨਮੂਨੇ ਅਤੇ ਖਰਚਾ 92922/-ਰੁਪਏ।

(ਈ) ਵੈਂਡਰਜ਼ ਦੀ ਹਰਾਸਮੈਂਟ ਬਾਰੇ ਸਰਕਾਰ ਦੇ ਨੋਟਿਸ ਵਿਚ ਕੋਈ ਕੇਸ ਨਹੀਂ ਆਇਆ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜਾ ਸਰਦਾਰ ਹਰਗੋਬਿੰਦ ਸਿੰਘ ਹੈ, ਇਹ ਲੀਗਲੀ ਸੈਂਮਪਲ ਟੈਸਟ ਨਹੀਂ ਕਰ ਸਕਦਾ ਔਰ ਜਿਹੜੇ ਸੈਂਮਪਲ ਟੈਸਟ ਕੀਤੇ ਹਨ ਉਸ ਦਾ ਨੁਕਸਾਨ ਹਜ਼ਾਰਾਂ ਕਰੋੜਾਂ ਰੁਪਏ ਸਰਕਾਰ ਨੂੰ ਹੋਇਆ ਹੈ ? ਕੀ ਉਸ ਨੂੰ ਤਬਦੀਲ ਕਰ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਸਰਦਾਰ ਹਰਗੋਬਿੰਦ ਸਿੰਘ ਨੂੰ ਉਥੋਂ ਤਬਦੀਲ ਕਰਕੇ ਉਸ ਦੀ ਜਗ੍ਹਾ ਦੂਸਰਾ ਬੰਦਾ ਲਗਾਇਆ ਜਾ ਰਿਹਾ ਹੈ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਹ ਜਿਹੜਾ ਬੰਦਾ ਲਗਾਇਆ ਹੈ ਇਹ ਅਨਕੁਆਲੀਫਾਈਡ ਬੰਦਾ ਲਗਾਇਆ ਹੈ ਔਰ ਇਹ ਜਿਹੜੇ ਕੇਸ ਹਨ ਇਹ ਹਾਈ ਕੋਰਟ ਵਿਚ ਰਹਿ ਜਾਣਗੇ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਕੁਆਲੀਫੀਕੇਸ਼ਨ ਦਾ ਤੱਲਕ ਹੈ ਉਹ ਬੰਦਾ ਐਜੂਕੇਸ਼ਨਲ ਕੁਆਲੀਫੀਕੇਸ਼ਨ ਪੂਰੀਆਂ ਕਰਦਾ ਹੈ । ਲੇਕਿਨ ਤਜਰਬਾ ਉਸ ਨੂੰ ਘੱਟ ਸੀ, ਇਸ ਲਈ ਉਸ ਨੂੰ ਤਦ-ਅਰਥ ਅਧਾਰ ਤੇ ਲਗਾਇਆ ਗਿਆ ਸੀ । ਹੁਣ ਉਸ ਦੀ ਥਾਂ ਤੇ ਨਵਾਂ ਬੰਦਾ ਲਗਾਇਆ ਜਾ ਰਿਹਾ ਹੈ ।

ਸਿਰਦਾਰ ਕਪੂਰ ਸਿੰਘ : ਅਧਿਅਕਸ਼ ਸਾਹਿਬ, ਮੰਤਰੀ ਸਾਹਿਬ ਪ੍ਰਸ਼ਨ ਨੂੰ ਘੁਮਾ ਰਹੇ ਹਨ । ਕੀ ਇਹ ਸੱਚ ਹੈ ਕਿ ਜਿਸ ਵਿਅਕਤੀ ਨੂੰ ਇਸ ਸਰਕਾਰੀ ਪਦਵੀ ਉਤੇ ਲਗਾਇਆ ਗਿਆ ਹੈ ਉਸ ਦੀਆਂ ਜੋ ਯੋਗਤਾਵਾਂ ਹਨ ਉਹ ਕਾਨੂੰਨ ਦੇ ਮੁਤਾਬਕ ਪੂਰਨ ਯੋਗਤਾਵਾਂ ਨਹੀਂ ਹਨ ? ਇਸ ਕਾਰਨ ਜਿਹੜੇ ਕੇਸ ਉਸ ਨੇ ਨਿਰਖੇ ਹਨ ਜੋ ਕਿ 1600 ਦ ਕਰੀਬ ਹਨ, ਉਹ ਸਾਰੇ ਦੇ ਸਾਰੇ ਖਰਾਬ ਹੋ ਗਏ ਹਨ, ਬਰਫ਼ ਵਿਚ ਲਗ ਗਏ ਹਨ ਅਤੇ ਉਸ ਨਾਲ ਸਰਕਾਰ ਦਾ ਬੜਾ ਭਾਰੀ ਨੁਕਸਾਨ ਹੋਇਆ ਹੈ ? ਕੀ ਮੰਤਰੀ ਸਾਹਿਬ ਦਸਣਗੇ ਕਿ ਅਯੋਗ ਆਦਮੀ ਕਿਉਂ ਲਗਾਇਆ ਗਿਆ ਹੈ ਔਰ ਜਿਹੜੇ ਕੇਸ ਖਰਾਬ ਹੋਏ ਹਨ ਉਸ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਹੈ ? (ਵਿਘਨ)

ਰਾਜ ਮੰਤਰੀ : ਉਸ ਟਾਈਮ ਤਾਂ ਡੀਪਾਰਟਮੈਂਟ ਵਿਚ ਕੁਝ ਬੜੀਆਂ Serious ਸ਼ਕਾਇਤਾਂ ਦੀ ਗਲ ਸੀ ਜਿਹੜੀਆਂ ਮਗਰੋਂ ਠੀਕ ਨਿਕਲੀਆਂ (ਵਿਘਨ) ਕੇਸ ਵਿਜੀਲੈਂਸ ਨੂੰ ਦਿਤਾ ਹੈ ਔਰ ਇਹ ਹਾਲੇ ਵੀ ਵਿਜੀਲੈਂਸ ਡੀਪਾਰਟਮੈਂਟ ਦੇ ਸਪੁਰਦ ਹੈ । ਜਿਥੋਂ ਤਕ ਐਜੂਕੇਸ਼ਨਲ ਕੁਆਲੀ-ਫੀਕੇਸ਼ਨ ਦਾ ਤੱਲਕ ਹੈ ਉਹ ਐਜੂਕੇਸ਼ਨਲ ਕੁਆਲੀਫੀਕੇਸ਼ਨ ਪੂਰੀਆਂ ਕਰਦਾ ਹੈ । ਲੇਕਿਨ ਉਸ ਦਾ ਤਜਰਬਾ ਘੱਟ ਸੀ । ਹੁਣ ਉਸ ਨੂੰ ਹਟਾ ਕੇ ਹੋਰ ਕੋਈ ਬੰਦਾ ਉਸ ਦੀ ਥਾਂ ਤੇ ਲਗਾਇਆ ਜਾ ਰਿਹਾ ਹੈ । (ਵਿਘਨ)

ਸ਼੍ਰੀ ਸਪੀਕਰ : ਸਰਦਾਰ ਰਵੇਲ ਸਿੰਘ ਜੀ, ਉਹ requisite legal qualifications ਪੂਰੀਆਂ ਕਰਦਾ ਸੀ ? (ਵਿਘਨ) (ਸ਼ੋਰ) (Addressing the Minister of State for Health and Industries : Did that officer fulfil the requisite legal qualifications ?)

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ਕਿ ਡਾਇਰੈਕਟਰ ਸਾਹਿਬ ਨੇ ਲਿਖਿਆ ਸੀ ਕਿ ਇਸ ਨੂੰ ਬਿਲਕੁਲ ਨਾ ਲਾਇਆ ਜਾਵੇ ? (ਵਿਘਨ)

ਰਾਜ ਮੰਤਰੀ : ਐਸੀ ਕੋਈ ਚੀਜ਼ ਮੇਰੇ ਨੋਟਿਸ ਵਿਚ ਨਹੀਂ ਹੈ । (ਵਿਘਨ) (ਸ਼ੋਰ)

ਮੁੱਖ ਮੰਤਰੀ : ਸਪੀਕਰ ਸਾਹਿਬ, ਕੁਆਲੀਫੀਕੇਸ਼ਨ ਇਸ ਸਜਣ ਦੀਆਂ ਬਿਲਕੁਲ ਠੀਕ ਹਨ, ਬਲਕਿ ਇਸ ਦੇ ਆਉਣ ਤੋਂ ਬਾਦ ਪਤਾ ਲਗਾ ਕਿ ਕੈਮੀਕਲ ਆਫ਼ਿਸ ਵਿਚ ਬੜੀ ਗੜ-ਬੜ ਸੀ ਇਸ ਲਈ ਫੌਰਨ ਛਾਪੇ ਮਾਰ ਕੇ ਕੇਸ ਕਬਜ਼ੇ ਵਿਚ ਲਏ ਗਏ । (ਵਿਘਨ) ਜਿਥੋਂ ਤਕ ਇਸ ਦੀ ਕੁਆਲੀਫੀਕੇਸ਼ਨ ਦਾ ਤੱਲਕ ਹੈ ਇਹ ਬਿਲਕੁਲ ਠੀਕ ਹੈ । ਉਹ ਐਮ. ਐਸ. ਸੀ. ਹੈ । (ਵਿਘਨ)

Sirdar Kapur Singh : Did this man fulfil the requisite legal qualifications and was he fit to be, in this sense appointed as Public Analyst ?

Mr. Speaker : The Chief Minister has categorically said that he fulfilled the requisite qualifications.

Sirdar Kapur Singh : We are not satisfied with the answer.

Mr. Speaker : You can say that the answer is incorrect.

Sirdar Kapur Singh : Permit me to say, Mr. Speaker, the answer is evasive.

Mr. Speaker : The answer is categorical.

Sirdar Kapur Singh : It is not true that the answer is categorical.

Mr. Speaker : It may be incorrect but the answer is there.

ਸਰਦਾਰ ਉਮਰਾਓ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਪਬਲਿਕ ਐਨਾਲਿਸਟ ਲਈ ਐਜੂਕੇਸ਼ਨਲ ਕੁਆਲੀਫ਼ੀਕੇਸ਼ਨਜ਼ ਦੇ ਨਾਲ ਇਹ ਜ਼ਰੂਰੀ ਸੀ ਕਿ ਉਸ ਦੇ ਪਾਸ ਐਕਸਪੀਰੀਐਂਸ ਵੀ ਹੋਣਾ ਚਾਹੀਦਾ ਸੀ, ਜਿਹੜਾ ਉਸ ਦੇ ਪਾਸ ਨਹੀਂ ਸੀ ? ਕੀ ਇਹ ਠੀਕ ਹੈ ?

ਮੁੱਖ ਮੰਤਰੀ : ਇਹ ਜਿਹੜੇ ਸੱਜਨ ਲਗਾਏ ਗਏ ਹਨ, ਇਹ ਬਿਲਕੁਲ ਕੁਆਲੀਫ਼ਾਈਡ ਹਨ ਸੈਂਪਲਜ਼ ਆਦਿ ਭਰਨ ਵਾਸਤੇ ।......(ਵਿਘਨ)......

ਸ਼੍ਰੀ ਸਪੀਕਰ : ਈਵੇਡ ਨਹੀਂ ਕੀਤਾ, ਰਿਟਨ ਕੁਐਸਚਨ ਵੇਖੋ...(The reply is not evasive. Please see written question it reads...

> "Whether it is a fact that Shri Hargobind Singh appointed as Deputy Public Analyst under the Health Department does not possess the requisite qualifications .. ..." The answer was "ਹਾਂ ਜੀ"

Sardar Umrao Singh : Sir, does Shri Hargobind Singh possess the requisite qualifications and experience as prescribed in the Prevention of Food Adulteration Act ?

Sirdar Kapur Singh : Sir, the supplementary questions are being evaded.

ਮੁੱਖ ਮੰਤਰੀ : ਐਜੂਕੇਸ਼ਨਲ ਕੁਆਲੀਫੀਕੇਸ਼ਨਜ਼ ਬਿਲਕੁਲ ਠੀਕ ਹਨ, ਦੋ ਸਾਲ ਦਾ ਤਜਰਬਾ ਨਹੀਂ ਸੀ ।

Sirdar Kapur Singh : Mr. Speaker, the Chief Minister has now answered the question. The original question was, did he possess the requisite qualifications, and the Government's answer was "Yes". Now the Chief Minister says that he does not possess the requisite qualifications. Now I raise a question of breach of privilege because two different answers given by the Government are on the record and it is for the House to take it up now.

Mr. Speaker : The incorrect reply does not involve any question of breach of privilege of the House.

Sirdar Kapur Singh ; Mr. Speaker, it is certainly a breach of privilege. The Chief Minister has been misleading the whole House.

Mr. Speaker : The answer is already there. The Minister said, "ਹਾਂ ਜੀ". The Analyst does not possess the requisite qualifications.

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਜਿਹੜੀਆਂ ਕੁਆਲੀਫ਼ੀਕੇਸ਼ਨਜ਼ ਸਨ ਉਹ ਪੂਰੀਆਂ ਨਹੀਂ, ਕਿਉਂਕਿ ਕੁਆਲੀਫ਼ੀਕੇਸ਼ਨਜ਼ ਉਸ ਦੇ ਲਈ ਦੋ ਕਿਸਮ ਦੀਆਂ ਰਖੀਆਂ ਹੋਈਆਂ ਸਨ, ਇਕ ਐਜੂਕੇਸ਼ਨਲ ਅਤੇ ਦੂਜੀ ਐਕਸਪੀਰੀਐਂਸ ਦੀ । ਕੀ ਐਪੁਆਇੰਟਮੈਂਟ ਵੇਲੇ ਉਨ੍ਹਾਂ ਦੇ ਐਕਸਪੀਰੀਐਂਸ ਨਾ ਹੋਣ ਦੀ ਕੁਆਲੀਫ਼ੀਕੇਸ਼ਨ ਰੀਲੈਕਸ ਕਰ ਦਿਤੀ ਗਈ ਸੀ ਜਾਂ ਨਹੀਂ ?

ਰਾਜ ਮੰਤਰੀ : ਉਨ੍ਹਾਂ ਨੂੰ ਐਡਹਾਕ ਬੇਸਿਜ਼ ਤੇ 6 ਮਹੀਨਿਆਂ ਲਈ ਰਖਿਆ ਗਿਆ ਸੀ, ਕਿਉਂਕਿ ਕੇਸ ਪਬਲਿਕ ਸਰਵਿਸ ਕਮਿਸ਼ਨ ਵਿਚ ਜਾਣਾ ਸੀ । ਉਸ ਵਕਤ ਪੋਜ਼ੀਸ਼ਨ ਐਸੀ ਸੀ ਕਿ ਉਸ ਨੂੰ ਰਖਣਾ ਪਿਆ । ਵੈਸੇ ਮੈਂ ਦਸ ਦਿਆਂ ਕਿ ਕੇਸ ਵਿਜੀਲੈਂਸ ਡਿਪਾਟਮੈਂਟ ਦੇ ਕੋਲ ਹਨ । ਉਸ ਨੇ ਸਾਨੂੰ ਦਸਿਆ ਕਿ ਕੁਝ ਸੈਂਪਲਜ਼ ਐਸੇ ਸਨ, ਜਿਨ੍ਹਾਂ ਦਾ ਚੈਕਿੰਗ ਤੋਂ ਬਾਦ ਪਤਾ ਲਗਾ ਕਿ, ਜਿਨ੍ਹਾਂ ਲੋਕਾਂ ਦੇ ਸੈਂਪਲਜ਼ ਠੀਕ ਸਨ ਉਹ ਗ਼ਲਤ ਹੋ ਗਏ ਅਤੇ ਜਿਨ੍ਹਾਂ ਦੇ ਗ਼ਲਤ ਸਨ ਉਹ ਠੀਕ ਹੋ ਗਏ । ਡਿਪਾਰਟਮੈਂਟ ਦੇ ਕੰਮ ਵਿਚ ਬੜੀ ਰੁਕਾਵਟ ਸੀ ਅਤੇ ਉਸ ਰੁਕਾਵਟ ਨੂੰ ਦੂਰ ਕਰਨ ਵਾਸਤੇ ਉਨ੍ਹਾਂ ਨੂੰ ਐਪੁਆਇੰਟ ਕਰਨਾ ਪਿਆ ।

ਸ਼੍ਰੀ ਸਰਦਾਰੀ ਲਾਲ ਕਪੂਰ : ਮੇਰਾ ਜਿਹੜਾ ਕੁਐਸਚਨ ਸੀ, ਮੈਂ ਉਸ ਦੇ ਆਧਾਰ ਤੇ ਇਕ ਗਲ ਪੁਛਣਾ ਚਾਹੁੰਦਾ ਹਾਂ ਕਿ ਅਦਾਲਤ ਨੇ ਜਿਹੜੀ ਰਿਪੋਰਟ ਦਿਤੀ ਹੈ ਉਹ ਇਹ ਹੈ ਕਿ ਸੈਂਪਲਜ਼ ਭਰਨ ਲਈ ਉਸ ਆਦਮੀ ਦੀਆਂ ਜਿਹੜੀ ਕੁਆਲੀਫ਼ੀਕੇਸ਼ਨਜ਼ ਸਨ, ਉਹ ਪੂਰੀਆਂ ਨਹੀਂ ਸਨ । ਇਹ ਦਸਿਆ ਜਾਵੇ ਕਿ ਵਾਕਈ ਉਸ ਦੀਆਂ ਕੁਆਲੀਫ਼ੀਕੇਸ਼ਨਜ਼ ਪੂਰੀਆਂ ਨਹੀਂ ਸਨ ?

ਰਾਜ ਮੰਤਰੀ : ਜਿਥੋਂ ਤਕ ਮੇਰੇ ਕੋਲ ਇਨਫ਼ਰਮੇਸ਼ਨ ਹੈ, ਉਹ ਇਹ ਹੈ ਕਿ ਜਿੰਨੇ ਵੀ ਉਨ੍ਹਾਂ ਨੇ ਸੈਂਪਲਜ਼ ਭਰੇ ਹਨ ਅੱਜ ਤਕ ਉਨ੍ਹਾਂ ਵਿਚੋਂ ਕੋਈ ਕੇਸ ਕੋਰਟ ਵਿਚ ਗਿਆ ਹੀ ਨਹੀਂ ।

ਸ਼੍ਰੀ ਸਪੀਕਰ : ਮੰਤਰੀ ਸਾਹਿਬ, ਇਨ੍ਹਾਂ ਦੇ ਕਹਿਣ ਦਾ ਭਾਵ ਇਹ ਹੈ ਕਿ ਚੂੰਕਿ ਉਹ ਆਦਮੀ ਕੁਆਲੀਫਾਈਡ ਨਹੀਂ ਸੀ ਸੈਂਪਲ ਭਰਨ ਲਈ ਇਸ ਕਰਕੇ ਲਗ ਭਗ 16 ਸੌ ਕੇਸ, ਜਿਸ ਤਰ੍ਹਾਂ ਇਹ ਦਸਦੇ ਹਨ, ਖਰਾਬ ਹੋਏ ਹਨ । ਉਨ੍ਹਾਂ ਦੀ ਜ਼ਿੰਮੇਂਵਾਰੀ ਕਿਸ ਦੇ ਉਤੇ ਹੈ ? (Addressing the State Minister : What the hon. Member means is that since that gentleman did not possess the requisite qualifications for taking samples, about 1600 samples which he took, went waste. Has responsibility been fixed on anyone for all this ?)

(Noise in the House)

Sirdar Kapur Singh : Mr. Speaker, the Chief Minister and the Health Minister are trained lawyers evading the supplementary

[**Sirdar Kapur Singh**]
questions as they would in a court of law. They should reply as they should explain to their clients.

Sardar Umrao Singh : Sir, the question may be postponed so that the Minister should come prepared and inform the House about the correct position tomorrow.

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਡਾਇਰੈਕਟਰ ਸਾਹਿਬ ਨੇ ਕਿਹਾ ਕਿ ਉਸ ਦੀਆਂ ਕੁਆਲੀਫ਼ੀਕੇਸ਼ਨਜ਼ ਪੂਰੀਆਂ ਨਹੀਂ ਹਨ, ਇਸ ਲਈ ਉਸ ਦੀ ਐਪੁਆਇੰਟਮੈਂਟ ਨਹੀਂ ਹੋਣੀ ਚਾਹੀਦੀ...(ਵਿਘਨ)...ਜੇਕਰ ਤੁਸੀਂ ਇਸ ਨੂੰ ਕਲ੍ਹ ਤਕ ਪੈਂਡਿੰਗ ਰਖ ਲਵੋ ਤਾਂ ਠੀਕ ਹੋਵੇਗਾ...(ਵਿਘਨ)...

ਮੁੱਖ ਮੰਤਰੀ : ਇਹ ਕੁਐਸਚਨ ਵਿਚ ਕਿਥੇ ਹੈ ਕਿ ਡਾਇਰੈਕਟਰ ਨੇ ਕਿਹਾ ਹੈ ਕਿ ਉਸ ਦੀਆਂ ਕੁਆਲੀਫ਼ੀਕੇਸ਼ਨਜ਼ ਪੂਰੀਆਂ ਨਹੀਂ ਸਨ...(ਵਿਘਨ)...
It does not arise out of this question (Interruptions and Noise in the House). This supplementary does not come within the scope of this question. A specific notice is necessary for this supplementary. It is totally a different question.

चौधरी बलबीर सिंह : क्या मंत्री महोदय बतायेंगे कि उस आदमी की ऐप्वांयटमैंट के सिलसले में कहीं उनकी अमृतसर की हाई कमांड का हाथ तो नहीं ?

ਮੁੱਖ ਮੰਤਰੀ : ਨਹੀਂ ਜੀ ।

ਸ਼੍ਰੀ ਸਪੀਕਰ : ਮੈਂ ਚੀਫ਼ ਮਨਿਸਟਰ ਸਾਹਿਬ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਚੂੰਕਿ ਇਹ ਮਾਮਲਾ ਪਿਉਰ ਫੂਡ ਐਕਟ ਦੇ ਥਲੇ ਆਉਂਦਾ ਹੈ, ਇਹ ਮਸਲਾ ਬੜਾ ਗੰਭੀਰ ਹੈ । ਇਸ ਲਈ ਇਸ ਦੇ ਉਤੇ ਜ਼ਰਾ ਹੋਰ ਗੌਰ ਕਰ ਲਈ ਜਾਵੇ । (I will request the Chief Minister that the matter is of a serious nature and since it comes under the Pure Food Act, it needs re-consideration.)

ਮੁੱਖ ਮੰਤਰੀ : ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਬੜਾ ਗੰਭੀਰ ਸੀ । ਉਸ ਆਦਮੀ ਨੇ ਆਕੇ ਇਸ ਮਸਲੇ ਵਿਚ ਮੱਦਦ ਕੀਤੀ ।

Mr. Speaker : Next Question please (Interruption)

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਇਹ ਕੁਐਸਚਨ ਪੈਂਡਿੰਗ ਕਰ ਦਿਉ ।

Mr. Speaker : Please take your seat. (noise)

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਇਕ ਸਪਲੀਮੈਂਟਰੀ ਕਰਨ ਦਿਉ... (ਵਿਘਨ)...

Mr. Speaker : Please resume your seat. (Interruption)

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਤੁਸੀਂ ਮੇਰਾ ਸਪਲੀਮੈਂਟਰੀ ਸੁਣ ਕੇ ਬੜੇ ਖੁਸ਼ ਹੋਵੋਗੇ...(ਵਿਘਨ)...

ਸ਼੍ਰੀ ਸਪੀਕਰ : ਚੌਧਰੀ ਸਾਹਿਬ ਕੋਈ ਰੋਣ ਵਾਲੀ ਸਪਲੀਮੈਂਟਰੀ ਨਾ ਕਰਨਾ । ਜੇ ਕੋਈ ਐਸੀ ਗਲ ਰੋਣ ਵਾਲੀ ਕਰਨੀ ਹੋਵੇ ਤਾਂ ਕਿਸੇ ਇਕਲੀ ਜਗ੍ਹਾ ਤੇ ਬੈਠ ਕੇ ਰੋ ਲਿਆ ਕਰੋ... (ਹਾਸਾ)... । (I am afraid lest the hon. member should put some supplementary question arising out of grief. If he feels like weeping, he may do so at some lonely spot.)

———

UNIFORMS FOR CERTAIN CATEGORIES OF CLASS IV EMPLOYEES.

*1593. **Chaudhri Balbir Singh** : Will the Chief Minister be pleased to state whether it is a fact that the Government servants such as Jamadars, Peons, Daftries, Malis, Chowkidars, Sweepers, Beldars, Laboratory Attendants and Library Attendants are classified as Class IV servants under the Civil Service Rules ; if so, the reasons why Peons, Chowkidars and Jamadars only are allowed warm and Summer uniforms and others are not allowed this concession ?

ਡਾਕਟਰ ਭਗਤ ਸਿੰਘ (ਸਮਾਜ ਭਲਾਈ ਮੰਤਰੀ) : ਹਾਂ ਜੀ ! ਚੌਥੇ ਦਰਜੇ ਦੇ ਕਰਮ-ਚਾਰੀਆਂ ਨੂੰ ਵਰਦੀਆਂ ਉਹਨਾਂ ਦੀਆਂ ਡਿਊਟੀਆਂ ਨੂੰ ਮੁੱਖ ਰਖਦੇ ਹੋਏ ਦਿੱਤੀਆਂ ਹਨ ਅਤੇ ਕਲਾਸ ਦੇ ਅਧਾਰ ਤੇ ਨਹੀਂ ।

चौधरी बलबीर सिंह : यह मैंने जो सवाल दिया है उसमे वाजह तौर पर कहा है कि चौकीदारों और जमादारों को वर्दियाँ दी जाती है लेकिन बाकी को नहीं दी जातीं । उसका क्या कारण है ?

ਮੰਤਰੀ : ਇਹ ਜਿਹੜੀਆਂ ਵਰਦੀਆਂ ਦਿਤੀਆਂ ਜਾਂਦੀਆਂ ਹਨ, ਇਹ ਨੇਚਰ ਆਫ਼ ਡਿਊਟੀ ਦੇ ਹਿਸਾਬ ਨਾਲ ਦਿਤੀਆਂ ਜਾਂਦੀਆਂ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਥੇ ਦਸਿਆ ਗਿਆ ਹੈ ਕਿ ਪੀਅਨ ਨੂੰ, ਦਫ਼ਤਰੀ ਨੂੰ, ਮਾਲੀ ਨੂੰ, ਚੌਕੀਦਾਰ ਵਗੈਰਾ ਨੂੰ ਵਰਦੀਆਂ ਦਿਤੀਆਂ ਜਾਂਦੀਆਂ ਹਨ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਾਰੇ ਫ਼ੋਰਥ ਕਲਾਸ ਨੂੰ ਇਕ ਸਾਰ ਸਹੂਲਤਾਂ ਦੇਣ ਲਈ ਗੌਰ ਕਰਨਗੇ ?

ਮੰਤਰੀ : ਇਹ ਸਿਫ਼ਾਰਸ਼ ਕਰ ਕੇ ਮੈਂ ਮਹਿਕਮੇ ਵਲੋਂ ਭੇਜੀ ਹੋਈ ਹੈ ।

ਕਾਮਰੇਡ ਸੱਤਪਾਲ ਡਾਂਗ : ਮੈਡੀਕਲ ਕਾਲਜ ਦੇ ਫ਼ੋਰਥ ਕਲਾਸ ਐਮਪਲਾਈਜ਼ ਨੂੰ ਵਿੰਟਰ ਯੂਨੀਫ਼ਾਰਮ ਦੇ ਵਿਚ ਕੋਟ ਅਤੇ ਪੈਂਟ ਮਿਲਦੀ ਹੁੰਦੀ ਸੀ ਹੁਣ ਇਕੱਲੀ ਪੈਂਟ ਰਹਿ ਗਈ ਹੈ, ਕੋਟ ਨਾ ਦੇਣ ਦੇ ਕੀ ਕਾਰਨ ਹਨ ?

ਮੰਤਰੀ : ਉਨ੍ਹਾਂ ਦਾ ਕੇਸ ਸੈਪਰੇਟ ਡੀਲ ਹੁੰਦਾ ਹੈ ।

ਸਰਦਾਰ ਕਿਰਪਾਲ ਸਿੰਘ : ਸਾਰੀਆਂ ਕੈਟੇਗਰੀਜ਼ ਨੂੰ ਗੌਰਮੈਂਟ ਨੇ ਇਹ ਸਹੂਲਤਾਂ ਨਹੀਂ ਦਿਤੀਆਂ। ਕੀ ਸਰਕਾਰ ਦੇ ਖ਼ਿਆਲ ਵਿਚ ਇਹ ਤਾਂ ਨਹੀਂ ਕਿ ਉਹ ਵੈਲ ਪੇਡ ਐਮਪਲਾਈਜ਼ ਹਨ ਅਤੇ ਉਹ ਅਪਣਾ ਇੰਤਜ਼ਾਮ ਆਪ ਕਰ ਸਕਦੇ ਹਨ, ਜਾਂ ਉਨ੍ਹਾਂ ਨੂੰ ਸਰਦੀ ਗਰਮੀ ਦਾ ਇਹਸਾਸ ਹੀ ਨਹੀਂ ਹੁੰਦਾ ?

Mr. Speaker : This is no supplementary.

ਸਰਦਾਰ ਦਰਸ਼ਨ ਸਿੰਘ ਕੇ. ਪੀ. : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਜੋ ਵਰਦੀਆਂ ਕਲਾਸ ਫੋਰਥ ਦੇ ਮੁਲਾਜ਼ਮਾਂ ਨੂੰ ਦਿਤੀਆਂ ਜਾਂਦੀਆਂ ਹਨ ਉਹ ਸੀਜ਼ਨ ਸਿਰ ਦਿਤੀਆਂ ਜਾਂਦੀਆਂ ਹਨ ਜਾਂ ਗਰਮੀਆਂ ਦੀ ਸਰਦੀਆਂ ਨੂੰ ਅਤੇ ਸਰਦੀਆਂ ਦੀਆਂ ਗਰਮੀਆਂ ਨੂੰ ?

ਮੰਤਰੀ : ਵਾਰਮ ਯੂਨੀਫਾਰਮ 3 ਸਾਲ ਮਗਰੋਂ ਅਤੇ ਠੰਡੀ ਵਰਦੀ ਤਿੰਨ ਸਾਲ ਵਿਚ ਤਿੰਨ ਮਿਲਦੀਆਂ ਹਨ। ਵਾਰੀ ਸਿਰ ਸਾਰੀਆਂ ਦਿਤੀਆਂ ਜਾਂਦੀਆਂ ਹਨ।

ਚੌਧਰੀ ਜਗਤ ਰਾਮ : ਸਾਡੇ ਮਨਿਸਟਰ ਸਾਹਿਬ ਜਵਾਬ ਤਾਂ ਬੜੇ ਸੋਹਣੇ ਦੇ ਰਹੇ ਹਨ ਪਰ ਸਾਡਾ ਜੋ ਹਰੀਜਨ ਅਫ਼ਸਰ ਹੈ, ਡਿਪਟੀ ਡਾਇਰੈਕਟਰ, (ਗੈਲਰੀ ਵਲ ਇਸ਼ਾਰਾ ਕਰਕੇ) ਉਸ ਨੂੰ ਭੁੰਜੇ ਬਿਠਾਇਆ ਗਿਆ ਹੈ। (ਹਾਸਾ) ਇਹ ਵਿਤਕਰਾ ਦੂਰ ਹੋਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਆਪ ਗੈਲਰੀਜ਼ ਨੂੰ ਪੁਆਇੰਟ ਆਊਟ ਨਹੀਂ ਕਰ ਸਕਦੇ। (You cannot refer to the galleries of the House.)

ਸਰਦਾਰ ਉਮਰਾਉ ਸਿੰਘ : ਕੀ ਹੁਣ ਮਨਿਸਟਰ ਸਾਹਿਬ ਹਰੀਜਨ ਮੈਂਬਰਾਂ ਲਈ ਵੀ ਵਰਦੀਆਂ ਦਾ ਪਰਬੰਧ ਕਰ ਰਹੇ ਹਨ ? (ਹਾਸਾ)

ਸਿਰਦਾਰ ਕਪੂਰ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ...

ਸ਼੍ਰੀ ਸਪੀਕਰ : ਤੁਸੀਂ ਮੈਨੂੰ ਮਾਫ਼ ਕਰੋਗੇ, ਅਸੀਂ ਫੈਸਲਾ ਕੀਤਾ ਹੋਇਆ ਹੈ ਕਿ ਕੁਐਸਚਨ ਆਵਰ ਵਿਚ ਪੁਆਇੰਟ ਆਫ਼ ਆਰਡਰ ਨਹੀਂ ਲੈਣੇ। (Please excuse me for the interruption. We have taken a decision not to raise points of order during the question hour.)

Sirdar Kapur Singh : (Interruptions and Noise in the House) Sir, I was not in the House (Interruptions) and I do not know what decision you have taken.

ਸ਼੍ਰੀ ਸਪੀਕਰ : ਪਰ ਹਾਊਸ ਵਿਚ ਹੋਇਆ ਫੈਸਲਾ ਮੰਨਣਾ ਹੀ ਚਾਹੀਦਾ ਹੈ। (The hon. Member should abide by the decision of the House.)

Sirdar Kapur Singh : If during the question hour, the procedural order is violated, a member has a right and a duty to raise a point of order. But if you do not want me to do so, I will take my seat.

(ਵਿਘਨ)

ਸ਼੍ਰੀ ਸਪੀਕਰ : ...ਪਰੈਕਟਿਸ ਫਾਲੋ ਕੀਤੀ ਹੈ...(ਵਿਘਨ) ਮੈਂ ਤਾਂ ਪ੍ਰਾਰਥਨਾ ਹੀ ਕੀਤੀ ਹੈ, ਕੋਈ ਜ਼ੋਰ ਵਾਲੀ ਗਲ ਨਹੀਂ ਹੈ। (We have followed...(interruption) the practice. I have only made a request and would not like to force you.)

ਡਾਕਟਰ ਅਮੀਰ ਸਿੰਘ ਕਲਕਟ : ਕੀ ਇਹ ਦਸਣਗੇ ਕਿ ਕਲਾਸ ਫੋਰ ਦੇ ਐਮਪਲਾਈਜ਼ ਨੂੰ ਜੋ ਵਰਦੀ ਮਿਲਦੀ ਹੈ, ਉਹ ਇਨਫੀਰੀਅਰ ਕਵਾਲਿਟੀ ਦੀ ਹੁੰਦੀ ਹੈ ? ਉਹ ਕਿਸ ਕਵਾਲਿਟੀ ਦੀ ਹੁੰਦੀ ਹੈ ?

ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਵਾਰਮ ਯੂਨੀਫਾਰਮ ਲਈ 90/- ਰੁ० ਅਤੇ ਠੰਡੀ ਯੂਨੀਫਾਰਮ ਲਈ 60/- ਰੁ० ਸਵਾਈ ਤੋਂ ਅਲਾਵਾ ਦਿਤੇ ਜਾਂਦੇ ਹਨ । ਪਰ ਮਹਿੰਗਾਈ ਨੂੰ ਦੇਖਦੇ ਹੋਏ ਮੈਂ ਸਿਫਾਰਸ਼ ਕੀਤੀ ਹੈ ਕਿ ਇਹ ਕੀਮਤ 25% ਵਧਾ ਦਿਤੀ ਜਾਵੇ ।

ਡਾ० ਸਾਧੂ ਰਾਮ : ਜਿਵੇਂ ਕੁਰਸੀਆਂ ਜੇਲ੍ਹਾਂ ਵਿਚ ਬਣ ਕੇ ਆਉਂਦੀਆਂ ਹਨ ਕੀ ਇਸੇ ਤਰ੍ਹਾਂ ਜੇਲ੍ਹਾਂ ਵਰਦੀਆਂ ਵੀ ਸਪਲਾਈ ਕਰਦੀਆਂ ਹਨ ?

(ਕੋਈ ਜਵਾਬ ਨਾ ਦਿਤਾ ਗਿਆ)

ਸ਼੍ਰੀ ਸਪੀਕਰ : ਸਰਦਾਰ ਦਰਸ਼ਨ ਸਿੰਘ ਕੇ. ਪੀ. ਨਾਲ ਸਲਾਹ ਕਰ ਲਵੋ । (ਵਿਘਨ) (Please consult Sardar Darshan Singh K. P. in this matter.)

ਚੌਧਰੀ ਸੱਤਦੇਵ : ਸਪੀਕਰ ਸਾਹਬ ਸਾਨੂੰ ਕਈ ਵਾਰ ਉਠਣਾ ਪੈਂਦਾ ਹੈ, ਇਧਰ ਵੀ ਦੇਖ ਲਿਆ ਕਰੋ । ਆਪਜੀ ਦਾ ਧਿਆਨ ਇਕੋ ਪਾਸੇ ਹੀ ਰਹਿੰਦਾ ਹੈ ਜਿਸ ਨਾਲ ਸਾਡਾ ਹੱਕ ਮਾਰਿਆ ਜਾਂਦਾ ਹੈ । ਕੀ ਵਜ਼ੀਰ ਸਾਹਿਬ ਇਹ ਦਸਣ ਲਈ ਤਿਆਰ ਹਨ ਕਿ ਕੀ ਇਹ ਪਿੰਡਾਂ ਦੇ ਚੌਕੀਦਾਰਾਂ ਨੂੰ ਵਰਦੀ ਦੇਣ ਲਈ ਤਿਆਰ ਹਨ ; ਅਗਰ ਨਹੀਂ ਤਾਂ ਕਿਉਂ ਨਹੀਂ ਜਦੋਂ ਕਿ ਉਹ ਵਿਚਾਰੇ ਗਰੀਬ ਸਾਰਾ ਦਿਨ ਪਿੰਡ ਦਾ ਕੰਮ ਕਰਦੇ ਰਹਿੰਦੇ ਹਨ ?

ਮੰਤਰੀ : ਜੋ ਚੌਕੀਦਾਰ ਕਲਾਸ ਫੋਰ ਵਿਚ ਆਉਂਦੇ ਹਨ ਉਨ੍ਹਾਂ ਨੂੰ ਅਸੀਂ ਲਾਂਗ ਕੋਟ ਜਾਂ ਬਲੈਂਕਟ ਦਿੰਦੇ ਹਾਂ ।

ENQUIRY HELD AGAINST GIANI HARBHAJAN SINGH, S.H.O. THANA SADAR LUDHIANA.

*1506. **Chaudhri Tulsi Ram Chauhan :** Will the Chief Minister be pleased to state :—

(a) whether it is a fact that Giani Harbhajan Singh, S.H.O. Thana Sadar, Ludhiana was transferred to Police Lines, Ludhiana for the purpose of getting an enquiry made against him by a Magistrate in connection with the murder of Late Shri Sampuran Singh Sarpanch, Badhowal, district Ludhiana ;

(b) whether any action has been taken on that enquiry ; if so, what ?

Sardar Gurnam Singh : (a) S. I. Harbhajan Singh, S.H.O. Sadar Ludhiana was transferred to the Police Lines pending enquiry into the death of Shri Puran Singh.

b) No, as death was found to have been caused due to injuries received in a road accident

[(ੲ) ਐਸ. ਆਈ. ਹਰਭਜਨ ਸਿੰਘ ਮੁੱਖ ਅਫਸਰ ਥਾਨਾ ਸਦਰ ਲੁਧਿਆਣਾ ਨੂੰ ਪੁਲਿਸ ਲਾਈਨਜ਼ ਵਿਚ ਸ਼੍ਰੀ ਪੂਰਨ ਸਿੰਘ ਦੀ ਮੌਤ ਬਾਰੇ ਇਨਕੁਆਰੀ ਲਈ ਬਦਲਿਆ ਗਿਆ ਸੀ।

(ਬੀ) ਨਹੀਂ ਜੀ, ਕਿਉਂਕਿ ਇਹ ਪਤਾ ਲੱਗਿਆ ਸੀ ਕਿ ਮੌਤ (ਸੰਪੂਰਨ ਸਿੰਘ ਦੀ) ਉਨ੍ਹਾਂ ਸੱਟਾਂ ਕਾਰਨ ਹੋਈ ਸੀ ਜਿਹੜੀਆਂ ਕਿ ਉਸ ਨੂੰ ਸੜਕ ਉਤੇ ਐਕਸੀਡੈਂਟ ਕਾਰਨ ਲੱਗੀਆਂ ਸਨ।]

ਚੌਧਰੀ ਤੁਲਸੀ ਰਾਮ ਚੌਹਾਨ : ਕੀ ਇਹ ਦਸਣਗੇ ਕਿ ਐਸ. ਐਚ. ਓ. ਥਾਨਾ ਸਦਰ ਨੂੰ ਬੁਲਾਕੇ ਸਿਵਿਲ ਲਾਈਨਜ਼ ਵਿਚ ਲਾਇਆ ਗਿਆ ਤਾਂ ਉਸ ਨੇ ਬਦੋਵਾਲ ਦੇ ਸਰਪੰਚ ਨੂੰ ਬੁਲਾਕੇ, ਉਸ ਪਿੰਡ ਦੇ ਕਿਸੇ ਮੁੰਡੇ ਵਲੋਂ ਅਗਵਾ ਕੀਤੀ ਇਕ ਲੜਕੀ ਦੇ ਕੇਸ ਵਿਚ ਉਸ ਨੂੰ ਥਾਨੇ ਬੁਲਾਕੇ ਇੰਨਾ ਮਾਰਿਆ ਕਿ ਉਹ ਮਰ ਗਿਆ। ਉਸ ਤੋਂ ਮਗਰੋਂ ਉਸ ਦੀ ਲਾਸ਼ ਨੂੰ ਜੀਪ ਵਿਚ ਪਾਕੇ ਸੜਕ ਤੇ ਲਿਜਾਇਆ ਗਿਆ ਇਸ ਤਰ੍ਹਾਂ ਜੋ ਇਨਕੁਆਇਰੀ ਹੋਈ ਹੈ ਉਸ ਵਿੱਚ ਐਕਸੀਡੈਂਟ ਹੋਇਆ ਦਸਿਆ ਗਿਆ ਹੈ। ਕੀ ਇਹ ਦਸਣਗੇ ਕਿ ਉਸ ਐਕਸੀਡੈਂਟ ਵਿਚ ਕੋਈ ਅਫਸਰ ਵੀ ਜ਼ਖਮੀ ਹੋਇਆ ਕਿ ਉਹ ਸਰਪੰਚ ਹੀ ਮਾਰਿਆ ਗਿਆ ?

ਮੁੱਖ ਮੰਤਰੀ : ਇਨ੍ਹਾਂ ਨੇ ਕਈ ਸਵਾਲ ਕੀਤੇ ਹਨ। ਗਲ ਇਹ ਹੈ ਕਿ ਜੀਪ ਦੇ ਐਕਸੀ-ਡੈਂਟ ਦੀ ਗਲ ਹੋਈ, ਇਨਕੁਆਇਰੀ ਹੋਈ, ਉਸ ਦੀ ਬਿਨਾ ਤੇ ਮੈਜਿਸਟਰੇਟ ਫਸਟ ਕਲਾਸ ਨੇ ਰਾਏ ਦਿਤੀ ਕਿ ਐਕਸੀਡੈਂਟ ਹੋਇਆ ਹੈ, ਕੇਸ ਥਾਨੇ ਲਗ ਗਿਆ।

चौधरी बलबीर सिंह : क्या बहुत सी शिकायतों के पेशे नज़र दोबारा इन्क्वायरी करवाई गई ?

ਮੁੱਖ ਮੰਤਰੀ : ਦਰਅਸਲ ਵਾਕਿਆਤ ਇਸ ਤਰ੍ਹਾਂ ਹਨ। ਮੈਂ ਖੁਦ ਮੌਜੂਦ ਸੀ। ਪਿੰਡ ਦੀ ਪੰਚਾਇਤ ਆਈ, ਘਰ ਵਾਲੇ ਪੋਸਟਮਾਰਟਮ ਨਹੀਂ ਸੀ ਕਰਵਾਉਣਾ ਚਾਹੁੰਦੇ, ਮੈਂ ਆਰਡਰ ਦੇ ਕੇ ਕਰਵਾਇਆ, ਮੈਜਿਸਟਰੇਟ ਨੇ ਇਨਕੁਆਇਰੀ ਕੀਤੀ ਅਤੇ ਉਸ ਦੀ ਰਿਪੋਰਟ ਵੀ ਆ ਗਈ। (ਵਿਘਨ)

ਸ਼੍ਰੀ ਸਪੀਕਰ : ਉਨ੍ਹਾਂ ਨੇ ਪਰਸਨਲ ਇੰਟਰੈਸਟ ਲੈਕੇ ਪੋਸਟਮਾਰਟਮ ਅਤੇ ਇਨਕੁਆਇਰੀ ਕਰਵਾਈ, ਹੋਰ ਕੀ ਹੋ ਸਕਦਾ ਸੀ। (He took personal interest and got the postmortem and enquiry conducted. What more could be done ?)

ਕਾਮਰੇਡ ਦਰਸ਼ਨ ਸਿੰਘ ਝਬਾਲ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਦੋਂ ਸਰਪੰਚ ਮਾਰਿਆ ਗਿਆ ਤਾਂ ਥਾਨੇਦਾਰ ਦੇ ਖਿਲਾਫ਼ ਇਕ ਐਮ. ਐਲ. ਏ. ਨੇ ਭੁਖ ਹੜਤਾਲ ਕੀਤੀ ? ਫਿਰ ਉਸ ਥਾਨੇਦਾਰ ਨੂੰ ਕਾਲਜ ਤੇ ਲਾ ਦਿਤਾ ਗਿਆ ਜਿਥੇ ਉਸ ਨੇ ਲੜਕਿਆਂ ਨੂੰ ਮਾਰਿਆ। ਕੀ ਇਹ ਭੁਖ ਹੜਤਾਲ ਉਸ ਦੇ ਖਿਲਾਫ਼ ਹੋਈ ?

ਮੁੱਖ ਮੰਤਰੀ : ਥਾਨੇਦਾਰ ਨੇ ਨਹੀਂ ਮਾਰਿਆ ਉਹ ਐਕਸੀਡੈਂਟ ਵਿਚ ਮਰ ਗਿਆ। ਐਮ. ਐਲ ਏ. ਨੇ ਵੀ ਕਿਹਾ ਕਿ ਇਨਕੁਆਇਰੀ ਕਰਵਾਉ, ਅਤੇ ਇਨਕੁਆਇਰੀ ਕਰਵਾ ਦਿਤੀ। (ਵਿਘਨ)

ਚੌਧਰੀ ਕੇਵਲ ਕ੍ਰਿਸ਼ਨ : ਇਹ ਜੋ ਐਕਸੀਡੈਂਟ ਹੋਇਆ ਕੀ ਇਸ ਦਾ ਕੇਸ ਚਲਿਆ, ਕਿਸੇ ਦੇ ਖਿਲਾਫ਼ ਇਨਕੁਆਇਰੀ ਹੋਈ ਕਿ ਉਸ ਨੇ ਐਕਸੀਡੈਂਟ ਕੀਤਾ ?

ਮੁੱਖ ਮੰਤਰੀ : ਐਕਸੀਡੈਂਟ ਦੇ ਖਿਲਾਫ਼ ਕੇਸ ਕੀ ਚਲਦਾ। ਜੀਪ ਉਲਟ ਗਈ ਚਲਦੇ ਚਲਦੇ।

ਚੌਧਰੀ ਕੇਵਲ ਕ੍ਰਿਸ਼ਨ : ਆਪ ਕਹਿੰਦੇ ਹੋ ਕਿ ਐਕਸੀਡੈਂਟ ਹੋਇਆ, ਜਿਸ ਨੇ ਜੀਪ ਦਾ ਐਕਸੀਡੈਂਟ ਕੀਤਾ ਕੀ ਉਸ ਨੂੰ ਪਕੜਿਆ ?

ਮੁੱਖ ਮੰਤਰੀ : ਇਹ ਪਿਉਰ ਐਕਸੀਡੈਂਟ ਸੀ।

ਸਰਦਾਰ ਕ੍ਰਿਤਪਾਲ ਸਿੰਘ : ਕੀ ਇਸ ਐਕਸੀਡੈਂਟ ਵਿਚ ਡਰਾਈਵਰ ਜਾਂ ਕਿਸੇ ਹੋਰ ਦੇ ਚੋਟ ਲਗਣ ਦੀ ਰਿਪੋਰਟ ਹੈ ? ਇਹ ਕਮਪਲੀਕੇਟਿਡ ਕੇਸ ਹੈ ਕੀ ਮੁੱਖ ਮੰਤਰੀ ਇਸ ਦੀ ਜੁਡੀਸ਼ਲ ਇਨਕੁਆਇਰੀ ਕਰਵਾਉਣ ਨੂੰ ਤਿਆਰ ਹਨ ?

ਮੁੱਖ ਮੰਤਰੀ : ਮੇਰੇ ਪਾਸ ਇਸ ਵੇਲੇ ਇਨਫਰਮੇਸ਼ਨ ਨਹੀਂ ਹੈ ਕਿ ਕਿਸੇ ਨੂੰ ਚੋਟ ਆਈ ਜਾਂ ਨਹੀਂ। (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਮੇਰੇ ਪਾਸ ਕੋਈ ਰਿਪੋਰਟ ਨਹੀਂ ਹੈ। ਪਰ ਇਹ ਗਲ ਤਾਂ ਸਵਾਲ ਵਿਚ ਸੀ...

ਵੈਦ ਕਰਤਾਰ ਸਿੰਘ : ਜਦੋਂ ਜੀਪ ਉਲਟ ਗਈ ਤਾਂ ਕੀ ਉਸ ਵਿਚ ਬੈਠੇ ਜਿੰਨੇ ਸਵਾਰ ਸਨ, ਕੀ ਉਨ੍ਹਾਂ ਨੂੰ ਚਟਾਂ ਆਈਆਂ ਅਤੇ ਕੀ ਡਰਾਈਵਰ ਦੇ ਖਿਲਾਫ਼ ਪੁਲਿਸ ਵਿਚ ਕੇਸ ਰਜਿਸਟਰ ਹੋਇਆ ?

ਮੁੱਖ ਮੰਤਰੀ : ਮੈਂ ਕਿਹਾ ਹੈ ਕਿ ਮੈਜਿਸਟਰੇਟ ਨੇ ਇਨਕੁਆਇਰੀ ਕੀਤੀ ਉਸ ਨੇ ਕਿਹਾ ਕਿ ਪਿਉਰ ਐਕਸੀਡੈਂਟ ਦਾ ਕੇਸ ਹੈ। ਜੀਪ ਦੇ ਐਕਸੀਡੈਂਟ ਵਿਚ ਉਸ ਨੂੰ ਚੋਟਾਂ ਲਗੀਆਂ ਅਤੇ ਉਨ੍ਹਾਂ ਕਰਕੇ ਉਸ ਦੀ ਮੌਤ ਹੋਈ। ਹੋਰ ਕੋਈ ਸਵਾਲ ਨਹੀਂ ਉਠਦਾ।

ਸ਼੍ਰੀ ਸਰਦਾਰੀ ਲਾਲ ਕਪੂਰ : ਜਿਸ ਵਕਤ ਐਕਸੀਡੈਂਟ ਹੋਇਆ ਕੀ ਉਹ ਉਸ ਵਕਤ ਪੁਲਿਸ ਦੀ ਤਹਿਵੀਲ ਵਿਚ ਸੀ ?

ਮੁੱਖ ਮੰਤਰੀ : ਪੁਲਿਸ ਨਾਲ ਜੀਪ ਵਿਚ ਜਾ ਰਿਹਾ ਸੀ।

ਕਾਮਰੇਡ ਸੱਤਪਾਲ ਡਾਂਗ : ਕੀ ਇਹ ਦਸਣਗੇ ਕਿ ਜਿਸ ਅਕਾਲੀ ਪਾਰਟੀ ਦੇ ਮੈਂਬਰ ਨੇ ਭੁਖ ਹੜਤਾਲ ਰਖੀ ਸੀ ਕੀ ਉਸ ਦੀ ਇਨਕੁਆਇਰੀ ਨਾਲ ਤਸੱਲੀ ਹੋ ਗਈ ਹੈ ਕਿ ਇਹ ਇਮਪਾਰਸ਼ਲ ਅਤੇ ਠੀਕ ਹੋਈ ਹੈ ?

ਮੁੱਖ ਮੰਤਰੀ : ਐਵੀਡੈਂਟਲੀ ਤਸੱਲੀ ਹੀ ਹੋਣੀ ਹੈ, ਸਵਾਲ ਨਹੀਂ ਪੁਛ ਰਹੇ।

ਚੌਧਰੀ ਸੁੰਦਰ ਸਿੰਘ : ਇਹ ਗਲ ਤਾਂ ਬਿਲਕੁਲ ਸਮਝ ਆ ਗਈ ਕਿ ਐਕਸੀਡੈਂਟ ਕੋਈ

[ਚੌਧਰੀ ਸੁੰਦਰ ਸਿੰਘ]

ਨਹੀਂ ਸੀ, ਬਿਲਕੁਲ ਪਤਾ ਲਗ ਗਿਆ ਹੈ ਕਿ ਉਸ ਨੂੰ ਮਾਰਿਆ ਗਿਆ ਇਸ ਦੇ ਬਾਰੇ ਵਿਚ ਲੋਕਾਂ ਦੀ ਸੈਂਸ ਦਾ ਤਾਂ ਪਤਾ ਸੀ. ਐਮ. ਸਾਹਿਬ ਨੂੰ ਲਗ ਹੀ ਗਿਆ ਹੈ ਕਿ ਐਕਸੀਡੈਂਟ ਨਹੀਂ ਹੋਇਆ ਉਸ ਸਰਪੰਚ ਨੂੰ ਮਾਰਿਆ ਗਿਆ ਹੈ ਤਾਂ ਇਹ ਕਿਉਂ ਨਹੀਂ ਜ਼ਰਾ ਉਪਰ ਉਠ ਕੇ ਸੋਚਦੇ ਅਤੇ ਇਨਕੁਆਇਰੀ ਕਰਾ ਲੈਂਦੇ ਤਾਂ ਕਿ ਪਤਾ ਲਗ ਜਾਵੇ ਕਿ ਲੋਕ ਸਚੇ ਹਨ ਜਾਂ ਇਨ੍ਹਾਂ ਪਾਸ ਜਿਹੜੀ ਰਿਪੋਰਟ ਪੁਲਿਸ ਨੇ ਦਿਤੀ ਹੈ ਉਹ ਸਚੀ ਹੈ ? ਚੰਗੀ ਗਲ ਹੈ ਇਸ ਦੀ ਹੋਰ ਛਾਣ-ਬੀਣ ਕੀਤੀ ਜਾਵੇ ਤਾਂ ਪਤਾ ਲਗ ਜਾਵੇ ਕਿ ਮਰਿਆ ਨਹੀਂ ਮਾਰਿਆ ਗਿਆ ਹੈ ।

ਸ਼੍ਰੀ ਸਪੀਕਰ : ਤੁਸੀ ਤਾਂ ਚੌਧਰੀ ਸਾਹਿਬ ਨਸੀਹਤਾਂ ਦੇ ਰਹੇ ਹੋ । (The hon. Member is giving advice.)

ਮੁੱਖ ਮੰਤਰੀ : ਇਨ੍ਹਾਂ ਨੇ ਜਿਹੜੀ ਨਸੀਅਤ ਦਿਤੀ ਹੈ ਮੈਂ ਉਸ ਦਾ ਮਸ਼ਕੂਰ ਹਾਂ ।

— — — —

STARTING EXPRESS DELUXE BUSES FROM PATHANKOT TO CHANDIGARH AND VICE-VERSA.

*1174. **Chaudhri Ram Singh** : Will the Chief Minister be pleased to state :—

(a) whether the Government has any proposal under its consideration to start an early morning Express Bus from Pathankot to Chandigarh leaving say at 5.00 A.M. and returning from Chandigarh to Pathankot leaving say at 4.00 P.M ;

(b) whether it is also proposed to operate Deluxe Bus Service between Pathankot and Chandigarh ; if so, the time by which it is expected to start ?

Sardar Gurnam Singh :

(a) No.

(b) No.

[(ਏ, ਬੀ) ਨਹੀਂ ਜੀ ।]

ਚੌਧਰੀ ਰਾਮ ਸਿੰਘ : ਇਨ੍ਹਾਂ ਨੇ ਕਿਹਾ ਹੈ ਕਿ ਬਸ ਨਹੀਂ ਚਲਾਈ ਜਾਵੇਗੀ ਪਰ ਪਹਿਲਾਂ ਚੰਡੀਗੜ੍ਹ ਤੋਂ ਪਠਾਨਕੋਟ ਲਈ ਬਸ ਚਲਦੀ ਸੀ ਅਤੇ ਹੁਣ ਇਹ ਤਿੰਨ ਚਾਰ ਦਿਨਾਂ ਤੋਂ ਫਿਰ ਸ਼ੁਰੂ ਕਰ ਦਿਤੀ ਗਈ ਹੈ, ਪਰ ਇਨ੍ਹਾਂ ਨੇ ਦੋਹਾਂ ਦਾ ਜਵਾਬ 'ਨੋ' 'ਨੋ' ਵਿਚ ਦਿਤਾ ਹੈ, ਕੀ ਇਸ ਦਾ ਕਾਰਨ ਦਸਣਗੇ ?

ਸ਼੍ਰੀ ਸਪੀਕਰ : ਦੋ ਨੋਜ਼ ਮਿਲਾ ਕੇ ਇਕ ਹਾਂ ਬਣ ਜਾਂਦਾ ਹੈ (ਹਾਸਾ) (Two negatives make one positive) (Laughter)

ਮੁੱਖ ਮੰਤਰੀ : ਜਨਾਬ ਇਸ ਸਵਾਲ ਦੇ 'ਏ' ਪਾਰਟ ਦਾ ਜਵਾਬ ਦਿਤਾ ਹੈ 'ਨੋ' ਅਤੇ 'ਬੀ' ਪਾਰਟ ਦਾ ਜਵਾਬ ਦਿਤਾ ਹੈ 'ਨੋ' । (ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ ਹੁਣ ਬਸ ਚਲ ਪਈ ਹੈ ਤਾਂ ਪਰੋਪੋਜ਼ਲ ਕੀ ਰਹਿ ਗਈ ਬਾਕੀ (ਵਿਘਨ) (*Addressing Ch. Ram Singh* : When the bus has already been started, what more remains to be done.)

ਸਰਦਾਰ ਉਮਰਾਓ ਸਿੰਘ : ਕੀ ਮੁੱਖ ਮੰਤਰੀ ਦੇ ਨੋਟਿਸ ਵਿਚ ਹੈ ਕਿ ਬਸ ਸਰਵਿਸ ਚਾਲੂ ਹੋ ਗਈ ਹੈ ਅਤੇ ਇਹ ਗਲਤ ਜਵਾਬ ਦੇ ਰਹੇ ਹਨ ?

(ਕੋਈ ਜਵਾਬ ਨਹੀਂ ਦਿਤਾ ਗਿਆ ।)

PLOTS ALLOTTED IN NAKODAR/ADAMPUR INDUSTRIAL ESTATES.

*1643 **Shri Gurdial Saini :** Will the Minister for Industries be pleased to state :—

(a) the names of the persons who have been allotted plots in the Nakodar Industrial Estate and Adampur Industrial Estate in district Jullundur along with the dates of allotment in each case ;

(b) the date or dates on which the payment of rent was made by them ;

(c) the dates on which the iron sheets were allotted to plot holders in these industrial estates ?

Shri Balram Dass Tandon :

(a) No plot has been allotted in Nakodar and Adampur Industrial Estate.

(b) & (c) Question does not arise.

ਸ੍ਰੀ ਗੁਰਦਿਆਲ ਸੈਣੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਉਥੇ ਦੇ ਇੰਡਸਟਰੀ ਅਫਸਰ ਨੇ ਇਥੇ ਸ਼ੀਟਸ ਦੇ ਕੋਟੇ ਦਿਤੇ ਹਨ ਅਤੇ ਕੀ ਸਰਕਾਰ ਉਸ ਦੇ ਖਿਲਾਫ਼ ਕੋਈ ਐਕਸ਼ਨ ਲਏਗੀ ?

ਮੰਤਰੀ : ਸਪੀਕਰ ਸਾਹਿਬ ਬੇਨਤੀ ਇਹ ਹੈ ਕਿ ਇਨ੍ਹਾਂ ਨੇ ਜਿਹੜਾ ਸਵਾਲ ਕੀਤਾ ਹੈ ਉਸ ਵਿਚ ਇਹ ਹੈ ਕਿ ਕੀ ਕੋਈ ਪਲਾਟ ਨਕੋਦਰ ਅਤੇ ਆਦਮਪੁਰ ਇੰਡਸਟ੍ਰੀਅਲ ਅਸਟੇਟ ਵਿਚ ਅਲਾਟ ਕੀਤੇ ਗਏ ? ਜਿਸ ਦਾ ਜਵਾਬ ਮੈਂ ਦਿਤਾ ਹੈ ਕਿ ਨਹੀਂ ਅਤੇ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਰੈਜ਼ੀਡੈਂਸ਼ਲ ਪਲਾਟ ਕੋਈ ਨਹੀਂ ਸੀ, ਇਹ ਤਾਂ ਇੰਡਸਟ੍ਰੀਅਲ ਸ਼ੈਡ ਸਨ (ਵਿਘਨ)

ਸ੍ਰੀ ਗੁਰਦਿਆਲ ਸੈਣੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਜਿੰਨੇ ਸ਼ੈਡ ਸਨ ਇਹ ਸਾਰੇ ਹੀ ਜਨ ਸੰਘੀਆਂ ਨੂੰ ਅਲਾਟ ਕੀਤੇ ਗਏ ਅਤੇ ਉਨ੍ਹਾਂ ਨੂੰ ਸ਼ੀਟਾਂ ਦੇ ਕੋਟੇ ਵੀ ਦਿਤੇ ਗਏ ਅਤੇ ਕਿਸੇ ਦੂਸਰੇ ਨੂੰ ਕੋਈ ਪਲਾਟ ਅਲਾਟ ਨਹੀਂ ਕੀਤਾ ਗਿਆ ?

ਮੰਤਰੀ : ਇਹ ਤਾਂ ਇਨਸਿਨੁਏਸ਼ਨ ਹੈ ।

चौधरी बलबीर सिंह : क्या मंत्री महोदय बताएंगे कि यह जो प्लाट की बजाए शैड इन्हों ने कहा है कि बनाए गए थे तो क्या इन में से किसी को कोई शैड अलाट किया गया और उस की बिना पर आयरन शीट्स का कोटा दिया गया ?

ਮੰਤਰੀ : ਇਹ ਜਿਹੜੇ ਸ਼ੈਡ ਹਨ, ਸਪੀਕਰ ਸਾਹਿਬ, ਇਹ 64-65 ਵਿਚ ਬਣਾਏ ਗਏ ਸਨ ਅਤੇ 68-69 ਤਕ ਖਾਲੀ ਪਏ ਰਹੇ । ਇਨ੍ਹਾਂ ਨੂੰ ਲੈਣ ਲਈ ਕੋਈ ਨਹੀਂ ਆਇਆ ਅਤੇ ਇਨ੍ਹਾਂ ਵਿਚ ਸਰਕਾਰੀ ਦਫ਼ਤਰਾਂ ਨੂੰ ਅਕਾਮੋਡੇਟ ਕੀਤਾ ਗਿਆ ਕੁਆਲਟੀ ਮਾਰਕਿੰਗ ਦਾ, ਆਰ. ਆਈ. ਟੀ ਦਾ ਅਤੇ ਐਫ. ਸੀ. ਆਈ. ਦੇ ਦਫ਼ਤਰ ਇਥੇ ਰਹੇ ਅਤੇ ਜਿਹੜੇ ਖਾਲੀ ਰਹੇ ਉਨ੍ਹਾਂ ਵਿਚ ਅਨਾਜ ਭਰਿਆ ਗਿਆ ਸੀ ਅਤੇ ਹੁਣ ਜਿਸ ਨੇ ਇਸ ਲਈ ਕਿਹਾ ਹੈ ਉਸ ਨੂੰ ਅਲਾਟ ਕਰ ਦਿਤੇ ਗਏ ਹਨ ਅਤੇ ਕਈਆਂ ਨੂੰ ਖਾਲੀ ਕਰਵਾ ਲਿਆ ਗਿਆ ਹੈ । (ਵਿਘਨ) ਸਵਾਲ ਤਾਂ ਪਲਾਟਾਂ ਦੇ ਬਾਰੇ ਵਿਚ ਪੁਛਿਆ ਗਿਆ ਸੀ । (ਵਿਘਨ)

चौधरी बलबीर सिंह : स्पीकर साहिब, यह जवाब को इवेड कर रहे हैं । अगर प्लाट नहीं हैं और शैड हैं तो भी जवाब देना चाहिए आप इन से ठीक ढंग से जवाब ले दें । (विघ्न)

(ਕੁਝ ਮੈਂਬਰ ਸਪਲੀਮੈਂਟਰੀ ਕਰਨ ਲਈ ਖੜੇ ਹੋ ਗਏ)

Mr. Speaker : Please resume your seats (ਵਿਘਨ)

ਡਾਕਟਰ ਸਾਧੂ ਰਾਮ : * * * * * * * * * * * *

ਸ਼੍ਰੀ ਸਪੀਕਰ : ਜੋ ਕੁਝ ਡਾਕਟਰ ਸਾਧੂ ਰਾਮ ਵਿਦਆਊਟ ਦੀ ਪਰਮਿਸ਼ਨ ਆਫ਼ ਦੀ ਚੇਅਰ ਕਹਿ ਰਹੇ ਹਨ, ਇਹ ਪ੍ਰੋਸੀਡਿੰਗ ਦਾ ਪਾਰਟ ਨਹੀਂ ਬਣੇਗਾ । (ਵਿਘਨ) (Whatever Dr. Sadhu Ram is saying without the permission of the Chair would not form part of the proceedings.)

ਸਰਦਾਰ ਉਮਰਾਓ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਇਨਡਸਟ੍ਰੀਅਲ ਅਸਟੇਟਾਂ ਵਿਚ ਜਿਹੜੇ ਸ਼ੈਡ ਅਲਾਟ ਕੀਤੇ ਗਏ ਹਨ ਕੀ ਉਨ੍ਹਾਂ ਲਈ ਐਪਲੀਕੇਸ਼ਨਾਂ ਇਨਵਾਈਟ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਮਨਜ਼ੂਰ ਕਰਨ ਲਈ ਕੋਈ ਪਰੋਸੀਜਰ ਫਾਲੋ ਕੀਤਾ ਗਿਆ ਜਾਂ ਆਪਣੇ ਮਨਜ਼ੂਰੇ ਨਜ਼ਰਾਂ ਨੂੰ ਹੀ ਅਲਾਟ ਕਰ ਦਿਤੇ ਗਏ ? (ਵਿਘਨ)

ਮੰਤਰੀ : ਸਪੀਕਰ ਸਾਹਿਬ ਇਹ insinuation ਕਰਨ ਲਗ ਪਏ ਹਨ । ਇਸ ਦੇ ਬਾਰੇ ਵਿਚ 12 ਜਮ੍ਹਾਂ 8 ਸ਼ੈਡ ਹਨ ਜਿਹੜੇ ਕਿ ਪੰਜ ਸਾਲ ਤੋਂ ਲਗ ਨਹੀਂ ਸਨ ਰਹੇ ਅਤੇ ਇਨ੍ਹਾਂ ਵਿਚੋਂ 6-7 ਤਾਂ ਐਫ. ਸੀ. ਆਈ. ਨੂੰ ਦਿਤੇ ਹੋਏ ਸਨ । ਇਨ੍ਹਾਂ ਪੰਜਾਂ ਸਾਲਾਂ ਵਿਚ ਕੋਈ ਪਾਰਟੀ ਇਨ੍ਹਾਂ ਨੂੰ ਲੈਣ ਲਈ ਨਹੀਂ ਸੀ ਆਈ । ਹੁਣ ਜਿਹੜੇ ਵੀ ਪ੍ਰਾਈਵੇਟ ਲੋਕ ਆਏ ਹਨ ਕੰਮ ਕਰਨ ਲਈ ਉਨ੍ਹਾਂ ਨੂੰ ਦਫ਼ਤਰਾਂ ਪਾਸੋਂ ਖਾਲੀ ਕਰਵਾ ਕੇ ਦੇ ਦਿਤੇ ਗਏ ਹਨ । (ਵਿਘਨ)

---

*ਚੇਅਰ ਦੀ ਆਗਿਆ ਅਨੁਸਾਰ ਐਕਸਪੰਜ ਕਰ ਦਿਤੇ ਗਏ ।

ਸਰਦਾਰ ਉਮਰਾਓ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਕਿਸ ਕਿਸ ਆਦਮੀ ਨੂੰ ਅਤੇ ਕਿਸ ਕਿਸ ਤਾਰੀਖ ਨੂੰ ਅਲਾਟ ਕੀਤੇ ਗਏ ?

ਮੰਤਰੀ : ਇਹ ਤਾਂ ਡੀਟੇਲਜ਼ ਦਾ ਸਵਾਲ ਹੈ ਜੇਕਰ ਆਪ ਵਖਰਾ ਨੋਟਿਸ ਦਿਓ ਤਾਂ I will supply the full information. (ਵਿਘਨ)

ਸਿਰਦਾਰ ਕਪੂਰ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਦੋ ਤਿੰਨ ਸ਼ੈਡ ਇਨ੍ਹਾਂ ਵਿਚ ਇਸ ਤਰਾਂ ਦੇ ਹਨ ਜਿਨ੍ਹਾਂ ਨੂੰ ਅਲਾਟ ਕਰਨ ਦੇ ਬਦਲੇ ਜਨਸੰਘ ਪਾਰਟੀ ਨੂੰ ਉਸ ਵਿਚੋਂ ਹਿਸਾ ਮਿਲਦਾ ਹੈ । (ਵਿਘਨ) (ਸ਼ੋਰ)

ਮੰਤਰੀ : ਇਹ ਫਾਲਸ insinuation ਹੈ । (ਵਿਘਨ) (ਸ਼ੋਰ)

Mr. Speaker : Order please.

ਸ਼੍ਰੀ ਗੁਰਦਿਆਲ ਸੈਣੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਕ ਆਦਮੀ ਨੂੰ ਤਿੰਨ ਸ਼ੈਡ ਵੀ ਅਲਾਟ ਹੋ ਸਕਦੇ ਹਨ ?

ਮੰਤਰੀ : ਇਸ ਲਈ ਵਖਰਾ ਨੋਟਿਸ ਦਿਓ ਪਤਾ ਕਰ ਕੇ ਦਸ ਦੇਵਾਂਗਾ ।

चौधरी बलबीर सिंह : क्या मंत्री महोदय बताएंगे कि क्या वह उस बात की इनक्वायरी करने को तैयार हैं कि यह शैड जो इन के कहने के मुताबिक 5 या 6 साल खाली पड़े रहे, तो इस तरह की नाकस जगह को सिलैक्ट करने की जिम्मेदारी किस पर थी ? और इन्होने कहा कि वहाँ पर दफ़तर बनाए गए तो इस गलत जगह की सिलैक्शन के लिये (विघ्न) कौन से अफ़सर जिम्मेदार थे और सरकार उन के खिलाफ़ क्या एक्शन लेगी ?

ਮੰਤਰੀ : ਸਪੀਕਰ ਸਾਹਿਬ, ਇਸ ਵਿਚ ਸ਼ੱਕ ਨਹੀਂ ਕਿ ਪਿਛਲੀ ਕਾਂਗਰਸ ਸਰਕਾਰ ਦੇ ਵੇਲੇ ਇਸ ਤਰ੍ਹਾਂ ਦੀਆਂ ਨਾਕਸ ਥਾਵਾਂ ਨੂੰ ਚੁਣਿਆ ਗਿਆ ਸੀ ਅਤੇ ਇੰਡਸਟ੍ਰੀਅਲ ਅਸਟੇਟ ਪਤਾ ਨਹੀਂ ਕਿਨ੍ਹਾਂ ਕਾਰਨਾਂ ਕਰਕੇ ਉਥੇ ਕਾਇਮ ਕੀਤੀਆਂ ਗਈਆਂ ਕਿ ਪ੍ਰਾਈਵੇਟ ਆਦਮੀ ਇਨ੍ਹਾਂ ਨੂੰ ਲੈਣ ਨੂੰ ਤਿਆਰ ਨਹੀਂ ਸਨ ਅਤੇ ਸਰਕਾਰ ਨੂੰ ਇਨ੍ਹਾਂ ਖਾਲੀ ਸ਼ੈਡਾਂ ਵਿਚ ਅਨਾਜ ਭਰਨਾ ਪਿਆ । ਜਿਨ੍ਹਾਂ ਲੋਕਾਂ ਨੇ ਇਨ੍ਹਾਂ ਥਾਵਾਂ ਦੀ ਸਿਫਾਰਸ਼ ਕੀਤੀ ਉਹ ਇਹ ਸਾਹਮਣੇ ਹੀ ਬੈਠੇ ਹੋਏ ਹਨ । (ਹਾਸਾ) (ਵਿਘਨ)

ਸ਼੍ਰੀ ਗੁਰਦਿਆਲ ਸੈਣੀ : * * * * * * *

ਚੌਧਰੀ ਸੱਤ ਦੇਵ : * * * * * * *

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਇਹ ਜਿਹੜੇ ਰੀਮਾਰਕਸ ਚੌਧਰੀ ਸੱਤ ਦੇਵ ਨੇ ਕਹੇ ਹਨ ਇਹ ਐਕਸਪੰਜ ਕਰਨੇ ਚਾਹੀਦੇ ਹਨ, ਜਿਵੇਂ ਕਿ ਤੁਸੀ ਪਹਿਲਾਂ ਵੀ ਇਸ ਤਰ੍ਹਾਂ ਦੇ ਰਿਮਾਰਕਸ ਨੂੰ ਐਕਸਪੰਜ ਕਰਦੇ ਆਏ ਹੋ । (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਇਸ ਤਰ੍ਹਾਂ ਤਾਂ ਜੇ ਤੁਸੀਂ ਕਹਿੰਦੇ ਹੋ, ਜੋ ਐਲੀਗੇਸ਼ਨਜ਼ ਉਨ੍ਹਾਂ ਨੇ ਲਗਾਏ

---

*ਚੇਅਰ ਦੀ ਆਗਿਆ ਅਨੁਸਾਰ ਐਕਸਪੰਜ ਕਰ ਦਿਤੇ ਗਏ ।

[ਸ਼੍ਰੀ ਸਪੀਕਰ]

ਹਨ ਉਹ ਵੀ ਐਕਸਪੰਜ ਹੋਣਗੇ ਅਤੇ ਜੋ ਤੁਸੀਂ ਲਗਾਏ ਹਨ, ਉਹ ਵੀ ਐਕਸਪੰਜ ਹੋਣਗੇ। (ਵਿਘਨ-ਸ਼ੋਰ) ਇਹ ਜਿਹੜੇ ਇਕ ਦੂਸਰੇ ਤੇ ਐਲੀਗੇਸ਼ਨਜ਼ ਅਤੇ ਕਾਊਂਟਰ ਐਲੀਗੇਸ਼ਨਜ਼ ਲਗਾਏ ਹਨ, ਇਹ ਸਾਰੇ ਐਕਸਪੰਜ ਕਰ ਦਿੱਤੇ ਜਾਣ। (If that is the desire of the hon. Member then the allegations and counter allegations levelled from both the sides shall have to be expunged. (Interruptions). These allegations and counter-allegations made by both sides be expunged.)

———

LAND ACQUIRED FOR KINGRA CHOWALA DRAIN IN JULLUNDUR DISTRICT.

*1646. **Comrade Kulwant Singh :** Will the Minister for Irrigation and Power be pleased to state :—

(a) the total area acquired for Kingra Chowala drain in Jullundur Distt.:

(b) the total amount so far paid as compensation to the land owners concerned ;

(c) the total amount payable to the said land owners ?

Sardar Randhir Singh (Minister of State for PWD (B & R) :—

(a) 152·15 acres.

(b) Award for Rs. 21326·46 for the acquisition of 68·58 acres has been announced and a sum of Rs. 17019·58 out of it has been paid.

(c) Rs. 4306·88 out of above is yet to be paid. Notifications for the remaining 83·57 acres are under issue. The amount payable for its acquisition will be determined on preparation of land acquisition file.

[(ੳ) 152.15 ਏਕੜ।

(ਅ) 68.58 ਏਕੜ ਜ਼ਮੀਨ ਵਾਸਤੇ 21326.46 ਰੁਪਏ ਦਾ ਅਵਾਰਡ ਸੁਣਾ ਦਿੱਤਾ ਹੈ, ਅਤੇ ਇਸ ਵਿਚੋਂ 17019.58 ਰੁਪਏ ਦੇ ਦਿੱਤੇ ਗਏ ਹਨ।

(ੲ) ਉਪਰੋਕਤ 'ਅ' ਰਕਮ ਵਿਚੋਂ 4306.88 ਰੁਪਏ ਹਾਲੇ ਲੋਕਾਂ ਨੂੰ ਦੇਣੇ ਹਨ 83.57 ਏਕੜ ਜ਼ਮੀਨ ਦੇ ਅੱਧ ਸੂਚਨਾਂ ਪੱਤਰ ਜਾਰੀ ਹੋ ਰਹੇ ਹਨ। ਪ੍ਰਾਪਤੀ ਮਿਸਲ ਤਿਆਰ ਹੋਣ ਤੇ ਮੁਆਵਜ਼ੇ ਵਜੋਂ ਰਕਮ ਦੇਣ ਦਾ ਜਾਇਜ਼ਾ ਲਿਆ ਜਾਵੇਗਾ।]

ਕਾਮਰੇਡ ਕੁਲਵੰਤ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਐਕੁਆਇਰ ਕੀਤਿਆਂ 8 ਸਾਲ ਹੋ ਗਏ ਹਨ ਪਰ ਹੁਣ ਤੱਕ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ, ਇਸ ਬਾਰੇ ਅਤੇ ਹੋਰ ਲੈਂਡ ਐਕੁਆਇਰ ਕਰਨ ਬਾਰੇ ਕਦੋਂ ਤੱਕ ਫੈਸਲਾ ਕੀਤਾ ਜਾਵੇਗਾ ?

ਰਾਜ ਮੰਤਰੀ ਲੋਕ ਨਿਰਮਾਣ : ਜਿਹੜੀਆਂ ਵੀ ਜ਼ਮੀਨਾਂ ਐਕੁਆਇਰ ਕੀਤੀਆਂ ਗਈਆਂ ਹਨ ਇਨ੍ਹਾਂ ਦੇ ਮੁਆਵਜ਼ੇ ਦੇ ਦੇਣ ਬਾਰੇ ਛੇਤੀ ਤੋਂ ਛੇਤੀ ਫੈਸਲਾ ਕੀਤਾ ਜਾਵੇਗਾ ।

ਮੇਜਰ ਹਰਿੰਦਰ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਪੁਛਣੀ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਈ ਮਿਆਦ ਮੁਕਰਰ ਕਰਨ ਵਾਸਤੇ ਤਿਆਰ ਹੈ, ਕਿ ਜਿਸ ਵੇਲੇ ਜ਼ਮੀਨ ਐਕੁਆਇਰ ਕੀਤੀ ਜਾਵੇ ਤਾਂ ਉਸ ਤੋਂ ਇਤਨੇ ਪੀਰੀਅਡ ਦੇ ਅੰਦਰ ਮੁਆਵਜ਼ਾ ਦਿੱਤਾ ਜਾਵੇਗਾ ; ਕੀ ਸਰਕਾਰ ਕੋਈ ਟਾਈਮ ਲਿਮਟ ਮੁਕਰਰ ਕਰਨ ਵਾਸਤੇ ਤਿਆਰ ਹੈ ?

ਰਾਜ ਮੰਤਰੀ : ਹਾਂ ਜੀ ਇਸ ਤੇ ਛੇਤੀ ਤੋਂ ਛੇਤੀ ਵਿਚਾਰ ਕੀਤਾ ਜਾਵੇਗਾ ।

IRRIGATION OF VILLAGES OF LEHRA GAGA CONSTITUENCY

*1656. **Sardar Dalip Singh Pandhi :** Will the Minister for Irrigation & Power be pleased to state :—

(a) the particulars of the schemes formulated by the Government for irrigating the villages of Lehra Gaga Constituency, district Sangrur across the river Ghaggar together with the time by which each such scheme is likely to be completed and the expenditure expected to be incurred thereon schemewise;

(b) the contributions which will be made by the Central Government in connection with the said schemes;

(c) the progress made so far in connection with the said schemes ;

(d) whether there is any scheme to provide immediate irrigational facilities to the said area ; if so, the details thereof ?

Sardar Randhir Singh, Minister of State for P.W.D (B & R) :—

(a) Most of the area across River Ghaggar lying in Lehra Gaga Constituency of District Sangrur is within the canal irrigation boundary. But the source of water is from Sirsa Branch, which lies in Haryana State. A scheme for replacing the source of supply of water to the channels feeding this area is under scrutiny. Under this scheme water is proposed to be supplied from Bhakra Main Line by constructing a feeder channel named Dhanauri Feeder lying wholly in Punjab. The scheme is estimated to cost about 10 lacs. The time by which this scheme will be executed depends on availability of funds. As such no definite time can be stated at this stage.

(b) No contribution is expected from Central Government.

[Minisiter of State for P.W.D. (B & R)]

(c) Preliminary investigations have been completed and the project is under scrutiny.

(d) The area is already served by canals but the difficulty is that the source lies in Haryana State.

[(ੲੇ) ਘਗਰ ਦਰਿਆ ਤੋਂ ਪਾਰ ਜ਼ਿਲ੍ਹਾ ਸੰਗਰੂਰ ਦੇ ਲੈਹਰਾ ਗਾਗਾ ਚੋਣ ਹਲਕੇ ਦਾ ਬਹੁਤ ਸਾਰਾ ਇਲਾਕਾ ਨਹਿਰੀ ਸਿੰਜਾਈ, ਸੀਮਾਂ ਵਿਚ ਹੈ, ਪਰ ਇਸ ਦਾ ਸਿੰਜਾਈ ਸਾਧਨ ਸਰਸਾ ਬਰਾਂਚ ਰਾਹੀਂ ਹੈ ਜੋ ਕਿ ਹਰਿਆਣਾ ਰਾਜ ਵਿਚ ਹੈ। ਇਸ ਖੇਤਰ ਦੀਆਂ ਨਹਿਰਾਂ ਦੇ ਪਾਣੀ ਦੇ ਸੋਰਸ ਨੂੰ ਬਦਲਣ ਲਈ ਇਕ ਸਕੀਮ ਤਿਆਰ ਕੀਤੀ ਗਈ ਹੈ ਅਤੇ ਉਸ ਤੇ ਪੜਤਾਲ ਹੋ ਰਹੀ ਹੈ। ਇਸ ਸਕੀਮ ਅਧੀਨ ਧਨੌਰੀ ਫੀਡਰ ਬਣਾ ਕੇ ਭਾਖੜਾ ਮੇਨ ਲਾਈਨ ਤੇ ਪਾਣੀ ਦੇਣ ਦੀ ਤਜਵੀਜ਼ ਹੈ ਅਤੇ ਇਹ ਸਾਰੀ ਪੰਜਾਬ ਰਾਜ ਦੀ ਸੀਮਾ ਵਿਚ ਹੀ ਹੋਵੇਗੀ। ਇਸ ਸਕੀਮ ਤੇ ਕੋਈ 10 ਲੱਖ ਰੁਪਏ ਦੇ ਲਗਭਗ ਖਰਚ ਹੋਣ ਦਾ ਅਨੁਮਾਨ ਹੈ। ਇਸ ਯੋਜਨਾ ਦੇ ਪੂਰਾ ਹੋਣ ਦਾ ਸਮਾਂ ਇਸ ਯੋਜਨਾ ਦੀ ਪ੍ਰਵਾਨਗੀ ਅਤੇ ਲੋੜੀਂਦੇ ਫੰਡਾਂ ਦੀ ਪ੍ਰਾਪਤੀ ਤੇ ਨਿਰਭਰ ਹੈ। ਇਸ ਲਈ ਕੋਈ ਨਿਸਚਿਤ ਸਮਾਂ ਇਸ ਵੇਲੇ ਨਹੀਂ ਦਸਿਆ ਜਾ ਸਕਦਾ।

(ਬੀ) ਇਸ ਸਕੀਮ ਲਈ ਕੇਂਦਰੀ ਸਰਕਾਰ ਤੋਂ ਕੋਈ ਸਹਾਇਤਾ ਮਿਲਣ ਦੀ ਆਸ ਨਹੀਂ।

(ਸੀ) ਅਰੰਭਿਕ ਖੋਜ ਕੀਤੀ ਜਾ ਚੁਕੀ ਹੈ ਅਤੇ ਸਕੀਮ ਪੜਤਾਲ ਅਧੀਨ ਹੈ।

(ਡੀ) ਇਹ ਖੇਤਰ ਨਹਿਰਾਂ ਤੋਂ ਪਹਿਲਾਂ ਹੀ ਸਿੰਜਿਆ ਜਾ ਰਿਹਾ ਹੈ, ਪਰ ਕਠਨਾਈ ਇਹ ਹੈ ਕਿ ਇਸ ਦਾ ਪਾਣੀ ਦਾ ਸੋਰਸ ਹਰਿਆਣੇ ਰਾਜ ਵਿਚ ਹੈ।]

(ਇਸ ਵੇਲੇ ਚੌਧਰੀ ਬਲਬੀਰ ਸਿੰਘ ਬੋਲਣ ਲਈ ਖੜੇ ਹੋਏ)

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਇਰੀਗੇਸ਼ਨ ਦੀ ਗਰਾਂਟ ਤੇ ਡਿਸਕਸ਼ਨ ਸ਼ੁਰੂ ਹੋਣ ਵਾਲੀ ਹੈ, ਜੇ ਤੁਸੀਂ ਬੋਲਣਾ ਹੀ ਹੈ ਤਾਂ ਉਸ ਤੇ ਬੋਲ ਲੈਣਾ। Chaudhri Balbir Singh ji, if you must speak on this topic then the demand for Irrigation, is going to be discussed shortly and you may have your say at that time.)

चौधरी बलबीर सिंह : स्पीकर साहिब, हाऊस में मिनिस्टर की तरफ से ऐश्योरैंस आ जानी और बात है और इस हाऊस में अगर कोई बात ऐश्योरैंस के तौर पर कह दी जाये, और बार बार कहने पर भी कोई अमल न हो तो कितनी बुरी बात है ?

श्री अध्यक्ष : ड्रेन्ज के मुताल्लिक सरकार की तरफ से बीसियों ऐश्योरैंसिज आई हैं अगर उन पर आज तक कोई कार्रवाई नहीं हुई तो इस का भी वही हशर होगा।

(With regard to the drains, so many assurances have been given by the Government, but no action has been taken so far. This assurance will also meet the same fate.)

चौधरी बलबीर सिह : इसका सम्बन्ध तो आप से है कि ऐस्योरैंसिज का हशर क्या होता है । आपको इसके बारे में कोई कार्यवाही करनी चाहिये ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਨ੍ਹਾਂ ਰਜਵਾਹਿਆਂ ਦੇ ਵਿਚ ਪਾਣੀ ਬਿਲਕੁਲ ਵੀ ਨਹੀਂ ਚਲ ਰਿਹਾ, ਇਹ ਉਨ੍ਹਾਂ ਨੂੰ ਪਾਣੀ ਦੇਣ ਦਾ ਪ੍ਰਬੰਧ ਕਰਨਗੇ ?

ਮੁੱਖ ਮੰਤਰੀ : ਦਰਅਸਲ ਗਲ ਇਹ ਹੈ ਕਿ ਬਹੁਤ ਸਾਰੇ ਰਜਵਾਹੇ ਹਰਿਆਣੇ ਵਿਚ-ਦੀ ਹੋ ਕੇ ਆਉਂਦੇ ਹਨ. ਇਸ ਕਰਕੇ ਪਾਣੀ ਦੀ ਕਮੀ ਨੂੰ ਦੂਰ ਕਰਨ ਵਾਸਤੇ ਸਰਕਾਰ ਨੂੰ ਕੁਝ ਦਿਕਤਾਂ ਹਨ । ਹੁਣ ਪੰਜਾਬ ਗਵਰਮੈਂਟ ਨੇ ਇਕ ਸਕੀਮ ਬਣਾਈ ਹੈ ਕਿ ਜਿਸ ਦੇ ਨਤੀਜੇ ਦੇ ਵਜੋਂ ਹਰ ਇਲਾਕੇ ਦੀ ਜ਼ਰੂਰਤ ਮੁਤਾਬਿਕ ਪਾਣੀ ਦੀ ਸਪਲਾਈ ਹੋਵੇਗੀ ।

———

CANCELLATION OF GAZETTED HOLIDAY OF SATURDAYS IN CASE OF I. B. Cs. (CANAL PATWARIES) OF B. M. L. DIVISION PATIALA.

*1657. **Sardar Dalip Singh Pandhi** : Will the Minister for Irrigation and Power be pleased to state :—

(a) whether the Gazetted holiday of Saturdays has been cancelled in the case of I. B Cs. (Canal Patwaries) of B. M. L. Division Patiala (Canal Department) ; if so, the name of the officer who issued the said order and a copy of the order be placed on the Table of the House ?

Sardar Randhir Singh,—State Minister, P.W.D. (B & R)—

No order was issued by the Government. Local Instructions were given by the Deputy Collector, so that the demand statements which are date bound could be completed in time. These have since been withdrawn.

[ਸਰਕਾਰ ਨੇ ਕੋਈ ਹੁਕਮ ਜਾਰੀ ਨਹੀਂ ਕੀਤੇ ਸਨ । ਡਿਪਟੀ ਕੁਲੈਕਟਰ ਨੇ ਲੋਕਲ ਹਦਾਇਤਾਂ ਜਾਰੀ ਕੀਤੀਆਂ ਸਨ ਤਾਂਕਿ ਮਿਤੀ ਬੱਧ (ਡੇਟ ਬਾਂਉਡ) ਡਿਮਾਂਡ ਸਟੇਟਮੈਂਟਾਂ ਵਕਤ ਸਿਰ ਪੂਰੀਆਂ ਕੀਤੀਆਂ ਜਾ ਸਕਣ । ਇਹ ਹਦਾਇਤਾਂ ਵਾਪਸ ਲੈ ਲਈਆਂ ਗਈਆਂ ਹਨ ।]

———

CONSTRUCTION OF BALACHAUR NURPUR BEDI ROAD IN DISTRICT HOSHIARPUR

*1575 **Chaudhri Tulsi Ram Chauhan** :—Will the Minister for Irrigation and Power be pleased to state :—

(a) whether it is a fact that an amount of Rs. 1·5 Lakhs was

[**Chaudhri Tulsi Ram Chauhan**]

ear marked in the Budget for the year 1969-70 for the construction of a road from Balachaur to Nurpur Bedi in Sub Tehsil Balachaur, district Hoshiarpur ;

(b) if the answer to part (a) above be in the affirmative whether any progress has been made in the construction work of the said road ; if not, the reason therefor ?

Sardar Randhir Singh, (Minister of State for P.W.D. (B & R)) :—

(a) Yes.

(b) Yes.

[(ੲ) ਹਾਂ ਜੀ ।

(ਬੀ) ਹਾਂ ਜੀ ।]

ਚੌਧਰੀ ਤੁਲਸੀ ਰਾਮ ਚੌਹਾਨ : ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਜਾਨਣੀ ਚਾਹੁੰਦਾ ਹਾਂ ਕਿ ਜਿਹੜਾ 1,50,000/- ਰੁਪਿਆ ਰੱਖਿਆ ਗਿਆ ਸੀ, ਪਿਛਲੇ ਸਾਲ ਇਹਦੇ ਵਿਚੋਂ ਸੜਕਾਂ ਬਣਾਉਣ ਦੇ ਲਈ, ਬਲਾਚੌਰ ਤੋਂ ਨੂਰਪੁਰ ਬੇਦੀ ਲਈ ਜੋ ਰਖਿਆ ਗਿਆ ਸੀ ਕੀ ਉਹ ਇਸਤੇ-ਮਾਲ ਹੋਇਆ ? ਇਹ 40 ਮੀਲ ਲੰਬੀ ਸੜਕ ਬਣਨੀ ਸੀ ਪਰ ਮੈਂ ਸਮਝਦਾ ਹਾਂ ਇਸ ਤੇ ਇਕ ਪੈਸਾ ਵੀ ਖਰਚ ਪਿਛਲੇ ਸਾਲ ਨਹੀਂ ਹੋਇਆ ?

ਰਾਜ ਮੰਤਰੀ : ਕਾਫ਼ੀ ਕੰਮ ਹੋ ਚੁਕਾ ਹੈ, ਅਰਥ ਵਰਕ ਕੰਪਲੀਟ ਹੋਇਆ, 18 ਮੀਲ ਤੱਕ ਸੋਲਿੰਗ ਹੋਈ ਹੈ ਅਤੇ 6 ਮੀਲ ਤਕ ਸੈਟਿੰਗ ਵੀ ਹੋਈ ਹੈ ।

ਚੌਧਰੀ ਤੁਲਸੀ ਰਾਮ ਚੌਹਾਨ : ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਉਥੇ ਪਹਿਲਾਂ ਹੀ ਇਤਨਾ ਕੁਝ ਤਾਂ ਬਣਿਆ ਹੋਇਆ ਸੀ । ਮੈਂ ਪੁਛਿਆ ਸੀ ਕਿ ਜੋ ਰਕਮ 1969 ਦੇ ਵਿਚ ਪ੍ਰੋਵਾਈਡ ਕੀਤੀ ਸੀ ਉਸ ਵਿਚੋਂ ਵੀ ਕੁਝ ਇਸ ਸੜਕ ਦੇ ਲਈ ਖਰਚ ਹੋਈ ?

ਰਾਜ ਮੰਤਰੀ : ਇਸ ਦੇ ਲਈ ਨੋਟਿਸ ਚਾਹੀਦਾ ਹੈ ।

ਸ਼੍ਰੀ ਸਪੀਕਰ : ਇਹ ਤਾਂ ਉਨ੍ਹਾਂ ਦਾ ਨੋਟਿਸ ਆਇਆ ਸੀ ਇਸੇ ਲਈ ਹੁਣ ਹੋਰ ਨੋਟਿਸ ਨਹੀਂ ਚਾਹੀਦਾ । (Notice is already there ; there is no need for a fresh notice.)

चौधरी बलबीर सिंह : जो प्रोग्रैस हुई हो हमें हक है पूछने का मगर उन्होंने कहा है कि नोटिस चाहिये, यह मुनासिब बात नहीं है ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਥੇ ਸਵਾਲ ਇਹ ਹੈ—

"If answer to part (a) above be in the affirmative whether any progress has been made in the construction work of the said road, if not, the reasons therefor."

ਜਿਹੜੀ ਪ੍ਰੋਗਰੈਸ ਹੋਈ ਹੈ, ਉਹ ਆਨਰੇਬਲ ਮਨਿਸਟਰ ਨੇ ਦਸ ਹੀ ਦਿੱਤੀ ਹੈ । ਪਰ ਉਹ ਫਿਗਰਜ਼ ਕਿਵੇਂ ਇਕਦਮ ਦੇ ਸਕਦੇ ਹਨ ਕਿ ਇਤਨਾ ਰੁਪਿਆ ਖ਼ਰਚ ਹੋਇਆ ਹੈ ?

Mr. Speaker : The Questions Hour is over. The remaining questions will be deemed to have been answered under Rule 45 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE UNDER RULE 45.

APPROACH LINK ROADS

*164 . **Comrade Kulwant Singh** : Will the Minister for Irrigation and Power be pleased to state :—

(a) the length of approach and link roads in Kilometres which were proposed to be constructed during the year 1969-70 under the Crash Programme in Punjab ;

(b) the approximate districtwise breakup of proposed roads ;

(c) the constituency-wise breakup of such roads in Jullundur District ?

Sardar Sohan Singh Bassi :

(a) 1950 Kms. of new roads are proposed to be metalled during 1969-70.

(b) Approximate districtwise breakup is given as under :—

Name of district.	*Targets*
Amritsar	170
Gurdaspur	170
Ferozepur	360
Jullundur	190
Hoshiarpur	180
Kapurthala	55
Ludhiana	275
Patiala	18)
Sangrur	150
Bhatinda	130
Ropar	85
Total	1950

(c) Constituency-wise targets are not fixed.

[(ੲ) 1969-70 ਵਿਚ 1950 ਕਿਲੋਮੀਟਰ ਨਵੀਆਂ ਸੜਕਾਂ ਬਣਾਉਣ ਦੀ ਤਜਵੀਜ਼ ਹੈ ।

[**Minister for Irrigation and Power**]

(ਬੀ) ਇਨ੍ਹਾਂ ਦਾ ਜ਼ਿਲ੍ਹੇਵਾਰ ਵੇਰਵਾ ਇਸ ਪਰਕਾਰ ਹੈ :—

ਜ਼ਿਲ੍ਹੇ ਦਾ ਨਾਂ	ਟੀਚਾ
ਅੰਮ੍ਰਿਤਸਰ	170
ਗੁਰਦਾਸਪੁਰ	170
ਫਿਰੋਜ਼ਪੁਰ	360
ਜਲੰਧਰ	190
ਹੁਸ਼ਿਆਰਪੁਰ	180
ਕਪੂਰਥਲਾ	55
ਲੁਧਿਆਣਾ	275
ਪਟਿਆਲਾ	185
ਸੰਗਰੂਰ	150
ਬਠਿੰਡਾ	130
ਰੋਪੜ	85
ਜੋੜ	1950

ਸੀ) ਚੋਣ ਹਲਕਾਵਾਰ ਟੀਚੇ (targets) ਨਹੀਂ ਮਿਥੇ ਜਾਂਦੇ ।]

———

LEASING OUT OF P. W. D. REST HOUSE, GOBINDGARH

*1667. **Sardar Dalip Singh Pandhi** : Will the Minister for Irrigation and Power be pleased to state :—

(a) whether the Agriculture Department have entered into any agreement with the Public Works Department about the leasing out of the P. W. D. Rest House Gobindgarh, District Patiala ; if so, details thereof ;

(b) whether the said agreement has been honoured ; if so, from which date ;

(c) the details of the steps taken by the P. W. D. to get the said Rest House vacated ; if no steps have been taken, the reasons thereof ?

Sardar Sohan Singh Bassi :—

(a) No formal agreement was entered into. However, the Agriculture Department were allowed the use of the Rest House.

(b) Question does not arise.

(c) Efforts are being made to get it vacated from the Agriculture Department.

[(ਏ) ਨਹੀਂ ਜੀ, ਖੇਤੀ ਬਾੜੀ ਵਿਭਾਗ ਨਾਲ ਇਸ ਸਬੰਧ ਵਿਚ ਕੋਈ ਰਸਮੀ ਐਗਰੀਮੈਂਟ ਨਹੀਂ ਹੋਇਆ। ਫਿਰ ਵੀ ਖੇਤੀ-ਬਾੜੀ ਵਿਭਾਗ ਨੂੰ ਇਸ ਰੈਸਟ ਹਾਊਸ ਨੂੰ ਵਰਤਣ ਦੀ ਆਗਿਆ ਦਿਤੀ ਗਈ ਸੀ।

(ਬੀ) ਸਵਾਲ ਨਹੀਂ ਪੈਦਾ ਹੁੰਦਾ।

(ਸੀ) ਖੇਤੀ ਬਾੜੀ ਵਿਭਾਗ ਤੋਂ ਇਸ ਨੂੰ ਖਾਲੀ ਕਰਾਉਣ ਵਾਸਤੇ ਯਤਨ- ਕੀਤੇ ਜਾ ਰਹੇ ਹਨ।]

G. P. FUND PASS BOOKS

*1185. **Chaudhri Ram Singh** : Will the Minister for Finance be pleased to state whether it is a fact that the Government have made provision for maintaining G. P. Fund Pass-Books for the Gazetted Officers only in the State ; If so, the reasons for which such a provision has not been made for the non-Gazetted employees ?

Sardar Balwant Singh : —Yes.

It has also been decided to introduce, on an experimental basis, this system for the non-gazetted employees of the Punjab Civil Secretariat, where this work has since been taken in hand. The feasibility of introducing this system in other offices for (non-gazetted employees) will be examined in the light of the experience gained in the Civil Secretariat.

[ਹਾਂ ਜੀ। ਇਸ ਪਰਣਾਲੀ ਨੂੰ ਪੰਜਾਬ ਸਿਵਲ ਸਕੱਤਰੇਤ ਦੇ ਨਾਨ-ਗਜ਼ਟਿਡ ਕਰਮਚਾਰੀਆਂ ਵਾਸਤੇ, ਜਿਥੇ ਇਸ ਕੰਮ ਨੂੰ ਹੱਥ ਵਿੱਚ ਲੈ ਲਿਆ ਗਿਆ ਹੈ, ਤਜਰਬੇ ਵਜੋਂ ਲਾਗੂ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਇਸ ਪਰਣਾਲੀ ਨੂੰ ਦੂਜੇ ਦਫਤਰਾਂ ਦੇ ਨਾਨ-ਗਜ਼ਟਿਡ ਕਰਮਚਾਰੀਆਂ ਵਾਸਤੇ ਲਾਗੂ ਕਰਨ ਦੀ ਸੰਭਾਵਨਾਂ ਦੀ ਪਰਖ ਇਸ ਕੇਸ ਤੋਂ ਪ੍ਰਾਪਤ ਕੀਤੇ ਤਜਰਬੇ ਦੇ ਆਧਾਰ ਉਤੇ ਕੀਤੀ ਜਾਵੇਗੀ।]

SETTING UP MODEL VILLAGES IN SAROA AND BALACHAUR BLOCKS, DISTRICT HOSHIARPUR.

*1505. **Chaudhri Tulsi Ram Chauhan**. Will the Minister for Development and Animal Husbandry be pleased to state :—

[**Chaudhri Tulsi Ram Chauhan**]

(a) the names of villages selected for setting up as Model Villages in Saroa Block and Balachaur Block, tehsil Garhshankar, district Hoshiarpur ;

(b) whether the recommendations made by the Deputy Commissioner, Hoshiarpur, in this connection have been accepted or rejected ; if rejected, the reasons therefor ?

Sardar Parkash Singh Badal :—

(a) Saroya Block Sahunra, Balachaur Block Mehadpur and Mahatpur Aldani.

(b) The recommendations of the Deputy Commissioner were considered and accepted in respect of Balachaur Block. It was, however, not considered expedient to accept his recommendati›ns in respect of Saroya Block.

[(ੳ) ਸੜੋਆ ਬਲਾਕ ਵਿਚ ਪਿੰਡ ਸਹੂੰਗੜਾ ਅਤੇ ਬਲਾਚੌਰ ਬਲਾਕ ਵਿਚ ਪਿੰਡ ਮਹਿੰਦਪੁਰ ਅਤੇ ਮਹਤਪੁਰ ਅਲਦਨੀ ਨੂੰ ਮਾਡਲ ਗਰਾਮ ਚੁਣਿਆ ਗਿਆ ਹੈ ।

(ਅ) ਡਿਪਟੀ ਕਮਿਸ਼ਨਰ ਦੀਆਂ ਸਫਾਰਸ਼ਾਂ ਤੇ ਵਿਚਾਰ ਕੀਤਾ ਗਿਆ ਅਤੇ ਬਲਾਚੌਰ ਬਲਾਕ ਬਾਰੇ ਉਸਦੀ ਸਫਾਰਸ਼ ਮੰਨ ਲਈ ਗਈ ਪਰ ਸੜੋਆ ਬਲਾਕ ਬਾਰੇ ਉਸਦੀ ਸਫਾਰਸ਼ ਨੂੰ ਵਾਜਬ ਨਹੀਂ ਸਮਝਿਆ ਗਿਆ ।]

PERSONS PROMOTED AS DAIRY EXTENSION OFFICERS.

*1628. **Sardar Sarup Singh** : Will the Minister for Development and Animal Husbandry, be pleased to state —

(a) the names of the persons promoted by the Government as Dairy Extension Officers under their order No. 4206—A. H (1)—69/274, dated 14. 10. 1969 ;

(b) whether they possess the requisite qualifications as advertised by the Punjab Public Service Commission ?

Sardar Parkash Singh Badal.

(a) (i) Shri Gurdev Singh

(ii) Shri Daljit Singh

(iii) Shri M. L. Madan.

(b) Out of these three posts, only one is to be filled by direct recruitment for which qualifications have to be laid down and the Public Service Commission approached. The other two posts have been filled in by promotion from the departmental candidates.

[(ੳ) 1. ਸ਼੍ਰੀ ਗੁਰਦੇਵ ਸਿੰਘ
2. ਸ਼੍ਰੀ ਦਲਜੀਤ ਸਿੰਘ
3. ਸ਼੍ਰੀ ਐਮ. ਐਲ. ਮਦਾਨ ।

(ਅ) ਇਨ੍ਹਾਂ ਤਿੰਨਾਂ ਆਸਾਮੀਆਂ ਵਿਚੋਂ, ਇਕ ਆਸਾਮੀ ਹੀ ਸਿੱਧੀ ਭਰਤੀ ਰਾਹੀਂ ਭਰੀ ਜਾਣੀ ਹੈ, ਜਿਸ ਲਈ ਅਜੇ ਯੋਗਤਾਵਾਂ ਨਿਸਚਿਤ ਕਰਨੀਆਂ ਹਨ ਅਤੇ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਲਿਖਿਆ ਜਾਣਾ ਹੈ । ਬਾਕੀ ਦੀਆਂ ਦੋ ਆਸਾਮੀਆਂ ਵਿਭਾਗੀ ਉਮੀਦਵਾਰਾਂ ਨੂੰ ਤਰੱਕੀ ਦੇ ਕੇ ਭਰੀਆਂ ਗਈਆਂ ਹਨ ।]

REPRESENTATION FROM SOME PRIMARY LADY TEACHERS OF KAPURTHALA II BLOCK.

*1489. **Doctor Sadhu Ram** : Will the Minister for Education be pleased to :—

(a) state whether it is a fact that some primary lady teachers of Kapurthala II Block made representation to the Govt. against the undue harassment for ulterior motives by the B. E. O. concerned ;

(b) state whether it is a fact that P. G. O. Kapurthala is holding an enquiry against the said B. E. O. ; if so, whether the enquiry has been completed; if not, the time by which the same is likely to be completed ;

(c) lay on the Table of the House a copy of the enquiry report, if any, submitted to the Government ;

(d) state whether the Govt. propose to go deep into the affairs of lady staff of Govt. Primary School, Nangal Sapror and Khajurla of the said Block in this connection ;

(e) state the action, if any taken against the officer concerned ?

ਸਰਦਾਰ ਸੁਰਜੀਤ ਸਿੰਘ,

(ੲ) ਹਾਂ ਜੀ ।

(ਬੀ) ਹਾਂ ਜੀ । ਸ਼੍ਰੀਮਤੀ ਕਾਂਤਾ ਕੁਮਾਰੀ ਅਧਿਆਪਕਾ ਗੌਰਮਿੰਟ ਪ੍ਰਾਇਮਰੀ ਸਕੂਲ, ਖਜੂਰਲਾ ਵਲੋਂ ਕੀਤੀ ਸ਼ਕਾਇਤ ਦੀ ਪੜਤਾਲ ਪੀ. ਜੀ. ਓ., ਕਪੂਰਥਲਾ ਨੇ, ਬੀ. ਈ. ਓ. ਕਪੂਰਥਲਾ II, ਦੇ ਵਿਰੁੱਧ ਕੀਤੀ ਸੀ । ਇਹ ਪੜਤਾਲ ਮੁਕੰਮਲ ਹੋ ਗਈ ਹੈ ।

(ਸੀ) ਪੜਤਾਲ ਰਪੋਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਡੀ) ਹਾਂ ਜੀ ।

(ਈ) ਅਜੇ ਮਾਮਲਾ ਵਿਚਾਰ ਅਧੀਨ ਹੈ ।

[**Minister for Education**]

ਰਿਪੋਰਟ

ਸ਼੍ਰੀਮਤੀ ਕਾਂਤਾ ਕੁਮਾਰੀ ਟੀਚਰ ਗੌਰਮਿੰਟ ਪ੍ਰਾਇਮਰੀ ਸਕੂਲ, ਖਜੂਰਲਾ ਨੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਸ਼ਕਾਇਤ ਕੀਤੀ। ਡੀ ਸੀ. ਸਾਹਿਬ ਆਪਣਾ ਹੁਕਮ ਸ਼ਕਾਇਤ ਦੇ ਉਤੇ ਝੰਡੀ 'ਏ' ਤੇ ਵੇਖਣ ਦੀ ਕਿਰਪਾਲਤਾ ਕਰਨ।

ਇਸ ਸ਼ਕਾਇਤ ਵਿਚ ਸ਼੍ਰੀਮਤੀ ਕਾਂਤਾ ਕੁਮਾਰੀ ਨੇ ਬਲਾਕ ਸਿਖਿਆ ਅਫਸਰ ਦੇ ਖਿਲਾਫ ਨਜਾਇਜ਼ ਤੰਗ ਕਰਨ ਤੇ ਹਰਾਸ ਕਰਨ ਦੇ ਦੋਸ਼ ਲਾਏ ਹਨ :

2. ਸ਼੍ਰੀਮਤੀ ਕਾਂਤਾ ਕੁਮਾਰੀ ਦੇ ਬਿਆਨ ਝੰਡੀ 'ਬੀ' ਤੇ ਲਿਖੇ ਗਏ ਹਨ ਇਨ੍ਹਾਂ ਬਿਆਨਾਂ ਵਿਚੋਂ ਨਿਮਨ ਲਿਖਤ ਦੋਸ਼ ਪਾਏ ਜਾਂਦੇ ਹਨ :—

ੳ : ਬੀ. ਈ. ਓ. ਸਾਹਿਬ ਨੇ ਚਹੇੜੂ ਕੈਂਪ ਤੋਂ ਮਿਤੀ 6. 9. 1969 ਨੂੰ ਪਰਾਰਥਕ ਦੇ ਸਹਿਯੋਗ ਨਾ ਦੇਣ ਦਾ ਦੋਸ਼ ਲਾਇਆ। ਫਿਰ ਪੱਤਰ ਨੰਬਰ 968, ਮਿਤੀ 19. 9. 1969 ਰਾਹੀਂ ਪਰਾਰਥਕ ਦੇ ਸਹਿਯੋਗ ਨਾ ਦੇਣ ਦਾ ਦੋਸ਼ ਲਾਇਆ ਅਤੇ ਮਿਤੀ 22. 9. 1969 ਨੂੰ ਬੀ. ਈ. ਓ. ਦੇ ਦਫਤਰ ਵਿਚ ਬਕਾਏ ਦਾ ਨਿਰਨਾ ਕਰਨ ਲਈ ਪਰਾਰਥਕ ਨੂੰ ਸਦਿਆ ਗਿਆ। ਫਿਰ ਚਿਠੀ ਨੰਬਰ 1046 ਰਾਹੀਂ 10. 10. 1969 ਨੂੰ ਦਫ਼ਤਰ ਵਿਚ ਹਾਜ਼ਰ ਹੋ ਕੇ ਸਭ ਸਰਟੀਫਿਕੇਟ ਦਿਖਾਉਣ ਲਈ ਆਖਿਆ ਗਿਆ। ਸਰਟੀਫਿਕੇਟਾਂ ਦੀਆਂ ਦਰਜਾ ਅੱਵਲ ਮੈਜਿਸਟਰੇਟ ਪਾਸੋਂ ਤਸਦੀਕ ਸ਼ੁਦਾ ਕਾਪੀਆਂ ਪਰਾਰਥਕ ਨੇ 6. 10. 1969 ਨੂੰ ਭੇਜ ਦਿਤੀਆਂ ਪਰ ਫਿਰ ਚਿਠੀ ਨੰਬਰ 1116 ਮਿਤੀ 10. 10. 1969 ਰਾਹੀਂ ਉਰਿਜਨਲ ਸਰਟੀਫੀਕੇਟ ਵਿਖਾਣ ਲਈ ਲਿਖਿਆ ਗਿਆ ਅਤੇ ਨਾਲ ਹੀ ਸ਼ਕ ਇਹ ਜ਼ਾਹਿਰ ਕੀਤਾ ਕਿ ਪਰਾਰਥਕ ਦੇ ਸਰਟੀਫਿਕੇਟ ਜਾਹਲੀ ਹਨ। ਆਖਿਰ 17. 10. 1969 ਨੂੰ ਪ੍ਰਾਰਥਕ ਨੇ ਬੀ. ਈ. ਓ. ਸਾਹਿਬ ਦੇ ਦਫ਼ਤਰ ਵਿਚ ਜਾਕੇ ਆਪਣੇ ਉਰਿਜਨਲ ਸਰਟੀਫਿਕੇਟ ਵਿਖਾਏ। ਅਧਿਆਪਕਾ ਇਕ ਪਕੀ ਟੀਚਰ ਹੈ ਅਤੇ ਇੰਨੀ ਦੇਰ ਬਾਦ ਉਸਦੇ ਸਰਟੀਫੀਕੇਟਾਂ ਤੇ ਸ਼ਕ ਕਰਨ ਦੀ ਕੋਈ ਗੁੰਜ਼ਾਇਸ ਨਹੀਂ ਹੋਣੀ ਚਾਹੀਦੀ। ਬਾਰ ਬਾਰ ਅਧਿਆਪਕਾਂ ਨੂੰ ਚਿਠੀਆਂ ਲਿਖਣ ਨਾਲ ਪ੍ਰਾਰਥਕ ਨੂੰ ਨਜਾਇਜ਼ ਹੈਰਾਸ ਕੀਤਾ ਗਿਆ ਹੈ।

ਅ : ਸਤੰਬਰ, 1969 ਦੀ ਤਨਖਾਹ ਬਜ਼ਰੀਆ ਆਰ. ਟੀ. ਆਰ. ਮਿਤੀ 16. 10. 1969 ਨੂੰ ਭੇਜੀ ਗਈ। ਇਹ ਆਰ. ਟੀ. ਆਰ. ਪ੍ਰਾਰਥਕ ਮੁਸ਼ਕਲ ਨਾਲ 30. 10. 1969 ਨੂੰ ਕੈਸ਼ ਕਰਵਾ ਸਕੀ। ਅਧਿਆਪਕਾਂ ਨੂੰ ਤਨਖਾਹਾਂ ਸੈਂਟਰ ਰਾਹੀਂ ਵੰਡੀਆਂ ਜਾਂਦੀਆਂ ਹਨ। ਇਸ ਅਧਿਆਪਕਾ ਦੀ ਤਨਖਾਹ ਬਜਾਏ ਸੈਂਟਰ ਵਿਚ ਭੇਜਣ ਦੇ ਆਰ. ਟੀ. ਆਰ. ਜ਼ਰੀਏ ਦੇਰ ਨਾਲ 16. 10. 1969 ਨੂੰ ਭੇਜੀ ਗਈ। ਮਾਲੂਮ ਹੁੰਦਾ ਹੈ ਕਿ ਪ੍ਰਾਰਥਕ ਨੂੰ ਜਾਣ ਬੁਝ ਕੇ ਤੰਗ ਕੀਤਾ ਗਿਆ।

ੲ : ਅਕਤੂਬਰ, 1969 ਦੀ ਤਨਖਾਹ ਮਨੀਆਰਡਰ ਰਾਹੀਂ 2 12. 1969 ਨੂੰ ਭੇਜੀ ਗਈ। ਪ੍ਰਾਰਥਕ ਦੇ ਜ਼ਿੰਮੇ ਕੋਈ ਪਰੋਫੈਸ਼ਨਲ ਟੈਕਸ ਬਕਾਇਆ ਨਹੀਂ ਸੀ ਅਤੇ ਨਾਂ ਹੀ ਇਹ ਤਨਖਾਹ ਭੇਜਣ ਵੇਲੇ ਕੋਈ ਰਕਮ ਕਟੀ ਗਈ। ਇਸ ਤਰ੍ਹਾਂ ਅਕਤੂਬਰ, 1969 ਦੀ ਤਨਖਾਹ

ਨਜਾਇਜ਼ ਸਾਰਾ ਮਹੀਨਾ ਨਵੰਬਰ ਆਪਣੇ ਪਾਸ ਰੱਖੀ ਅਤੇ 2. 12. 1969 ਨੂੰ ਮਨੀਆਰਡਰ ਕਰ ਦਿਤਾ। ਇਤਨੀ ਦੇਰ ਨਾਲ ਤਨਖਾਹ ਭੇਜ ਕੇ ਪ੍ਰਾਰਥਕ ਨੂੰ ਨਜਾਇਜ਼ ਹੈਰਾਨ ਕੀਤਾ ਗਿਆ।

ਸ: ਬੀ. ਈ ਓ. ਸਾਹਿਬ ਨੇ ਪ੍ਰਾਰਥਕ ਦੀ ਜਵਾਬ ਤਲਬੀ ਮੰਗੀ ਕਿ ਅਕਤੂਬਰ, 1969 ਦੀ ਤਨਖਾਹ ਸੈਂਟਰ ਵਿਚ ਕਿਉਂ ਨਹੀਂ ਲੈਣ ਆਈ ਜਿਸ ਦਾ ਜਵਾਬ ਪ੍ਰਾਰਥਕ ਨੇ ਨੰਬਰ 1567 ਮਿਤੀ 15. 11. 1969 ਨੂੰ ਰਜਿਸਟਰੀ ਕਰਵਾ ਦਿਤਾ। ਪਰ ਇਹ ਰਜਿਸਟਰੀ ਬੀ. ਈ. ਓ. ਸਾਹਿਬ ਨੇ ਵਸੂਲ ਨਹੀਂ ਕੀਤੀ ਅਤੇ ਡੈਡ ਲੈਟਰ ਆਫਿਸ ਵਲੋਂ ਹੋਕੇ ਪ੍ਰਾਰਥਕ ਨੂੰ ਵਾਪਸ ਮਿਲੀ। ਇਹ ਲਿਫਾਫਾ ਪ੍ਰਾਰਥਕ ਨੇ ਵਿਖਾਇਆ ਜਿਸ ਉਪਰ ਰਿਫਿਊਜ਼ਡ ਲਿਖਿਆ ਹੋਇਆ ਸੀ। ਇਹ ਜਵਾਬ ਬੀ. ਈ. ਓ. ਸਾਹਿਬ ਨੂੰ ਵਸੂਲ ਕਰ ਲੈਣਾ ਚਾਹੀਦਾ ਸੀ ਅਤੇ ਜਾਇਜ਼ ਕਾਰਵਾਈ ਕਰਨੀ ਚਾਹੀਦੀ ਸੀ। ਮਾਲੂਮ ਹੁੰਦਾ ਹੈ ਕਿ ਪ੍ਰਾਰਥਕ ਨੂੰ ਨਜਾਇਜ਼ ਤੰਗ ਕੀਤਾ ਗਿਆ ਹੈ।

ਹ: ਇਹ ਹੁਕਮ ਮਿਤੀ 5. 11. 1969 ਜੋ ਹੈਡ ਮਾਸਟਰ ਜਸਵੰਤ ਸਿੰਘ ਨੇ ਪ੍ਰਾਰਥਕ ਨੂੰ ਲਿਖਕੇ ਦਿਤਾ ਹੈ ਤੋਂ ਪਾਇਆ ਜਾਂਦਾ ਹੈ ਕਿ ਅਧਿਆਪਕਾਂ ਨੂੰ ਸ਼੍ਰੇਣੀਆ ਵਿਚ ਕਿਤਾਬਾਂ ਵੇਚਣ ਲਈ ਕਿਹਾ ਜਾਂਦਾ ਹੈ। ਇਹ ਹੁਕਮ ਬੀ. ਈ. ਓ. ਸਾਹਿਬ ਵਲੋਂ ਦਿਤਾ ਦਸਿਆ ਗਿਆ ਹੈ। ਪ੍ਰਾਰਥਕ ਬਿਆਨੀ ਹੈ ਕਿ ਸਾਧਾਰਨ ਵਿਗਿਆਨ ਦੀਆਂ ਪਹਿਲੀ ਜਮਾਤ ਨੂੰ ਕਿਤਾਬਾਂ ਨਾ ਵੇਚਣ ਤੇ ਧਮਕਾਇਆ ਜਾਂਦਾ ਹੈ। ਇਸ ਤਰ੍ਹਾਂ ਪ੍ਰਾਰਥਕ ਨੂੰ ਤੰਗ ਕਰਨਾ ਵਾਜਬ ਨਹੀਂ।

——— ———

POLITICAL CONFERENCE PRESIDED OVER BY D. E. O. KAPURTHALA

*1490. **Doctor Sadhu Ram** : Will the Minister for Education be pleased to state :—

(a) whether it has come to the notice of the Government that D. E. O. Kapurthala presided over a political conference on February 16, 1970 at Rehana Jattan ;

(b) if the reply to part (a) above be in the affirmative, the action, if any, Government propose to take against such Government officers for participating in political affairs ?

ਸਰਦਾਰ ਸੁਰਜੀਤ ਸਿੰਘ :

(ੲ) ਨਹੀਂ ਜੀ।

(ਬੀ) ਸਵਾਲ ਪੈਦਾ ਨਹੀਂ ਹੁੰਦਾ।

....

CLASS IV SERVANTS EMPLOYED OUT OF THE AMALGAMATED FUNDS

*1591. **Chaudhri Balbir Singh** : Will the Minister for Education qe pleased to state :—

[**Chaudhri Balbir Singh**]

(a) The total number of class IV servants so far employed out of the Amalgamated Funds with their date of appointment ;

(b) whether they were appointed out of the fund in the regular scale of pay plus dearness allowance ; if so, the reasons for fixed-consolidated pay at this stage ;

(c) whether the Principals of the Government Colleges, have recommended to the Director of Public Instruction Punjab for the award of regular scale of pay to the said employees ; if so, the reasons why the recommendations have not been implemented ;

(d) whether any steps have been taken by the Education Department to absorb them permanently against Government jobs on the basis of their long service and experience against fund posts ?

ਸਰਦਾਰ ਸੁਰਜੀਤ ਸਿੰਘ :

(ੳ) 120

ਨਿਯੁਕਤੀਆਂ ਦੀਆਂ ਮਿਤੀਆਂ ਦੀ ਸੂਚੀ ਨਥੀ ਹੈ ।

(ਅ) ਹਾਂ ਜੀ, 9-9-68 ਤੋਂ ਪਹਿਲਾਂ ਤੋਂ ਕੰਮ ਕਰ ਰਹੇ ਕਰਮਚਾਰੀਆਂ ਨੂੰ ਰੈਗੂਲਰ ਸਕੇਲ ਵਿਚ ਲਿਆ ਗਿਆ ਸੀ ਪਰੰਤੂ 9-9-68 ਨੂੰ ਫਿਕਸਡ ਤਨਖਾਹ ਦੇਣ ਦਾ ਫੈਸਲਾ ਇਸ ਲਈ ਕੀਤਾ ਗਿਆ ਕਿਉਂ ਜੋ ਅਮੈਲਗਾਮੇਟਿਡ ਫੰਡ ਦੀ ਜਿਹੜਾ ਵਿਦਿਆਰਥੀਆਂ ਤੋਂ ਇਕੋ ਨੀਯਤ ਦਰ ਤੇ ਵਸੂਲ ਕੀਤਾ ਜਾਂਦਾ ਹੈ ਆਮਦਨ ਸੀਮਤ ਹੁੰਦੀ ਹੈ ਅਤੇ ਉਹ ਰੈਗੂਲਰ ਸਕੇਲ ਦਾ ਭਾਰ ਨਹੀਂ ਚੁਕਾ ਸਕਦਾ ।

(ੲ) ਕੁਝ ਪ੍ਰਿੰਸੀਪਲਾਂ ਨੇ ਇਹਨਾਂ ਕਰਮਚਾਰੀਆਂ ਲਈ ਰੈਗੂਲਰ ਸਕੇਲ ਦੀ ਸਿਫ਼ਾਰਸ਼ ਕੀਤੀ ਸੀ ਪਰੰਤੂ ਉਪਰ (ਅ) ਤੇ ਦਸੀ ਗਈ ਕਠਿਨਾਈ ਕਾਰਨ ਇਹ ਸਿਫ਼ਾਰਸ਼ ਮੰਨੀ ਨਹੀ ਜਾ ਸਕੀ ।

(ਸ) ਆਸਾਮੀਆਂ ਨਿਕਲਣ ਤੇ ਇਹ ਕਰਮਚਾਰੀ ਭੀ ਬਕਾਇਦਾ ਨਿਯੁਕਤੀ ਲਈ ਨਿਯਮਾਂ ਅਨੁਸਾਰ ਦਰਖਾਸਤ ਦੇ ਸਕਦੇ ਹਨ ।

ਨਿਯੁਕਤੀਆਂ ਦੀ ਮਿਤੀ ਦੀ ਸੂਚੀ

ਆਸਾਮੀ ਦਾ ਨਾਂ	ਗਿਣਤੀ	ਨਿਯੁਕਤੀ ਦੀ ਮਿਤੀ
ਐਨੀਮਲ ਕਲੈਕਟਰ	1	19. 1. 69
	1	12. 12. 69

ਚੌਕੀਦਾਰ	1	25. 11. 59
	1	1. 8. 64
	1	17. 10. 68
	1	1. 12. 68
	1	7. 7. 69
	1	4. 11. 69
	1	19. 11. 69
ਲਾਇਬਰੇਰੀ ਅਟੈਂਡੈਂਟ	3	19. 10. 1964
	1	9. 9. 1966
	1	27. 2. 1967
	1	26. 2. 1968
	1	1. 3. 1969
	1	16. 7. 1969
	1	16. 9. 1969
	1	4. 11. 1969
	1	20. 2. 1970
ਚਪੜਾਸੀ	1	1. 11. 1958
	1	1. 12. 1964
	1	19. 7. 1967
	1	19. 9. 1968
	1	22. 7. 1969
	1	18. 11. 1969
ਲੇਡੀ ਅਟੈਂਡੈਂਟ	1	1. 6. 1948
	1	
	1	1955 ਤੇ ਉਸ ਤੋਂ ਬਾਅਦ ਤੋਂ
ਗੇਮ ਬੁਆਇ	1	10. 9. 1961
ਵਾਟਰ ਮੈਨ	1	25. 2. 1969
ਸਪੋਰਟਸ ਕੁਲੀ	1	1946 ਤੋਂ
ਸਵੀਪਰ	1	11. 7. 1966
	1	19. 9. 1968
	1	24. 10. 1969
	1	1. 12. 1969
	1	20. 12. 1969

[ਸਿਖਿਆ ਮੰਤਰੀ[

ਬੇਲਦਾਰ	8	ਸਾਲ 1955 ਤੇ ਇਸ ਤੋਂ ਬਾਅਦ ਤੋਂ
	1	1. 4. 1954
	1	1. 5. 1957
	2	24. 5. 1957
	2	1960 ਤੋਂ
	1	29. 10. 1962
	1	7. 11. 1962
	2	1. 6. 1963
	1	5. 9. 1963
	1	13. 9. 1963
	1	8. 11. 1963
	1	10. 12. 1963
	1	8. 1. 1964
	1	31. 1. 1964
	1	1. 4. 1964
	1	19. 6. 1964
	1	1. 7. 1964
	1	22. 8. 1964
	1	1. 12. 1964
	1	26. 3. 1965
	1	21. 10. 1965
	1	16. 11. 1965
	1	1. 12. 1965
	1	24. 12. 1965
	2	1965 ਤੋਂ
	2	1. 7. 1966
	1	20. 7. 1966
	1	3. 8. 1966
	1	13. 8. 1966
	1	1. 9. 1966
	1	5. 9. 1966
	1	5. 10. 1966
	-	10. 10. 1966

1	13. 10. 1966
1	1. 11. 1966
1	15. 2. 1967
1	1. 5. 1967
1	1. 7. 1967
1	12. 9. 1967
1	19. 9. 1967
2	23. 1. 1968
1	8. 8. 1968
1	21. 8. 1968
1	5. 9. 1968
1	24. 10. 1968
1	1. 2. 1969
1	1. 4. 1969
1	15. 6. 1969
1	7. 7. 1969
2	1. 9. 1969
1	22. 10. 1969
1	17. 11. 1969
1	18. 11. 1969
1	28. 11. 1969
1	10. 12. 1969
1	4. 11. 1969
1	20. 11. 1969
1	26. 11. 1969
1	1. 12. 1969
1	23. 12. 1969
1	24. 12. 1969
2	6. 1. 1970
1	19. 1. 1970
1	27. 1. 1970
1	21. 2. 1970
1	1. 3. 1970
1	2. 3. 1970
1	3. 3. 1970

———

HIGHER SUPERVISORY POSTS ALLOWED TO MINITSERIAL STAFF OF STATE/PROVINCIALISED CADRES IN THE EDUCATION DEPARTMENT.

*1592. **Chaudhri Balbir Singh** : Will the Minister for Education be pleased to state :—

(a) the total number of higher supervisory posts allowed to the Ministerial staff of the State and Provincialised cadres together with the ratio in which the same have been distributed among both the cadres ;

(b) whether they are equally treated in the matter of promotion if not, the reasons therefor ;

(c) whether they are given share proportionately in the newly created posts to protect their interest ; if not, the reasons for such discrimination ;

(d) whether all higher vacant posts of both cadres are filled by promotion at the same time ; if not, the reasons for not filling up the posts in both cadres on equal footing ;

(e) the number of such posts filled up and lying vacant during the period 1—11—1966 to date ?

ਸਰਦਾਰ ਸੁਰਜੀਤ ਸਿੰਘ :

(ਏ)

ਸਟੇਟ ਕਾਡਰ	ਪਰੋਵਿੰਸ਼ਲਾਈਜ਼ਡ ਕਾਡਰ	ਅਨੁਪਾਤ
27	7	4 : 1

(ਬੀ) ਜੀ ਹਾਂ ਸਟੇਟ ਕਾਡਰ ਦੀਆਂ ਆਸਾਮੀਆਂ ਤੇ ਸਟੇਟ ਕਾਡਰ ਦੇ ਕਰਮਚਾਰੀਆਂ ਅਤੇ ਪਰੋਵਿੰਸ਼ਲਾਈਜ਼ਡ ਕਾਡਰ ਦੇ ਕਰਮਚਾਰੀਆਂ ਦੀਆਂ ਆਸਾਮੀਆਂ ਤੇ ਪਰੋਵਿੰਸ਼ਲਾਈਜ਼ਡ ਕਾਡਰ ਦੇ ਕਰਮਚਾਰੀਆਂ ਨੂੰ ਤਰੱਕੀ ਦਿਤੀ ਜਾਂਦੀ ਹੈ ।

(ਸੀ) ਜੀ ਨਹੀਂ ਪਰੋਵਿੰਸ਼ਲਾਈਜ਼ਡ ਕਾਡਰ ਡਿਮਨਿਸ਼ੰਗ ਕਾਡਰ ਹੈ । ਨਵੀਆਂ ਆਸਾਮੀਆਂ ਸਟੇਟ ਕਾਡਰ ਵਿਚ ਮਨਜ਼ੂਰ ਹੁੰਦੀਆਂ ਹਨ ਅਤੇ ਸਟੇਟ ਕਾਡਰ ਨੂੰ ਹੀ ਜਾਂਦੀਆਂ ਹਨ ।

(ਡੀ) ਜੀ ਨਹੀਂ ਜਦੋਂ ਸਟੇਟ ਕਾਡਰ ਦੀ ਆਸਾਮੀ ਖਾਲੀ ਹੁੰਦੀ ਹੈ ਤਾਂ ਸਟੇਟ ਕਾਡਰ ਦੇ ਕਰਮਚਾਰੀ ਨੂੰ ਤਰੱਕੀ ਦੇ ਕੇ ਭਰੀ ਜਾਂਦੀ ਹੈ ਅਤੇ ਇਸ ਤਰਾਂ ਹੀ ਪਰੋਵਿੰਸ਼ਲਾਈਜ਼ਡ ਕਾਡਰ ਦੀ ਆਸਾਮੀ ਖਾਲੀ ਹੋਣ ਤੇ ਪਰੋਵਿੰਸ਼ਲਾਈਜ਼ਡ ਕਾਡਰ ਦੇ ਕਰਮਚਾਰੀਆਂ ਨੂੰ ਤਰੱਕੀ ਦੇ ਕੇ ਭਰੀ ਜਾਂਦੀ ਹੈ ।

(ਈ) ਖਾਲੀ ਹੋਈਆਂ ਆਸਾਮੀਆਂ : 7
ਭਰੀਆਂ ਗਈਆਂ ਆਸਾਮੀਆਂ : 7

———

POINT OF ORDER
EXPUNCTIONS FROM RECORD OF THE PROCEEDINGS

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕਲ੍ਹ ਵੀ ਇਥੇ ਇਹ ਗਲ ਹੋਈ ਸੀ ਅਤੇ ਅਜ ਵੀ ਆਪ ਨੇ ਕੁਝ ਪ੍ਰੋਸੀਡਿੰਗਜ਼ ਐਕਸਪੰਜ ਕਰ ਦਿਤੀਆਂ ਹਨ, ਇਸ ਬਾਰੇ ਮੈਂ ਰੂਲ 116 ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ। ਇਸ ਵਿਚ ਲਿਖਿਆ ਹੈ :

"If the Speaker is of opinion that a word or words has or have been used in debate which is or are defamatory or undignified, he may, in his discretion order that such word or words be expunged from the proceedings of the Assembly"

ਮੁੱਖ ਮੰਤਰੀ : ਤੁਸੀਂ ਕਲ੍ਹ ਦੀ ਕਾਰਵਾਈ ਦੇ ਸਬੰਧ ਵਿਚ ਅਜ ਪੁਆਇੰਟ ਆਫ਼ ਆਰਡਰ ਨਹੀਂ ਉਠਾ ਸਕਦੇ।

ਕੈਪਟਨ ਰਤਨ ਸਿੰਘ : ਇਹ ਗਲ ਅਜ ਵੀ ਹੋਈ ਹੈ ਇਸ ਲਈ ਮੈਂ ਪੁਆਇੰਟ ਆਫ਼ ਆਰਡਰ ਰੇਜ਼ ਕਰ ਸਕਦਾ ਹਾਂ। ਇਹ ਗਲ ਇਥੇ ਕਲ੍ਹ ਵੀ ਹੋਈ ਹੈ ਅਤੇ ਇਸ ਤੋਂ ਪਹਿਲਾਂ ਵੀ ਕਈ ਵਾਰ ਹੁੰਦੀ ਰਹੀ ਹੈ। ਮੇਰੀ ਅਰਜ਼ ਇਸ ਬਾਰੇ ਇਹ ਹੈ ਕਿ ਇਹ ਰੂਲ ਐਂਡ ਪ੍ਰੋਸੀਜਰ ਵੀ ਇਕ ਬੜੀ ਜ਼ਰੂਰੀ ਚੀਜ਼ ਹੈ ਪਰ ਪ੍ਰੈਕਟਿਸ ਵੀ ਹਾਊਸ ਦੇ ਸਾਹਮਣੇ ਰਹਿਣੀ ਚਾਹੀਦੀ ਹੈ। ਇਸ ਬਾਰੇ ਮੇਂ ਦੀ ਪਾਰਲੀਮੈਂਟਰੀ ਪ੍ਰੈਕਟਿਸ ਦੇ ਸਫ਼ਾ 231 ਤੇ ਲਿਖਿਆ ਹੈ :

"Recent periods of emergency have not made it any easier to reconcile the ancient practice of the House, which protects the rights of minorities, with its modern standing orders which aim at the forwarding of Government business. In face of these conflicting claims the drastic powers of curtailing debate entrusted to the Speaker by the standing orders would be hard to justify but for the confident belief that they will be exercised with a discretion trained in the spirit of the traditional practice."

ਕਲ੍ਹ ਜਿਹੜੀ ਗਲ ਹੋਈ ਸੀ ਜਾਂ ਇਸ ਤੋਂ ਵੀ ਪਹਿਲਾਂ ਹੁੰਦੀ ਰਹੀ ਹੈ ਕਿ ਇਕਦਮ ਪ੍ਰੋਸੀਡਿੰਗਜ਼ ਐਕਸਪੰਜ ਕਰ ਦਿਤੀਆਂ ਜਾਂਦੀਆਂ ਹਨ, ਇਹ ਕਹਿ ਕੇ ਕਿ these words are not in good taste, ਮੈਂ ਅਰਜ਼ ਕਰਦਾ ਹਾਂ ਕਿ ਮੈਨੂੰ ਤਾਂ ਇਹ "ਗੁਡ ਟੇਸਟ" ਸ਼ਬਦ ਕਿਧਰੇ ਮਿਲਿਆ ਨਹੀਂ। ਇਸ ਵੇਲੇ ਮੇਰੇ ਕੋਲ ਚੈਂਬਰਜ਼ ਟ੍ਵੈਨਟੀਅਥ ਸੈਂਚਰੀ ਡਿਕਸ਼ਨਰੀ ਹੈ, 'ਆਕਸਫੋਰਡ ਡਿਕਸ਼ਨਰੀ' ਹੈ, ਅਤੇ 'ਸਟੈਂਡਰਡ ਡਿਕਸ਼ਨਰੀ' ਫਰੈਂਕ ਐਂਡ ਬੈਂਕਲ ਦੀ ਹੈ। ਇਨ੍ਹਾਂ ਡਿਕਸ਼ਨਰੀਆਂ ਵਿਚ ਮੈਂ ਦੇਖਿਆ ਹੈ ਮੈਨੂੰ ਤਾਂ ਕਿਧਰੇ ਗੁਡ ਟੇਸਟ ਵਰਡ ਨਹੀਂ ਮਿਲ ਸਕਿਆ। ਮੈਂ ਦੋ ਤਿੰਨ ਘੰਟੇ ਲਾਏ ਹਨ। ਕਲ੍ਹ ਤੁਸੀਂ ਸਰਦਾਰ ਉਮਰਾਓ ਸਿੰਘ ਦੇ ਕੁਝ ਸ਼ਬਦਾਂ ਨੂੰ ਇਹ ਕਹਿ ਕੇ ਐਕਸਪੰਜ ਕਰ ਦਿਤਾ ਕਿ ਉਹ ਗੁਡ ਟੇਸਟ ਦੇ ਨਹੀਂ ਹਨ ਪਰ ਬਾਦ ਵਿਚ ਤੁਸੀਂ ਆਪ ਹੀ ਰਪੀਟ ਕਰ ਦਿਤੇ ਉਹ ਸ਼ਬਦ।

ਸ੍ਰੀ ਸਪੀਕਰ : ਉਹ ਤਾਂ ਚੌਧਰੀ ਸਾਹਿਬ ਨੇ ਪੁਛੇ ਸੀ ਕਿ ਕਿਹੜੇ ਸ਼ਬਦ ਐਕਸਪੰਜ ਕੀਤੇ ਹਨ ਤਾਂ ਮੈਂ ਉਨ੍ਹਾਂ ਨੂੰ ਦਸਿਆ ਸੀ। (I had repeated these words because Chaudhri Sahib wanted to know what words had been expunged.)

ਕੈਪਟਨ ਰਤਨ ਸਿੰਘ : ਕੁਝ ਵੀ ਹੋਵੇ ਜੀ ਪਰ ਉਹ ਸ਼ਬਦ ਰਿਪੀਟ ਨਹੀਂ ਸੀ ਹੋਣੇ ਚਾਹੀਦੇ। ਇਹ ਮੇਰੀ ਫੀਲਿੰਗ ਹੈ ਕਿ ਇਕ ਵਾਰ ਜਿਹੜੇ ਸ਼ਬਦ ਐਕਸਪੰਜ ਕਰ ਦਿਤੇ ਜਾਣ ਉਹ ਮੁੜ ਰਿਪੀਟ ਨਹੀਂ ਹੋਣੇ ਚਾਹੀਦੇ। ਮੇਰੇ ਕੋਲ ਕੌਲ ਐਂਡ ਸਕਦਰ ਦੀ ਕਿਤਾਬ ਹੈ। ਇਸ ਵਿਚ ਬੜਾ ਕਲੀਅਰ ਲਿਖਿਆ ਹੈ ਕਿ ਜਦੋਂ ਕੋਈ ਮੈਂਬਰ ਬੋਲ ਰਿਹਾ ਹੋਵੇ, ਜੇ ਉਹ ਕੁਝ ਅਜਿਹੇ ਸ਼ਬਦ ਬੋਲੇ ਜਿਨ੍ਹਾਂ ਨੂੰ ਚੇਅਰ ਠੀਕ ਨਾ ਸਮਝੇ ਤਾਂ ਸਪੀਕਰ ਪਹਿਲਾਂ ਉਸ ਮੈਂਬਰ ਨੂੰ ਕਹੇ ਕਿ ਉਹ ਉਹ ਵਰਡਜ਼ ਵਿਦਡਰਾ ਕਰੇ। ਪਰ ਜੇ ਮੈਂਬਰ ਉਹ ਸ਼ਬਦ ਵਿਦਡਰਾ ਨਾ ਕਰੇ ਤਾਂ ਸਪੀਕਰ ਉਨ੍ਹਾਂ ਨੂੰ ਐਕਸਪੰਜ ਕਰ ਸਕਦਾ ਹੈ। ਪਰ ਹੁਣ ਤਾਂ ਹਾਊਸ ਦੇ ਵਿਚ ਕੋਈ ਮਾੜੀ ਜਿਹੀ ਗਲ ਵੀ ਹੁੰਦੀ ਹੈ ਤਾਂ ਤੁਸੀ ਉਸ ਨੂੰ ਐਕਸਪੰਜ ਕਰ ਦਿੰਦੇ ਹੋ। ਇਹ ਠੀਕ ਨਹੀਂ। ਮੈਂ ਮੰਨਦਾ ਹਾਂ ਕਿ ਸਾਨੂੰ ਤੁਹਾਡਾ ਹੁਕਮ ਨਿਮਰਤਾ ਦੇ ਨਾਲ ਮੰਨਣਾ ਚਾਹੀਦਾ ਹੈ ਅਤੇ ਅਸੀਂ ਮੰਨਦੇ ਰਹੇ ਹਾਂ ਪਰ ਜਦੋਂ ਇਕ ਮੈਂਬਰ ਤੁਹਾਡੀ ਇਜਾਜ਼ਤ ਤੋਂ ਬਿਨਾਂ ਬੋਲ ਰਿਹਾ ਹੋਵੇ ਤਾਂ ਬੇਸ਼ਕ ਉਸ ਦੇ ਵਰਡਜ਼ ਐਕਸਪੰਜ ਕਰ ਸਕਦੇ ਹੋ, ਪਰ ਜਦੋਂ ਇਕ ਮੈਂਬਰ ਤੁਹਾਡੀ ਇਜਾਜ਼ਤ ਦੇ ਨਾਲ ਬੋਲ ਰਿਹਾ ਹੋਵੇ ਅਤੇ ਉਹ ਕੋਈ ਅਜਿਹੇ ਸ਼ਬਦ ਕਹੇ ਜਿਹੜਾ ਤੁਸੀਂ ਕਾਬਲੇ ਇਤਰਾਜ਼ ਸਮਝਦੇ ਹੋਵੋ ਤਾਂ ਉਸ ਨੂੰ ਵਾਪਸ ਲੈਣ ਲਈ ਆਖੋ। ਜੇ ਉਹ ਮੈਂਬਰ ਵਾਪਸ ਨਾ ਲਵੇ ਤਾਂ ਐਕਸਪੰਜ ਕਰ ਦਿਓ। ਪਰ ਸਿਧੇ ਹੀ ਇਹ ਕਹਿਕੇ ਕਿ 'These are not in good taste', ਐਕਸਪੰਜ ਕਰ ਦੇਣੇ ਠੀਕ ਨਹੀਂ। ਮੈਂ ਅਰਜ਼ ਕੀਤੀ ਹੈ ਕਿ 'ਗੁਡ ਟੇਸਟ' ਵਰਡ ਮੈਨੂੰ ਡਿਕਸ਼ਨਰੀਆਂ ਵਿਚ ਤਾਂ ਕਿਧਰੇ ਨਹੀਂ ਮਿਲਿਆ। ਬੈਡ ਟੈਸਟ ਤਾਂ ਹੈ। ਜਾਂ ਕੋਈ ਖੁਸ਼ਬੋ ਆਵੇ ਜਾਂ ਕੋਈ ਮਸਾਲਾ ਹੋਵੇ ਤਾਂ ਅਸੀਂ ਉਸ ਨੂੰ "ਗੁਡ" ਆਖ ਸਕਦੇ ਹਾਂ ਪਰ "ਗੁਡ ਟੇਸਟ" ਕੋਈ ਸ਼ਬਦ ਨਹੀਂ। ਹਾਂ ਜਦੋਂ ਕੋਈ ਮੈਂਬਰ ਕਿਸੇ ਰੂਲ ਦੀ ਉਲੰਘਣਾ ਕਰਦਾ ਹੋਵੇ ਤਾਂ ਵਖਰੀ ਗਲ ਹੈ। ਫਿਰ ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਰੂਲਜ਼ ਨੂੰ ਦੇਖ ਕੇ ਐਕਸਪੰਜ ਕਰਦੇ ਹੋ। ਜੇ ਤੁਸੀਂ ਪਾਰਲੀਮੈਂਟ ਦੀ ਪ੍ਰੈਕਟਿਸ ਦੇਖੋ ਤਾਂ ਮੈਂ ਸਮਝਦਾ ਹਾਂ ਕਿ ਇਥੇ ਦੀ ਅਧੀ ਕਾਰਵਾਈ ਐਕਸਪੰਜ ਹੋ ਜਾਵੇਗੀ। ਉਥੇ ਤਾਂ ਜੇ ਇਕ ਮਸਲੇ ਤੇ ਕੋਈ ਮੈਂਬਰ ਬੋਲ ਚੁਕਾ ਹੋਵੇ ਤੇ ਦੂਸਰਾ ਹੋਰ ਮੈਂਬਰ ਉਸੇ ਮਸਲੇ ਤੇ ਬੋਲੇ ਤਾਂ ਉਹ ਐਕਸਪੰਜ ਕਰ ਦਿਤਾ ਜਾਂਦਾ ਹੈ। ਪਰ ਉਥੇ ਵੀ ਕਿਧਰੇ "ਗੁਡ ਟੇਸਟ" ਦਾ ਵਰਡ ਨਹੀਂ ਆਇਆ। ਫਿਰ ਤੁਸੀਂ ਕੌਲ ਐਂਡ ਸ਼ਕਦਰ ਦੀ ਕਿਤਾਬ ਨੂੰ ਲਓ ਤਾਂ ਉਸ ਵਿਚ ਲਿਖਿਆ ਹੈ :—

"If the Speaker is of opinion that words have been used in debate which are defamatory or indecent or un-parliamentary or undignified, he may, in his discretion, order that such words be expunged from the proceedings of the House."

The word is "may" and not "shall".

ਇਸ ਵਿਚ ਲਿਖਿਆ ਹੈ ਕਿ ਬੋਲਦੇ ਹੋਏ ਮੈਂਬਰ ਨੂੰ ਤੁਸੀਂ ਪਹਿਲਾਂ ਪੁਆਇੰਟ ਆਊਟ ਕਰੋ ਕਿ ਉਹ ਅਜਿਹੇ ਰਿਮਾਰਕਸ ਨਾ ਦੇਵੇ। ਜੇ ਉਹ ਨਾ ਮੰਨੇ ਤਾਂ ਤੁਸੀਂ ਉਸ ਨੂੰ ਵਾਪਸ ਲੈਣ ਲਈ ਕਹੋ। ਪਰ ਜੇ ਉਹ ਵਿਦਡਰਾ ਨਹੀਂ ਕਰਦਾ ਅਤੇ ਆਪਣੀ ਗਲ ਤੇ ਇਨਸਿਸਟ ਕਰਦਾ ਹੈ ਤਾਂ ਤੁਸੀਂ ਕੋਈ ਐਕਸ਼ਨ ਲੈ ਸਕਦੇ ਹੋ। ਮੈਂ ਸਮਝਦਾ ਹਾਂ ਕਿ ਜੇ ਇਸ ਤਰ੍ਹਾਂ ਕੀਤਾ ਜਾਵੇ ਤਾਂ ਇਸ ਹਾਊਸ ਦੀਆਂ ਪ੍ਰੋਸੀਡਿੰਗਜ਼ ਚੰਗੀਆਂ ਹੋ ਸਕਦੀਆਂ ਹਨ...This is an extreme step which you take.

Mr. Speaker : Please resume your seat now. On a point of order, the hon. Member cannot raise a discussion or make a lengthy speech.

Captain Rattan Singh : Sir, a point of order has to be explained in detail.

Mr. Speaker : You have fully explained the point of order.

Captain Rattan Singh : Sir, if you are satisfied then it is all right.

चौधरी बलबीर सिंह : आन ए प्वायंट आफ आर्डर सर ।

ਸ਼੍ਰੀ ਸਪੀਕਰ : ਪਹਿਲੇ ਪੁਆਇੰਟ ਆਫ ਆਰਡਰ ਨੂੰ ਡਿਸਪੋਜ਼ ਆਫ ਤਾਂ ਕਰ ਲਈਏ ।
(Let us dispose of the first point of order)

चौधरी बलबीर सिंह : मेरा प्वायंट आफ आर्डर भी इस के मुतल्लिक है...

ਸ਼੍ਰੀ ਸਪੀਕਰ : ਇਹ ਤਾਂ ਤੁਸੀਂ ਪੁਆਇੰਟ ਆਫ ਆਰਡਰ ਤੇ ਬਹਿਸ ਸ਼ੁਰੂ ਕਰ ਦੇਣੀ ਹੈ ।
(You are starting a discussion on this point of order)

चौधरी बलबीर सिंह : अध्यक्ष महोदय, मैं रिकार्ड आप को दिखा सकता हूँ कि प्वायंट आफ आर्डर पर इसी हाऊस में 3,3 दिन तक बहस होती रही है...

ਸ਼੍ਰੀ ਸਪੀਕਰ : ਕਲ੍ਹ ਸਰਦਾਰ ਉਮਰਾਓ ਸਿੰਘ ਨੇ ਜੋ ਐਲੀਗੇਸ਼ਨ ਅਤੇ ਕਾਊਂਟਰ ਐਲੀਗੇਸ਼ਨਜ਼ ਦੇ ਬਾਰੇ ਕਿਹਾ ਸੀ ਇਸ ਦੇ ਬਾਰੇ ਰੂਲ 100 ਮੈਂ ਪੜ੍ਹ ਦਿੰਦਾ ਹਾਂ ।
(In connection with the reference made yesterday by S. Umrao Singh to the allegations and counter allegations, I will read out rule 100. It reads :—

"The matter of every speech shall be strictly relevant to the matter before the Assembly.

A Member while speaking shall not make a personal charge against a Member."

ਇਹ ਕਲ੍ਹ ਵਾਲੀ ਗਲ ਉਨ੍ਹਾਂ ਨੇ ਕੀਤੀ ਹੈ । ਕੈਪਟਨ ਸਾਹਿਬ ਨੂੰ ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਨੇ ਪੇਜ 821 ਰੈਫਰ ਕੀਤਾ ਹੈ ਪਰ ਮੈਂ ਉਨ੍ਹਾਂ ਦਾ ਧਿਆਨ ਪੇਜ 822 ਵਲ ਲਿਜਾਵਾਂਗਾ ।

(The hon. Member Capt. Rattan Singh has referred to what happened yesterday. He has referred to page 821 of the book by Kaul & Shekdhar ; but I will draw his attention to page 822 of the same book.)

"In actual practice, the scope of the Rule has been enlarged and the Speaker has ordered, in his discretion, from time to time, the expunction of words which he considered prejudicial to national interest or to the maintenance of friendly relations with a Foreign State, derogatory to

[**Mr. Speaker**]

high dignitaries, likely to offend national sentiment or the religious susceptibilities of a community, likely to discredit the Army and not in good taste............"

The words 'not in good taste' are there.

"............or otherwise objectionable".

These are the rulings of Lok Sabha since 1936.

चौधरी बलबीर सिंह : इस बारे में मेरी सबमिशन यह है कि हमारे रूल्ज़ में 116 रूल का सैकंड पार्ट देख लें (विघ्न)

ਸ਼੍ਰੀ ਸਪੀਕਰ : ਇਸ ਤਰ੍ਹਾਂ ਹਾਉਸ ਦਾ ਟਾਈਮ ਜ਼ਾਇਆ ਹੁੰਦਾ ਹੈ। ਤੁਸੀਂ ਮੇਰੇ ਚੈਂਬਰ ਵਿਚ ਤਸ਼ਰੀਫ ਲੈ ਆਉਣਾ, ਉਥੇ ਗਲ ਕਰ ਲਵਾਂਗੇ। (In this way the time of the House is wasted ; the hon. Member is requested to come to my chamber, we will discuss this issue there.)

चौधरी बलबीर सिंह : जो आपने पढ़ा है उस के मुताबिक आप को कुछ बातों को ऐक्सपन्ज करने का अधिकार नहीं है। हमारा रूल 116(2) और भी कलियर है।

"The portion of the proceedings of the Assembly so expunged shall be marked by asterisks and an explanatory foot-note shall be inserted in the proceedings as follows—

"Expunged as ordered by the Chair".

Mr. Speaker : Please resume you seat.

चौधरी बलबीर सिंह : यह बात आप अपनी डिस्कशन में लेते हैं। सुप्रीम कोर्ट इस बारे में होल्ड कर चुकी है कि जो डिस्कशन है वह भी ज्यूडीशसली की जाएगी। (विघ्न) इस में शायद सख्त इलफाज़ शामिल हैं। चारजिज़ और काऊन्टर चारजिज़ भी लगते हैं। (विघ्न)

ਸਿਰਦਾਰ ਕਪੂਰ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਵਿਸ਼ਾ ਨਿਤ ਨਿਤ ਇਥੇ ਸਦਨ ਵਿਚ ਉਠਦਾ ਹੈ, ਜੋ ਮੈਂਬਰ ਕਹਿੰਦੇ ਹਨ, ਉਹ ਕਾਰਵਾਈ ਖਾਰਜ ਕਰਨ ਬਾਰੇ, ਇਸ ਬਾਰੇ ਨਿਯਮ 116 ਅਸੀਂ ਪੜ੍ਹਿਆ ਹੈ। ਉਹ ਸਾਡੀ ਸਮਝ ਵਿਚ ਆ ਗਿਆ ਹੈ ਪਰ ਜੋ ਰੂਲਿੰਗ ਤੁਸੀਂ ਦਿਤੇ ਹਨ, ਉਹ ਸਾਡੀ ਸਮਝ ਤੋਂ ਬਾਹਰ ਹੈ। (ਵਿਘਨ) ਪਰੰਤੂ ਤੁਹਾਡੀ ਰੂਲਿੰਗ ਨੂੰ ਸਵੀਕਾਰ ਕਰਦੇ ਹੋਏ ਮੈਂ ਕਹਿੰਦਾ ਹਾਂ ਇਹ ਮਸਲਾ ਉਨ੍ਹਾ ਚਿਰ ਨਜਿਠਿਆ ਨਹੀਂ ਜਾਣਾ ਅਤੇ ਅਸੀਂ ਆਪਣੇ ਸਹੀ ਤੇ ਸ਼ੁਧ ਵਿਚਾਰ ਤੁਹਾਡੇ ਇਸ ਰਵਈਏ ਬਾਰੇ ਪ੍ਰਗਟ ਨਹੀਂ ਕਰ ਸਕਦੇ ਜਿੰਨਾਂ ਚਿਰ ਕਿ ਤੁਹਾਡੇ ਖਿਲਾਫ਼ ਬੇਪਰਤੀਤੀ ਦਾ ਮਤਾ ਨਾ ਲਿਆਂਦਾ ਜਾਵੇ। (ਵਿਘਨ) ਦਫ਼ਾ 100 ਅਧੀਨ ਕੋਈ ਮੈਂਬਰ ਕਿਸੇ ਤੇ ਜ਼ਾਤੀ ਹਮਲਾ ਨਹੀਂ ਕਰ ਸਕਦਾ ਪਰੰਤੂ ਇਥੇ ਮਾਨਯੋਗ ਬਾਬੂ

ਆਤਮਾ ਸਿੰਘ ਨੇ ਕਈ ਬਾਰ ਇਸ ਨਿਯਮ ਦੀ ਉਲੰਘਨਾ ਕਰਕੇ, ਮੇਰੇ ਖਿਲਾਫ ਦੂਸ਼ਨ ਲਗਾਏ ਹਨ। (ਸ਼ੋਰ) (ਵਿਘਨ) ਤੁਸਾਂ ਲਵਾਏ ਹਨ।

Mr Speaker : Sirdar Kapur Singh Ji..............................

Sirdar Kapur Singh : Mr. Speaker, I have a right to tell you that you are not to the point. Let me finish, Sir. You are not fair. I want you to be fair to me. I have a right to expect this.

ਸ਼੍ਰੀ ਸਪੀਕਰ : ਸਿਰਦਾਰ ਕਪੂਰ ਸਿੰਘ ਜੀ ਗੁਸੇ ਵਿਚ ਨਾ ਆਇਆ ਕਰੋ। (Sirdar Kapur Singh, you should not lose your temper.)

ਸਿਰਦਾਰ ਕਪੂਰ ਸਿੰਘ : ਮੇਰੇ ਖਿਲਾਫ ਨਿਯਮ 100 ਦੀ ਉਲੰਘਣਾ ਕਰਕੇ ਮਾਨਯੋਗ ਬਾਬੂ ਆਤਮਾ ਸਿੰਘ ਨੇ ਲਚਰ ਤੇ ਬੇਬੁਨਿਆਦ ਦੂਸ਼ਨ ਲਗਾਏ। ਉਸ ਵੇਲੇ ਤੁਸੀਂ ਨਹੀਂ ਕਿਹਾ ਕਿਸੇ ਨਹੀਂ ਮੰਨਿਆ, ਕਿ ਉਹ ਖਾਰਜ ਕੀਤੇ ਜਾਣ। ਕੀ ਇਹ ਨਿਯਮ ਸਾਡੇ ਤੇ ਨਹੀਂ ਲਾਗੂ ਹੁੰਦਾ ਹੈ ? (ਵਿਘਨ) ਅਤੇ ਕੇਵਲ ਸਰਕਾਰੀ ਬੈਂਚਾਂ ਦੀ ਰਖਿਆ ਲਈ ਹੀ ਹੈ ?

ਸ਼੍ਰੀ ਸਪੀਕਰ : ਮੈਂ ਆਪ ਜੀ ਦੀ ਗਿਆਤ ਲਈ ਬੇਨਤੀ ਕਰਾਂਗਾ ਕਿ ਜਿਸ ਵੇਲੇ ਐਲੀਗੇਸ਼ਨਜ਼ ਔਰ ਕਾਊਂਟਰ ਐਲੀਗੇਸ਼ਨਜ਼ ਲਗੇ ਹਨ, ਮੈਂ ਉਸ ਵੇਲੇ ਇਥੇ ਨਹੀਂ ਸੀ।

(I would like to inform the hon. Member that when these allegations and counter allegations were levelled, unluckily I was not present in the House at that time.)

चौधरी बलबीर सिंह : मेरे शब्द जो खारिज किये even at that time you were not here.

Mr. Speaker : Even then I am competent to do that.

ਸ਼੍ਰੀ ਗੁਰਦਿਆਲ ਸੈਣੀ : ਇਹ ਝਗੜਾ ਸਾਰਾ ਮੇਰੀ ਬਿਨਾ ਤੇ ਹੋਇਆ ਹੈ। ਇਸ ਲਈ ਮੈਨੂੰ ਇਜਾਜ਼ਤ ਦਿਉ ਕਿ ਮੈਂ ਕੁਝ ਦਸਾਂ। (ਵਿਘਨ) ਜਿਹੜਾ ਮੇਰੇ ਉਤੇ ਇਲਜ਼ਾਮ ਲਗਾਇਆ ਗਿਆ ਹੈ (ਵਿਘਨ)

ਸ਼੍ਰੀ ਸਪੀਕਰ : ਉਹ ਤਾਂ ਐਕਸਪੰਜ ਹੋ ਗਿਆ ਹੈ। (That has been expunged).

ਸ਼੍ਰੀ ਗੁਰਦਿਆਲ ਸੈਣੀ : ਇਹ ਐਕਸਪੰਜ ਨਹੀਂ ਹੋਣਾ ਚਾਹੀਦਾ ਸੀ। (ਵਿਘਨ)

ਸ਼੍ਰੀ ਸਪੀਕਰ : ਇਸ ਤਰਾਂ ਸਾਡੇ ਰੂਲਜ਼ ਦੀ ਉਲੰਘਨਾ ਹੈ। (That would have been in contravention of the Rules of this House.)

ਸ਼੍ਰੀ ਗੁਰਦਿਆਲ ਸੈਣੀ : ਲੇਕਿਨ ਮੈਂ ਤਾਂ ਕਹਿੰਦਾ ਹਾਂ ਕਿ ਮੇਰੇ ਤੇ ਇਲਜ਼ਾਮ ਲਗਾਕੇ ਉਸ ਦੀ ਇਨਕੁਆਇਰੀ ਕੀਤੀ ਜਾਵੇ (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

———

CALL ATTENTION NOTICES UNDER RULE 73.

[Serial No. 150]

Shri Gian Chand Kharbanda : I beg to draw the attention of the Government towards an urgent matter of public importance, namely, the exhibition of a drama "Jag Chanan Hoya" by the Film Division of the Government of India about the teachings of Guru Nanak Dev Ji in-connection with celebration of the 500th Birth Anniversary of the Great Guru; great appreciation of the Drama expressed not only by the public of Amritsar but also by the public all over the Punjab ; keen desire of the public for the extension of the period of exhibition which according to the present schedule is to expire on the 31st March, 1970. As the time left for the exhibition of the Drama is very short, it is the duty of the State Government to approach the Government of India for the extension of this period for another three months to satisfy the overwhelming and pressing demand of the public for this purpose. Government is requested to make a statement on the floor of the House.

ਸ਼੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement).

(ਕ੍ਰਮ ਨੰ : 151)

ਕਾਮਰੇਡ ਦਰਸ਼ਨ ਸਿੰਘ ਝਬਾਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਕਿ ਪੰਜਾਬ ਵਿਚ ਭਾਰੀ ਸੰਖਿਆ ਵਿਚ ਐਸੇ ਸਰਕਾਰੀ ਸਕੂਲ ਹਨ ਜਿਨ੍ਹਾਂ ਦੀ ਜ਼ਮੀਨ ਪੰਚਾਇਤਾਂ ਦੀ ਮਲਕੀਅਤ ਹੈ। ਐਸੇ ਸਕੂਲਾਂ ਦੀ ਮੁਰਮਤ ਆਦਿ ਦੀ ਜ਼ੁਮੇਵਾਰੀ ਪੀ. ਡਬਲੀਉ. ਡੀ. ਦਾ ਮਹਿਕਮਾ ਲੈਣ ਤੋਂ ਇਨਕਾਰ ਕਰਦਾ ਹੈ। ਇਸ ਦੇ ਕਾਰਨ ਇਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਟੁਟ ਭਜ ਕੇ ਖ਼ਰਾਬ ਹੋ ਚੁਕੀਆਂ ਹਨ। ਕਈਆਂ ਦੀਆਂ ਛਤਾਂ ਡਿਗ ਚੁਕੀਆਂ ਹਨ ਤੇ ਬਹੁਤ ਸਾਰੀਆਂ ਡਿਗਣ ਵਾਲੀਆਂ ਹਨ ਜਿਸ ਦੇ ਕਾਰਨ ਬੱਚੇ ਤੇ ਉਸਤਾਦ ਇਨ੍ਹਾਂ ਸਕੂਲਾਂ ਦੀਆਂ ਛਤਾਂ ਥਲੇ ਆਪਣੇ ਜੀਵਨ ਨੂੰ ਖਤਰੇ ਥਲੇ ਸਮਝਦੇ ਹਨ। ਇਹ ਮਸਲਾ ਅਧਿਆਪਕਾਂ, ਵਿਦਿਆਰਥੀਆਂ ਤੇ ਪਬਲਿਕ ਵਿਚ ਸਖਤ ਬੇਚੈਨੀ ਦਾ ਕਾਰਨ ਬਣਿਆ ਹੋਇਆ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ।

ਸ਼੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

QUESTIONS ON REPLIES TO CALL ATTENTION NOTICES

ਚੌਧਰੀ ਬਲਬੀਰ ਸਿੰਘ : ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰਬਰ 63 ਹੈ। ਉਸ ਬਾਰੇ ਮੈਂ ਸਵਾਲ ਕਰਨਾ ਹੈ। (ਵਿਘਨ)

ਸ਼੍ਰੀ ਸਪੀਕਰ : ਉਹ ਕਿਸ ਵਜ਼ੀਰ ਸਾਹਿਬ ਦੇ ਮੁਤਲਕ ਹੈ ।

(To which Minister does this call Attention Notice relate ?)

ਚੌਧਰੀ ਬਲਬੀਰ ਸਿੰਘ : ਇਹ ਸਰਦਾਰ ਬਲਵੰਤ ਸਿੰਘ, ਲੇਬਰ ਵਜ਼ੀਰ ਦੇ ਮੁਤਲਕ ਹੈ ।

ਸ਼੍ਰੀ ਸਪੀਕਰ : ਸਰਦਾਰ ਬਲਵੰਤ ਸਿੰਘ ਇਥੇ ਬੈਠੇ ਨਹੀਂ ਹਨ । ਇਸ ਲਈ ਇਹ ਕਲ ਨੂੰ ਕਰ ਲੈਣਾ । (Sardar Balwant Singh is not present in the House now. The hon. Member may, therefore, put the question tomorrow.)

ਸ਼੍ਰੀ ਗਿਆਨ ਚੰਦ ਖਰਬੰਦਾ : ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 65 ਦੇ ਜਵਾਬ ਵਿਚ ਕਿਹਾ ਗਿਆ ਹੈ, ਜਿਹੜੀ ਕਿ ਲੇਵੀ ਆਫ਼ ਸੇਲਜ਼ ਟੈਕਸ ਆਨ ਟਰੇਡ ਡਿਸਕਾਊਂਟ ਦੇ ਬਾਰੇ ਸੀ ਕਿ ਡਿਡਕ- ਸ਼ਨ ਆਫ ਟਰੇਡ ਡਿਸਕਾਊਂਟ ਇਜ਼ ਨੌਟ ਪਰਮਿਸ਼ੇਬਲ ਅਕਾਰਡਿੰਗ ਟੂ ਲਾਅ' । ਇਸ ਦੇ ਮੁਤਲਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਫੈਕਟਰੀਜ਼ ਐਸੋਸੀਏਸ਼ਨ ਜਲੰਧਰ ਨੇ ਗੌਰਮੈਂਟ ਨੂੰ ਟਰੇਡ ਡਿਸਕਾਊਟ ਦੇ ਮੁਤਲਕ ਅਰਜ਼ੀ ਨੰ : 88 ਭੇਜੀ ਹੈ । ਇਸ ਵਿਚ ਦਰਜ ਹੈ ਕਿ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਫੈਸਲਿਆਂ ਦੇ ਪੇਸ਼ੇ ਨਜ਼ਰ ਟਰੇਡ ਡਿਸਕਾਊਂਟ ਨੂੰ ਸੇਲਜ਼ ਟੈਕਸ ਤੋਂ ਮਿਨਹਾ ਕੀਤਾ ਗਿਆ ਹੈ । ਕੀ ਗੌਰਮੈਂਟ ਇਸ ਸਵਾਲ ਦੇ ਕਾਨੂੰਨੀ ਪਹਿਲੂ ਦੀ ਦੁਬਾਰਾ ਪੜਤਾਲ ਕਰਾਏਗੀ ਤਾਂ ਜੋ ਵਪਾਰੀਆਂ ਵਿਚ ਜੋ ਬੇਚੈਨੀ ਫੈਲੀ ਹੋਈ ਹੈ ਟਰੇਡ ਡਿਸਕਾਊਂਟ ਪਰ ਟੈਕਸ ਚਾਰਜ ਕਰਨ ਦੇ ਫੈਸਲੇ ਨਾਲ, ਉਹ ਦੂਰ ਹੋਵੇ ? ਸੁਪਰੀਮ ਕੋਰਟ ਦੇ ਫੈਸਲੇ ਨੂੰ ਮੰਨਣਾ ਪੰਜਾਬ ਗੌਰਮੈਂਟ ਦੀ ਡਿਊਟੀ ਹੈ ।

ਮੁੱਖ ਮੰਤਰੀ : ਮੈਂ ਐਗਜ਼ਾਮਿਨ ਕਰ ਲਵਾਂਗਾ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰਬਰ 110 ਦਾ ਜੋ ਇਨ੍ਹਾਂ ਨੇ ਜਵਾਬ ਦਿਤਾ ਹੈ ਉਸ ਵਿਚ ਇਹ ਨਹੀਂ ਦਸਿਆ ਕਿ ਐਫ. ਆਈ. ਆਰ. ਕਿਸ ਦਿਨ ਦਰਜ ਹੋਇਆ ਹੈ । ਡੇਟ ਨਹੀਂ ਦਸੀ ਜੀ, ਉਹ ਦਸ ਦੇਣ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਵਾਬ ਵਿਚ ਐਫ. ਆਈ. ਆਰ. ਦਰਜ ਹੋਣ ਦੀ ਡੇਟ ਦਿਤੀ ਹੋਈ ਹੈ । (ਵਿਘਨ)

ਸ੍ਰੀ ਗੁਰਦਿਆਲ ਸੈਣੀ : ਐਫ. ਆਈ, ਆਰ. ਦਾ ਨੰਬਰ ਦਿਤਾ ਹੋਇਆ ਹੈ ਪਰ ਡੇਟ ਨਹੀਂ ਦਸੀ ਗਈ ਕਿ ਕਿਸ ਦਿਨ ਦਰਜ ਹੋਇਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਡੇਟ ਦਸ ਦਿਆਂਗੇ ।

STATEMENTS IN REPLY TO CALL ATTENTION NOTICES LAID ON THE TABLE OF THE HOUSE

ਸਿੰਚਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ਮੈਂ ਧਿਆਨ ਦਿਵਾਊ ਮਤੇ ਨੰਬਰ 19, 43, 81 ਅਤੇ 125 ਦੇ ਜੁਆਬ ਸਦਨ ਦੀ ਮੇਜ਼ ਤੇ ਰਖਦਾ ਹਾਂ ।

(Serial No. 19)

1. **Comrade Kulwant Singh**
2. **Comrade Satya Pal Dang,**
3. **Comrade Babu Singh Master.**
4. **Comrade Dana Ram**

} to draw the attention of the Government towards an urgent matter of public importance, namely, the wide-spread

[**Com. Kulwant Singh**] :

concern amongst the People of the whole State because a number of incidents of grabbing of Government land in urban areas by declaring it a Gurdwara or a Mandir leading to serious communal tension. Such incidents have taken place at Ludhiana, Nangal, Jullundur, Kapurthala etc. Obviously these incidents are being inspired by people who wish to work up communal tension in the State. It is widely believed that some of the Ministers are also involved in this dirty game.

In view of the obvious and urgent importance of the matter the Government may please be asked to make a statement in the House.

Sardar Gurnam Singh :

At some places in the Punjab, Government or Municipal lands are reported to have been occupied by one or the other community in the name of a Gurdwara or a Mandir. This has given rise to tension at one or two places mostly because of misunderstanding about the title of ownership or right of use of the land. The Ministers of the Punjab Government wherever they have intervened, have done so only to resolve such disputes. These are isolated cases and cannot be attributed to any concerted plan though at each place some mischievous elements are always keen to exploit the situation. The Punjab Govt. lays great value by communal peace which it has been at pains to establish and in which it has had very great success. My Government is determined to maintain this communal peace at all cost.

(Serial No. 43)

1. **Comrade Satya Pal Dang**
2. **Comrade Babu Singh Master**

} to draw the attention of the Government towards an urgent matter of public importance, namely the acute discontentment that prevails amongst the working class of Ludhiana because of the attitude of open aid and abetment adopted by the Government in favour of the management of Oswal Spinning and Weaving Mills, Ludhiana in its crusade against the Workers of the Mills.

In complete violation of the law, the management laid off all the workmen of unit No. 1 to force them to agree to increased work load and rationalisation. Further, the management employed new

hands in the meanwhile. All the leaders of the workers of unit No. 1 as well as unit No. 2 have been either suspended or dismissed.

Wages of the workers for the months of December, 1969 and January, 1970 have not yet been paid to them.

While the Labour Department of the Government had done nothing to see that at least the legal rights of the workers are protected, the police has been registering false cases against the workers at the instance of the management As many as 15 leaders of the workers have been, during the last one month or so, involved in false cases u/s 107/151 Cr.P.C. etc. etc.

The widespread discontentment amongst the workers was clearly reflected on 20.2.70 on which date thousands of workers of Woollen Industry of Ludhiana observed 24 hours hunger strike in Industrial Area 'A' Ludhiana to protest against the anti-working class policy of the State Government.

ਸਰਦਾਰ ਬਲਵੰਤ ਸਿੰਘ : ਮੈਸਰਜ਼ ਓਸਵਾਲ ਸਪਿਨਿੰਗ ਐਂਡ ਵੀਵਿੰਗ ਮਿਲਜ਼, ਲੁਧਿਆਣਾ ਦੇ ਮੈਨੇਜਮੈਂਟ ਵਲੋਂ ਕੁਝ ਕੁ ਅਜਿਹੇ ਦੋਸ਼ ਲਗਾਏ ਜਾਂਦੇ ਰਹੇ ਹਨ ਕਿ ਉਨ੍ਹਾਂ ਦੀ ਫੈਕਟਰੀ ਦੇ ਕਾਮਿਆਂ ਨੇ "ਗੋ-ਸਲੋ" ਦਾ ਰਵਈਆ ਅਪਣਾਇਆ ਹੋਇਆ ਹੈ । ਕਿਰਤ ਕਮਿਸ਼ਨਰ ਅਤੇ ਕਿਰਤ ਵਿਭਾਗ ਦੇ ਦੂਸਰੇ ਅਫਸਰਾਂ ਨੇ ਇਸ ਵਿਵਾਦ ਨੂੰ ਨਿਪਟਾਉਣ ਲਈ ਮੀਟਿੰਗਾਂ ਕੀਤੀਆਂ । ਪਰ ਕਾਮੇ ਇਸ ਗੱਲ ਲਈ ਰਜ਼ਾਮੰਦ ਸਨ ਕਿ ਉਹ ਐਕਸਾਈਜ਼ ਰਜਿਸਟਰਾਂ ਵਿਚ ਦਿਤੇ ਗਏ ਪ੍ਰੋਡਕਸ਼ਨ ਨਾਰਮ ਦੇ ਆਧਾਰ ਦੇ ਪ੍ਰੋਡਕਸ਼ਨ ਨਾਰਮ ਦੇਣਗੇ ਜਦ ਕਿ ਮੈਨੇਜਮੈਂਟ ਵਲੋਂ ਇਹ ਇਛਾ ਪ੍ਰਗਟ ਕੀਤੀ ਗਈ ਕਿ ਇਹ ਨਾਰਮ ਦੂਸਰੀਆਂ ਫੈਕਟਰੀਆਂ ਵਿਚ ਅਜਿਹੀਆਂ ਮਸ਼ੀਨਾਂ ਲਈ ਰਖੇ ਗਏ ਪ੍ਰੋਡਕਸ਼ਨ ਨਾਰਮ ਅਨੁਸਾਰ ਹੋਣਾ ਚਾਹੀਦਾ ਹੈ । ਇਸ ਤੋਂ ਬਾਅਦ ਕਾਮਿਆਂ ਤੇ ਰਿਪੋਰਟ ਕੀਤੀ ਕਿ ਮੈਨੇਜਮੈਂਟ ਵਲੋਂ ਉਨ੍ਹਾਂ ਨੂੰ ਵਿਕਟੇਮਾਈਜ਼ ਕਰਨ ਲਈ ਜਬਰੀ ਛੁਟੀ ਦਿਤੀ ਜਾ ਰਹੀ ਸੀ । ਪਰ ਕਿਰਤ ਵਿਭਾਗ, ਦੋਨੋਂ ਧਿਰਾਂ ਵਿਚ ਸਮਝੌਤਾ ਕਰਵਾਉਣ ਵਿਚ ਸਫਲ ਨਾ ਹੋਇਆ । ਮਿਤੀ 21. 2. 1970 ਨੂੰ ਕਿਰਤ ਕਮਿਸ਼ਨਰ ਨੇ ਕਾਮਿਆਂ ਦੇ ਪ੍ਰਤੀਨਿਧਾਂ ਨਾਲ ਇਸ ਮਾਮਲੇ ਸਬੰਧੀ ਵਿਚਾਰ ਵਟਾਂਦਰਾਂ ਕੀਤਾ । ਮਿਤੀ 24. 2. 70 ਨੂੰ ਕਾਮੇ ਕਿਰਤ ਕਮਿਸ਼ਨਰ ਨੂੰ ਫਿਰ ਮਿਲੇ ਅਤੇ ਉਨ੍ਹਾਂ ਦੇ ਕਹਿਣ ਤੇ ਕਿਰਤ ਕਮਿਸ਼ਨਰ ਨੇ ਕਿਰਤ ਅਫਸਰ ਲੁਧਿਆਣਾ ਨੂੰ ਹਦਾਇਤ ਕੀਤੀ ਕਿ ਉਹ ਫੈਕਟਰੀ ਦੇ ਮੈਨੇਜਿੰਗ ਡਾਇਰੈਕਟਰ ਅਤੇ ਕਾਮਿਆਂ ਦੇ ਪ੍ਰਤੀਨਿਧਾਂ ਨੂੰ ਚੰਡੀਗੜ ਲੈ ਆਵੇ ਤਾਂ ਜੋ ਇਸ ਵਿਵਾਦ ਦਾ ਫੈਸਲਾ ਕੀਤਾ ਜਾ ਸਕੇ । ਕਿਰਤ ਵਿਭਾਗ ਵਲੋਂ ਸਦਾ ਇਹ ਯਤਨ ਕੀਤਾ ਜਾਂਦਾ ਰਿਹਾ ਹੈ ਕਿ ਕਾਮਿਆਂ ਤੇ ਮੈਨੇਜਮੈਂਟ ਦੇ ਕਾਨੂੰਨੀ ਹੱਕਾਂ ਦੀ ਰਖਿਆ ਕੀਤੀ ਜਾਵੇ । ਅਤੇ ਕਿਰਤ ਵਿਭਾਗ ਦੇ ਵਿਰੁਧ ਮੈਨੇਜਮੈਂਟ ਦੀ ਖੁਲੇ ਤੌਰ ਤੇ ਸਹਾਇਤਾ ਕਰਨ ਅਤੇ ਉਕਸਾਉਣ ਸਬੰਧੀ ਲਗਾਇਆ ਦੋਸ਼ ਅਯੋਗ ਹੈ ਜਦ ਕਿ ਕਿਰਤ ਵਿਭਾਗ ਵਲੋਂ ਇਸ ਝਗੜੇ ਨੂੰ ਕਾਨੂੰਨ ਦੇ ਦਾਇਰੇ ਵਿਚ ਨਿਪਟਾਉਣ ਲਈ ਯਤਨ ਕੀਤੇ ਜਾ ਰਹੇ ਹਨ ।

[ਵਿੱਤ ਮੰਤਰੀ] :

2. ਮਿਤੀ 8. 1. 1970 ਨੂੰ ਓਸਵਾਲ ਮਿਲਜ਼ ਲੁਧਿਆਣਾ ਦੇ ਯੂਨਿਟ ਨੰ : 1 ਦੇ 8 ਕਾਮਿਆਂ ਨੂੰ ਸੀ. ਆਰ. ਪੀ. ਸੀ. ਦੀ ਧਾਰਾ 107/151 ਦੇ ਅਧੀਨ ਗ੍ਰਿਫਤਾਰ ਕੀਤਾ ਗਿਆ ਸੀ, ਕਿਉਂਕਿ ਕਥਿਤ ਯੂਨਿਟ ਦੇ ਡਾਇਰੈਕਟਰ ਸ਼੍ਰੀ ਧਰਮ ਪਾਲ ਦੀ ਜਾਨ ਨੂੰ ਬਹੁਤ ਖਤਰਾ ਸੀ। ਇਨ੍ਹਾਂ ਅੱਠਾਂ ਕਾਮਿਆਂ ਪਾਸ ਲਾਠੀਆਂ ਸਨ ਅਤੇ ਉਹ ਸ਼੍ਰੀ ਧਰਮ ਪਾਲ ਤੇ ਹਮਲਾ ਕਰਨ ਵਾਲੇ ਸਨ।

3. ਮਿਤੀ 31. 1. 1971 ਨੂੰ ਟੈਕਸਟਾਈਲ ਯੂਨੀਅਨ, ਲੁਧਿਆਣਾ ਦੇ ਕਾਮੇ, ਕਾਮਰੇਡ ਮੁਲਖ ਰਾਜ ਸਮੇਤ ਅੱਠ ਕਾਮਿਆਂ ਨੇ ਓਸਵਾਲ ਮਿਲਜ਼ ਦੇ ਯੂਨਿਟ ਨੰ: 2 ਵਿਚ ਕੰਮ ਕਰਨ ਵਾਲੇ ਇਕ ਫਿਟਰ ਸਰਦਾਰ ਸਿੰਘ, ਪੁਤਰ ਗੋਪਾਲ ਸਿੰਘ ਤੇ ਹਮਲਾ ਕੀਤਾ, ਜਦ ਕਿ ਉਹ ਕਾਰ ਵਿਚ ਯੂਨਿਟ ਨੰ: 1 ਵਲ ਜਾ ਰਿਹਾ ਸੀ। ਉਸ ਨੂੰ ਬੇਰਹਿਮੀ ਨਾਲ ਮਾਰਿਆ ਗਿਆ ਅਤੇ ਯੂਨਿਟ ਨੰ: 1 ਦੇ ਕਾਮਿਆਂ ਨੇ ਉਸਦੀ ਘੜੀ ਵੀ ਖੋਹ ਲਈ। ਇੰਡਸਟਰੀਅਲ ਏਰੀਆ ਲੁਧਿਆਣਾ ਦੇ ਥਾਨੇ ਵਿਚ ਮੁਲਾਜ਼ਿਮਾਂ ਦੇ ਵਿਰੁਧ ਆਈ. ਪੀ. ਸੀ. ਦੀ ਧਾਰਾ 382/356/148/ 149 ਅਧੀਨ ਮਿਤੀ 31. 1. 1970 ਨੂੰ ਇਕ ਕੇਸ (ਐਫ. ਆਈ. ਆਰ ਨੰ: 28) ਰਜਿਸਟਰ ਕਰਵਾਇਆ ਗਿਆ। ਚਾਰ ਮੁਲਾਜ਼ਮਾਂ ਨੂੰ ਗ੍ਰਿਫਤਾਰ ਕੀਤਾ ਜਾ ਚੁਕਿਆ ਹੈ, ਜਦ ਕਿ ਬਾਕੀ ਦੇ ਚਾਰ ਮੁਲਾਜ਼ਮ ਗ੍ਰਿਫਤਾਰੀ ਤੋਂ ਬਚਦੇ ਫਿਰਦੇ ਹਨ। ਇਹ ਊਜ ਲਾਉਣ ਲਈ ਕੋਈ ਆਧਾਰ ਨਹੀਂ ਹੈ ਕਿ ਕਾਰਖਾਨੇ ਦੇ ਕਾਮਿਆਂ ਵਿਰੁਧ ਦੰਡ ਦੇਣ ਸਬੰਧੀ ਕਾਰਵਾਈ ਕੀਤੇ ਜਾਣ ਦੇ ਮਾਮਲੇ ਵਿਚ ਸਥਾਨਕ ਪੁਲਿਸ ਅਤੇ ਕਾਰਖਾਨੇ ਦੇ ਮਾਲਕਾਂ ਵਿਚ ਕੋਈ ਮਿਲੀ ਭਗਤ ਸੀ।

4. ਇੰਡਸਟਰੀਅਲ ਏਰਿਆ, ਲੁਧਿਆਣਾ ਵਿਚ ਮਿਤੀ 20. 2. 1970 ਨੂੰ 24 ਘੰਟੇ ਦੀ ਭੁੱਖ ਹੜਤਾਲ ਨਹੀਂ ਕੀਤੀ ਗਈ ਸੀ, ਸਗੋਂ ਪੰਜਾਬ ਟਰੇਡ ਯੂਨੀਅਨ ਕਾਂਗ੍ਰਸ ਦੀ ਹਦਾਇਤ ਅਨੁਸਾਰ 7 ਕਾਮਿਆਂ ਨੇ (4 ਨੇ ਓਸਵਾਲ ਮਿਲਜ਼ ਦੇ ਯੂਨਿਟ ਨੰ: 1 ਦੇ ਸਾਹਮਣੇ ਅਤੇ 3 ਨੇ ਯੂਨਿਟ ਨੰ: 2 ਦੇ ਸਾਹਮਣੇ) ਮਿਤੀ 16. 2. 1970 ਤੋਂ ਮਿਤੀ 20. 2. 70 ਤੀਕ 48 ਘੰਟੇ ਦੀ ਮਤਵਾਤਰ ਭੁਖ ਹੜਤਾਲ ਕੀਤੀ। ਇਹ ਕਾਰਵਾਈ ਮੇਸਰਜ਼ ਜਗਤਜੀਤ ਕਾਟਨ ਟੈਕਸਟਾਈਲ ਮਿਲਜ਼, ਫਗਵਾੜਾ ਦੇ ਕਾਮਿਆਂ ਨੂੰ ਪ੍ਰੇਸ਼ਾਨ ਕੀਤੇ ਜਾਣ ਅਤੇ ਮਿਤੀ 5. 2. 1970 ਨੂੰ ਫਗਵਾੜੇ ਵਿਚ ਕਾਮਰੇਡ ਮਦਨ ਲਾਲ ਦੀਦੀ ਤੇ ਕੀਤੇ ਗਏ ਹਮਲੇ ਦੇ ਰੋਸ ਵਜੋਂ ਕੀਤੀ ਗਈ।

(SERIAL NO. 81)

Comrade Satyapal Dang : to draw the attention of the Government towards an urgent matter of public importance, namely, on 1/2nd March, 1970, the hired goondas of the management of Oswal Spinning Mills, Ludhiana, with the open connivance and even active co-operation of the Police attacked the camp of workers of Unit No. 2, beat up those inside the camp, including the Union Cashier, Shri Khushal Singh and burnt the tent. Police also lathi charged the workers. Further instead of apprehending those who made the attack, the Police arrested a large number of workers including Khushal Singh. The Police thus acted virtually as a private force of the management and this has lead

to widespread resentment in the working class throughout the State In view of the obvious and urgent importance of the matter, the Government may please be asked to make a statement in the House.

Sardar Gurnam Singh. Some workers of Unit No. 1 of Oswal Mills, Ludhiana were laid off by the Mill in the month of January, 1970. 151 workers of Unit No. 2 of the Mill went on strike on 13.2.1970 in sympathy with these laid off workers. On 1.3.1970 some striking workers threatened to obstruct some willing workers from going to work. The police on duty intervened to avert a clash. The striking workers became violent and attacked the Police and the loyal workers with brick bats, as a result of which 3 Police Constables and 7 others were injured. A case FIR No. 60 u/s 332/353/427/186/148/149/ IPC was registered and some arrests were made in this connection. On the night of 1/2.3.1970, 9 persons were arrested u/s 107/151 Cr.P.C when they attacked the gate-keeper of Unit No. 1 of the said Mill and tried to force entry into the Mill.

Enquiries have shown that no hired goondas were involved in the incident. Police did not attack any workers camp. Shri Khushal Singh was not beaten up nor was any tent burnt. No lathi-charge was resorted to by the Police.

The Police thus acted in the discharge of its lawful duties.

(Serial No 25)

Sardar Kirpal Singh : to draw the attention of the Government towards an urgent matter of public importance, namely, the resentment amongst the Government School Teachers due to continued mid-term transfers of teachers and reported decision of the Government to post teachers 20-miles from their home-places and even put couple-teachers separately. This has created great resentment amongst the teachers and Government Teachers Union has took serious note of this.

The Government should make a statement in the House and remove the fear amongst the teaching community.

ਸਰਦਾਰ ਸੁਰਜੀਤ ਸਿੰਘ : ਅਧਿਆਪਕਾਂ ਦੀਆਂ ਮਧਕਾਲ ਬਦਲੀਆਂ ਇਨਾਂ ਦੀਆਂ ਨਿਜੀ ਔਕੜਾਂ ਨੂੰ ਮੁੱਖ ਰਖਦੇ ਹੋਏ ਜਾਂ ਪ੍ਰਬੰਧਕੀ ਆਧਾਰ ਤੇ ਕਰਨੀਆਂ ਪੈਂਦੀਆਂ ਹਨ । ਕੋਸ਼ਿਸ਼ ਕੀਤੀ

[ਸਿਖਿਆ ਮੰਤਰੀ]

ਜਾਂਦੀ ਹੈ ਕਿ ਮਧਕਾਲ ਬਦਲੀਆਂ ਘੱਟ ਤੋਂ ਘੱਟ ਹੋਣ ਅਤੇ ਉਹ ਵੀ ਖਾਲੀ ਪਈਆਂ ਆਸਾਮੀਆਂ ਤੇ ਤਾਂ ਜੋ ਇਕ ਅਧਿਆਪਕ ਦੀ ਐਡਜਸਟਮੈਂਟ ਲਈ ਕਿਸੇ ਦੂਜੇ ਅਧਿਆਪਕ ਨੂੰ ਪੁਟਣ ਦੀ ਲੋੜ ਨਾ ਪਵੇ ।

ਅਧਿਆਪਕਾਂ ਦੀ ਤਾਈਨਾਤੀ ਉਨਾਂ ਦੇ ਘਰਾਂ ਤੋਂ 20 ਮੀਲ ਦੀ ਦੂਰੀ ਤੇ ਕਰਨ ਬਾਰੇ, ਅਤੇ ਕਪਲ ਕੇਸਾਂ ਨੂੰ ਜੁਦਾ ਜੁਦਾ ਰਖਣ ਵਾਸਤੇ ਸਰਕਾਰ ਨੇ ਅਜੇ ਕੋਈ ਫੈਸਲਾ ਨਹੀਂ ਕੀਤਾ । ਇਸ ਸਬੰਧ ਵਿਚ ਚਿੰਤਾ ਪ੍ਰਗਟ ਕਰਨ ਦੇ ਕੋਈ ਕਾਰਨ ਨਜ਼ਰ ਨਹੀਂ ਆਉਂਦੇ ।

— — — —

DEMANDS FOR GRANTS

Mr. Speaker : There are six Demands for Grants which are to be discussed and voted upon today. If the hon. Members agree, all the Demands for Grants may be moved and discussed together.

(*Voices : Yes, Yes.*)

Irrigation and Power Minister (**Sardar Sohan Singh Bassi**) : Sir, I beg to move —

That a sum not exceeding Rs. 4, 28, 48, 500 be granted to the Governor to defray the charges that will come in course of payment for the year 1970-71 in respect of 42-Multipurpose River Schemes.

That a sum not exceeding Rs. 5,92, 35, 860 be granted to the Governor to defray the charges that will come in course of payment for the year 1970-71 in respect of 43-Irrigation, Navigation, Embankment and Drainge Works (Commercial), 44-Irrigation, Navigation, Embankment and Drainage Works (Non-Commercial).

That a sum not exceeding Rs.3, 07, 46,750 be granted to the Governor to defray the charges that will come in course of payment for the year 1970-71 in respect of Charges on Irrigation Establishment.

That a sum not exceeding Rs. 14, 09, 00, 000 be granted to the Governor to defray the charges that will come in course of payment for the year 1970-71 in respect of 98-Capital Outlay on Multipurpose River Schemes.

That a sum not exceeding Rs. 3,94,24,820 be granted to the Governor to defray the charges that will come in course of payment for the year 1970-71 in respect of 99 Capital Outlay on Irrigation, Navigation, Embankment and Drainage Works (Commercial).

That a sum not exceeding Rs. 47, 56, 65, 800 be granted to the Governor to defray the charges that will come in course of payment for the year 1970-71 in respect of Loans to Local Funds Private Parties etc. and Loans to Government Servants.

Mr. Speaker : Motions moved —

That a sum not exceeding Rs. 4, 28, 48, 500 be granted to the Governor to defray the charges that will come in course of payment for the year 1970-71 in respect of 42-Multipurpose River Schemes.

That a sum not exceeding Rs. 5,92,35,860 be granted to the Governor to defray the charges that will come in course of payment for the year 1970-71 in respect of 43-Irrigation, Navigation, Embankment and Drainage Works (Commercial), 44-Irrigation, Navigation, Embankment and Drainage Works (Non-Commercial).

That a sum not exceeding Rs. 3, 07, 46, 750 be granted to the Gevernor to defray the charges that will come in course of payment for the years 1970-71 in respect of Charges on Irrigation Establishment.

That a sum not exceeding Rs. 14, 90, 00, 000 be granted to the Governor to defray the charges that will come in coure of payment for the year 1970-7 in respect of 98-Capital Outlay on Multipurpose River Schemes.

That a sum not exceeding Rs. 3,94,24,820 be granted to the Governor to defray the charges that will come in course of payment for the year 1970-71 in respect of 99-Capital Outlay on Irrigation, Embankment and Drainge works (Commercial).

That a sum not exceeding Rs 47, 56, 65, 800 be granted to the Governor to defray the charges that will come in course of payment for the year 1970-71 in respect of Loans to Local Funds Private Parties etc. and Loans to Government Servants

There are some notices of cut-motions to these Demands. These will be deemed to have been read and moved and can be discussed along with the Demands. Hon Members, while speaking, may indicate the Demand No. on which they would like to raise discussion. At the end, I shall put the cut-motions and Demands, one by one, to the vote of the House.

DEMAND NO. 26.

(42-Multipurpose River Schemes).

Chaudhri Balbir Singh :

That the demand be reduced by Re. 1/-

DEMAND NO. 27.

(43-Irrigation, Navigation, Embankment and Drainage Works (Commercial).

44-Irrigation, Navigation, Embankment and Drainage Works (Non-Commercial).

1. **Comrade Satya Pal Dang :**
2. **Comrade Babu Singh Master :**

That the demand be reduced by Rs. 10/-.

3. **Chaudhri Balbir Singh :**

That the demand be reduced by Re. 1/-.

DEMAND NO 28.

(Charges on Irrigation Establishment).

1. **Chaudhri Balbir Singh :**

That demand be reduced by Re. 1/-.

DEMAND NO. 43.

(98-Capital Outlay on Multipurpose River Schemes).

1. **Chaudhri Balbir Singh :**

That demand be reduced by Re. 1/.

DEMAND NO. 44

(99-Capital Outlay on Irrigation, Navigation, Embankment and Drainage Works). (Commercial).

1. **Chaudhri Balbir Singh :**

That the demand be reduced by Re.1/-.

DEMAND NO. 50

(Loans to Local Funds Private Parties etc. and Loans to Government Servants).

---

1. **Comrade Satya Pal Dang :**
2. **Comrade Babu Singh Master :**

That the demand be reduced by Rs. 10/-.

3. **Chaudhri Balbir Singh :**

That the demand be reduced by Re. 1/-.

ਕਾਮਰੇਡ ਬਾਬੂ ਸਿੰਘ ਮਾਸਟਰ : (ਫੂਲ) ਸਪੀਕਰ ਸਾਹਿਬ, ਅੱਜ ਬੜੀਆਂ ਅਹਿਮ ਡੀਮਾਂਡਜ਼ ਸਾਡੇ ਸਾਹਮਣੇ ਹਨ । ਇਸ ਦੇ ਨਾਲ ਹੀ ਸਾਨੂੰ ਫੋਰਥ ਫਾਈਵ ਈਅਰ ਪਲਾਨ ਦਾ ਸਬੰਧ ਵੀ ਜ਼ਰੂਰੀ ਜਾਪਦਾ ਹੈ । ਉਸ ਦੇ ਵਿਚ 90 ਕਰੋੜ ਰੁਪਏ ਦਾ ਖਰਚ ਕਰਨਾ ਪਵੇਗਾ ਜਿਸ ਦੇ ਵਿਚੋਂ ਸਿਰਫ ਇਸ ਸਾਲ ਵਾਸਤੇ 12 ਕਰੋੜ ਰੁਪਇਆ ਰਖਿਆ ਗਿਆ ਹੈ । ਸਾਡੇ ਪੰਜਾਬ ਵਿਚ ਡਰੇਨਾਂ ਦਾ ਮਸਲਾ, ਪੁਲਾਂ ਦਾ ਮਸਲਾ ਜਾਂ ਹੋਰ ਅਜੇਹੇ ਕਈ ਬੜੇ ਜ਼ਰੂਰੀ ਮਸਲੇ ਹਨ ਜਿਨ੍ਹਾਂ ਨੇ ਪੰਜਾਬ ਦੀ ਹਾਲਤ ਨੂੰ ਵਿਗਾੜ ਦਿਤਾ ਹੈ । ਜਿਸ ਤਰਾਂ ਕਿ ਲਿੰਕ ਡਰੇਨ ਬਾਰੇ ਹਾਲੀ ਵੀ ਇਕ ਪਰੋਪੋਜ਼ਲ ਹੀ ਹੈ ਕਿ ਲਸਾੜਾ ਡਰੇਨ ਨੂੰ ਡਾਇਵਰਟ ਕਰ ਕੇ ਚੰਦਰਭਾਨ ਡਰੇਨ ਵਿਚ ਪਾਇਆ ਜਾਵੇਗਾ । ਪਰ ਇਨ੍ਹਾਂ ਪਰੋਪੋਜ਼ਲਾਂ ਵਿਚ ਪੰਜਾਬ ਦਾ ਕਾਫੀ ਨੁਕਸਾਨ ਹੋ ਜਾਵੇਗਾ । ਮੇਰੀ ਅਰਜ਼ ਹੈ ਕਿ ਜਿਥੇ ਜਿਥੇ ਲਿੰਕ ਡਰੇਨਾਂ ਬਣਨ ਵਾਲੀਆਂ ਹਨ ਉਥੇ ਇਹ ਕੰਮ ਵਾਰ ਲੈਵਲ ਤੇ ਹੋਵੇ ਤਾਂਕਿ ਕਿਸਾਨ ਨੂੰ ਬਚਾਇਆ ਜਾ ਸਕੇ । ਸਪੀਕਰ ਸਾਹਿਬ, 40 ਕਰੋੜ ਤੋਂ ਵੱਧ ਰੁਪਏ ਦੀ ਫਸਲਾਂ ਦਾ ਨੁਕਸਾਨ ਹੋ ਚੁਕਾ ਹੈ ਪਰ ਹਾਲੀਂ ਤਕ ਇਸ ਪਾਸੇ ਵਲ ਧਿਆਨ ਦੇਣ ਲਈ ਕੋਈ ਕਦਮ ਨਹੀਂ ਚੁਕਿਆ ਗਿਆ । ਸਪੀਕਰ ਸਾਹਿਬ, ਇਕ ਦਿਆਲਪੁਰਾ ਡਰੇਨ ਹੈ, ਉਹ ਹਾਲੀਂ ਤਕ ਖੌਦੀ ਨਹੀ ਗਈ, ਜਿਸ ਦੀ ਵਜ੍ਹਾ ਕਰਕੇ ਲੱਖਾਂ ਏਕੜ ਜ਼ਮੀਨ ਖ਼ਰਾਬ ਹੁੰਦੀ ਹੈ । ਇਸੇ ਤਰ੍ਹਾਂ ਦੀਨਾ ਸਾਹਿਬ ਜਿਥੇ ਦਸਵੇਂ ਗੁਰੂ ਸਾਹਿਬ ਨੇਂ ਇਕ ਕਿਤਾਬ ਜ਼ਫਰਨਾਮਾ ਲਿਖੀ ਸੀ ਔਰ ਸਰਦਾਰ ਗੁਰਮੀਤ ਸਿੰਘ ਜਿਸ ਹਲਕੇ ਵਿਚੋਂ ਜਿਤ ਕੇ ਆਏ ਹਨ, ਇਹ ਉਸ ਹਲਕੇ ਦਾ ਪਿੰਡ ਹੈ, ਉਥੇ ਇਹ ਡਰੇਨ ਬਣਦੇ ਨੂੰ ਕਈ ਸਾਲ ਹੋ ਗਏ ਹਨ ਪਰ ਉਹ ਕੰਮ ਹਾਲੀਂ ਤਕ ਕਮਪਲੀਟ ਨਹੀਂ ਹੋਇਆ । ਇਸੇ ਤਰ੍ਹਾਂ ਸੰਤ ਫਤਹਿ ਸਿੰਘ ਦੇ ਪਿੰਡ ਦੇ ਕੋਲ ਇਕ ਪੁਲ ਹੈ, ਉਹ ਵੀ ਬਣਨਾ ਚਾਹੀਦਾ ਹੈ । ਸੋ ਮੇਰੀ ਅਰਜ਼ ਹੈ ਕਿ ਸਾਡੀ ਸਰਕਾਰ ਨੂੰ ਲੋਕਾਂ ਨੂੰ ਸਹੂਲਤਾਂ ਪਹੁੰਚਾਉਣ ਵਾਸਤੇ ਔਰ ਆਵਾਜਾਵੀ ਦੇ ਸਾਧਨਾਂ ਨੂੰ ਅੱਛਾ ਕਰਨ ਵਾਸਤੇ ਇਸ ਵਲ ਛੇਤੀ ਤੋਂ ਛੇਤੀ ਕਦਮ ਚੁਕਣੇ ਚਾਹੀਦੇ ਹਨ ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਬਿਆਸ ਪ੍ਰੋਜੈਕਟ ਵਿਚ ਬਹੁਤ ਦੇਰੀ ਹੋਈ ਹੈ । ਜੇ ਉਹ ਹੁਣ ਤਕ ਹੋ ਜਾਂਦਾ ਤਾਂ ਪੰਜਾਬ ਦਾ ਸਾਰਾ ਇਹ ਮਸਲਾ ਹੱਲ ਹੋ ਜਾਂਦਾ । ਥੀਨ ਡੈਮ ਬਾਰੇ, ਸਪੀਕਰ ਸਾਹਿਬ, ਮੇਰੀ ਅਰਜ਼ ਹੈ ਔਰ ਮੈਨੂੰ ਬੜੀ ਖੁਸ਼ੀ ਹੈ ਕਿ ਬਾਸੀ ਸਾਹਿਬ ਨੇ ਇਸ ਵਿਚ ਕਾਫੀ ਪਰਸਨਲ ਐਫਰਟਸ ਕੀਤੀਆਂ ਹਨ, ਪਰ ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਦੁਖ ਹੈ ਕਿ ਸਾਡੀ ਸਰਕਾਰ ਨੇ ਜਿਸ ਤਰ੍ਹਾਂ ਚੰਡੀਗੜ੍ਹ ਦੇ ਇਸ਼ੂ ਤੇ ਲੋਕਾਂ ਨੂੰ ਮੋਬਲਾਈਜ਼ ਕੀਤਾ ਇਸ ਤਰ੍ਹਾਂ ਇਸ ਕੰਮ ਵਿਚ ਲੋਕਾਂ ਦੀ ਰਾਏ-ਆਮਾਂ ਪੈਦਾ ਨਹੀਂ ਕੀਤੀ। ਜੇ ਇਸ ਤਰ੍ਹਾਂ ਕੀਤਾ ਜਾਵੇ ਤਾਂ ਸੈਂਟਰ ਦੀ ਸਰਕਾਰ ਨੂੰ ਮਜਬੂਰ ਹੋ ਕੇ ਝੁਕਣਾ ਪਵੇਗਾ । ਸਪੀਕਰ ਸਾਹਿਬ, ਮੈਂ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਆਸਾਮ ਵਿਚ ਲੱਖ ਲੋਕਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਔਰ ਪੀ. ਐਮ. ਸਾਹਿਬ ਨੂੰ ਮਜਬੂਰਨ ਉਹ ਕੰਮ ਕਰਨਾ ਪਿਆ । ਇਸੇ ਤਰ੍ਹਾਂ ਆਂਧਰਾ ਵਿਚ ਅੰਦੋਲਨ ਉਠਿਆ ਔਰ ਸੈਂਟਰ ਨੇ ਇਹ ਐਕਸੈਪਟ ਕੀਤਾ ਕਿ ਇਹ ਵੀ ਸਕੀਮ ਅਸੀਂ ਮੰਨਦੇ ਹਾਂ । ਇਸ ਲਈ ਮੈਂ ਸਮਝਦਾ ਹਾਂ ਸਾਰੇ ਪੰਜਾਬ ਵਿਚ ਰਾਏ-ਆਮਾਂ ਨੂੰ ਇਸ ਵਲ ਮੋੜਨਾ ਚਾਹੀਦਾ ਹੈ ਕਿ ਇਹ ਡੈਮ ਆਦਿ ਦੀ ਮਨਜ਼ੂਰੀ ਛੇਤੀ ਮਿਲੇ । ਇਸ ਨਾਲ ਹੀ ਪੰਜਾਬ ਦਾ ਭਲਾ ਹੈ । ਜੇ ਪੰਜਾਬ ਦਾ ਭਲਾ ਹੈ ਤਾਂ ਸਾਰੇ ਦੇਸ਼ ਦਾ ਭਲਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਹ ਮੀਟਿੰਗਾਂ ਵਗੈਰਾ ਕਰਨ ਨਾਲੋਂ ਜੇ ਲੋਕਾਂ ਵਿਚ ਇਹ ਰਾਏ ਪੈਦਾ ਕੀਤੀ ਜਾਵੇ ਤਾਂ ਇਸ ਦੇ ਸਿਟੇ ਚੰਗੇ ਨਿਕਲ ਸਕਦੇ ਹਨ । (ਵਿਘਨ)

(ਇਸ ਵਕਤ ਸ਼੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

[ਕਾਮਰੇਡ ਬਾਬੂ ਸਿੰਘ ਮਾਸਟਰ] :

ਡਿਪਟੀ ਸਪੀਕਰ ਸਾਹਿਬ, ਹਾਲੀਂ ਵੀ ਇਕ ਹਜ਼ਾਰ ਮੈਗਾਵਾਟ ਬਿਜਲੀ ਦੀ ਖੇਤਾਂ ਵਾਸਤੇ ਲੋੜ ਹੈ ਔਰ ਇਕ ਹਜ਼ਾਰ ਮੈਗਾਵਾਟ ਇੰਡਸਟਰੀਜ਼ ਵਾਸਤੇ ਜ਼ਰੂਰਤ ਹੈ । ਲੇਕਿਨ ਜਦੋਂ ਤਕ ਇਹ ਥੀਨ ਡੈਮ ਨਹੀਂ ਬਣਦਾ ਉਦੋਂ ਤਕ ਮੇਰੀ ਅਰਜ਼ ਹੈ ਕਿ ਬਿਜਲੀ ਦੀ ਸ਼ਾਰਟੇਜ ਦੂਰ ਨਹੀਂ ਹੋ ਸਕਦੀ, ਸਾਡੇ ਕਿਸਾਨਾਂ ਦੀ ਉੱਨਤੀ ਨਹੀਂ ਹੋ ਸਕਦੀ, ਸਾਡੀ ਇੰਡਸਟਰੀਜ਼ ਦੀ ਉੱਨਤੀ ਨਹੀਂ ਹੋ ਸਕਦੀ । ਕਿਸਾਨ ਨੂੰ ਫਾਇਦਾ ਤਾਂ ਹੀ ਹੋ ਸਕਦਾ ਹੈ ਜੇ ਇਹੋ ਜਿਹੀਆਂ ਸਕੀਮਾਂ ਸਿਰੇ ਚੜ੍ਹਨ ।

ਇਸ ਦੇ ਨਾਲ ਡਿਪਟੀ ਸਪੀਕਰ ਸਾਹਿਬ, ਕੁਝ ਸਕੈਂਡਲਜ਼ ਦਾ ਹਾਊਸ ਵਿਚ ਮੈਂ ਜ਼ਿਕਰ ਕਰਨਾ ਚਾਹੁੰਦਾ ਹੈ, ਜਿਸ ਦੇ ਵਾਸਤੇ ਮੇਰੀ ਇਕ ਤਜ਼ਵੀਜ਼ ਹੈ ਕਿ ਇਕ ਹਾਈ ਪਾਵਰਡ ਕਮਿਸ਼ਨ ਬਣਾਉਣਾ ਚਾਹੀਦਾ ਹੈ । ਅਗਰ ਉਸ ਦੇ ਵਿਚ ਕੋਈ ਜੱਜ ਆਦਿ ਨਹੀਂ ਰਖ ਸਕਦੇ ਤਾਂ ਘੱਟੋਂ ਘੱਟ ਕੁਝ ਚੰਗੇ ਐਮ. ਐਲ. ਏਜ਼. ਉਸ ਵਿਚ ਰਖੇ ਜਾਣ । ਡਿਪਟੀ ਸਪੀਕਰ ਸਾਹਿਬ, ਐਸਟੀਮੇਟ ਕਮੇਟੀ ਨੇ ਐਤਕੀ ਜਨਤਾ ਦੀ ਬਹੁਤ ਸੇਵਾ ਕੀਤੀ ਹੈ । ਉਨ੍ਹਾਂ ਨੇ ਕਈ ਸਕੈਂਡਲ ਫੜੇ ਹਨ । ਇਰੀਗੇਸ਼ਨ ਦੇ ਸਕੈਂਡਲ ਕਈ ਬਣੇ ਹੋਏ ਹਨ । ਡਿਪਟੀ ਸਪੀਕਰ ਸਾਹਿਬ, ਹਰੀਕੇ ਬ੍ਰਿਜ ਵਾਸਤੇ ਸਾਢੇ ਸੱਤ ਕਰੋੜ ਰੁਪਏ ਦੀ ਡੀਮਾਂਡ ਸਪਲੀਮੈਂਟਰੀ ਐਸਟੀਮੇਟਸ ਵਿਚ ਕੀਤੀ ਗਈ ਹੈ ਪਰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਉਸ ਅਹਿਮ ਪੁਲ ਦੇ ਥਲੇ ਥੰਮੀਆਂ ਦਿਤੀਆਂ ਜਾ ਰਹੀਆਂ ਹਨ । ਜਿਸ ਤਰ੍ਹਾਂ ਕਿਸੇ ਗਰੀਬ ਦਾ ਘਰ ਡਿਗਦਾ ਹੈ ਤਾਂ ਉਹ ਉਸ ਦੇ ਥਲੇ ਥੰਮੀਆਂ ਲਾ ਦਿੰਦਾ ਹੈ ਤੇ ਇਸੇ ਤਰ੍ਹਾਂ ਉਥੇ ਥੰਮੀਆਂ ਲਾਈਆਂ ਜਾ ਰਹੀਆਂ ਹਨ । ਇਨ੍ਹਾਂ ਥੰਮੀਆਂ ਨਾਲ ਪਾਣੀ ਦੇ ਫਲੋਂ ਤੇ ਵੀ ਅਸਰ ਪਵੇਗਾ ।

ਇਸ ਤੋਂ ਇਲਾਵਾ ਮੈਂ ਖੇਤੀ ਬਾੜੀ ਅਫ਼ਸਰਾਂ ਦੇ ਮਾਮਲੇ ਵਿਚ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਸ਼੍ਰੀ ਅਰਜਨ ਦਾਸ ਖੇਤੀ ਬਾੜੀ ਦੇ ਅਫ਼ਸਰ ਉਤੇ ਇਸ ਸਿਲਸਲੇ ਵਿਚ ਕੁਝ ਇਲਜ਼ਾਮ ਲਗੇ ਅਤੇ 4 ਐਫ. ਆਈ. ਆਰ. ਦਰਜ ਹੋਈਆਂ, ਪਰ ਕੋਈ ਐਕਸ਼ਨ ਨਹੀਂ ਲਿਆ ਗਿਆ ।

1964-65 ਵਿਚ ਪੈਪਸੂ ਰੋਡਵੇਜ਼ ਬਾਰੇ ਪਿਛਲੇ ਬਜਟ ਸੈਸ਼ਨ ਵਿਚ ਇਕ ਕਾਲ ਐਟਨਸ਼ਨ ਮੋਸ਼ਨ ਰਾਹੀਂ ਹਾਊਸ ਵਿਚ ਦਸਿਆ ਗਿਆ ਕਿ ਬੈਟਰੀਆਂ ਚੋਰੀ ਹੋਈਆਂ ਹਨ ਅਤੇ ਫ਼ੋਟੋ ਸਟੇਟ ਕਾਪੀਆਂ ਵੀ ਇਥੇ ਹਾਊਸ ਵਿਚ ਦਿਤੀਆਂ ਗਈਆਂ ਲੇਕਿਨ ਅਜੇ ਤਕ ਕੋਈ ਐਕਸ਼ਨ ਨਹੀਂ ਲਿਆ ਗਿਆ ।

ਇਕ ਸਰਦਾਰ ਸੰਤੋਖ ਸਿੰਘ ਪੀ. ਡਬਲੀਉ. ਡੀ. ਦੇ ਐਕਸ.ਸੀ.ਐਨ. ਲਗੇ ਹੋਏ ਹਨ । ਉਨ੍ਹਾਂ ਦੇ ਵਤੀਰੇ ਤੋਂ ਤੰਗ ਆ ਕੇ 14 ਓਵਰਸੀਅਰਜ਼ ਹੜਤਾਲ ਤੇ ਚਲੇ ਗਏ ਅਤੇ ਕਿਹਾ ਕਿ ਅਸੀਂ ਤਦ ਤਕ ਕੰਮ ਤੇ ਨਹੀਂ ਜਾਵਾਂਗੇ ਜਦ ਤਕ ਇਸਦੀ ਟਰਾਂਸਫ਼ਰ ਨਹੀਂ ਕੀਤੀ ਜਾਂਦੀ । ਜਥੇਦਾਰ ਇਕੱਠੇ ਹੋ ਕੇ ਪਹੁੰਚ ਗਏ ਅਤੇ ਕਹਿਣ ਲਗੇ ਕਿ ਸਾਡਾ ਤਾਂ ਭਠਾ ਬੈਠ ਜਾਏਗਾ ਜੇਕਰ ਇਹ ਚਲੇ ਗਏ । ਜੇ ਕੋਈ ਐਕਸ਼ਨ ਲਿਆ ਹੀ ਤਾਂ ਸਰਕਾਰ ਨੇ ਇਹ ਕਹਿ ਦਿਤਾ ਕਿ ਚਲੋ ਜਨਰਲ ਟਰਾਂਸਫ਼ਰਜ਼ ਵੇਲੇ ਟਰਾਂਸਫ਼ਰ ਕਰ ਦਿਤੀ ਜਾਏਗੀ । ਮੈਂ ਕਹਿੰਦਾ ਹਾਂ ਕਿ ਜਿਹੜੇ ਵੀ ਬਦਨਾਮ ਅਫ਼ਸਰ ਹਨ ਉਨ੍ਹਾਂ ਦੇ ਖਿਲਾਫ਼ ਕਿਉਂ ਕੋਈ ਐਕਸ਼ਨ ਨਹੀਂ ਲਿਆ ਜਾਂਦਾ ?

ਬੜੀ ਅਜੀਬ ਗਲ ਹੈ ਕਿ ਸਰਦਾਰ ਅਰਜਨ ਸਿੰਘ ਨੇ 13, 14 ਲਖ ਰੁਪਏ ਦੇ ਗਬਨ ਕੀਤੇ ਹੋਏ ਹਨ, ਉਸ ਨੂੰ ਰਾਈਸ ਦੀ ਪੁਰਚੇਜ਼ ਲਈ ਮੁਕਰੱਰ ਕਰ ਦਿਤਾ ਗਿਆ ਹੈ ਅਤੇ ਉਸ ਨੂੰ ਇਕ ਜੀਪ ਦੇ ਦਿਤੀ ਹੈ ਅਤੇ ਕਹਿ ਦਿਤਾ ਹੈ ਕਿ ਜਿਥੇ ਮਰਜ਼ੀ ਆਏ ਫਿਰਦੇ ਰਹੋ ਅਤੇ ਆਪਣੇ ਪੈਸੇ ਬਣਾਉਂਦੇ ਰਹੋ ।

ਮੈਂ ਪਲੈਨਿੰਗ ਦੇ ਐਕਸਪੈਂਡੀਚਰ ਦੇ ਬਾਰੇ ਵਿਚ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਬੜੇ ਦੁਖ ਦੀ ਗਲ ਹੈ ਕਿ 1969-70 ਦੇ ਬਜਟ ਵਿਚ 53.26 ਕਰੋੜ ਰੁ० ਰਖਿਆ ਗਿਆ ਸੀ ਪਰ 1970-71 ਦੇ ਬਜਟ ਵਿਚ 52.71 ਕਰੋੜ ਰੁਪਏ ਰਖੇ ਗਏ ਹਨ । ਚਾਹੀਦਾ ਤਾਂ ਇਹ ਸੀ ਕਿ ਇਸ ਵਾਰੀ ਜ਼ਿਆਦਾ ਪੈਸਾ ਰਖਿਆ ਜਾਂਦਾ ਤਾਂਕਿ ਸਾਡੇ ਕਿਸਾਨ ਨੂੰ ਔਰ ਮਜ਼ਦੂਰ ਨੂੰ ਜ਼ਿਆਦਾ ਸਹੂਲਤਾਂ ਮਿਲਦੀਆਂ ਅਤੇ ਉਨ੍ਹਾਂ ਦੀ ਹਾਲਤ ਬੇਹਤਰ ਹੁੰਦੀ । ਪੰਜਾਬ ਨੂੰ ਹੋਰ ਅਗੇ ਵਧਾਉਣ ਵਾਸਤੇ ਪੰਜਾਬ ਦੀ ਖੁਸ਼ਹਾਲੀ ਵਾਸਤੇ ਹੋਰ ਪੈਸੇ ਰਖਣੇ ਚਾਹੀਦੇ ਸੀ । ਪਰ ਇਨ੍ਹਾਂ ਨੇ ਤਾਂ ਪਹਿਲਾਂ ਨਾਲੋਂ ਵੀ ਘਟ ਰਖ ਦਿਤੇ ਹਨ । ਇਸ ਦੇ ਲਈ ਕੁਝ ਹੋਰ ਐਕਸਪੈਂਡੀਚਰ ਵਾਸਤੇ ਰੁਪਿਆ ਰਖਣਾ ਚਾਹੀਦਾ ਸੀ, ਪਰ ਸਾਡੇ ਵਿੱਤ ਮੰਤਰੀ ਨੇ ਇਸ ਪਾਸੇ ਕੋਈ ਧਿਆਨ ਹੀ ਨਹੀਂ ਦਿਤਾ । ਉਹ ਤਾਂ ਜੇਲ੍ਹ ਵਿਚ ਹੋਈ ਸ਼ਾਮ ਵਾਂਗ ਕਹੀ ਗਏ ਕਿ ਪੰਜਾਬ ਵਿਚ ਤਾਂ ਆਲ ਰਾਉਂਡ ਪ੍ਰੋਗ੍ਰੈਸ ਹੈ । ਇਹ ਕਹਿਣ ਤੋਂ ਬਾਦ ਜਦੋਂ 7.42 ਕਰੋੜ ਰੁਪਏ ਦੇ ਟੈਕਸਿਜ਼ ਦਾ ਖੱਪਾ ਪੂਰਾ ਕਰਨਾ ਪਿਆ ਤਾਂ ਕਹਿਣ ਲਗੇ ਕਿ ਸੈਂਟਰ ਵਾਲਿਆਂ ਤੋਂ ਗਰਾਂਟ ਲੈਣੀ ਹੈ ਅਤੇ ਉਸ ਖਪੇ ਨੂੰ ਪੂਰਾ ਕਰਨ ਲਈ ਰੌਲਾ ਪਾਉਣ ਲਗ ਪਏ ਕਿ ਸੈਂਟਰ ਵਲੋਂ ਸਾਡੇ ਪੰਜਾਬ ਨੂੰ ਹੋਰ ਸਹਾਇਤਾ ਮਿਲਣੀ ਚਾਹੀਦੀ ਹੈ ।

ਐਜੂਕੇਸ਼ਨ ਵਿਚ ਵੇਖ ਲਵੋ ਜਿਹੜੇ ਪ੍ਰਾਈਮਰੀ ਸਕੂਲਾਂ ਵਿਚ ਬੱਚੇ ਜਾਂਦੇ ਹਨ ਉਹ 71 ਫ਼ੀ ਸਦੀ ਜਾਂਦੇ ਹਨ ਅਤੇ ਅਜੇ ਬਾਕੀ ਹੋਰ ਵੀ ਹਨ ਜਿਹੜੇ ਨਹੀਂ ਜਾਂਦੇ ਅਤੇ ਸਕੂਲਾਂ ਦੇ ਪ੍ਰਬੰਧ ਵਿਚ ਕੋਈ ਚੰਗੇ ਸਟੈਪਸ ਨਹੀਂ ਲਏ ਜਾ ਰਹੇ ।

ਪੀਣ ਦੇ ਪਾਣੀ ਦੇ ਸਿਲਸਲੇ ਵਿਚ ਮੈਂ ਇਕ ਅਰਜ਼ ਕਰਾਂ ਕਿ ਹੁਸ਼ਿਆਰਪੁਰ ਵਰਗੇ ਜ਼ਿਲੇ ਵਿਚ ਕਿੰਨੀ ਐਕਿਊਟ ਸ਼ਾਰਟੇਜ ਹੈ ਪੀਣ ਦੇ ਪਾਣੀ ਦੀ। ਪਾਣੀ ਦੇ ਲਈ ਉਥੇ ਹੜਤਾਲਾਂ ਕੀਤੀਆਂ ਜਾਂਦੀਆਂ ਹਨ । ਸਾਡੀ ਸਰਕਾਰ ਦਾ ਜਵਾਬ ਵੇਖੋ । ਉਹ ਕਹਿੰਦੀ ਹੈ ਕਿ ਅਗਰ ਬਜਟ ਨੇ ਇਜਾਜ਼ਤ ਦਿਤੀ ਤਾਂ ਅਸੀਂ ਉਥੇ ਪਾਣੀ ਦੇ ਬਾਰੇ ਵਿਚ ਕੋਈ ਕਾਰਵਾਈ ਕਰਾਂਗੇ । ਇਹ ਕਿੰਨੀ ਵਡੀ ਪ੍ਰਾਬਲਮ ਹੈ ਕਿ ਲੋਕਾਂ ਨੂੰ ਪੀਣ ਦਾ ਪਾਣੀ ਨਾ ਮਿਲੇ ਅਤੇ ਗੌਰਮੈਂਟ ਦੇ ਉਤਰ ਤੇ ਕਿੰਨਾ ਦੁਖ ਹੁੰਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਸਾਡੇ ਵਿੱਤ ਮੰਤਰੀ ਸਾਹਿਬ ਇਹ ਗਲ ਮੰਨਦੇ ਹਨ ਕਿ ਰੂਰਲ ਏਰੀਆਜ਼ ਵਿਚ ਕਰਜ਼ੇ ਬਹੁਤ ਜ਼ਿਆਦਾ ਹਨ ਲੋਕਾਂ ਤੇ । ਉਨ੍ਹਾਂ ਦਾ ਵਾਲ ਵਾਲ ਜਕੜਿਆ ਹੋਇਆ ਹੈ ਕਰਜ਼ਿਆਂ ਵਿਚ । ਅਤੇ ਇੰਨੇ ਜ਼ਿਆਦਾ ਟੈਕਸਿਜ਼ ਹਨ ਉਨ੍ਹਾਂ ਲੋਕਾਂ ਤੇ ਤਾਂ ਫਿਰ ਪੰਜਾਬ ਦੇ ਹਾਲਾਤ ਕਿਸ ਤਰ੍ਹਾਂ ਚੰਗੇ ਹੋ ਗਏ । ਇਨ੍ਹਾਂ ਨੇ ਕਿਸ ਤਰ੍ਹਾਂ ਕਹਿ ਦਿਤਾ ਕਿ ਪੰਜਾਬ ਦੇ ਹਾਲਾਤ ਚੰਗੇ ਹੋ ਗਏ ਹਨ ? ਅਗਰ ਇਨ੍ਹਾਂ ਨੇ ਪੰਜਾਬ ਦੀ ਸਹੀ ਪੋਜ਼ੀਸ਼ਨ ਸੈਂਟਰ ਨੂੰ ਦਸੀ ਹੁੰਦੀ ਤਾਂ ਹੋ ਸਕਦਾ ਸੀ ਕਿ ਸੈਂਟਰ ਦੀ ਸਰਕਾਰ ਕੁਝ ਹੋਰ ਮਦੱਦ ਕਰਦੀ, ਪਰ ਇਹ ਤਾਂ ਕਹੀ ਜਾਂਦੇ ਹਨ ਕਿ ਪੰਜਾਬ ਦੀ ਹਾਲਤ ਅਛੀ ਹੈ ਤਾਂ ਸੈਂਟਰ ਕਿਉਂ ਇਸ ਦੀ ਹੈਲਪ ਵਾਸਤੇ ਕੋਈ ਗਲ ਸੋਚੇਗੀ ? ਇਨ੍ਹਾਂ ਨੂੰ ਚਾਹੀਦਾ ਸੀ, ਇਹ ਉਥੇ ਕਹਿੰਦੇ ਕਿ ਸਾਡਾ ਬਾਰਡਰ ਦਾ ਸੂਬਾ ਹੈ ਅਤੇ ਸਰਹੱਦੀ ਸੂਬਾ ਹੈ ਇਸ ਨੂੰ ਇਸ ਲਿਹਾਜ਼ ਨਾਲ ਵੀ ਹੋਰ ਗਰਾਂਟ ਮਿਲਣੀ ਚਾਹੀਦੀ ਹੈ । ਇਸ ਦੇ ਨਾਲ

[ਕਾਮਰੇਡ ਬਾਬੂ ਸਿੰਘ ਮਾਸਟਰ] :

ਹੀ ਅਸੀਂ ਰਾਜਸਥਾਨ ਨੂੰ ਯੂ. ਪੀ. ਨੇ ਅਤੇ ਦਿੱਲੀ ਨੂੰ ਘੱਟ ਰੇਟ ਤੇ ਬਿਜਲੀ ਸਪਲਾਈ ਕਰਦੇ ਹਾਂ ਤਾਂ ਇਸ ਵਾਸਤੇ ਸਾਡਾ ਹਕ ਬਣਦਾ ਹੈ ਕਿ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਅਕਮੋਡੇਟ ਕੀਤਾ ਜਾਏ । 1947 ਤੋਂ ਬਾਦ ਸਾਡੇ ਕਿਸਾਨ ਨੂੰ ਬਹੁਤ ਨੁਕਸਾਨ ਹੋਇਆ, ਕਿਉਂਕਿ ਉਸ ਨੂੰ ਪਾਣੀ ਘਟ ਮਿਲਦਾ ਸੀ । ਦੂਸਰਾ ਪੰਜਾਬ ਸੈਂਟਰ ਨੂੰ ਅਨਾਜ ਸਪਲਾਈ ਕਰਦਾ ਹੈ ਇਸ ਪੱਖੋਂ ਵੀ ਸਾਨੂੰ ਜ਼ਿਆਦਾ ਗਰਾਂਟ ਮਿਲਣੀ ਚਾਹੀਦੀ ਸੀ ਅਸੀਂ ਇਸ ਤਰ੍ਹਾਂ ਅਗਰ ਸੈਂਟਰ ਕੋਲ ਆਪਣਾ ਕੇਸ ਪਲੀਡ ਕਰਦੇ ਤਾਂ ਅਸੀਂ ਉਨ੍ਹਾਂ ਕੋਲੋਂ ਜ਼ਿਆਦਾ ਪੈਸਾ ਲੈ ਸਕਦੇ ਸੀ ਪਰ ਇਹ ਤਾਂ ਕਹੀ ਗਏ ਕਿ ਆਲ ਰਾਊਂਡ ਪ੍ਰੋਗਰੈਸ ਹੋ ਗਈ ਹੈ. ਪੰਜਾਬ ਬੜੀਆਂ ਛਾਲਾਂ ਮਾਰਦਾ ਹੈ । ਅਗਰ ਇਹੀ ਗਲਾਂ ਕਰਨੀਆਂ ਹਨ ਤੇ ਫਿਰ ਸੈਂਟਰ ਨੇ ਪੈਸਾ ਇਨ੍ਹਾਂ ਨੂੰ ਕਿਉਂ ਦੇਣਾ ਸੀ । ਸੈਂਟਰ ਵਾਲਿਆਂ ਨੇ ਕਿਹਾ ਕਿ ਇਸ ਸਟੇਟ ਦੀ ਹਾਲਤ ਤਾਂ ਚੰਗੀ ਹੈ ਇਹ ਤਾਂ ਆਪ ਹੀ ਕਹਿੰਦੇ ਹਨ ਅਸੀਂ ਕਿਉਂ ਨਾ ਦੂਜੀਆਂ ਸਟੇਟਾਂ ਨੂੰ ਦਈਏ ਜਿਹੜੀਆ ਬੈਕਵਰਡ ਹਨ । ਇਹ ਜਿਹੜੀ ਗਲ ਵਿੱਤ ਮੰਤਰੀ ਸਾਹਿਬ ਨੇ ਕੀਤੀ ਹੈ ਇਹ ਕੋਈ ਸ਼ਲਾਘਾਯੋਗ ਨਹੀਂ ਕੀਤੀ ।

ਹੁਣ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਥੀਨ ਡੈਮ ਬਾਰੇ । ਇਸ ਦੇ ਤਿਆਰ ਹੋ ਜਾਣ ਨਾਲ ਕਈ ਪ੍ਰਾਬਲਮ ਹਲ ਹੋ ਸਕਦੀਆਂ ਹਨ ਅਤੇ ਕਈ ਫ਼ਾਇਦੇ ਹੋ ਸਕਦੇ ਹਨ । ਇਕ ਤਾਂ ਲੋਕਾਂ ਨੂੰ ਐਮਪਲਾਇਮੈਂਟ ਮਿਲ ਸਕਦੀ ਹੈ । ਬਿਜਲੀ ਜਿਸ ਦੀ ਸਾਡੇ ਕਿਸਾਨ ਨੂੰ ਅਜ ਬਹੁਤ ਲੋੜ ਹੈ ਮਿਲ ਸਕਦੀ ਹੈ । ਇਸ ਦੇ ਨਾਲ ਹੀ ਪਾਣੀ ਦੀ ਪ੍ਰਾਬਲਮ ਹਲ ਹੋ ਸਕਦੀ ਹੈ । ਇੰਡਸਟਰੀ ਵੀ ਇਸ ਦੇ ਨਾਲ ਬੜੀ ਤਰੱਕੀ ਕਰ ਸਕਦੀ ਹੈ । ਇਸ ਤਰ੍ਹਾਂ ਐਗਰੀਕਲਚਰਲ ਪਰਪਜ਼ ਵਾਸਤੇ ਬਹੁਤ ਫ਼ਾਇਦੇਮੰਦ ਹੈ ਅਤੇ ਜਿੰਨੇ ਵੀ ਟਿਊਬਵੈਲਾਂ ਦੀ ਜ਼ਰੂਰਤ ਹੋਵੇ ਤਾਂ ਬਿਜਲੀ ਮੁਹਈਆ ਹੋ ਜਾਣ ਨਾਲ ਲਗਾਏ ਜਾ ਸਕਦੇ ਹਨ ।

ਹੁਣ ਮੈਂ ਭਾਖੜਾ ਕੰਟਰੋਲ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ । ਸਾਡੇ ਨਾਲ ਇਸ ਕੇਸ ਵਿਚ ਤਾਂ ਇਸ ਤਰ੍ਹਾਂ ਹੋਇਆ ਹੈ ਕਿ ਗਏ ਸੀ ਰੋਜ਼ੇ ਬਖਸ਼ਵਾਉਣ ਤੇ ਨਿਮਾਜ਼ਾਂ ਗਲ ਪੈ ਗਈਆਂ । ਸਾਡੀ ਮੰਗ ਤਾਂ ਸੀ ਚੰਡੀਗੜ੍ਹ ਲੈਣ ਦੀ, ਪਰ ਹੋਇਆ ਕੀ ਕਿ ਪੰਜਾਬ ਦੇ ਕਈ ਉਪਜਾਊ ਇਲਾਕੇ ਅਬੋਹਰ, ਫ਼ਾਜ਼ਿਲਕਾ ਆਦਿ ਦੇਣੇ ਪਏ । ਮੈਂ ਕਹਿੰਦਾ ਹਾਂ ਕਿ ਹਾਲੇ ਵੀ ਸਾਨੂੰ ਸੈਂਟਰ ਤੇ ਸਟਰੈਸ ਕਰਨਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਭਾਖੜੇ ਦਾ ਕੰਟਰੋਲ 1966 ਦੀ ਰੀ-ਆਰਗੇਨਾਈਜ਼ੇਸ਼ਨ ਤੋਂ ਪਹਿਲਾਂ ਸੀ, ਪੰਜਾਬ ਦਾ ਗਵਰਨਰ ਉਸ ਬੋਰਡ ਦਾ ਚੇਅਰਮੈਨ ਹੁੰਦਾ ਸੀ ਅਤੇ ਬਾਕੀ ਜਿਹੜੀਆਂ ਅਸਿਸਟੈਂਟ ਸਟੇਟਾਂ ਸਨ ਉਨ੍ਹਾਂ ਨੂੰ ਡਿਊ ਰੀਪ੍ਰੈਜ਼ੈਂਟੇਸ਼ਨ ਮਿਲਦੀ ਹੁੰਦੀ ਸੀ ਹੁਣ ਵੀ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ ।

ਹੁਣ ਮੈਂ ਟਾਪ ਹੈਵੀ ਐਕਸਪੈਂਡੀਚਰ ਜਿਹੜਾ ਐਡਮਨਿਸਟਰੇਸ਼ਨ ਤੇ ਖ਼ਰਚ ਹੁੰਦਾ ਹੈ ਉਸ ਬਾਰੇ ਵਿਚ ਅਰਜ਼ ਕਰਾਂਗਾ । ਅਸੀਂ ਵੇਖਦੇ ਹਾਂ ਕਿ ਥਾਂ ਥਾਂ ਤੇ ਮਸ਼ੀਨਰੀ ਪਈ ਹੋਈ ਹੈ ਅਤੇ ਯੂਟੇਲਾਈਜ਼ ਨਹੀਂ ਕੀਤੀ ਜਾਂਦੀ । ਸਾਡਾ ਦੇਸ਼ ਵੀ ਕਹੀ ਜਾਂਦਾ ਹੈ ਕਿ ਸੋਸ਼ਲਿਸਟਕ ਪੈਟਰਨ ਤੇ ਅਮਲ ਕਰ ਰਿਹਾ ਹੈ ਅਤੇ ਸਾਡੀ ਅਕਾਲੀ ਪਾਰਟੀ ਵੀ ਇਸ ਗਲ ਦਾ ਦਾਵਾ ਕਰਦੀ ਹੈ ਕਿ ਉਨ੍ਹਾਂ ਦੀ ਪਾਰਟੀ ਸੋਸ਼ਲਿਸਟਿਕ ਹੈ । ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਇਹ ਪ੍ਰੋਗਰਾਮ ਹੈ ਕਿ ਹਰੀਜਨਾਂ ਨੂੰ ਉੱਚਾ ਚੁਕਣਾ ਹੈ ਅਤੇ ਗਰੀਬਾਂ ਦੀ ਉਨਤੀ ਕਰਨੀ ਹੈ ਅਤੇ ਉਨ੍ਹਾਂ ਨੂੰ ਉਤਾਂਹ ਚੁਕਣਾ ਹੈ ਮੈਂ ਕਹਿੰਦਾ ਹਾਂ ਕਿ ਜਿਹੜੀਆਂ ਗਲਾਂ ਕਹਿੰਦੇ ਹੋ ਉਨ੍ਹਾਂ ਨੂੰ ਅਮਲ ਵਿਚ ਲਿਆਉਣਾ ਚਾਹੀਦਾ

ਹੈ । ਮੈਂ ਅਰਜ਼ ਕਰਾਂ ਕਿ ਸਾਡੇ ਇਥੇ 4 ਚੀਫ ਇੰਨਜੀਨੀਅਰ ਮੁਕਰਰ ਕੀਤੇ ਹੋਏ ਹਨ । ਉਨ੍ਹਾਂ ਤੋਂ ਬਾਅਦ ਪਤਾ ਨਹੀਂ ਕਿੰਨੇ ਐਸ. ਈ. ਹਨ ਉਨ੍ਹਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ । ਇਨ੍ਹਾਂ ਦੇ ਤਾਂ ਸੋਸ਼ਲਇਜ਼ਮ ਦੀਆਂ ਕਈ ਮਿਸਾਲਾਂ ਮੈਂ ਹਾਊਸ ਵਿਚ ਪੇਸ਼ ਕਰ ਸਕਦਾ ਹਾਂ ਕਿ ਇਨ੍ਹਾਂ ਦਾ ਸੋਸ਼ਲਇਜ਼ਮ ਕਿਧਰ ਨੂੰ ਜਾ ਰਿਹਾ ਹੈ । ਇਕ ਚੀਫ ਨੂੰ 2200/- ਰੁਪਏ ਮਾਹਵਾਰ ਤਨਖਾਹ ਮਿਲਦੀ ਸੀ । ਉਨ੍ਹਾਂ ਦਾ ਕੇਸ ਐਨਾਮਲੀ ਵਿਚ ਆ ਗਿਆ ਅਤੇ ਉਨ੍ਹਾਂ ਦੀ ਐਨਾਮਲੀ ਦੂਰ ਕਰਕੇ ਉਨ੍ਹਾਂ ਦੀ ਤਨਖਾਹ 2750 ਰੁਪਏ ਹੋ ਗਈ ਹੈ । ਇਸ ਵਿਚ ਦੇਖੋ ਨੈਗਲੈਕਟਿਡ ਸੈਕਸ਼ਨ ਕਿਹੜਾ ਰਿਹਾ, ਐਸ. ਡੀ. ਓਜ., ਜਿਹੜੇ ਸਾਰਾ ਕੰਮ ਕਰਦੇ ਹਨ । ਇਨ੍ਹਾਂ ਨੇ ਪੁਲਿਸ ਦੇ ਡੀ. ਐਸ. ਪੀ. ਦੀਆਂ ਤਨਖਾਹਾਂ ਵਧਾ ਦਿਤੀਆਂ ਅਤੇ ਨਾਲ ਹੀ ਪੀ. ਸੀ. ਐਸ. ਅਫਸਰਾਂ ਦੀਆਂ ਤਨਖਾਹਾਂ ਵਧਾਈਆਂ । ਡੀ. ਐਸ. ਪੀਜ਼ ਕੋਲੋਂ ਸਾਡੀ ਸਰਕਾਰ ਨੇ ਨਾਜਾਇਜ਼ ਕੰਮ ਲੈਣੇ ਹੁੰਦੇ ਹਨ, ਡੀ. ਐਸ. ਪੀਜ਼. ਨੂੰ ਕਹਿ ਕੇ ਜਿਸ ਨੂੰ ਮਰਜ਼ੀ ਆਏ ਐਰੈਸਟ ਕਰਾ ਕੇ ਤੇ ਅੰਦਰ ਕਰਵਾ ਦਿੰਦੇ ਹਨ, ਇਸ ਲਈ ਉਨ੍ਹਾਂ ਦੀਆਂ ਤਨਖਾਹਾਂ ਵਧਾਈਆਂ ਗਈਆਂ ਅਤੇ ਜਿਹੜੇ ਪੀ. ਸੀ. ਐਸ. ਹਨ ਉਨ੍ਹਾਂ ਕੋਲ ਚੂੰਕਿ ਉਹ ਕੇਸ ਜਾਂਦੇ ਹਨ ਤੇ ਉਨ੍ਹਾਂ ਨੂੰ ਕਹਿ ਕੇ ਜ਼ਮਾਨਤਾਂ ਨਹੀਂ ਹੋਣ ਦੇਣੀਆਂ ਇਸ ਲਈ ਉਨ੍ਹਾਂ ਦੇ ਗਰੇਡ ਵੀ ਵਧਾ ਦਿਤੇ ਗਏ । ਦੂਜੇ ਪਾਸੇ ਜਿਹੜੇ ਸਾਡੇ ਫੀਲਡ ਦੇ ਕਰਮਚਾਰੀ ਹਨ ਜਿਹੜੇ ਸਾਡੀ ਬੈਕ ਬੋਨ ਹਨ ਜਿਸ ਤਰ੍ਹਾਂ ਐਸ. ਡੀ ਸੀਜ਼. ਕਲਰਕਸ, ਡਰਾਫਟਿੰਗ ਸਟਾਫ ਅਤੇ ਇਰੀਗੇਸ਼ਨ ਪਟਵਾਰੀਜ਼, ਟਿਊਬਵੈੱਲ ਆਪਰੇਟਰਜ਼ ਆਦਿ ਉਹ ਬਿਲਕੁਲ ਨੈਗਲੈਕਟ ਕੀਤੇ ਗਏ ਹਨ । ਉਨ੍ਹਾਂ ਦੀ ਐਨਾਮਲੀ ਦੂਰ ਕਰਨ ਵਿਚ ਕਿਸੇ ਦੇ ਦਸ ਰੁਪਏ ਵਧਣੇ ਸੀ ਕਿਸੇ ਦੇ ਵੀਹ ਰੁਪਏ ਵਧਣੇ ਸੀ ਅਤੇ ਕਿਸੇ ਦੇ 3 /- ਰੁਪਏ ਵਧਣੇ ਸੀ ਉਹ ਨਹੀਂ ਹੋ ਸਕੇ ਤੇ ਚੀਫ ਇੰਜੀਨੀਅਰ ਸਾਹਿਬ ਦੀ ਤਨਖਾਹ 2700/- ਰੁਪਏ ਕਰ ਦਿਤੀ ਗਈ ਹੈ । ਇਹ ਇਨ੍ਹਾਂ ਦਾ ਸੋਸ਼ਲਇਜ਼ਮ ਹੈ । ਜਲੰਧਰ ਵਿਚ ਜਿਹੜੇ ਵਰਕਚਾਰਜਡ ਹਨ ਉਨ੍ਹਾਂ ਦੀ ਹੜਤਾਲ ਨੂੰ ਕੋਈ 47 ਦਿਨ ਹੋ ਗਏ ਹਨ ਅਤੇ ਹੁਣ ਤਾਂ 3 ਦਿਨ ਹੋਰ ਵੀ ਵੱਧ ਗਏ ਹਨ ਪਰ ਸਾਡੀ ਸਰਕਾਰ ਨੇ ਉਨ੍ਹਾਂ ਗਰੀਬਾਂ ਵਲ ਕੋਈ ਉਚੇਚਾ ਧਿਆਨ ਨਹੀਂ ਦਿਤਾ । ਉਨ੍ਹਾਂ ਦੀਆਂ ਮੰਗਾਂ ਇਹ ਹਨ ਕਿ ਸਤੰਬਰ 1966 ਵਿਚ ਇਕ ਐਵਾਰਡ ਟਰਬਿਊਨਲ ਨੇ ਫੈਸਲਾ ਦਿਤਾ ਸੀ, ਉਹ ਲਾਗੂ ਕੀਤਾ ਜਾਏ, ਇਹ ਮੰਗ ਕੀਤੀ ਹੈ, ਪਰ ਅਜੇ ਤਕ ਕੋਈ ਗੌਰ ਨਹੀਂ ਕੀਤਾ ਜਾ ਰਿਹਾ ।

ਇਥੇ ਮੇਰੇ ਮਾਨਸਾ ਦੇ ਇਕ ਐਮ. ਐਲ. ਏ. ਨੇ ਕਿਹਾ ਸੀ ਕਿ ਜਿਹੜੀ ਡਰੇਨਾਂ ਦੀ ਪਲਾਨਿੰਗ ਹੈ ਉਸ ਦੇ ਵਿਚ ਤਾਂ ਭਠਾ ਹੀ ਬੈਠ ਗਿਆ ਹੈ । ਮਹਿਕਮਾਂ ਡਰੇਨ ਵਾਲੇ ਤਾਂ ਗੜਵੀ ਵਿਚ ਬਾਲਟੀ ਪਾਉਣ ਦੀ ਕੋਸ਼ਿਸ਼ ਕਰਦੇ ਹਨ ਯਾਨੀ ਡਰੇਨਾਂ ਵਿਚ ਜ਼ਿਆਦਾ ਪਾਣੀ ਚਲਦਾ ਹੈ ਅਤੇ ਉਹ ਉਪਰੋਂ ਉਛਲ ਕੇ ਜਾਇਆ ਜਾਂਦਾ ਹੈ ।

ਇਸ ਦੇ ਨਾਲ ਹੀ ਮੈਂ ਇਕ ਕੰਨਕਰੀਟ ਮਿਸਾਲ ਦਿੰਦਾ ਹਾਂ ਕਿ ਸਰਦਾਰ ਵਰਿਆਮ ਸਿੰਘ ਇਕ ਕਲਰਕ ਹੈ ਜਿਸ ਨੇ ਐਕਸ. ਈ. ਐਨ. ਦੀ ਐਮਬੈਜ਼ਲਮੈਂਟ ਪੁਆਇੰਟ ਆਊਟ ਕੀਤੀ ਅਤੇ ਪੜਤਾਲ ਵੀ ਕੀਤੀ ਗਈ । ਉਸ ਐਕਸੀਐਨ ਨੇ 95 ਹਜ਼ਾਰ ਰੁਪਏ ਐਮਬੈਜ਼ਲ ਕੀਤੇ ਹੋਏ ਸਨ ਪਰ ਉਸ ਕਲਰਕ ਨੂੰ ਦਫ਼ਾ 506 ਦੇ ਤਹਿਤ ਅੰਦਰ ਕਰ ਦਿਤਾ ਗਿਆ ਤਾਂ ਕਿ ਜ਼ਮਾਨਤ ਵੀ ਨਾ ਹੋ ਸਕੇ । ਇਸ ਤੋਂ ਇਲਾਵਾ ਉਸ ਕਲਰਕ ਨੇ 1967 ਵਿਚ ਫਿਰ ਕਿਸੇ ਐਕਸ. ਈ. ਐਨ ਤੇ ਇਸ ਤਰ੍ਹਾਂ ਦਾ ਇਲਜ਼ਾਮ ਲਾਇਆ ਅਤੇ ਫਿਰ ਉਸ ਨੂੰ 506 ਦੇ ਤਹਿਤ ਅੰਦਰ ਕਰ ਦਿਤਾ ਗਿਆ । ਕੇਸ ਸਾਬਤ ਹੋ ਚੁਕੇ ਹਨ, ਪਰ ਹੁਣ ਤਕ ਉਸ ਆਦਮੀ ਦੀ ਕੋਈ ਸੁਣਵਾਈ ਨਹੀਂ ਹੋਈ । ਮੈਂ

[ਕਾਮਰੇਡ ਬਾਬ ਸਿੰਘ ਮਾਸਟਰ]

ਕਹਿੰਦਾ ਹਾਂ ਕਿ ਜੇ ਹਰ ਕੋਈ ਆਦਮੀ ਪੰਜਾਬ ਦੇ ਭਲੇ ਵਾਸਤੇ ਕੋਈ ਚੀਜ਼ ਪੁਆਇੰਟ ਆਊਟ ਕਰਦਾ ਹੈ ਤਾ ਉਸ ਦਾ ਇਹ ਹਸ਼ਰ ਕੀਤਾ ਜਾਂਦਾ ਹੈ।

Mr. Deputy Speaker : Please take your seat. Your time is over.

Comrade Babu Singh Master : Sir, I am winding up.

Mr. Deputy Speaker : I would request you to please take your seat now. I have already given you two minutes extra.

ਸਰਦਾਰ ਬਸੰਤ ਸਿੰਘ : (ਡਕਾਲਾ) ਡਿਪਟੀ ਸਪੀਕਰ ਸਾਹਿਬ, ਪੰਜਾਬ ਸਟੇਟ ਦੀ ਐਗਰੀਕਲਚਰ ਦੀ ਉੱਨਤੀ ਲਈ ਬਿਜਲੀ ਅਤੇ ਪਾਣੀ ਬੜੇ ਵਾਈਟਲ ਫੈਕਟਰਜ਼ ਹਨ। ਸਭ ਤੋਂ ਪਹਿਲਾਂ ਮੈਂ ਵਜ਼ੀਰ ਸਾਹਿਬ ਨੂੰ ਕੈਨਾਲ ਐਕਟ ਬਾਰੇ ਕੁਝ ਕਹਾਂਗਾ। ਇਹ ਐਕਟ ਸਭ ਤੋਂ ਪੁਰਾਣਾ ਐਕਟ ਹੈ ਅਤੇ ਮੌਜੂਦਾ ਵਕਤ ਲਈ ਸੂਟੇਬਲ ਨਹੀਂ ਹੈ। ਉਸ ਲਈ ਇਕ ਰੀਵਾਇਜ਼ਰੀ ਬਾਡੀ ਮੁਕੱਰਰ ਕਰਨੀ ਚਾਹੀਦੀ ਹੈ। ਉਹ ਬਾਡੀ ਦਸੇ ਕਿ ਕਿਹੜੀਆਂ ਕਿਹੜੀਆਂ ਤਬਦੀਲੀਆਂ ਇਸ ਵਿਚ ਲਿਆਉਣੀਆਂ ਜ਼ਰੂਰੀ ਹਨ ਜਿਸ ਨਾਲ ਕਿ ਮੌਜੂਦਾ ਜ਼ਰੂਰਤਾਂ ਅਤੇ ਹਾਲਾਤ ਲਈ ਇਹ ਸੂਟ ਕਰੇ। ਪਾਣੀ ਦੀ ਤਕਸੀਮ ਕੀ ਹੋਵੇ, ਐਕਸ. ਈ. ਐਨ ਐਸ. ਈ ਆਦਿ ਦੀਆਂ ਕੀ ਤਾਕਤਾਂ ਹੋਣ ਆਦਿ। ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਹੁਣ ਪਾਣੀ ਦੀ ਐਕਸਟੈਨਸਿਵ ਇਰੀਗੇਸ਼ਨ ਹੋ ਰਹੀ ਹੈ, ਪਹਿਲਾਂ ਨਾਲੋਂ ਬਹੁਤ ਐਕਸਟੈਨੇਸ਼ਨ ਹੋਈ ਹੈ ਮਗਰ ਐਕਟ ਨਹੀਂ ਬਦਲਿਆ ਗਿਆ। ਇਸ ਕਰਕੇ ਸਰਕਾਰ ਦੀ ਪਾਲਸੀ ਪੂਰੀ ਤਰ੍ਹਾਂ ਅਸਰ ਅੰਦਾਜ਼ ਨਹੀਂ ਹੁੰਦੀ। ਐਕਟ ਦੇ ਪਰੋਵਿਜ਼ਨ ਅਤੇ ਅਫਸਰਾਂ ਦੀਆਂ ਤਾਕਤਾਂ ਇਸ ਦੇ ਰਸਤੇ ਵਿਚ ਆਉਂਦੀਆਂ ਹਨ। ਮੇਰੇ ਹਲਕੇ ਵਿਚ ਇਕ ਪਿੰਡ ਵਬਿਆਲ ਹੈ। ਮੋਜ਼ਾ ਬ੍ਰਾਹਮਣਾਂ ਦੀ ਡਿਸਟਰੀਬਯੂਟਰੀ ਬਾਰੇ ਮੈਂ ਇਕ ਸਾਲ ਤੋਂ ਕੋਸ਼ਿਸ਼ ਕਰ ਰਿਹਾ ਹਾਂ ਕਿ ਇਸ ਦਾ ਮੂੰਹ ਨੀਵਾਂ ਕਰ ਦਿਤਾ ਜਾਵੇ ਕਿਉਂਕਿ ਆਬਪਾਸ਼ੀ ਨਹੀਂ ਹੋ ਰਹੀ। ਕਈ ਵਾਰ ਮਿਲਿਆਂ ਹਾਂ, ਗਡੀ ਆਫਰ ਕੀਤੀ ਹੈ। ਇਹ ਦੇਵੀਗੜ੍ਹ ਡਵੀਜ਼ਨ ਵਿਚ ਹੈ। ਐਕਸ. ਈ. ਐਨ. ਸਾਹਿਬ ਨੂੰ ਸਾਰੀ ਗਲ ਐਕਸਪਲੇਨ ਕੀਤੀ ਹੈ, ਉਹ ਤਿਆਰ ਵੀ ਹਨ। ਮੈਂ ਕੋਈ ਸ਼ਿਕਾਇਤ ਨਹੀਂ ਕਰਦਾ, ਪਰ ਉਨ੍ਹਾਂ ਦੇ ਰਸਤੇ ਵਿਚ ਐਕਟ ਆਉਂਦਾ ਹੈ। ਉਹ ਕਹਿੰਦੇ ਹਨ ਕਿ ਪਹਿਲਾਂ ਮੋਘੇ ਦੀ ਦੋ ਸਾਲ ਟ੍ਰਾਈਲ ਹੋਣੀ ਚਾਹੀਦੀ ਹੈ, ਅਤੇ ਇਹ ਸਾਬਤ ਹੋਣਾ ਚਾਹੀਦਾ ਹੈ ਕਿ ਮੋਘੇ ਦਾ ਮੂੰਹ ਵਾਕਈ ਉਚਾ ਹੈ। ਉਨ੍ਹਾਂ ਨੇ ਕੋਈ ਲੈਵਲ ਨਹੀਂ ਦੇਖਣਾ, ਪੋਜ਼ੀਸ਼ਨ ਨਹੀਂ ਦੇਖਣੀ, ਕੁਝ ਨਹੀਂ ਕਰਨਾ। ਮੈਂ ਕਿਹਾ ਰਿਕਾਰਡ ਹੀ ਦੇਖ ਲਓ ਕਿ ਇਰੀਗੇਸ਼ਨ ਕਿੰਨੀ ਹੁੰਦੀ ਹੈ। ਅਗਰ ਦੋ ਢਾਈ ਕਯੂਸਿਕਸ ਪਾਣੀ ਤੋਂ ਸਿਰਫ 5 ਏਕੜ ਨੂੰ ਹੀ ਪਾਣੀ ਲੱਗਾ ਹੋਵੇ ਤਾਂ ਹੋਰ ਸਬੂਤ ਕੀ ਚਾਹੀਦਾ ਹੈ। ਨਹੀਂ ਪਹਿਲਾਂ ਟ੍ਰਾਇਲ ਹੋਵੇਗਾ, ਫਿਰ ਰਿਪੋਰਟ ਹੋਵੇਗੀ, ਕਰਾਸ ਐਗਜ਼ੀਮਨੇਸ਼ਨ ਹੋਵੇਗਾ, ਫਿਰ ਕੇਸ ਐਸ. ਈ. ਦੇ ਪਾਸ ਜਾਵੇਗਾ। ਮੈਂ ਮਹਿਸੂਸ ਕੀਤਾ ਕਿ ਇਸ ਵਿਚ ਕੁਝ ਰੈਡਟੇਪਿਜ਼ਮ ਵੀ ਹੈ, ਕਝ ਕੰਮ ਨੂੰ ਜੀ ਵੀ ਨਹੀਂ ਕਰਦਾ ਮਗਰ ਅਸਲੀ ਰੁਕਾਵਟ ਐਕਟ ਦੀ ਹੈ। ਇਸ ਵਿਚ ਇਸ ਬਾਰੇ ਨਹੀਂ ਦਰਜ਼ ਕਿ ਇਹ ਗਲ ਕਿਵੇਂ ਕਰਨੀ ਹੈ। ਇਸ ਤੋਂ ਬਿਨਾਂ ਗਲ ਬਣਦੀ ਨਹੀਂ। ਇਸ ਲਈ ਐਕਟ ਵਿਚ ਤਬਦੀਲੀ ਦੀ ਲੋੜ ਹੈ। ਗਰਮੀਆਂ ਦਾ ਮਹੀਨਾ ਹੁੰਦਾ ਹੈ, ਜਟ ਨੇ ਨਕਾ ਮੋੜਿਆ ਹੋਇਆ ਹੁੰਦਾ ਹੈ, ਪਾਣੀ ਲਾਣ ਦੀ ਸਾਰੀ ਤਿਆਰੀ ਹੁੰਦੀ ਹੈ ਪਰ ਪਿਛੋਂ ਬਗੈਰ ਕਿਸੇ ਨੋਟਿਸ ਦੇ, ਬਗੈਰ ਪੰਚਾਇਤ ਨੂੰ ਇਤਲਾਹ ਦਿਤੇ, ਬਿਨਾਂ ਕਨਜ਼ਯੂਮਰਜ਼ ਨੂੰ ਦਸੇ, ਮੋਘਾ ਬੰਦ ਕਰ ਦਿਤਾ ਜਾਂਦਾ ਹੈ। ਇਸ ਬਾਰੇ ਅਰਜ਼ ਹੈ ਕਿ ਇਸ ਦੇ ਕਲੋਯਰ ਦੀ ਸੂਚਨਾ ਪੰਚਾਇਤ

ਨੂੰ ਹੋਣੀ ਚਾਹੀਦੀ ਹੈ, ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕਦੋਂ ਪਾਣੀ ਦੇ ਸਕਦੇ ਹਨ ਅਤੇ ਕਦੋਂ ਇਹ ਬੰਦ ਹੋ ਜਾਵੇਗਾ। ਅੰਗਰੇਜ਼ਾਂ ਦੇ ਰਾਜ ਵੇਲੇ, ਯੂਨਾਈਟਿਡ ਪੰਜਾਬ ਵੇਲੇ ਪੰਚਾਇਤ ਨੂੰ ਇਨਫਾਰਮ ਕੀਤਾ ਜਾਂਦਾ ਸੀ। ਇਹ ਨਹੀਂ ਕਿ ਜਦ ਮਰਜ਼ੀ ਚਲਾ ਦਿਤਾ ਅਤੇ ਜਦ ਮਰਜ਼ੀ ਬੰਦ ਕਰ ਦਿਤਾ। ਪਾਣੀ ਦੀ ਸਖਤ ਲੋੜ ਹੋਵੇ ਤਾਂ ਨਹਿਰ ਬੰਦ ਹੋ ਜਾਂਦੀ ਪਰ ਸਖਤ ਬਾਰਿਸ਼ ਵੇਲੇ ਖੋਲ੍ਹ ਦਿੰਦੇ ਹਨ। ਠੀਕ ਅਗਰ ਰੈਗੁਲੇਸ਼ਨ ਮੁਤਾਬਕ ਕਰਨਾ ਪੈਂਦਾ ਹੈ ਤਾਂ ਉਸ ਦੀ ਇਤਲਾਹ ਤਾਂ ਦੇ ਦੇਵੋ।

ਇਸ ਤੋਂ ਅਲਾਵਾ ਇਨ੍ਹਾਂ ਦੇ ਸੋਚਣ ਵਾਲੀ ਇਕ ਹੋਰ ਗਲ ਵੀ ਹੈ। ਉਹ ਇਹ ਕਿ ਇਸ ਮਹਿਕਮੇ ਨੂੰ ਕਮਰਸ਼ੀਅਲ ਮਹਿਕਮਾ ਬਣਾ ਦਿਤਾ ਜਾਵੇ। ਉਸ ਤਰ੍ਹਾਂ ਆਪ ਨੂੰ ਕਨਜ਼ਯੂਮਰ ਨੂੰ ਸਰਵਿਸ ਦੇਣੀ ਪਵੇਗੀ। ਅਗਰ ਆਪ ਦੀ ਸਰਵਿਸ ਬੁਰੀ ਹੋਵੇਗੀ ਤਾਂ ਆਪ ਨੂੰ ਆਬਿਆਨਾ ਲੈਣ ਦਾ ਹਕ ਨਹੀਂ ਹੋਵੇਗਾ। ਇਸ ਬਾਰੇ ਸਾਰੇ ਪਹਿਲੂਆਂ ਤੋਂ ਵਿਚਾਰ ਕਰ ਕੇ, ਸਾਰੇ ਐਕਸਪਰਟਸ ਨੂੰ ਬਿਠਾਕੇ ਇਸ ਦਾ ਫੈਸਲਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਆਪ ਦੀ ਐਫੀਸ਼ੈਂਸੀ ਵਧ ਜਾਵੇਗੀ। ਆਪ ਪਾਣੀ ਜ਼ਿਆਦਾ ਦੇਵੋਗੇ ਅਤੇ ਆਪ ਦਾ ਰੈਵੇਨਯੂ ਵਧੇਗਾ। ਇਸ ਵੇਲੇ ਤਾਂ ਬੁਰਾ ਹੀ ਹਾਲ ਹੈ। ਰਜਵਾਹ ਬੰਦ ਹੋ ਜਾਵੇ, ਘਾ ਆ ਜਾਵੇ, ਬਰੀਚ ਹੋ ਜਾਵੇ ਜਾਂ ਹੋਰ ਗਲ, ਕਈ ਕਈ ਦਿਨ ਕੋਈ ਦੇਖਣ ਨਹੀਂ ਜਾਂਦਾ। 8 10 ਦਿਨ ਤਕ ਅਫਸਰ ਨਹੀਂ ਚਲਦੇ। ਇਨ੍ਹਾਂ ਗਲਾਂ ਨੂੰ ਦੇਖਕੇ ਹੀ ਮੈਂ ਕਹਿੰਦਾ ਹਾਂ ਕਿ ਇਸ ਨੂੰ ਕਮਰਸ਼ੀਅਲ ਮਹਿਕਮਾ ਬਣਾ ਦਿਤਾ ਜਾਵੇ ਤਾਂ ਠੀਕ ਰਹੇ। ਅਗਰ ਸਰਕਾਰ ਇਸ ਤੋਂ ਵੀ ਅੱਗੇ ਜਾਣਾ ਚਾਹੁੰਦੀ ਹੈ ਅਤੇ ਰੈਵੋਲਯੂਸ਼ਨਰੀ ਸਟੈਪ ਉਠਾਉਣਾ ਚਾਹੁੰਦੀ ਹੈ, ਜੋ ਕਿ ਕਿਸੇ ਵੀ ਚੰਗੀ ਸਰਕਾਰ ਨੂੰ ਉਠਾਉਣੇ ਚਾਹੀਦੇ ਹਨ ਤਾਂ—ਮੈਂ ਰਫ਼ਜਿਹੀ ਹੀ ਗਲ ਕਰ ਰਿਹਾ ਹਾਂ – ਇਹ ਸੋਚੇ ਕਿ ਮੀਟਰ ਸਿਸਟਮ ਰਾਈਜ਼ ਹੋ ਜਾਵੇ, ਗੈਲਨ ਦੇ ਹਿਸਾਬ ਨਾਲ ਕਯੂਸੈਕਸ ਨਾਲ ਜਾਂ ਏਕੜਜ਼ ਦੇ ਹਿਸਾਬ ਨਾਲ ਕੁਝ ਕਰ ਲਓ, ਪਰ ਉਸ ਲਈ ਇਸ ਦੀ ਬੜੀ ਲੋੜ ਹੈ। ਹੁਣ ਇਨਟੈਨਸਿਵ ਇਰੀਗੇਸ਼ਨ ਦੀ ਲੋੜ ਹੈ, ਫਸਲ ਨੂੰ 6—4 ਪਾਣੀ ਲਾਉਣੇ ਪੈਂਦੇ ਹਨ ਅਗਰ ਕਮਰਸ਼ੀਅਲ ਸਿਸਟਮ ਜਾਂ ਮੀਟਰ ਸਿਸਟਮ ਨਹੀਂ ਹੋਵੇਗਾ ਤਾਂ ਕਿਸਾਨ ਨੂੰ ਇਤਨਾ ਪਾਣੀ ਨਹੀਂ ਮਿਲੇਗਾ। ਉਸਨੂੰ ਬਿਨਾ ਇਤਨਾ ਪਾਣੀ ਦਿਤੇ ਉਸ ਤੋਂ ਆਬਿਆਨਾ ਲੈਣਾ ਠੀਕ ਨਹੀਂ ਹੈ। ਸਰਕਾਰ ਇਹ ਰੈਵੋਲਯੂਸ਼ਨਰੀ ਸਟੈਪ ਲਵੇ, ਪਹਿਲੀ ਗਲ ਤਾਂ ਸਭ ਕਰ ਲੈਂਦੇ ਹਨ।

ਮੈਂ ਇਹ ਗਲ ਹਮੇਸ਼ਾਂ ਕਹੀ ਹੈ ਕਿ ਹਾਊਸ ਦੀਆਂ ਇਸ ਤਰ੍ਹਾਂ ਦੀਆਂ ਕਮੇਟੀਆਂ ਹੋਣੀਆਂ ਚਾਹੀਦੀਆਂ ਹਨ ਜੋ ਹਰ ਡਿਪਾਰਟਮੈਂਟ ਨਾਲ ਅਟੈਚਡ ਹੋਣ। ਪਾਰਲੀਮੈਂਟ ਵਿਚ ਇਸ ਤਰ੍ਹਾਂ ਹੈ। ਪਾਰਟੀਜ਼ ਦੀ ਪਰਸੈਂਟੇਜ ਮੁਤਾਬਕ ਇਸ ਦੇ ਮੈਂਬਰ ਲਏ ਜਾਣ। ਇਸ ਨਾਲ ਇਕ ਪੈਕੇਜ ਡੀਲ ਹੋ ਜਾਂਦੀ ਹੈ। ਇਹ ਟੂ ਵੇ ਟ੍ਰੈਫਿਕ ਹੈ। ਲੋਕਾਂ ਦੀਆਂ ਤਕਲੀਫਾਂ ਸਰਕਾਰ ਦੇ ਪਾਸ ਅਤੇ ਸਰਕਾਰ ਦੀਆਂ ਹਦਾਇਤਾਂ ਲੋਕਾਂ ਨੂੰ ਇਸ ਤਰੀਕੇ ਨਾਲ ਪਹੁੰਚਦੀਆਂ ਰਹਿੰਦੀਆਂ ਹਨ। ਮੈਨੂੰ ਨਹੀਂ ਪਤਾ ਕਿ ਕੈਨਾਲ ਐਕਟ ਦੇ ਤਹਿਤ ਇਸ ਤਰ੍ਹਾਂ ਦੀਆਂ ਕਮੇਟੀਆਂ ਡਵੀਜ਼ਨਲ ਲੈਵਲ ਤੇ ਜਾਂ ਸਟੇਟ ਲੈਵਲ ਤੇ ਬਣੀਆਂ ਹੋਈਆਂ ਹਨ ਜਾਂ ਨਹੀਂ, ਅਗਰ ਬਣੀਆਂ ਹੋਈਆਂ ਹਨ ਤਾਂ ਉਹ ਫੰਕਸ਼ਨ ਨਹੀਂ ਕਰ ਰਹੀਆਂ। ਅਗਰ ਨਹੀਂ ਬਣੀਆਂ ਹੋਈਆਂ ਤਾਂ ਹੋਣੀਆਂ ਚਾਹੀਦੀਆਂ ਹਨ।

ਥੀਨ ਡੈਮ ਬਾਰੇ ਅਰਜ਼ ਹੈ ਕਿ ਪਤਾ ਨਹੀਂ ਸੈਂਟਰਲ ਗਵਰਨਮੈਂਟ ਕੀ ਸੋਚ ਰਹੀ ਹੈ। ਇਹ

[ਸਰਦਾਰ ਬਸੰਤ ਸਿੰਘ] :

ਤਰੀਕਾ ਠੀਕ ਨਹੀਂ । ਦੋ ਮਿਲੀਅਨ ਏਕੜ ਪਾਣੀ ਬਿਲਕੁਲ ਵੇਸਟ ਜਾ ਰਿਹਾ ਹੈ । ਸਰਕਾਰ ਸੁਤੀ ਪਈ ਹੈ। ਪਾਕਿਸਤਾਨ ਨਾਲ ਐਗਰੀਮੈਂਟ ਖਤਮ ਹੋ ਚੁਕਾ ਹੈ। 85 ਕਰੋੜ ਰੁਪਿਆ ਦੇ ਦਿਤਾ, 10 ਸਾਲ ਪਾਣੀ ਦਿਤਾ । ਸਾਡੀਆਂ ਨਹਿਰਾਂ ਸੁਕੀਆਂ ਹਨ ਫਿਰ ਵੀ ਪਤਾ ਨਹੀਂ ਇਸ ਪਾਸੇ ਕਿਉਂ ਢਿਲ ਹੋ ਰਹੀ ਹੈ । ਠੀਕ ਹੈ ਬਾਸੀ ਸਾਹਬ ਬੜੀ ਕੋਸ਼ਿਸ਼ ਕਰ ਰਹੇ ਹਨ. ਇਨ੍ਹਾਂ ਬੜੀ ਮਿਹਨਤ ਕੀਤੀ ਹੈ ਮਗਰ ਪਤਾ ਨਹੀਂ ਇਹ ਡੈਮ ਸ਼ੁਰੂ ਕਿਉਂ ਨਹੀਂ ਹੋ ਸਕਿਆ ਹਾਲੇ ਤਾਂਈ। ਇਹ ਕੰਮ ਕਰਨ ਦੇ ਬੜੇ ਚੰਗੇ ਢੰਗ ਜਾਣਦੇ ਹਨ। ਇਨ੍ਹਾਂ ਨੂੰ ਇਕ ਟਾਰਗੇਟ ਡੇਟ ਮੁਕੱਰਰ ਕਰਾਉਣੀ ਚਾਹੀਦੀ ਹੈ. ਕੰਮ ਦੇ ਸਟਾਰਟ ਦੀ ਵੀ ਅਤੇ ਖਾਤਮੇ ਦੀ ਵੀ । ਸਾਡੇ ਸੂਬੇ ਦੇ ਬਿਜਲੀ ਅਤੇ ਪਾਣੀ ਦੇ ਬੜੇ ਵਾਈਟਲ ਮਸਲਿਆ ਦਾ ਇਸ ਗਲ ਨਾਲ ਸਬੰਧ ਹੈ । ਸਾਨੂੰ ਇਸ ਤੇ ਪੂਰਾ ਜ਼ੋਰ ਲਾਉਣਾ ਚਾਹੀਦਾ ਹੈ ।

ਬਿਜਲੀ ਦੇ ਸਿਲਸਿਲੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਗਲ ਠੀਕ ਹੈ ਕਿ ਇਸ ਦੀ ਐਕਸਟੈਨਸ਼ਨ ਕਰਕੇ ਸ਼ਾਰਟਫਾਲ ਆ ਜਾਂਦਾ ਹੈ । ਇਰੈਗੁਲੈਰੇਟੀਜ਼ ਵੀ ਇਨਐਵੀਟਬਲ ਹਨ ਫਿਰ ਵੀ ਪੋਜ਼ੀਸ਼ਨ ਇਮਪਰੂਵ ਹੋ ਸਕਦੀ ਹੈ । ਮੈਂ ਅਰਜ਼ ਕਰਾਂਗਾ ਕਿ ਮੇਨਟੈਨੈਂਸ ਆਫ਼ ਲਾਈਨਜ਼ ਵਲ ਵਧ ਧਿਆਨ ਦੇਣ ਦੀ ਲੋੜ ਹੈ । ਬਿਜਲੀ ਬੋਰਡ ਨੂੰ ਐਡਵਾਈਜ਼ ਕਰਨ ਲਈ ਐਮ. ਐਲ. ਏਜ਼. ਦੀ ਇਕ ਕਮੇਟੀ ਹੋਣੀ ਚਾਹੀਦੀ ਹੈ। ਤੁਸੀ ਦੇਖੋ ਇਕ ਮਾਮੂਲੀ ਲਾਈਨਮੈਨ ਨੂੰ ਕਿਤਾਬ ਦਿਤੀ ਹੋਈ ਹੈ । ਉਸ ਨੂੰ 40-50 ਪਿੰਡ ਦਿਤੇ ਹੋਏ ਹੁੰਦੇ ਹਨ । ਅਗਰ ਕਿਤੇ ਬਿਜਲੀ ਬੰਦ ਰਹਿੰਦੀ ਹੈ ਤਾਂ ਕਈ ਕਈ ਦਿਨ ਤਕ ਉਸਦਾ ਪਰਬੰਧ ਨਹੀਂ ਹੁੰਦਾ । ਡਿਪਾਰਟਮੈਂਟ ਨੂੰ ਸ਼ਿਕਾਇਤ ਕੀਤੀ ਜਾਂਦੀ ਹੈ । ਐਕਸ. ਈ. ਐਨ. ਮਿਲਦਾ ਹੈ ਤਾਂ ਉਹ ਕਹਿੰਦਾ ਹੈ ਕਿ ਕਮਪਲੇਂਟ ਬੁਕ ਲਿਆਉ । ਉਹ ਕਹਿੰਦਾ ਹੈ ਕਿ ਲਾਈਨਮੈਂਨ ਨਹੀਂ ਮਿਲਿਆ । ਉਸ ਨੂੰ ਝੂਠ ਬੋਲਣ ਦੀ ਕੀ ਲੋੜ ਹੈ । ਉਹ ਜੋ 8 ਮੀਲ ਚਲਕੇ ਡਿਵੀਜ਼ਨਲ ਅਫਸਰ ਨੂੰ ਕਹਿਣ ਜਾਂਦਾ ਹੈ ਤਾਂ ਉਸ ਨੂੰ ਕੋਈ ਲਾਈਨਮੈਨ ਨਾਲ ਦੁਸ਼ਮਣੀ ਹੁੰਦੀ ਹੈ ।

ਪੰਜ ਪੰਜ ਦਿਨ ਹਾਰਵੈਸਟਿੰਗ ਸੀਜ਼ਨ ਵਿਚ ਬਿਜਲੀ ਦੀ ਸਪਲਾਈ ਨਹੀਂ ਮਿਲਦੀ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਤਰ੍ਹਾ ਹਾਲਟਿੰਗ ਸਪਲਾਈ ਨਹੀਂ ਹੋਣੀ ਚਾਹੀਦੀ ਤਾਂ ਕਿ ਥਰੈਸ਼ਿੰਗ ਚੰਗੀ ਹੋ ਸਕੇ ਇਸ ਲਈ ਜ਼ਰੂਰੀ ਹੈ ਕਿ ਮੈਨੇਟੈਨੈਂਸ ਲਾਇਨ ਨੂੰ ਇਮਪਰੂਵ ਕੀਤਾ ਜਾਵੇ । ਇਹ ਠੀਕ ਹੈ ਕਿ ਬਿਜਲੀ ਬਰਡ ਇਕ ਅਟਾਨੋਮਿਸ ਬਾਡੀ ਹੈ ਪਰ ਇਸ ਤੇ ਹਾਊਸ ਦਾ ਕਿਸੇ ਨਾ ਕਿਸੇ ਸ਼ਕਲ ਵਿਚ ਕੰਟ੍ਰੋਲ ਹੈ । ਇਸ ਲਈ ਮੈਂ ਇਹ ਸੁਝਾਵ ਸਰਕਾਰ ਨੂੰ ਦਿਆਂਗਾ ਕਿ ਕੰਨਜ਼ਯੂਮਰ ਬਾਡੀ ਇਕ ਬਣਾ ਦੇਣੀ ਚਾਹੀਦੀ ਹੈ ਤਾਂ ਕਿ ਇਕ ਸਤਹ ਤੇ ਬੋਰਡ ਦੀ ਵਰਕਿੰਗ ਨੂੰ ਰਿਵਿਯੂ ਕੀਤਾ ਜਾ ਸਕੇ । ਇਸ ਬੋਰਡ ਦਾ ਸੈਟ ਆਪ ਇਸ ਹਾਊਸ ਰਾਹੀਂ ਪਾਸ ਕੀਤੇ ਐਕਟ ਨਾਲ ਹੋਇਆ ਹੈ ਇਸ ਲਈ ਇਸ ਦੀ ਵਰਕਿੰਗ ਨੂੰ ਚੰਗਾ ਬਣਾਨ ਲਈ ਇਸ ਦੀ ਵਰਕਿੰਗ ਦੀ ਰਿਵਿਯੂ ਕਰਨੀ ਜ਼ਰੂਰੀ ਹੈ । ਇਕ ਹੋਰ ਪਖ ਤੋਂ ਵੀ ਇਹ ਜ਼ਰੂਰੀ ਹੈ ਕਿਉਂਕਿ ਬਿਜਲੀ ਬੋਰਡ ਦੇ ਚੇਅਰਮੈਨ ਸਾਹਿਬ ਅਤੇ ਐਡਮਨਿਸਟ੍ਰੇਟਿਵ ਮੈਂਬਰ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਉਹ ਲੋਕਾਂ ਵਿਚ ਜਾਣ ਅਤੇ ਉਨ੍ਹਾਂ ਦੀਆਂ ਤਕਲੀਫਾਂ ਨੂੰ ਸੁਣਨ ਅਤੇ ਇਸ ਤਰ੍ਹਾਂ ਜੇਕਰ ਇਹ ਬਾਡੀ ਬਣਾ ਦਿਤੀ ਜਾਵੇ ਤਾਂ ਇਸ ਵਿਚ ਵੀ ਲੋਕਾਂ ਦੇ ਰਿਪਰਜ਼ੈਨਟੇਟਿਵ ਆ ਜਾਣਗੇ ਅਤੇ ਜਿਥੇ ਬੋਰਡ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀਆਂ ਤਕਲੀਫਾਂ ਤੋ ਜਾਣੂ ਹੋਵੇ ਇਥੇ ਇਸ ਤਰ੍ਹਾਂ ਉਨ੍ਹਾਂ, ਪਾਸ ਲੋਕਾਂ ਦੀਆਂ ਆਮ ਸ਼ਿਕਾਇਤਾਂ ਆ ਜਾਣਗੀਆਂ ਅਤੇ ਪਬਲਿਕ ਦੀ ਬੋਰਡ ਦੀ ਵਰਕਿੰਗ

ਬਾਰੇ ਨੁਕਤਾਚੀਨੀ ਉਨ੍ਹਾਂ ਪਾਸ ਆ ਜਾਵੇਗੀ ਅਤੇ ਪਤਾ ਲਗ ਜਾਵੇਗਾ ਕਿ ਕਿਸ ਲਾਈਨ ਦੀਆਂ ਆਮ ਸ਼ਿਕਾਇਤਾਂ ਹਨ ਤਾਂ ਕਿ ਉਸ ਲਾਈਨ ਦੀ ਉਹ ਇੰਸਪੈਕਸ਼ਨ ਕਰਵਾ ਲਿਆ ਕਰਨ ਅਤੇ ਬਿਜਲੀ ਦੀ ਸਪਲਾਈ ਚੰਗੀ ਹੋ ਸਕੇ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਬਿਜਲੀ ਦੀ ਐਕਸਟੇਸ਼ਨ ਹੋ ਰਹੀ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਇਸ ਦੀ ਐਕਸਟੈਨਸ਼ਨ ਵਿਚ ਕਈ ਤਰ੍ਹਾਂ ਦੀਆਂ ਔਕੜਾਂ ਆ ਰਹੀਆਂ ਹਨ। ਇਹ ਠੀਕ ਹੈ ਕਿ ਮੀਟਰਾਂ ਦੀ ਕਮੀ ਹੈ, ਟ੍ਰਾਂਸਫਾਰਮਰਾਂ ਦੀ ਕਮੀ ਹੈ ਅਤੇ ਇਸ ਤਰ੍ਹਾਂ ਦੇ ਹੋਰ ਸਬੰਧਤ ਸਾਮਾਨ ਦੀ ਕਮੀ ਹੈ ਅਤੇ ਜਿਥੇ ਮਾਲ ਤਿਆਰ ਕੀਤਾ ਜਾਂਦਾ ਹੈ ਉਨ੍ਹਾਂ ਪਾਸ ਲਿਮਿਟਿਡ ਕੈਪਸਿਟੀ ਹੈ। ਮੈਨੂੰਫੈਕਚਰਜ਼ ਦੀ ਹਦੀ ਕਪੈਸਿਟੀ ਹੈ। ਅਤੇ ਪਰਚੇਜ਼ ਲਈ ਅਤੇ ਕੈਰਿਜ ਲਈ ਵੀ ਹਦੀ ਕਪੈਸੇਟੀ ਹੈ। ਜੇਕਰ ਇਸ ਸਬੰਧ ਵਿਚ ਫਿਨਾਂਸ ਮਨਿਸਟਰ ਦੀ ਰਿਪੋਰਟ ਨੂੰ ਠੀਕ ਮੰਨ ਲਿਆ ਜਾਵੇ ਜਿਹੜੀ ਕਿ ਉਨ੍ਹਾਂ ਨੇ ਉਸ ਦਿਨ ਬਜਟ ਦੀ ਬਹਿਸ ਦੇ ਜਵਾਬ ਵਿਚ ਦਿਤੀ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ 79 ਹਜ਼ਾਰ ਐਪਲੀਕੇਸ਼ਨਾਂ ਵਾਲੇ ਨਿਊ ਕੁਨੈਕਸ਼ਨਜ਼ ਲਈ ਐਸ. ਡੀ. ਓਜ਼. ਦੇ ਦਫਤਰਾਂ ਸਾਹਮਣੇ ਖੜੇ ਰਹਿੰਦੇ ਹਨ। ਜੇਕਰ ਇਨ੍ਹਾਂ ਦੀਆਂ ਅਰਜ਼ੀਆਂ ਪੈਂਡਿੰਗ ਹਨ ਤਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿੰਨੀ ਬਿਜਲੀ ਦੀ ਸ਼ਾਰਟੇਜ਼ ਹੈ ਅਤੇ ਇਨ੍ਹਾਂ ਦੀ ਗਿਣਤੀ ਘਟੇਗੀ ਨਹੀਂ ਸਗੋਂ ਮਲਟੀਪਲਾਈ ਹੋਵੇਗੀ ਇਨ੍ਹਾਂ ਅਰਜ਼ੀਆਂ ਦਾ ਨੰਬਰ ਘਟੇਗਾ ਨਹੀਂ ਅਤੇ ਇਨ੍ਹਾਂ ਦੀ ਗਿਣਤੀ ਵਿਚ ਕੋਈ ਫਾਲ ਨਹੀਂ ਆਵੇਗੀ। ਸਗੋਂ ਨੰਬਰ ਹੋਰ ਵਧ ਜਾਵੇਗਾ। ਇਹ ਹੁਣ ਜਿਹੜਾ ਐਡਵਾਂਸ ਲੈਂਦੇ ਹਨ ਕੁਨੈਕਸ਼ਨਾਂ ਲਈ ਤਿਨ ਹਜ਼ਾਰ ਜਾਂ 4 ਜਾਂ 5 ਹਜ਼ਾਰ ਇਹ ਬੜਾ ਅਨਡੀਜ਼ਾਇਰੇਬਲ ਹੈ। ਕਿਸਾਨ ਵਿਚਾਰਾ ਸੂਦ ਭਰ ਕੇ ਬਾਹਰ ਤੋਂ ਰਕਮ ਲੈ ਕੇ ਜਮਾਂ ਕਰਵਾਂਦਾ ਹੈ। ਇਸ ਨਾਲ ਹੀ ਬਿਜਲੀ ਦੀ ਸ਼ਾਰਟਜ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਲਈ ਜਿਹੜੀ ਇਨ੍ਹੀ ਭਾਰੀ ਸ਼ਾਰਟੇਜ ਹੈ ਬਿਜਲੀ ਦੀ ਅਤੇ ਬਿਜਲੀ ਦੀ ਸਪਲਾਈ ਵਿਚ ਇਸ ਨੂੰ ਛੇਤੀ ਤੋਂ ਛੇਤੀ ਪੂਰਾ ਕਰਨਾ ਚਾਹੀਦਾ ਹੈ। ਬਿਜਲੀ ਪਹੁੰਚਾਣ ਦਾ ਸਮਾਨ ਪਰਕਿਓਰ ਕਰਨਾ ਚਾਹੀਦਾ ਹੈ ਜਾਂ ਆਪ ਮੈਨੂੰਫੈਕਚਰ ਕਰਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਕ ਲੰਮਾ ਅਰਸਾ ਗੁਜ਼ਰ ਚੁਕਾ ਹੈ ਕਿ ਕਿਸਾਨ ਪਾਸ ਇਕ ਡਰੀਮ ਸੀ ਕਿ ਰੂਰਲ ਸੈਕਟਰ ਵਿਚ ਬਿਜਲੀ ਦੀ ਕਮੀ ਨੂੰ ਪੂਰਾ ਕੀਤਾ ਜਾਵੇਗਾ ਪਰ ਇਸ ਤਰ੍ਹਾਂ ਪ੍ਰਬੰਧ ਨਾ ਕਰਨ ਨਾਲ ਇਹ ਪੂਰਾ ਨਹੀਂ ਹੋ ਸਕੇਗਾ। ਇਸ ਨੂੰ ਪੂਰਾ ਕਰਨ ਦੀ ਲੋੜ ਹੈ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਇਸ ਦੇ ਨਾਲ ਹੀ ਇਕ ਗਲ ਹੋਰ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਸ ਦਾ ਸਬੰਧ ਡਰੇਨੇਜ਼ ਨਾਲ ਹੈ। ਇਸ ਦੇ ਬਾਰੇ ਵਿਚ ਮੈਨੂੰ ਖੁਸ਼ੀ ਹੈ ਕਿ ਇਰੀਗੇਸ਼ਨ ਮਨਿਸਟਰ ਸਾਹਿਬ ਨੇ ਕੋਸ਼ਿਸ਼ ਕੀਤੀ ਹੈ ਅਤੇ ਬਹੁਤ ਹਦ ਤਕ ਕਾਮਯਾਬ ਹੋਏ ਹਨ। ਪਰ ਇਨ੍ਹਾਂ ਨੇ ਨਾ ਕੰਮ ਨੂੰ ਨਵੀਂ ਸਤਹ ਤੇ ਡਵੈਲਪ ਕੀਤਾ ਹੈ ਅਤੇ ਨਾ ਲੁਕ ਦੇਣ ਦਾ ਯਤਨ ਕੀਤਾ ਹੈ। ਮੈਂ ਇਹ ਕਹਿਣਾ ਚਾਹੁੰਦਾਂ ਹਾਂ ਕਿ ਡਰੇਨੇਜ਼ ਨੂੰ ਟਾਪ ਪਰਾਇਰਟੀ ਦੇਣੀ ਚਾਹੀਦੀ ਹੈ। ਇਹ ਕੋਈ ਪਕੀ ਰੋਟੀ ਨਹੀਂ ਇਸ ਲਈ ਇਸ ਨੂੰ ਹੈਪਹੈਜ਼ਰਡ ਤਰੀਕੇ ਨਾਲ ਟੇਕ-ਅਪ ਨਹੀਂ ਕਰਨਾ ਚਾਹੀਦਾ। ਪਾਣੀ ਦਾ ਰੁਖ ਦੇਖ ਕੇ ਜਿਥੇ ਡਰੇਨਾਂ ਨਹੀਂ ਬਣਾਈਆਂ ਜਾਂਦੀਆਂ ਉਥੇ ਫਲਡ ਬਣ ਜਾਂਦਾ ਹੈ। ਪਾਣੀ ਦਾ ਨਿਕਾਸ ਅਗੇ ਨਹੀਂ ਹੁੰਦਾ ਅਤੇ ਇਲਾਕੇ ਨੂੰ ਨੁਕਸਾਨ ਹੁੰਦਾ ਹੈ। ਅਤੇ ਇਸ ਤਰ੍ਹਾਂ ਸੈਂਕੜੇ ਏਕੜ ਜ਼ਮੀਨ ਇਸ ਦੀ ਜਦ ਵਿਚ ਆ ਜਾਂਦੀ ਹੈ ਕਈ ਥਾਵਾਂ ਤੇ ਇਹ ਵੇਖਿਆ ਗਿਆ ਹੈ ਕਿ ਕਿਸੇ ਦੀ

[ਸਰਦਾਰ ਬਸੰਤ ਸਿੰਘ] :

ਡਰੇਨ ਦੇ ਰਾਹ ਵਿਚ ਏਕੜ ਜ਼ਮੀਨ ਆ ਜਾਂਦੀ ਹੈ ਤਾਂ ਉਹ ਡਰੇਨ ਨੂੰ ਲੰਘਣ ਨਹੀਂ ਦਿੰਦਾ ਜਿਸ ਨਾਲ ਡਰੇਨ ਦਾ ਕੰਮ ਰੁਕ ਜਾਂਦਾ ਹੈ ਅਤੇ ਪਾਣੀ ਦਾ ਇਲਾਕੇ ਵਿਚ ਫਲਡ ਬਣ ਜਾਂਦਾ ਹੈ ਇਸ ਲਈ ਮੈਂ ਇਹ ਸੁਝਾਵ ਦੇਵਾਂਗਾ ਕਿ ਇਸ ਤਰਾਂ ਦੇ ਕੰਮ ਵਿਚ ਇਲਾਕਾ ਐਕਵਾਇਰ ਕਰਨ ਦਾ ਪ੍ਰੋਸੀਜਰ ਤੇਜ਼ ਕਰਨਾ ਚਾਹੀਦਾ ਹੈ ਅਤੇ ਇਸ ਕੰਮ ਵਿਚ ਰੈਵੇਨਿਊ ਦੇ ਮਹਿਕਮੇ ਦੀ ਮਦਦ ਲੈਣੀ ਚਾਹੀਦੀ ਹੈ ਤਾਂ ਕਿ ਡਰੇਨਾਂ ਦੇ ਮੁਕੰਮਲ ਹੋਣ ਵਿਚ ਕਿਸੇ ਕਿਸਮ ਦੀ ਰੁਕਾਵਟ ਨਾ ਪਏ।

ਇਹ ਖੁਸ਼ੀ ਦੀ ਗਲ ਹੈ ਕਿ ਚੰਬੋ ਚੋਈ ਵਲ ਇਨ੍ਹਾਂ ਨੇ ਧਿਆਨ ਦਿਤਾ ਹੈ। ਇਹ ਪੰਜ ਸੋ ਸਾਲ ਤੋਂ ਪੁਰਾਣੀ ਪਈ ਸੀ ਅਤੇ ਇਹ ਸਰਹੰਦ ਤੋਂ ਭੂਪਿੰਦਰ ਸਾਗਰ ਤਕ ਜਾਂਦੀ ਹੈ। ਇਸ ਤੇ ਕੰਮ ਸਰਕਾਰ ਨੇ ਹੁਣ ਸ਼ੁਰੂ ਕੀਤਾ ਹੈ। ਇਸ ਨਾਲ ਇਲਾਕੇ ਨੂੰ ਫਾਇਦਾ ਪਹੁੰਚੇਗਾ ਪਰ ਮੈਂ ਇਹ ਕਹਾਂਗਾ ਕਿ ਇਸ ਤੇ ਜਿਹੜਾ ਕੰਮ ਕੀਤਾ ਜਾ ਰਿਹਾ ਹੈ ਇਸ ਦੀ ਰਫ਼ਤਾਰ ਸੁਸਤ ਹੈ। ਪਤਾ ਨਹੀਂ ਕੰਮ ਕਿੰਨਾ ਹੋ ਰਿਹਾ ਹੈ ਪਰ ਇਹ ਸਮਝਿਆ ਜਾਂਦਾ ਹੈ ਕਿ ਕੰਮ ਪੂਰੀ ਤੇਜ਼ੀ ਨਾਲ ਨਹੀਂ ਹੋ ਰਿਹਾ ਅਤੇ ਮੈਨੂੰ ਤਾਂ ਇਹ ਡਰ ਹੈ ਇਸ ਕੰਮ ਲਈ ਰਖੀ ਰਕਮ ਸ਼ਾਇਦ ਲੈਪਸ ਹੀ ਨਾ ਹੋ ਜਾਵੇ। ਇਸ ਕੰਮ ਲਈ ਸਰਕਾਰ ਨੇ ਡੇਢ ਕਰੋੜ ਰੁਪਿਆ ਦਿਤਾ ਹੈ ਇਲਾਕੇ ਦੇ ਲੋਕ ਖੁਸ਼ ਹਨ ਕਿ ਉਨ੍ਹਾਂ ਦੇ ਇਲਾਕੇ ਦੀ ਪੁਰਾਣੀ ਬੀਮਾਰੀ ਇਸ ਕੰਮ ਦੇ ਮੁਕੰਮਲ ਹੋਣ ਤੇ ਦੂਰ ਹੋ ਜਾਵੇਗੀ। ਪਰ ਡਰ ਹੈ ਕਿ ਜਿੰਨੀ ਰਕਮ ਰਖੀ ਹੈ ਸ਼ਾਇਦ ਖਰਚ ਨਾ ਹੋ ਸਕੇ। ਇਸ ਲਈ ਕਹਾਂਗਾ ਕਿ ਵਜ਼ੀਰ ਸਾਹਿਬ ਇਸ ਦੇ ਬਾਰੇ ਵਿਚ ਪੁਛ ਗਿਛ ਮਹਿਕਮੇ ਪਾਸੋਂ ਕਰ ਲੈਣ ਤਾਂ ਕਿ ਇਹ ਪਤਾ ਲਗ ਸਕੇ ਕਿ ਰਕਮ ਲੈਪਸ ਨਾ ਹੋਵੇਗੀ। ਇਸ ਦੇ ਬਾਰੇ ਵਿਚ ਦੋ ਕਾਰਨ ਹੋ ਸਕਦੇ ਹਨ। ਇਕ ਤਾਂ ਇਹ ਕਿ ਕੁਝ ਅਫਸਰਾਂ ਦੀ ਜ਼ਿਮੇਂਵਾਰੀ ਹੋ ਸਕਦੀ ਹੈ ਕਿ ਉਨ੍ਹਾਂ ਨੇ ਰਕਮ ਹੀ ਉਦੋਂ ਪ੍ਰੋਵਾਈਡ ਕੀਤੀ ਜਦ ਕਿ ਖਰਚ ਨਾ ਹੋ ਸਕਦੀ ਹੋਵੇ ਅਤੇ ਜਦ ਖਰਚ ਕਰਨ ਦਾ ਇਮਕਾਨ ਹੀ ਨਹੀਂ ਸੀ। ਜਾਂ ਜਾਣ ਬੁਝ ਕੇ ਸੁਸਤ ਰਫ਼ਤਾਰ ਨਾਲ ਕੰਮ ਕਰਦੇ ਹਨ ਕਿ ਰਕਮ ਲੈਪਸ ਹੋ ਜਾਵੇ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਕਿ ਜਿਹੜਾ ਕੰਮ ਹਥ ਵਿਚ ਲਿਆ ਹੈ ਉਹ ਪੂਰੀ ਰਫ਼ਤਾਰ ਨਾਲ ਪੂਰਾ ਕੀਤਾ ਜਾ ਸਕੇ।

The Patiala district is wrapped by floods, caused by wrong drainage. ਪਟਿਆਲੇ ਵਿਚ ਨਿਊ ਡਰੇਨੇਜ ਲਾਈਨਾਂ ਵਿਛਾਣੀਆਂ ਚਾਹੀਦੀਆਂ ਹਨ ਅਤੇ ਜੇਕਰ ਇਸ ਤਰ੍ਹਾਂ ਕੀਤਾ ਜਾਵੇ ਤਾਂ ਮੈਨੂੰ ਯਕੀਨ ਹੈ ਕਿ ਪਟਿਆਲਾ ਵਧ ਪੈਦਾਵਾਰ ਕਰੇਗਾ ਅਤੇ ਬਾਕੀ ਦੇ ਜ਼ਿਲ੍ਹਿਆਂ ਦੇ ਬਰਾਬਰ ਆ ਜਾਵੇਗਾ ਹੁਣ ਵੀ ਤਾਂ ਘਟ ਨਹੀਂ ਪਰ ਫਿਰ ਤਾਂ ਬਹੁਤ ਤਰਕੀ ਕਰੇਗਾ। ਇਸ ਦੇ ਨਾਲ ਹੀ ਮੈਂ ਇਕ ਗਲ ਘਗਰ ਨਦੀ ਬਾਰੇ ਦੇ ਵਿਚ ਕਹਿਣਾ ਚਾਹੁੰਦਾ ਹਾਂ ਇਸ ਦੇ ਹੈਡ ਤੇ ਛੋਟਾ ਮੋਟਾ ਡੈਮ ਬਣਾਇਆ ਜਾ ਸਕਦਾ ਹੈ ਪਾਣੀ ਨੂੰ ਸਟੋਰ ਕਰਕੇ। ਇਹ ਠੀਕ ਹੈ ਕਿ ਇਸ ਦਾ ਕੁਝ ਹਿਸੇ ਹਰਿਆਣੇ ਨੂੰ ਚਲਾ ਗਿਆ ਹੈ ਪਰ ਕਿਸੇ ਥਾਂ ਤੇ ਡੈਮ ਨੂੰ ਬਣਾਇਆ ਜਾ ਸਕਦਾ ਹੈ ਇਸ ਕੰਮ ਲਈ ਨਾਲ ਲਗਦੇ ਰਾਜ ਰਾਜਿਸਥਾਨ ਨਾਲ ਸਲਾਹ ਕਰਕੇ ਇਸ ਕੰਮ ਵਲ ਧਿਆਨ ਦਿਤਾ ਜਾਣਾ ਕਾਹੀਦਾ ਹੈ ਤਾਂ ਕਿ ਘਗਰ ਨੂੰ ਟੇਮ ਕਰਨ ਨਾਲ ਪਾਣੀ ਉਨ੍ਹਾਂ ਦੇ ਇਲਾਕੇ ਨੂੰ ਵੀ ਦਿਤਾ ਜਾ ਸਕੇ, ਸੂਰਤ ਗੜ੍ਹ ਦੇ ਇਲਾਕੇ ਨੂੰ, ਅਤੇ ਇਸ ਤਰ੍ਹਾਂ ਕਰਨ ਨਾਲ ਇਸ ਦਰਿਆ ਨਾਲ ਜਿਹੜਾ ਫਲਡ ਆਉਂਦਾ ਹੈ ਇਹ ਘਟ ਜਾਵੇਗਾ। ਇਸ ਤਰ੍ਹਾਂ ਇਲਾਕੇ ਦੀ ਤਰਕੀ ਕੀਤੀ ਜਾ ਸਕਦੀ ਹੈ। ਇੰਨਾਂ ਕਹਿ ਕੇ ਮੈਂ ਆਪ ਦਾ ਸ਼ੁਕਰੀਆਂ ਅਦਾ ਕਰਦਾ ਹਾਂ। **Sir, I resume my seat.**

ਸਰਦਾਰ ਸ਼ਸ਼ਪਾਲ ਸਿੰਘ (ਮਜੀਠਾ) : ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਬਸੰਤ ਸਿੰਘ ਹੋਰਾਂ ਨਾਲ ਇਸ ਗਲ ਵਿਚ ਐਗਰੀ ਕਰਦਾ ਹਾਂ ਕਿ ਡਰੇਨੇਜ ਸਿਸਟਮ ਵਿਚ ਇਮਪਰੂਵਮੈਂਟ ਕਰਨ ਦੀ ਲੋੜ ਹੈ। ਡਰੇਨੇਜ਼ ਕੈਨਾਲ ਐਕਟ ਬਹੁਤ ਪੁਰਾਣਾ ਐਕਟ ਹੈ ਅੰਗ੍ਰੇਜ਼ ਦੇ ਵੇਲੇ ਦਾ ਬਣਾਇਆ ਹੋਇਆ ਹੈ ਅਤੇ ਅਜ ਦੇ ਹਾਲਾਤ ਨੂੰ ਸਾਹਮਣੇ ਰਖ ਕੇ ਇਸ ਵਿਚ ਤਬਦੀਲੀ ਕਰਨੀ ਚਾਹੀਦੀ ਹੈ ਅਤੇ ਇਹ ਜ਼ਰੂਰੀ ਹੋ ਗਈ ਹੈ।

ਮੈਂ ਇਸ ਦੇ ਸਬੰਧ ਵਿਚ ਦੋ ਗਲਾਂ ਕਹਿਣਾ ਚਾਹੁੰਦਾ ਹਾਂ ਇਕ ਤਾਂ ਇਹ ਕਿ 100 ਕਰੋੜ ਰੁਪਿਆ ਪਾਕਿਸਤਾਨ ਨੂੰ ਦੇਣਾ ਕੀਤਾ ਗਿਆ ਮੈਂ ਇਸ ਗਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਇਹ ਫੈਸਲਾ ਕਿਸ ਸਰਕਾਰ ਨੇ ਕੀਤਾ ਸੀ ਪਰ ਪਾਕਿਸਤਾਨ ਨਾਲ ਇਕ ਐਗਰੀਮੈਂਟ ਕੀਤਾ ਗਿਆ ਕਿ 100 ਕਰੋੜ ਰੁਪਿਆ ਉਸ ਨੂੰ ਦਿਤਾ ਜਾਵੇ ਉਸ ਦੇ ਨਹਿਰੀ ਪਾਣੀ ਨੂੰ ਬੰਦ ਕਰਨ ਲਈ ਅਤੇ ਇਸ ਪਾਣੀ ਨੂੰ ਪੰਜਾਬ ਵਿਚ ਵਰਤਿਆ ਜਾਵੇਗਾ ਮੁਆਵਜ਼ਾ ਅਦਾ ਕਰ ਦਿਤਾ ਗਿਆ ਅਤੇ ਇਹ ਫੈਸਲਾ ਪੰਜਾਬ ਦੇ ਹਿਤ ਲਈ ਕੀਤਾ ਗਿਆ ਸੀ। ਇਸ ਵਿਚ ਇਕ ਟਾਇਮ ਵੀ ਮੁਕਰਰ ਕਰ ਦਿਤਾ ਗਿਆ ਸੀ ਜਿਹੜਾ ਕਿ ਇਸ ਮਹੀਨੇ ਦੇ ਆਖਿਰ ਵਿਚ ਖਤਮ ਹੋ ਜਾਵੇਗਾ ਅਤੇ ਇਸ ਪਾਣੀ ਨੇ ਪੰਜਾਬ ਵਿਚ ਇਸਤੇਮਾਲ ਹੋਣਾ ਹੈ ਪਰ ਕਿੰਨੀ ਬਦਕਿਸਮਤੀ ਦੀ ਗਲ ਹੈ ਕਿ ਕਾਂਗਰਸ ਸਰਕਾਰ ਨੇ ਜਿਹੜਾ ਪਾਣੀ ਲਾਹੌਰ ਜਾਣ ਤੋਂ ਬੰਦ ਹੋ ਜਾਣਾ ਹੈ ਅਤੇ ਅੰਮ੍ਰਿਤਸਰ ਵਲ ਆ ਜਾਣਾ ਹੈ ਇਸ ਨੂੰ ਵਰਤਣ ਵਾਸਤੇ ਕੋਈ ਇੰਤਜ਼ਾਮ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਕਿੰਨੀ ਹੈਰਾਨਕੁਨ ਗਲ ਹੈ ਕਿ 100 ਕਰੋੜ ਰੁਪਿਆ ਤਾਂ ਦਿੱਤਾ ਗਿਆ ਹੋਵੇ ਅਤੇ ਇਸ ਗਲ ਦਾ ਪਤਾ ਹੋਵੇ ਕਿ ਪਾਣੀ ਫਲਾਂ ਤਰੀਕ ਨੂੰ ਅਸਾਡੇ ਪਾਸ ਆ ਜਾਣਾ ਹੈ ਅਤੇ ਕਿਸੇ ਤਰ੍ਹਾਂ ਦਾ ਕੋਈ ਇਤਜ਼ਾਮ ਉਸ ਪਾਣੀ ਨੂੰ ਵਰਤਣ ਦਾ ਨਾ ਕੀਤਾ ਜਾਵੇ। ਨਾ ਸੂਇਆਂ ਨੂੰ ਵਡਾ ਕੀਤਾ ਗਿਆ ਹੈ ਨਾ ਡਿਸਟ੍ਰਿਬਯੂ-ਟਰੀਆਂ ਨੂੰ ਡੂੰਘਾ ਕੀਤਾ ਗਿਆ ਹੈ ਅਤੇ ਕਿਸੇ ਤਰ੍ਹਾਂ ਵੀ ਇਸ ਪਖ ਵਿਚ ਪੈਲਨਿੰਗ ਨਹੀਂ ਕੀਤੀ ਗਈ। ਜੇਕਰ ਕਾਂਗਰਸ ਸਰਕਾਰ ਨੇ ਇਹ ਫੈਸਲਾ ਕੀਤਾ ਸੀ 100 ਕਰੋੜ ਦੇਣ ਦਾ ਤਾਂ ਇਹ ਵੀ ਕਰ ਦੇਣਾ ਚਾਹੀਦਾ ਸੀ ਕਿ ਪਲਾਨਿੰਗ ਕਿਸ ਤਰ੍ਹਾਂ ਕੀਤੀ ਜਾਵੇਗੀ ਅਤੇ ਪਾਣੀ ਨੂੰ ਇਸ ਤਰ੍ਹਾਂ ਵਰਤਿਆ ਜਾਵੇਗਾ ਅਤੇ ਇਸ ਤਰ੍ਹਾਂ ਦੀ ਪੈਲਾਨਿੰਗ ਤੇ ਜੇਕਰ ਹੋਰ 1 ਕਰੋੜ ਖਰਚ ਕਰ ਦਿੱਤਾ ਜਾਂਦਾ ਤਾਂ ਕੋਈ ਹਰਜ ਵਾਲੀ ਗਲ ਨਹੀਂ ਸੀ ਅਤੇ ਇਹ ਰਕਮ ਵਾਈਗਨਿੰਗ ਆਫ਼ ਦੀ ਡਿਸਟ੍ਰਿਬਯੂਟਰੀ ਵਿਚ ਅਤੇ ਸੂਏ ਵਡੇ ਕਰਨ ਵਿਚ ਲਗਾ ਦਿਤੀ ਜਾਂਦੀ ਤਾਂ ਚੰਗਾ ਸੀ। ਪਰ ਇਸ ਤੋਂ ਸਰਕਾਰ ਦੀ ਅਣਗਹਿਲੀ ਅਤੇ ਸ਼ਾਰਟਕਮਿੰਗ ਦਾ ਪਤਾ ਲਗਦਾ ਹੈ। ਇਸ ਪਾਸੇ ਧਿਆਨ ਦੇਣ ਦੀ ਫੌਰੀ ਤੌਰ ਤੇ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਸਭ ਤੋਂ ਵਡੀ ਸਕੈਂਡਲ ਡਰੇਨੇਜ਼ ਦੇ ਮਹਿਕਮੇ ਵਿਚ ਹੈ। ਜਿਹੜੀ ਕਿ ਅਗੇ ਵੀ ਹਾਊਸ ਦੇ ਨੋਟਿਸ ਵਿਚ ਲਿਆਂਦੀ ਗਈ ਸੀ। ਕਿ ਇਸ ਵਿਚ ਕੰਮ ਕਿਸ ਤਰੀਕੇ ਨਾਲ ਕੀਤਾ ਜਾਂਦਾ ਹੈ ਚੀਫ਼ ਇਨਜ਼ੀਨੀਅਰਾਂ ਨੇ ਆਪਣੇ ਗਰੁਪ ਬਣਾਏ ਹੋਏ ਹਨ ਠੇਕੇਦਾਰ ਅਤੇ ਓਵਰਸੀਅਰ ਆਪਣੇ ਹਮ ਖਿਆਲ ਰਖ ਲਏ ਜਾਂਦੇ ਹਨ ਅਤੇ ਲਖਾਂ ਰੁਪਏ ਦਾ ਗੋਲ ਮਾਲ ਕੀਤਾ ਜਾਂਦਾ ਹੈ। ਇਹ ਕਾਂਗਰਸ ਸਰਕਾਰ ਦੇ ਵੇਲੇ ਤੋਂ ਚਲਾ ਆ ਰਿਹਾ ਹੈ ਇਸ ਦੇ ਬਾਰੇ ਵਿਚ ਮੈਂ ਬੇਨਤੀ ਕਰਾਂਗਾ ਕਿ ਪੰਜਾਬ ਦੀ ਜਨਤਾ ਦੀ ਇਹ ਮੰਗ ਹੈ ਕਿ ਇਸ ਸਕੈਂਡਲ ਨੂੰ ਇਦੀਗੇਸ਼ਨ

[ਸਰਦਾਰ ਸ਼ਸ਼ਪਾਲ ਸਿੰਘ] :
ਮਨਿਸਟਰ ਸਾਹਿਬ ਆਪ ਟਾਪ ਪਰਾਇਰਟੀ ਦੇ ਕੇ ਵੇਖਣ ਅਤੇ ਪੜਤਾਲ ਆਪ ਕਰਨ ਤਾਂ ਕਿ ਸਹੀ ਗਲ ਦਾ ਪਤਾ ਲਗ ਸਕੇ ਅਤੇ ਜਿਹੜੇ ਅਫਸਰ ਇਸ ਵਿਚ ਇਸ ਤਰ੍ਹਾਂ ਦੇ ਵੇਖੇ ਜਾਣ ਉਨ੍ਹਾਂ ਦੇ ਖਿਲਾਫ਼ ਸਖਤ ਐਕਸ਼ਨ ਲੈਣ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਸਜ਼ਾ ਦਿਤੀ ਜਾਣੀ ਚਾਹੀਦੀ ਹੈ । ਤਾਂ ਕਿ ਇਸੇ ਤਰ੍ਹਾਂ ਦੀ ਬਈਮਾਨੀ ਅਗੇ ਤੋਂ ਘਟ ਸਕੇ । ਅਤੇ ਜੇਕਰ ਇਹ ਬੀਮਾਰੀ ਵਜ਼ੀਰ ਸਾਹਿਬ ਘਟਾ ਦੇਣ ਤਾਂ ਇਸ ਨਾਲ ਜਨਤਾ ਵਿਚ ਕਾਨਫੀਡੈਂਸ ਪੈਦਾ ਹੋ ਸਕੇਗਾ ।

ਡਿਪਟੀ ਸਪੀਕਰ ਸਾਹਿਬ, ਇਥੇ ਇਕ ਗਲ ਮੈਂ ਵਾਟਰ ਲਾਗਿੰਗ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਮੈਂ ਇਸ ਦੇ ਬਾਰੇ ਵਿਚ ਸੁਝਾਵ ਪੇਸ਼ ਕਰਨਾ ਚਾਹੁੰਦਾ ਹਾਂ ਜੇਕਰ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇਣ । ਸੇਮ ਦਿਨੋ ਦਿਨ ਵਧਦੀ ਜਾ ਰਹੀ ਹੈ ਇਸ ਦਾ ਕਾਰਨ ਨਹਿਰਾਂ ਹਨ ਪਾਣੀ ਜ਼ਿਆਦਾ ਚਲਾ ਗਿਆ ਹੈ ਅਤੇ ਸੂਏ ਚਲੇ ਗਏ ਹਨ ਅਤੇ ਇਸ ਤਰਾਂ ਵਾਟਰ ਲਾਗਿੰਗ ਵਧਦੀ ਜਾ ਰਹੀ ਹੈ ਇਸ ਨਾਲ ਜ਼ਿਮੀਦਾਰ ਨੂੰ ਬਹੁਤ ਭਾਰੀ ਨੁਕਸਾਨ ਹੁੰਦਾ ਹੈ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਨਹਿਰਾਂ ਦੀ ਜ਼ਿਆਦਾ ਤੋਂ ਜ਼ਿਆਦਾ ਪਕੀ ਲਾਇਨਿੰਗ ਕਰਵਾ ਦਿਤੀ ਜਾਵੇ ਤਾਂ ਕਿ ਵਾਟਰ ਦੀ ਸੀਪੇਜ ਘਟ ਜਾਵੇ ਅਤੇ ਵਾਟਰ ਲਾਗਿੰਗ ਘਟ ਹੋ ਸਕੇ ।

ਇਸ ਦੇ ਨਾਲ ਨਾਲ ਹੀ ਜਦੋਂ ਦਰਿਆ ਵਿਚ ਪਾਣੀ ਘਟ ਹੋ ਜਾਂਦਾ ਹੈ ਤਾਂ ਨਹਿਰਾਂ ਦਾ ਪਾਣੀ ਵੀ ਘਟਨਾ ਸ਼ੁਰੂ ਹੋ ਜਾਂਦਾ ਹੈ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਜ਼ਿਮੀਦਾਰ ਨੂੰ ਵਕਤ ਤੇ ਲੋੜ ਅਨੁਸਾਰ ਪਾਣੀ ਦੇ ਨਾ ਮਿਲਣ ਕਰਕੇ ਬਹੁਤ ਨੁਕਸਾਨ ਹੁੰਦਾ ਹੈ । ਜੇਕਰ ਨਹਿਰ ਦੇ ਨੇੜੇ ਤੇੜੇ ਟੀਊਬਵੈਲ ਸੰਕ ਕਰ ਦਿੱਤੇ ਜਾਣ ਤਾਂ ਜਦੋਂ ਵੀ ਪਾਣੀ ਦੀ ਕਮੀ ਮਹਿਸੂਸ ਹੋਵੇ ਤਾ ਇਨ੍ਹਾਂ ਰਾਹੀਂ ਇਹ ਕਮੀ ਪੂਰੀ ਕੀਤੀ ਜਾ ਸਕਦੀ ਹੈ ਅਤੇ ਇਸ ਤਰ੍ਹਾਂ ਵਾਟਰ ਸਪਲਾਈ ਵੀ ਇਨਕਰੀਜ਼ ਕੀਤੀ ਜਾ ਸਕਦੀ ਹੈ । ਇਸਤਰਾਂ ਹੋ ਜਾਣ ਨਾਲ ਦੋ ਕੰਮ ਹੋਣਗੇ ਇਕ ਤਾ ਜ਼ਿਮੀਦਾਰ ਨੂੰ ਹਰ ਵੇਲੇ ਪਾਣੀ ਮਿਲ ਸਕਦਾ ਹੈ, ਦੂਸਰੇ ਵਾਟਰ ਲਾਗਿੰਗ ਦਾ ਮਸਲਾ ਹਲ ਹੋ ਸਕਦਾ ਹੈ ।

ਇਕ ਬੇਨਤੀ ਮੇਰੀ ਇਹ ਵੀ ਹੈ ਜੇਕਰ ਇਰੀਗੇਸ਼ਨ ਅਤੇ ਐਗਰੀਕਲਚਰ ਦਾ ਮਹਿਕਮਾ ਇਕੋ ਮਨਿਸਟਰੀ ਦੇ ਅੰਡਰ ਵਰਕ ਕਰੇ ਤਾਂ ਇਨ੍ਹਾਂ ਰਾਹੀ ਆਪਸੀ ਤਾਲਮੇਲ ਹੋਣ ਕਰਕੇ ਬਹੁਤ ਅੱਛਾ ਕੰਮ ਹੋ ਸਕਦਾ ਹੈ । ਇਕ ਮਨਿਸਟਰੀ ਦੇ ਨੀਚੇ ਹੋਣ ਕਰਕੇ ਬੜੀਆਂ ਉਪਜਾਊ ਅਤੇ ਅਕਾਮੋਡੇਟਿੰਗ ਸਕੀਮਜ਼ ਤਿਆਰ ਕੀਤੀਆਂ ਜਾ ਸਕਦੀਆਂ ਹਨ । ਇਸਤਰਾਂ ਜ਼ਿਮੀਦਾਰ ਦਾ ਦਾ ਬਹੁਤ ਭਲਾ ਹੋ ਸਕਦਾ ਹੈ ਅਤੇ ਖੇਤੀ ਬਾੜੀ ਦੀ ਉਪਜ ਦੇ ਵਿਚ ਵੀ ਬਹੁਤ ਵਾਧਾ ਕੀਤਾ ਜਾ ਸਕਦਾ ਹੈ ।

(ਇਕ ਮਾਨਯੋਗ ਮੈਂਬਰ : ਜੇ ਇਸਤਰਾਂ ਹੋ ਗਿਆ ਫਾਜ਼ਿਲਕਾ ਦੇ ਮਨਿਸਟਰ ਦਾ ਕੀ ਕਰੋਗੇ) ਉਹ ਦੇ ਲਈ ਹੋਰ ਬੜੇ ਮਹਿਕਮੇ ਹਨ ।

ਜਿਥੋਂ ਤਕ ਆਬਿਆਨੇ ਦੀ ਵਸੂਲੀ ਦਾ ਸਬੰਧ ਹੈ ਮੌਜੂਦਾ ਹਾਲਾਤ ਵਿਚ ਇਹਦੀ ਵਸੂਲੀ ਦੇ ਲਈ ਡਿਊਲ ਸਿਸਟਮ ਹੈ । ਆਬਿਆਨੇ ਦੀ ਦਰ ਨਹਿਰੀ ਪਟਵਾਰੀ ਵੱਖ ਵਸੂਲ ਕਰਦਾ ਹੈ ਚਾਹੇ ਪਾਣੀ ਦਾ ਵਖਰਾ ਦੇਣਾ ਪੈਂਦਾ ਹੈ ਹਾਲਾਂ ਕਿ ਪਾਣੀ ਜ਼ਿਮੀਦਾਰ ਨੂੰ ਫਸਲ ਦੀ ਉਪਜ ਲਈ ਜਿਵੇਂ ਕਿਵੇਂ ਵੀ ਮਿਲ ਸਕੇ ਦੇਣਾ ਪੈਂਦਾ ਹੈ । ਪਰ ਇਹ ਆਬਿਆਨੇ ਦੇ ਦਰ ਦੀ ਵਸੂਲੀ ਦੇ ਲਈ

ਦੋ ਵਖਰੇ ਵਖਰੇ ਮਹਿਕਮੇ ਹਨ । ਆਬਿਆਨਾ ਜੇ ਇਕੋ ਹੀ ਏਜੰਸੀ ਦੇ ਰਾਹੀਂ ਵਸਲ ਹੋਵੇ ਤਾਂ ਇਸ ਢੰਗ ਨਾਲ ਦਫਤਰੀ ਕਾਰਵਾਈ ਵਿਚ ਵੀ ਕਮੀ ਹੋ ਜਾਵੇਗੀ ਅਤੇ ਦੋ ਵਖਰੀਆਂ ਏਜੰਸੀਆਂ ਗਿਰਦਾਵਰ ਅਤੇ ਨਹਿਰੀ ਪਟਵਾਰੀ ਜੋ ਵੱਖ ਵੱਖ ਮੁਆਮਲੇ ਦੀ ਵਸੂਲੀ ਦੇ ਲਈ ਹਨ, ਇਕ ਹੋ ਜਾਣਗੀਆਂ ਅਤੇ ਜ਼ਿਮੀਦਾਰ ਨੂੰ ਆਬਿਆਨਾ ਇਕੋ ਵੇਲੇ ਦੇਣ ਵਿੱਚ ਬੜੀ ਆਸਾਨੀ ਹੋ ਜਾਵੇਗੀ ਵਸੂਲ ਕਰਨ ਵਾਲਾ ਵੀ ਦੋ ਦੀ ਬਜਾਏ ਇਕ ਹੀ ਆਦਮੀ ਰਹਿ ਜਾਵੇਗਾ । ਇਸ ਦੇ ਨਾਲ ਜ਼ਿਮੀਦਾਰ ਦੀ ਜਿਥੇ ਬਹੁਤ ਭਲਾਈ ਹੋਵੇਗੀ, ਉਥੇ ਸਰਕਾਰ ਦਾ ਕੰਮ ਵੀ ਬਹੁਤ ਘਟ ਜਾਵੇਗਾ, ਰਿਕਵਰੀ ਵੀ ਪਹਿਲਾਂ ਦੀ ਨਿਸਬਤ ਚੋਖੀ ਹੋਵੇਗੀ ।

ਜਿਤਨੀਆਂ ਵੀ ਪੰਜਾਬ ਵਿੱਚ ਨਹਿਰੀ ਪਟੜੀਆਂ ਹਨ, ਇਨ੍ਹਾਂ ਦਾ ਇਸਤੇਮਾਲ ਖਾਨਦਾਨ ਅਫ਼ਸਰ ਸਾਹਿਬਾਨ ਜਿਨ੍ਹਾਂ ਦਾ ਨਹਿਰ ਦੇ ਮਹਿਕਮੇ ਨਾਲ ਤਾਲਮੇਲ ਹੈ ਉਹੀ ਕਰ ਸਕਦੇ ਹਨ ਨਹੀਂ ਤਾਂ ਸੰਗਲ ਲਗੇ ਰਹਿੰਦੇ ਹਨ ਕੋਈ ਤਾਲਾ ਖੋਲ੍ਹਿਆ ਨਹੀਂ ਜਾਂਦਾ ਡੈਮੋਕਰੈਟਿਕ ਸੈਟਅਪ ਦੇ ਵਿੱਚ ਇਹ ਪਟੜੀਆਂ ਸਾਰਿਆਂ ਲਈ ਖੁਲ੍ਹਣੀਆਂ ਚਾਹੀਦੀਆਂ ਹਨ । ਇਨ੍ਹਾਂ ਪਟੜੀਆਂ ਦੀ ਮਰੰਮਤ ਪੀ. ਡਬਲੀਉ ਡੀ. ਦੇ ਸਪੁਰਦ ਹੋਵੇ ਅਤੇ ਇਹ ਆਲੇ ਦੁਆਲੇ ਦੇ ਪਿੰਡਾਂ ਰਾਹੀਂ ਬਤੌਰ ਲਿੰਕ ਰੋਡਜ਼ ਦੇ ਇਸਤੇਮਾਲ ਹੋਣ । ਇਸ ਦੇ ਨਾਲ ਪਿੰਡ ਦ ਲੋਕਾਂ ਦਾ ਵੀ ਭਲਾ ਹੋ ਸਕਦਾ ਹੈ ਅਤੇ ਲਿੰਕ ਰੋਡਜ਼ ਦੇ ਲਈ ਇਕ ਪਾਸੇ ਤੇ ਪੀ. ਡਬਲਿਉ. ਡੀ. ਦਾ ਮਹਿਕਮਾ ਜ਼ਿਮੀਦਾਰ ਦੀਆਂ ਜ਼ਮੀਨਾਂ ਜਿਹੜੀਆਂ ਐਕੁਆਇਰ ਕਰ ਰਿਹਾ ਹੈ ਉਹ ਵੀ ਬਚ ਜਾਣਗੀਆਂ ਅਤੇ ਇਹ ਆਲਰੈਡੀ ਐਕੁਆਇਰ ਹੋਈ ਨਹਿਰ ਦੇ ਨਾਲ ਦੀ ਪਟੜੀ ਜਿਹੜੀ ਮਹਿਜ਼ ਚੰਦ ਆਦਮੀਆਂ ਦੀ ਵਰਤੋਂ ਵਿਚ ਆਉਂਦੀ ਹੈ ਇਹ ਵੀ ਖੁਲ੍ਹ ਜਾਵੇਗੀ । ਪੰਜਾਬ ਦੇ ਜ਼ਿਮੀਦਾਰਾਂ ਪਾਸ ਅੱਗੇ ਹੀ ਜ਼ਮੀਨ ਘਟ ਹੈ ਪਰ ਮਹਿਕਮੇ ਅੱਡੋ ਅੱਡ ਹੋਣ ਕਰਕੇ ਇਕ ਪਾਸੇ ਪੀ. ਡਬਲਿਉ. ਡੀ. ਵਾਲੇ ਹੋਰ ਜ਼ਮੀਨਾਂ ਐਕੁਆਇਰ ਕਰਦੇ ਆ ਰਹੇ ਹਨ ਦੂਸਰੇ ਪਾਸੇ ਨਹਿਰ ਵਾਲੇ ਪਟੜੀ ਬੰਨ੍ਹਣ ਲਈ ਜ਼ਮੀਨਾਂ ਘੇਰੀ ਬੈਠੇ ਹਨ, ਪੰਜਾਬ ਗੌਰਮਿੰਟ ਦੀ ਪਾਲਸੀ ਐਸੀ ਹੋਣੀ ਚਾਹੀਦੀ ਹੈ ਕਿ ਜ਼ਮੀਨ ਜਿਹੜੀ ਵੀ ਉਪਜਾਊ ਹੋਵੇ ਉਹ ਕਿਸੇ ਹਾਲਤ ਵਿਚ ਵੀ ਘਟੇ ਨਾ ਸਗੋਂ ਇਸ ਨੂੰ ਵਧਾਉਣ ਦਾ ਯਤਨ ਕੀਤਾ ਜਾਵੇ ।

ਤੀਸਰੀ ਚੀਜ਼ ਜਿਹੜੀ ਮੈਂ ਅਰਜ਼ ਕਰਨੀ ਹੈ ਉਹ ਇਹ ਹੈ ਕਿ ਆਬਿਆਨੇ ਦੀ ਦਰ ਜੋ ਜ਼ਿਮੀਦਾਰ ਤੇ ਲਗਦੀ ਹੈ ਉਹ ਘੰਟਿਆਂ ਯਾ ਪਹਿਰਾਂ ਦੀ ਸ਼ਰ੍ਹਾ ਦੇ ਨਾਲ ਲੱਗਣੀ ਚਾਹੀਦੀ ਹੈ । ਜਿਤਨੇ ਘੰਟੇ ਪਾਣੀ ਲਾਵੇ ਉਸ ਸ਼ਰ੍ਹਾ ਨਾਲ ਪਾਣੀ ਦੀ ਵਸੂਲੀ ਹੋਣੀ ਚਾਹੀਦੀ ਹੈ । ਕਈ ਦਫਾ ਪਾਣੀ ਲਾਇਆ ਹੀ ਨਹੀਂ ਜਾਂਦਾ ਬਾਰਸ਼ਾਂ ਦੇ ਨਾਲ ਹੀ ਕਈ ਥਾਵਾਂ ਤੇ ਫਸਲਾਂ ਪਕ ਜਾਂਦੀਆ ਹਨ ਐਸੀ ਹਾਲਤ ਦੇ ਵਿੱਚ ਜ਼ਿਮੀਦਾਰ ਨੂੰ ਆਬਿਆਨਾ ਮੁਆਫ ਹੋਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪਦਾ ਧੰਨਵਾਦ ਕਰਦਾ ਹਾਂ ।

चौधरी बलबीर सिंह : (होशियारपुर) वित्तमंत्री ने यह जो डीमांड रखी है इसमें एक जगह 'अनऐक्सपैक्टिड' लिख कर इन्होंने अपनी अक्ल का नमूना पेश किया है । मैं यह चंद लाइनें हाऊस को पढ़ कर सुनाता हूँ जिस से इनकी और इनकी सरकार की अक्ल का नमूना मिल जायेगा :

[चौधरी बलबीर सिंह]

"The State is faced with various problems including power shortage which is progressively increasing because of the unexpected larger demand from agricultural and industrial sectors......"

उपाध्यक्ष महोदय, आप ज़रा इस ऐड्रैस को पढ़ें। मैं इन से पूछता हूँ कि यहाँ पर कौनसी अनऐक्सपैक्टिड बात हुई है? इसमें साफ़ है कि इतने टियूबवैल्स के लिये बिजली दी जायेगी, इतनी बिजली इंडस्ट्री को मिलेगी। इसमें अनऐक्सपैक्टिड कौनसी बात है जब पहले ही खर्च करने की हर डीटेल मौजूद है। इस महकमे का ढांचा बड़ा टूटा फूटा है और इसको ठीक करने की बड़ी ही ज़रूरत है। वज़ीर साहिबान को अपने मतलब के कामों के सिवाये और किसी में दिलचस्पी ही नहीं है। हर तरफ धाँधली मची हुई है। लाखों रुपये का गबन हो रहा है। अगर इसको रोका जा सकता हो तो बजाये इसके कि कोई नये टैक्सिज़ लगाये जायें, इनसे ही सारी ज़रूरियात पूरी हो सकती हैं। सरदार तेजा सिंह चले गये हैं, उन्हों ने यहां पर इनके महकमा के मुताल्लिक एक आवाज़ उठाई थी। बतौर ऐस्टीमेट्स कमेटी के चेयरमैन के, उन्होंने कई मुकाम पर जाकर छापे मारे और उन की गड़बड़ को मौका पर जाकर पकड़ भी लिया। महकमे के अफसर फौरन चीफ़ मिनिस्टर को आकर मिले कि हमारा तो सत्यानाश हो गया है. और चीफ़ मिनिस्टर ने कहकर उस केस को हशअप कर दिया। इस हाऊस की बनाई हुई कमेटी जब किसी महकमे की करप्शन को नंगा करने के लिये कोई कदम उठाती है तो चीफ़ मिनिस्टर उनको प्रोटैक्शन देते हैं। यह इसलिये कि जो यह उनसे मांगते हैं वह इनको मिल जाता है। चीफ़ मिनिस्टर साहिब ने यहां से हुक्म कर दिया कि यह इन्क्वायरी यक दम स्टाप कर दी जाये। अगर आज भी इस मुआमले की थारो इन्क्वायरी की जाये तो इस महकमे में लाखों रुपये का गबन है जो पकड़ा जा सकता है मगर ऐस्टीमेट्स कमेटी जब छापा मारने के लिये जाती है तो कहा जाता है कोई बात नहीं है। इस महकमे की नारमल वर्किंग को देखा जाये हर साल जून और जुलाई में स्पर्ज़ बनाये जाते हैं। यह बने या न मगर इस महीने में फ्लड्ज़ आने शुरू हो जाते हैं। फ्लड्ज़ के लिये कागज़ों में स्पर बनाये गये ज़रूर दिखाये जाते हैं मगर एकचुअली बनते नहीं हैं। अगर कोई पूछता है तो कह दिया जाता है कि वह सब टूट गये या फ्लड्ज़ में बह गये हैं। हज़ारों रुपये की तारें और मैटीरियल हर साल इस तरह से कागज़ों में खरीद कर गबन किया जाता है। यह बातें पिछले साल भी मिनिस्टर साहिब के नोटिस में लाई गई थीं। जब इन्क्वायरी होती है तो यह जा सियासी पावरफुल मगर मच्छ बैठे हुये हैं, उनको शील्ड कर लेते हैं।

वह सारे बैठे हुए पंजाब को खुल्लम खुल्ला खा रहे हैं। विजीलैंस डिपार्टमैंट की रिपोर्ट अभी ही आई है। मैं उस की रिपोर्ट को जो फांईडिंगज़ हैं उन का लास्ट पैरा पढ़ कर सुना देता हूँ।

"I have gone through the various records about (which) a mention has been made in the complaint. On going through the rocords I have noted that the staff employed in Amritsar Drainage Division and more especially Sarvshri Y. S Puri, X.E.N., B. S. Randhawa, S.D O., Sat Dev Sharma, S O., Harchand Singh, S. O., Joginder Singh S. O. and Narinder Singh, S. O. were definitely busy with corrupt motives in robbing public money. Every work, if screened properly will reveal thousands of irregularities which were done with corrupt motives by such unscrupulous staff. I am of the firm view that the Officers/officials mentioned above acted in corrupt manner in all cases mentioned in the complaint. Several more cases of corruption can be brought to light if a sifting inquiry is held by a technical expert knowing know-how of technical terms and having some experience of working in Irrigation/Drainage Department. I am also of the convinced opinion that these Officers cannot act at their own initiative without the backing of high Officers of the Department. By (My) enquiries reveal that Sarvshri G. S. Sindhu, Chief Engineer, Kailash Chander, Superintending Engineer and Sh. V. P. Duggal, Superintending Engineer are in league in this nefarious game. Therefore, in the best interest of the public, it is but essential that all these Officers for all times to come should be debarred from putting on the construction works and any other lucrative post."

यह सयासी वर्करों या पब्लिक के वर्करों पर यह इल्ज़ाम लगाते हैं कि वह वेग चार्जिज़ लगाते हैं परन्तु यह तो विजीलैंस इन्स्पैक्टर की रिपोर्ट है जो कि 12 सफे की है । उसे खुद गवर्नमैंट ने इस काम के लिए मुकर्रर किया है । उस ने उन का सारा रिकार्ड देख कर, सारे रजिस्टर्ज देख कर यह रिपोर्ट भेजी है ।

फिर लुध्याना से तार खरीदी गई । उस के बारे में सरकार की कलीयर इन्स्ट्रक्शन थी कि जहां पर रेलवे जाती हो वहाँ पर माल रेलवे द्वारा ही भेजा जाए परन्तु इस रिपोर्ट में बताया गया है कि तार गवर्नमैंट के पास मौजूद थी तथा कोई ऐमरजैंसी भी नहीं थी, परन्तु कुछ आदमी डेप्यूट किए गए कि वह लुध्याना जाकर पेमैंट करें । फिर उन्होंने वह माल ट्रकों पर भेजा जब कि वहां पर रेलवे लाईन है । फिर उपाध्यक्ष महोदय, उन ट्रकों के नाम की कोई राहदारी किसी म्यूनिस्पल कमेटी के किसी रिकार्ड में नहीं मिलती । ट्रक लुध्याना से जालन्धर, जालन्धर से पठानकोट और फिर बटाला गए परन्तु किसी जगह की भी राहदारी उनके पास नहीं । इस का मतलब यह है कि वह तार के 14 ट्रक खा गए हैं । उपाध्यक्ष महोदय, यह किसी छोटे अफ़सर का काम नहीं है कि इतनी बड़ी बेईमानी कर सके । यहाँ तो हिस्से पड़ते

[चौधरी बलबीर सिंह]

हैं। यह सब कुछ तब ही हो सकता है जब पुश्त पर बड़े बड़े अफसरों का हाथ हो। हमने भी इस के बारे में कई सवाल किये तथा मैंने तो काल अटैनशन मोशन भी दी थी परन्तु सरकार हरकत में नहीं आई। इस बार ऐस्टीमेट कमेटी ने छापे मारे हैं। जब उस की रिपोर्ट आएगी तो पता चलेगा कि कितनी धांधली होती है।

फिर, उपाध्यक्ष महोदय, मैंने पहले भी कहा था कि एक साल पानी 72 हजार क्यूसैक आता है तो खर्च 50 लाख बताया जाता है मगर जब दूसरे साल पानी 3½ लाख क्यूसैक आता हैं तो खर्च 6 लाख होता है। पहले पानी कम और खर्च ज्यादा जबकि दूसरी बार पानी ज्यादा और खर्च बहुत कम। यह किस तरह हो गया? असल में बात यह थी कि जो पुराने अफसरों की जुन्डली थी वह वहाँ से बदल दी गई थी तथा नये अफसर आ गए थे। परन्तु जब उन्होंने देखा कि भेद खुलने वाला है तो ऊपर वाले अफसरों ने फिर नये अफसरों को वहां से हटा दिया तथा पुरानी जुन्डली फिर वहाँ लाकर बिठा दी गई। मैं समझता हूँ कि मिनिस्टर साहिब को अपने महकमे में बहुत दिलचस्पी है। परन्तु मैं उनसे कहुंगा कि जब तक वह यह गठजोड़ तथा जाल जो वहाँ फैलाए गए हैं, उनको क्लीयर नहीं करते, जो मैस वहाँ क्रियेट हो गया है, उसको ठीक नहीं करते तब तक कितनी कोशिश करते रहें, कितनी भी सिंसरिटी से कोशिश करते रहें, पंजाब का भला नहीं हो सकता।

फिर मैं मंत्री महोदय के नोटिस में लाना चाहता हूँ कि होशियारपुर जिले में बहुत चो हैं। डाक्टर जगजीत सिंह जब वित्त मंत्री थे तो उन्होंने 6 लाख रुपए वहाँ पर छोटे २ बांध बाँधने के लिए दिए थे। वह मिनिस्ट्री बदल गई है। मैं इनसे कहूंगा कि उनके साथ इन के मतभेद हो सकते हैं, लोगों का तो कोई कसूर नहीं है। यह उस इलाके के लोगों की जरूरत है कि वहाँ छोटे छोटे बांध बनाए जाँए। इस के लिए कुछ रकम रखी जाए और वह डी. सी. की डिसपोजल पर हो ताकि जहाँ भी बाढ़ आने का खतरा हो वहाँ पर छोटा बाँध बाँध दिया जाए। क्योंकि यदि 5 हजार रुपए से एक बांध बन सकता है तो वह जरुर बनना चाहिए। अगर बाढ़ आ गई तो 5000 रु० ता क्या इस से बहुत ज्यादा का नुक्सान होगा (घंटी) जितने बांधों की जरूरत सारे पंजाब को है उतनी केवल जिला होशियारपुर को है।

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਲ ਸੁਣ ਲਈ ਹੈ ਨਾ (ਹਾਸਾ) (Has the hon. Member heard the bell ?) (laughter)

चौधरी बलबीर सिंह : कितने मिन्टों की है जी ?

ਸ੍ਰੀ ਡਿਪਟੀ ਸਪੀਕਰ : 13 ਮਿੰਟ ਹੋ ਗਏ ਹਨ, 2 ਬਾਕੀ ਰਹਿੰਦੇ ਹਨ। (Your 13 minutes are over and only two minutes are left now.)

चौधरी बलबीर सिंह : 2, 4, मिंट तो और दे दें।

Mr. Deputy Speaker : No, please.

चौधरी बलबीर सिंह : अब आखीर में मैं बिजली के बारे में कुछ कहना चाहता हूं । मेरे जिला होशियारपुर में अब बिजली के महकमे में एक नई रिश्वत चल पड़ी है । यह है कि लोड चैक करो । अब जब लोड चैक करने जाते हैं तो 10 हार्स पावर की मोटर वालों को कहते हैं कि तेरी मोटर 15 हार्स पावर की है । 15 वाले को कहते है तेरी 20 की है । फिर उन पर पैनल्टी डाली जाती है । इस प्रकार लोड चैकिंग की आड़ में लाखों रुपए की रिश्वत चल रही है । बाकी जगह पर भी इस तरह हो रहा होगा । 20, 20 साल की मोटरें टियूबवैलों की तथा फैक्ट्रियों की लगी हुई हैं परन्तु अब उनको पैनलटी देने को कहा जा रहा है । फिर मैं समझता हूं कि कन्ज़्यूमर का इस में कोई कसूर नहीं है । वह बाज़ार में 5 हार्स पावर की मोटर लेने जाता है । उस की नम्बर प्लेट गलत होती है तो 5 की जगह 4 की भी मोटर आ सकती और ज़्यादा की भी बाज़ार वाला उसे दे सकता है । उसको तो कोई समझ नहीं होती । इस लिए मैं अर्ज़ करूंगा कि मोटरों की सेल को रैगुलराईज़ कर दिया जाए परन्तु कन्ज़्यूमर पर पैनलटी न डाली जाए नहीं तो रिश्वत बढ़ जाएगी तथा लोगों के काम रुक जाएंगे । मैं चाहता हूं कि इस बारे में एक कमेटी मुकर्रर कर दी जाए जो कि पब्लिक की शिक़ायतें सुने तथा उनको दूर करे । इतना कह कर मैं आप की आज्ञा लेता हूं ।

ਚੌਧਰੀ ਰਾਮ ਸਿੰਘ : (ਪਠਾਨਕੋਟ) ਡਿਪਟੀ ਸਪੀਕਰ ਸਾਹਿਬ, ਅਜ ਇਥੇ ਜਿਨ੍ਹਾਂ ਡਿਮਾਂਡਜ਼ ਤੇ ਬਹਿਸ ਹੋ ਰਹੀ ਹੈ ਉਹ ਹਨ ਪਾਵਰ ਔਰ ਇਰੀਗੇਸ਼ਨ ਅਤੇ ਇਨ੍ਹਾਂ ਨਾਲ ਪੰਜਾਬ ਦੀ ਪਰਾਸਪੈਰਿਟੀ ਦਾ ਸਬੰਧ ਹੈ । ਪੰਜਾਬ ਜ਼ਰਾਇਤੀ ਤੌਰ ਤੇ ਹਿੰਦੁਸਤਾਨ ਵਿਚ ਇਕ ਪਰੋਡਕਟਿਵ ਸਟੇਟ ਹੈ ਔਰ ਪੈਦਾਵਾਰ ਜ਼ਿਆਦਾ ਕਰਨ ਵਾਸਤੇ ਬਿਜਲੀ ਦੀ ਬਹੁਤ ਜ਼ਰੂਰਤ ਹੈ । ਸਰਕਾਰ ਨੇ ਆਪਣੀ ਡਿਮਾਂਡ ਵਿਚ ਇਹ ਗਲ ਰਖੀ ਹੈ ਕਿ ਇਸ ਵੇਲੇ 149 ਦੇ ਕਰੀਬ ਮੈਗਾਵਾਟ ਬਿਜਲੀ ਘਟ ਰਹੇਗੀ । 1972-73 ਵਿਚ 544 ਮੈਗਾਵਾਟ ਬਿਜਲੀ ਘਟੇਗੀ ਅਤੇ 77-78 ਵਿਚ 1180 ਮੈਗਾ ਵਾਟ ਬਿਜਲੀ ਘਟੇਗੀ । ਇਨ੍ਹਾਂ ਹਾਲਾਤ ਵਿਚ ਪੰਜਾਬ ਸਰਕਾਰ ਨੇ ਕੁਝ ਨਵੇ ਸੁਝਾਉ ਦਿੱਤੇ ਹਨ ਜਿਵੇਂ ਕਿ ਥੀਨ ਡੈਮ, ਸਤਲੁਜ ਪਰਾਜੈਕਟ, ਬਠਿੰਡਾ ਥਰਮਲ ਪਰਾਜੈਕਟ ਅਤੇ ਹੋਰ ਦੂਸਰੇ ਪਰਾਜੈਕਟਾਂ ਬਾਰੇ ਦਸਿਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਪਾਕਿਸਤਾਨ ਦੀ ਹਿੰਦੁਸਤਾਨ ਨਾਲ 1960 ਵਿਚ ਟਰੀਟੀ ਹੋਈ ਸੀ, ਤਾਂ ਉਸ ਦੇ ਅਧਾਰ ਉਤੇ ਸਾਨੂੰ ਇਹ ਥੀਨ ਡੈਮ 31-3-1970 ਤਕ ਕੰਪਲੀਟ ਕਰ ਲੈਣਾ ਚਾਹੀਦਾ ਸੀ । ਲੇਕਿਨ ਅਜ ਇਹ ਗਲ ਜ਼ਰੂਰ ਕਹੀ ਜਾਂਦੀ ਹੈ ਕਿ ਭਾਰਤ ਸਰਕਾਰ ਨੇ ਇਨ੍ਹਾਂ ਨੂੰ ਇਸ ਬਾਰੇ ਕਲੀਰਿੰਗ ਚਿਟ ਨਹੀਂ ਦਿੱਤੀ ਹੈ । ਲੇਕਿਨ ਮੈਂ ਇਥੇ, ਡਿਪਟੀ ਸਪੀਕਰ ਸਾਹਿਬ, ਇਹ ਚੀਜ਼ ਯਾਦ ਦਿਲਾਉਂਦਾ ਹਾਂ ਕਿ ਜਿਸ ਵੇਲੇ ਸਤਲੁਜ ਪਰਾਜੈਕਟ ਬਨਾਉਣ ਲਗੇ ਤਾਂ ਉਸ ਲਈ ਭਾਰਤ ਸਰਕਾਰ ਨੇ 18 ਲਖ ਰੁਪਿਆ ਦਿੱਤਾ ਸੀ ਅਤੇ ਉਸ ਵੇਲੇ ਪੰਜਾਬ ਸਰਕਾਰ ਨੇ ਉਸ ਪਰਾਜੈਕਟ ਨੂੰ ਚਾਲੂ ਕਰ ਦਿਤਾ ਸੀ । ਪੰਜਾਬ ਸਰਕਾਰ ਨੇ 5 ਲਖ ਰੁਪਿਆ ਥੀਨ ਡੈਮ ਦੀ ਇਨਵੈਸਟੀਗੇਸ਼ਨ ਵਾਸਤੇ ਰਖ ਦਿਤਾ । ਇਨਵੈਸਟੀਗੇਸ਼ਨ

[ਚੌਧਰੀ ਰਾਮ ਸਿੰਘ]

ਕਰਨੀ ਜ਼ਰੂਰੀ ਹੈ । ਚੰਦ ਦਿਨ ਹੋਏ ਇਰੀਗੇਸ਼ਨ ਮਨਿਸਟਰ ਸਾਹਿਬ ਨੇ ਹਾਊਸ ਵਿਚ ਇਹ ਕਿਹਾ ਸੀ ਕਿ ਥੀਨ ਡੈਮ ਨੂੰ ਬਨਾਉਣ ਵਾਸਤੇ ਇਧਰੋਂ ਉਧਰੋਂ ਦਸ ਕਰੋੜ ਰੁਪਏ ਦਾ ਇੰਤਜ਼ਾਮ ਕਰਕੇ ਅਸੀਂ ਇਸ ਡੈਮ ਦਾ ਬਨਾਉਣਾ ਚਾਲੂ ਕਰ ਦਿਆਂਗੇ । ਜੇ ਇਹ ਆਪਣੇ ਆਪ ਫੰਡਜ਼ ਪਰੋਵਾਈਡ ਕਰਕੇ ਥੀਨ ਡੈਮ ਬਨਾਉਣਾ ਚਾਹੁੰਦੇ ਹਨ, ਤਾਂ ਇਸ ਵਿਚ ਭਾਰਤ ਸਰਕਾਰ ਨੂੰ ਕੀ ਇਤਰਾਜ਼ ਹੋ ਸਕਦਾ ਹੈ ? ਲੇਕਿਨ ਇਹ ਇਸ ਇਸ਼ੂ ਨੂੰ ਪਰਾਪੇਗੰਡੇ ਦੇ ਤੌਰ ਤੇ ਇਸਤੇਮਾਲ ਕਰਨਾ ਚਾਹੁੰਦੇ ਹਨ । ਇਹ ਠੀਕ ਹੈ ਕਿ ਪੰਜਾਬ ਸਰਕਾਰ ਹੋਰ ਵੀ ਕਰੋੜਾਂ ਰੁਪਏ ਸੈਂਟਰ ਤੋਂ ਲੈਂਦੀ ਹੈ ਅਤੇ ਇਸ ਤੋਂ ਵਧ ਰੁਪਏ ਲੈਣ ਦਾ ਯਤਨ ਕਰਨਾ ਚਾਹੀਦਾ ਹੈ । ਜਦੋਂ ਇਸ਼ ਗਲ ਦਾ ਪਤਾ ਸੀ ਕਿ ਥੀਨ ਡੈਮ ਬਣਨ ਨਾਲ 8 ਲਖ ਏਕੜ ਜ਼ਮੀਨ ਸੈਰਾਬ ਹੋਏਗੀ ਅਤੇ 342 ਮੈਗਾਵਾਟ ਬਿਜਲੀ ਇਸ ਨਾਲ ਪੈਦਾ ਹੋਏਗੀ ਤਾਂ ਇਹ ਸਾਡੇ ਲਈ ਜ਼ਰਰੀ ਸੀ ਕਿ ਅਸੀਂ ਇਹ ਦਸ ਕਰੋੜ ਰੁਪਏ, ਜੋ ਕਿ ਸਾਡੀ ਸਟੇਟ ਵਾਸਤੇ ਕੋਈ ਵਡੀ ਰਕਮ ਨਹੀਂ ਹੈ, ਦਾ ਪਰਬੰਧ ਕਰਦੇ । ਇਸ ਡੈਮ ਦੇ ਬਨਣ ਨਾਲ ਪੰਜਾਬ ਵਿਚ ਬਿਜਲੀ ਜ਼ਿਆਦਾ ਹੋਵੇਗੀ, ਪਾਣੀ ਜ਼ਿਆਦਾ ਮਿਲੇਗਾ, ਜਿਸ ਨਾਲ ਇਥੇ ਦੀ ਇੰਡਸਟਰੀ ਔਰ ਐਗਰੀਕਲਚਰ ਦੀ ਤਰਕੀ ਹੋਵੇਗੀ । ਲੇਕਿਨ ਇਸ ਨੂੰ ਪਰਾਪੇਗੰਡੇ ਦਾ ਸਾਧਨ ਬਨਾਉਣਾ ਪੰਜਾਬ ਸਰਕਾਰ ਨੂੰ ਸ਼ੋਭਾ ਨਹੀਂ ਦਿੰਦਾ ।

ਜਿਸ ਤਰ੍ਹਾਂ ਚੰਡੀਗੜ੍ਹ ਦਾ ਸਾਡੇ ਲਈ ਜ਼ਰੂਰੀ ਮਸਲਾ ਸੀ, ਉਸੇ ਤਰ੍ਹਾਂ ਇਹ ਥੀਨ ਡੈਮ ਦਾ ਮਸਲਾ ਵੀ ਸਾਡੇ ਲਈ ਬੜਾ ਜ਼ਰੂਰੀ ਹੈ । ਇਹ ਪੰਜਾਬ ਦਾ ਇੰਡੀਪੈਂਡੈਂਟ ਡੈਮ ਬਣੇਗਾ । ਭਾਖੜਾ ਡੈਮ ਹੈ ਜਾਂ ਫੇਰ ਬਿਆਸ ਪਰਾਜੈਕਟ ਹੈ, ਇਹ ਤਿੰਨ ਸੂਬਿਆਂ ਦੇ ਸਾਂਝੇ ਹਨ । ਇਸ ਥੀਨ ਡੈਮ ਦੇ ਪੰਜਾਬ ਦਾ ਆਪਣਾ ਇੰਡੀਪੈਂਡੈਂਟ ਡੈਮ ਹੋਣ ਦੇ ਨਾਤੇ, ਇਸ ਨੇ ਸਿਰਫ਼ ਪੰਜਾਬ ਨੂੰ ਹੀ ਬਿਜਲੀ ਅਤੇ ਪਾਣੀ ਸਪਲਾਈ ਕਰਨਾ ਸੀ । ਇਸ ਦੇ ਨਾਲ ਪੰਜਾਬ ਦੀ ਪਰਾਸਪੈਰਿਟੀ ਹੋਣੀ ਸੀ । ਪੰਜਾਬ ਸਰਕਾਰ ਨੂੰ ਇਸ ਲਈ ਸਾਰੀਆਂ ਪਾਰਟੀਆਂ ਦਾ ਤੁਆਵਨ ਲੈਣਾ ਚਾਹੀਦਾ ਸੀ । ਇਸ ਨੂੰ ਇੰਪਾਰਟੈਂਟ ਇਸ਼ੂ ਬਨਾਉਣਾ ਚਾਹੀਦਾ ਸੀ । ਮੈਂ ਕਹਿੰਦਾ ਹਾਂ ਕਿ ਅਗਰ ਭਾਰਤ ਸਰਕਾਰ ਇਸ ਬਾਰੇ ਕਲੀਅਰਿੰਗ ਚਿਟ ਨਾਂ ਦਿੰਦੀ, ਤਾਂ ਵੀ ਪੰਜਾਬ ਸਰਕਾਰ ਨੂੰ ਇਸ ਡੈਮ ਨੂੰ ਆਪਣੇ ਆਪ ਬਨਾਉਣਾ ਚਾਹੀਦਾ ਸੀ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਥੇ ਟਿਊਬਵੈਲਾਂ ਨੂੰ ਤਿੰਨ ਤਿੰਨ ਸਾਲ ਹੋ ਗਏ ਹਨ, ਉਨ੍ਹਾਂ ਨੂੰ ਬਿਜਲੀ ਨਹੀਂ ਮਿਲੀ ਹੈ । ਅਗਰ ਬਿਜਲੀ ਜ਼ਿਆਦਾ ਹੁੰਦੀ ਤਾਂ ਜ਼ਿਆਦਾ ਟਿਊਬਵੈਲਾਂ ਨੂੰ ਬਿਜਲੀ ਦੇ ਕਨੈਕਸ਼ਨ ਮਿਲਦੇ, ਜਿਸ ਨਾਲ ਜ਼ਿਆਦਾ ਜ਼ਰਈ ਪੈਦਾਵਾਰ ਹੁੰਦੀ । ਇਸ ਲਈ ਇਸ ਡੈਮ ਦਾ ਬਨਣਾ ਬਹੁਤ ਜ਼ਰੂਰੀ ਹੈ । ਇਹ ਕਹਿੰਦੇ ਹਨ ਕਿ ਫੰਡਜ਼ ਨਹੀਂ ਹਨ । ਮੈਂ, ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਫੰਡਜ਼ ਮੌਜੂਦ ਹਨ । ਇਸ ਬਾਰੇ ਮੈਂ ਐਗਜ਼ੈਂਪਲ ਦਿੰਦਾ ਹਾਂ । ਇਨ੍ਹਾਂ ਨੇ ਤਲਵਾੜੇ ਲਈ ਪੰਜ ਛੇ ਕਰੋੜ ਰੁਪਏ ਦਾ ਸਟੀਲ ਖਰੀਦਿਆ । ਜਿਸ ਵੇਲੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਇਨ੍ਹਾਂ ਕੋਲ ਪੈਸੇ ਘਟ ਗਏ, ਤਾਂ ਇਨ੍ਹਾਂ ਨੇ ਸਟੀਲ ਨੂੰ ਬਾਹਰਲੀਆਂ ਸਟੇਟਾਂ ਨੂੰ ਵੇਚਿਆ । ਇਹ ਸਟੀਲ ਹਿਮਾਚਲ ਨੂੰ ਵੇਚਿਆ ਗਿਆ । ਇਸ ਨਾਲ ਮੁਲਾਜ਼ਮਾਂ ਨੂੰ ਤਨਖਾਹਾਂ ਦਿਤੀਆਂ ਗਈਆਂ । ਤਿੰਨ ਚਾਰ ਕਰੋੜ ਰੁਪਏ ਦਾ ਸਟੀਲ ਉਥੇ ਪਿਆ ਹੈ, ਜੋ ਕਿ ਸੜ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਅਫਸਰਾਂ ਦੀ, ਜਿਨ੍ਹਾਂ ਨੇ ਗ਼ਲਤ ਪਲੈਨਿੰਗ ਕੀਤੀ, ਇਨਕੁਆਇਰੀ ਹੋਣੀ ਚਾਹੀਦੀ ਹੈ । ਇਹ ਐਨੀ ਵਡੀ ਰਕਮ

ਹੈ । ਇਸ ਦੀ ਕੋਈ ਪਰਵਾਹ ਨਹੀਂ ਕੀਤੀ ਗਈ । ਐਨੇ ਰੁਪਏ ਦਾ ਇਹ ਸਟੀਲ ਖਰੀਦ ਲਿਆ ਗਿਆ, ਉਨ੍ਹਾਂ ਨੇ ਇਹ ਗਲਤੀ ਕੀਤੀ । ਕਰੋੜਾਂ ਰੁਪਏ ਦੀ ਉਥੇ ਮਸ਼ੀਨਰੀ ਖਰੀਦੀ ਗਈ । ਡੋਂਪਰਜ਼, ਜੋ ਕਿ ਇਕ 50/60 ਲਖ ਰੁਪਏ ਦਾ ਆਉਂਦਾ ਹੈ, ਉਹ ਖਰੀਦੇ ਗਏ । ਉਹ ਸਿਰਫ ਫਾਰਨ ਪੇਡ ਮਸ਼ੀਨਰੀ ਹੈ । ਉਸ ਦੇ ਪੁਰਜ਼ੇ ਮੰਗਵਾਉਣ ਦਾ ਯਤਨ ਨਾ ਕਰਕੇ, ਇਹ ਕਰੋੜਾਂ ਰੁਪਏ ਦਾ ਸਾਮਾਨ ਜ਼ਾਇਆ ਕਰ ਦਿਤਾ । ਇਸ ਬਾਰੇ, ਡਿਪਟੀ ਸਪੀਕਰ ਸਾਹਿਬ, ਇਕ ਕਮੇਟੀ ਬਨਾਉਣੀ ਚਾਹੀਦੀ ਹੈ, ਜੋ ਇਸ ਸਾਰੇ ਮਾਮਲੇ ਨੂੰ ਦੇਖੇ ਔਰ ਪੂਰੀ ਤਰ੍ਹਾਂ ਨਾਲ ਜਾਂਚ ਪੜਤਾਲ ਕਰੇ । ਜੇ ਇਸ ਦੇ ਪੁਰਜ਼ੇ ਆਦਿ ਮੰਗਵਾਕੇ ਇਹ ਮਸ਼ੀਨਰੀ ਠੀਕ ਕਰ ਲਈ ਜਾਂਦੀ ਤਾਂ ਇਹ ਥੀਨ ਡੈਮ ਵਿਚ ਇਸਤੇਮਾਲ ਹੋ ਸਕਦੀ ਸੀ । ਪਾਈਪ ਤਲਵਾੜੇ ਪਏ ਸੜ ਰਹੇ ਹਨ । ਉਹ ਵੀ ਰੁਪਿਆ ਜ਼ਾਇਆ ਕੀਤਾ ਹੈ । ਇਹ ਗ਼ਲਤ ਪਲੈਨਿੰਗ ਹੋਣ ਕਾਰਨ ਹੋਇਆ ਹੈ । ਇਹ ਇੰਜ਼ਨੀਅਰ ਬੜੇ ਮਾਨਯੋਗ ਹਨ । ਇਨ੍ਹਾਂ ਨੇ ਪੰਜਾਬ ਦੀ ਉਸਾਰੀ ਲਈ, ਹਿੰਦੁਸਤਾਨ ਦੀ ਉਸਾਰੀ ਲਈ, ਚੰਗੇ ਕੰਮ ਕੀਤੇ ਹਨ, ਲੇਕਿਨ ਜਿਨ੍ਹਾਂ ਨੇ ਇਹ ਬੁਰੇ ਕੰਮ ਕੀਤੇ ਹਨ, ਇਹ ਗਲਤ ਪਲੈਨਿੰਗ ਕਰਕੇ ਲੋਕਾਂ ਦਾ ਕਰੋੜਾਂ ਰੁਪਿਆ ਬਰਬਾਦ ਕੀਤਾ ਹੈ, ਉਨ੍ਹਾਂ ਦੀ ਡੇਫੀਨਿਟ ਇਨਕੁਆਇਰੀ ਹੋਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਹਾਈਡਲ ਪਰਾਜੈਕਟਾਂ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਇਨ੍ਹਾਂ ਵਿਚੋਂ ਇਕ ਮਲਕਪੁਰ ਦਾ ਹੈ । ਇਹ ਇਸ ਸਾਲ ਨਵੰਬਰ ਵਿਚ ਕੰਪਲੀਟ ਹੋ ਜਾਏਗਾ । ਇਸ ਤੇ 13 ਕਰੋੜ ਰੁਪਏ ਦਾ ਵਾਧੂ ਖਰਚ ਹੋ ਰਿਹਾ ਹੈ । ਇਹ ਜਨਰੇਟਰ ਲਗਾਉਣ ਦੀ ਗਲਤ ਪਲੈਨਿੰਗ ਕਰਕੇ ਹੋ ਰਿਹਾ ਹੈ । ਉਥੇ ਦੋ ਜਨਰੇਟਰ ਲਗਾਉਣੇ ਸੀ ਪਰ ਇਨ੍ਹਾਂ ਨੇ ਲਗਾਇਆ ਇਕ ; ਫੇਰ ਉਥੇ ਕੁਝ ਜਗ੍ਹਾ ਰਖਣੀ ਸੀ, ਉਹ ਨਾ ਰਖੀ । ਇਸ ਤਰ੍ਹਾਂ ਕਰਕੇ ਜਨਰੇਟਰ ਦੁਬਾਰਾ ਲਗਾਣ ਵਿਚ ਤੇ ਹੋਰ ਅਜਿਹਾ ਦੁਬਾਰਾ ਕੰਮ ਕਰਨ ਵਿਚ 13 ਕਰੋੜ ਰੁਪਿਆ ਡਬਲ ਖਰਚ ਹੋਇਆ । ਇਹ ਸਾਰਾ ਕੰਮ ਗਲਤ ਪਲੈਨਿੰਗ ਕਰਕੇ ਹੋਇਆ । ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ । ਜਦ ਇਨ੍ਹਾਂ ਨੂੰ ਪਤਾ ਸੀ ਕਿ ਗੰਗੂਵਾਲ (ਵਿਘਨ) ਵਿਚ ਇਕ ਜਨਰੇਟਰ ਹੈ । ਫ਼ਿਰ ਇਕ ਹੋਰ ਜਨਰੇਟਰ ਲਗਾਇਆ ਗਿਆ ਤਾਂ ਫੇਰ ਇਨ੍ਹਾਂ ਨੇ ਇਥੇ ਗਲਤ ਪਲੈਨਿੰਗ ਕਿਉਂ ਕੀਤੀ, ਜਿਸ ਨਾਲ ਕਿ ਐਨਾ ਲਾਸ ਹੋਇਆ ਹੈ । ਜੁਆਇੰਟਸ ਲਗਣ ਬਾਰੇ ਵੀ ਇਨ੍ਹਾਂ ਨੇ ਉਥੇ ਕੂਪਨ ਦਾ ਇਸਤੇਮਾਲ ਕੀਤਾ ਜਦ ਕਿ ਭਾਖੜਾ ਡੈਮ ਵਿਚ ਬਲੈਕ ਸ਼ੀਟਸ ਨਾਲ ਜੁਆਇੰਟਸ ਲਗਾਏ ਗਏ ਹਨ । ਸਾਡੇ ਪੰਜਾਬ ਦੇ ਇੰਜਨੀਅਰ ਭਾਖੜਾ ਡੈਮ ਲਈ, ਟਰੇਨਿੰਗ ਲੈਣ ਵਾਸਤੇ ਰਸ਼ੀਆ ਵਿਚ ਗਏ, ਰਸ਼ੀਆ ਦੇ ਇੰਜਨੀਅਰਜ਼ ਵੀ ਇਥੇ ਆਏ । ਸਾਡੇ ਇੰਜਨੀਅਰਜ਼ ਨੂੰ ਉਨ੍ਹਾਂ ਕੋਲੋਂ ਇਸ ਬਾਰੇ ਪੁਛ ਲੈਣਾ ਚਾਹੀਦਾ ਸੀ । ਪਰ ਇਨ੍ਹਾਂ ਨੇ ਇਸ ਤਰ੍ਹਾਂ ਨਹੀਂ ਕੀਤਾ । ਹਾਈਡਲ ਪਰਾਜੈਕਟ ਜੇ ਰਸ਼ੀਅਨ ਪੈਟਰਨ ਤੇ ਬਣਦਾ ਤਾਂ ਲਖਾਂ ਰੁਪਏ ਬਚਾਏ ਜਾ ਸਕਦੇ ਸੀ । ਇੰਜਨੀਅਰਜ਼ ਨੂੰ ਲੋਕਾਂ ਦਾ ਰੁਪਿਆ ਬਰਬਾਦ ਨਹੀਂ ਸੀ ਕਰਨਾ ਚਾਹੀਦਾ ।

ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਉਥੇ ਕਰੇਨਜ਼ ਵਗੈਰਾ ਖਰੀਦੀਆਂ ਗਈਆਂ । ਇਹ 25/30 ਲਖ ਰੁਪਏ ਦੀਆਂ ਸਨ । ਇਹ ਉਥੇ ਪਈਆਂ ਸੜ ਰਹੀਆਂ ਹਨ । ਇਹ ਪਲੈਨਿੰਗ ਹੈ, ਇਸ ਡਿਪਰਾਟਮੈਂਟ ਦੀ । ਇਸ ਤਰ੍ਹਾਂ ਨਾਲ ਕਰੋੜਾਂ ਰੁਪਿਆ ਬਚਾਕੇ ਥੀਨ ਡੈਮ ਤੇ ਖਰਚ ਹੋ ਸਕਦਾ ਸੀ । ਇਹ ਸਾਡਾ ਇੰਡੀਪੈਂਡੈਂਟ ਡੈਮ ਬਣਦਾ ਜਿਸ ਨਾਲ ਸਾਡੇ ਕਈ ਮਸਲੇ ਹਲ ਹੁੰਦੇ । ਸਾਨੂੰ ਇਸ ਨੂੰ ਪੰਜਾਬ ਦਾ ਸਾਂਝਾ ਇਸ਼ੂ ਬਨਾਉਣਾ ਚਾਹੀਦਾ ਸੀ । ਵਾਧੂ ਖਰਚ ਨੂੰ ਬੰਦ ਕਰਕੇ,

[ਚੌਧਰੀ ਰਾਮ ਸਿੰਘ]

ਮਸ਼ੀਨਰੀ ਨੂੰ ਠੀਕ ਕਰਕੇ ਥੀਨ ਡੈਮ ਵਿਚ ਇਸਤੇਮਾਲ ਕਰਨਾ ਚਾਹੀਦਾ ਸੀ, ਤਾਂ ਕਿ ਜੋ ਪਾਣੀ ਹੁਣ ਪਾਕਿਸਤਾਨ ਨੂੰ ਜਾ ਰਿਹਾ ਹੈ ਉਹ ਇਥੇ ਇਸਤੇਮਾਲ ਹੋ ਸਕਦਾ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਅਰਜ਼ ਬਿਜਲੀ ਦੇ ਫੇਲ੍ਹ ਹੋਣ ਬਾਰੇ ਕਰਨੀ ਚਾਹੁੰਦਾ ਹਾਂ। ਇਥੇ ਬਹੁਤ ਵਾਰੀ ਕਿਹਾ ਗਿਆ ਹੈ ਕਿ ਬਿਜਲੀ ਫੇਲ੍ਹ ਹੋ ਜਾਂਦੀ ਹੈ। ਇਸ ਦੇ ਬਾਰੇ ਮੇਰੀ ਅਰਜ਼ ਹੈ ਕਿ 25-25, 30-30 ਸਾਲ ਦੀਆਂ ਲਾਈਨਾਂ ਲਗੀਆਂ ਹੋਈਆਂ ਹਨ, ਉਨ੍ਹਾਂ ਨੂੰ ਰਿਪਲੇਸ ਨਹੀਂ ਕੀਤਾ। ਅਗਰ ਇਹ ਰਿਪਲੇਸ ਕਰਦੇ ਰਹਿੰਦੇ ਤਾਂ ਇਹ ਖ਼ਰਾਬੀਆਂ ਨਾ ਹੁੰਦੀਆਂ। ਜੇ ਇੰਡਸਟਰੀਜ਼ ਵਿਚ ਖ਼ਰਾਬੀ ਹੁੰਦੀ ਹੈ ਤਾਂ ਇਸ ਵਾਸਤੇ ਅਤੇ ਜੇ ਕੋਈ ਹੋਰ ਖ਼ਰਾਬੀ ਹੁੰਦੀ ਹੈ ਤਾਂ ਵੀ ਇਸੇ ਕਾਰਨ ਹੀ ਹੁੰਦੀ ਹੈ। ਮੇਰੀ ਅਰਜ਼ ਹੈ ਕਿ ਜੇ ਅੱਜ ਇਹ ਪੁਰਾਣੀਆਂ ਲਾਈਨਾਂ ਰਿਪਲੇਸ ਕਰ ਦੇਣ ਤਾਂ ਅੱਜ ਜਿਹੜੀ ਬਿਜਲੀ ਫੇਲ੍ਹ ਹੁੰਦੀ ਹੈ ਉਹ ਠੀਕ ਹੋ ਸਕਦੀ ਹੈ ਔਰ ਫਿਰ ਫੇਲ ਨਹੀਂ ਹੋ ਸਕਦੀ। ਲੇਕਿਨ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਬੇਹਤਰੀ ਵਲ ਇਹ ਕੋਈ ਤਵਜੋ ਨਹੀਂ ਦੇਣਾ ਚਾਹੁੰਦੇ। ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਘਰੇਲੂ ਕਨੈਕਸ਼ਨਾਂ ਦਾ ਸਬੰਧ ਹੈ ਉਸ ਬਾਰੇ ਮੇਰੀ ਅਰਜ਼ ਹੈ ਕਿ ਉਨ੍ਹਾਂ ਲੋਕਾਂ ਨੂੰ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ। ਲੇਕਿਨ ਉਨ੍ਹਾਂ ਵਿਚਾਰਿਆਂ ਨੂੰ ਕੋਈ ਰਿਆਇਤ ਨਹੀਂ ਮਿਲਦੀ ਔਰ ਬਿਜਲੀ ਜਲਾਉਣ ਦੇ ਰੇਟ ਵੱਧਦੇ ਹੀ ਜਾ ਰਹੇ ਹਨ। ਮੈਂ ਸਮਝਦਾ ਹਾਂ ਕਿ ਗਰੀਬ ਆਦਮੀਆਂ ਨੂੰ ਜਿਹੜੇ ਕਿ 5-10 ਯੂਨਿਟ ਜਾਂ 15 ਯੂਨਿਟ ਬਿਜਲੀ ਜਲਾਉਂਦੇ ਹਨ ਉਨ੍ਹਾਂ ਨੂੰ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ਤਾਕਿ ਉਹ ਲੋਕ ਵੀ ਸਮਝਣ ਕਿ ਸਰਕਾਰ ਸਾਨੂੰ ਵੀ ਰਿਆਇਤ ਦੇਣਾ ਚਾਹੁੰਦੀ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਹਾਲਤਾਂ ਵਿਚ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਥੀਨ ਡੈਮ ਨੂੰ ਜਲਦੀ ਤੋਂ ਜਲਦੀ ਚਾਲੂ ਕੀਤਾ ਜਾਵੇ ਔਰ ਜਿਹੜੀ ਮਸ਼ੀਨਰੀ ਵਗੈਰਾ ਹੈ ਉਸ ਦੀ ਮੁਰੰਮਤ ਕਰਾਉਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਮੈਂ ਇਸ ਬਜਟ ਨੂੰ ਅੱਛਾ ਬਜਟ ਨਹੀਂ ਕਹਿ ਸਕਦਾ। (ਘੰਟੀ) (ਵਿਘਨ)

ਡਿਪਟੀ ਸਪੀਕਰ ਸਾਹਿਬ, ਇਰੀਗੇਸ਼ਨ ਦੇ ਮੁਤਲਕ ਮੈਂ ਇਕ ਦੋ ਗਲਾਂ ਕਹਿਣੀਆਂ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਡੀਪ ਟਿਊਬਵੈਲਜ਼ ਵਾਸਤੇ 40 ਲੱਖ ਰੁਪਿਆ ਰਖਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸ਼੍ਰੀ ਕ੍ਰਿਸ਼ਨ ਲਾਲ, ਜੋ ਹੁਣ ਮਨਿਸਟਰੀ ਵਿਚ ਨਹੀਂ ਹਨ, ਨੇ ਹਿੱਲੀ ਏਰੀਆ ਨੂੰ ਜਾਣ ਬੁਝ ਕੇ ਇਗਨੋਰ ਕੀਤਾ। 8-10 ਟਿਊਬਵੈਲ ਦੇ ਕਨੈਕਸ਼ਨ ਵਾਸਤੇ ਦਰਖਾਸਤਾਂ ਬਲਾਕ ਸੰਮਤੀ ਨੇ ਭੇਜੀਆਂ ਪਰ ਉਨ੍ਹਾਂ ਨੂੰ ਕਨੈਕਸ਼ਨ ਕਿਉਂ ਨਹੀਂ ਦਿੱਤਾ ਜਾਂਦਾ। ਇਸ ਸਰਕਾਰ ਨੂੰ ਉਸ ਇਲਾਕੇ ਦਾ ਖਿਆਲ ਰਖਣਾ ਚਾਹੀਦਾ ਹੈ। ਜਦੋਂ, ਡਿਪਟੀ ਸਪੀਕਰ ਸਾਹਿਬ, ਹਿਮਾਚਲ, ਪੰਜਾਬ ਆਦਿ ਬਣਿਆ, ਚੱਕੀ ਦਰਿਆ ਦਾ ਜੋ ਪਾਣੀ ਲਗਦਾ ਸੀ ਉਹ ਸਾਡਾ ਸੀ। ਮੈਂ ਆਪਣੇ ਸੂਬੇ ਬਾਰੇ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੇ ਕੋਈ ਲਿਫਟ ਇਰੀਗੇਸ਼ਨ ਸਕੀਮ ਨਹੀਂ ਚਾਲੂ ਕੀਤੀ। (ਵਿਘਨ) ਉਹ ਲਿਫਟ ਇਰੀਗੇਸ਼ਨ ਰਾਹੀਂ ਆਪਣਾ ਪਾਣੀ ਲੈ ਗਏ। ਸਾਡੀ ਸਰਕਾਰ ਨੂੰ ਵੀ ਲਿਫਟ ਇਰੀਗੇਸ਼ਨ ਸਕੀਮ ਰਾਹੀਂ ਚੱਕੀ ਦਰਿਆ ਤੋਂ ਪਾਣੀ ਵਰਤਣਾ ਚਾਹੀਦਾ ਹੈ ਔਰ ਉਨ੍ਹਾਂ ਲੋਕਾਂ ਨੂੰ ਪਹਾੜੀ ਇਲਾਕਿਆਂ ਵਿਚ ਪਾਣੀ ਦੀ ਸਹੂਲਤ ਦਿੱਤੀ ਜਾਵੇ ਤਾਂ ਕਿ ਉਹ ਪਹਾੜੀ ਏਰੀਏ ਵਾਲੇ, ਜਿਥੇ ਕਿ ਫਲਾਂ ਦੀ ਬੜੀ ਉਪਜਾਊ ਜ਼ਮੀਨ ਹੈ, ਜ਼ਿਆਦਾ ਤੋਂ ਜ਼ਿਆਦਾ ਪੈਦਾਵਾਰ ਕਰ ਸਕਣ।

ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਮੈਂ ਚੈਕ ਡੈਮ ਵਾਸਤੇ ਕਰਨੀ ਚਾਹੁੰਦਾ ਹਾਂ। (ਵਿਘਨ) ਉਥੇ ਮਨਿਸਟਰ ਸਾਹਿਬ ਗਏ ਸੀ, ਉਨ੍ਹਾਂ ਨੇ ਉਹ ਜ਼ਮੀਨ ਦੇਖੀ ਸੀ। ਮੇਰੀ ਅਰਜ਼ ਹੈ ਕਿ ਉਨ੍ਹਾਂ ਲੋਕਾਂ ਨੂੰ ਰੁਪਇਆ ਲੋਨ ਦੇ ਤੌਰ ਤੇ ਦਿੱਤਾ ਜਾਵੇ ਤਾਂ ਕਿ ਉਹ ਲੋਕ ਬਰਸਾਤੀ ਪਾਣੀ ਨੂੰ ਰੋਕ ਕੇ ਆਪਣੀ-ਆਪਣੀ 25-25, 30-30 ਏਕੜ ਜ਼ਮੀਨ ਨੂੰ ਸੈਰਾਬ ਕਰ ਸਕਣ। (ਵਿਘਨ)

Mr. Deputy Speaker : Please take your seat now. (Interruption)

ਚੌਧਰੀ ਰਾਮ ਸਿੰਘ : ਡਿਪਟੀ ਸਪੀਕਰ ਸਾਹਿਬ, ਇਕ ਮਿੰਟ ਜੀ-- — —

Mr. Deputy Speaker : Please take your seat.

ਚੌਧਰੀ ਰਾਮ ਸਿੰਘ : * * * * * * * * * * *

Mr. Deputy Speaker : This should not be taken down.

ਸਰਦਾਰ ਪਰਤਾਪ ਸਿੰਘ ਕਾਦੀਆਂ (ਕੁਮਕਲਾਂ) ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਮੰਗਾਂ ਤੇ ਅੱਜ ਵਿਚਾਰ ਹੋ ਰਹੀ ਹੈ ਮੈਂ ਸਮਝਦਾ ਹਾਂ ਕਿ ਐਗਰੀਕਲਚਰਲ ਸੂਬੇ ਵਿਚ ਇਹ ਸਭ ਤੋਂ ਜ਼ਿਆਦਾ ਮਹੱਤਤਾ ਰਖਦੀਆਂ ਹਨ। ਇਨ੍ਹਾਂ ਦੇ ਬਾਰੇ ਵਿਚ ਮੇਨਟੀਨੈਂਸ ਰਿਪੇਅਰ ਆਦਿ ਦੇ ਜਿਹੜੇ ਇਸ ਕਿਸਮ ਦੇ ਖਰਚ ਹਨ ਉਨ੍ਹਾਂ ਦੇ ਬਾਰੇ ਮੈਂ ਆਪਣੀ ਸਰਕਾਰ ਨੂੰ ਇਕ ਸੁਝਾਓ ਦੇਣਾ ਚਾਹੁੰਦਾ ਹਾਂ। ਇਸ ਸਦਨ ਦੇ ਵਿਚ ਕਈ ਦੋਸਤਾਂ ਨੇ ਕੁਰੱਪਸ਼ਨ ਦੀਆਂ ਬੜੀਆਂ ਗੱਲਾਂ ਕਹੀਆਂ ਹਨ। ਮੈਂ ਸਮਝਦਾ ਹਾਂ ਕਿ ਇਸ ਚੀਜ਼ ਨੂੰ ਰੋਕਣ ਵਾਸਤੇ ਸਾਨੂੰ ਜ਼ਿਆਦਾ ਯਤਨ ਕਰਨੇ ਚਾਹੀਦੇ ਹਨ। ਮੇਰੀ ਅਰਜ਼ ਹੈ ਕਿ ਕੁਰੱਪਸ਼ਨ ਉਥੇ ਹੀ ਹੁੰਦੀ ਹੈ ਜਿਥੇ ਕਿ ਇਸ ਦਾ ਸਕੋਪ ਹੁੰਦਾ ਹੈ। ਦੂਸਰੀ ਗੱਲ ਇਹ ਹੈ ਕਿ Prevention is always better than cure.

ਇਹ ਜਿਹੜੇ ਖਰਚੇ ਮੈਨਟੀਨੈਂਸ ਦੇ ਹਨ ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਜਲਦੀ ਹੀ ਪ੍ਰਾਸੈਸ ਹੋ ਕੇ ਚਲੇ ਜਾਣੇ ਚਾਹੀਦੇ ਹਨ ਜਿਨ੍ਹਾਂ ਨੇ ਕਿ ਇਨ੍ਹਾਂ ਦਾ ਕੰਮ ਕਰਨਾ ਹੁੰਦਾ ਹੈ। ਡਿਪਟੀ ਸਪੀਕਰ ਸਾਹਿਬ, ਹੁੰਦਾ ਕੀ ਹੈ ਕਿ ਅਸੀਂ ਪਰੋਸੈਸਿੰਗ ਵਿਚ ਬਹੁਤ ਜ਼ਿਆਦਾ ਵਕਤ ਲਾ ਦਿੰਦੇ ਹਾਂ ਅੌਰ ਜਿਨ੍ਹਾਂ ਹਥਾਂ ਵਿਚ ਇਹ ਐਕਚੂਅਲੀ ਜਾ ਕੇ ਖਰਚ ਹੋਣਾ ਹੁੰਦਾ ਹੈ ਉਨ੍ਹਾਂ ਨੂੰ ਇਹ ਬਹੁਤ ਲੇਟ ਜਾਂਦਾ ਹੈ ਅੌਰ ਕਈ ਵਾਰੀ ਤਾਂ ਮਾਰਚ ਦਾ ਮਹੀਨਾ ਆ ਜਾਂਦਾ ਹੈ। ਮੈਂ ਇਸ ਬਾਰੇ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਬਾਸੀ ਸਾਹਿਬ ਨੂੰ ਇਹ ਸੁਝਾਓ ਦਿਆਂਗਾ ਕਿ ਇਹ ਜਲਦੀ ਹੀ ਪਰੋਸੈਸ ਹੋ ਕੇ ਉਨ੍ਹਾਂ ਹੱਥਾਂ ਵਿਚ ਪੈਸਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਕਿ ਇਹ ਖਰਚ ਕਰਨਾ ਹੁੰਦਾ ਹੈ।

(ਇਸ ਵਕਤ ਸ੍ਰੀ ਗਿਆਨ ਚੰਦ ਖਰਬੰਦਾ ਜੋ ਕਿ ਪੈਨਲ ਆਫ ਚੇਅਰਮੈਨ ਦੇ ਮੈਂਬਰ ਹਨ, ਨੇ ਕੁਰਸੀ ਸੰਭਾਲੀ)

*ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।

[ਸਰਦਾਰ ਪਰਤਾਪ ਸਿੰਘ ਕਾਦੀਆਂ]

ਦੂਸਰੀ ਗੱਲ, ਚੇਅਰਮੈਨ ਸਾਹਿਬ, ਮੈਂ ਇਹ ਦਸਣੀ ਚਾਹੁੰਦਾ ਹਾਂ ਕਿ ਡਿਵੀਜ਼ਨਲ ਕੈਨਾਲ ਅਫ਼ਸਰਾਂ ਦੇ ਨਾਲ ਇਕ ਕਮੇਟੀ ਸਬਧੰਤ ਹੋਣੀ ਚਾਹੀਦੀ ਹੈ ਜਿਹੜੀ ਕਿ ਖਰਚ ਹੋਣ ਤੋਂ ਪਹਿਲਾਂ, ਖਰਚ ਦੇ ਦੌਰਾਨ ਔਰ ਖਰਚ ਹੋਣ ਦੇ ਬਾਦ ਦੇਖੇ ਕਿ ਆਇਆ ਇਹ ਠੀਕ ਤਰੀਕੇ ਨਾਲ ਖਰਚ ਹੋਇਆ ਹੈ ਜਾਂ ਨਹੀਂ ? ਚੇਅਰਮੈਨ ਸਾਹਿਬ, ਇਹ ਆਮ ਦੇਖਣ ਵਿਚ ਆਇਆ ਹੈ ਕਿ ਜਿਹੜੇ ਇਹ ਖਰਚ ਹੁੰਦੇ ਹਨ, ਉਨ੍ਹਾਂ ਦੀ ਚੈਕਿੰਗ ਵਾਸਤੇ, ਸੁਪਰਵਿਜ਼ਨ ਵਾਸਤੇ ਜਿਹੜੇ ਅਫ਼ਸਰ ਹੁੰਦੇ ਹਨ, ਉਹ ਆਮ ਤੌਰ ਤੇ ਰਿਸ਼ਵਤ ਵਿਚ ਸਹਾਇਕ ਹੁੰਦੇ ਹਨ ਬਜਾਏ ਇਸ ਦੇ ਕਿ ਉਹ ਰਿਸ਼ਵਤ ਨੂੰ ਰੋਕਣ ਵਿਚ ਸਹਾਇਕ ਹੋਣ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਕਿਸਮ ਦੀ ਇਕ ਕਮੇਟੀ ਜ਼ਰੂਰ ਹੋਣੀ ਚਾਹੀਦੀ ਹੈ ਜਿਹੜੀ ਕਿ ਇਹ ਸਾਰੀ ਚੀਜ਼ ਦੇਖੇ। ਜਿਥੋਂ ਤਕ ਇਸ ਗੱਲ ਦਾ ਤੱਲਕ ਹੈ ਕਿ ਇਹ ਕੰਮ ਕਈ ਹੱਥਾਂ ਵਿਚ ਹੁੰਦਾ ਹੈ ਜਿਸ ਤਰ੍ਹਾਂ ਐਸ. ਈ., ਫਿਰ ਐਸ. ਡੀ. ਓ. ਆਦਿ ਕਈ ਅਫ਼ਸਰ ਹਨ, ਇਸ ਬਾਰੇ ਮੇਰੀ ਅਰਜ਼ ਹੈ ਕਿ ਜੇ ਇਸ ਦੇ ਵਿਚ ਵੀ ਕੋਈ ਕਮੀ ਹੋ ਸਕਦੀ ਹੈ ਤਾਂ ਇਹ ਪਖ ਵੀ ਸਰਕਾਰ ਨੂੰ ਦੇਖ ਲੈਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਜਿਥੋਂ ਤਕ ਡਰੇਨਾਂ ਦਾ ਤੱਲਕ ਹੈ ਇਹ ਵੀ ਬੜੀ ਜ਼ਰੂਰੀ ਚੀਜ਼ ਹੈ। ਡਰੇਨਾਂ ਦੀ ਗੱਲ ਵੀ ਉਤਨੀ ਹੀ ਮਹੱਤਤਾ ਰਖਦੀ ਹੈ ਜਿਤਨੀ ਕਿ ਇਰੀਗੇਸ਼ਨ ਵਾਲੀ। ਡਰੇਨਾਂ ਵਾਸਤੇ, ਚੇਅਰਮੈਨ ਸਾਹਿਬ, ਇਸ ਸੂਬੇ ਵਿਚ ਬਹੁਤ ਸਾਰਾ ਰੁਪਿਆ ਖਰਚ ਕੀਤਾ ਗਿਆ। ਐਸ਼ੋਰੈਂਸ ਕਮੇਟੀ ਵਿਚ ਜਦੋਂ ਇਕ ਦਿਨ ਡੀਪਾਰਟਮੈਂਟ ਨੂੰ ਅਗਜ਼ਾਮਿਨ ਕੀਤਾ ਗਿਆ ਤਾਂ ਉਥੇ ਇਹ ਗੱਲ ਦਸੀ ਗਈ ਕਿ ਬਹੁਤ ਸਾਰੀਆਂ ਡਰੇਨਾਂ ਦਾ ਬਣਨਾ ਔਰ ਹੋਰ ਦੂਸਰਾ ਕੋਈ ਖਰਚ ਜਾਂ ਕੋਈ ਹੋਰ ਜਿਹੜੀ ਵੀ ਚੀਜ਼ ਹੈ ਉਹ ਸੀਕਰੇਟ ਹੈ, ਗੁਪਤ ਹੈ। ਮੈਂ ਸਮਝਦਾ ਹਾਂ ਕਿ ਜੇ ਉਸ ਦੇ ਵਿਚ ਕੋਈ ਜ਼ਿਆਦਾ ਮਹੱਤਤਾ ਵਾਲੀ ਗੱਲ ਹੋਵੇ ਤਾਂ ਉਹ ਹਾਊਸ ਦੀ ਕਮੇਟੀ ਤੋਂ ਗੁਪਤ ਨਹੀਂ ਹੋ ਸਕਦੀ। ਇਸ ਲਈ ਮੇਰੀ ਅਰਜ਼ ਹੈ ਕਿ ਇਹ ਵੀ ਦੇਖ ਲੈਣ ਕਿ ਕਿਹੜੀ ਕਿਹੜੀ ਡਰੇਨ ਤੇ ਕਿੰਨਾਂ ਕਿੰਨਾ ਖਰਚ ਹੋਇਆ ਹੈ। ਇਸ ਚੀਜ਼ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜਾ ਪੈਸਾ ਇਨ੍ਹਾਂ ਡਰੇਨਾਂ ਵਾਸਤੇ ਰਖਿਆ ਗਿਆ ਹੈ ਇਹ ਬੜਾ ਜ਼ਰੂਰੀ ਸੀ। ਇਸ ਪਾਸੇ ਵਲ ਧਿਆਨ ਦੇਣ ਤੇ ਮੈਂ ਇਸ ਗੌਰਮਿੰਟ ਨੂੰ ਵਧਾਈ ਦਿੰਦਾ ਹਾਂ।

ਚੇਅਰਮੈਨ ਸਾਹਿਬ, ਇਥੇ ਥੀਨ ਡੈਮ ਦੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਇਹ ਠੀਕ ਹੈ ਕਿ ਇਸ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ। ਇਹ ਡੈਮ ਅੱਜ ਤਕ ਬਣ ਜਾਣਾ ਸੀ ਪਰ, ਚੇਅਰਮੈਨ ਸਾਹਿਬ, ਇਸ ਦੇ ਲਈ ਕਸੂਰਵਾਰ ਕੌਣ ਹੈ, ਇਹ ਸਭ ਨੂੰ ਆਪੇ ਹੀ ਸਮਝ ਲੈਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਬਾਸੀ ਸਾਹਿਬ ਨੂੰ ਇਸ ਗੱਲ ਤੇ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪਰਸਨਲ ਲੈਵਲ ਤੇ ਇੰਟਰੈਸਟ ਲੈ ਕੇ ਇਸ ਨੂੰ ਚਾਲੂ ਕਰਨ ਦੀ ਗੱਲ ਕੀਤੀ। ਇਸ ਡੀਮਾਂਡ ਲਈ 10 ਲੱਖ ਰੁਪਿਆ ਰੱਖਿਆ ਗਿਆ ਹੈ। ਮੈਂ ਇਸ ਬਾਰੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਹਿਲੀਆਂ ਸਰਕਾਰਾਂ ਨੇ ਇਸ ਪਾਸੇ ਵਲ ਕੋਈ ਕਦਮ ਨਹੀਂ ਉਠਾਇਆ ਤਾਂ ਉਹ ਕਸੂਰਵਾਰ ਹਨ ਔਰ ਪਬਲਿਕ ਉਨ੍ਹਾਂ ਨੂੰ ਕਦੇ ਮਾਫ਼ ਨਹੀਂ ਕਰ ਸਕਦੀ।

ਮਾਸਟਰ ਬਾਬੂ ਸਿੰਘ ਨੇ ਕਿਹਾ ਹੈ ਕਿ ਇਸ ਦੇ ਲਈ ਪਬਲਿਕ ਓਪੀਨੀਅਨ ਉਭਾਰਨੀ ਚਾਹੀਦੀ ਸੀ। ਮੈਂ ਅਰਜ਼ ਕਰਦਾ ਹਾਂ ਕਿ ਮੈਂ ਇਸ ਦੇ ਨਾਲ ਇਤਫ਼ਾਕ ਨਹੀਂ ਰੱਖਦਾ ਔਰ ਇਹ ਕੋਈ ਚੰਗੀ ਗੱਲ ਨਹੀਂ ਕਿ ਹਰ ਗੱਲ ਤੇ ਪਬਲਿਕ ਓਪੀਨੀਅਨ ਉਭਾਰੀ ਜਾਏ। ਮੈਂ

ਸਮਝਦਾ ਹਾਂ ਕਿ ਜਿਹੜਾ ਰਸਤਾ ਬਾਸੀ ਸਾਹਿਬ ਨੇ ਅਪਨਾਇਆ ਹੈ ਉਹ ਠੀਕ ਹੈ (ਥੰਪਿੰਗ)

ਹੁਣ, ਚੇਅਰਮੈਨ ਸਾਹਿਬ, ਮੈਂ ਲੋਨਜ਼ ਦੇ ਬਾਰੇ ਵਿਚ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਡਿਮਾਂਡ ਨੰ: 50 ਵਿਚ ਇਹ ਲੋਨਜ਼ ਪ੍ਰੋਵਾਈਡ ਕੀਤੇ ਹਨ। ਇਹ ਬੜੀ ਚੰਗੀ ਗੱਲ ਹੈ ਕਿਉਂਕਿ ਕਿਸਾਨ ਨੂੰ ਖਾਦ ਲੈਣ ਵਾਸਤੇ ਲੋਨ ਜ਼ਰੂਰੀ ਹੈ। ਇਹ ਪੈਸਾ ਦੇਕੇ ਮੈਂ ਸਮਝਦਾ ਹਾਂ ਕਿ ਅਸੀਂ ਖੇਤੀ ਬਾੜੀ ਵਾਸਤੇ ਬਹੁਤ ਮਦੱਦ ਕੀਤੀ ਹੈ। ਇਥੇ ਇਕ ਚੀਜ਼ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਖਾਦ ਦੀ ਡਿਸਟਰੀਬਿਊਸ਼ਨ ਬੜੀ ਦੇਰ ਤੋਂ ਮਨਾਪਲੀ ਥਲੇ ਚਲ ਰਹੀ ਸੀ। ਬੈਗਜ਼ ਦੇ ਉਤੇ ਲਿਖਿਆ ਹੁੰਦਾ ਸੀ ਕਿ "ਹੁਕਸ ਸ਼ੁਡ ਨਾਟ ਬੀ ਯੂਜ਼ਡ" ਲੇਕਿਨ ਕੋਈ ਬੈਗ ਤੁਹਾਨੂੰ ਗੋਦਾਮ ਵਿਚ ਐਸਾ ਨਹੀਂ ਮਿਲਦਾ ਸੀ ਜਿਸ ਤੇ ਹੁਕ ਯੂਜ਼ ਨਾ ਕੀਤੀ ਹੋਈ ਹੋਵੇ। ਇਹ ਗੱਲ ਕੁਝ ਇਸ ਤਰ੍ਹਾਂ ਦੀ ਲਗਦੀ ਹੈ ਕਿ ਜਿਸ ਤਰ੍ਹਾਂ ਇਸ ਦੇ ਵਿਚ ਕਿਸੇ ਦਾ ਹੱਥ ਹੋਵੇ। ਪਤਾ ਨਹੀਂ ਕਿਸ ਦੇ ਹੁਕਮ ਦੇ ਤਹਿਤ ਹੁਕਸ ਯੂਜ਼ ਕੀਤੀਆਂ ਜਾਂਦੀਆਂ ਸਨ ਅਤੇ ਹੁਕਸ ਯੂਜ਼ ਕਰਕੇ ਖਾਦ ਇਧਰ ਉਧਰ ਹੁੰਦੀ ਰਹੀ, ਗਲਤ ਮਲਤ ਤਰੀਕਿਆਂ ਨਾਲ। ਮੈਂ ਸਮਝਦਾ ਹਾਂ ਕਿ ਇਸ ਸਿਲਸਲੇ ਵਿਚ ਜਿਹੜੀਆਂ ਹੁਣ ਇੰਸਟਰਕਸ਼ਨਜ਼ ਦਿੱਤੀਆਂ ਗਈਆਂ ਹਨ ਉਹ ਬੜੀਆਂ ਫ਼ਾਇਦੇਮੰਦ ਹੋਣਗੀਆਂ। ਹੁਣ ਜਿਹੜਾ ਲੋਨ ਖਾਦ ਲਈ ਕਿਸਾਨ ਨੂੰ ਦਿੱਤਾ ਜਾਂਦਾ ਹੈ ਉਸ ਦੇ ਮੁਤਾਬਕ ਉਸ ਨੂੰ ਕੋਆਪ੍ਰੇਟਿਵ ਸੈਕਟਰ ਰਾਹੀਂ ਖਾਦ ਲੈਣੀ ਪੈਂਦੀ ਹੈ, ਲੇਕਿਨ ਮੈਂ ਸਮਝਦਾ ਹਾਂ ਕਿ ਕਰਜ਼ਾ, ਖਾਦ ਦੀ ਖੁਲ੍ਹੀ ਖਰੀਦ ਵਾਸਤੇ ਵੀ ਜ਼ਰੂਰ ਮਿਲਣਾ ਚਾਹੀਦਾ ਹੈ (ਵਿਘਨ) ਤਾਕਿ ਉਨ੍ਹਾਂ ਪੈਸਿਆਂ ਵਿਚ ਉਹ ਜਿਥੋਂ ਚਾਹੇ ਚੰਗੀ ਖਾਦ ਖਰੀਦ ਕਰ ਸਕੇ ਅਤੇ ਇਸ ਤਰ੍ਹਾਂ ਹੈਲਦੀ ਕੰਪੀਟੀਸ਼ਨ ਹੋ ਸਕੇਗਾ।

ਹੁਣ ਮੈਂ ਇਕ ਗੱਲ ਆਬਿਆਨੇ ਬਾਰੇ ਅਰਜ਼ ਕਰਾਂਗਾ। ਇਥੇ ਬਹੁਤ ਸਾਰੀਆਂ ਗੱਲਾਂ ਕਹੀਆਂ ਗਈਆਂ ਹਨ ਕਿ ਮੀਟਰ ਸਿਸਟਮ ਹੋਣਾ ਚਾਹੀਦਾ ਹੈ। ਜਿਥੋਂ ਤਕ ਮੈਨੂੰ ਪਤਾ ਹੈ ਸਾਰੀ ਦੁਨੀਆਂ ਵਿਚ ਕਿਤੇ ਵੀ ਮੀਟਰ ਸਿਸਟਮ ਨਹੀਂ ਹੈ। ਮੈਂ ਨਹੀਂ ਸਮਝਦਾ ਕਿ ਇਹ ਪ੍ਰੈਕਟੀਕਲ ਹੋ ਸਕੇ। ਮੈਂ ਸਮਝਦਾ ਹਾਂ ਕਿ ਜ਼ਮੀਨ ਦੀ ਆਬਪਾਸ਼ੀ ਦੋ ਤਰੀਕਿਆਂ ਨਾਲ ਹੁੰਦੀ ਹੈ। ਇਕ ਟਿਊਬਵੈਲ ਇਰੀਗੇਸ਼ਨ ਰਾਹੀਂ ਅਤੇ ਦੂਜਾ ਕੈਨਾਲ ਇਰੀਗੇਸ਼ਨ ਰਾਹੀਂ। ਪ੍ਰੋਡਿਊਸ ਦੀ ਜਿਹੜੀ ਕੀਮਤ ਮਿਲਣੀ ਹੈ ਉਹ ਤਾਂ ਇਕ ਹੀ ਹੈ ਲੇਕਿਨ ਕੈਨਾਲ ਰਾਹੀਂ ਸਸਤਾ ਪਾਣੀ ਮਿਲ ਸਕਦਾ ਹੈ। ਮੈਂ ਰੀਆਲਿਸਟਿਕ ਵਿਊ ਲੈਂਦਾ ਹੋਇਆ ਇਹ ਕਹਾਂਗਾ ਕਿ ਇਸ ਦੇ ਵਿਚ ਜ਼ਰੂਰ ਸੋਧ ਹੋਣੀ ਚਾਹੀਦੀ ਹੈ।

ਚੌਧਰੀ ਬਲਬੀਰ ਸਿੰਘ ਹੋਰਾਂ ਨੇ ਇਥੇ ਕੁਝ ਅਨਐਕਸਪੈਕਟਿਡ ਡਿਮਾਂਡਜ਼ ਬਾਰੇ ਕਿਹਾ ਹੈ। ਮੇਰੇ ਅੰਦਾਜ਼ੇ ਦੇ ਮੁਤਾਬਕ ਉਹ ਇਸ ਸਿਲਸਲੇ ਵਿਚ ਕੁਝ ਸਮਝ ਨਹੀਂ ਸਕੇ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਭਾਖੜਾ ਡੈਮ ਬਣਨ ਦੇ ਵੇਲੇ ਜਿਹੜੀ ਮਨਿਸਟਰੀ ਸੀ ਉਸ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਬਿਜਲੀ ਦੀ ਕਿੰਨੀ ਡਿਮਾਂਡ ਹੋ ਸਕਦੀ ਹੈ, ਇਸ ਕਰਕੇ ਉਨ੍ਹਾਂ ਨੇ ਬਹੁਤ ਸਾਰੀ ਬਿਜਲੀ ਦੂਜੀਆਂ ਸਟੇਟਸ ਨੂੰ ਸਸਤੇ ਰੇਟਾਂ ਤੇ ਦੇ ਦਿੱਤੀ। (ਵਿਘਨ)

ਇਕ ਹੋਰ ਗੱਲ ਮੈਂ ਟਰਾਂਸਫਰਜ਼ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਔਰ ਇਹ ਬਹੁਤ ਹੀ ਬੜਾ ਅਹਿਮ ਮਸਲਾ ਹੈ (ਵਿਘਨ)

ਸ੍ਰੀ ਸਭਾਪਤੀ : ਤੁਹਾਡਾ ਵਕਤ ਖ਼ਤਮ ਹੋ ਗਿਆ ਹੈ। (The time of the hon. Member is over.)

ਸਰਦਾਰ ਪਰਤਾਪ ਸਿੰਘ ਕਾਦੀਆਂ : ਅਛਾ ਜੀ ਮੈਂ ਬੈਠ ਜਾਂਦਾ ਹਾਂ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਚੇਅਰਮੈਨ ਸਾਹਿਬ, ਮੈਨੂੰ ਬੋਲਣ ਦਾ ਟਾਈਮ ਨਹੀਂ ਮਿਲਿਆ......(ਵਿਘਨ)

ਸ਼੍ਰੀ ਸਭਾਪਤੀ : ਜਿਹੜੀ ਲਿਸਟ ਮੇਰੇ ਪਾਸ ਹੈ, ਮੈਂ ਤਾਂ ਉਸ ਦੇ ਮੁਤਾਬਕ ਹੀ ਚਲ ਰਿਹਾ ਹਾਂ......(ਵਿਘਨ). (I am calling the hon. Members according to the list supplied by the hon. Speaker.)

ਕਾਮਰੇਡ ਦਰਸ਼ਨ ਸਿੰਘ ਝਬਾਲ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਬਾਰ ਬਾਰ ਬੋਲਣ ਲਈ ਖੜਾ ਹੋਇਆ ਹਾਂ ਪਰ ਮੈਨੂੰ ਟਾਇਮ ਨਹੀਂ ਦਿੱਤਾ ਗਿਆ ।

ਸ਼੍ਰੀ ਸਭਾਪਤੀ : ਮੈਨੂੰ ਜਿਹੜੀ ਲਿਸਟ ਸਪੀਕਰ ਸਾਹਿਬ ਨੇ ਦਿੱਤੀ ਹੈ, ਮੈਂ ਉਸ ਦੇ ਮੁਤਾਬਕ ਚਲ ਰਿਹਾ ਹਾਂ ਅਤੇ ਉਸ ਦੇ ਮੁਤਾਬਕ ਸਰਦਾਰ ਗੁਰਬਖਸ਼ ਸਿੰਘ ਸਿਬੀਆ ਨੇ ਬੋਲਣਾ ਹੈ......(I am calling the hon. Members to speak according to the list handed over to me by the hon. Speaker and according to that list the hon. Member Sardar Gurbux Singh Sibia will speak.)

चौधरी बलबीर सिंह : मेरा प्वायंट आफ़ आर्डर यह है कि जो लिस्ट सप्लाई की जाये उसके अलावा सभापति को अधिकार है अगर वह चाहे तो टाईम में अदला बदली कर सकता है । जो भी अध्यक्ष इस चेयर पर बैठता है वह अपना फैसला दे सकता है और पहले ऐसा हो चुका है ।

ਸਾਥੀ ਰੂਪ ਲਾਲ : ਚੇਅਰਮੈਨ ਸਾਹਿਬ, ਬਤੌਰ ਪਾਰਟੀ ਦੇ ਸਾਡੇ ਚੌਧਰੀ ਸਾਹਿਬ ਬੋਲ ਚੁਕੇ ਹਨ । ਮੈਂ ਅਰਜ਼ ਕਰਾਂਗਾ ਕਿ ਜੇਕਰ ਮੈਨੂੰ ਥੋੜ੍ਹਾ ਜਿਹਾ ਸਮਾਂ ਦਿੱਤਾ ਜਾਏ ਤਾਂ ਮੈਂ ਬਹੁਤ ਚੀਜ਼ਾਂ ਤੇ ਰੋਸ਼ਨੀ ਪਾ ਸਕਦਾ ਹਾਂ...(ਵਿਘਨ)

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ਸੰਗਰੂਰ) ਚੇਅਰਮੈਨ ਸਾਹਿਬ, ਅੱਜ ਡਿਮਾਂਡਜ਼ ਨੰ: 26, 27, 28 ਅਤੇ 44 ਤੇ ਬਹਿਸ ਹੋ ਰਹੀ ਹੈ ਅਤੇ ਪਾਵਰ ਐਂਰ ਇਰੀਗੇਸ਼ਨ ਦੇ ਮੁਤਅੱਲਕ ਹਨ । ਮੈਂ ਇਸ ਸਿਲਸਲੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡਾ ਪੰਜਾਬ ਪਿਊਰਲੀ ਇਕ ਐਗਰੀਕਲਚਰਲ ਸਟੇਟ ਹੈ ਅਤੇ ਇਸ ਕਰਕੇ ਇਨ੍ਹਾਂ ਡਿਮਾਂਡਜ਼ ਦਾ ਇਸ ਨਾਲ ਬੜਾ ਭਾਰੀ ਤਅੱਲੁਕ ਹੈ । ਮੈਂ ਆਪਣੇ ਖ਼ਿਆਲਾਤ ਦਾ ਇਜ਼ਹਾਰ ਅਤੇ ਕੁਝ ਸੁਝਾਉ ਇਨ੍ਹਾਂ ਡਿਮਾਂਡਜ਼ ਬਾਰੇ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਦੇਣਾ ਚਾਹੁੰਦਾ ਹਾਂ । ਮੈਂ ਫਲਡਜ਼ ਦੇ ਬਾਰੇ ਵਿਚ ਅਰਜ਼ ਕਰਾਂ ਕਿ ਇਨ੍ਹਾਂ ਦੀ ਇਹ ਪੋਜ਼ੀਸ਼ਨ ਹੈ ਕਿ ਪੰਜਾਬ ਦੇ ਵਿਚ ਅਤੇ ਖਾਸ ਤੌਰ ਤੇ ਜ਼ਿਲ੍ਹਾ ਸੰਗਰੂਰ ਅਤੇ ਜ਼ਿਲ੍ਹਾ ਪਟਿਆਲਾ ਵਿਚ ਜਿੰਨੇ ਫ਼ਲਡਜ਼ 15 ਸਾਲਾਂ ਵਿਚ ਆਏ ਉਨ੍ਹਾਂ ਤੋਂ ਜ਼ਿਆਦਾ ਇਨ੍ਹਾਂ ਦੋ ਸਾਲਾਂ ਵਿਚ ਆਏ । ਜਿੰਨਾਂ ਨੁਕਸਾਨ ਜ਼ਿਲ੍ਹਾ ਸੰਗਰੂਰ ਅਤੇ ਪਟਿਆਲੇ ਦੇ ਇਲਾਕੇ ਦੇ ਕਿਸਾਨਾਂ ਦਾ ਹੋਇਆ ਉਨਾਂ ਪੰਜਾਬ ਦੇ ਕਿਸੇ ਇਲਾਕੇ ਵਿਚ ਨਹੀਂ ਹੋਇਆ । ਲੇਕਿਨ ਬਦ ਕਿਸਮਤੀ ਦੀ ਗਲ ਇਹ ਹੈ ਕਿ ਜਦੋਂ ਵੀ ਕੋਈ ਫਲਡਜ਼ ਦੀ ਗਲ ਹੋਈ ਜਾਂ ਕੋਈ ਸਕੀਮ

ਬਣਾਈ ਗਈ ਜਾਂ ਕੋਈ ਪਲਾਨਜ਼ ਬਣਾਏ ਗਏ ਅਤੇ ਜਿਹੜਾ ਪੈਸਾ ਇਸ ਕੰਮ ਲਈ ਰਖਿਆ ਗਿਆ ਉਹ ਠੀਕ ਢੰਗ ਨਾਲ ਅਤੇ ਠੀਕ ਸਮੇਂ ਤੇ ਨਹੀਂ ਇਸਤੇਮਾਲ ਕੀਤਾ ਗਿਆ। ਪਿਛਲੇ ਸਾਲ ਵੀ ਇਸ ਲਈ ਕੁਝ ਰਕਮ ਬਜਟ ਵਿਚ ਪ੍ਰੋਵਾਈਡ ਕੀਤੀ ਗਈ ਸੀ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਇਸ ਕਿਸਮ ਦੇ ਕੰਮ ਤੇ ਪੈਸਾ ਖ਼ਰਚ ਕੀਤਾ ਜਾਂਦਾ ਹੈ ਤਾਂ ਉਹ ਮਾਹ ਨਵੰਬਰ ਅਤੇ ਦਸੰਬਰ ਵਿਚ ਖ਼ਰਚ ਹੁੰਦਾ ਹੈ। ਅਤੇ ਉਹ ਰਕਮ ਮਾਹ ਮਾਰਚ ਤਕ ਹੀ ਖ਼ਰਚ ਕਰਨੀ ਹੁੰਦੀ ਹੈ। ਪਰ ਉਹ ਠੀਕ ਤਰ੍ਹਾਂ ਇਸਤੇਮਾਲ ਨਹੀਂ ਹੋ ਸਕਦੀ ਅਤੇ ਉਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਜੂਨ ਵਿਚ ਫਿਰ ਫਲਡਜ਼ ਆ ਜਾਂਦੇ ਹਨ ਅਤੇ ਡਿਪਾਰਟਮੈਂਟ ਜਿਹੜਾ ਸਬੰਧਤ ਹੈ ਉਹ ਡਰੇਨਾਂ ਆਦਿ ਟਾਈਮ ਸਿਰ ਨਹੀਂ ਖੁਦਵਾ ਸਕਦਾ ਅਤੇ ਉਹ ਰਹਿ ਜਾਂਦੀਆਂ ਹਨ ਅਤੇ ਫਿਰ ਬਾਰਸ਼ਾਂ ਕਰਕੇ ਕਿਸਾਨਾਂ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ। ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਡਿਪਾਰਟਮੈਂਟ ਦੇ ਇਸ ਨੁਕਸ ਨੂੰ ਦੂਰ ਕੀਤਾ ਜਾਵੇ ਅਤੇ ਡਰੇਨਾਂ ਦਾ ਵਰਕ ਟਾਈਮ ਸਿਰ ਅਤੇ ਵਾਰ ਪਧੱਰ ਤੇ ਕੀਤਾ ਜਾਵੇ ਤਾਂ ਕਿ ਇਨ੍ਹਾਂ ਦੋ ਜ਼ਿਲ੍ਹਿਆਂ ਦੇ ਕਿਸਾਨਾਂ ਦੀ ਇਕਨਾਮਿਕ ਕੰਡੀਸ਼ਨ ਠੀਕ ਹੋ ਸਕੇ ਅਤੇ ਜ਼ਮੀਂਦਾਰਾਂ ਦੀ ਹਾਲਤ ਬੇਹਤਰ ਬਣ ਸਕੇ। ਇਸ ਦੇ ਨਾਲ ਹੀ ਇਸ ਪਾਸੇ ਕੁਝ ਹੋਰ ਜ਼ਿਆਦਾ ਧਿਆਨ ਦਿੱਤਾ ਜਾਏ ਅਤੇ ਹੋਰ ਜ਼ਿਆਦਾ ਸਕੀਮਾਂ ਬਣਾਈਆਂ ਜਾਣ। ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਾਂਗਾ ਕਿ ਫ਼ਲਡਜ਼ ਦਾ ਜਿਹੜਾ ਪਾਣੀ ਹੈ ਇਸ ਨੂੰ ਲਿਫ਼ਟ ਇਰੀਗੇਸ਼ਨ ਰਾਹੀਂ ਜਾਂ ਕੋਈ ਛੋਟੇ ਡੈਮ ਬਣਾ ਕੇ ਸੰਗਰੂਰ ਅਤੇ ਬਠਿੰਡਾ ਆਦਿ ਇਲਾਕਿਆਂ ਵਿਚ ਆਬਪਾਸ਼ੀ ਕੀਤੀ ਜਾਵੇ। ਇਹ ਪਾਣੀ ਸਿੱਧਾ ਰਾਜ਼ਸਥਾਨ ਵਿਚ ਚਲਾ ਜਾਂਦਾ ਹੈ ਅਤੇ ਉਥੇ ਨੁਕਸਾਨ ਕਰਦਾ ਹੈ। ਮੈਂ ਕਹਿੰਦਾ ਹਾਂ ਕਿ ਇਸ ਪਾਣੀ ਨੂੰ ਟੇਮ ਕਰ ਲਿਆ ਜਾਵੇ ਅਤੇ ਇਸ ਨਾਲ ਬਹੁਤ ਸਾਰੀ ਜ਼ਮੀਨ ਜਿਹੜੀ ਬਰਾਨੀ ਪਈ ਹੋਈ ਹੈ ਅਤੇ ਜਿਹੜਾ ਬਰਾਨੀ ਇਲਾਕਾ ਹੈ, ਉਸ ਨੂੰ ਬਹੁਤ ਫ਼ਾਇਦਾ ਹੋ ਸਕਦਾ ਹੈ।

ਇਸ ਨਾਲ ਸਬੰਧਤ ਇਕ ਸਕੀਮ ਹੈ ਰੈਕਲਾਮੇਸ਼ਨ ਆਫ ਲੈਂਡ ਦੀ। ਇਕੱਲੇ ਜ਼ਿਲ੍ਹਾ ਸੰਗਰੂਰ ਵਿਚ ਘਟੋ ਘਟ 24 ਹਜ਼ਾਰ ਏਕੜ ਇਸ ਤਰ੍ਹਾਂ ਦੀ ਜ਼ਮੀਨ ਹੈ ਜੋ ਸੇਮ ਹੇਠਾਂ ਹੈ। ਪਟਿਆਲਾ ਤੋਂ ਸੰਗਰੂਰ ਨੂੰ ਜਾਂਦੇ ਹੋਏ ਘਾਬਦਾਂ ਦੇ ਨੇੜੇ ਕਈ ਮੀਲ ਦਾ ਐਸਾ ਟਰੈਕਟ ਹੈ। ਕਈ ਅਜਿਹੇ ਪਿੰਡ ਹਨ ਜਿਥੇ ਦੀ 95% ਜ਼ਮੀਨ ਸੇਮ ਹੇਠਾਂ ਹੈ। ਕਿਸਾਨਾਂ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਥੇ ਐਕਸਟਰਾ ਪਾਣੀ ਦੇ ਕੇ ਸੇਮ ਦੂਰ ਕਰਨ ਦਾ ਪਾਇਲਟ ਪਰਾਜੈਕਟ ਬਣਾਏ। ਇਨ੍ਹਾਂ 24 ਹਜ਼ਾਰ ਏਕੜਾਂ ਨੂੰ ਸੁਧਾਰ ਕੇ ਮੁਲਕ ਦੀ ਪੈਦਾਵਾਰ ਵਧਾਈ ਜਾ ਸਕਦੀ ਹੈ।

ਫਿਰ ਡਰੇਨਜ਼ ਅਤੇ ਲਿੰਕ ਡਰੇਨਜ਼ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਦੇ ਰਸਤੇ ਵਿਚ ਜਿਥੇ ਮੇਨ ਰੋਡ ਜਾਂ ਲਿੰਕ ਰੋਡ ਆ ਜਾਂਦੀ ਹੈ ਉਥੇ ਕਈ ਕਈ ਸਾਲ ਤਕ ਪੁਲ ਨਹੀਂ ਬਣਾਏ ਜਾਂਦੇ। ਬਾਰਿਸ਼ ਨਾਲ ਦੋਵਾਂ ਪਾਸਿਆਂ ਦਾ ਨੁਕਸਾਨ ਹੁੰਦਾ ਹੈ। ਡਰੇਨਜ਼ ਤੇ ਪੁਲ ਬਣਾਉਣ ਦੇ ਕੰਮ ਨੂੰ ਪਰਾਇਰਟੀ ਦੇ ਕੇ ਪੂਰਾ ਕਰਨਾ ਚਾਹੀਦਾ ਹੈ। ਇਨ੍ਹਾਂ ਕੰਮਾਂ ਲਈ ਫਾਈਨੈਂਸ ਡਿਪਾਰਟਮੈਂਟ ਦੀ ਮਨਜ਼ੂਰੀ ਬਜਟ ਦੇ ਪਾਸ ਕਰਨ ਸਮੇਂ ਹੀ ਦੇ ਦਿਤੀ ਜਾਣੀ ਚਾਹੀਦੀ ਹੈ। ਜੂਨ ਵਿਚ ਫ਼ਲਡ ਆਉਣੇ ਸ਼ੁਰੂ ਹੋ ਜਾਂਦੇ ਹਨ ਪਰ ਕੰਮ ਨਹੀਂ ਕੀਤਾ ਜਾਂਦਾ ਕਿਉਂਕਿ ਫਾਇਨੈਂਸ ਡਿਪਾਰਟਮੈਂਟ ਇਕ ਬਾਟਲਨੈਕ ਬਣ ਜਾਂਦਾ ਹੈ। ਬਜਟ ਪਾਸ ਹੋਣ ਮਗਰੋਂ ਇਸ ਮਹਿਕਮੇ ਦੀ ਮਨਜ਼ੂਰੀ ਦੀ ਲੋੜ ਨਹੀਂ ਰਹਿਣੀ ਚਾਹੀਦੀ। ਕੇਸ ਉਥੇ ਦਬਿਆ ਰਹਿੰਦਾ ਹੈ ਅਤੇ ਐਕਸੀਕਯੂਸ਼ਨ ਰੁਕੀ ਰਹਿੰਦੀ ਹੈ। ਅਸੀਂ ਪਬਲਿਕ ਸਾਹਮਣੇ ਜਵਾਬਦੇਹ ਹੁੰਦੇ ਹਾਂ। ਅਸੀਂ ਲੋਕਾਂ ਨੂੰ ਜਾਕੇ ਕਹਿੰਦੇ ਹਾਂ ਕਿ ਬਜਟ

[ਸਰਦਾਰ ਗੁਰਬਖਸ਼ ਸਿੰਘ ਸਿਧੀਆ]

ਪਾਸ ਹੋ ਗਿਆ ਹੈ ਹੁਣ ਇਹ ਕੰਮ ਹੋ ਜਾਵੇਗਾ ਪਰ ਇਹ ਮਹਿਕਮਾ ਕੰਮ ਨਹੀਂ ਦਿੰਦਾ। ਲੋਕਲ ਅਫਸਰਾਂ ਨੂੰ ਪੁਛਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਫੰਡ ਸੈਕਸ਼ਨ ਹੋਕੇ ਨਹੀਂ ਆਏ। ਇਸਦਾ ਇਲਾਜ ਕਰਨਾ ਚਾਹੀਦਾ ਹੈ।

ਇਕ ਸੁਝਾ ਕੈਨਾਲ ਐਕਟ ਬਾਰੇ ਦੇਣਾ ਹੈ ਕਿ ਇਸ ਨੂੰ ਅਮੈਂਡ ਕੀਤਾ ਜਾਵੇ। ਇਹ ਐਕਟ ਬਹੁਤ ਪੁਰਾਣਾ ਹੈ। ਅਜ ਦੀਆਂ ਨਵੀਆਂ ਵੇਰਾਇਟੀਜ਼ ਲਈ ਬਹੁਤ ਪਾਣੀ ਦੀ ਲੋੜ ਹੈ। ਇਹ ਦੋ ਸੌ ਸਾਲ ਪੁਰਾਣਾ ਐਕਟ ਹੈ ਜਦੋਂ ਫਸਲ ਨੂੰ 3 ਪਾਣੀ ਦਿੱਤੇ ਜਾਂਦੇ ਸਨ. ਹੁਣ 6-7 ਪਾਣੀ ਦੇਣੇ ਪੈਂਦੇ ਹਨ। ਇਸ ਲਈ ਇਹ ਐਕਟ ਮੌਜੂਦਾ ਜ਼ਰੂਰਤਾਂ ਮੁਤਾਬਕ ਨਹੀਂ ਹੈ। ਨਵੀਂ ਟੈਕਨੀਕ ਨਾਲ ਫਸਲਾਂ ਉਗਾਉਣ ਲਈ ਪਾਣੀ ਵਧ ਚਾਹੀਦਾ ਹੈ ਇਸ ਲਈ ਪਾਣੀ ਵਧਾਉਣ ਲਈ ਪ੍ਰਬੰਧ ਕੀਤਾ ਜਾਵੇ। ਸੰਗਰੂਰ ਜ਼ਿਲ੍ਹੇ ਵਿਚ ਨਹਿਰੀ ਪਾਣੀ ਦਾ ਅਲਾਉਂਸ ਇਸ ਲਈ ਘਟਾਇਆ ਗਿਆ ਕਿ ਇਥੇ ਸੇਮ ਹੈ। ਮਗਰ ਇਹ ਗਲਤ ਗਲ ਹੈ ਇਥੇ ਪਹਿਲੇ ਜਿੰਨਾ ਹੀ ਪਾਣੀ ਦੇਣਾ ਚਾਹੀਦਾ ਹੈ ਅਤੇ ਜੋ ਇਲਾਕੇ ਦਾ ਪਾਣੀ ਬਠਿੰਡਾ ਆਦਿ ਨੂੰ ਦਿੱਤਾ ਗਿਆ ਹੈ, ਉਹ ਇਸੇ ਜ਼ਿਲ੍ਹੇ ਨੂੰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਨਵੀਂ ਟੈਕਨੀਕ ਦੀ ਕਾਮਯਾਬੀ ਲਈ ਟਯੂਬਵੈਲਾਂ ਦੀ ਬੜੀ ਲੋੜ ਹੈ। ਕਈ ਥਾਂ ਟਯੂਬਵੈਲਜ਼ ਦੀ ਬੜੀ ਲੋੜ ਹੈ ਪਰ ਕਨੈਕਸ਼ਨ ਨਹੀਂ ਦਿੱਤੇ ਜਾਂਦੇ। ਰੈਡਟੇਪਇਜ਼ਮ ਨੂੰ ਖਤਮ ਕਰਕੇ ਸਾਰੀ ਕਾਰਵਾਈ ਨੂੰ ਸਟਰੀਮ ਲਾਈਨ ਕਰਨਾ ਚਾਹੀਦਾ ਹੈ। ਜਦੋਂ ਕੋਈ ਅਰਜ਼ੀ ਆਵੇ ਤਾਂ ਉਸ ਲਈ ਵਕਤ ਮੁਕੱਰਰ ਹੋਣਾ ਚਾਹੀਦਾ ਹੈ ਕਿ ਕਿੰਨੀ ਦੇਰ ਦੇ ਅੰਦਰ ਅੰਦਰ ਉਸ ਨੂੰ ਕਨੈਕਸ਼ਨ ਮਿਲ ਜਾਵੇਗਾ। ਇਸ ਵਿਚ ਜ਼ਿਆਦਾ ਦੇਰ ਦਾ ਲਗਣਾ ਇਕ ਭਾਰੀ ਡੀਫੈਕਟ ਹੈ, ਜੋ ਦੂਰ ਹੋਣਾ ਚਾਹੀਦਾ ਹੈ। (ਘੰਟੀ)

ਕਾਮਰੇਡ ਦਰਸ਼ਨ ਸਿੰਘ ਝਬਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਮੈਨੂੰ ਪਤਾ ਹੈ ਕਿ ਆਪ ਦੀ ਮਜਬੂਰੀ ਹੈ ਆਪ ਨੂੰ ਡਿਪਟੀ ਸਪੀਕਰ ਸਾਹਿਬ ਕਹਿ ਗਏ ਹਨ ਕਿ ਮੈਨੂੰ ਟਾਈਮ ਨਹੀਂ ਦੇਣਾ (ਵਿਘਨ) ਇਕ ਪਾਰਟੀ ਨੂੰ ਟਾਈਮ ਦੇਣ ਤੋਂ ਇਨਕਾਰ ਕਰ ਦੇਣਾ ਬਿਲਕੁਲ ਧੱਕਾ ਹੈ। ਪਰ ਆਪ ਦੀ ਮਜਬੂਰੀ ਹੈ, ਆਪ ਨੂੰ ਡਿਪਟੀ ਸਪੀਕਰ ਸਾਹਿਬ ਕਹਿ ਗਏ ਹਨ ਕਿ ਆਪ ਇਸ ਪਾਰਟੀ ਨੂੰ ਟਾਈਮ ਨਹੀਂ ਦੇ ਸਕਦੇ। ਇਸ ਲਈ ਮੈਂ ਪਰੋਟੈਸਟ ਵਜੋਂ ਵਾਕ ਆਊਟ ਕਰਦਾ ਹਾਂ (ਵਿਘਨ)

ਸ੍ਰੀ ਸਭਾਪਤੀ (ਸ੍ਰੀ ਗਿਆਨ ਚੰਦ ਖਰਬੰਦਾ) ਤੁਸੀਂ ਬੈਠੋ ਤਾਂ ਸਹੀ...(ਵਿਘਨ) ਮੈਂ ਕੋਸ਼ਿਸ਼ ਕਰਾਂਗਾ। (You please resume your seat...I will try to accommodate you.)

चौधरी सत्य देव : (अबोहर) सभापति महोदय, पंजाब एक कृषि प्रधान राज्य है और हम सब के लिये बिजली और पानी का जो महत्त्व है, आप जानते हैं। मन्त्री महोदय चूँकि प्वायंटस नोट कर रहे हैं इस लिये मैं दो चार बातें उनकी सेवा में रखूंगा। मैं आशा करूंगा कि जो सुझाव मैं दूं वह कागज पर ही न रह जाएं, अमल में लाने की कृपा करेंगे।

हम सभी जानते हैं कि पंजाब में धरती को कहीं पर बहुत पानी दिया जाता है

जिनके कारण फ़सलें तबाह हो रही हैं और कहीं पर पानी बहुत कम होने से फ़सल हर वर्ष बरबाद होती हैं, जिस प्रकार अबोहर इलाके के तमाम गाँव में पानी की बड़ी ही कमी है। मैं कुछ बातें अबोहर के इलाके के मुताल्लिक बताना चाहता हूँ। पहली बात तो यह है कि जो पुराना कैनाल ऐक्ट है इस में सुधार करने की बड़ी भारी ज़रूरत है। बहुत ज्यादा नुकसान तो छोटे किसानों और बड़े ज़िमींदारों का भी इस ऐक्ट में जो कमियाँ हैं उनके कारण हो रहा है। आप जानते हैं कि अबोहर की धरती मालटे, अंगूर और कगक-कपास वगैरह पैदा करती है। यह धरती सोना पैदा करने वाली धरती है। वहाँ अगर कमी है तो वह पानी की है। बदकिस्मती रही इलाके की कि न किसी और ने कुछ करवाया और न ही 20 साल में हमारी यह बैलों वाली सरकार पानी की कमी दूर कर सकी। वहाँ पर ट्यूबवैल लगाने का भी कोई खास यत्न नहीं किया गया। सांझा मोर्चा सरकार ने पिछले साल 11 करोड़ और इस साल इस काम के लिए 14 करोड़ रुपया रखा है। यह धन ट्यूबवैलज़ के लिए कर्ज़ा देना है। यह बहुत अच्छा काम किया गया है मगर जो कदम यह सरकार इस दिशा में उठाती है उसका हमें फायदा नहीं होता क्योंकि अबोहर इलाका में ट्यूबवैल भी बहुत कामयाब नहीं होते। इस का कारण यह है कि वहाँ पर पानी गहरा और खारा है। पिछले दिनों चीफ मिनिस्टर साहिब ने भी वहाँ अबोहर में पब्लिक स्टेज पर कहा था—बासी साहिब भी मौके पर उपस्थित थे, चीफ इन्जनीयर, X. E. N. वगैरह भी मौजूद थे कि उस इलाके में ट्यूबवैल कामयाब करने के लिए रिग मशीन भेजी जायेगी और जिन ज़मींदारों के खेत में पानी मीठा निकलेगा उनसे ही पैसा लिया जायेगा; जिस ज़मींदार व किसान के खेत में पानी ठीक नहीं निकलेगा, बोर करने का कोई चार्ज उससे नहीं लिया जाएगा, इस तरह से उस इलाके की पानी की कमी दूर की जायेगी। जिस प्रकार पहली कांग्रेस सरकार सिर्फ कागज़ी स्कीमें ही बनाती थी, पानी को कागज़ों में ही रखती थी मैं चाहता हूँ कि उस तरह ही अब भी न हो। आशा है कि यह सरकार इस स्कीम को जल्दी ही सिरे चढ़ाएगी। मैं इन्हें एक और सुझाव देता हूँ जोकि सरकार के पहले से ही नोटिस में है। सरकार किसी ढंग से भी हो जानकारी प्राप्त करे कि पानी अच्छा कहाँ है और ट्यूबवैल कहां कामयाब है। वहाँ यह रिग मशीन द्वारा बहुत से ट्यूबवैल लगा कर उन का पानी नहरों में डालकर उस इलाके को दिया जाए जहाँ पर ट्यूबवैल भी कामयाब नहीं और नहर का पानी भी नहीं मिलता। एक प्रार्थना यह भी करूँगा कि अबोहर के इलाके की इन स्कीमों की तरफ से ध्यान इसलिए हट नहीं जाना चाहिए कि वह इलाका हरियाणा में जा रहा है, जायेगा भी। इस इलाके की पैदावार की ही वजह से पंजाब का सिर ऊँचा है। बासी साहिब जो कि कागज़ पर बड़े ध्यान से सब बातें नोट करते जा रहे हैं, उनको मैंने कुछ री-मौडलिंग स्कीम के बारे में भी कुछ कहना है।

[चौधरी सत्य देव]

यह पानी बढ़ाने के लिए जो स्कीम है इसके लिये अपनी इस सरकार ने पिछली बार 17 लाख रुपया रखा था। इस वर्ष भी इस तरफ ज़्यादा ध्यान देने की ज़रूरत है। अबोहर ब्रांच के राजबाह-मलूक-पजावा रजबाहों में पानी की बहुत कमी है। जब सिंचाई मन्त्री अबोहर गए थे तो किसान इन से मिले। उन्होंने इन को बताया था कि अगर यह आप टेल के गाँव का मौका जा कर देखें तो इनको पता लगेगा कि दीवाना खेड़ा-कोयल खेड़ा-बककापन वाला गुमजाल आदि गाँव उजड़ रहे हैं। अगर इस काम को तेज़ी से करके पानी की कमी को पूरा कर दिया जाए तो इस इलाके में मालटा, अंगूर, कणक और कपास की फ़सलें और भी ज़्यादा पैदा हो सकती हैं और जहाँ भारत में अनाज की कमी है, मैं विश्वास से कहता हूँ कि यहाँ के किसान ही इस कमी को पूरा कर देंगे। अब एक अफवाह ठीक या गलत पता नहीं बड़े ज़ोरों से वहाँ के लोगों में फैल रही है कि चूँकि यह इलाका हरियाणा में चला जाना है इस लिये गिद्दड़बाहा सबडिवीज़न को तोड़ कर और री-मौडलिंग स्कीम को खत्म करके कई लाख रुपया सरकार ने बचा लेना है। तो मैं अपनी सरकार से कहूँगा कि अगर ऐसी बात है तो यह ठीक नहीं होगी। मुझे उम्मीद है बासी साहिब इस बात का भी जवाब देंगे कि यह ऐसी गड़बड़ क्या है, क्यों और किस कारण से है।

मैं प्रार्थना करूँगा कि हमें इस इलाके की ओर ज़्यादा से ज़्यादा ध्यान देना चाहिए ताकि इस इलाके में अच्छा काम हो सके और अन्न की कमी को पूरा किया जा सके। मेरी अर्ज़ यह है कि यह कमी इस इलाके में आज की नहीं कांग्रेस सरकार के ज़माने से चली आ रही है जिस को ध्यान देकर हिम्मत से दूर करना चाहिए।

चेयरमैन साहिब, इसके इलावा कट्स का मसला है। इनको रैस्टोर करने के लिए कोई कदम नहीं उठाए गए। यह भी कांग्रेस सरकार के वक्त की लानत चली आ रही है और यह एक ऐसी समस्या है जिस की तरफ फौरी तौर पर ध्यान देकर तरमीम करने की ज़रूरत है क्योंकि इस कानून के तहत महकमा नहर कुछ नहीं कर सकता। उसके पास कोई ऐसी पावर्ज़ नहीं है। इस लिए मैं कहूँगा कि महकमा नहर के पास पावर्ज़ हों जो पहले हुआ करती थीं ताकि वह तावान लगा सकें और कट्स का फौरन फैसला कर सकें। जब भी इसके लिये पुलिस की मदद मांगी जाती है तो वह भी मदद नहीं कर सकती। कट करने वालों से मिल कर रिश्वत लेकर किसी और पर झूठे केस बना देते हैं। इस तरह से कट करने वालों का कुछ नहीं बिगड़ता। इस लिए मैं कहूँगा कि X. E. N. महकमा नहर, को पावर्ज़ दी जाएं ताकि तावान लगाया जा सके, अन्य कार्रवाई भी की जा सके। हमारे इलाका में कोई 400 के करीब कट्स के केसिज़ हैं जोकि पैंडिग हैं, कोई फैसला नहीं हो रहा है। फौरी फैसला किया जाना चाहिए ताकि ज़मींदार को फायदा पहुँच सके।

श्रौर पुलिस वाले श्रौर दूसरे जो बदमाशी करते हैं उन को इस बदमाशी की सख्ती से दूर किया जा सके।

चेयरमैन साहिब, मैं एक अर्ज श्रौर करना चाहता हूँ कि हमारे इन श्राखीर के गाँव को पानी देने की एक स्कीम थी—गंग कैनाल से पानी देने की—यह कांग्रेस सरकार ने बनाई थी लेकिन वह श्राज तक कागज़ पर ही रही, इस से श्रागे न बढ़ सकी। इस तरफ इन गान्धी वादियों ने ध्यान कतई ही नहीं दिया श्रौर अपने खाने दाने में लगे रहे, किसानों को लूटते रहे। गंग कैनाल में एक डैम बनाने का विचार था श्रौर फिर यहाँ से राजबाह निकाल कर पानी इस इलाके को देने का ख्याल था। (घंटी) चेयरमैन साहिब, बस खत्म ही करने वाला हूँ। राजस्थान सरकार ने भी इस बात को माना था श्रौर वायदा किया था। पानी देने का फैसला कम्पलीट हो चुका था श्रौर कागज़ तैयार हो गए थे लेकिन चीफ इंजीनियर ने मौके पर जा कर यह कह दिया कि स्कीम ठीक नहीं है। इस के बारे में मैं बासी साहिब को बताना चाहता हूँ कि यह गलत बात है श्रौर इन्हें गलत बताया गया है कि इस स्कीम से इलाका में पानी नहीं लग सकेगा श्रौर पैसा उजाड़ा जाएगा। चेयरमैन साहिब श्रापके द्वारा में सरकार को कहूँगा कि वह श्राप स्कीम को देखें श्रौर स्वयं मौका देखें ताकि इस पर काम किया जा सके श्रौर जो पैदावार देने वाला इलाका है उस में पानी की कमी को पूरा किया जाए। इसी तरह चकबंदी है। कई साल हो गए हैं, कई लोगों को डबल बारी मिल जाती है श्रौर दूसरों को नुकसान हो रहा है। यह मिल मिला के कर लिया गया था। इस तरह की छोटी छोटी कई बातें हैं जिन की वजह से छोटे किसानों का बड़ा नुकसान हो रहा है। इस लिए मैं कहूँगा कि इन की तरफ सरकार ध्यान दे श्रौर पानी की कमी को पूरा किया जाए।

ਚੌਧਰੀ ਤੁਲਸੀ ਰਾਮ ਚੌਹਾਨ (ਬਲਾਚੌਰ) : ਚੇਅਰਮੈਨ ਸਾਹਿਬ, ਮੈਂ ਡੀਮਾਂਡ ਨੰਬਰ 26,27 ਅਤੇ 28 ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਇਨ੍ਹਾਂ ਨੂੰ ਸਿੰਚਾਈ ਮੰਤਰੀ ਸਾਹਿਬ ਨੇ ਹਾਊਸ ਦੇ ਸਾਹਮਣੇ ਪਾਸ ਕਰਨ ਲਈ ਪੇਸ਼ ਕੀਤਾ ਹੈ। ਇਨ੍ਹਾਂ ਦੀਆਂ ਸਾਰੀਆਂ ਸਕੀਮਾਂ ਜਿਨ੍ਹਾਂ ਲਈ ਇੰਨੇ ਖ਼ਰਚੇ ਦੀ ਮੰਗ ਕੀਤੀ ਗਈ ਹੈ ਮੈਂ ਵੇਖੀਆਂ ਹਨ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਡੀ ਦੇ ਇਲਾਕੇ ਲਈ ਜਿਹੜਾ ਕਿ ਮੰਨਿਆ ਹੋਇਆ ਬੈਕਵਰਡ ਇਲਾਕਾ ਹੈ ਅਤੇ ਸ਼ਿਵਾਲਕ ਰੇਂਜ ਦੇ ਨਾਲ ਨਾਲ ਜਾਂਦਾ ਹੈ ਕੋਈ ਸਕੀਮ ਸ਼ਾਮਿਲ ਨਹੀਂ ਕੀਤੀ ਗਈ। ਇਕ ਵੀ ਸਕੀਮ ਨਹੀਂ ਇਸ ਡੀਮਾਂਡ ਵਿਚ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ। ਇਸ ਵਿਚ ਉਸ ਏਰੀਏ ਲਈ ਕੋਈ ਸਕੀਮ ਨਹੀਂ ਲਿਆਂਦੀ। ਮੈਂ ਤਾਂ ਇਹ ਕਹਿਣ ਨੂੰ ਤਿਆਰ ਹਾਂ ਕਿ ਸਰਕਾਰ ਇਸ ਇਲਾਕੇ ਨੂੰ ਆਪਣਾ ਏਰੀਆ ਹੀ ਨਹੀਂ ਸਮਝਦੀ ਜੇਕਰ ਸਮਝਦੀ ਹੁੰਦੀ ਤਾਂ ਕਦੇ ਨਾ ਕਦੇ ਤਾਂ ਇਸ ਇਲਾਕੇ ਵਲ ਧਿਆਨ ਦਿਤਾ ਜਾਂਦਾ ਅਤੇ ਇਸ ਪਾਸੇ ਵੀ ਕੋਈ ਸਕੀਮ ਤਿਆਰ ਕਰਕੇ ਇਨ੍ਹਾਂ ਡੀਮਾਂਡਾਂ ਵਿਚ ਸ਼ਾਮਿਲ ਕਰ ਦਿੱਤੀ ਜਾਂਦੀ। ਗਹਿਰੇ ਪਾਣੀ ਦੇ ਟਯੂਬਵੈਲਾਂ ਦੀ ਸਕੀਮ ਸੀ ਪਰ ਇਸ ਤੇ ਅਮਲ ਨਹੀਂ ਕੀਤਾ ਜਾ ਰਿਹਾ। ਬਾਸੀ ਸਾਹਿਬ ਜੇਕਰ ਆਪ ਜਾਣ ਤਾਂ ਆਪ ਇਸ ਇਲਾਕੇ ਨੂੰ ਵੇਖ ਸਕਦੇ ਹਨ ਕਿ ਕੀ ਹਾਲਤ ਹੈ। ਅਤੇ ਜਦ ਇਨ੍ਹਾਂ ਨੂੰ ਮਿਲਿਆ

[ਚੌਧਰੀ ਤੁਲਸੀ ਰਾਮ ਚੌਹਾਨ]

ਗਿਆ ਤਾਂ ਇਹ ਦਸਿਆ ਗਿਆ ਕਿ ਵਾਟਰ ਲੈਵਲ 1000 ਫੁਟ ਤੋਂ ਨੀਚੇ ਹੈ। ਕਿੰਨੀ ਹੈਰਾਨੀ ਦੀ ਗਲ ਹੈ ਕਿ ਇਨ੍ਹਾਂ ਪਾਸ ਗਲਤ ਰਿਪੋਰਟ ਆ ਜਾਂਦੀ ਹੈ। ਮੈਂ ਇਨ੍ਹਾਂ ਨੂੰ ਪੁਛਦਾ ਹਾਂ ਕਿ ਐਗਰੀਕਲਚਰ ਯੂਨੀਵਰਸਟੀ ਦੀ ਇਨ੍ਹਾਂ ਨੇ ਇਸ ਇਲਾਕੇ ਬਾਰੇ ਰਿਪੋਰਟ ਨੂੰ ਨਹੀਂ ਵੇਖਿਆ। ਜਨ੍ਹਾਂ ਨੂੰ ਕਿ ਅਸੀਂ ਜ਼ਰਾਇਤ ਦੇ ਕੰਮ ਵਿਚ ਅਤੇ ਸਬੰਧਤ ਸਾਰੇ ਮਾਮਲਿਆਂ ਵਿਚ ਰਾਹੁਨਮਾ ਜਾਣਦੇ ਹਾਂ। ਉਨ੍ਹਾਂ ਦੀ ਰਿਪੋਰਟ ਇਹ ਹੈ ਕਿ ਬਲਾਚੌਰ ਵਿਚ 300 ਫੁਟ ਅਤੇ ਕੰਡੀ ਦੇ ਇਲਾਕੇ ਵਿਚ 400-50 ਫੁਟ ਤਕ ਵਾਟਰ ਲੈਵਲ ਹੈ ਇਸ ਲਈ ਮੈਂ ਬਾਸੀ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਇਸ ਪਾਸੇ ਧਿਆਨ ਦੇਣ ਅਤੇ ਇਨ੍ਹਾਂ ਨੇ ਜਿਥੇ 16 ਲੱਖ ਰੁਪਿਆ ਲਗਾਇਆ ਹੈ ਇਨ੍ਹਾਂ ਸਕੀਮਾਂ ਨੂੰ ਪੂਰਾ ਕੀਤਾ ਜਾਵੇ ਇਸ ਦੇ ਨਾਲ ਹੀ ਇਸ ਸਾਲ ਦੀਆਂ ਜਿਹੜੀਆਂ ਦੋ ਸਕੀਮਾਂ ਹਨ ਵਾਟਰ ਵਰਕਸ ਦੀਆਂ ਇਕ 19 ਲੱਖ 95 ਹਜ਼ਾਰ ਦੀ ਅਲੇਵਾਲ ਦੀ ਅਤੇ ਦੂਜੀ ਸ਼ਾਹਬਾਜ਼ਪੁਰ ਕੁਕੜਮਈ ਦੀ 4 ਲੱਖ 45 ਹਜ਼ਾਰ ਰੁਪਏ ਦੀ ਹੈ ਇਨ੍ਹਾਂ ਨੂੰ ਛੇਤੀ ਹੀ ਮੁਕੰਮਲ ਕਰ ਦੇਣਾ ਚਾਹੀਦਾ ਹੈ।

ਇਥੇ ਮੈਂ ਇਕ ਗਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਕੰਡੀ ਦੇ ਏਰੀਆ ਵਿਚ ਪੀਣ ਦੇ ਪਾਣੀ ਲਈ ਇਕ ਸਕੀਮ ਤਿਆਰ ਕੀਤੀ ਗਈ ਸੀ 1964-65 ਵਿਚ ਇਸ ਵਾਟਰ ਵਰਕਸ ਦੀ ਸਕੀਮ ਲਈ ਸਟੋਨ ਪਰਚੇਜ਼ ਕੀਤਾ ਗਿਆ ਇਸ ਦੇ ਬਾਰੇ ਵਿਚ ਸਵਾਲ ਵੀ ਕੀਤਾ ਅਤੇ ਕਾਲ ਐਂਟਨਸ਼ਨ ਵੀ ਦਿਤੀ ਸੀ ਅਤੇ ਹਾਲਤ ਇਹ ਹੈ ਕਿ ਸਮਾਨ ਪਰਚੇਜ਼ ਕੀਤਾ ਹੋਇਆ ਖ਼ਰਾਬ ਹੋ ਰਿਹਾ ਹੈ ਅਤੇ ਇਹ ਦਸਿਆ ਗਿਆ ਸੀ ਕਿ ਨਾਲਾ ਆਦੀ ਖੱਡਾਂ ਵਿਚ ਰੁਲ ਰਹੀਆਂ ਹਨ। ਇਸ ਦੇ ਬਾਰੇ ਵਿਚ ਪੜਤਾਲ ਕਰਨੀ ਚਾਹੀਦੀ ਹੈ ਕਿ ਕਿਹੜਾ ਅਫ਼ਸਰ ਇਸ ਗਲ ਲਈ ਜ਼ਿਮੇਦਾਰ ਹੈ ਪਰ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਇਸ ਲਈ ਮੈਂ ਬਾਸੀ ਸਾਹਿਬ ਨੂੰ ਇਹ ਸੁਝਾਵ ਦਿਆਂਗਾ ਕਿ ਇਸ ਲਈ ਸਾਰੀਆਂ ਪਾਰਟੀਆਂ ਦੇ ਚਾਰ ਪੰਜ ਮੈਂਬਰਾਂ ਦੀ ਇਕ ਕਮੇਟੀ ਬਣਾ ਦੇਣ ਜਿਹੜੀ ਇਸ ਗਲ ਦੀ ਪੜਤਾਲ ਕਰਕੇ ਰਿਪੋਰਟ ਕਰੇ। ਤੇ ਜੇਕਰ ਇਹ ਇਸ ਇਲਾਕੇ ਨੂੰ ਪੰਜਾਬ ਦਾ ਨਹੀਂ ਸਮਝਦੇ ਤਾਂ ਵਖਰੀ ਗਲ ਹੈ। ਇਹ ਇਲਾਕਾ ਸ਼ਿਵਾਲਕ ਦੇ ਨਾਲ ਨਾਲ ਲਗਦਾ ਹੈ ਅਤੇ ਸਾਰਾ ਇਲਾਕਾ ਪੰਜਾਬ ਦਾ ਹੈ ਪਤਾ ਨਹੀਂ ਇਹ ਇਹ ਤਾਂ ਨਹੀਂ ਚਾਹੁੰਦੇ ਕਿ ਇਹ ਇਲਾਕਾ ਹਿਮਾਚਲ ਵਿਚ ਚਲਿਆ ਜਾਵੇ ਇਸ ਲਈ ਇਸ ਇਲਾਕੇ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਲਈ ਮੈਂ ਇਹ ਕਹਾਂਗਾ ਕਿ ਇਸ ਇਲਾਕੇ ਨੂੰ ਇਗਨੋਰ ਨਹੀਂ ਕੀਤਾ ਜਾਣਾ ਚਾਹੀਦਾ। ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਡਰਿੰਕਿੰਗ ਵਾਟਰ ਦੀਆਂ 7 ਸਕੀਮਾਂ ਸਨ ਜਿਨ੍ਹਾਂ ਵਿਚੋਂ ਤਿੰਨ ਸਕੀਮਾਂ ਚਾਲੂ ਕੀਤੀਆ ਗਈਆਂ ਹਨ 4 ਨਹੀਂ ਕੀਤੀਆਂ ਗਈਆਂ ਇਸ ਲਈ, ਚੇਅਰਮੈਨ ਸਾਹਿਬ, ਆਪ ਦੀ ਰਾਹੀਂ ਮੈਂ ਇਹ ਬੇਨਤੀ ਕਰਾਂਗਾ ਕਿ ਇਨ੍ਹਾਂ ਸਕੀਮਾਂ ਨੂੰ ਪੂਰਾ ਕਰਨਾ ਚਾਹੀਦਾ ਹੈ!

ਫਿਰ ਇਕ ਹੋਰ ਦਿਕਤ ਇਹ ਹੋ ਗਈ ਹੈ ਕਿ ਬਲਾਚੌਰ ਦੇ ਪਿੰਡ ਦੂਜੇ ਪਾਸੇ ਤੇ ਜ਼ਮੀਨ ਦੂਜੇ ਪਾਰ ਲਈ ਗਈ ਹੈ। ਦਸ ਦੇ ਕਰੀਬ ਹੀ ਪਰਜ਼ੰਟੇਸ਼ਨਾਂ ਦਿਤੀਆਂ ਜਾ ਚੁਕੀਆਂ ਹਨ, ਮੈਂ ਆਪ ਮਿਲਿਆ ਹਾਂ। 10 ਪਿੰਡਾਂ ਦੇ ਸਰਪੰਚ ਵੀ ਮਿਲੇ ਹਨ ਪਰ ਕੋਈ ਉਪਰਾਲਾ ਪੁਲਾਂ ਦੇ ਬਾਰੇ ਵਿਚ ਨਹੀਂ ਕੀਤਾ ਗਿਆ। ਦੋ ਪੁਲਾਂ ਦੀ ਸਕੀਮ ਸੀ ਜੋ ਅਜ ਤੋਂ 5 ਸਾਲ ਪਹਿਲਾਂ ਸੈਂਕਸ਼ਨ ਹੋ ਗਈ ਸੀ ਪਰ ਸਰਕਾਰ ਨੇ ਉਨ੍ਹਾਂ ਨੂੰ ਮੁਕੰਮਲ ਕਰਨ ਦਾ ਯਤਨ ਨਹੀਂ ਕੀਤਾ। ਇਹ ਜ਼ਰੂਰੀ ਹੈ ਕਿ ਪੁਲ ਬਣਾਏ ਜਾਣ ਤਾਂ ਕਿ ਉਹ ਲੋਕ ਆਪਣੀ ਜ਼ਮੀਨ ਦੀ ਦੇਖ ਭਾਲ ਕਰ ਸਕਣ।

ਹੁਣ ਮੈਂ ਆਪਦੇ ਰਾਹੀਂ ਮਨਿਸਟਰ ਸਾਹਿਬ ਦੀ ਤਵੱਜੋ ਇਸ ਮਹਿਕਮੇ ਦੀ ਕਰਪਸ਼ਨ ਦੇ ਵਲ ਲਿਆਉਂਦਾ ਹਾਂ। ਇਸ ਮਹਿਕਮੇ ਦੇ ਵਿਚ ਇਤਨੀ ਕੁਰਪਸ਼ਨ ਹੈ ਕਿ ਇਕ ਬੇਲਦਾਰ ਦੇ ਖਿਲਾਫ ਸ਼ਿਕਾਇਤ, ਹੋਈ ਕਿ ਉਸ ਦੀਆਂ ਝੂਠੀਆਂ ਹਾਜ਼ਰੀਆਂ ਲਗਦੀਆਂ ਹਨ। ਜਦੋਂ ਮੌਕੇ ਤੇ ਜਾਕੇ ਵਿਜੀਲੈਂਸ ਦੇ ਮਹਿਕਮੇ ਨੇ ਵੇਖਿਆ ਕਿ ਆਕਾਸ਼ ਸਬ-ਡੀਵੀਜ਼ਨ ਵਿਚ ਐਸ. ਡੀ. ਓ. ਘਰ ਵਿਚ ਹੀ ਬੇਲਦਾਰਾਂ ਦੀਆਂ ਹਾਜ਼ਰੀਆਂ ਲਾਉਂਦਾ ਹੈ ਤਾਂ ਉਸ ਦਾ ਰਿਕਾਰਡ ਕਬਜ਼ੇ ਦੇ ਵਿਚ ਲੈ ਆਂਦਾ, ਪਰ ਫੇਰ ਵੀ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ। ਫਿਰ ਕਿਹਾ ਜਾਂਦਾ ਹੈ ਕਿ ਇਥੇ ਗਲਤ ਢੰਗ ਨਾਲ ਕ੍ਰਿਟੀਸਿਜ਼ਮ ਹੁੰਦਾ ਹੈ। ਮੈਂ ਮਨਿਸਟਰ ਸਾਹਿਬ ਨੂੰ ਗੁਜ਼ਾਰਸ਼ ਕਰਾਂਗਾ ਕਿ ਇਸ ਤਰ੍ਹਾਂ ਦੇ ਅਫਸਰਾਂ ਵਲ ਪੂਰਾ ਪੂਰਾ ਧਿਆਨ ਦਿੱਤਾ ਜਾਵੇ ਜਿਹੜੇ ਘਰ ਬੈਠ ਕੇ ਹਾਜ਼ਰੀਆਂ ਲਾਉਂਦੇ ਹਨ ਅਤੇ ਕਮਾਈ ਕਰਦੇ ਹਨ। ਪੰਜਾਬ ਸਰਕਾਰ ਦਾ ਇਸਤਰ੍ਹਾਂ ਲਖਾਂ ਰੁਪਿਆ ਜ਼ਾਇਆ ਹੁੰਦਾ ਹੈ। ਪੰਜਾਬ ਸਰਕਾਰ ਨੂੰ ਇਸ ਤਰ੍ਹਾਂ ਦੀ ਕੁਰਪਸ਼ਨ ਨੂੰ ਛੇਤੀ ਤੋਂ ਛੇਤੀ ਦੂਰ ਕਰਨਾ ਚਾਹੀਦਾ ਹੈ। ਮੈਂ ਇਸ ਗਲ ਦੀ ਵੀ ਬਾਸੀ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਜਦੋਂ ਦਾ ਇਹ ਮਹਿਕਮਾ ਇਨ੍ਹਾਂ ਦੇ ਹਥ ਵਿਚ ਆਇਆ ਹੈ ਇਨ੍ਹਾਂ ਨੇ ਇਸ ਨੂੰ ਖੂਬ ਖਿਚਿਆ ਹੈ, ਪਰ ਅਜੇ ਤੱਕ ਇਨ੍ਹਾਂ ਦੇ ਮਹਿਕਮੇ ਦੇ ਵਿਚ ਜਿਹੜੇ ਐਸ. ਡੀ. ਓਜ਼. ਹਨ ਉਹ ਹੁਣ ਵੀ ਪੈਸਾ ਲਏ ਤੋਂ ਬਗੈਰ ਕਿਸੇ ਦੇ ਬਿਲ ਪਾਸ ਨਹੀਂ ਕਰਦੇ। ਜਦੋਂ ਤਕ ਇਹ ਅਫਸਰਾਂ ਦੇ ਵਿਚੋਂ ਕੁਰਪਸ਼ਨ ਖਤਮ ਨਹੀਂ ਕਰਦੇ ਇਹ ਭਾਵੇਂ ਲਖ ਸਕੀਮਾਂ ਬਣਾਈ ਜਾਣ, ਇਹ ਮੁਲਕ ਦੀ ਤਰੱਕੀ ਨਹੀਂ ਕਰ ਸਕਣਗੇ। ਅਜ ਇਹ ਕਹਿੰਦੇ ਹਨ ਕਿ 5 ਕਰੋੜ ਰੁਪਿਆ ਡਰੇਨੇਜ ਦੇ ਉਤੇ ਅਸੀਂ ਖਰਚ ਕਰਨਾ ਹੈ, ਹੋਰ ਬਹੁਤ ਸਾਰਾ ਰੁਪਿਆ ਟਿਊਬਵੈਲਾਂ ਤੇ ਖਰਚ ਹੋਣਾ ਹੈ, ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਸ ਤਰ੍ਹਾਂ ਤਾਂ ਹਰ ਸਾਲ ਲਖਾਂ ਰੁਪਿਆ ਪ੍ਰੋਵਾਈਡ ਹੁੰਦਾ ਹੈ, 1964-65 ਵਿਚ ਪਹਿਲਾਂ ਫੇਰ ਪੈਸਾ 65-66 ਅਤੇ ਇਸੇ ਤਰ੍ਹਾਂ 66-67 ਅਤੇ 67-68 ਤੇ 69 ਤੱਕ ਪ੍ਰੋਵਾਈਡ ਹੀ ਹੁੰਦਾ ਆਇਆ ਹੈ ਪਰ ਇਹ ਮੈਨੂੰ ਦੱਸਣ ਇਨ੍ਹਾਂ ਦੀ ਕੋਈ ਸਕੀਮ ਸਿਰੇ ਵੀ ਲਗੀ ਹੈ ?

ਇਕ ਦੋ ਲਫਜ਼ ਮੈਂ ਬਿਜਲੀ ਦੇ ਮਹਿਕਮੇ ਦੇ ਮੁਤਾਲਿਕ ਵੀ ਅਰਜ਼ ਕਰ ਦੇਣੇ ਚਾਹੁੰਦਾ ਹਾਂ। ਭਾਖੜਾ ਡੈਮ ਤੋਂ ਸਾਰੇ ਪੰਜਾਬ ਨੂੰ ਬਿਜਲੀ ਸਪਲਾਈ ਹੁੰਦੀ ਹੈ, ਮਹਾਨ ਇਨਸਾਨ ਗੁਰੂ ਨਾਨਕ ਦੀ ਜਦੋਂ ਪੰਜ ਸੌ ਸਾਲਾ ਜਨਮ ਸ਼ਤਾਬਦੀ ਮਨਾਈ ਗਈ ਤਾਂ ਸਰਕਾਰ ਦੀ ਤਰਫੋਂ ਇਹ ਐਲਾਨ ਹੋਇਆ ਕਿ ਅਸੀਂ 212 ਪਿੰਡਾਂ ਨੂੰ ਬਿਜਲੀ ਦੇਣੀ ਹੈ। ਪਰ ਮੇਰੇ ਹਲਕੇ ਵਿਚ ਪਤਾ ਨਹੀਂ ਕਿਉਂ ਇਸਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਹੈ ਕਿ ਇਕ ਪਿੰਡ ਦੇ ਵਿਚ ਬਿਜਲੀ ਅਜੇ ਤੱਕ ਇਹ ਸਰਕਾਰ ਦੇ ਨਹੀਂ ਸਕੀ। ਬਲਾਚੌਰ ਦੇ ਹਲਕੇ ਦੀ ਮੈਂ ਮਿਸਾਲ ਦਿੱਤੀ ਹੈ। ਇਸ ਹਲਕੇ ਨੂੰ ਬਿਜਲੀ ਸਪਲਾਈ ਕਰਨ ਦੀ ਇਕ ਸਕੀਮ ਬਣੀ ਹੋਈ ਹੈ। ਪਾਵਰ ਸਬ ਸਟੇਸ਼ਨ ਦੇ ਲਈ ਜ਼ਮੀਨ ਦੋ ਸਾਲ ਦੀ ਐਕੁਆਇਰ ਵੀ ਹੋ ਚੁਕੀ ਹੈ। ਇਹ ਸਵਾਲ ਪਿਛਲੇ ਬਜਟ ਸੈਸ਼ਨ ਵਿਚ ਉਠਾਇਆ ਗਿਆ ਸੀ, ਉਸ ਵੇਲੇ ਵੀ ਇਸੇ ਤਰ੍ਹਾਂ ਟਾਲ ਮਟੋਲ ਕਰ ਦਿੱਤੀ ਸੀ। ਹੁਣ ਮੈਂ ਫੇਰ ਸਰਕਾਰ ਦੇ ਨੋਟਿਸ ਦੇ ਵਿਚ ਇਹ ਗਲ ਲਿਆ ਦੇਣੀ ਚਾਹੁੰਦਾ ਹਾਂ ਕਿ ਸਾਡਾ ਇਕ ਪਛੜਿਆ ਹੋਇਆ ਇਲਾਕਾ ਹੈ, 212 ਪਿੰਡਾਂ ਦੇ ਇਸ ਹਲਕੇ ਵਿਚ ਕਿਤੇ ਵੀ ਅਜੇ ਤੱਕ ਬਿਜਲੀ ਸਪਲਾਈ ਨਹੀ ਹੋਈ। ਦੋ ਦੋ ਸਾਲ ਹੋ ਗਏ ਹਨ ਇਨ੍ਹਾਂ ਨੂੰ ਜ਼ਮੀਨ ਐਕੁਆਇਰ ਕੀਤੀਆਂ ਪਰ ਸਕੀਮ ਅਜੇ ਤੱਕ ਸ਼ੁਰੂ ਵੀ ਨਹੀਂ ਕੀਤੀ। ਮਹਿਕਮੇ ਵਾਲੇ ਇਸ ਤਰ੍ਹਾਂ ਵਕਤ ਜ਼ਾਇਆ ਕਰਦੇ ਹਨ। ਜਿਹੜਾ ਕੰਮ ਦੋ ਮਹੀਨੇ ਦੇ

[ਚੌਧਰੀ ਤੁਲਸੀ ਰਾਮ ਚੌਹਾਨ]

ਵਿਚ ਹੋਣਾ ਹੋਵੇ ਉਹ ਇਹ 2 ਸਾਲ ਦੇ ਵਿਚ ਕਰਦੇ ਹਨ । ਸਿਵਾਏ ਸਰਕਾਰ ਦੀਆਂ ਤਨਖਾਹਾਂ ਲੈਣ ਤੇ ਹੋਰ ਕਿਸੇ ਪਾਸੇ ਇਨ੍ਹਾਂ ਦਾ ਖਾਸ ਧਿਆਨ ਨਹੀਂ । ਮੈਂ ਬਾਸੀ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਕ ਐਕਸ. ਈ. ਐਨ ਨੂੰ ਖੂਬ ਖਿਚਿਆ ਹੈ, ਜਿਸ ਦੇ ਨਤੀਜੇ ਦੇ ਤੌਰ ਤੇ ਹੁਣ 10 ਸਾਲ ਤੋਂ ਬਾਅਦ ਸੜਕ ਬਣਨੀ ਸ਼ੁਰੂ ਹੋਈ ਹੈ । ਹੋਸ਼ਿਆਰਪੁਰ ਦੇ ਵਿਚ ਚੋਆਂ ਦਾ ਮਸਲਾ ਇਕ ਭਾਰੀ ਸਵਾਲ ਬਣਿਆ ਹੋਇਆ ਹੈ । ਇਸੇ ਤਰਾਂ ਇਥੇ ਪੀਣ ਦੇ ਪਾਣੀ ਦਾ ਵੀ ਬੁਰਾ ਹਾਲ ਹੈ । ਨਾ ਇਥੇ ਬਿਜਲੀ ਸਪਲਾਈ ਹੁੰਦੀ ਹੈ ਅਤੇ ਨਾ ਹੀ ਸੜਕਾਂ ਬਣਦੀਆਂ ਹਨ । ਇਸ ਤਰ੍ਹਾਂ ਦਾ ਜੇ ਹਾਲ ਰਿਹਾ ਤਾਂ ਉਹ ਵਕਤ ਦੂਰ ਨਹੀਂ ਜਦੋਂ ਇਸ ਪਛੜੇ ਹੋਏ ਇਲਾਕੇ ਨੂੰ, ਇਸ ਐਡਮਨਿਸ-ਟਰੇਸ਼ਨ ਤੋਂ ਤੰਗ ਆਕੇ ਕਿਤੇ ਹੋਰ ਪਾਸੇ ਚਲੇ ਜਾਣ ਦਾ ਇਰਾਦਾ ਬਣਾਉਣਾ ਪਵੇ । ਅਜੇ ਵੀ ਟਾਈਮ ਹੈ ਕਿ ਇਸ ਇਲਾਕੇ ਦੀ ਪੀਣ ਵਾਲੇ ਪਾਣੀ ਦੀ ਮੰਗ ਅਤੇ ਬਿਜਲੀ ਤੇ ਸੜਕਾਂ ਆਦਿ ਦੀਆਂ ਮੰਗਾਂ ਮੰਨ ਲਈਆ ਜਾਣ । ਇਹ ਪੰਜਾਬ ਦਾ ਸਭ ਤੋਂ ਬੈਕਵਰਡ ਏਰੀਆ ਹੈ ; ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਵੀ ਦੂਜੇ ਭਰਾਵਾਂ ਦੇ ਬਰਾਬਰ ਖੜ੍ਹਾ ਕੀਤਾ ਜਾਵੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਾਡੇ ਸੈਕਰੀਟੇਰੀਏਟ ਦਾ ਕੋਈ ਵੀ ਬੰਦਾ ਇਥੇ ਨੋਟ ਕਰਨ ਵਾਸਤੇ ਮੌਜੂਦ ਨਹੀਂ ਹੈ, ਹਾਲਾਂ ਕਿ ਸੈਕਟਰੀ ਜਾਂ ਇਸ ਦਾ ਕੋਈ ਨੁਮਾਇੰਦਾ ਜ਼ਰੂਰ ਹੋਣਾ ਚਾਹੀਦਾ ਹੈ । (ਵਿਘਨ)

ਸਰਦਾਰ ਤੇਜਾ ਸਿੰਘ (ਬਠਿੰਡਾ) : ਚੇਅਰਮੈਨ ਸਾਹਿਬ, ਇਨ੍ਹਾਂ ਡਿਮਾਂਡਜ਼ ਦਾ ਤੁਆਲਕ ਬਾਸੀ ਸਾਹਿਬ ਦੇ ਮਹਿਕਮੇ ਨਾਲ ਹੈ । ਇਨ੍ਹਾਂ ਤੇ ਬੋਲਦਿਆਂ ਹੋਇਆਂ ਬਹੁਤ ਸਾਰੇ ਮੈਂਬਰਾਂ ਨੇ ਨੁਕਤਾਚੀਨੀ ਕੀਤੀ ਹੈ ਅਤੇ ਬਹੁਤ ਸਾਰੇ ਮੈਂਬਰਾਂ ਨੇ ਇਸ ਦੇ ਹਿਮਾਇਤ ਵਿਚ ਕਿਹਾ ਹੈ । ਮੈਂ ਡੀਮਾਂਡ ਨੰ : 26,27,28 ਅਤੇ 29 ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਖੜ੍ਹਾ ਹੋਇਆ ਹਾਂ ।

ਜਿਥੋਂ ਤੱਕ ਇਰੀਗੇਸ਼ਨ ਦੇ ਮਹਿਕਮੇ ਦਾ ਤਲੁੱਕ ਹੈ ਇਹ ਇੰਪਾਰਟੈਂਸ ਰਖਣ ਵਾਲੇ ਮਹਿਕਮਿਆਂ ਦੇ ਵਿਚੋਂ ਰੇਲਵੇ ਤੋਂ ਬਾਅਦ ਦੂਜੇ ਨੰਬਰ ਤੇ ਇਹ ਆਉਂਦਾ ਹੈ । ਇਸ ਮਹਿਕਮੇ ਦੇ ਪਾਸ ਆਪਣੇ ਟੈਲੀਫੋਨ, ਆਪਣੀਆਂ ਤਾਰਾਂ, ਅਪਣੀਆਂ ਸੜਕਾਂ ਅਤੇ ਆਪਣੇ ਹੀ ਕਾਇਦੇ ਕਾਨੂੰਨ ਹਨ । ਅੰਗਰੇਜ਼ ਜੋ ਆਪਣੀ ਵਿਰਾਸਤ ਕਿਤੇ ਛਡ ਗਏ ਹਨ ਤਾਂ ਉਹ ਰੇਲਵੇ ਦੇ ਮਹਿਕਮੇ ਵਿਚ ਅਤੇ ਇਸ ਤੋਂ ਦੂਸਰੇ ਨੰਬਰ ਤੇ ਇਰੀਗੇਸ਼ਨ ਦੇ ਮਹਿਕਮੇ ਵਿਚ ਛਡ ਗਏ ਹਨ । ਕਈ ਬਹੁਤ ਹੀ ਪੁਰਾਣੀਆਂ ਗੱਲਾਂ ਹਨ ਜੋ ਇਸ ਵੇਲੇ ਵੀ, ਅੰਗਰੇਜ਼ੀ ਲੀਹਾਂ ਤੇ, ਇਸ ਮਹਿਕਮੇ ਦੇ ਵਿਚ ਪਰਚਲਤ ਹਨ । ਇਨ੍ਹਾਂ ਵਿਚੋਂ ਬਹੁਤ ਸਾਰੀਆਂ ਗਲਾਂ ਐਸਟੀਮੇਟਸ ਕਮੇਟੀ ਦੀ ਵਰਕਿੰਗ ਹੋਣ ਤੇ ਸਾਹਮਣੇ ਆਈਆਂ, ਜਿਨ੍ਹਾਂ ਦੇ ਵਿਚੋਂ ਚੰਦ ਇਕ ਮੈਂ ਹਾਊਸ ਦੇ ਸਾਹਮਣੇ ਪੇਸ਼ ਕਰਦਾ ਹਾਂ, ਕਿਉਂਕਿ ਵਕਤ ਥੋੜਾ ਹੈ ਅਤੇ ਇਨ੍ਹਾਂ ਦਾ ਮੈਟੀਰੀਅਲ ਬਹੁਤ ਜ਼ਿਆਦਾ ਹੈ ।

ਜਿਥੋਂ ਤੱਕ ਪ੍ਰਾਜੈਕਟਸ ਬਣਾਉਣ ਦਾ ਸਵਾਲ ਹੈ ਇਰੀਗੇਸ਼ਨ ਦਾ ਮਹਿਕਮਾ ਸਭ ਤੋਂ ਜ਼ਿਆਦਾ ਪੈਸਾ ਲਗਾਉਂਦਾ ਹੈ । ਇਨ੍ਹਾਂ ਪ੍ਰਾਜੈਕਟਸ ਦੀਆਂ ਜਿਤਨੀਆਂ ਵੀ ਪ੍ਰੋਪੋਜ਼ਲਜ਼ ਹੁੰਦੀਆਂ ਹਨ, ਉਹ ਟੈਕਨੀਕਲ ਨੇਚਰ ਦੀਆਂ ਹੁੰਦੀਆਂ ਹਨ । ਇਨ੍ਹਾਂ ਦੀ ਯੂਟਿਲਿਟੀ ਨੂੰ ਵੇਖਦੇ ਹੋਏ, ਕੰਮ ਦੀ ਪ੍ਰਾਇਰਟੀ ਮਹਿਕਮੇ ਨੂੰ ਫਿਕਸ ਕਰਨੀ ਚਾਹੀਦੀ ਹੈ, ਪਰ ਜਿਹੜੀ ਪੁਜ਼ੀਸ਼ਨ ਸਾਡੇ ਵੇਖਣ ਦੇ ਵਿਚ

ਆਈ ਉਹ ਸਾਰੇ ਮੁਆਮਲਿਆਂ ਵਿਚ ਬਰਅਕਸ ਸੀ। ਇਕ ਕਿਸਾ ਹਰਿਕਾ ਹੈਡ ਵਰਕਸ ਦਾ ਮਿਸਾਲ ਦੇ ਤੌਰ ਤੇ ਪੇਸ਼ ਕਰਦਾ ਹਾਂ। ਇਸ ਹਾਊਸ ਨੂੰ ਇਕ ਪ੍ਰਛ ਦੇ ਸਿਲਸਲੇ ਵਿਚ ਦੱਸਿਆ ਜਾਂਦਾ ਹੈ ਕਿ ਉਥੇ ਹੈਵੀ ਕਰੈਕਸ ਆਏ ਹਨ। 1964 ਵਿਚ ਰੀਪੇਅਰ ਹੁੰਦੀ ਹੈ, 1965 ਵਿਚ ਰੀਪੇਅਰਜ਼ ਹੁੰਦੀਆਂ ਹਨ। ਅਸਲ ਵਿਚ ਗਲ ਇਹ ਹੈ ਕਿ ਇਸ ਦੇ ਡੀਜ਼ਾਈਨ ਦੀ ਕੋਈ ਅਪਰੂਵਲ ਨਹੀਂ ਲਈ ਗਈ। ਇਸ ਮੁਆਮਲੇ ਦੀ ਜਾਂਚ ਪੜਤਾਲ ਵਾਸਤੇ ਜਿਹੜੀ ਇਨਕੁਆਇਰੀ ਕਮੇਟੀ ਮੁਕਰਰ ਹੁੰਦੀ ਹੈ ਉਸ ਵਿਚ ਮਹਿਕਮੇ ਦੇ 3 ਇੰਜੀਨੀਅਰ ਅਤੇ ਚੌਥਾ ਆਦਮੀ ਬੀ. ਐਂਡ. ਆਰ. ਦਾ ਲਿਆ ਜਾਂਦਾ ਹੈ। ਆਪ ਹੀ ਕੰਮ ਕਰਨ ਵਾਲੇ ਹਨ ਅਤੇ ਆਪ ਹੀ ਉਸ ਦੀ ਇਨਕੁਆਇਰੀ ਕਰਨ ਵਾਲੇ ਹਨ। ਫਿਰ ਰਿਸਪਾਂਸਿਬਿਲਟੀ ਕਿਸ ਤੇ ਫਿਕਸ ਕਰਨੀ ਹੋਈ, ਇਹ ਕੇਸ ਹੀ ਮੁਕਾ ਦਿਤਾ। ਇਹ ਮਹਿਕਮਾ ਅਜ ਵੀ ਪੁਰਾਣੀਆਂ ਲੀਹਾਂ ਤੇ ਚਲਦਾ ਆ ਰਿਹਾ ਹੈ। ਸਰਕਾਰ ਨੂੰ ਹੁਣ ਇਹ ਕੁਰਪਸ਼ਨ ਦੇ ਮੰਬੇ ਜਿਹੜੇ ਪਿਛਲੇ 20-22 ਸਾਲ ਦੇ ਕਾਂਗਰਸ ਦੇ ਰਾਜ ਦੇ ਵਿਚ ਖਤਮ ਨਹੀਂ ਹੋਏ, ਖਤਮ ਕਰ ਦੇਣੇ ਚਾਹੀਦੇ ਹਨ।

ਇਸ ਮਹਿਕਮੇ ਦੇ ਰਾਹੀਂ ਥੀਨ ਡੈਮ ਦਾ ਕੰਮ ਟੇਕ-ਅਪ ਹੋਇਆ। ਮੈਂ ਬਾਸੀ ਜੀ ਨੂੰ ਇਸ ਗਲ ਦੀ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਆਪਣੀ ਕੋਸ਼ਿਸ਼ ਨਾਲ ਸਾਡੇ ਜ਼ਿਲੇ ਵਿਚ ਇਕ ਥਰਮਲ ਪਲਾਂਟ ਲਗਵਾਇਆ। ਪਰ ਪਿਛਲੀਆਂ ਸਰਕਾਰਾਂ ਨੇ ਅਤੇ ਸੈਂਟਰ ਦੀ ਸਰਕਾਰ ਨੇ ਕਦੇ ਇਹ ਨਹੀਂ ਸੋਚਿਆ ਕਿ ਜਿਹੜਾ ਪਾਣੀ ਇਕ ਤਰ੍ਹਾਂ ਨਾਲ ਫਰੀ ਗਿਫਟ ਪਾਕਿਸਤਾਨ ਨੂੰ ਜਾਣਾ ਹੈ ਇਸ ਦਾ ਵੀ ਕੋਈ ਪ੍ਰਬੰਧ ਕੀਤਾ ਜਾਵੇ। ਇਹ ਬਾਹਰ ਦੇ ਮੁਲਕ ਨੂੰ ਤਾਂ ਜਾ ਸਕਦਾ ਹੈ ਪਰ ਪੰਜਾਬ ਦੇ ਕਿਸਾਨ ਲਈ, ਜਿਹੜਾ ਕਿ ਅਜ ਲੋੜਵੰਦ ਹੈ, ਕੋਈ ਖਿਆਲ ਨਹੀਂ ਕੀਤਾ ਗਿਆ। ਡੈਮ ਬਨਾਉਣ ਦੀਆਂ ਅਜ ਤਾਈਂ ਸਾਰੀਆਂ ਹੀ ਕਾਗਜ਼ੀ ਗੱਲਾਂ ਹੋਈਆਂ ਹਨ। ਫੇਰ ਬਜਟ ਦੇ ਵਿਚ ਹਰ ਸਾਲ ਜਿਹੜੇ ਐਸਟੀਮੇਟਸ ਬਣਕੇ ਆਉਂਦੇ ਹਨ, ਇਹ ਕਦੇ ਨਹੀਂ ਸੋਚਿਆ ਗਿਆ ਕਿ ਇਨ੍ਹਾਂ ਦੀ ਜ਼ਰੂਰਤ ਹੈ ਜਾਂ ਨਹੀਂ, ਇਹ ਘਟ ਹਨ ਜਾਂ ਵਧ, ਪਰ ਪਿਛਲੇ ਐਸਟੀਮੇਟਸ ਦੇਖੇ ਅਤੇ ਨਵਿਆਂ ਐਸਟੀਮੇਟਸ ਦੇ ਵਿਚ ਪ੍ਰੋਵਾਈਡ ਕਰ ਦਿੱਤਾ, ਇਸ ਤਰ੍ਹਾਂ ਬਜਟ ਐਸਟੀਮੇਟਸ ਇਸ ਮਹਿਕਮੇ ਵਿਚ ਤਿਆਰ ਹੁੰਦੇ ਹਨ।

ਇਸ ਦੇ ਬਾਰੇ ਮੈਂ ਤੁਹਾਡੇ ਰਾਹੀਂ ਬਾਸੀ ਸਾਹਿਬ ਨੂੰ ਅਰਜ਼ ਕਰਾਂਗਾ ਕਿ ਹੁਣ ਹਾਲਾਤ ਬਹੁਤ ਚੇਂਜ ਹੋ ਚੁਕੇ ਹਨ। ਕਈ ਪਟੜੀਆ ਪਕੀਆਂ ਬਣ ਗਈਆਂ ਹਨ ਅਤੇ ਕਈ ਨਹਿਰਾਂ ਕਟ ਕਰ ਦਿਤੀਆਂ ਗਈਆਂ ਹਨ ਕਿ ਪਾਣੀ ਘਟ ਹੈ। ਇਸ ਲਈ ਐਸਟੀਮੇਟ ਚੇਂਜਡ ਹਾਲਾਤ ਦੇ ਮੁਤਾਬਕ ਬਣਨੇ ਚਾਹੀਦੇ ਹਨ ਅਤੇ ਪੁਰਾਣੇ ਹਾਲਾਤ ਦੇ ਮੁਤਾਬਕ ਐਸਟੀਮੇਟ ਨਹੀਂ ਬਣਨੇ ਚਾਹੀਦੇ। ਇਕ ਆਦਮੀ ਜਿਸ ਦਾ ਨਾਂ ਮੈਂ ਇਥੇ ਹਾਊਸ ਵਿਚ ਨਹੀਂ ਲੈਣਾ ਚਾਹੁੰਦਾ, ਨੇ ਪੁਰਾਣੇ ਹਿਸਾਬ ਦੇ ਨਾਲ ਇਕ ਐਸਟੀਮੇਟ ਬਣਾਇਆ। ਇਕ ਰਜਬਾਹਾ ਜਾਂਦਾ ਸੀ ਜਿਸ ਦੇ ਦੋਨੋ ਪਾਸੇ ਟਿਬੇ ਸੀ। ਉਸਤੇ ਮਿਟੀ ਪਾਉਣ ਦਾ ਕਦੇ ਐਸਟੀਮੇਟ ਨਹੀਂ ਸੀ ਬਣਿਆ। ਉਸ ਨੇ ਉਸ ਦਾ ਐਸਟੀਮੇਟ ਬਣਾ ਕੇ ਭੇਜ ਦਿਤਾ ਅਤੇ ਉਹ ਮੈਂਕਸ਼ਨ ਵੀ ਹੋ ਗਿਆ, ਔਰ ਉਥੇ ਇਸ ਤਰੀਕੇ ਦੇ ਨਾਲ ਹਜ਼ਾਰਾਂ ਰੁਪਏ ਦਾ ਗਬਨ ਹੋ ਗਿਆ ਹੈ। ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਕਹਾਂਗਾ ਕਿ ਨਵੇਂ ਹਾਲਾਤ ਦੇ ਮੁਤਾਬਕ ਦੇਖਣ ਕਿ ਕਿਥੇ ਮੇਨਟੇਨੈਂਸ ਦੀ ਲੋੜ ਹੈ। ਫਿਰ ਰੈਸਟ ਹਾਊਸਾਂ ਦੀ ਮੈਨਟੇਨੈਂਸ ਦੀ ਗਲ ਆਉਂਦੀ ਹੈ। ਪੰਜਾਬ ਦੇ ਵਚ ਸਿਰਫ ਇਰੀਗੇਸ਼ਨ ਦਾ ਡਿਪਾਰਟਮੈਂਟ ਹੀ ਹੈ ਜਿਸ ਕੋਲ ਆਪਣੇ ਰੈਸਟ ਹਾਊਸਿਜ਼ ਹਨ।

[ਸਰਦਾਰ ਤੇਜਾ ਸਿੰਘ]

ਪਰ ਉਥੇ ਕੋਈ ਠਹਿਰਦਾ ਨਹੀਂ ਹੈ। ਉਨ੍ਹਾਂ ਦੇ ਨਾਲ ਕੁਝ ਜ਼ਮੀਨ ਵੀ ਹੁੰਦੀ ਹੈ ਪਰ ਉਸ ਦਾ ਵੀ ਕੋਈ ਫਾਇਦਾ ਨਹੀਂ ਉਠਾਇਆ ਜਾ ਸਕਦਾ। ਡਿਵੀਜ਼ਨ ਸੁਪਰਟੈਂਡਿੰਗ ਇੰਨਜੀਨੀਅਰ ਨੂੰ ਹਿਦਾਇਤਾਂ ਹਨ ਕਿ ਉਹ ਘਟੋ ਘਟ 10 ਦਿਨ ਜ਼ਰੂਰ ਦੌਰੇ ਤੇ ਰਿਹਾ ਕਰੇ। ਪਰ ਇਕ ਰੈਸਟ ਹਾਊਸ ਦੀ ਸਾਲਾਨਾ ਆਮਦਨ 120 ਰੁਪਏ ਹੈ। ਇਸ ਦਾ ਮਤਲਬ ਹੈ ਕਿ ਜਾਂ ਤਾਂ ਉਹ ਅਫ਼ਸਰ ਦੌਰੇ ਤੇ ਨਹੀਂ ਜਾਂਦਾ ਤੇ ਗਲਤ ਟੀ. ਏ. ਕਲੇਮ ਕਰਦਾ ਹੈ, ਜਾਂ ਉਹ ਕਿਧਰੇ ਹੋਰ ਠਹਿਰਦਾ ਹੈ, ਉਥੇ ਨਹੀਂ ਠਹਿਰਦਾ ਮੈਂ ਵਜ਼ੀਰ ਸਾਹਿਬ ਨੂੰ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਕਹਾਂਗਾ ਕਿ ਇਹੋ ਜਿਹੀਆਂ ਹੋਰ ਵੀ ਕਈ ਗਲਾਂ ਹਨ ਉਨ੍ਹਾਂ ਦੇ ਵਲ ਉਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਹੈ।

ਫਿਰ ਚੇਅਰਮੈਨ ਸਾਹਿਬ, ਇੰਪਰੂਵਮੈਂਟ ਦਾ ਸਵਾਲ ਆਉਂਦਾ ਹੈ। ਕਈ ਥਾਈਂ ਰੀਮਾਡਲਿੰਗ ਤੇ ਪੈਸਾ ਖਰਚ ਕੀਤਾ ਜਾ ਰਿਹਾ ਹੈ। ਨਹਿਰਾਂ ਦਾ ਪਾਣੀ ਜ਼ਿਆਦਾ ਕਰਨ ਵਾਸਤੇ ਬਹੁਤ ਸਾਰੇ ਸਾਧਨ ਸਾਡੀ ਸਰਕਾਰ ਨੇ ਅਪਨਾਏ ਹਨ ਜੋ ਕਿ ਸ਼ਲਾਘਾ ਯੋਗ ਹਨ। ਪਰ ਕਈ ਥਾਂ ਇਹ ਉਥੇ ਨਹੀਂ ਅਪਨਾਏ ਗਏ ਜਿਥੇ ਕਿ ਉਨ੍ਹਾਂ ਦੀ ਲੋੜ ਸੀ। ਅਤੇ ਵਧ ਪਾਣੀ ਉਥੇ ਦਿਤਾ ਗਿਆ ਹੈ ਜਿਥੇ ਕਿ ਪਹਿਲਾਂ ਹੀ ਪਾਣੀ ਟਿਊਬਵੈਲਾਂ ਜਾਂ ਨਹਿਰਾਂ ਨਾਲ ਮਿਲ ਜਾਂਦਾ ਸੀ। ਉਨ੍ਹਾਂ ਦੇ ਕਈ ਮੋਕੇ ਉਥੇ ਬਣਾਏ ਹਨ ਜਿਥੇ ਕਿ ਟਿਊਬਵੈਲਾਂ ਦੇ ਨਾਲ ਪਾਣੀ ਮਿਲ ਜਾਂਦਾ ਸੀ ਪਰ ਮੈਂ ਆਪਣੇ ਇਲਾਕੇ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਉਥੇ ਨਾ ਤਾਂ ਨਹਿਰ ਦਾ ਪਾਣੀ ਜਾਂਦਾ ਹੈ ਅਤੇ ਨਾ ਹੀ ਉਥੇ ਟਿਊਬਵੈਲਜ਼ ਹਨ। ਉਥੇ ਇਸ ਪ੍ਰਕਾਰ ਦੀ ਕੋਈ ਸਕੀਮ ਨਹੀਂ ਬਣਾਈ ਗਈ। ਮੈਂ ਤੁਹਾਡੀ ਰਾਹੀਂ ਬਾਸੀ ਸਾਹਿਬ ਨੂੰ ਕਹਾਂਗਾ ਕਿ ਜਾਖਲ ਵਿਚ ਲਾਈਨ ਦੇ ਸਾਊਥ ਵੈਸਟ ਤੇ 3.5 ਕਿਊਸੈਕ ਪਾਣੀ ਦੇਣਾ ਸੀ ਪਰ ਇਸ ਦੇ ਮੁਤਾਬਕ ਨਹੀਂ ਦਿਤਾ ਗਿਆ ਔਰ ਇਹ ਕਿਹਾ ਗਿਆ ਹੈ ਕਿ ਇਸ ਦੇ ਲਈ ਚੈਂਨਲ ਤਿਆਰ ਨਹੀਂ ਹੋਇਆ। ਚੇਅਰਮੈਨ ਸਾਹਿਬ, ਮੈਂ ਤੁਹਾਡੀ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਵਕਤ ਬਦਲ ਗਿਆ ਹੈ ਪਰ ਬੰਦੀਆਂ ਨਹੀ ਬਦਲੀਆਂ (ਘੰਟੀ) ਭਾਂਡੇ ਤਾਂ ਮੌਜੂਦ ਹਨ ਪਰ ਪਾਣੀ ਨਹੀਂ ਹੈ। ਮੈਂ ਬਾਸੀ ਸਾਹਿਬ ਨੂੰ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਉਹ ਬੰਦੀਆਂ ਦਾ ਸਿਸਟਮ ਖਤਮ ਕਰ ਦੇਣ।

ਸ਼੍ਰੀ ਸਭਾਪਤੀ : ਤੁਹਾਡਾ ਟਾਈਮ ਖਤਮ ਹੋ ਗਿਆ ਹੈ। (The time allotted to hon. Member, is over.)

ਸਰਦਾਰ ਤੇਜਾ ਸਿੰਘ : ਮੈਂ ਕਟ ਸ਼ਾਰਟ ਕਰ ਰਿਹਾ ਹਾਂ ਜੀ। ਫਿਰ ਇਥੇ ਦੋਨੋ ਪਾਸਿਆਂ ਤੋਂ ਕੁਰਪਸ਼ਨ ਦਾ ਜ਼ਿਕਰ ਕੀਤਾ ਗਿਆ ਹੈ। ਸਾਡੇ ਇਲਾਕੇ ਦੇ ਵਿਚ ਤਾਂ ਇਹ ਕਿਹਾ ਜਾਂਦਾ ਹੈ ਕਿ ਇਰੀਗੇਸ਼ਨ ਦਾ ਮਹਿਕਮਾ ਤਾਂ ਦੁਧ ਦੇਣ ਵਾਲੀ ਗਊ ਹੈ, ਜਿਤਨੇ ਦਾਣੇ ਪਾਓਗੇ ਉਤਨਾ ਹੀ ਦੁਧ ਦੇਵੇਗੀ। ਪਰ ਮੈਂ ਅਰਜ਼ ਕਰਦਾ ਹਾਂ ਕਿ ਇਹ ਸਿਰਫ਼ ਪਬਲਿਕ ਤੋਂ ਹੀ ਦਾਣੇ ਨਹੀਂ ਲੈਂਦੀ ਬਲਕਿ ਸਰਕਾਰ ਤੋਂ ਵੀ ਲੈਂਦੀ ਹੈ। (ਥਪਿੰਗ) ਮੈਂ ਅਰਜ਼ ਕਰਦਾ ਹਾਂ ਕਿ ਲਖਾਂ ਰੁਪਏ ਦੀਆਂ ਸਕੀਮਾਂ ਬਣਦੀਆਂ ਹਨ ਪਰ ਉਹ ਇਮਪਲੀਮੈਂਟ ਨਹੀਂ ਹੁੰਦੀਆਂ। ਇਸੇ ਤਰ੍ਹਾਂ ਮੇਰੇ ਜ਼ਿਲ੍ਹੇ ਬਠਿੰਡੇ ਅਤੇ ਅਬੋਹਰ ਦੇ ਇਲਾਕੇ ਦੇ ਵਿਚ ਲਗਪਗ 350 ਮੋਘੇ ਕਟ ਦਿਤੇ ਹਨ। ਬਹਾਨਾ ਇਹ ਲਾਇਆ ਗਿਆ ਹੈ ਕਿ ਟੇਲ ਤੇ ਪਾਣੀ ਨਹੀਂ ਹੈ। ਅਸੀਂ ਟੇਲ ਬਾਰੇ ਸਟੇਟਮੈਂਟ ਪੜ੍ਹੀ ਹੈ। ਉਸ ਵਿਚ ਕਿਧਰੇ ਨਹੀਂ ਕਿਹਾ ਗਿਆ ਕਿ ਟੇਲ ਤੇ ਪਾਣੀ ਘਟ ਹੈ। ਅਸਲ ਦੇ ਵਿਚ ਗਲ ਇਹ ਹੈ ਕਿ ਉਨ੍ਹਾਂ ਮੋਘਿਆਂ ਨੂੰ ਕਟਣ ਵਿਚ ਲਖਾਂ ਰੁਪਏ ਦੀ ਹੇਰਾ ਫੇਰੀ ਹੋ ਗਈ ਹੈ ਅਤੇ ਜਦੋਂ ਇਹ ਫਿਰ ਬਣਨਗੇ

ਤਾਂ ਫਿਰ ਲਖਾਂ ਰੁਪਏ ਦੀ ਹੇਰਾ ਫੇਰੀ ਹੋਵੇਗੀ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਮੋਘਿਆਂ ਦੇ ਵਿਚ 325 ਦੇ ਕਰੀਬ ਅਜਿਹੇ ਮੋਘੇ ਵੀ ਹਨ ਜਿਹੜੇ ਕਿ ਅਜ ਤੋਂ 6 ਮਹੀਨੇ ਪਹਿਲਾਂ ਇਸੇ ਮਹਿਕਮੇ ਨੇ, ਇਨ੍ਹਾਂ ਹੀ ਅਫ਼ਸਰਾਂ ਨੇ ਬਣਾਏ ਸੀ। (ਘੰਟੀ) ਅਜੇ ਤਾਂ ਚੇਅਰਮੈਨ ਸਾਹਿਬ ਬਹੁਤ ਸਾਰੀਆਂ ਅਜਿਹੀਆਂ ਗਲਾਂ ਹਨ ਜਿਹੜੀਆਂ ਕਿ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਉਣੀਆਂ ਹਨ।

ਸ਼੍ਰੀ ਸਭਾਪਤੀ : ਮੇਰੇ ਸਾਹਮਣੇ ਮੈਂਬਰਾਂ ਦੀ ਲਿਸਟ ਪਈ ਹੈ ਇਸ ਲਈ ਮੈਂ ਤੁਹਾਨੂੰ ਹੋਰ ਟਾਈਮ ਨਹੀਂ ਦੇ ਸਕਦਾ। (I have got a long list of the Members who are to speak. So I cannot allow you more time.)

ਸਰਦਾਰ ਤੇਜਾ ਸਿੰਘ : ਚੇਅਰਮੈਨ ਸਾਹਿਬ, ਮੈਂ ਤੁਹਾਡੇ ਤੋਂ 5 ਮਿੰਟ ਤਾਂ ਜ਼ਰੂਰ ਹੀ ਲੈਣੇ ਹਨ।

ਸ਼੍ਰੀ ਸਭਾਪਤੀ : ਨਹੀਂ ਜੀ, ਮਿਹਰਬਾਨੀ ਕਰਕੇ ਬੈਠ ਜਾਉ। (No please. Please resume your seat.)

ਸਰਦਾਰ ਤੇਜਾ ਸਿੰਘ : ਅੱਛਾ ਜੀ ਮੈਂ 2 ਮਿੰਟ ਦੇ ਵਿਚ ਹੀ ਖਤਮ ਕਰ ਦੇਵਾਂਗਾ। (ਵਿਘਨ) ਚੇਅਰਮੈਨ ਸਾਹਿਬ ਮੇਰੇ ਸਾਹਮਣੇ ਇਕ ਗਲ ਆਈ ਹੈ ਉਹ ਮੈਂ ਸਾਫ਼ ਕਰ ਦੇਵਾਂ ਕਿ ਇਹ ਸਾਰੀਆਂ ਗਲਾਂ ਇਨ੍ਹਾਂ (ਕਾਂਗਰਸ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਦੀ ਸਰਕਾਰ ਦੇ ਵੇਲੇ ਦੀਆਂ ਹਨ ਇਸ ਸਰਕਾਰ ਦੀ ਕੋਈ ਗਲ ਅਜੇ ਤਕ ਨਹੀਂ ਨਿਕਲੀ। (ਸਰਕਾਰੀ ਬੈਂਚਾਂ ਵਲੋਂ ਥੰਪਿਗ)

ਫਿਰ ਚੇਅਰਮੈਨ ਸਾਹਿਬ, ਮੈਂ ਇਕ ਸੁਝਾਵ ਦਿੰਦਾ ਹਾਂ ਕਿ ਹੁਣ ਇਹ ਮੰਗ ਕੀਤੀ ਜਾ ਰਹੀ ਹੈ ਕਿ ਮੀਟਰ ਲਗਾਏ ਜਾਣ। ਪਰ ਮੈਂ ਸਮਝਦਾ ਹਾਂ ਕਿ ਇਹ ਗਲ ਠੀਕ ਨਹੀਂ। ਸਗੋਂ ਮੈਂ ਤਾਂ ਅਰਜ਼ ਕਰਦਾ ਹਾਂ ਕਿ ਜੇ ਇਰੀਗੇਸ਼ਨ ਬੁਕਿੰਗ ਕਲਰਕ ਹੀ ਹਟਾ ਦਿਤੇ ਜਾਣ ਤਾਂ ਲੱਖਾਂ ਰੁਪਏ ਦੀ ਬਚਤ ਹੋ ਸਕਦੀ ਹੈ ਅਤੇ ਆਬਿਆਨਾ 5 ਏਕੜ ਦੇ ਏਰੀਏ ਦੀ ਔਸਤ ਹਿਸਾਬ ਦੇ ਨਾਲ ਲਿਆ ਜਾਵੇ।

ਫਿਰ ਚੇਅਰਮੈਨ ਸਾਹਿਬ, ਸਾਡੇ ਪੰਜਾਬ ਦੇ ਵਿਚ ਸੁਪਰਇਨਟੈਨਡਿੰਗ ਇੰਜੀਨੀਅਰਜ਼ ਦੀਆਂ ਪੋਸਟਾਂ ਫਾਲਤੂ ਹਨ। ਪਹਿਲਾਂ ਇਨ੍ਹਾਂ ਦਾ ਕੰਮ ਅਪੀਲਾਂ ਸੁਣਨ ਦਾ ਸੀ ; ਹੁਣ ਤਾਂ ਉਹ ਵੀ ਚੀਫ਼ ਇੰਜੀਨੀਅਰ ਨੇ ਲੈ ਲਿਆ ਹੈ। ਇਸ ਲਈ ਇਨ੍ਹਾਂ ਕੋਲ ਹੁਣ ਆਰਬਿਟ੍ਰੇਰੀ ਕੰਮ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਪੋਸਟਾਂ ਦੀ ਕੋਈ ਲੋੜ ਨਹੀਂ ਹੈ।

ਫਿਰ ਇਥੇ ਪੰਜਾਬ ਦੇ ਵਿਚ 4 ਚੀਫ਼ ਇੰਜੀਨੀਅਰ ਹਨ ਜਿਹੜੇ ਕਿ ਆਪਣੇ ਆਪਣੇ ਥਾਵੇਂ ਆਜ਼ਾਦ ਹਨ, ਕੋਈ ਕਿਸੇ ਦੇ ਅਧੀਨ ਨਹੀਂ ਹੈ। ਇਹ ਗਲ ਬੜੀ ਹੈਰਾਨੀ ਵਾਲੀ ਹੈ ਕਿ ਇਕ ਮਹਿਕਮੇ ਦੇ 4 ਹੈਡ ਆਫ਼ ਦੀ ਡਿਪਾਰਟਮੈਂਟ ਹੋਣ। ਮੈਂ ਇਹ ਸੁਝਾਓ ਬਜਟ ਸਪੀਚ ਦੇ ਵੇਲੇ ਵੀ ਦਿਤਾ ਸੀ ਕਿ ਇਨ੍ਹਾਂ ਦੇ ਵਿਚੋਂ ਇਕ ਚੀਫ਼ ਇੰਜੀਨੀਅਰ ਰਖ ਲੈਣਾ ਚਾਹੀਦਾ ਹੈ ਅਤੇ ਬਾਕੀ ਦੇ ਡਿਪਟੀ ਚੀਫ਼ ਇੰਜੀਨੀਅਰ ਬਣਾ ਦੇਣੇ ਚਾਹੀਦੇ ਹਨ ਤਾਂ ਕਿ ਸਾਰੀ ਤਾਕਤ ਇਕ ਥਾਂ ਤੇ ਇਕਠੀ ਹੋ ਜਾਵੇ ਇਸ ਨਾਲ ਲੋਕਾਂ ਦੀ ਮੁਸ਼ਕਲ ਵੀ ਦੂਰ ਹੋ ਜਾਵੇਗੀ ਔਰ ਲਖਾਂ ਰੁਪਏ ਦੀ ਬਚਤ ਵੀ ਹੋਵੇਗੀ।

[ਸਰਦਾਰ ਤੇਜਾ ਸਿੰਘ]

ਫਿਰ, ਚੇਅਰਮੈਨ ਸਾਹਿਬ, ਦੋ ਬੜੇ ਵਡੇ ਧਕੇ ਹੁੰਦੇ ਹਨ। (ਘੰਟੀ) ਇਕ ਤਾਂ ਇਰੀਗੇਸ਼ਨ ਡਿਪਾਰਟਮੈਂਟ ਵਲੋਂ ਰੈਵੇਨਿਊ ਵਾਲਿਆਂ ਤੇ ਹੁੰਦਾ ਹੈ। ਜ਼ੈਲਦਾਰ ਅਤੇ ਓਵਰਸੀਅਰ ਇਕ ਬਰਾਬਰ ਹੁੰਦੇ ਹਨ ਪਰ ਓਵਰਸੀਅਰ ਤਾਂ ਐਕਸ. ਈ. ਐਨ. ਤਕ ਬਣ ਜਾਂਦਾ ਹੈ ਪਰ ਜ਼ੈਲਦਾਰ ਉਥੇ ਹੀ ਬੈਠਾ ਰਹਿੰਦਾ ਹੈ। ਇਹ ਧਕਾ ਦੂਰ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਪਟਵਾਰੀ ਨੂੰ ਖਤਮ ਕਰ ਦੇਣਾ ਚਾਹੀਦਾ ਹੈ।

ਦੂਜਾ ਧਕਾ ਰੈਵਨਿਊ ਵਾਲਿਆਂ ਦਾ ਇਰੀਗੇਸ਼ਨ ਵਾਲਿਆਂ ਤੇ ਹੋਰ ਹੁੰਦਾ ਹੈ। ਮੈਂ ਪਿਛੇ ਜਿਹੇ ਬਜਟ ਸਪੀਚ ਤੇ ਬੋਲਦੇ ਹੋਏ ਵੀ ਇਹ ਕਿਹਾ ਸੀ ਕਿ ਇੰਜੀਨੀਅਰਜ਼ ਜਿਹੜੇ ਹਨ ਉਹ ਟੈਕਨੀਕਲ ਆਦਮੀ ਹਨ ਪਰ ਆਈ. ਏ. ਐਸ. ਅਫ਼ਸਰ ਉਨ੍ਹਾਂ ਤੇ ਛਾਏ ਹੋਏ ਹਨ। ਮੈਂ ਅਰਜ਼ ਕਰਦਾ ਹਾਂ ਕਿ ਐਗਜ਼ੈਕਟਿਵ ਇੰਜੀਨੀਅਰ ਦੀ ਪੋਸਟ ਡਿਪਟੀ ਕਮਿਸ਼ਨਰ ਦੇ ਬਰਾਬਰ ਹੁੰਦੀ ਹੈ ਪਰ ਜਦੋਂ ਉਹ ਅਗੇ ਵਧਦੇ ਹਨ ਤਾਂ ਡਿਪਟੀ ਕਮਿਸ਼ਨਰ ਤਾਂ ਸੈਕਟਰੀ ਬਣ ਜਾਂਦੇ ਹਨ ਪਰ ਐਗਜ਼ੈਕਟਿਵ ਇੰਜੀਨੀਅਰ ਉਥੇ ਦੇ ਉਥੇ ਹੀ ਰਹਿੰਦੇ ਹਨ। ਆਈ. ਏ. ਐਸ. ਅਫਸਰ ਇਸ ਦੀ ਜਸਟੀਫਿਕੇਸ਼ਨ ਇਹ ਦਿੰਦੇ ਹਨ ਕਿ ਉਥੇ ਮਹਿਕਮਿਆਂ ਦੇ ਵਿਚ ਲਿੰਕ ਬਣੇ ਹੋਏ ਹਨ। ਮੈਂ ਸੁਝਾਵ ਦਿੰਦਾਂ ਹਾਂ ਕਿ ਦੂਸਰਿਆਂ ਰਾਜਾਂ ਤੋਂ ਲਿਆ ਕੇ ਟੈਕਨੀਕਲ ਆਦਮੀ ਉਥੇ ਲਾ ਦਿਓ। ਪਰ ਉਤਨੇ ਦੀ ਤਰੱਕੀ ਜ਼ਰੂਰ ਕਰਨੀ ਚਾਹੀਦੀ ਹੈ।

ਫਿਰ ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਮਹਿਕਮੇ ਦੀ ਅਸਟੈਬਲਿਸ਼ਮੈਂਟ ਤੇ ਕਿਤਨਾ ਖਰਚਾ ਹੁੰਦਾ ਹੈ। ਇਨ੍ਹਾਂ ਦੇ ਮਹਿਕਮੇ ਨੇ ਸਿਰਫ਼ ਟੈਲੀਫ਼ੂਨਾਂ ਤੇ ਹੀ 75 ਹਜ਼ਾਰ ਰੁਪਏ ਖਰਚ ਕੀਤੇ ਹਨ, ਜਦੋਂ ਕਿ ਇਨ੍ਹਾਂ ਦੀਆਂ ਆਪਣੀਆਂ ਤਾਰਾਂ ਹਨ, ਬੰਦੇ ਹਨ, ਮੈਸੰਜ਼ਰਜ਼ ਹਨ। ਇਸ ਗਲ ਵੱਲ ਵੀ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਸਾਡੇ ਵਜ਼ੀਰ ਸਾਹਿਬ ਨੇ ਵਡੇ ਵਡੇ ਪ੍ਰੋਜੈਕਟਸ ਬਣਾਏ ਹਨ, ਉਹ ਟੈਕਨੀਕੈਲਟੀ ਨੂੰ ਸਮਝਦੇ ਹਨ ਪਰ ਮੈਂ ਇਹ ਕਹਿੰਦਾ ਹਾਂ ਕਿ ਉਹ ਇਸ ਗਲ ਨੂੰ ਬਰਦਾਸ਼ਤ ਨਹੀ ਕਰਨਗੇ ਕਿ 360 ਮੋਘੇ ਬਿਨਾਂ ਕਿਸੇ ਕਾਰਨ ਤੇ ਕਟ ਦਿਤੇ ਜਾਣ ਅਤੇ ਇਸ ਤਰ੍ਹਾਂ ਬਿਨਾਂ ਕਿਸੇ ਰੀਜ਼ਨ ਤੋਂ ਲੱਖਾਂ ਰੁਪਏ ਦਾ ਨੁਕਸਾਨ ਹੋ ਜਾਵੇ ਔਰ ਲੱਖਾਂ ਰੁਪਏ ਦੀ ਹੇਰਾ ਫੇਰੀ ਹੋ ਜਾਵੇ। ਮੈਂ ਸਮਝਦਾ ਹਾਂ ਕਿ ਜੇ ਸਾਡੀ ਸਰਕਾਰ ਇਸ ਪਾਸੇ ਵਲ ਧਿਆਨ ਨਹੀਂ ਦੇਵੇਗੀ ਤਾਂ ਇਹ ਇਸ ਵਾਸਤੇ ਬਾਇਸੇ ਸ਼ਰਮ ਹੋਵੇਗਾ। (ਵਿਰੋਧੀ ਧਿਰ ਵਲੋਂ ਥੰਪਿੰਗ)

ਦੂਸਰੀ ਗਲ ਮੈਂ ਇਹ ਅਰਜ਼ ਕਰ ਦਿਆਂ, ਠੀਕ ਹੈ ਸ਼ਾਇਦ ਵਜ਼ੀਰ ਸਾਹਿਬ ਨੂੰ ਮੇਰੀ ਇਹ ਗਲ ਭੈੜੀ ਲਗੇ, ਪਰ ਇਹ ਗਲ ਜੋ ਸਾਰਿਆਂ ਦੇ, ਸਾਹਮਣੇ ਆ ਜਾਣੀ ਹੈ ਉਸ ਦੇ ਦਸਣ ਵਿਚ ਕੋਈ ਹਰਜ ਨਹੀਂ। ਅਸੀਂ ਆਪਣੇ ਇਲਾਕੇ ਵਾਲਿਆਂ ਨੂੰ ਕਿਹਾ ਸੀ, ਉਨ੍ਹਾਂ ਨਾਲ ਵਾਇਦਾ ਕੀਤਾ ਸੀ ਕਿ ਉਨ੍ਹਾਂ ਨੂੰ ਡਿਉਢਾ ਪਾਣੀ ਦਿਆਂਗੇ, ਲੇਕਿਨ ਕੀਤਾ ਕੀ ? ਉਨ੍ਹਾਂ ਦਾ ਪਾਣੀ ਹੋਰ ਵੀ ਘਟਾ ਦਿਤਾ (ਘੰਟੀ)

ਕਾਮਰੇਡ ਦਰਸ਼ਨ ਸਿੰਘ ਝਬਾਲ : (ਅਟਾਰੀ ਐਸ. ਸੀ) ਚੇਅਰਮੈਨ ਸਾਹਿਬ, ਅੱਜ ਜਿਹੜੀਆਂ ਤਿੰਨ ਡਿਮਾਂਡਾਂ ; ਇਰੀਗੇਸ਼ਨ (ਨਹਿਰੀ), ਬਿਜਲੀ ਤੇ ਡਰੇਨਾਂ, ਪਰਵਾਨਗੀ ਲਈ ਹਾਊਸ ਦੇ ਸਾਹਮਣੇ ਹਨ, ਮੈਂ ਜ਼ਿਆਦਾ ਤਰ ਉਨ੍ਹਾਂ ਦੇ ਸਬੰਧ ਵਿਚ ਬੋਲਾਂਗਾ। ਚੇਅਰਮੈਨ ਸਾਹਿਬ, ਮੇਰੇ ਬੋਲਣ ਤੋਂ ਪਹਿਲਾਂ ਜਿਹੜੇ ਸਜਣ ਬੋਲੇ ਹਨ, ਰੂਲਿੰਗ ਪਾਰਟੀ ਵਲੋਂ ਵੀ ਜਿਹੜੇ ਬੋਲੇ ਹਨ ਉਨ੍ਹਾਂ

ਨੇ ਆਪਣੀਆਂ ਤਕਰੀਰਾਂ ਵਿਚ ਇਹ ਸਾਬਤ ਕੀਤਾ ਹੈ, ਕਿ ਨਹਿਰੀ ਐਕਟ ਜਿਹੜਾ ਕਿ 1873 ਦਾ ਬਣਿਆ ਹੋਇਆ ਹੈ, ਇਹਦੇ ਵਿਚ ਤਰਮੀਮ ਕਰਨੀ ਚਾਹੀਦੀ ਹੈ। ਇਹ ਐਕਟ ਅੰਗਰੇਜ਼ ਨੇ ਬਣਾਇਆ ਸੀ, ਉਸ ਨੇ ਇਸ ਗੱਲ ਨੂੰ ਸਾਹਮਣੇ ਰਖਿਆ ਸੀ ਕਿ ਅੰਗਰੇਜ਼ ਕੰਪਨੀਆਂ ਨੂੰ ਕਿਸ ਤਰ੍ਹਾਂ ਮੁਨਾਫਾ ਦਿੱਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਸਾਨਾਂ ਦੇ ਹਿਤਾਂ ਨੂੰ ਸਾਹਮਣੇ ਨਹੀਂ ਸੀ ਰਖਿਆ। ਇਸ ਕਰਕੇ ਉਨ੍ਹਾਂ ਨੇ ਇਹ ਐਕਟ ਬਣਾਇਆ ਸੀ ਅਤੇ ਇਸ ਤੇ ਅਮਲ ਵੀ ਕੀਤਾ ਸੀ। ਚੇਅਰਮੈਨ ਸਾਹਿਬ, ਤੁਹਾਨੂੰ ਵੀ ਯਾਦ ਹੋਣਾ ਹੈ ਔਰ ਮੇਰੇ ਮਾਨਯੋਗ ਮੈਂਬਰ ਜਥੇਦਾਰ ਤੁੜ ਸਾਹਿਬ, ਜੋ ਇਥੇ ਬੈਠੇ ਹਨ, ਇਨ੍ਹਾਂ ਨੂੰ ਵੀ ਪਤਾ ਹੈ ਕਿਸ ਤਰ੍ਹਾਂ ਕੌਮੀ ਲਹਿਰ ਵੇਲੇ ਇਹ ਦਸਿਆ ਜਾਂਦਾ ਸੀ ਕਿ ਇਹ ਐਕਟ ਤਬਦੀਲ ਹੋਣਾ ਚਾਹੀਦਾ ਹੈ। ਔਰ ਕਿਸਾਨਾਂ ਨੂੰ ਜਿਸ ਤਰੀਕੇ ਨਾਲ ਪਾਣੀ ਦਿੱਤਾ ਜਾਂਦਾ ਹੈ ਉਹਦੇ ਮੁਤਾਬਿਕ ਆਬਿਆਨਾ ਹੋਣਾ ਚਾਹੀਦਾ ਹੈ। ਇਹ ਕੌਮੀ ਲਹਿਰ ਵੇਲੇ ਇਹ ਨਾਰ੍ਹਾ ਸੀ। ਜਥੇਦਾਰ ਹੋਰਾਂ ਨੂੰ ਪਤਾ ਹੈ ਕਿਸ ਤਰ੍ਹਾਂ ਇਹ ਤੇ ਇਨ੍ਹਾਂ ਦੇ ਖਾਨਦਾਨ ਵਿਚੋਂ ਇਸ ਲਈ ਜੇਲ੍ਹਾਂ ਵਿਚ ਗਏ। ਅੱਜ ਭਾਵੇਂ ਇਹ ਚੁਪ ਰਹਿਣ। ਸਾਨੂੰ ਇਹ ਚੀਜ਼ ਬੜੇ ਦੁਖ ਨਾਲ ਕਹਿਣੀ ਪੈਂਦੀ ਹੈ ਕਿ ਜਿਥੇ ਇਸ ਐਕਟ ਨੂੰ ਤਬਦੀਲ ਕਰਨਾ ਸੀ 1947 ਤੋਂ ਬਾਦ, ਉਥੇ ਸਗੋਂ 1949 ਵਿਚ ਕਾਂਗਰਸ ਮਨਿਸਟਰੀ ਨੇ ਆਬਿਆਨਾਂ ਨੂੰ ਡਿਊਢਾ ਕਰ ਦਿਤਾ। (ਵਿਘਨ) ਇਹ ਠੀਕ ਹੈ ਅੱਜ ਉਹ ਭਰਾ ਵੀ ਨੁਕਤਾ ਚੀਨੀ ਕਰਦੇ ਹਨ ਅਤੇ ਅਸੀਂ ਵੀ ਉਨ੍ਹਾਂ ਨੂੰ ਇਸ ਲਈ ਜੀ ਆਇਆ ਕਹਿੰਦੇ ਹਾਂ। ਮੈਂ ਇਨ੍ਹਾਂ ਵਾਂਗ ਨਹੀਂ ਸੋਚਦਾ। (ਵਿਘਨ) ਜਿਹੜਾ ਨਹਿਰੀ ਪਰਬੰਧ ਅੰਗਰੇਜ਼ ਨੇ ਬਣਾਇਆ ਸੀ, ਕਾਂਗਰਸ ਨੇ ਉਸ ਨੂੰ ਮਜ਼ਬੂਤ ਕੀਤਾ ਅਤੇ ਇਹ ਉਸੇ ਤਰ੍ਹਾਂ ਚਲਿਆ ਆ ਰਿਹਾ ਹੈ। ਅਕਾਲੀ ਪਾਰਟੀ ਨੇ ਵੀ ਚੋਣਾਂ ਵਿਚ ਇਸ ਬਾਰੇ ਬੜੀਆਂ ਧੂੰਆਂ ਧਾਰ ਤਕਰੀਰਾਂ ਕੀਤੀਆਂ ਸਨ। ਸਰਦਾਰ ਬਲਬੀਰ ਸਿੰਘ ਹੋਰਾਂ ਨੇ ਇਸ ਡਿਮਾਂਡ ਤੇ ਬੋਲਿਆ ਸੀ। ਉਨ੍ਹਾਂ ਨੇ ਬੜੀ ਜੋਸ਼ ਨਾਲ ਤਕਰੀਰ ਕੀਤੀ ਸੀ। ਪਰ ਅੱਜ ਸਵਾਲ ਇਹ ਹੈ ਸਾਡੇ ਸਾਹਮਣੇ ਕਿ ਜਿਹੜਾ ਐਕਟ ਅੰਗਰੇਜ਼ ਨੇ ਬਣਾਇਆ ਸੀ, ਉਸ ਨੂੰ ਅਸੀਂ ਉਸੇ ਤਰ੍ਹਾਂ ਕਾਇਮ ਰਖਣਾ ਹੈ ਜਾਂ ਕਿ ਉਸ ਵਿਚ ਕੋਈ ਤਰਮੀਮ ਕਰਨੀ ਹੈ। ਇਸ ਵਿਚ ਬੁਨਿਆਦੀ ਤਰਮੀਮ ਹੋਣੀ ਚਾਹੀਦੀ ਹੈ, ਜਿਸ ਨਾਲ ਆਮ ਕਿਸਾਨ ਦਾ ਭਲਾ ਹੋ ਸਕੇ। ਇਸ ਵਿਚ ਮਹਿਕਮੇ ਦੇ ਮੁਨਾਫੇ ਦੇ ਖਿਆਲ ਨੂੰ ਮੁੱਖ ਨਹੀਂ ਰਖਣਾ ਬਲਕਿ ਇਸ ਵਿਚ ਅਜਿਹੀ ਤਰਮੀਮ ਕਰਨੀ ਚਾਹੀਦੀ ਹੈ ਜਿਸ ਨਾਲ ਕਿ ਕਿਸਾਨ ਦੀ ਬੇਹਤਰੀ ਹੋਵੇ। (ਵਿਘਨ)

ਥੀਨ ਡੈਮ ਬਾਰੇ ਮੈਂ ਆਪਣੀ ਸਪੀਚ ਵਿਚ ਕਿਹਾ ਸੀ। ਮੈਂ ਬਾਸੀ ਸਾਹਿਬ ਨਾਲ ਸਹਿਮਤ ਹਾਂ ਕਿ ਕੇਂਦਰੀ ਸਰਕਾਰ ਥੀਨ ਡੈਮ ਬਨਾਉਣ ਵਾਸਤੇ ਰੁਪਿਆ ਨਹੀਂ ਦਿੰਦੀ। ਮੈਨੂੰ ਜਿਥੋਂ ਤਕ ਖਿਆਲ ਹੈ, ਉਹ ਸਕੀਮ ਵੀ ਪਰਵਾਨ ਨਹੀਂ ਕਰ ਰਹੀ। ਪਰ ਸਿਰਫ਼ ਇਹ ਕਹਿਣਾ ਕਿ ਸੈਂਟਰ ਸਰਕਾਰ ਇਸ ਸਕੀਮ ਦੀ ਮਨਜ਼ੂਰੀ ਨਹੀਂ ਦੇ ਰਹੀ, ਇਹ ਕਾਫ਼ੀ ਨਹੀਂ। ਜੇ ਸੈਂਟਰ ਦੀ ਸਰਕਾਰ ਮਨਜ਼ੂਰੀ ਨਹੀਂ ਦਿੰਦੀ ਕਿਸੇ ਕਾਰਨ ਕਰਕੇ, ਚਾਹੇ ਪੁਲੀਟੀਕਲ ਕਾਰਨ ਕਰਕੇ, ਤਾਂ ਪੰਜਾਬ ਸਰਕਾਰ ਨੂੰ ਚੁਪ ਕਰਕੇ ਨਹੀਂ ਬੈਠੇ ਰਹਿਣਾ ਚਾਹੀਦਾ। ਜਿਸ ਤਰ੍ਹਾਂ ਕਾਮਰੇਡ ਬਾਬੂ ਸਿੰਘ ਨੇ ਦਸਿਆ ਸੀ ਕਿ ਜਿਵੇਂ ਬਾਕੀ ਦੀਆਂ ਸਟੇਟਾਂ ਕੇਂਦਰ ਤੇ ਦਬਾ ਪਾ ਕੇ ਆਪਣੀ ਗੱਲ ਮਨਵਾ ਲੈਂਦੀਆਂ ਹਨ, ਉਸੇ ਤਰ੍ਹਾਂ ਬਾਸੀ ਸਾਹਿਬ ਨੂੰ ਵੀ ਮੈਂ ਅਰਜ਼ ਕਰਾਂਗਾ ਕਿ ਇਨ੍ਹਾਂ ਨੂੰ ਵੀ ਉਸੇ ਤਰ੍ਹਾਂ ਦਬਾਅ ਪਾਉਣਾ ਚਾਹੀਦਾ ਹੈ। ਇਸ ਕੰਮ ਵਿਚ ਸਾਡੀ ਪਾਰਟੀ ਇਨ੍ਹਾਂ ਦੇ ਨਾਲ ਹੋਵੇਗੀ। ਇਹ ਡੈਮ ਬਣਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਲੋਕਾਂ ਦੀ ਭਲਾਈ ਹੋਵੇ। ਇਸ ਨਾਲ ਤਿੰਨ

[ਕਾਮਰੇਡ ਦਰਸ਼ਨ ਸਿੰਘ ਝਬਾਲ]

ਰਿਆਸਤਾਂ ; ਪੰਜਾਬ, ਰਾਜਿਸਥਾਨ ਤੇ ਹਰਿਆਣਾ ਨੂੰ ਲਾਭ ਹੋਣਾ ਹੈ । ਇਸ ਉਤੇ ਸਾਨੂੰ ਜ਼ੋਰ ਦੇਣਾ ਚਾਹੀਦਾ ਹੈ। ਇਸ ਸਬੰਧ ਵਿਚ ਕੇਂਦਰ ਦੀ ਸਰਕਾਰ ਪੰਜਾਬ ਦੇ ਲੋਕਾਂ ਨਾਲ ਬੜਾ ਧਕਾ ਕਰ ਰਹੀ ਹੈ । ਇਸ ਲਈ ਪੰਜਾਬ ਸਰਕਾਰ ਅਤੇ ਇਥੇ ਦੀ ਜਨਤਾ ਨੂੰ ਉਠਣਾ ਚਾਹੀਦਾ ਹੈ ਅਤੇ ਇਸ ਦੀ ਪਰਵਾਨਗੀ ਲਈ ਸੈਂਟਰ ਤੇ ਜ਼ੋਰ ਦੇਣਾ ਚਾਹੀਦਾ ਹੈ ।

ਹੋਰ ਕਈ ਸ਼ਿਕਾਇਤਾਂ ਹਨ ਕਿ ਕਿਸਾਨਾਂ ਨੂੰ ਟੇਲ ਤੇ ਪਾਣੀ ਨਹੀਂ ਪਹੁੰਚਦਾ । ਇਸ ਮਸਲੇ ਨੂੰ ਕਈ ਵਾਰੀ ਸਰਕਾਰ ਦੇ ਸਾਹਮਣੇ ਲਿਆਂਦਾ ਗਿਆ ਹੈ । ਵਿਜੀਲੈਂਸ ਡਿਪਾਰਟਮੈਂਟ ਵਿਚ ਵੀ ਇਹ ਮਸਲਾ ਤਹਿਕੀਕਾਤ ਲਈ ਗਿਆ ਹੈ । (ਵਿਘਨ) ਮੈਂ, ਚੇਅਰਮੈਨ ਸਾਹਿਬ, ਅਰਜ਼ ਕਰਾਂ ਕਿ ਮੇਰਾ ਇਲਾਕਾ ਬਾਰਡਰ ਦਾ ਇਲਾਕਾ ਹੈ, ਉਥੇ ਟੇਲਜ਼ ਹੀ ਹੁੰਦੀਆਂ ਹਨ । ਉਥੇ ਟੇਲਾਂ ਤੇ ਪਾਣੀ ਨਹੀਂ ਪਹੁੰਚਦਾ । ਇਸ ਦੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਪਿਛੇ ਪਾਣੀ ਜ਼ਾਇਆ ਹੋ ਜਾਂਦਾ ਹੈ । ਪਰ ਇਹ ਗੱਲ ਨਹੀਂ ਹੈ । ਟੇਲ ਤੇ ਪਾਣੀ ਪਹੁੰਚਾਣਾ ਮਹਿਕਮਾਂ ਅਪਣੀ ਜ਼ਿਮੇਵਾਰੀ ਨਹੀਂ ਸਮਝਦਾ । ਇਸ ਲਈ ਮੈਂ ਤਜਵੀਜ਼ ਰਖਦਾ ਹਾਂ ਕਿ ਇਹ ਤਦੇ ਹੀ ਹੋ ਸਕਦਾ ਹੈ ਜੇ ਟੇਲਾਂ ਤੇ ਮੋਘਿਆਂ ਤੇ ਕਨਸਾਲਾਂ ਰਖੀਆਂ ਜਾਣ । ਅਤੇ ਜਿਸ ਢੰਗ ਨਾਲ ਪਾਣੀ ਘਟਦਾ ਜਾਂਦਾ ਹੈ, ਉਸੇ ਮੁਤਾਬਿਕ ਚਾਰਜਿਜ਼ ਵੀ ਘਟ ਹੋਣੇ ਚਾਹੀਦੇ ਹਨ । (ਘੰਟੀ)

ਸ਼੍ਰੀ ਸਭਾਪਤੀ : ਕਾਮਰੇਡ ਸਾਹਿਬ, ਹਰ ਪਾਰਟੀ ਨੇ ਦਸ ਮਿੰਟ ਲਈ ਬੋਲਣਾ ਹੈ । (Comrade Sahib every Party has been allotted ten minutes time.)

ਕਾਮਰੇਡ ਦਰਸ਼ਨ ਸਿੰਘ ਝਬਾਲ : ਚੇਅਰਮੈਨ ਸਾਹਿਬ, ਇਹ ਧੱਕਾ ਹੈ ।

ਸ਼੍ਰੀ ਸਭਾਪਤੀ : ਮੈਂ ਔਰ ਧਕਾ । (I and injustice !)

ਕਾਮਰੇਡ ਦਰਸ਼ਨ ਸਿੰਘ ਝਬਾਲ : ਪਾਣੀ ਘਟ ਮਿਲਣ ਕਾਰਨ ਫਸਲਾਂ ਤਬਾਹ ਹੋ ਗਈਆਂ ਹਨ ਅਤੇ ਆਬਿਆਨਾ ਉਸੇ ਤਰ੍ਹਾਂ ਹੀ ਲਿਆ ਜਾਂਦਾ ਹੈ । 55 ਵਾਰਾਂ ਬੰਦੀਆ ਦੇ ਕੇਸਿਜ਼ ਚਲਦੇ ਰਹੇ ਹਨ । ਕਿਸਾਨਾਂ ਨੂੰ ਦਫਤਰਾਂ ਵਿਚ ਧਕੇ ਖਾਣੇ ਪੈਂਦੇ ਹਨ ਅਤੇ ਇਸ ਤਰ੍ਹਾਂ ਇਨ੍ਹਾ ਦਾ ਕਾਫੀ ਸਮਾਂ ਖਰਾਬ ਹੋ ਜਾਦਾ ਹੈ । ਜਿਸ ਵੇਲੇ ਕਿਸਾਨਾਂ ਦੀ ਦਰਖਾਸਤ ਜਾਂਦੀ ਹੈ, ਉਨ੍ਹਾਂ ਨੂੰ ਉਸ ਉਤੇ ਕੋਈ ਤਾਰੀਖ ਮਿਲਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦਾ ਵਕਤ ਜ਼ਾਇਆ ਨਾ ਹੋਵੇ । ਇਨ੍ਹਾਂ ਦੀਆਂ ਦਰਖਾਸਤਾਂ ਦਾ ਨਿਪਟਾਰਾ ਜਲਦੀ ਹੋਣਾ ਚਾਹੀਦਾ ਹੈ । ਇਨ੍ਹਾਂ ਨਾਲ ਧਕਾ ਬੰਦ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਦੀਆਂ ਦਰਖਾਸਤਾਂ ਤੇ ਫੈਸਲੇ ਜਲਦੀ ਸੁਣਾਉਣੇ ਚਾਹੀਦੇ ਹਨ ।

ਅਗਲੀ ਗਲ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਡਰੇਨਾਂ ਬਾਰੇ । ਜਿਸ ਤਰ੍ਹਾਂ ਨਹਿਰੀ ਪ੍ਰਬੰਧ ਨਾਕਸ ਹੈ ਉਸੇ ਤਰ੍ਹਾਂ ਡਰੇਨਾਂ ਦਾ ਪ੍ਰਬੰਧ ਵੀ ਠੀਕ ਨਹੀਂ ਹੈ । ਮੈਂ ਅਰਜ਼ ਕਰਾਂ, ਚੇਅਰਮੈਨ ਸਾਹਿਬ, ਕਿ ਸੇਮ ਨੂੰ ਦੂਰ ਕਰਨ ਲਈ ਡਰੇਨਾਂ ਜ਼ਰੂਰੀ ਹਨ । ਜਿਹੜੀਆ ਡਰੇਨਾਂ ਨਿਕਲਣੀਆਂ ਹਨ, ਉਹ ਨਾਕਾਫੀ ਹਨ ਅਤੇ ਜਿਹੜੀਆਂ ਨਿਕਲੀਆਂ ਹੋਈਆਂ ਹਨ, ਉਹ ਚਾਲੂ ਨਹੀਂ ਰਹੀਆਂ । ਉਨ੍ਹਾਂ ਵਿਚ ਸਮੇਂ ਸਿਰ ਖੁਦਾਈ ਨਹੀਂ ਕੀਤੀ ਗਈ ।

ਪੁਲਾਂ ਬਾਰੇ ਮੈਂ ਅਰਜ਼ ਕਰਾ ਕਿ ਕਈ ਅਜਿਹੀਆਂ ਥਾਵਾਂ ਹਨ ਜਿਥੇ ਦੋਵੀਂ ਪਾਸੀਂ ਪਿੰਡ ਹੁੰਦੇ ਹਨ, ਐਸੀਆਂ ਜਗ੍ਹਾ ਤੇ ਪੁਲ ਬਣਨੇ ਬਹੁਤ ਜ਼ਰੂਰੀ ਹਨ । ਔਰ ਬਣਾਏ ਜਾਣੇ ਚਾਹੀਦੇ ਹਨ । ਜਿਨਾਂ ਭਰਿਸ਼ਟਾਚਾਰ ਇਸ ਮਹਿਕਮੇ ਵਿਚ ਹੈ, ਵੈਸੇ ਤਾਂ ਸਾਰੇ ਹੀ ਹੈ, ਪਰ ਇਤਨਾ ਹੋਰ ਕਿਧਰੇ

ਨਹੀਂ ਜਿਨੇ ਐਸਟੀਮੇਟ ਬਣਦੇ ਹਨ, ਉਸ ਰਕਮ ਦਾ ਅਧਾ ਹਿੱਸਾ ਮਹਿਕਮੇ ਵਾਲੇ ਆਪ ਖਾ ਜਾਂਦੇ ਹਨ। ਐਸ. ਡੀ. ਓ., ਐਕਸ. ਈ. ਐਨ., ਅਤੇ ਓਵਰਸੀਅਰ ਜਿਨ੍ਹਾਂ ਕੋਲ ਪਹਿਲਾਂ ਕੁਝ ਨਹੀਂ ਸੀ ਅੱਜ ਉਨ੍ਹਾਂ ਨੇ ਆਪਣੀਆਂ ਕੋਠੀਆਂ ਬਣਾ ਲਈਆਂ ਹਨ। ਉਹ ਉਨ੍ਹਾਂ ਕੋਲ ਕਿਥੋਂ ਰੁਪਿਆ,ਆਉਂਦਾ ਹੈ। ਉਨ੍ਹਾਂ ਦੀਆਂ ਕੋਠੀਆਂ ਵਿਚ ਜਿੰਨਾਂ ਮੈਟੀਰੀਅਲ ਲਗਾ ਹੈ, ਉਹ ਕਿਥੋਂ ਆਉਂਦਾ ਹੈ। ਸੀਮੈਂਟ ਆਦਿ ਸਾਰਾ ਸਰਕਾਰੀ ਮੈਟੀਰੀਅਲ ਉਨ੍ਹਾਂ ਦੀਆਂ ਕੋਠੀਆਂ ਤੇ ਲਗਦਾ ਹੈ। ਹੋਰ ਵੀ ਕਾਫੀ ਕੁਰਪਸ਼ਨ ਹੈ। ਖਾਲੜੇ ਜਿਹੜੀ ਡਰੇਨ ਚਲਦੀ ਹੈ। ਉਥੇ ਸਰਕਾਰੀ ਮੁਲਾਜ਼ਮ ਬੇਲਦਾਰਾਂ ਜਿਨ੍ਹਾਂ ਦੀ ਰਜਿਸਟਰ ਵਿਚ ਹਾਜ਼ਰੀ ਲਗਦੀ ਹੈ, ਪਰ ਉਹਨਾਂ ਤੋਂ ਪਰਾਈਵੇਟ ਕੰਮ ਲਿਆ ਜਾ ਰਿਹਾ ਹੈ। ਠੇਕੇਦਾਰਾਂ ਨੂੰ ਠੇਕਾ ਦਿਤਾ ਹੋਇਆ ਹੈ। (ਵਿਘਨ) ਵਿਜੀਲੈਂਸ ਡਿਪਾਰਟਮੈਂਟ ਨੇ ਮੌਕੇ ਤੇ ਜਾਕੇ ਇਹ ਚੀਜ਼ਾਂ ਫੜੀਆਂ ਹਨ। ਉਨ੍ਹਾਂ ਬੇਲਦਾਰਾਂ ਦੀ ਮਸਟਰ ਰੋਲ ਵਿਚ ਹਾਜ਼ਰੀ ਲਗਦੀ ਹੈ ਪਰ ਕੰਮ ਉਨ੍ਹਾਂ ਤੋਂ ਪਰਾਈਵੇਟ ਲਿਆ ਜਾਦਾ ਹੈ। ਇਸ ਸਿਲਸਿਲੇ ਵਿਚ ਮੈਂ ਅਰਜ਼ ਕਰਾਂ ਕਿ ਇਕ ਕਮੇਟੀ ਬਣਨੀ ਚਾਹੀਦੀ ਹੈ ਜਿਹੜੀ ਇਸ ਦੀ ਇਨਕੁਆਇਰੀ ਕਰੇ ਕਿ ਇਹ ਸਾਰੀ ਜਾਇਦਾਦ ਉਨ੍ਹਾਂ ਕੋਲ ਕਿਥੋਂ ਆਈ ਹੈ।

ਫਿਰ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਮਹਿਕਮੇ ਵਿਚ ਵਰਕ ਚਾਰਜ ਲੇਬਰ ਜਿਹੜੀ ਹੈ ਇਸ ਵਲ ਬਹੁਤ ਘੱਟ ਧਿਆਨ ਦਿਤਾ ਗਿਆ ਹੈ। ਵਰਕ ਚਾਰਜ ਮਜ਼ਦੂਰ ਵਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਕਨਫਰਮ ਕਰਨਾ ਚਾਹੀਦਾ ਹੈ ਔਰ ਉਨ੍ਹਾਂ ਵਿਚਾਰਿਆਂ ਦੀਆਂ ਤਨਖਾਹਾਂ ਵੀ ਵਧਾਉਣੀਆਂ ਚਾਹੀਦੀਆਂ ਹਨ।

ਅੰਤ ਵਿਚ, ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਾਂਗਾ ਕਿ ਜਿਤਨਾ ਵੀ ਭਰਿਸ਼ਟਾਚਾਰ ਇਸ ਮਹਿਕਮੇ ਵਿਚ ਚਲ ਰਿਹਾ ਹੈ ਉਸ ਦੀ ਪੁਛ ਪੜਤਾਲ ਕਰਵਾਈ ਜਾਵੇ। ਮੈਂ ਬਾਸੀ ਸਾਹਿਬ ਨੂੰ ਖਾਸ ਤੌਰ ਤੇ ਕਹਾਂਗਾ ਕਿ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ ਜੇ ਇਮਾਨਦਾਰੀ ਨਾਲ ਇਸ ਗਲ ਦੀ ਪੜਤਾਲ ਹੋਵੇ ਤਾਂ ਇਸ ਨਾਲ ਕਈ ਆਦਮੀ ਜੇਲਾਂ ਵਿਚ ਜਾਣਗੇ। (ਵਿਘਨ) ਚੇਅਰਮੈਨ ਸਾਹਿਬ, ਇਹ ਪੁਰਾਣਾ ਕਾਨੂੰਨ ਜਿਹੜਾ ਹੈ ਇਸ ਵਿਚ ਤਰਮੀਮ ਕਰ ਦਿਤੀ ਜਾਵੇ ਔਰ ਐਸਾ ਬਿਲ ਇਥੇ ਲਿਆਂਦਾ ਜਾਵੇ ਜਿਸ ਨਾਲ ਕਿਸਾਨਾਂ ਦਾ ਭਲਾ ਹੋਵੇ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ।

ਚੀਫ਼ ਪਾਰਲੀਮੈਂਟਰੀ ਸੈਕਟਰੀ (ਸਰਦਾਰ ਗੁਰਮੀਤ ਸਿੰਘ) : ਚੇਅਰਮੈਨ ਸਾਹਿਬ, ਇਥੇ ਕਾਫੀ ਕੁਝ ਕਿਹਾ ਜਾ ਚੁਕਾ ਹੈ ਔਰ ਮੈਂ ਸਿਰਫ ਕੁਝ ਮਿੰਟ ਹੀ ਲਵਾਂਗਾ। ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਦੇ ਉਦਮ ਨਾਲ, ਪੰਜਾਬ ਦੇ ਕਿਸਾਨਾਂ ਦੀ ਬਹਾਦਰੀ ਨਾਲ ਔਰ ਮਹਿਕਮਾ ਇਰੀਗੇਸ਼ਨ ਦੀ ਸੁਚੱਜੀ ਅਗਵਾਈ ਨਾਲ ਪੰਜਾਬ ਇਸ ਗਲ ਦੇ ਯੋਗ ਹੋ ਗਿਆ ਹੈ ਕਿ ਅਨਾਜ ਦੇ 36 ਲੱਖ ਟਨ ਦੇ ਸਰਪਲੱਸ ਭੰਡਾਰ ਵਿਚ ਇਕਲਾ ਪੰਜਾਬ ਦਾ ਸਾਢੇ 18 ਲੱਖ ਟਨ ਦਾ ਹਿੱਸਾ ਹੈ ਔਰ ਇਸ ਸਾਲ 25 ਲੱਖ ਟਨ ਅਨਾਜ ਇਸ ਭੰਡਾਰ ਵਿਚ ਦਿਤਾ ਜਾਵੇਗਾ। ਇਸ ਗਲ ਲਈ ਪੰਜਾਬ ਵਾਸੀ ਸਮੁਚੇ ਤੌਰ ਤੇ ਵਧਾਈ ਦੇ ਹੱਕਦਾਰ ਹਨ। (ਥੰਪਿੰਗ) ਚੇਅਰਮੈਨ ਸਾਹਿਬ, ਚੀਫ਼ ਮਨਿਸਟਰ ਸਾਹਿਬ ਔਰ ਆਈ ਪੀ. ਐਮ. ਸਾਹਿਬ ਨੇ ਦਿਲੀ ਵਿਚ ਹੋ ਰਹੀ ਕਾਨਫਰੰਸ ਵਿਚ ਜਾਣਾ ਹੈ ਜਿਥੇ ਕਿ ਕਿਸਾਨਾਂ ਦੇ ਅਨਾਜ ਦੇ ਭਾਅ ਨੂੰ ਬਨ੍ਹਿਆ ਜਾਣਾ ਹੈ। ਮੇਰੀ ਅਰਜ਼ ਹੈ ਕਿ ਇਰੀਗੇਸ਼ਨ ਤੇ ਜੋ ਕਰੋੜਾਂ ਰੁਪਿਆ ਖਰਚ ਹੁੰਦਾ ਹੈ ਉਹ ਸਾਰਾ ਵਿਅਰਥ ਜਾਵੇਗਾ ਜੇ ਅਸੀਂ ਅਨਾਜ ਦੇ ਭਾਅ ਚੰਗੇ ਨਾ ਲੈ ਸਕੀਏ। ਇਸ ਕਰਕੇ ਸਾਨੂੰ

[ਚੀਫ਼ ਪਾਰਲੀਮੈਂਟਰੀ ਸੈਕਟਰੀ]
ਇਹ ਉਦਮ ਕਰਨਾ ਚਾਹੀਦਾ ਹੈ ਕਿ ਪਿਛਲੇ ਸਾਲ ਜੋ ਚੀਜ਼ਾਂ ਦੀਆਂ ਕੀਮਤਾਂ ਵਧੀਆਂ ਹਨ ਉਸ ਪਰਾਈਸ ਇਨਡੈਕਸ ਦੇ ਮੁਤਾਬਕ ਅਨਾਜ ਦੀਆਂ ਕੀਮਤਾਂ ਵਿਚ ਵਾਧਾ ਕਰਾਉਣ ਲਈ ਉਥੇ ਮੁੱਖ ਮੰਤਰੀ ਸਾਹਿਬ ਔਰ ਵਜ਼ੀਰ ਸਾਹਿਬ ਨੂੰ ਯਤਨ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਮੀਟਰ ਸਿਸਟਮ ਦੇ ਬਾਰੇ ਸਰਦਾਰ ਬਸੰਤ ਸਿੰਘ ਜੀ ਨੇ ਕੁਝ ਸੁਝਾਓ ਦਿਤਾ ਹੈ। ਮੈਂ ਇਸ ਬਾਰੇ ਮੰਤਰੀ ਸਾਹਿਬ ਨੂੰ ਅਰਜ਼ ਕਰਾਂ ਕਿ ਐਕਸਪੇਰੀਮੈਂਟ ਦੇ ਤੌਰ ਤੇ ਇਹ ਕਿਸ ਸੂਏ ਆਦਿ ਤੇ ਲਾਗੂ ਕਰਨਾ ਚਾਹੀਦਾ ਹੈ ਔਰ ਇਸ ਵਾਸਤੇ ਤਜਰਬਾ ਕਰਨਾ ਚਾਹੀਦਾ ਹੈ। ਇਸ ਗਲ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਜੇ ਨਹਿਰ ਦਾ ਪਾਣੀ ਇਕ ਲਗੇ ਤਾਂ ਵੀ ਉਹੀ ਆਬਿਆਨਾ ਔਰ ਜੇ ਛੇ ਪਾਣੀ ਲਗਣ ਤਾਂ ਵੀ ਉਹੀ ਆਬਿਆਨਾ ਦੇਣਾ ਪੈਂਦਾ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਇਹ ਸਿਸਟਮ ਐਕਸਪੈਰੀਮੈਂਟ ਦੇ ਤੌਰ ਤੇ ਲਾਗੂ ਕਰ ਲੈਣਾ ਚਾਹੀਦਾ ਹੈ ਔਰ ਫਿਰ ਉਸ ਨੂੰ ਅਗਜ਼ਾਮਿਨ ਕਰ ਲੈਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਸਪਰਿੰਕਲ ਇਰੀਗੇਸ਼ਨ ਦੀ ਲੋੜ ਹੈ। ਯੂਨੀਵਰਸਟੀ ਦੀ ਸਤਾਹ ਤੇ ਇਹ ਗਲ ਚਲ ਰਹੀ ਹੈ। ਇਹ ਵੀ ਐਕਸਪੈਰੀਮੈਂਟ ਦੇ ਤੌਰ ਤੇ ਚਾਲੂ ਕਰਨੀ ਚਾਹੀਦੀ ਹੈ। ਜੇ ਇਸ ਨਾਲ ਕੋਈ ਨਤੀਜੇ ਚੰਗੇ ਨਿਕਲ ਸਕਣ ਤਾਂ ਕਿਸਾਨਾਂ ਨੂੰ ਜ਼ਰੂਰ ਸਹੂਲਤ ਦੇਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਫਿਰ ਕਈ ਪੁਲਾਂ ਬਾਰੇ ਮੰਗ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਇਹ ਮੁਨਾਸਿਬ ਮੰਗ ਹੈ। ਸਰਕਾਰ ਨੇ ਇਸ ਮਕਸਦ ਵਾਸਤੇ ਰੁਪਿਆ ਪਰੋਵਾਈਡ ਕੀਤਾ ਹੈ, ਇਹ ਹੋਰ ਵਧੇਰਾ ਕਰਨਾ ਚਾਹੀਦਾ ਹੈ। ਔਰਤਾਂ ਵਿਚਾਰੀਆਂ ਰੋਟੀਆਂ ਲੈ ਕੇ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਪਾਣੀ ਵਿਚੋਂ ਕਪੜੇ ਗਿਲੇ ਹੋਣੋ ਬਚਾਉਣ ਲਈ ਅੱਧ ਨੰਗੀਆਂ ਹੋ ਕੇ ਲੰਘਣਾ ਪੈਂਦਾ ਹੈ ਔਰ ਹੋਰ ਕਾਫੀ ਦਿਕਤਾਂ ਪੇਸ਼ ਆਉਂਦੀਆਂ ਹਨ। ਇਸ ਕਰਕੇ ਮੇਰੀ ਅਰਜ਼ ਹੈ ਕਿ ਵਜ਼ੀਰ ਸਾਹਿਬ ਨੂੰ ਹੋਰ ਵਧੇਰੇ ਇਸ ਕੰਮ ਵਾਸਤੇ ਹੋਰ ਕਿਧਰੋਂ ਗੁੰਜਾਇਸ਼ ਕਢ ਕੇ ਇਹ ਪਰੋਵੀਜ਼ਨ ਕਰਨੀ ਚਾਹੀਦੀ ਹੈ ਔਰ ਜੇ ਇਹ ਹੋਰ ਵਧੇਰੇ ਇਸ ਕੰਮ ਵਾਸਤੇ ਪਰੋਵੀਜ਼ਨ ਕਰ ਸਕਣ ਤਾਂ ਇਹ ਇਕ ਬਹੁਤ ਅੱਛੀ ਗਲ ਹੋਵੇਗੀ। (ਥੰਪਿੰਗ)

ਚੇਅਰਮੈਨ ਸਾਹਿਬ, ਕਰਾਪ ਇਨਸ਼ੋਰੈਂਸ ਦਾ ਜ਼ਿਕਰ ਹੋਇਆ ਹੈ। ਗੜੇ ਪੈਂਦੇ ਹਨ, ਫਸਲਾਂ ਤਬਾਹ ਹੋ ਜਾਂਦੀਆਂ ਹਨ। ਹੜ੍ਹ ਆ ਜਾਂਦੇ ਹਨ ਜਿਸ ਨਾਲ ਕਾਫੀ ਨੁਕਸਾਨ ਹੁੰਦਾ ਹੈ। ਇਹ ਸਕੀਮ ਵੀ ਇਰੀਗੇਸ਼ਨ ਸਿਸਟਮ ਨੂੰ ਠੀਕ ਕਰਨ ਲਈ ਐਕਸਪੈਰੀਮੈਂਟ ਦੇ ਤੌਰ ਤੇ ਕਰਨੀ ਚਾਹੀਦੀ ਹੈ। ਵਜ਼ੀਰ ਸਾਹਿਬ ਨੂੰ ਇਸ ਬਾਰੇ ਵਧੇਰੇ ਫੰਡ ਮੰਗਣੇ ਚਾਹੀਦੇ ਹਨ ਤਾਂ ਕਿ ਤਰੱਕੀ ਹੋ ਸਕੇ ਅਤੇ ਕਰਾਪ ਇਨਸ਼ੋਰੈਂਸ ਕਰਕੇ ਕਿਸਾਨਾਂ ਨੂੰ ਸਹੂਲਤਾਂ ਦਿਤੀਆਂ ਜਾ ਸਕਣ।

ਚੇਅਰਮੈਨ ਸਾਹਿਬ, ਮਾਈਨਰ ਇਰੀਗੇਸ਼ਨ ਬਾਰੇ ਮੈ ਅਰਜ਼ ਕਰਾਂਗਾ ਕਿ ਇਸ ਵਿਚ ਕਿਸਾਨ ਤੋਂ 9 ਪਰਸੈਂਟ ਸੂਦ ਲਿਆ ਜਾਂਦਾ ਹੈ। ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਉਚ ਪੱਧਰ ਤੇ ਮੀਟਿੰਗ ਕਰਕੇ, ਡਿਸਕਸ਼ਨ ਕਰਕੇ ਔਰ ਕੋਅਪਰੇਟਿਵਿਜ਼ ਨਾਲ ਮਿਲ ਕੇ ਗਲ ਬਾਤ ਕਰਕੇ ਇਸ ਸੂਦ ਨੂੰ ਘਟਾਉਣ ਦੇ ਯਤਨ ਵੀ ਕਰਨੇ ਚਾਹੀਦੇ ਹਨ। ਜਦੋਂ ਇੰਡਸਟਰੀਜ਼ ਵਿਚ 3% ਸੂਦ ਹੈ ਤਾਂ ਇਸ ਵਿਚ ਜ਼ਰੂਰ ਘੱਟ ਹੋਣਾ ਚਾਹੀਦਾ ਹੈ। ਇਸ ਬਾਰੇ ਵੀ ਸੈਂਟਰ ਸਰਕਾਰ ਨਾਲ ਗਲ ਬਾਤ ਕਰਕੇ ਕਿਸਾਨਾਂ ਨੂੰ ਕਰਜ਼ਾ ਮਿਲਣਾ ਚਾਹੀਦਾ ਹੈ ਤਾਂ ਕਿ ਉਹ ਖੁਲ੍ਹੇ

ਤੌਰ ਤੇ ਮਾਰਕਿਟ ਵਿਚ ਇੰਜਣ ਖਰੀਦ ਸਕਣ । ਕੋਆਪਰੇਟਿਵ ਵਲੋਂ ਕਈ ਵਾਰੀ ਇੰਜਣ ਖ਼ਰਾਬ ਹੁੰਦਾ ਹੈ ਉਹ ਵੀ ਕਿਸਾਨ ਨੂੰ ਜ਼ਬਰਦਸਤੀ ਲੈਣਾ ਪੈਂਦਾ ਹੈ ਜਿਸ ਨਾਲ ਉਸ ਨੂੰ ਕਾਫੀ ਨੁਕਸਾਨ ਹੁੰਦਾ ਹੈ, ਕਈ ਵਾਰੀ ਘੱਟੀਆ ਇੰਜਣ ਹੁੰਦਾ ਹੈ, ਇਸ ਲਈ ਇਸ ਪਾਸੇ ਵੀ ਧਿਆਨ ਦਿਤਾ ਜਾਵੇ ।

ਚੇਅਰਮੈਨ ਸਾਹਿਬ, ਕਟਸ, ਟੇਲ ਔਰ ਨਾਲਿਆਂ ਬਾਰੇ ਮੈਂ ਅਰਜ਼ ਕਰਾਂਗਾ ਕਿ ਇਹ ਗਲ ਵਜ਼ੀਰ ਸਾਹਿਬ ਦੇ ਧਿਆਨ ਵਿਚ ਹੈ ਔਰ ਵਜ਼ੀਰ ਸਾਹਿਬ ਇਸ ਕੰਮ ਲਈ ਬੜੇ ਉਤਾਵਲੇ ਵੀ ਹਨ ਕਿ ਜਲਦੀ ਤੋਂ ਜਲਦੀ ਕੋਈ ਐਕਸ਼ਨ ਲਿਆ ਜਾਵੇ ਔਰ ਇਸ ਗਲ ਤੇ ਵਿਚਾਰ ਕਰ ਰਹੇ ਹਾਂ ਔਰ ਕਨਕਰੀਟ ਐਕਸ਼ਨ ਲਿਆ ਜਾਵੇਗਾ ।

ਐਕਟ ਬਦਲਣ ਦੇ ਬਾਰੇ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਕੁਝ ਸੁਝਾਓ ਚੰਗੇ ਹਨ ਔਰ ਕੋਈ ਕਮੇਟੀ ਬੈਠ ਜਾਏ ਤਾਂ ਇਸ ਵਿਚ ਕੋਈ ਹਰਜ ਨਹੀਂ (ਵਿਘਨ)

ਅੰਤ ਵਿਚ, ਚੇਅਰਮੈਨ ਸਾਹਿਬ, ਦੋ ਕੁ ਪੁਆਇੰਟ ਹੋਰ ਦਸਾਂਗਾ । ਥੀਨ ਡੈਮ ਬਾਰੇ ਸਾਰੀਆਂ ਪਾਰਟੀਆਂ ਨੇ ਕਿਹਾ ਕਿ ਅਸੀਂ ਮਿਲਵਰਤਣ ਦਿਆਂਗੇ । ਇਨ੍ਹਾਂ ਪਾਰਟੀਆਂ ਨੂੰ ਮਿਲਵਰਤਣ ਦੇਣੀ ਚਾਹੀਦੀ ਹੈ, ਇਹ ਪੰਜਾਬ ਦਾ ਕਾਜ਼ ਹੈ ।

ਮੇਰੀ ਅਰਜ਼ ਹੈ ਕਿ 1 ਕਰੋੜ 8 ਸੌ ਏਕੜ ਦੇ ਰਕਬੇ ਵਿਚੋਂ ਸਿਰਫ 59 ਲੱਖ ਏਕੜ ਨੂੰ ਪਾਣੀ ਲਗਦਾ ਹੈ । (ਵਿਘਨ) 10 ਕਰੋੜ ਰੁਪਿਆ ਇਸ ਮਕਸਦ ਵਾਸਤੇ ਦਿਤਾ ਹੈ । ਜੇ ਹੁਣ ਵੀ ਇਹ ਡੈਮ ਦੀ ਉਸਾਰੀ ਦਾ ਕੰਮ ਚਾਲੂ ਕੀਤਾ ਜਾਵੇਗਾ ਤਾਂ 1972 ਵਿਚ ਪੂਰਾ ਹੋਵੇਗਾ ਔਰ ਉਦੋਂ ਤਾਈਂ 20 ਲੱਖ ਏਕੜ ਫੁਟ ਪਾਣੀ ਪਾਕਿਸਤਾਨ ਨੂੰ ਮੁਫਤ ਜਾਵੇਗਾ । ਵਜ਼ੀਰ ਸਾਹਿਬ ਨੇ ਇਸ ਵਿਚ ਬੜੀ ਕੋਸ਼ਿਸ਼ ਕੀਤੀ ਹੈ ਔਰ ਪਾਰਟੀਆਂ ਸਾਰੀਆਂ ਨੂੰ ਇਨ੍ਹਾਂ ਨੂੰ ਇਸ ਗਲ ਵਿਚ ਸਪੋਰਟ ਕਰਨਾ ਚਾਹੀਦਾ ਹੈ ਪਰ ਮੈਂ ਪਾਰਟੀਆਂ ਨੂੰ ਇਹ ਕਹਾਂਗਾ ਕਿ ਸਪੋਰਟ ਸਿਦਕ ਦਿਲੀ ਨਾਲ ਕਰੋ । ਇਹ ਨਾ ਹੋਵੇ ਕਿ ਫਿਰ ਸੰਤ ਫਤਹਿ ਸਿੰਘ ਜੀ ਇਕਲੇ ਵਰਤ ਰਖਣ ; ਫਿਰ ਇਹ ਉਲਾਂਭੇ ਕੱਲ ਨੂੰ ਦੇਣ ਕਿ ਇਕਲਾ ਸੰਤ ਫਤਹਿ ਸਿੰਘ ਵਰਤ ਰਖ ਰਿਹਾ ਹੈ ਜਾਂ ਇਕਲੀ ਆਕਾਲੀ ਪਾਰਟੀ ਹੀ ਇਹ ਕੋਸ਼ਿਸ਼ ਕਰ ਰਹੀ ਹੈ, ਸਭ ਪਾਰਟੀਆਂ ਨੂੰ ਸੈਂਟਰ ਨਾਲ ਇਸ ਬਾਰੇ ਗਲ ਕਰਨੀ ਚਾਹੀਦੀ ਹੈ । (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਚੇਅਰਮੈਨ ਸਾਹਿਬ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਇਕੱਲੇ ਸੰਤ ਹੋਰੀ ਨਾ ਵਰਤ ਰਖ ਲੈਣ । (ਵਿਘਨ) ਜੇ ਇਹੋ ਜਿਹਾ ਵਰਤ ਰਖਣਾ ਹੈ ਕਿ ਜਿਸ ਤਰ੍ਹਾਂ ਪੰਜਾਬ ਵਿਚੋਂ ਅਬੋਹਰ ਔਰ ਫਾਜ਼ਿਲਕਾ ਚਲਾ ਗਿਆ ਹੈ...(ਵਿਘਨ) (ਸ਼ੋਰ)

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ (It is no point of order.)

ਚੀਫ਼ ਪਾਰਲੀਮੈਂਟਰੀ ਸੈਕਟਰੀ : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਪੁਆਇੰਟ ਆਫ਼ ਆਰਡਰ ਕਰਨ ਦਾ ਵੀ ਵਲ ਆਉਣਾ ਚਾਹੀਦਾ ਹੈ । (ਵਿਘਨ) ਐਂਵੇਂ ਨਹੀਂ ਗਲ ਗਲ ਤੇ ਪੁਆਇੰਟ ਆਫ਼ ਆਰਡਰ ਕਰਨ ਲਈ ਖੜਾ ਹੋ ਜਾਣਾ ਚਾਹੀਦਾ । (ਵਿਘਨ)

[ਚੀਫ਼ ਪਾਰਲੀਮੈਂਟਰੀ ਸੈਕਟਰੀ]

ਮੈਂ ਆਖ਼ਿਰ ਵਿਚ, ਚੇਅਰਮੈਨ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੇ ਦਿਲੀ, ਜੋ 22 ਤਰੀਖ਼ ਨੂੰ ਕਾਨਫਰੰਸ ਹੋ ਰਹੀ ਹੈ, ਉਸ ਵਿਚ ਜਾਣਾ ਹੈ ਔਰ ਆਈ. ਪੀ. ਐਮ. ਸਾਹਿਬ ਸ਼ਾਇਦ ਉਨ੍ਹਾਂ ਨਾਲ ਜਾਣਗੇ । ਉਥੇ ਇਨ੍ਹਾਂ ਨੂੰ ਉਦਮ ਕਰਨਾ ਚਾਹੀਦਾ ਹੈ । ਮੈਂ ਇਨ੍ਹਾਂ ਪਾਰਟੀਆਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਵੀ ਆਵਾਜ਼ ਉਠਾਣੀ ਚਾਹੀਦੀ ਹੈ ਤਾਂ ਕਿ ਇਹ ਗਲ ਸਿਰੇ ਚੜ੍ਹ ਸਕੇ ।

ਚੇਅਰਮੈਨ ਸਾਹਿਬ, ਮੇਰਾ ਆਖ਼ਰੀ ਪੁਆਇੰਟ ਇਹ ਹੈ ਕਿ ਜਿਹੜਾ ਸੇਮ ਦਾ ਮਸਲਾ ਹੈ ਉਹ ਇਕ ਬਹੁਤ ਹੀ ਵਡਾ ਮਸਲਾ ਹੈ, ਉਸ ਦੇ ਨਾਲ ਜ਼ਮੀਨਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ । ਉਸਦੇ ਲਈ ਕੁਲ ਪਲਾਨ 124 ਕਰੋੜ ਰੁਪਏ ਦਾ ਹੈ ਜਿਸ ਵਿਚੋਂ ਕੋਈ 36 : 37 ਕਰੋੜ ਰੁਪਏ ਖਰਚ ਕਰ ਚੁਕੇ ਹਾਂ ਅਤੇ ਇਸ ਸਾਲ ਦੇ ਬਜਟ ਵਿਚ ਕੋਈ 10 ਕਰੋੜ ਰੁਪਏ ਰਖੇ ਹੋਏ ਹਨ । ਸਾਡੇ ਮੁਖ ਮੰਤਰੀ ਸਾਹਿਬ ਨੇ ਦਿਲੀ ਵਿਚ ਜਾ ਕੇ ਸੈਂਟਰ ਦੀ ਸਰਕਾਰ ਕੋਲੋਂ 20 ਕਰੋੜ ਰੁਪਏ ਦੀ ਮੰਗ ਕੀਤੀ ਹੈ ਕਿ ਜਿਹੜਾ ਪੈਸਾ ਸਪੈਸ਼ਲ ਸਰਕਮਸਟਾਂਸਿਜ਼ ਵਾਸਤੇ ਰਖਿਆ ਹੈ ਉਸਦੇ ਵਿਚੋਂ ਪੰਜਾਬ ਨੂੰ 20 ਕਰੋੜ ਰੁਪਏ ਮਿਲਣੇ ਚਾਹੀਦੇ ਹਨ, ਕਿਉਂਕਿ ਇਹ ਬਾਰਡਰ ਏਰੀਆ ਹੈ । ਇਹ ਪੈਸਾ ਰੀਹੈਬਲੀਟੇਸ਼ਨ ਲਈ, ਬਾਰਡਰ ਦੇ ਇਲਾਕੇ ਲਈ ਅਤੇ ਪੁਲਾਂ ਆਦਿ ਬਣਾਉਣ ਲਈ ਮੰਗਿਆ ਗਿਆ ਹੈ । ਉਹ ਪੈਸਾ ਸੈਂਟਰ ਦੀ ਸਰਕਾਰ ਹਾਲੇ ਤਕ ਦੇ ਨਹੀਂ ਰਹੀ ਉਸਦੇ ਲਈ ਉਦਮ ਕੀਤੇ ਜਾ ਰਹੇ ਹਨ । ਇਹ ਜਿਹੜੇ ਮੇਰੇ ਸਾਮ੍ਹਣੇ ਭਰਾ ਬੈਠੇ ਹਨ ਅਤੇ ਜਿਨ੍ਹਾਂ ਦੀ ਪਾਰਟੀ ਦੀ ਸਰਕਾਰ ਦਿਲੀ ਵਿਚ ਬੈਠੀ ਹੈ, ਇਹਨਾਂ ਨੂੰ ਪੰਜਾਬ ਦੇ ਭਲੇ ਲਈ ਪਰਸਨਲ ਤੌਰ ਤੇ ਇਸ ਕੰਮ ਲਈ ਯਤਨ ਕਰਨੇ ਚਾਹੀਦੇ ਹਨ । ਇਸ ਦੇ ਨਾਲ ਨਾਲ ਮੈਂ ਇਕ ਹੋਰ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਮਦਰਾਸ ਸਟੇਟ ਵਿਚ ਕੋਈ ਚਾਰ ਜਾਂ ਸਾਢੇ ਚਾਰ ਲਖ ਟਿਊਬਵੈਲ ਲਗ ਚੁਕੇ ਹਨ ਜਦੋਂ ਕਿ ਸਾਡੀ ਸਟੇਟ ਵਿਚ ਹਾਲੇ ਤਕ ਇਕ ਲਖ ਦਾ ਨਿਸ਼ਾਨਾ ਵੀ ਪੂਰਾ ਨਹੀਂ ਹੋਇਆ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਨੰਗਲ ਤੋਂ ਜਿਹੜੀ ਬਿਜਲੀ ਪੈਦਾ ਹੁੰਦੀ ਹੈ ਅਤੇ ਦਿਲੀ ਆਦਿ ਨੂੰ ਸਸਤੇ ਭਾ ਤੇ ਦਿਤੀ ਜਾਂਦੀ ਹੈ ਅਤੇ ਉਸ ਦਾ ਜਿਹੜਾ ਘਾਟਾ ਪੈਂਦਾ ਹੈ ਉਹ ਸੈਂਟਰ ਦੀ ਸਰਕਾਰ ਨੂੰ ਪੂਰਾ ਕਰਨਾ ਚਾਹੀਦਾ ਹੈ । ਕਿਉਂਕਿ ਅਸੀਂ ਉਹਨਾਂ ਨੂੰ 10-12 ਪੈਸੇ ਪਰ ਯੂਨਿਟ ਦਿੰਦੇ ਹਾਂ ਅਤੇ ਆਪਣੇ ਲੋਕਾਂ ਤੋਂ 35 ਪੈਸੇ ਪਰ ਯੂਨਿਟ ਲੈਂਦੇ ਹਾਂ । ਇਹ ਜੋ ਪੰਜਾਬ ਨੂੰ ਇਤਨਾ ਬੜਾ ਘਾਟਾ ਪੈਂਦਾ ਹੈ ਅਤੇ ਨੁਕਸਾਨ ਹੁੰਦਾ ਹੈ ਇਹ ਘਾਟਾ ਪੂਰਾ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਪੰਜਾਬ ਦੀ ਜ਼ਰੂਰਤ ਦੇ ਮੁਤਾਬਕ ਬਿਜਲੀ ਦੀ ਸਪਲਾਈ ਪੂਰੀ ਕੀਤੇ ਜਾਵੇ ।

ਆਖ਼ਿਰ ਵਿਚ ਮੈਂ, ਚੇਅਰਮੈਨ ਸਾਹਿਬ, ਵਜ਼ੀਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਜਿਹੜਾ ਉਹਨਾਂ ਨੇ ਸੈਂਟਰ ਗੌਰਮੈਂਟ ਦੀ ਮਨਜ਼ੂਰੀ ਨਾ ਆਉਣ ਤੇ ਵੀ ਥੀਨ ਡੈਮ ਲਈ 57 ਕਰੋੜ ਦੇ ਐਸਟੀਮੇਟਿਡ ਅਮਾਊਂਟ ਦੇ ਅਗੇਨਸਟ 10 ਕਰੋੜ ਰੁਪਏ ਦਾ ਬਜਟ ਵਿਚ ਪ੍ਰੋਵੀਜ਼ਨ ਰਖ ਕੇ ਕੰਮ ਸ਼ੁਰੂ ਕਰਾ ਦਿਤਾ ਹੈ । ਇਸ ਗਲ ਲਈ ਮੈਂ ਵਜ਼ੀਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਇਹ ਪੰਜਾਬ ਦੀ ਭਲਾਈ ਦਾ ਕੰਮ ਹੈ । (ਟਰੇਜ਼ਰੀ ਬੈਂਚਾਂ ਵਲੋਂ ਥੰਪਿੰਗ) ।

ਇਕ ਗਲ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਜਿਹੜੀ ਨਯੂਕਲੀਅਰ ਥਰਮਲ ਪਲਾਂਟਸ ਦੇ ਸਿਲਸਲੇ ਵਿਚ ਹੈ । ਪੰਜਾਬ ਨੂੰ ਇਕ ਐਟਾਮਿਕ ਸ਼ਕਤੀ ਦਾ ਪਾਵਰ ਹਾਊਸ ਜ਼ਰੂਰ ਅਲਾਟ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੇ ਸਾਰੇ ਲੋਕਾਂ ਦੀ ਜਿਮੇਵਾਰੀ ਹੈ ਕਿ ਇਸ ਲਈ ਆਪਣੇ ਤੌਰ ਤੇ ਯਤਨ

ਕੀਤੇ ਜਾਣ ਅਤੇ ਸਾਰੀਆਂ ਪਾਰਟੀਆਂ ਨੂੰ ਇਸ ਵਿਚ ਸਹਿਯੋਗ ਦੇਣਾ ਚਾਹੀਦਾ ਹੈ। (ਟਰੇਜ਼ਰੀ ਬੈਂਚਾਂ ਵਲੋਂ ਥੰਪਿੰਗ) ਮੈਂ ਖ਼ਾਸ ਕਰਕੇ ਉਹਨਾਂ ਸਜਣਾਂ ਨੂੰ ਕਹਿੰਦਾ ਹਾਂ ਜਿਨ੍ਹਾਂ ਦੀ ਦਿਲੀ ਵਿਚ ਸਰਕਾਰ ਹੈ ਕਿ ਨੈਸ਼ਨਲ ਮਸਲਿਆਂ ਤੇ ਉਹ ਸਾਡਾ ਪੂਰਾ ਸਾਥ ਦੇਣ ਅਤੇ ਇਸ ਦੇ ਲਈ ਪੂਰਾ ਪੂਰਾ ਯਤਨ ਕਰਨ। ਜਿਸ ਤਰ੍ਹਾਂ ਕਿ ਡੈਮ ਹੈ, ਨਯੂਕਲੀਅਰ ਪਾਵਰ ਹਾਊਸ ਹੈ ਆਦਿ ਜੇ ਕਰ ਫਿਰ ਸੈਂਟਰ ਦੀ ਸਰਕਾਰ ਇਹਨਾਂ ਚੀਜ਼ਾਂ ਨੂੰ 2, 4, 6 ਮਹੀਨਿਆਂ ਲਈ ਹੋਰ ਇਗਨੋਰ ਕਰਦੀ ਰਹੀ ਤਾਂ ਫਿਰ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਝੰਡਾ ਚੁਕਣਾ ਹੈ ਅਤੇ ਫਿਰ ਇਹ ਮੇਰੇ ਦੋਸਤ ਵੇਖਦੇ ਰਹਿ ਜਾਣਗੇ।

ਇੰਨੀਆਂ ਗਲਾਂ ਕਹਿਕੇ ਮੈਂ, ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਕੇ ਬੈਠ ਜਾਂਦਾ ਹਾਂ।

ਸਿੰਚਾਈ ਅਤੇ ਬਿਜਲੀ ਮੰਤਰੀ (ਸਰਦਾਰ ਸੋਹਨ ਸਿੰਘ ਬਾਸੀ) : ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਮੈਂ ਉਹਨਾਂ ਸਾਥੀਆਂ ਦਾ ਅਤੇ ਆਨਰੇਬਲ ਮੈਂਬਰਜ਼ ਸਾਹਿਬਾਨ ਦਾ, ਜਿਨਾਂ ਨੇ ਇਸ ਬਹਿਸ ਦੇ ਵਿਚ ਹਿਸਾ ਲਿਆ ਅਤੇ ਬੜੇ ਚੰਗੇ ਚੰਗੇ ਆਪਣੇ ਖਿਆਲਾਤ ਦਸੇ ਹਨ ਅਤੇ ਨਾਲ ਹੀ ਬਹੁਤ ਸਾਰੀਆਂ ਸੁਜੈਸ਼ਨਜ਼ ਦਿਤੀਆਂ ਹਨ, ਧੰਨਵਾਦ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਚੰਗੀਆਂ ਸੁਜੈਸ਼ਨਜ਼ ਨਾਲ ਅਸੀਂ ਕੰਮ ਵਿਚ ਇਮਪਰੂਵਮੈਂਟ ਲਿਆ ਸਕਦੇ ਹਾਂ। ਉਹਨਾਂ ਦੀਆਂ ਜਿੰਨੀਆਂ ਵੀ ਸੁਜੈਸ਼ਨਜ਼ ਹੋਣ, ਕ੍ਰਿਟੀਸੀਜ਼ਮ ਹੋਵੇ ਮੈਂ ਵੈਲਕਮ ਕਰਦਾ ਹਾਂ। ਇਸ ਤਰ੍ਹਾਂ ਹੀ ਪੰਜਾਬ ਦੀ ਬਿਗੜੀ ਹੋਈ ਹਾਲਤ ਬਣ ਸਕਦੀ ਹੈ। ਇਕ ਗਲ ਦਾ ਮੈਨੂੰ ਬੜਾ ਅਫ਼ਸੋਸ ਹੈ ਕਿ ਹਰ ਆਦਮੀ ਆਪਣੀ ਪਾਰਟੀਬਾਜ਼ੀ ਵਿਚ ਚਲਾ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਤਾਂ ਇਕ ਛੋਟੀ ਜਿਹੀ ਗੌਰਮੈਂਟ ਹੈ, ਇਹ ਨੁਕਸ ਤਾਂ ਸੈਂਟਰ ਦੀ ਸਰਕਾਰ ਵਿਚ ਵੀ ਹੋਣਗੇ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਹਨਾਂ ਸਾਰੀਆਂ ਗੱਲਾਂ ਲਈ ਸਾਡੀ ਹੀ ਸਰਕਾਰ ਕਸੂਰਵਾਰ ਨਹੀਂ ਹੈ......(ਵਿਘਨ)

(ਇਸ ਸਮੇਂ ਸਪੀਕਰ ਸਾਹਿਬ ਕੁਰਸੀ ਤੇ ਬਿਰਾਜਮਾਨ ਹੋਏ)

ਕਿ ਦਿਲ ਖੁਸ਼ ਹੂਆ ਮਸਜਦੇ ਵੀਰਾਨ ਦੇਖ ਕਰ
ਅਪਨੀ ਤਰਹ ਖੁਦਾ ਕਾ ਭੀ ਖ਼ਾਨਾ ਖ਼ਰਾਬ ਹੈ। (ਤਾੜੀਆਂ)।

ਇਸ ਤੇ ਮੇਰੇ ਦੋਸਤ ਖ਼ੁਸ਼ ਨਾ ਹੋਣ। ਤੁਸੀਂ ਸਾਨੂੰ ਦਸੋ ਅਸੀਂ ਕੀ ਕਰਨਾ ਹੈ। ਕਿਸੇ ਭੀ ਟਾਈਮ ਮੈਨੂੰ ਕੋਈ ਵੀ ਕੰਮ ਦੱਸੋ ਮੈ ਕਰਨ ਨੂੰ ਤਿਆਰ ਹਾਂ। (ਥੰਪਿੰਗ) ਮੇਰੇ ਆਨਰੇਬਲ ਮੈਂਬਰ ਸਾਹਿਬਾਨ ਨੇ ਕੁਰਪਸ਼ਨ ਬੰਦ ਕਰਨ ਲਈ ਬਾਰ ਬਾਰ ਮੰਗ ਕੀਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਬਿਲਕੁਲ ਕਰਪਸ਼ਨ ਖ਼ਤਮ ਕਰਨ ਦੇ ਹਕ ਵਿਚ ਹਾਂ। ਮੈਂ ਸਮਝਦਾ ਹਾਂ ਕਿ ਜੇ ਕਰ ਮੈਂ ਕੁਰਪਸ਼ਨ ਖ਼ਤਮ ਨਾ ਕਰ ਸਕਿਆ ਤਾਂ ਸਭ ਤੋਂ ਵਡਾ ਕੁਰਪਟ ਹੋਵਾਂਗਾ। ਮੈ ਇਹ ਇਰਾਦਾ ਬਣਾ ਲਿਆ ਹੈ ਕਿ ਕੁਰਪਸ਼ਨ ਖ਼ਤਮ ਕਰ ਦੇਣੀ ਹੈ (ਥੰਪਿੰਗ) ਸਰਦਾਰ ਤੇਜਾ ਸਿੰਘ ਨੇ ਇਸ ਦੇ ਬਾਰੇ ਵਿਚ ਕਈ ਗੱਲਾਂ ਕਹੀਆਂ ਹਨ। ਮੈਂ ਕਹਿੰਦਾ ਹਾਂ ਕਿ ਅਗਰ ਅਸੀਂ ਬਿਗਾਨੀ ਗਾਂ ਨੂੰ ਇਸ ਕਰਕੇ ਦਾਣਾ ਪਾਵਾਂਗੇ ਕਿ ਉਹ ਸਾਨੂੰ ਦੁਧ ਦੇਵੇਗੀ, ਇਹ ਬਿਲਕੁਲ ਗਲਤ ਗਲ ਹੈ ਅਤੇ ਇਹ ਕੁਰਪਸ਼ਨ ਦੀ ਹੱਦ ਹੈ। ਮੈਂ ਕਹਿੰਦਾ ਹਾਂ ਕਿ ਉਹ ਦੁਧ ਨਹੀਂ ਹੋਵੇਗਾ ਉਹ ਜ਼ਹਿਰ ਹੋਵੇਗੀ। ਇਸ ਤੋਂ ਬਚਣਾ ਚਾਹੀਦਾ ਹੈ, ਇਸ ਤੋਂ ਦੂਰ ਰਹਿਣਾ ਚਾਹੀਦਾ ਹੈ। ਕੁਝ ਆਦਮੀ ਰਿਸ਼ਵਤ ਦਿੰਦੇ ਹਨ ਤਾਂ ਕਿ ਉਹ ਅਨਡਿਊ ਐਡਵਾਂਟੇਜ ਉਠਾ ਸਕਣ। ਜਿਹੜੇ ਆਦਮੀ ਰਿਸ਼ਵਤ ਦਿੰਦੇ ਹਨ ਉਹ ਵੀ ਉਨੇ ਹੀ ਜ਼ਿਮੇਵਾਰ ਹਨ,

[ਸਿੰਚਾਈ ਤੇ ਬਿਜਲੀ ਮੰਤਰੀ]

ਜਿੰਨੇ ਕਿ ਕਰਪਟ ਅਫ਼ਸਰ । ਜਿੰਨੀ ਦੇਰ ਤਕ ਤੁਸੀਂ ਰਿਸ਼ਵਤ ਦੇਣੀ ਬੰਦ ਨਹੀਂ ਕਰੋਗੇ ਉਨੀਂ ਦੇਰ ਤਕ ਕੁਰਪਸ਼ਨ ਖ਼ਤਮ ਨਹੀਂ ਹੋ ਸਕਦੀ । ਮੈਂ ਸਾਥੀ ਰੂਪ ਲਾਲ ਜੀ ਦਾ ਬੜਾ ਮਸ਼ਕੂਰ ਹਾਂ, ਉਹਨਾਂ ਨੇ ਕੁਝ ਡਿਫ਼ੀਕਲਟੀਜ਼ ਦਸੀਆਂ ਹਨ ਅਤੇ ਮੈਂ ਉਹਨਾਂ ਦੀਆਂ ਉਹ ਡਿਫ਼ੀਕਲਟੀਜ਼ ਜ਼ਰੂਰ ਦੂਰ ਕਰਾਂਗਾ । ਮੈਂ ਕਹਿੰਦਾ ਹਾਂ ਕਿ ਕੋਈ ਕੇਸ ਪ੍ਰਾਈਮ ਫ਼ੇਸਾਈ ਹੈ ਸਾਨੂੰ ਦਸੋ ਅਸੀਂ ਇਨਕੁਆਰੀ ਕਰਾਉਣ ਨੂੰ ਤਿਆਰ ਹਾਂ । ਅਸੀਂ ਹਰ ਵਕਤ ਕੋਆਪ੍ਰੇਸ਼ਨ ਦੇਣ ਨੂੰ ਤਿਆਰ ਹਾਂ । ਮੈਂ ਇਹੋ ਜਿਹੇ ਕੰਮ ਨੂੰ ਇਰੈਡੀਕੇਟ ਕਰਨ ਲਈ ਤਿਆਰ ਹਾਂ ਅਤੇ ਪੂਰੀ ਮਦੱਦ ਕਰਾਂਗਾ ।

ਹੁਣ ਮੈਂ ਅਰਜ਼ ਕਰਾਂਗਾ ਕਿ ਸਾਡੇ ਕੋਲ ਜਿਹੜਾ ਪੰਜਾਬ ਦਾ ਇਲਾਕਾ ਹੈ 1. 24 ਕਰੋੜ ਏਕੜ ਹੈ ਅਤੇ ਅਸੀਂ ਉਸ ਵਿਚੋਂ 1.10 ਕਰੋੜ ਏਕੜ ਵਿਚ ਕਾਸ਼ਤ ਕਰ ਸਕਦੇ ਹਾਂ । 1947 ਦੇ ਵਿਚ ਜਿਹੜੀ ਜ਼ਮੀਨ ਨੂੰ ਪਾਣੀ ਲਗ ਸਕਦਾ ਸੀ ਉਹ ਕੁਲ 49 ਲੱਖ ਏਕੜ ਸੀ ਅਤੇ ਉਸ ਵਿਚੋਂ ਕੁਲ 28 ਲੱਖ ਏਕੜ ਨੂੰ ਪਾਣੀ ਲਗਦਾ ਸੀ । ਹੁਣ 73 ਲੱਖ ਏਕੜ ਜ਼ਮੀਨ ਨੂੰ ਪਾਣੀ ਲਗ ਸਕਦਾ ਹੈ ਅਤੇ ਐਕਚੁਅਲੀ 55 ਲੱਖ ਏਕੜ ਨੂੰ ਪਾਣੀ ਲਗ ਰਿਹਾ ਹੈ । ਸਾਡੀ ਇੰਟੈਨਸਿਟੀ ਆਫ਼ ਵਾਟਰ 62 ਫ਼ੀਸਦੀ ਹੈ ਜਿਹੜੀ ਕਿ ਬਹੁਤ ਥੋੜ੍ਹੀ ਹੈ ਅਗਰ ਸੌ ਫ਼ੀਸਦੀ ਪਾਣੀ ਤਿੰਨਾਂ ਦਰਿਆਵਾਂ ਦਾ ਹੈ ਉਹ 30 ਮਿਲੀਅਨ ਫ਼ੀਟ ਹੈ, ਸਤੁਲਜ, ਰਾਵੀ ਅਤੇ ਚਨਾਬ ਦਾ । ਇਸ ਦੇ ਨਾਲ ਅਸੀਂ 1.10 ਕਰੋੜ ਏਕੜ ਜ਼ਮੀਨ ਨੂੰ ਪਾਣੀ ਨਹੀਂ ਦੇ ਸਕਦੇ । ਅਸੀਂ ਇਸ ਚੀਜ਼ ਦੀ ਪੂਰੀ ਪੂਰੀ ਇਨਵੈਸਟੀਗੇਸ਼ਨ ਕਰ ਰਹੇ ਹਾਂ ਕਿਉਂਕਿ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਇਰੀਗੇਸ਼ਨ ਦੀ ਤਰਕੀ ਤੋਂ ਬਗੈਰ ਅਸੀਂ ਸੂਬੇ ਦੀ ਤਰਕੀ ਨਹੀਂ ਕਰ ਸਕਦੇ । ਸਾਡਾ ਪੰਜਾਬ ਨਿਰੋਲ ਐਗਰੀਕਲਚਰਲ ਸਟੇਟ ਹੈ । ਇਸ ਦਾ ਸਾਰਾ ਦਾਰੋਮਦਾਰ ਐਗਰੀਕਲਚਰ ਤੇ ਹੀ ਹੈ । ਜਿਹੜੀ ਅੱਜ ਅਸੀਂ ਡਵਾਰਫ਼ ਜਾਂ ਮੈਕਸੀਕਨ ਕਣਕ ਬੀਜਦੇ ਹਾਂ ਉਸ ਨੂੰ ਘਟੋ ਘਟ 12-13 ਪਾਣੀ ਚਾਹੀਦੇ ਹਨ । ਸਾਡਾ ਜਿਹੜਾ ਵਾਟਰ ਅਲਾਊਂਸ ਹੈ ਉਹ 2. 7 ਜਾਂ 3. 05 ਕਿਊਸਕ ਹੈ । ਇਹ ਕਾਫ਼ੀ ਨਹੀਂ । ਇਹ ਘੱਟੋ ਘੱਟ 3. 50 ਕਿਊਸਿਕ ਪਰ ਹਜ਼ਾਰ ਏਕੜ ਹੋਣਾ ਚਾਹੀਦਾ ਹੈ । ਪਰ ਸੁਆਲ ਪੈਦਾ ਹੁੰਦਾ ਹੈ ਕਿ ਇਹ ਪਾਣੀ ਕਿਥੋਂ ਆਏ ? ਸਾਡੇ ਕੋਲ ਪਾਣੀ ਦੇ ਲਿਮਿਟਿਡ ਸੋਰਸਿਜ਼ ਹਨ । ਭਾਖੜਾ ਡੈਮ ਬਣਿਆ ਤਾਂ ਵੀ, ਬਿਜਲੀ ਪੂਰੀ ਨਹੀਂ ਮਿਲਦੀ । ਉਸ ਵੇਲੇ ਦੀ ਗੌਰਮੈਂਟ ਕੋਲੋਂ ਪਤਾ ਨਹੀਂ ਕਿਸ ਤਰ੍ਹਾਂ ਇਹ ਗਲਤੀ ਹੋ ਗਈ । ਇਹ ਨਹੀਂ ਸੋਚਿਆ ਗਿਆ ਕਿ ਸਾਡੀ 55 ਲੱਖ ਏਕੜ ਜ਼ਮੀਨ ਨੂੰ ਪਾਣੀ ਕਿਸ ਤਰ੍ਹਾਂ ਪੂਰਾ ਹੋਵੇਗਾ । (ਵਿਘਨ) ਚਾਰ ਸੌ ਮੀਲ ਲੰਬੀ ਰਜਿਸਥਾਨ ਫ਼ੀਡਰ ਨੂੰ 18 ਹਜ਼ਾਰ ਕਿਊਸਿਕ ਪਾਣੀ ਇਥੋਂ ਜਾਂਦਾ ਹੈ । ਜਦੋਂ ਇਸ ਸਾਰੇ ਪਾਣੀ ਦੀ ਸਾਨੂੰ ਜ਼ਰੂਰਤ ਸੀ ਤਾਂ ਉਹਨਾਂ ਨੂੰ ਇਤਨਾ ਪਾਣੀ ਜਿਹੜਾ ਦਿਤਾ ਗਿਆ ਹੈ ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਹੀ ਵਡੀ ਗਲਤ ਗਲ ਹੋਈ ਹੈ ਔਰ ਇਸ ਦਾ ਖ਼ਮਿਆਜ਼ਾ ਅਸੀਂ ਭੁਗਤ ਰਹੇ ਹਾਂ । ਇਹ ਜਿਸ ਦੀ ਵੀ ਗ਼ਲਤੀ ਹੈ ਮੈਂ ਨਿੰਦ ਨਹੀਂ ਰਿਹਾ, ਮੈਂ ਕਹਿੰਦਾ ਹਾਂ ਕਿ ਇਹ ਗ਼ਲਤੀ ਜ਼ਰੂਰ ਹੋਈ ਹੈ । (ਵਿਘਨ) ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਪਾਣੀ ਦੀ ਸ਼ਾਰਟੇਜ ਹੈ । ਸਾਨੂੰ ਪਾਣੀ ਦੀ ਕਮੀ ਨੂੰ ਪੂਰਾ ਕਰਨਾ ਚਾਹੀਦਾ ਹੈ । ਇਥੇ ਬਹੁਤ ਕ੍ਰਿਟੀਸਿਜ਼ਮ ਹੋਇਆ ਹੈ ਪਰ ਸਾਰਿਆਂ ਨੇ ਇਹ ਰੀਆਲਾਈਜ਼ ਕੀਤਾ ਹੈ ਕਿ ਥੀਨ ਡੈਮ ਜਿਹੜਾ ਹੈ ਉਹ ਸਾਡੇ ਪੰਜਾਬ ਲਈ ਲਾਈਫ਼ ਲਿੰਕ ਹੈ ; ਜੇ ਕਰ ਇਹ ਨਾ ਬਣਿਆ ਤਾਂ ਸਾਡਾ ਕਾਫ਼ੀ ਨੁਕਸਾਨ ਹੋ ਸਕਦਾ ਹੈ । ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਮੈਂ 51 ਵਾਰੀ ਦਿਲੀ ਜਾ ਚੁਕਾ ਹਾਂ ; ਪਤਾ ਨਹੀਂ ਇਸ ਵਾਸਤੇ ਹੋਰ ਕਿੰਨੀ ਵਾਰੀ ਮੈਨੂੰ

ਉਥੇ ਜਾਣਾ ਪਏਗਾ ਮੈਂ ਸਾਰੀਆਂ ਪਾਰਟੀਆਂ ਨੂੰ ਇਸ ਵਿਚ ਸਹਿਯੋਗ ਦੇਣ ਲਈ ਕਹਾਂਗਾ ਅਤੇ ਮੈਂ ਬੜਾ ਮਸ਼ਕੂਰ ਹਾਂ ਉਥੇ ਸਾਨੂੰ ਸਾਰੀਆਂ ਪਾਰਟੀਆਂ ਸਪੋਰਟ ਕਰਦੀਆਂ ਹਨ । ਮੈਂ ਡਾਕਟਰ ਕੇ. ਐਲ. ਰਾਉ ਦਾ ਬੜਾ ਮਸ਼ਕੂਰ ਹਾਂ ਜਿਨ੍ਹਾਂ ਨੇ ਸੈਂਟਰ ਦੀ ਗੌਰਮੈਂਟ ਨੂੰ ਉਥੇ ਇਸ ਗਲ ਲਈ ਮਜਬੂਰ ਕੀਤਾ ਅਤੇ ਉਨ੍ਹਾਂ ਨੂੰ ਮੰਨਣਾ ਪਿਆ । ਇਹ ਪੰਜਾਬ ਦੇ ਵਾਸਤੇ ਸਭ ਤੋਂ ਬੈਸਟ ਪ੍ਰੋਜੈਕਟ ਹੈ । ਇਹ ਦਸਿਆ ਜਾ ਚੁਕਿਆ ਹੈ ਕਿ ਅਸੀਂ ਇਸ ਤੇ 10 ਕਰੋੜ ਰੁਪਿਆ ਪਰਾਇਮਰੀ ਖਰਚ ਦੇ ਤੌਰ ਤੇ 2-3 ਸਾਲਾਂ ਵਿਚ ਕਰਨਾ ਹੈ ਤਾਂ ਕਿ ਇਹ ਪਰਾਜੈਕਟ 6-7 ਸਾਲਾਂ ਵਿਚ ਪੂਰਾ ਕਰ ਦਿਤਾ ਜਾਵੇ । ਇਹ 10 ਕਰੋੜ ਰੁਪਿਆ ਪੰਜਾਬ ਸਰਕਾਰ ਨੇ ਆਪਣੇ ਪਾਸੋਂ ਕਰਨਾ ਹੈ । ਤਾਂ ਜੋ ਇਹ ਟੈਕਨੀਕਲੀ ਐਪਰੂਵ ਹੋ ਜਾਵੇ । ਪਰ ਹਾਲੇ ਇਹ ਗਲ ਵੀ ਨਹੀਂ ਹੋਈ । ਅਸੀਂ ਫਿਰ ਕੋਸ਼ਿਸ਼ ਕਰਾਂਗੇ । ਅਸੀਂ ਵਧ ਤੋਂ ਵਧ ਰੁਪਿਆ ਇਸ ਤੇ ਲਾਵਾਂਗੇ ਸੈਂਟਰ ਵਾਲੇ ਰੁਪਿਆ ਦੇਣ ਜਾਂ ਨਾ ਦੇਣ । ਇਸੇ ਸਿਲਸਿਲੇ ਵਿਚ ਅਸੀਂ ਬਠਿੰਡੇ ਅਤੇ ਅਬੋਹਰ ਵਿਚ ਰੀਮਾਡਲਿੰਗ ਕਰਨੀ ਹੈ, ਇਥੋਂ ਹੀ ਸਾਰਾ ਪਾਣੀ ਆਉਣਾ ਹੈ । ਨਾਲ ਹੀ ਸਰਦਾਰ ਤੇਜਾ ਸਿੰਘ ਹੋਤਾਂ ਨੇ ਜੋ ਗਲ ਕਹੀ ਹੈ ਕਿ ਯੂ. ਬੀ. ਡੀ. ਸੀ. ਵਲ ਜਿਥੋਂ ਪਾਣੀ ਵਧ ਹੈ ਉਥੇ ਰੀਮਾਡਲਿੰਗ ਨਹੀਂ ਕਰਨੀ ਚਾਹੀਦੀ, ਟਿਯੂਬਵੈਲ ਲਾਉਣੇ ਨਹੀਂ ਚਾਹੀਦੇ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦੇ ਹਾਂ ਕਿ ਅਗਰ ਅਸੀਂ ਰੀਮਾਡਲਿੰਗ ਨਾ ਕਰੀਏ ਤਾਂ ਬਰਸਾਤੀ ਪਾਣੀ ਸਾਰਾ ਪਾਕਿਸਤਾਨ ਚਲਾ ਜਾਵੇਗਾ । ਅਸੀਂ ਇਸ ਪਾਣੀ ਨੂੰ ਰੋਕਣਾ ਚਾਹੁੰਦੇ ਹਾਂ ਭਾਵੇਂ ਬੰਨ ਮਾਰਕੇ ਜਾਂ ਕਿਸੇ ਹੋਰ ਤਰ੍ਹਾਂ । ਇਕ ਕਤਰਾ ਪਾਣੀ ਜੋ ਸਾਡਾ ਹੈ ਪਾਕਿਸਤਾਨ ਨੂੰ ਨਹੀਂ ਜਾਣ ਦਿਤਾ ਜਾਵੇਗਾ । (ਤਾੜੀਆਂ) (ਵਿਘਨ)

ਇਕ ਅਵਾਜ਼ . ਅੰਡਰ ਗਰਾਊਂਡ ਵਾਟਰ ਰੀਸੋਰਸਿਜ਼ ਬਾਰੇ ਵੀ ਦਸ ਦਿਉ ।

ਸਿੰਚਾਈ ਤੇ ਬਿਜਲੀ ਮੰਤਰੀ : ਇਸ ਤਰ੍ਹਾਂ ਨਾਲ ਆਪ ਨੂੰ 3 ਮਿਲੀਅਨ ਫੁਟ ਪਾਣੀ ਮਿਲ ਸਕਦਾ ਹੈ । ਅਸੀਂ ਸਾਂਇਟੈਫਿਕ ਤਰੀਕੇ ਨਾਲ ਇਨਵੈਸਟੀਗੇਸ਼ਨ ਕਰ ਰਹੇ ਹਾਂ । ਅਸੀਂ ਇਸ ਲਈ 5 ਲਖ ਟਯੂਬਵੈਲ ਲਾਉਣਾ ਚਾਹੁੰਦੇ ਹਾਂ । ਪਰ ਸਾਡੀ ਮਜਬੂਰੀ ਹੈ, ਬਿਜਲੀ ਸਾਡੇ ਪਾਸ ਨਹੀਂ ਹੈ, ਪਹਿਲਾਂ ਇਕ ਗਲਤੀ ਹੋਈ ਹੈ ਸੈਂਟਰਲ ਸਰਕਾਰ ਨੂੰ ਅਤੇ ਫਰਟੇਲਾਇਜ਼ਰ ਫੈਕਟਰੀ ਨੂੰ ਸਸਤੀ ਬਿਜਲੀ ਦੇਣ ਦੇ ਪੁਰਾਣੇ ਸਮਝੌਤੇ ਹੋਏ ਹਨ । ਅਸੀਂ ਭਾਖੜੇ ਤੇ 350 ਕਰੋੜ ਰੁਪਿਆ ਖਰਚ ਕੀਤਾ ਅਤੇ ਸਾਨੂੰ ਸਿਰਫ 148 ਮੈਗਾ ਵਾਟ ਬਿਜਲੀ ਹੀ ਮਿਲੀ ਹੈ । ਜੋ ਸਾਡੀਆਂ ਲੋੜਾਂ ਲਈ ਬਹੁਤ ਘਟ ਹੈ । ਇਸੇ ਕਮੀ ਨੂੰ ਪੂਰਾ ਕਰਨ ਲਈ ਥਰਮਲ ਪਲਾਂਟ ਵੀ ਲਾ ਰਹੇ ਹਾਂ ।

ਬਾਕੀ ਮੈਂਬਰਜ਼ ਨੇ ਜੋ ਕੈਨਾਲ ਐਕਟ ਵਿਚ ਤਰਮੀਮ ਕਰਨ ਦੀ ਮੰਗ ਕੀਤੀ ਹੈ ਉਸ ਬਾਰੇ ਮੈਂ ਅਰਜ਼ ਕਰਾਂ ਕਿ ਗਾਹੇ ਬਗਾਹੇ ਇਸ ਐਕਟ ਦੀ ਅਮੈਂਡਮੈਂਟ ਹੁੰਦੀ ਰਹੀ ਹੈ ਪਰ ਮੈਨੂੰ ਇਹ ਕਹਿਣ ਵਿਚ ਝਿਜਕ ਨਹੀਂ ਕਿ ਇਹ 1873 ਦਾ ਬੋਸੀਦਾ ਐਕਟ ਹੈ ਅਤੇ ਇਸ ਵਿਚ ਤਰਮੀਮ ਹੋਣੀ ਚਾਹੀਦੀ ਹੈ । ਅਗਰ ਆਪ ਸਹਿਯੋਗ ਦਿਉਗੇ (ਵਿਘਨ)...

ਚੌਧਰੀ ਸਤਯ ਦੇਵ : ਆਨ ਏ ਪੁਆਇੰਟ ਆਫ਼ ਆਰਡਰ ਸਰ । ਜੋ ਇਨ੍ਹਾਂ ਨੇ ਕਿਹਾ ਹੈ ਠੀਕ ਕਿਹਾ ਹੈ । ਪਰ ਕੀ ਇਹ ਕਿਰਪਾ ਕਰਕੇ ਦਸਣਗੇ ਕਿ ਜੋ ਗਿਦੜਬਾਹਾ ਸਬਡਵੀਜ਼ਨ, ਰੀਮਾਡਲਿੰਗ ਦੇ ਬਾਰੇ ਬਨਾਉਣਾ ਸੀ ਜਾਂ ਉਸ ਨੂੰ ਤੋੜ ਦਿਤਾ ਗਿਆ ਹੈ ਜਾਂ ਕਿਤੇ ਇਸ ਤਰ੍ਹਾਂ ਦਾ ਵਿਚਾਰ ਤਾਂ ਨਹੀਂ ਹੈ ?

Mr. Speaker : It is no point of order.

ਸਿੰਚਾਈ ਤੇ ਬਿਜਲੀ ਮੰਤਰੀ : ਮੈਂ ਮੈਂਬਰ ਸਾਹਿਬ ਦੀ ਇਨਫਰਮੇਸ਼ਨ ਲਈ ਦਸਣਾ ਚਾਹੁੰਦਾ ਹਾਂ ਕਿ ਚੌਥੀ ਪਲੈਨ ਵਿਚ ਰੀਮਾਡਲਿੰਗ ਲਈ ਕੋਈ ਸਾਢੇ ਚਾਰ ਕਰੋੜ ਰੁਪਿਆ ਰਖਿਆ ਹੋਇਆ ਹੈ ਜਿਸ ਵਿਚੋਂ ਕਰੀਬਨ ਅਧਾ ਖਰਚ ਹੋ ਚੁਕਾ ਹੈ ਅਤੇ ਇਹ ਰੀਮਾਡਲਿੰਗ ਦਾ ਕੰਮ ਜਾਰੀ ਰਹੇਗਾ ਪਾਣੀ ਸਾਡੇ ਪਾਸ ਹੋਵੇ ਜਾਂ ਨਾ । ਅਸੀਂ ਇਸ ਕੰਮ ਨੂੰ ਕਮਪਲੀਟ ਕਰਨਾ ਚਾਹੁੰਦੇ ਹਾਂ ਤਾਂ ਜੋ ਇਹ ਸਾਡੇ ਸਾਹਮਣੇ ਹੋਵੇਗਾ ਤਾਂ ਸਾਨੂੰ ਪਾਣੀ ਦਾ ਇੰਤਜ਼ਾਮ ਕਰਨ ਦਾ ਧਿਆਨ ਤਾਂ ਰਹੇਗਾ, ਸਾਨੂੰ ਦੁਖ ਤਾਂ ਨਾ ਹੋਵੇਗਾ ਕਿ ਡਵੈਲਪਮੈਂਟ ਤੇ ਕੰਮ ਖਰਚ ਕੀਤਾ ਹੈ ਇਸ ਲਈ ਪਾਣੀ ਲਿਆਉਣਾ ਚਾਹੀਦਾ ਹੈ । ਰੀਮਾਡਲਿੰਗ ਦਾ ਕੰਮ ਬੰਦ ਨਹੀਂ ਹੋਵੇਗਾ । ਇਨ੍ਹਾਂ ਨੇ ਬਾਰ ਬਾਰ ਕਿਹਾ ਹੈ ਕਿ ਅਬੋਹਰ ਅਤੇ ਫਾਜ਼ਿਲਕਾ ਨੇ ਉਧਰ ਚਲੇ ਜਾਣਾ ਹੈ ਇਸ ਲਈ ਅਸੀਂ ਉਸ ਦੀ ਡਵੈਲਪਮੈਂਟ ਨਹੀਂ ਕਰਨੀ । ਇਹ ਗਲਤ ਖਿਆਲ ਹੈ । ਸਾਡੇ ਦਿਲ ਵਿਚ ਇਸ ਤਰ੍ਹਾਂ ਦਾ ਕੋਈ ਖਿਆਲ ਨਹੀਂ ਹੈ ਅਤੇ ਅਗਰ ਕਿਸੇ ਦੇ ਦਿਲ ਵਿਚ ਇਸ ਤਰ੍ਹਾਂ ਦਾ ਖਿਆਲ ਹੋਵੇ ਕਿ ਇਸ ਤਰ੍ਹਾਂ ਦਾ ਕੰਮ ਕਰਨਾ ਚਾਹੀਦਾ ਹੈ ਤਾਂ ਅਸੀਂ ਉਸ ਨੂੰ ਵੀ ਇਸ ਤਰ੍ਹਾਂ ਨਹੀਂ ਕਰਨ ਦਿਆਂਗੇ । (ਤਾੜੀਆਂ) (ਵਿਘਨ) ਆਪ ਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਅਸੀਂ ਕੋਈ ਬਰਾਨੀ ਨਹਿਰਾਂ ਨਹੀਂ ਰਹਿਣ ਦੇਣੀਆਂ, ਥੀਨ ਡੈਮ ਬਣਨ ਦਿਉ...ਬਰਸਾਤੀ ਨਹਿਰਾਂ ਲਈ ਹੀ ਤਾਂ ਅਸੀਂ ਰੀਮਾਡਲਿੰਗ ਕਰ ਰਹੇ ਹਾਂ, ਸਭ ਬੰਦੋਬਸਤ ਕਰ ਰਹੇ ਹਾਂ...(ਵਿਘਨ) ਜਿਥੇ ਨਹਿਰ ਦਾ ਪਾਣੀ ਨਹੀਂ ਮਿਲਦਾ ਉਥੇ ਟਿਊਬਵੈਲ ਲਾਉਣ ਦੀ ਕੋਸ਼ਿਸ਼ ਕਰਦੇ ਹਾਂ...(ਵਿਘਨ) ਇਨ੍ਹਾਂ ਦੇ ਏਰੀਆ ਵਿਚ ਟਯੂਬਵੈਲ ਲਗ ਰਹੇ ਹਨ, (ਵਿਘਨ) Rome was not built in a day. ਜ਼ਰੂਰ ਬਣਾਵਾਂਗੇ ਪਰ ਇਕ ਦਿਨ ਵਿਚ ਇਹ ਮਸਲਾ ਹਲ ਨਹੀਂ ਹੋ ਸਕਦਾ ।

ਫਿਰ ਡਰੇਨੇਜ ਬਾਰੇ ਪੁਛਿਆ ਗਿਆ ਹੈ । ਮੈਂ ਅਰਜ਼ ਕਰਦਾ ਹਾਂ ਕਿ ਜਿੰਨਾ ਡਰੇਨੇਜ ਦਾ ਕੰਮ ਇਸ ਇਕ ਸਾਲ ਵਿਚ ਹੋਇਆ ਹੈ ਇਨਾ ਪਿਛਲੇ ਚਾਰ ਸਾਲਾਂ ਵਿਚ ਨਹੀਂ ਹੋਇਆ । ਜਿੰਨਾ ਰੁਪਿਆ ਪਿਛਲੇ ਚਾਰ ਸਾਲਾਂ ਵਿਚ ਖਰਚ ਹੋਇਆ ਹੈ ਉਸ ਨਾਲੋਂ ਦੁਗਨਾ ਰੁਪਿਆ 1969-70 ਵਿਚ ਖਰਚ ਹੋਇਆ ਹੈ । ਇਸ ਮਦ ਤੇ ਹੁਣ ਤਕ 33 ਕਰੋੜ ਰੁਪਿਆ ਖਰਚ ਹੋ ਚੁਕਾ ਹੈ । ਮੈਂ ਅਰਜ਼ ਕਰਾਂ ਕਿ ਪਿਛਲੇ 10-12 ਸਾਲਾਂ ਵਿਚ ਇਨ੍ਹਾਂ ਤੇ ਪੁਲ ਬਣਨੇ ਤਾਂ ਇਕ ਪਾਸੇ ਰਹੇ ਇਨ੍ਹਾਂ ਦਾ ਨਕਸ਼ਾ ਵੀ ਨਹੀਂ ਬਣਿਆ । ਇਹ ਪਹਿਲੀ ਵਾਰ ਹੈ ਕਿ ਅਸੀਂ ਡਰੇਨਜ਼ ਦੇ ਪੁਲਾਂ ਲਈ 50 ਲੱਖ ਰੁਪਿਆ ਰਖਿਆ ਹੈ । (ਵਿਘਨ) ਆਪ ਨੂੰ ਸੁਣ ਕੇ ਖੁਸ਼ੀ ਹੋਣੀ ਚਾਹੀਦੀ ਹੈ ਕਿ ਡਰੇਨਜ਼ ਤੇ ਹੁਣ ਪਹਿਲਾਂ ਦੀ ਤਰ੍ਹਾਂ ਕੰਮ ਨਹੀਂ ਹੁੰਦਾ ਕਿ ਦੋ ਲਖ ਇਥੇ ਖਰਚ ਕਰ ਦਿਤਾ, 3 ਲਖ ਉਥੇ ਕਰ ਦਿੱਤਾ ਤੇ ਕੁਝ ਹੋਰ ਹੋਰ ਥਾਂ ਖਰਚ ਕਰ ਦਿੱਤਾ । ਇਸ ਨਾਲ ਕੋਈ ਵੀ ਕੰਮ ਪੂਰਾ ਨਹੀਂ ਸੀ ਹੁੰਦਾ । ਇਹ ਪਹਿਲੀ ਵਾਰ ਹੈ ਕਿ ਅਸੀਂ ਮੰਗ ਕੀਤੀ ਹੈ ਕਿ ਜ਼ਿਲਾ ਪਟਿਆਲਾ ਅਤੇ ਸੰਗਰੂਰ ਵਿਚ ਇਸ ਪਖ ਤੋਂ ਕਨਸੈਂਟਰੇਟਿਡ ਐਫਰਟਸ ਕੀਤੀਆਂ ਜਾਣਗੀਆਂ ਅਤੇ ਡਰੇਨਜ਼ ਨੂੰ ਮੁਕੰਮਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ । (ਵਿਘਨ)

ਸ੍ਰੀ ਸਪੀਕਰ : ਚੋ ਅਤੇ ਚੌਧਰੀਆਂ ਦੇ ਬਿਨਾ ਹੁਸ਼ਿਆਰਪੁਰ ਨਹੀਂ ਰਹਿ ਸਕਦਾ । (ਹਾਸਾ) (Hoshiarpur cannot do without Chos and Chaudhris.) (laughter.)

ਸਿੰਚਾਈ ਅਤੇ ਬਿਜਲੀ ਮੰਤਰੀ : ਚੋ ਸਿਰਫ ਹੁਸ਼ਿਆਰਪੁਰ ਵਿਚ ਹੀ ਨਹੀਂ ਹਨ, ਦੂਜੀ

ਥਾ ਵਾਂ ਹਨ। ਅਸੀਂ ਇਸ ਕੰਮ ਲਈ ਨਵੀਆਂ ਕਰੇਨਾਂ ਮੰਗਾਈਆਂ ਹਨ। ਕੰਮ ਬਹੁਤ ਹੈ, ਸਾਡੇ ਪਾਸ ਇਨਾ ਪੈਸਾ ਨਹੀਂ ਹੈ। ਅਸੀਂ ਗਰੰਟੀ ਕਰਦੇ ਹਾਂ ਕਿ ਅਗਰ ਸੈਂਟਰ ਕੁਝ ਮਦਦ ਕਰੇ ਤਾਂ ਅਸੀਂ ਇਸ ਪਰਾਬਲਮ ਨੂੰ ਨਹੀਂ ਰਹਿਣ ਦਿਆਂਗੇ।

ਸਰਦਾਰ ਮਹਿਤਾਬ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਨ੍ਹਾਂ ਡਰੇਨਜ਼ ਦਾ ਜ਼ਿਕਰ ਕਰ ਰਹੇ ਹਨ ਇਹ ਸਾਰੀਆਂ ਅਕਾਲੀ ਮੈਂਬਰਾਂ ਦੇ ਹਲਕਿਆਂ ਵਿਚ ਹੀ ਬਣਨਗੀਆਂ ਜਾਂ ਕਾਂਗਰਸੀ ਮੈਂਬਰਾਂ ਦੇ ਹਲਕਿਆਂ ਵਿਚ ਵੀ ਕੁਝ ਕਰ ਰਹੇ ਹੋ ? (ਵਿਘਨ) ਜ਼ੀਰੇ ਦੇ ਇਲਾਕੇ ਵਿਚ ਕਿਹੜੀ ਬਣਾਈ ਹੈ...(ਵਿਘਨ)

ਸਿੰਚਾਈ ਅਤੇ ਬਿਜਲੀ ਮੰਤਰੀ : ਜਦੋਂ ਕੋਈ ਮਨਿਸਟਰ ਬਣ ਜਾਂਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਹ ਕਿਸੇ ਇਕ ਇਲਾਕੇ ਵਾਲਾ ਜਾਂ ਇਕ ਪਾਰਟੀ ਵਾਲਾ ਨਹੀਂ ਰਹਿ ਜਾਂਦਾ। ਅਪਣੇ ਇਲਾਕੇ ਵਾਲਾ ਆਕਾਲੀਆਂ ਦੇ ਇਲਾਕੇ ਵਾਲਾ ਜਾਂ ਕਾਂਗਰੇਸ ਦੇ ਇਲਾਕੇ ਵਾਲਾ ਨਹੀਂ ਰਹਿੰਦਾ ਉਸ ਲਈ ਸਾਰੇ ਸੂਬੇ ਦੇ ਲੋਕ ਅਤੇ ਸਾਰੇ ਇਲਾਕੇ ਇਕੋ ਜੇਹੇ ਹੁੰਦੇ ਹਨ। (ਪ੍ਰਸੰਸਾ)

ਇਕ ਮਾਨਯੋਗ ਮੈਂਬਰ : ਧਰਮਕੋਟ ਤੇ ਜ਼ੀਰੇ ਦਾ ਵੀ ਜ਼ਿਕਰ ਕਰ ਦਿਓ।

ਮੰਤਰੀ : ਧਰਮਕੋਟ ਵਿਚ ਤਾਂ ਨਹਿਰ ਹੀ ਕੋਈ ਨਹੀਂ। ਇਸ ਵਿਚ ਕੋਈ ਸਵਾਲ ਪੈਦਾ ਨਹੀਂ ਹੁੰਦਾ ਕਿ ਕਿਸਦਾ ਪਿੰਡ ਹੈ। ਕਿਸ ਪਾਰਟੀ ਦਾ ਹੈ। ਕਮੂਨਿਸਟਾਂ ਦਾ ਹੈ ਜਾਂ ਕਾਂਗਰਸ ਪਾਰਟੀ ਦਾ ਹੈ। ਜਿਥੇ ਜ਼ਰੂਰਤ ਹੋਵੇ ਸਰਕਾਰ ਦਾ ਫਰਜ਼ ਹੈ ਕਿ ਧਿਆਨ ਦੇਵੇ ਅਤੇ ਇਹ ਸਰਕਾਰ ਧਿਆਨ ਦਿੰਦੀ ਹੈ (ਪ੍ਰਸੰਸਾ) (ਵਿਘਨ)

Mr. Speaker : Order please.

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ ਸਰ। ਕੀ ਇਸੇ ਹੀ ਸਪੀਚ ਵਿਚ ਜੇਕਰ ਕੋਈ ਮੈਂਬਰ ਜਾਂ ਵਜ਼ੀਰ ਗਲਤ ਬਿਆਨੀ ਕਰ ਰਹੇ ਹੋਣ ਤਾਂ ਤੁਹਾਡੇ ਧਿਆਨ ਵਿਚ ਲਿਆਣਾ ਚਾਹੀਦਾ ਹੈ ਜਾ ਨਹੀਂ।

ਸ਼੍ਰੀ ਸਪੀਕਰ : ਤੁਸੀਂ ਤਾਂ ਨਾਲੇ ਦਾਦ ਦੇਈ ਜਾ ਰਹੇ ਹੋ। **(The hon. Member is appreciating the hon. Minister's speech.)** (ਵਿਘਨ)

ਕੈਪਟਨ ਰਤਨ ਸਿੰਘ : ਮਨਿਸਟਰ ਤਾਂ ਇਕੋ ਇਹੋ ਹੀ ਕੰਮ ਦਾ ਲਭਾ ਹੈ ਸ਼ਰੀਫ ਵੀ ਹੈ ਤੇ ਟੈਕਨੀਕਲ ਵੀ ਹੈ। (ਵਿਘਨ)

ਸ਼੍ਰੀ ਸਪੀਕਰ : ਕੰਮ ਵੀ ਕਰ ਦਿੰਦਾ ਹੈ (ਹਾਸਾ) (He obliges too.) (laughter)

ਸਿੰਚਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ਇਥੇ ਕੁਰਪਸ਼ਨ ਦਾ ਜ਼ਿਕਰ ਕੀਤਾ ਗਿਆ ਹੈ। ਜੇਕਰ ਮੈਂ ਕੁਰਪਸ਼ਨ ਨਹੀਂ ਹਟਾ ਸਕਦਾ ਤਾਂ ਮੈਂ ਆਪ ਗੁਨਾਹਗਾਰ ਹਾਂ। ਮੈਂ ਕਹਿੰਦਾ ਹਾਂ।

ਗੁਨਾਗਾਰੋ ਮੇਂ ਸ਼ਾਮਲ ਹੂੰ,
ਗੁਨਾਹੋਂ ਸੇ ਨਹੀਂ ਵਾਕਫ" (ਪ੍ਰਸੰਸਾ)

ਪਰ ਇਸ ਦੇ ਪਿਛੋਕੜ ਨੂੰ ਦੇਖਣਾ ਚਾਹੀਦਾ ਹੈ। ਪਿਛਲੇ 20 ਸਾਲ ਵਿਚ ਜਿਹੜੀਆਂ

[ਸਿੰਚਾਈ ਤੇ ਬਿਜਲੀ ਮੰਤਰੀ]

ਗਲਤੀਆਂ ਪਹਿਲੀਆਂ ਸਰਕਾਰਾਂ ਕਰਦੀਆਂ ਰਹੀਆਂ ਹਨ ਅਤੇ ਕਰ ਗਈਆਂ ਹਨ ਉਨ੍ਹਾਂ ਦਾ ਕਸੂਰਵਾਰ (ਖਤੇਦਾਰ) ਸਾਨੂੰ ਨਾ ਬਣਾਓ। (ਵਿਘਨ)

ਸ਼੍ਰੀ ਸਪੀਕਰ : ਕਿੰਨਾ ਵਕਤ ਹੋਰ ਲਉਗੇ । (ਵਿਘਨ) (How much more time will the hon. Minister take ?)

ਸਿੰਚਾਈ ਤੇ ਬਿਜਲੀ ਮੰਤਰੀ : ਜੀ ਮੈਂ ਹੋਰ 10 ਮਿੰਟ ਲਵਾਂਗਾ ।

Extension of the Sitting

Mr. Speaker : Then the time of the sitting will have to be extended. Is it the pleasure of the House to extend the time of the sitting by 15 minutes ?

(Voices : Yes, Yes)

Mr. Speaker : The time of the sitting is extended by 15 minutes.

Demands for Grants

(Resumption)

ਸਿੰਚਾਈ ਤੇ ਬਿਜਲੀ ਮੰਤਰੀ : ਇਥੇ ਮੇਰੇ ਕੁਝ ਦੋਸਤਾਂ ਨੇ ਸ਼ਿਕਾਇਤ ਕੀਤੀ ਹੈ ਹਰੀਕੇ ਪਤਨ ਤੇ ਜਿਹੜਾ ਬਰਿਜ ਹੈ ਉਸ ਤੇ 7 ਕਰੋੜ ਖਰਚ ਕੀਤਾ ਗਿਆ ਅਤੇ ਨੁਕਸ ਰਹਿ ਗਿਆ। ਇਸ ਦੇ ਬਾਰੇ ਗਲ ਤਾਂ ਨਹੀਂ ਸੀ ਕਰਨੀ ਚਾਹੀਦੀ ਪਰ ਕਿਉਂ ਕਿ ਹਵਾਲਾ ਦਿਤਾ ਗਿਆ ਹੈ ਕਿ 7 ਲਖ ਰਕਮ ਸੀ, 7 ਕਰੋੜ ਨਹੀਂ ਸੀ। ਬਾਕੀ ਇਸਦੇ ਬਾਰੇ ਵਿਚ ਸਾਰੇ ਟੈਕਨੀਕਲ ਜਵਾਬ ਮੈਂ ਮੈਂਬਰ ਸਾਹਿਬ ਨੂੰ ਦੇ ਸਕਦਾ ਹਾਂ ਪਰ ਚਾਹੀਦਾ ਨਹੀਂ ।

ਸ਼੍ਰੀ ਸਪੀਕਰ : ਇਸ ਦਾ ਜ਼ਿਕਰ ਨਾ ਹੀ ਕਰੋ ਤਾਂ ਠੀਕ ਰਹੇਗਾ। (It would be better if no reference is made to it.)

ਸਿੰਚਾਈ ਤੇ ਬਿਜਲੀ ਮੰਤਰੀ : ਇਸ ਦੇ ਬਾਰੇ ਵਿਚ ਐਨੀ ਅਰਜ਼ ਕਰਾਂ ਕਿ ਇਹ ਟੈਕਨੀਕਲੀ ਸਾਊਂਡ ਹੈ। ਅਤੇ ਜਿਹੜੇ ਵੀ ਇਸ ਤਰ੍ਹਾਂ ਦੇ ਕੰਮ ਹੁੰਦੇ ਹਨ ਜਿਨ੍ਹਾਂ ਤੇ 1 ਕਰੋੜ ਤੋਂ ਉਪਰ ਖਰਚ ਹੁੰਦਾ ਹੈ ਉਨ੍ਹਾਂ ਨੂੰ ਟੈਕਨੀਕਲ ਕਮੇਟੀ ਐਗਜ਼ਾਮਿਨ ਕਰਦੀ ਹੈ ਕਿ ਡੀਜ਼ਾਈਨ ਸਾਊਂਡ ਹੈ ਅਤੇ ਕੰਨਸਟਰਕਸ਼ਨ ਠੀਕ ਹੋਈ ਹੈ ; ਐਵੇਂ ਕਦੀ ਨਹੀਂ ਬਣਦੀ। It is one of the best designs and nobody can doubt about it. (Interruptions)

Mr. Speaker : Order please.

ਸਿੰਚਾਈ ਤੇ ਬਿਜਲੀ ਮੰਤਰੀ : ਟੈਕਨੀਕਲ ਕਮੇਟੀਆਂ ਨੇ ਇਸ ਦੀ ਕੰਸਟਰਕਸ਼ਨ ਨੂੰ ਇੰਪਰੂਵ ਕੀਤਾ ਹੈ ਅਤੇ ਉਨ੍ਹਾਂ ਦੀ ਇਨਟੇਗਰਿਟੀ ਤੇ ਡਾਊਟ ਨਹੀਂ ਕੀਤਾ ਜਾ ਸਕਦਾ। (ਵਿਘਨ)

Mr. Speaker : Order please.

ਸਿੰਚਾਈ ਤੇ ਬਿਜਲੀ ਮੰਤਰੀ : ਇਨ੍ਹਾਂ ਨੇ ਕਿਹਾ ਕਿ ਫਲਡ ਕੰਟ੍ਰੋਲ ਤੇ ਖਰਚ ਕੀਤਾ ਗਿਆ ਹੈ ਇਹ ਠੀਕ ਨਹੀਂ ਸੀ ਅਤੇ 72 ਲਖ ਕਿਯੂਸਕ ਪਾਣੀ ਆਵੇ ਤਾਂ ਘਟ ਖਰਚ ਅਤੇ 6 ਲਖ ਕਯੂਸਕ ਆਵੇ ਤਾਂ ਵਧ ਖਰਚ। ਮੈਂ ਆਨਰੇਬਲ ਮੈਂਬਰ ਨੂੰ ਦਸਣਾ ਚਾਹੁੰਦਾ ਹਾਂ ਕਿ

ਸਤਲੁਜ ਜਾਂ ਬਾਕੀ ਕਿਸੇ ਵੀ ਨਦੀ ਵਿਚ 72 ਲਖ ਕਯੂਸਕ ਪਾਣੀ ਨਹੀਂ ਹੁੰਦਾ । (ਚੌਧਰੀ ਬਲਬੀਰ ਸਿੰਘ ਵਲੋਂ ਵਿਘਨ) 72 ਹਜ਼ਾਰ ਕਯੂਸਕ ਨੂੰ ਫਲਡ ਹੀ ਨਹੀਂ ਗਿਣਿਆ ਜਾਂਦਾ । ਆਰਡੇਨਰੀ ਕੋਰਸ ਵਿਚ 6 ਲਖ ਦਾ ਹੋਵੇ ਤਾਂ ਫਲਡ ਗਿਣਦੇ ਹਾਂ । 19 ਹਜ਼ਾਰ ਕਯੂਸਕ ਤਾਂ ਰਾਜਸਥਾਨ ਫੀਡਰ ਵਿਚ ਜਾਂਦਾ ਹੈ ਇਸ ਲਈ ਪਤਾ ਨਹੀਂ ਇਹ ਫਿਗਰਜ਼ ਕਿਥੋਂ ਲੈ ਆਏ ਹਨ । (ਵਿਘਨ) ਜੇਕਰ ਇਸ ਪਾਸੇ ਸਰਕਾਰ ਦੀਆਂ ਕੋਈ ਫਿਗਰਜ਼ ਹਨ ਤਾਂ ਉਹ ਗਲਤ ਹੋ ਸਕਦੀਆਂ ਹਨ । ਮੈਨੂੰ ਉਹ ਦਿਖਾ ਦੇਣ ਮੈਂ ਇਨ੍ਹਾਂ ਦੀ ਤਸਲੀ ਕਰ ਦਿਆਂਗਾ (ਹਾਸਾ) (ਵਿਘਨ)

ਹੋਰ ਵੀ ਕਈ ਚੀਜ਼ਾਂ ਸਪੀਕਰ ਸਾਹਿਬ, ਕਹੀਆਂ ਗਈਆਂ ਹਨ । ਤਜਵੀਜ਼ਾਂ ਵੀ ਦਿੱਤੀਆਂ ਗਈਆਂ ਹਨ ਅਤੇ ਕੁਰਪਸ਼ਨ ਦੀ ਗਲ ਵੀ ਕੀਤੀ ਗਈ ਹੈ । ਇਸ ਲਈ ਮੈਂ ਸਾਰੇ ਹਾਊਸ ਨੂੰ ਆਪ ਦੀ ਰਾਹੀਂ ਸਪੀਕਰ ਸਾਹਿਬ, ਰਿਕਵੈਸਟ ਕਰਾਂਗਾ ਕਿ ਇਕ ਕਮੇਟੀ ਇਰੀਗੇਸ਼ਨ ਤੇ ਪਾਵਰ ਵਿਭਾਗਾਂ ਦੀ ਐਡਵਾਈਜ਼ਰੀ ਕਪੈਸੇਟੀ ਵਿਚ ਬਣਾਈ ਹੈ, ਉਸੇ ਪਾਸੇ ਇਹ ਆਪਣੇ ਸੁਝਾਵ ਦੇਣ ਜਿਥੇ ਕੁਰਪਸ਼ਨ ਹੈ ਦਸਣ । ਅਸੀਂ ਉਨ੍ਹਾਂ ਸੁਝਾਵਾਂ ਨੂੰ ਵੈਲਕਮ ਕਰਾਂਗੇ । ਇਹ ਕਨਸਲਟੇਟਿਵ ਕਮੇਟੀ ਬਣਾਈ ਹੈ ਉਸੇ ਵਿਚ ਮੈਂਬਰ ਸਾਹਿਬਾਨ ਆਪਣੀਆਂ ਤਜ਼ਵੀਜਾਂ ਰਖ ਸਕਦੇ ਹਨ (ਵਿਘਨ)

ਕੈਪਟਨ ਰਤਨ ਸਿੰਘ : ਹੁਸ਼ਿਆਰਪੁਰ ਦੀ ਖਾਤਰ ਕੀ ਕੀਤਾ ਹੈ ?

ਸਿੰਚਾਈ ਤੇ ਬਿਜਲੀ ਮੰਤਰੀ : ਪਹਾੜੀ ਇਲਾਕੇ ਦੇ ਬਾਰੇ ਵਿਚ, ਜਿਵੇਂ ਕਿ ਸਰਦਾਰ ਗੁਰਮੀਤ ਸਿੰਘ ਹੋਰਾਂ ਨੇ ਸੁਝਾਵ ਦਿੱਤਾ ਹੈ ਸਪਰਿੰਕਲਰਜ਼ ਰਾਹੀਂ ਪਾਣੀ ਦੇਣ ਦੀ ਕੋਸ਼ਿਸ਼ ਕਰਾਂਗਾ ਹਿਲੀ ਏਰੀਅਜ਼ ਨੂੰ ਪਾਣੀ ਦੇਣ ਦੀ ਇਸ ਤਜ਼ਵੀਜ ਨੂੰ ਐਗਜ਼ਾਮਿਨ ਕਰਾਂਗੇ ।

ਇਕ ਹੋਰ ਵਿਸ਼ਾ ਜੋ ਸਿੰਚਾਈ ਲਈ ਜ਼ਰੂਰੀ ਹੈ ਇਲੈਕਟ੍ਰੀਸਿਟੀ ਦਾ ਹੈ । ਵੀਜ਼ਮਾਨਾ ਇਸ ਦੀ ਬਹੁਤ ਲੋੜ ਹੈ । ਇਸ ਤੋਂ ਬਿਨ੍ਹਾਂ ਡਿਵੈਲਪਮੈਂਟ ਨਹੀਂ ਹੋ ਸਕਦੀ ਅਤੇ ਤਰਕੀ ਨਹੀਂ ਹੋ ਸਕਦੀ । ਅਤੇ ਬਿਜਲੀ ਨਾਲ ਹੀ ਐਗਰੀਕਲਚਰ ਵਿਚ ਇੰਨਡਸਟਰੀ ਵਿਚ ਰੈਵੋਲਿਊਸ਼ਨ ਲਿਆਂਦੀ ਜਾ ਸਕਦੀ ਹੈ । ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ 178 ਮੈਗਾਵਾਟ ਬਿਜਲੀ ਸਾਡੇ ਪਾਸ ਹੈ ਇਹ ਪੂਰੀ ਨਹੀਂ (ਵਿਘਨ) ਮੈਂ ਨਹੀਂ ਕਹਿੰਦਾ ਕਿ ਕੌਣ ਖਾ ਗਿਆ ਕਾਂਗਰੇਸ ਖਾ ਗਈ ਜਾਂ ਨਹੀਂ ਪਰ ਇਨ੍ਹਾਂ ਕਹਿ ਸਕਦਾ ਹਾਂ ਕਿ ਟੈਕਨੀਕਲ ਐਡਵਾਈਸ ਇਨ੍ਹਾਂ ਨੂੰ ਮਾੜੀ ਮਿਲੀ ਅਤੇ 213 ਮੈਗਾਵਾਟ ਦੀ ਡੈਫੀਸ਼ਿੰਸੀ ਹੈ । ਅਤੇ ਇਹ ਹਰ ਸਾਲ ਵਧਦੀ ਜਾਂਦੀ ਹੈ । ਜੇਕਰ ਸਾਰੀਆਂ ਸਕੀਮਾਂ ਨੂੰ ਲੈ ਲਿਆ ਜਾਵੇ ਤਾਂ 824 ਮੈਗਾਵਾਟ ਬਾਹਰੋਂ ਖਰੀਦਣੀ ਪੈਂਦੀ ਹੈ । ਅਤੇ ਬਾਹਰ ਦੀ ਖਰੀਦ ਕਰਕੇ ਵੀ 79-80 ਵਿਚ 400 ਮੈਗਾਵਾਟ ਦੀ ਕਮੀ ਰਹਿ ਜਾਂਦੀ ਹੈ ।

ਅਸੀਂ ਕੋਸਿਸ਼ ਕਰ ਰਹੇ ਹਾਂ ਕਿ ਬਿਜਲੀ ਦੀ ਕਮੀ ਨੂੰ ਪੂਰਾ ਕੀਤਾ ਜਾਵੇ । ਥੀਨ ਡੈਮ ਬਾਰੇ ਅਜੇ ਤਕ ਅਪਰੂਵਲ ਨਹੀਂ ਆਈ । ਰਾਓ ਸਾਹਿਬ ਨੂੰ ਮੈਂ ਦਿੱਲੀ ਮਿਲਿਆ ਸਾਂ ਅਤੇ ਜ਼ੋਰ ਦਿੱਤਾ ਸੀ ਕਿ ਕਲੀਰੈਂਸ ਦਿਓ । ਇਸ ਦੇ ਨਾਲ ਹੀ ਇਕ ਵਕਤ ਸੀ ਜਦ ਸੈਂਟਰ ਦੀ ਸਰਕਾਰ ਨੇ 700 ਮੈਗਾਵਾਟ ਦਾ ਨਿਊਕਲੀਅਰ ਪਾਵਰ ਸਟੇਸ਼ਨ ਪੰਜਾਬ ਨੂੰ ਦੇਣਾ ਮਨਿਆ ਸੀ ਪਰ ਅਜੇ ਤਕ ਨਹੀਂ ਦਿੱਤਾ (ਵਿਘਨ) Even if they do not co-operate we will continue with this project. ਨਿਊਕਲੀਅਰ ਪਾਵਰ ਸਟੇਸ਼ਨ ਦੇ ਬਾਰੇ ਵਿਚ ਜੋ ਕਮਿਟਮੈਂਟ ਸੈਂਟਰ ਦੀ ਸੀ ਉਸ ਨੂੰ

[ਸਿੰਚਾਈ ਤੇ ਬਿਜਲੀ ਮੰਤਰੀ]

ਆਨਰ ਕਰਨ ਦੀ ਥਾਂ ਲੇਤੋ ਲਾਲ ਕਰ ਰਹੇ ਹਨ। ਸਮਝ ਨਹੀਂ ਆ ਰਹੀ ਕਿ ਸੈਂਟਰ ਵਾਲੇ ਕਿਉਂ ਇਸ ਤਰ੍ਹਾਂ ਦਾ ਵਰਤਾਵ ਪੰਜਾਬ ਨਾਲ ਕਰ ਰਹੇ ਹਨ। ਬਿਜਲੀ ਦੀ ਸਾਨੂੰ ਬਹੁਤ ਲੋੜ ਹੈ ਅਤੇ ਬਿਜਲੀ ਦਾ ਫੈਮਿਨ ਪੰਜਾਬ ਵਿਚ ਹੈ ਪਰ ਇਸ ਪਾਸੇ ਸਾਡੀ ਮੰਗ ਵਲ ਧਿਆਨ ਕੇਂਦਰ ਦੀ ਸਰਕਾਰ ਨਹੀਂ ਦੇ ਰਹੀ ਅਤੇ ਚਾਰ ਪੰਜ ਸਟੇਟਾਂ ਵਿਚ ਬਿਜਲੀ ਸਰਪਲਸ ਹੈ ਪਰ ਸਾਡੀ ਹੀ ਬਿਜਲੀ ਸਾਨੂੰ ਨਹੀਂ ਦਿੱਤੀ ਜਾ ਰਹੀ ਅਤੇ ਉਥੇ ਚਾਰ ਜਾਂ ਪੰਜ ਪੈਸੇ ਯੂਨਟ ਦਿੱਤੀ ਜਾ ਰਹੀ ਹੈ। ਅਸੀਂ ਇਸ ਫੈਮਿਨ ਨੂੰ ਦੂਰ ਕਰਨ ਦਾ ਯਤਨ ਕਰ ਰਹੇ ਹਾ। ਬਠਿੰਡੇ ਥ਼ਰਮਲ ਪਲਾਂਟ ਲਗਾ ਰਹੇ ਹਾਂ ਅਤੇ ਇਸ ਕੰਮ ਵਿਚ ਮੈਂ ਸਾਰੇ ਮੈਂਬਰ ਸਾਹਿਬਾਨ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਵਾਇਦਾ ਕੀਤਾ ਹੈ ਕਿ ਉਹ ਵੀ ਕੇਂਦਰ ਤੇ ਬਿਜਲੀ ਦੇ ਬਾਰੇ ਵਿਚ ਜ਼ੋਰ ਪਾਉਣਗੇ ਤਾਂ ਕਿ ਇਹ ਫੈਮਿਨ ਦੂਰ ਹੋ ਸਕੇ।

ਚੌਧਰੀ ਰਾਮ ਸਿੰਘ ਜੀ ਨੇ ਜਿਕਰ ਕੀਤਾ ਹੈ ਕਿ ਤਲਵਾੜੇ ਮਸ਼ੀਨਰੀ ਪਈ ਹੈ ਅਤੇ ਖ਼ਰਾਬ ਹੋ ਰਹੀ ਹੈ। ਅਤੇ ਪੰਜਾਬ ਸਰਕਾਰ ਨੇ ਇਸ ਵਿਚ ਭਾਰੀ ਗਲਤੀ ਕੀਤੀ ਹੈ। ਮੈਂ ਅਰਜ਼ ਕਰਾਂ ਕਿ ਜਿਹੜਾ ਲੋਹਾ ਖਰੀਦਿਆ ਹੋਇਆ ਉਥੇ ਪਿਆ ਹੈ ਉਹ ਸਾਡਾ ਖਰੀਦਿਆ ਹੋਇਆ ਨਹੀਂ ਸੈਂਟਰਲ ਗੌਰਮੈਂਟ ਨੇ ਖਰੀਦ ਕੀਤਾ ਸੀ ਅਤੇ ਉਨ੍ਹਾਂ ਦਾ ਮਾਲ ਹੈ।

ਫਿਰ ਮੈਂ ਅਰਜ਼ ਕਰਾਂ ਕਿ ਇਲੈਕਟਰੀਸਿਟੀ ਦੀ ਪਾਵਰ ਵਧਾਉਣ ਦੇ ਵਾਸਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਅਜੇ ਫਸਟ ਸਟੇਜ ਤੇ ਜੇ ਯੂ. ਬੀ. ਡੀ. ਸੀ. ਤੇ 2-2 **Turbines** ਲਗਾ ਦਿੱਤੇ ਜਾਣ ਤਾਂ ਇਸ ਦੇ ਨਾਲੋਂ 48 ਮੈਗਾਵਾਟ ਬਿਜਲੀ ਅਜੇ ਹਾਸਲ ਹੋ ਸਕਦੀ ਹੈ ਜੇ ਥੀਨ ਡੈਮ ਦੇ ਲਈ 8-9 ਸਾਲ ਵੀ ਲੱਗ ਜਾਣ ਤਾਂ ਇਹ ਟਰਬਾਈਨਜ਼ ਲਗਾਉਂਣ ਦਾ ਤਰੀਕਾ ਜਿਹੜਾ ਹੈ ਇਹ ਮੋਸਟ ਇਨਕਨਾਮੀਕਲ ਹੈ। ਇਸ ਲਈ ਅਸੀਂ ਅਜੇ ਇਹ ਟਰਬਾਈਨਜ਼ ਲਗਾਉਣ ਦਾ ਪ੍ਰਬੰਧ ਕੀਤਾ ਹੈ। 4, 5 ਸਾਲਾਂ ਤਕ ਅਸੀਂ ਉਮੀਦ ਕਰਦੇ ਹਾਂ ਬਿਜਲੀ ਦੀ ਸ਼ਾਰਟੇਜ਼ ਦੂਰ ਹੋ ਜਾਵੇਗੀ। ਡਰਿਪਿੰਗ ਅਤੇ ਬਰੇਕੇਜ਼ ਰੋਕਣ ਲਈ ਵੀ ਅਸੀਂ ਨਵੇਂ ਨਵੇਂ ਇਨਸਟਰੂਮੈਂਟਸ ਲਿਆ ਰਹੇ ਹਾਂ। 20 ਹਜ਼ਾਰ ਕਿਲੋਵਾਟ ਦੇ ਐਲ. ਟੀ ਅਤੇ ਐਚ. ਟੀ. ਵਾਇਰ ਦੇ ਜਿਹੜੇ ਸਟੇਸ਼ਨ ਲੱਗੇ ਹਨ ਅਸੀਂ ਉਨ੍ਹਾਂ ਦੇ ਲਈ 66 ਕੇ. ਵੀ. ਦੇ ਸਬ ਸਟੇਸ਼ਨ ਬਣਾ ਰਹੇ ਹਾਂ। ਇਸ ਤਰ੍ਹਾਂ ਜਿਹੜੀ ਬਿਜਲੀ ਦੀ ਸ਼ਾਰਟੇਜ਼ ਹੋਣ ਦੀ ਦਿੱਕਤ ਹੈ, ਉਹ ਜਾਂਦੀ ਰਹੇਗੀ। ਅਸੀਂ ਅਨ-ਅਥੋਰਾਈਜ਼ਡ ਲੋਡ ਵਰਤਣ ਵਾਲਿਆਂ ਨਾਲ ਵੀ ਸਖਤੀ ਦਾ ਸਲੂਕ ਇਖਤਿਆਰ ਕਰ ਰਹੇ ਹਾਂ ਤਾਂ ਜੋ ਬਿਜਲੀ ਦੀ ਚੋਰੀ ਨਾ ਹੋਵੇ ਅਤੇ ਸਾਡੀ ਸ਼ਾਰਟੇਜ ਵੀ ਦੂਰ ਹੋਵੇ। ਅਸੀਂ ਇਸ ਸਾਲ ਦੇ ਅੰਤ ਤਕ 5 ਲੱਖ ਟਿਊਬਲਵੈਲਜ਼ ਨੂੰ ਕਨੈਕਸ਼ਨਜ਼ ਦੇਣੇ ਹਨ ਅਸੀਂ ਬਿਜਲੀ ਦੀ ਘਾਟ ਪੂਰੀ ਕਰਨ ਦੇ ਲਈ ਹਰ ਸੰਭਵ ਯਤਨ ਕਰਨੇ ਹਨ। ਮਦਰਾਸ ਤੋਂ 10 ਹਜ਼ਾਰ ਹਾਰਸ ਪਾਵਰ ਦਾ ਇਕ ਅਤੇ 18 ਮੈਗਾਵਾਟ ਦੇ ਦੋ ਟਰਬਾਈਨ ਜੇਨਰੇਟਰ ਅਸੀਂ ਲਿਆ ਰਹੇ ਹਾਂ। ਮੈਨੂੰ ਪਿਛਲੇ ਸਾਲ ਦੇ ਮੁਤਾਲਿਕ ਇਹ ਕਹਿਣ ਦੇ ਵਿੱਚ ਕੋਈ ਝਿਜਕ ਨਹੀਂ ਕਿ ਅਸੀਂ ਭਾਵੇਂ ਕੁਝ ਵੀ ਕੀਤਾ ਅਸੀਂ ਕਿਸੇ ਨੂੰ ਬਿਜਲੀ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ (ਤਾੜੀਆਂ) ਮੈਂ ਆਖਿਰ ਵਿਚ ਇਹੋ ਕਹਾਂਗਾ ਕਿ ਜਿਥੋਂ ਤਕ ਬਿਜਲੀ, ਇਰੀਗੇਸ਼ਨ, ਸੜਕਾਂ ਅਤੇ ਕੈਨਾਲ ਦੇ ਮਹਿਕਮਿਆਂ ਦਾ ਤੁਆਲਕ ਹੈ ਇਹ ਦੀ ਬੈਸਟ ਫੰਕਸ਼ਨਿੰਗ ਦੇ ਵਿਚ ਕੋਈ ਕਸਰ ਰਹਿਣ ਨਹੀਂ ਦਿੱਤੀ ਜਾਵੇਗੀ। ਜਿਹੜੇ ਵੀ ਮਾਨਯੋਗ ਮੈਂਬਰਜ਼ ਇਹਨਾਂ ਮਹਿਕਮਿਆਂ ਬਾਰੇ ਸੁਝਾ ਦਿੰਦੇ ਹਨ **I always welcome them. I respect them.** (ਵਿਘਨ)

ਮੇਰਾ ਕਹਿਣ ਦਾ ਭਾਵ ਇਹ ਹੈ ਕਿ ਐਵੇਂ ਖਾਹਮਖਾਹ ਦੀ ਨੁਕਤਾਚੀਨੀ ਠੀਕ ਨਂਹੀ

ਹੁੰਦੀ ਕੰਨਸਟਰਕਟਿਵ ਕੰਮਾਂ ਦੇ ਕਰਨ ਵਿਚ ਤੁਹਾਨੂੰ ਸਾਰਿਆਂ ਨੂੰ ਸਾਨੂੰ ਮਿਲਵਰਤਨ ਦੇਣੀ ਚਾਹੀਦੀ ਹੈ, ਇਹ ਨਹੀਂ ਹੋਣਾ ਚਾਹੀਦਾ ਕਿ ਆਪਣੇ ਨੁਕਸ ਭੁਲ ਕੇ ਸਾਡੇ ਹੀ ਹਮੇਸ਼ਾ ਦੇਖਦੇ ਰਹੋ। ਜਿਸ ਤਰ੍ਹਾਂ ਕਿਸੇ ਨੇ ਕਿਹਾ ਸੀ ਕਿ :—

"ਦੇਖਤੇ ਹੋ ਮੇਰੇ ਗਿਰੇਬਾਂ ਕੋ ਹਮੇਸ਼ਾ, ਅਪਨਾ ਗਿਰੇਬਾਂ ਭੀ ਕਭੀ ਦੇਖਾ ਹੈ। (ਤਾੜੀਆਂ)

Demand No. 26

Mr. Speaker : First, I will put cut motion to Demand No. 26 to the vote of the House.

Cut motion at serial No. 1 stands in the name of Chaudhri Balbir Singh.

Mr. Speaker : Question is—

That the Demand be reduced by Re. 1/-

The motion was lost.

Mr. Speaker : Question is—

That a sum not exceeding Rs. 4, 28, 48, 500/—be granted to the Governor to defray the charges that will come in course of payment for the year 1970—71 in respect of 42—Multipurpose River Schemes.

The motion was carried.

Demand No. 27

Mr. Speaker : Now I will put cut motions to Demand No. 27 to the vote of the House. Cut motions at serial Nos. 1 and 2 stand in the names of Comrade Satya Pal Dang aud Comrade Babu Singh Master.

Mr. Speaker : Question is—

That the Demand be reduced by Rs. 10/—

The motion was lost.

Mr Speaker : Cut motion at serial No. 3 has been given notice of by the hon. Member Chaudhri Balbir Singh.

Mr. Speaker : Question is—

That Demand be reduced by Re. 1/—

The motion was lost.

Mr Speaker : Question is—

That a sum not exceeding Rs. 5, 92, 35, 860/- be granted to the Governor to defray the charges that will come in course of payment

(Mr. Speaker).

for the year 1970-71 in respect of 43—Irrigation, Navigation, Embankment and Drainage Works (Commercial).

44—Irrigation, Navigation, Embankment and Drainage Works (non—Commercial)-

The motion was carried.

Demand No. 28.

Mr. Speaker : Now I will put cut motion by Chaudhri Balbir Singh to Demand No. 28 to the vote of the House.

Mr. Speaker : Question is—

That the demand be reduced by Re. 1/—

The motion was lost.

Mr. Speaker : Question is—

That a sum not exceeding Rs. 3, 07, 46, 750 be granted to the Governor to defray the charges that will come in course of payment for the year 1970—71 in respect of Charges on Irrigation Establishment.

The motion was carried.

Demand No. 43

Mr. Speaker : Now I will put cut motion by Chaudhri Balbir Singh to demand No. 43 to the vote of the House.

Mr. Speaker : Question is—

That the demand be reduced by Re. 1/—

The motion was lost.

Mr. Speaker : Question is—

That a sum not exceeding Rs. 14, 09, 00, 000 be granted to the Governor to defray the charges that will come in course of payment for the year 1970—71 in respect of 98—Capital Outlay on Multipurpose River Schemes.

The motion was carried.

Demand No. 44

Mr. Speaker : Now I will put cut motion by Chaudhri Balbir Singh to Demand No. 44 to the vote of the House.

Mr. Speaker : Question is—

That the demand be reduced by Re. 1/—

The motion was lost.

Mr. Speaker : Question is—

That a sum not exceeding Rs. 39, 4, 24, 820 be granted to the Governor to defray the charges that will come in course of payment for the year 1970—71 in respect of 99—Capital Outlay on Irrigation, Navigation, Embankment and Drainage Works (Commercial).

The motion was carried.

Demand No. 50

Mr. Speaker : Now I will put cut motions to Demand No. 50 to the vote of the House. Cut Motion stand at No. 1 and 2 in the name of Comrade Satya Pal Dang and Comrade Babu Singh Master. I will first put that to the vote of the House.

Mr. Speaker : Question is—

That the demand be reduced by Rs 10/—

The motion was lost.

Mr. Speaker : Now I will put cut motion No. 3 by Chaudhri Balbir Singh.

Mr. Speaker : Question is—

That the demand be reduced by Re. 1/—

The motion was lost.

Mr. Speaker : Question is—

That a sum not exceeding Rs. 47, 56, 65, 800 be granted to the Governor to defray the charges that will come in course of payment for the year 1970—71 in respect of Loans to Local Funds, Private Parties etc. and Loans to Government Servants.

The motion was carried.

1.05. p.m.

Mr. Speaker : The House stands adjourned till 9.00 A. M. on Wednesday, the 18th March, 1970.

(*The Sabha then adjourned till* 9.00 *A.M. on Wednesday, the* 18*th March*, 1970.

PUNJAB VIDHAN SABHA

DEBATES

18th March, 1970

Vol. I-No. 18.

OFFICIAL REPORT

CONTENTS

Wednesday, the 18th March, 1970

Punjab Vidhan Sabha Secretariat, Chandigarh

Price : 5.50

ERRATA

To

PUNJAB VIDHAN SABHA DEBATES,

Dated 18th March, 1970.

Vol-I No. 18.

Read	For	Page	Line
(18th March, 1970	(26th February, 1970.	(18) 2	Heading
Of course	Otcourse	(18) 55	9
ਬਹੁਤ	ਬਰੁਤ	(18) 76	4th from below
ਰਿਜੀਮ	ਰਿਜੀਨ	(18) 78	3rd from below
ਰਾ ਮੈਟੀਰੀਅਲ	ਰਾ-ਮੈਟੀਰੀ	(18) 105	1
ਚਾਹੀਦੀ	ਕਾਹੀਦੀ	(18) 108	19

PUNJAB VIDHAN SABHA

Wednesday, the 18th March, 1970.

The Vidhan Sabha met in the Hall of the Vidhan Bhavan, Sector-1, Chandigarh at 9-00 A. M. of the Clock. Mr. Speaker (Sardar Darbara Singh) in the Chair.

POSTPONED STARRED QUESTIONS AND ANSWERS

AREAS COVERED BY GARDENS OF MALTA AND GRAPE PLANTATIONS IN CERTAIN VILLAGES OF FAZILKA SUB DIVISION.

*1218. **Sardar Gurbanta Singh** : Will the Minister for Agriculture be pleased to state :

(a) the area in acres covered by the gardens of Malta and grape plantations in those villages of Fazilka Sub-Division which are proposed to be transferred to Haryana State together with the village-wise details of such gardens in the said villages;

(b) whether there is any Research Farm of the Government or the Agricultural University in the area referred to in part (a) above; if so, the area thereof ?

Chaudhri Radha Krishan :

(a) & (b) The villages of Fazilka Sub Division which are to be transferred to Haryana State are not yet known. In the absence of actual demarcation of the area, the information, in question, cannot be given.

[(ੳ) ਅਤੇ (ਅ) ਫ਼ਾਜ਼ਿਲਕਾ ਸਬ ਡਵੀਜ਼ਨ ਦੇ ਪਿੰਡ ਜੋ ਹਰਿਆਣਾ ਰਾਜ ਨੂੰ ਜਾਣੇ ਹਨ, ਦਾ ਅਜੇ ਤਕ ਪਤਾ ਨਹੀਂ ਹੈ। ਇਸ ਖੇਤਰ ਦੀ ਅਸਲ ਹੱਦਬੰਦੀ ਨਾ ਹੋਣ ਕਾਰਨ ਲੋੜੀਂਦੀ ਸੂਚਨਾ ਨਹੀਂ ਦਿੱਤੀ ਜਾ ਸਕਦੀ।]

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮੰਤਰੀ ਸਾਹਿਬ, ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਪਿੰਡਾਂ ਨੂੰ ਛੱਡ ਕੇ, ਜਿਹੜੇ ਹਰਿਆਣਾ ਰਾਜ ਨੂੰ ਦਿਤੇ ਜਾ ਰਹੇ ਹਨ ਜਾਂ ਡਿਸਪਿਊਟਿਡ ਹਨ, ਪੰਜਾਬ ਦੇ ਕਿਸੇ ਹੋਰ ਇਲਾਕੇ ਵਿਚ ਵੀ ਮਾਲਟੇ ਜਾਂ ਅੰਗੂਰਾਂ ਦੇ ਇਤਨੇ ਬਾਗ ਹਨ ਜਿਹੜੇ ਉਨ੍ਹਾਂ ਵਿਚ ਹਨ ?

ਮੰਤਰੀ : ਹਨ ਜੀ।

चौधरी बलबीर सिंह : क्या मन्त्री महोदय बतायेंगे कि यह जो 114 गांव हैं, जिन के बारे में झगड़ा है उन गांवों के नाम सैंट्रल गवर्नमैंट ने जारी किये हैं या किसी और एजैंसी ने जारी किये हैं ? (विघ्न)

[चौधरी बलबीर सिंह]

अध्यक्ष महोदय, गवर्नमैंट आफ इन्डिया ने कह दिया है कि यह गांव जाने हैं । यह जो नया बाउंड्री कमिशन बनना है इस के बारे में यह बतायें कि झगड़ा क्या है ? (विघ्न)

ਮੰਤਰੀ : ਗਲ ਸਿੱਧੀ ਹੈ ਕਿ ਗੌਰਮੈਂਟ ਆਫ਼ ਇੰਡੀਆ ਨੇ ਪਿੰਡਾਂ ਦੇ ਨਾਮ ਨਹੀਂ ਛਾਪੇ ਅਤੇ ਨਾ ਹੀ ਕੋਈ ਲਿਸਟ ਕੱਢੀ ਹੈ, ਸਿਰਫ਼ ਥਾਣਿਆਂ ਆਦਿ ਦੇ ਨਾਮ ਆਏ ਹਨ ਹੋਰ ਕੋਈ ਐਸੀ ਗਲ ਨਹੀਂ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੰਤਰੀ ਸਾਹਿਬ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਫ਼ਾਜ਼ਿਲਕਾ ਦੇ ਇਲਾਕੇ ਵਿਚ ਅੰਗੂਰ, ਮਾਲਟੇ ਆਦਿ ਦੇ ਬਾਗ ਲਗੇ ਹੋਏ ਹਨ ? ਅਤੇ ਕੀ ਸਟੇਟ ਦੇ ਕਿਸੇ ਹੋਰ ਭਾਗ ਵਿਚ ਇਹੋ ਜਿਹੇ ਬਾਗ ਲਗਾਉਣ ਦੇ ਯਤਨ ਕੀਤੇ ਜਾਣਗੇ ?

ਮੰਤਰੀ : ਗੌਰਮੈਂਟ ਦੀ ਇਹ ਨੀਤੀ ਹੈ ਕਿ ਇਸ ਕਿਸਮ ਦੇ ਬਾਗ ਹਰ ਜਗ੍ਹਾ ਲੱਗਣ ।

ਚੌਧਰੀ ਸੱਤ ਦੇਵ : ਇਹ ਜਿਹੜੇ 114 ਪਿੰਡ ਗਏ ਹਨ, ਕੀ ਇਹ ਸਾਰੀ ਤਹਿਸੀਲ ਫ਼ਾਜ਼ਿਲਕਾ ਇਕ ਪਾਸੇ ਰਖਣ ਨੂੰ ਤਿਆਰ ਹਨ ?

ਸ਼੍ਰੀ ਸਪੀਕਰ : ਇਧਰਲੇ ਪਾਸੇ ਰਖਣ ਨੂੰ ਤਿਆਰ ਹਨ । (The Government is ready to retain the whole Tehsil in the Punjab.)

ਮੁੱਖ ਮੰਤਰੀ : ਪੰਜਾਬ ਸਰਕਾਰ ਨੂੰ ਤਾਂ ਅਜੇ ਤਕ ਕਿਸੇ ਗੱਲ ਲਈ ਪੁਛਿਆ ਤਕ ਨਹੀਂ ਗਿਆ । ਅਸੀਂ ਪਹਿਲੋਂ ਵੀ 20 ਵਾਰ ਕਹਿ ਚੁਕੇ ਹਾਂ ਕਿ ਸਾਡੇ ਕੋਲੋਂ ਕੁਝ ਨਹੀਂ ਪੁਛਿਆ ਗਿਆ ।

ਸਾਥੀ ਰੂਪ ਲਾਲ : ਮੰਤਰੀ ਸਾਹਿਬ ਨੇ ਕਿਹਾ ਹੈ ਕਿ ਫ਼ਾਜ਼ਿਲਕਾ ਦੇ ਇਲਾਕੇ ਵਿਚ ਬੜੇ ਬਾਗ ਹਨ, ਪਰ ਕੀ ਪੰਜਾਬ ਦੇ ਕਿਸੇ ਬਹੁਤ ਵਡੇ ਲੀਡਰ ਨੇ ਕਿਹਾ ਹੈ ਕਿ ਉਥੇ ਤਾਂ ਸਿਰਫ਼ ਮਿੱਟੀ ਹੀ ਮਿੱਟੀ ਹੈ ਹੋਰ ਕੁੱਝ ਹੈ ਹੀ ਨਹੀਂ ?

(ਕੋਈ ਉਤਰ ਨਹੀਂ ਆਇਆ)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਕਦੋਂ ਇਹੋ ਜਿਹਾ ਸਵਾਲ ਆਉਂਦਾ ਹੈ ਤਾਂ ਇਹ ਦਸਦੇ ਕਿਉਂ ਨਹੀਂ ? ਇਹ ਤਾਂ ਇਸ ਤਰ੍ਹਾਂ ਕਰਦੇ ਹਨ, ਜਿਸ ਤਰ੍ਹਾਂ ਫ਼ਾਜ਼ਿਲਕਾ ਦੇ ਇਲਾਕੇ ਦੀ ਕੋਈ ਗੱਲ ਹੀ ਨਹੀਂ ਦੱਸਣੀ ਹੁੰਦੀ । ਸਪੀਕਰ ਸਾਹਿਬ, ਉਥੇ ਇਤਨੇ ਬੜੇ ਬੜੇ ਬਾਗ ਹਨ ਸਰਕਾਰ ਨੇ ਉਥੇ ਲੱਖਾਂ ਨਹੀਂ, ਕਰੋੜਾਂ ਰੁਪਏ ਖ਼ਰਚ ਕਰਕੇ ਲਗਾਏ ਹਨ...(ਵਿਘਨ)...

ਸ਼੍ਰੀ ਸਪੀਕਰ : ਉਹ ਕਿਥੇ ਚਲੇ ਗਏ ਹਨ ? ਹਿੰਦੁਸਤਾਨ ਵਿੱਚ ਹੀ ਹਨ ਅਤੇ ਜਿਨ੍ਹਾਂ ਲੋਕਾਂ ਨੇ ਲਾਏ, ਉਨ੍ਹਾਂ ਦੇ ਪਾਸ ਹੀ ਹਨ...(ਵਿਘਨ)...(Where have they gone ? Those are still in India and are with the persons who planted them.) (Interruption)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੈਨੂੰ ਦੱਸਣ ਕਿ ਅਬੋਹਰ ਵਿਚ ਜਿਹੜੀ ਐਗਰੀਕਲਚਰਲ ਰੀਸਰਚ ਫਾਰਮ ਹੈ, ਉਹ ਭਾਵੇਂ ਯੂਨੀਵਰਸਿਟੀ ਦੀ ਹੈ, ਭਾਵੇਂ ਉਹ ਐਗਰੀਕਲਚਰ ਡਿਪਾਰਟਮੈਂਟ ਦੀ ਹੈ, ਉਸ ਦਾ ਕਿੰਨਾ ਹਿੱਸਾ ਉੱਧਰ ਗਿਆ ਹੈ ਅਤੇ ਕਿੰਨਾ ਇਧਰ ਰਿਹਾ ਹੈ ? (ਵਿਘਨ) ਕਿਉਂਕਿ ਪੰਜਾਬ ਨੂੰ ਹਾਲੇ ਤਕ ਧੋਖੇ ਵਿਚ ਰਖਿਆ ਜਾ ਰਿਹਾ ਹੈ ।

ਸ਼੍ਰੀ ਸਪੀਕਰ : ਤੁਸੀਂ ਹਾਈ ਕਮਾਂਡ ਦੇ ਬੜੇ ਨੇੜੇ ਹੋ...(ਵਿਘਨ)

(The hon. Member, Sardar Gurbanta Singh, is very close to the High Command...) (Interruption)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਉਥੇ ਜਾ ਕੇ ਇਨ੍ਹਾਂ ਨੇ ਗੋਡੇ ਰਗੜੇ, ਮਿੰਨਤਾਂ ਕੀਤੀਆਂ ਅਤੇ ਜਾ ਕੇ ਲੰਮੇ ਹੀ ਪੈ ਗਏ...(ਵਿਘਨ)

ਸ੍ਰੀ ਸਪੀਕਰ : ਉਹ ਬੜੀ ਬੇਦਰਦ ਗੌਰਮੈਂਟ ਹੈ, ਜਿਸ ਨੇ ਇਕ ਵੀ ਨਾ ਸੁਣੀ...(ਵਿਘਨ) (That Government is so stone-hearted that it did not pay attention to their beseaching...) (Interruption)

ਮੁੱਖ ਮੰਤਰੀ : ਅਸੀਂ ਬਿਲਕੁਲ ਇਹ ਗਲ ਨਹੀਂ ਕਹੀ। ਕਾਂਗਰਸ ਪਾਰਟੀ ਦੀ ਇਹ* * * * ਚਲ ਰਹੀ ਹੈ......(ਵਿਘਨ)

Captain Rattan Singh : Mr. Speaker, the word * * * * is unparliamentary. It should be expunged,

Mr. Speaker : It will be expunged.

ਮੈਂ ਤਾਂ ਇਹ ਕਹਾਂਗਾ ਕਿ ਦੋਗਲੀ ਮੱਕੀ ਵੀ ਹੁੰਦੀ ਹੈ, ਅਤੇ ਦੋਗਲੇ ਬੀਜ ਵੀ ਹੁੰਦੇ ਹਨ, ਫਸਲਾਂ ਲਈ......(ਵਿਘਨ) (It will be expunged. I may tell the hon. Member that 'Dogali' maize is there and also there are 'Dogla' seeds... (Interruption)

ਕੈਪਟਨ ਰਤਨ ਸਿੰਘ : ਉਹ ਸਾਇੰਸ ਸਬਜੈਕਟ ਹੈ, ਇਹ ਗਲ ਕੁਝ ਹੋਰ ਹੈ...(ਵਿਘਨ)

RIKSHAW/SCOOTER TYRES SUPPLIES TO THE CONSUMER'S STORES BY THE MANUFACTURERS.

*1328. **Sardar Sarup Singh** : Will the Chief Minister be pleased to state :

(a) the total number of consumer stores in Punjab;

(b) the names of the consumer's stores to whom Rickshaw and Scooter Tyres have been given by the manufacturers during the years 1968-69 and 1969-70;

(c) the steps taken by the stores to ensure that he articles mentioned in (b) above are sold to the actual consumers ?

Sardar Gurnam Singh :

(a)
(b) } The requisite information is laid on the table of the House.
(c)

(ੲ)
(ਬੀ) } ਲੋੜੀਂਦੀ ਸੂਚਨਾ ਸਭਾ ਦੀ ਮੇਜ਼ ਤੇ ਰਖੀ ਜਾਂਦੀ ਹੈ।]
(ਸੀ)

*Expunged as ordered by the Chair.

Statement showing the Consumer Stores etc. in Punjab.

(a) the total of the consumer stores in Punjab. — 15

(b) the names of the consumer stores to whom Rickshaw and Scooter tyres have been given by the manufacturers during the year 1968-69 and 1969-70.

Rickshaw tyres 1968-69	Rickshaw tyres 1969-70	Scooter Tyres 1968-69	Scooter Tyres 1969-70
Amritsar	Amritsar	Ludhiana	Amritsar
Jullundur	Jullundur	Jullundur	Jullundur
Ludhiana	Ludhiana		Ludhiana
Hoshiarpur	Hoshiarpur		Batala
Kapurthala	Kapurthala		Patiala.
Batala	Batala		Moga.
Pathankot	Pathankot		Phagwara.
Patiala	Patiala		Bhatinda
Sangrur	Sangrur		Ferozepur
Bhatinda	Bhatinda		
Rupar	Rupar		
Ferozepur	Ferozepur		
Moga	Moga		
Abohar	Abohar.		

(c) the steps taken by the stores to ensure that the articles mentioned in (b) above are sold to the actual consumers.

The sale of tyres is made by the consumers stores according to the instructions issued by the Food and Supplies Department from time to time. The tyres are supplied to the consumers on production of Rickshaw license, Municipal token and membership card.

The Scooter tyres are issued on the production of registration certificate of the scooter.

[ਪੰਜਾਬ ਵਿੱਚ ਕਨਜ਼ਿਯੂਮਰ ਸਟੋਰਜ਼ ਆਦਿ ਦਾ ਵੇਰਵਾ

(ੳ) ਉਪਭੋਗ ਸਟੋਰਾਂ ਦੀ ਪੰਜਾਬ ਰਾਜ ਵਿੱਚ ਗਿਣਤੀ। — 15

(ਅ) ਸਟੋਰਾਂ ਦੇ ਨਾਂ ਜਿਨ੍ਹਾਂ ਨੂੰ ਰਿਕਸ਼ਾ ਅਤੇ ਸਕੂਟਰ ਟਾਇਰਜ਼ ਮੈਨੂੰਫੈਕ-ਚਰਾਂ ਵਲੋਂ ਸਾਲ 1968-69 ਅਤੇ 1969-70 ਵਿੱਚ ਦਿੱਤੇ ਗਏ।

ਰਿਕਸ਼ਾ ਟਾਇਰਜ਼ 68-69	ਰਿਕਸ਼ਾ ਟਾਇਰਜ਼ 69-70	ਸਕੂਟਰ ਟਾਇਰਜ਼ 68-69	ਸਕੂਟਰ ਟਾਇਰਜ਼ 69-70
ਅੰਮ੍ਰਿਤਸਰ	ਅੰਮ੍ਰਿਤਸਰ	ਲੁਧਿਆਣਾ	ਅੰਮ੍ਰਿਤਸਰ
ਜਲੰਧਰ	ਜਲੰਧਰ	ਜਲੰਧਰ	ਜਲੰਧਰ
ਲੁਧਿਆਨਾ	ਲੁਧਿਆਨਾ		ਲੁਧਿਆਨਾ

ਰਿਕਸ਼ਾ ਟਾਇਰਜ਼		ਸਕੂਟਰ ਟਾਇਰਜ਼	
68-69	69-70	68-69	69-70
ਹੁਸ਼ਿਆਰਪੁਰ	ਹੁਸ਼ਿਆਰਪੁਰ		ਬਟਾਲਾ
ਕਪੂਰਥਲਾ	ਕਪੂਰਥਲਾ		ਪਟਿਆਲਾ
ਬਟਾਲਾ	ਬਟਾਲਾ		ਮੋਗਾ
ਪਠਾਨਕੋਟ	ਪਠਾਨਕੋਟ		ਫਗਵਾੜਾ
ਪਟਿਆਲਾ	ਪਟਿਆਲਾ		ਬਠਿੰਡਾ
ਸੰਗਰੂਰ	ਸੰਗਰੂਰ		ਫਿਰੋਜ਼ਪੁਰ
ਬਠਿੰਡਾ	ਬਠਿੰਡਾ		
ਰੋਪੜ	ਰੋਪੜ		
ਫਿਰੋਜ਼ਪੁਰ	ਫਿਰੋਜ਼ਪੁਰ		
ਮੋਗਾ	ਮੋਗਾ		
ਅਬੋਹਰ	ਅਬੋਹਰ		

(ੲ) ਸਟੋਰਾਂ ਦੇ (ਅ)ਬਾਰੇ ਯੋਗ ਖਪਤਕਾਰਾਂ ਨੂੰ ਚੀਜ਼ਾਂ ਵੇਚਣ ਦੇ ਸਬੰਧ ਵਿੱਚ ਕੀਤੇ ਯਤਨ ।

ਉਪਭੋਗ ਸਟੋਰਾਂ ਨੂੰ ਟਾਇਰਜ਼ ਖੁਰਾਕ ਅਤੇ ਸਪਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਬੇਚਦੇ ਹਨ ਜਿਹੜੀਆਂ ਕਿ ਉਨ੍ਹਾਂ ਵਲੋਂ ਸਮੇਂ ਸਮੇਂ ਉਤੇ ਦਿੱਤੀਆਂ ਜਾਂਦੀਆਂ ਹਨ । ਟਾਇਰਾਂ ਦੀ ਸਪਲਾਈ ਖਪਤਕਾਰਾਂ ਨੂੰ ਉਨ੍ਹਾਂ ਵਲੋਂ ਰਿਕਸ਼ਾ ਲਾਇਸੈਂਸ, ਮਿਊਨਸੀਪਲ ਕਮੇਟੀ ਟੋਕਨ ਅਤੇ ਮੈਂਬਰਸ਼ਿਪ ਕਾਰਡ ਪੇਸ਼ ਕਰਨ ਤੇ ਕੀਤੀ ਜਾਂਦੀ ਹੈ । ਸਕੂਟਰ ਟਾਇਰਾਂ ਦੀ ਸਪਲਾਈ ਉਨ੍ਹਾਂ ਵਲੋਂ ਪੇਸ਼ ਕੀਤੇ ਗਏ ਸਕੂਟਰ ਦੇ ਰਜਿਸਟਰੇਸ਼ਨ ਸਰਟੀਫਿਕੇਟ ਤੇ ਕੀਤੀ ਜਾਂਦੀ ਹੈ ।]

ਸਰਦਾਰ ਸਰੂਪ ਸਿੰਘ : ਜਿਹੜਾ ਕੰਨਜ਼ਿਊਮਰ ਸਟੋਰਾਂ ਨੂੰ ਮਾਲ ਮਿਲਦਾ ਹੈ ਉਹ ਕਿਹੜੇ ਤਬਕੇ ਤੋਂ ਮਿਲਦਾ ਹੈ ? ਉਸ ਮਾਲ ਨੂੰ ਸਪਲਾਈ ਕਰਨ ਦੇ ਕੌਣ ਆਰਡਰ ਕਰਦਾ ਹੈ, ਕਿੰਨੀ ਰੇਸ਼ੋ ਵਿਚ ਮਿਲਦਾ ਹੈ ਅਤੇ ਕਿਹੜੀ ਗੌਰਮਿੰਟ ਉਨ੍ਹਾਂ ਸਟੋਰਾਂ ਨੂੰ ਮਾਲ ਸਪਲਾਈ ਕਰਦੀ ਹੈ ?

ਮੁੱਖ ਮੰਤਰੀ : ਇਹ ਮਾਲ ਗੌਰਮਿੰਟ ਆਫ਼ ਇੰਡੀਆ ਤੋਂ ਮਿਲਦਾ ਹੈ । ਜਿੰਨੀ ਪ੍ਰੋਡਕਸ਼ਨ ਹੁੰਦੀ ਹੈ ਉਹ ਉਸ ਦਾ 20% ਡਿਸਟਰੀਬਿਊਸ਼ਨ ਸਟੇਟਵਾਈਜ਼ ਕਰਦੇ ਹਨ । ਇਹ ਸੈਂਟਰਲ ਕੰਨਜ਼ਿਊਮਰ ਸਟੋਰਜ਼ ਅਤੇ ਮਾਰਕੀਟਿੰਗ ਸਟੋਰਜ਼ ਨੂੰ ਦਿਤਾ ਜਾਂਦਾ ਹੈ । ਅਗੇ ਡਿਸਟਰੀਬਿਊਸ਼ਨਜ਼ ਦੇ ਆਰਡਰਜ਼ ਫੂਡ ਐਂਡ ਸਪਲਾਈ ਡਿਪਾਰਟਮੈਂਟ ਕਰਦਾ ਹੈ ।

ਸਰਦਾਰ ਸਰੂਪ ਸਿੰਘ : ਇਸ ਸਵਾਲ ਦੇ ਜਵਾਬ ਦੇ ਪਾਰਟ 'ਸੀ' ਵਿਚ ਦਸਿਆ ਗਿਆ ਹੈ ਕਿ ਮਾਲ ਸਟੋਰਾਂ ਨੂੰ ਦਿਤਾ ਜਾਂਦਾ ਹੈ ਔਰ ਸਿਵਲ ਸਪਲਾਈ ਦਾ ਮਹਿਕਮਾ ਪ੍ਰਮਿਟ ਇਸ਼ੂ ਕਰਦਾ ਹੈ ਅਤੇ ਜਿਹੜੇ ਰਿਕਸ਼ਾ ਟਾਇਰ ਹਨ ਉਹ ਰਜਿਸਟਰੇਸ਼ਨ ਤੇ ਦਿਤੇ ਜਾਂਦੇ ਹਨ । ਮੈਂ ਜੇ ਇਹ ਪਰੂਵ ਕਰ ਦਿਆਂ ਕਿ ਰਿਕਸ਼ਾ ਟਾਇਰ ਹੋਲ ਸੇਲ ਵਿਚ ਵੇਚੇ ਜਾਂਦੇ ਹਨ ਅਤੇ ਨਾਲ ਹੀ ਬਲੈਕ ਵਿਚ ਵਿਕਦੇ ਹਨ ਤਾਂ ਕੀ ਇਹ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

ਮੁੱਖ ਮੰਤਰੀ : ਮੈਂ ਮਸ਼ਕੂਰ ਹੋਵਾਂਗਾ ਮੈਂਬਰ ਸਾਹਿਬ ਦਾ, ਜੇਕਰ ਕੋਈ ਐਸੀ ਗਲ ਮੇਰੇ ਨੋਟਿਸ ਵਿਚ ਲਿਆਉਣਗੇ ਅਤੇ ਮੈਂ ਜ਼ਰੂਰ ਇਨਕੁਆਰੀ ਕਰਵਾਵਾਂਗਾ ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕੀ ਇਨ੍ਹਾਂ ਕੋਲ ਕੋਈ ਐਸੀਆਂ ਰਿਪੋਰਟਾਂ ਹਨ ਕਿ ਸਟੋਰ ਵਾਲੇ ਲੋੜਵੰਦਾਂ ਨੂੰ ਮਾਲ ਨਹੀਂ ਦਿੰਦੇ ਅਤੇ ਵੈਸਟਿਡ ਤਬਕੇ ਦੇ ਹੱਥਾਂ ਵਿਚ ਸਾਰਾ ਮਾਲ ਵੇਚਿਆ ਜਾਂਦਾ ਹੈ ? ਉਨ੍ਹਾਂ ਤੇ ਕੀ ਐਕਸ਼ਨ ਲਿਆ ਜਾ ਰਿਹਾ ਹੈ ?

ਮੁੱਖ ਮੰਤਰੀ : ਮੇਰੇ ਨੋਟਿਸ ਵਿਚ ਤਾਂ ਕੋਈ ਐਸੀ ਗਲ ਨਹੀਂ ਜੇ ਆਨਰੇਬਲ ਮੈਂਬਰ ਦੱਸ ਦੇਣ ਤਾਂ ਮੈਂ ਜ਼ਰੂਰ ਇਨਕੁਆਇਰੀ ਕਰਵਾ ਲਵਾਂਗਾ ।

ਕਾਮਰੇਡ ਸੱਤਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ, ਇਸ ਤਜਵੀਜ਼ ਉਤੇ ਗ਼ੌਰ ਕਰਨ ਨੂੰ ਤਿਆਰ ਹਨ ਅਤੇ ਕੀ ਐਸੀਆਂ ਇਨਸਟਰਕਸ਼ਨਜ਼ ਕੰਨਜ਼ਿਊਮਰਜ਼ ਸਟੋਰਜ਼ ਨੂੰ ਜਾਰੀ ਕਰਨਗੇ ਕਿ ਜਿਹੜਾ ਕੋਟਾ ਕੰਟਰੋਲ ਰੇਟ ਤੇ ਮਿਲਦਾ ਹੈ ਉਸ ਵਿੱਚ ਉਨ੍ਹਾਂ ਲੋਕਾਂ ਨੂੰ ਪ੍ਰੈਫਰੈਂਸ ਦਿੱਤੀ ਜਾਏ ਜਿਨ੍ਹਾਂ ਦੇ ਆਪਣੇ ਰਿਕਸ਼ੇ ਹਨ ਅਤੇ ਆਪ ਹੀ ਉਹ ਰਿਕਸ਼ਾ ਡਰਾਈਵ ਕਰਦੇ ਹੋਣ ?

ਮੁੱਖ ਮੰਤਰੀ : ਜੋ ਵੀ ਇਸ ਸਿਲਸਿਲੇ ਵਿਚ ਪਰੋਸੀਜਰ ਬਣਿਆ ਹੋਇਆ ਹੈ, ਰਿਕਸ਼ਾ ਵਾਲੇ ਲਾਇਸੈਂਸ ਪੇਸ਼ ਕਰਦੇ ਹਨ, ਅਤੇ ਜੋ ਚਲਾਉਂਦਾ ਹੈ ਉਸ ਨੂੰ ਹੀ ਉਸ ਦੀ ਜ਼ਰੂਰਤ ਹੁੰਦੀ ਹੈ, ਉਸੇ ਨੂੰ ਹੀ ਉਹ ਦਿੰਦੇ ਹਨ । ਤਾਂ ਵੀ ਇਸ ਗਲ ਨੂੰ ਐਗਜ਼ਾਮਿਨ ਕਰ ਲਵਾਂਗੇ ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਕੀ ਇਹ ਦਸਣਗੇ ਕਿ ਕਨਜ਼ਿਊਮਰ ਸਟੋਰਜ਼ ਲਈ ਕੀ ਕੋਈ ਕਮੇਟੀ ਬਣੀ ਹੋਈ ਹੈ ਜੋ ਇਨ੍ਹਾਂ ਲਈ ਮਾਲ ਖਰੀਦਦੀ ਹੈ, ਵੇਚਦੀ ਜਾਂ ਰਖਣ ਲਈ ਹਿਦਾਇਤਾਂ ਦਿੰਦੀ ਹੈ ?

ਮੁੱਖ ਮੰਤਰੀ : ਇਹ ਸਵਾਲ ਤਾਂ ਮੁਖ ਸਵਾਲ ਵਿਚੋਂ ਪੈਦਾ ਨਹੀਂ ਹੁੰਦਾ ।

STARRED QUESTIONS AND ANSWERS

ELECTION OF MARKET COMMITTEE MANSA

*1560. **Comrade Babu Singh Master** : Will the Minister for Agriculture be pleased to state :

(a) whether it is a fact that elections of the Market Committee Mansa took place in January, 1969 ; if so, the exact date thereof;

(b) whether the names of the members elected to the said Committee have since been gazetted ; if so the date (s) when this was done ;

(c) whether the names of some of them were not gazetted ; if so their names together with the reasons therefor ;

(d) whether it is a fact that the election of the President of the said Committee has not yet been held ; if so, the reasons therefor ?

Chaudhri Radha Krishan : (a) Yes, on 6.1.1969.

(b) Yes, excepting one on 21.3.1969.

(c) Yes, Shri Ruldha Ram s/o Shri Lakhia Mal," due to typographical mistake in the Draft.

(d) Yes, The election result was not completely notified. The High Court had also granted the stay in writ petition on 26.3.1969.

(ੳ) ਹਾਂ, 6/1/1969 ਨੂੰ ।

(ਅ) ਹਾਂ, ਸਵਾਏ ਇਕ ਨਾਂ ਦੇ ਇਹ 21/3/1969 ਵਿਚ ਛਪੇ ।

(ੲ) ਹਾਂ, ਸ੍ਰੀ ਰੁਲਦੂ ਰਾਮ ਸਪੁਤਰ ਸ੍ਰੀ ਲਖੀਆ ਮਲ ਦਾ ਨਾਂ ਟਾਈਪ ਦੀ ਗ਼ਲਤੀ ਕਾਰਣ ਨਹੀਂ ਛਪਿਆ ।

(ਸ) ਹਾਂ ਕਿਉਂਕਿ ਇਸ ਚੋਣ ਦਾ ਪੂਰਾ ਨਤੀਜਾ ਅਧਿਸੂਚਿਤ ਨਹੀਂ ਕੀਤਾ ਜਾ ਸਕਿਆ ਅਤੇ ਹਾਈ ਕੋਰਟ ਨੇ 26/3/1969 ਨੂੰ ਸਟੇ ਆਰਡਰ ਜਾਰੀ ਕਰ ਦਿੱਤਾ ਸੀ ।]

ਕਾਮਰੇਡ ਸੱਤਪਾਲ ਡਾਂਗ : ਕੀ ਇਹ ਹਕੀਕਤ ਹੈ ਕਿ ਇਸ ਟਾਈਪਿੰਗ ਦੀ ਗਲਤੀ ਕਰਕੇ ਸਵਾ ਸਾਲ ਤਕ ਉਸ ਦਾ ਨਾਮ ਗਜ਼ਟ ਨਹੀਂ ਹੋਇਆ ਅਤੇ ਰਿਟ ਪਟੀਸ਼ਨ ਹੋਈ ਹੈ ? ਉਹ ਜੋ ਰਿਟ ਹੋਈ ਹੈ ਉਹ ਇਸ ਲਈ ਹੋਈ ਹੈ ਕਿ ਨਾਮ ਗਜ਼ਟ ਨਹੀਂ ਹੋਇਆ । ਤਾਂ ਨਾਮ ਗਜ਼ਟ ਕਰਕੇ ਪਰੈਜ਼ੀਡੈਂਟ ਦੀ ਇਲੈਕਸ਼ਨ ਕਿਉਂ ਨਹੀਂ ਕਰਾਉਂਦੇ ? ਕੀ ਇਹ ਪਰੈਜ਼ੀਡੈਂਟ ਦੀ ਇਲੈਕਸ਼ਨ ਨਹੀਂ ਕਰਾਉਣਾ ਚਾਹੁੰਦੇ ਅਤੇ ਹੁਣ ਰਿਟ ਦਾ ਬਹਾਨਾ ਬਣਾਇਆ ਹੈ ?

ਮੰਤਰੀ : ਮੈਂ ਇਹ ਕੇਸ ਇਨਕੁਆਇਰੀ ਲਈ ਮਾਰਕ ਕੀਤਾ ਹੈ ਕਿ ਕਿਸ ਦੀ ਗਲਤੀ ਹੈ ਤਾਕਿ ਉਸ ਦੇ ਖਿਲਾਫ਼ ਕਾਰਵਾਈ ਹੋ ਸਕੇ । ਪਹਿਲਾਂ ਜੋ ਇਲੈਕਸ਼ਨ ਨਹੀਂ ਹੋ ਸਕੀ ਉਹ ਇਸ ਲਈ ਕਿ ਹਾਈ ਕੋਰਟ ਨੇ ਸਟੇ ਆਰਡਰ ਦਿਤਾ ਸੀ । ਸਰਕਾਰ ਦੀ ਇਸ ਵਿਚ ਕੋਈ ਮਨਸ਼ਾ ਨਹੀਂ ਸੀ ।

ਕਾਮਰੇਡ ਸੱਤਪਾਲ ਡਾਂਗ : ਕੀ ਇਹ ਦੱਸਣਗੇ ਕਿ ਹਾਈ ਕੋਰਟ ਨੇ ਸਟੇ ਕੀ ਕੀਤਾ ਸੀ ? ਕੀ ਰਿਟ ਪਟੀਸ਼ਨ ਇਹੀ ਨਹੀਂ ਕਿ ਉਸ ਦਾ ਨਾਮ ਗਜ਼ਟ ਕੀਤਾ ਜਾਵੇ ? ਇਸ ਤੋਂ ਬਗੈਰ ਇਲੈਕਸ਼ਨ ਨਹੀਂ ਹੋਣੀ । ਇਨ੍ਹਾਂ ਦੇ ਨਾਮ ਗਜ਼ਟ ਕਰਕੇ, ਰਿਟ ਇਨਫਰਕਚੁਅਸ ਕਰਾਕੇ, ਇਲੈਕਸ਼ਨ ਕਿਉਂ ਨਹੀਂ ਕਰਾਈ ? ਸਰਕਾਰ ਨੇ ਖੁਦ ਮਿਲਕੇ ਰਿਟ ਕਰਾਈ ਕਿ ਇਲੈਕਸ਼ਨ ਨਾ ਹੋਵੇ ।

ਮੰਤਰੀ : ਇਹ ਗਲ ਠੀਕ ਨਹੀਂ ਹੈ । ਸਰਕਾਰ ਦਾ ਇਸ ਤਰ੍ਹਾਂ ਦਾ ਕੋਈ ਮਨਸ਼ਾ ਨਹੀਂ ਸੀ । ਹਾਈ ਕੋਰਟ ਨੇ ਕਿਸ ਗਰਾਊਂਡ ਤੇ ਸਟੇ ਆਰਡਰ ਦਿਤਾ । ਅਗਰ ਡੀਟੇਲਜ਼ ਚਾਹੀਦੀਆਂ ਹਨ ਤਾਂ ਨਵਾਂ ਨੋਟਿਸ ਦਿਉ । (ਵਿਘਨ)

चौधरी बलबीर सिंह : इतनी देर उसका नाम गज़ट न होने के लिए कौन जिम्मेदार है और क्या अब गज़ट कर दिया जायेगा ?

ਮੰਤਰੀ : ਇਹ ਗੱਲ ਤਾਂ ਮੇਰੇ ਨੋਟਿਸ ਵਿਚ ਇਸ ਸਵਾਲ ਦੇ ਆਉਣ ਤੇ ਆਈ ਹੈ । ਮਹਿਕਮੇ ਨੇ ਲਿਖ ਕੇ ਦਿੱਤਾ ਕਿ ਇਹ ਗਲਤੀ ਓਵਰਸਾਈਟ ਨਾਲ ਹੋਈ ਹੈ । ਮੈਂ ਪੁਛਿਆ ਹੈ ਕਿ ਕਿਸ ਦੀ ਜ਼ਿੰਮੇਦਾਰੀ ਹੈ ? ਅਗਰ ਕੁਦਰਤੀ ਗਲਤੀ ਹੋਵੇਗੀ ਤਾਂ ਗੱਲ ਹੋਰ ਹੈ ਵਰਨਾ ਜਿਸ ਦੀ ਜ਼ਿੰਮੇਦਾਰੀ ਹੋਵੇਗੀ ਉਸ ਦੇ ਖਿਲਾਫ਼ ਸਟਰਾਂਗ ਐਕਸ਼ਨ ਲਿਆ ਜਾਵੇਗਾ । (ਵਿਘਨ)

ਡਾਕਟਰ ਸਾਧੂ ਰਾਮ : ਜਿਸ ਦਾ ਨਾਮ ਗਜ਼ਟ ਹੋਣ ਤੋਂ ਰਹਿ ਗਿਆ ਹੈ ਉਸਨੇ ਰਿਟ ਕੀਤੀ ਹੈ ।

[ਡਾਕਟਰ ਸਾਧੂ ਰਾਮ]

ਕੀ ਸਰਕਾਰ, ਜਿਸ ਅਫ਼ਸਰ ਨੇ ਇਹ ਗਲਤੀ ਕੀਤੀ ਹੈ, ਉਸ ਦੇ ਖਿਲਾਫ਼ ਐਕਸ਼ਨ ਲੈਣ ਨੂੰ ਤਿਆਰ ਹੈ ?

ਮੰਤਰੀ : ਇਨਕੁਆਇਰੀ ਵਿੱਚ ਜਿਸ ਦੀ ਗਲਤੀ ਨਿਕਲੇਗੀ, ਉਸ ਦੇ ਖਿਲਾਫ਼ ਐਕਸ਼ਨ ਲਵਾਂਗੇ । (ਵਿਘਨ)

ਸਰਦਾਰ ਗੁਰਬੰਤਾ ਸਿੰਘ : ਨਾਮ ਗਜ਼ਟ ਹੋਣ ਤੋਂ ਗਲਤੀ ਨਾਲ ਰਹਿ ਗਿਆ, ਭਾਵੇਂ ਕਿਸੇ ਦੀ ਗਲਤੀ ਨਾਲ ਰਿਹਾ । ਉਸ ਨੇ ਰਿਟ ਕੀਤੀ ਹੈ ਕਿ ਉਸ ਦਾ ਨਾਮ ਗਜ਼ਟ ਕੀਤਾ ਜਾਵੇ । ਤਾਂ ਹੁਣ ਸਰਕਾਰ ਦੇ ਰਸਤੇ ਵਿਚ ਕੀ ਰੁਕਾਵਟ ਹੈ ਉਸ ਦਾ ਨਾਮ ਗਜ਼ਟ ਕਿਉਂ ਨਹੀਂ ਕੀਤਾ ਜਾਂਦਾ ? ਇਹ ਟਾਲਮਟੋਲ ਹੈ ਵਿਘਨ)

ਮੰਤਰੀ : ਮੈਨੂੰ ਤਾਂ ਸਵਾਲ ਆਉਣ ਤੇ ਹੀ ਪਹਿਲੀ ਵਾਰ ਪਤਾ ਲਗਾ ਕਿ ਉਸ ਦਾ ਨਾਮ ਰਹਿ ਗਿਆ ਹੈ । ਇਨਕੁਆਇਰੀ ਦੇ ਆਰਡਰ ਕੀਤੇ ਹਨ ਤਾਂ ਜੋ ਜਿਸ ਦੀ ਗਲਤੀ ਹੋਵੇ ਉਸ ਦੇ ਖਿਲਾਫ਼ ਕਾਰਵਾਈ ਹੋ ਸਕੇ । ਸਰਕਾਰ ਦਾ ਕੋਈ ਮਨਸ਼ਾ ਨਹੀਂ ਕਿ ਇਹ ਇਲੈਕਸ਼ਨ ਟਲ ਜਾਵੇ । (ਵਿਘਨ) ਸਰਕਾਰ ਇਸ ਨੂੰ ਟਾਲਣਾ ਨਹੀਂ ਚਾਹੁੰਦੀ । (ਵਿਘਨ)

ABDUCTION OF NIKKI DAUGHTER OF SHRI HARBANS SINGH GENERAL MERCHANT OF MANDI GOBINDGARH

*1088. **Comrade Dana Ram :** Will the Chief Minister with reference to the reply to unstarred question No. 311 included in the list of unstarred question for 6-11-69 be pleased to state :

(a) whether the kidnapped girl Nikki d/o Shri Harbans Singh, a general merchant of Mandi Gobindgarh has since been recovered ; if so, the age of the girl ;

(a) whether any culprits involved in the said case have since been arrested ?

ਸਰਦਾਰ ਗੁਰਨਾਮ ਸਿੰਘ :

(ਏ) ਮਗਵਈਆ ਲੜਕੀ, ਜਿਸ ਦੀ ਉਮਰ 12 ਸਾਲ ਦੱਸੀ ਗਈ ਹੈ, ਦਾ ਅਜੇ ਤਕ ਕੋਈ ਸੁਰਾਗ ਨਹੀਂ ਮਿਲਿਆ ।

(ਬੀ) ਅਜੇ ਤਕ ਨਹੀਂ । ਤਲਾਸ਼ ਜਾਰੀ ਹੈ ।

ਕਾਮਰੇਡ ਸੱਤਪਾਲ ਡਾਂਗ : ਕੀ ਇਹ ਹਕੀਕਤ ਹੈ ਕਿ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਮੈਂ ਲਿਆਂਦਾ ਸੀ ਕਿ ਲੜਕੀ ਦੇ ਬਾਪ ਨੂੰ ਇਹ ਜ਼ਬਰਦਸਤ ਸ਼ਿਕਾਇਤ ਹੈ ਕਿ ਪੁਲੀਸ ਦੀ ਇਨਵੈਸਟੀਗੇਸ਼ਨ ਵਿਚ ਪੁਲਿਟੀਕਲ ਇੰਟਰਫੀਅਰੈਂਸ ਹੋ ਰਹੀ ਹੈ ਅਤੇ ਇਨਕੁਆਇਰੀ ਨਹੀਂ ਹੋਣ ਦਿਤੀ ਜਾਂਦੀ ?

ਮੁੱਖ ਮੰਤਰੀ : ਨਹੀਂ, ਕਿਸੇ ਇੰਟਰਫੀਅਰੈਂਸ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ । ਕੇਸ. ਸੀ. ਆਈ. ਏ. ਸਟਾਫ਼ ਨੂੰ ਦਿਤਾ ਗਿਆ ਹੈ, ਦਫ਼ਾ 363 ਲਾਈ ਗਈ ਹੈ । ਉਹ ਸ਼ਖਸ ਇਨ੍ਹਾਂ ਦੇ ਘਰ ਆਉਂਦਾ ਜਾਂਦਾ ਸੀ ਜਿਸ ਦੀ ਲੜਕੀ ਹੈ ਉਹ ਲੁਧਿਆਣੇ ਗਿਆ ਹੋਇਆ ਸੀ ਤਾਂ ਪਿਛੋਂ ਉਹ ਆਕੇ ਲੜਕੀ ਨੂੰ ਬਾਜ਼ਾਰ ਲੈ ਗਿਆ । ਉਸ ਦੇ ਬਾਅਦ ਪਤਾ ਨਹੀਂ ਲਗਾ ਉਹ ਕਿੱਧਰ ਗਿਆ ।

ਸਰਦਾਰ ਦਲੀਪ ਸਿੰਘ ਪਾਂਧੀ : ਮੈਨੂੰ ਇਸ ਕੇਸ ਦਾ ਪਤਾ ਹੈ, ਇਹ ਮੇਰੇ ਹਲਕੇ ਦਾ ਹੈ। ਮਾਂ ਬਾਪ ਨੇ ਕੇਸ, ਸੀ. ਆਈ. ਏ. ਨੂੰ ਦਿਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਲੜਕੀ ਦਿਮਾਗੀ ਤੌਰ ਤੇ ਕਮਜ਼ੋਰ ਹੈ, ਬੋਲ ਚਲ ਨਹੀਂ ਸਕਦੀ। ਲੋਕਲ ਪੁਲਿਸ ਨੇ ਪੂਰਾ ਪਰਬੰਧ ਕੀਤਾ ਹੈ ਅਤੇ ਕੋਈ ਇੰਟਰਫੀਅਰੈਂਸ ਨਹੀਂ ਹੈ। ਮੈਂ ਉਸ ਨੂੰ ਲਭਣ ਦਾ ਪੂਰਾ ਯਤਨ ਕੀਤਾ ਹੈ, ਲੜਕੀ ਦੇ ਮਾਂ ਬਾਪ ਨਾਲ ਮਿਲਕੇ।

ਮੁੱਖ ਮੰਤਰੀ : ਮੈਂ ਤਾਂ ਕਿਹਾ ਹੈ ਕਿ ਪੁਲਿਸ ਕੋਸ਼ਿਸ਼ ਕਰ ਰਹੀ ਹੈ ਕਿ ਮਿਲ ਜਾਵੇ।

ਕਾਮਰੇਡ ਸੱਤਪਾਲ ਡਾਂਗ : ਕੀ ਇਹ ਹਕੀਕਤ ਹੈ ਕਿ ਲੜਕੀ ਦੇ ਬਾਪ ਨੇ ਮੇਰੇ ਜ਼ਰੀਏ ਬੜੀ ਹੀ ਪੈਥੈਟਿਕ ਚਿੱਠੀ ਲਿਖੀ ਕਿ ਪੋਲੀਟੀਕਲ ਇੰਟਰਫੀਅਰੈਂਸ ਹੋ ਰਹੀ ਹੈ ਅਤੇ ਐਮ. ਐਲ. ਏ. ਸਾਹਿਬ ਇਨਕੁਆਇਰੀ ਨਹੀਂ ਹੋਣ ਦਿੰਦੇ ? (ਵਿਘਨ)

ਮੁੱਖ ਮੰਤਰੀ : ਡਾਂਗ ਸਾਹਿਬ, ਮਿਲਦੇ ਹੀ ਰਹਿੰਦੇ ਹਨ, ਇਹ ਸਭ ਕੁਝ ਯਾਦ ਨਹੀਂ।

ਸ੍ਰੀ ਸਪੀਕਰ : ਇਹ ਜੋ ਆਨਰੇਬਲ ਮੈਂਬਰ ਆਫ ਦੀ ਹਾਊਸ ਤੇ ਐਲੀਗੇਸ਼ਨ ਲਾਈ ਗਈ ਹੈ, ਇਹ ਸਪਲੀਮੈਂਟਰੀ ਐਲਾਊਡ ਨਹੀਂ। (The supplementary containing the allegations against an hon. Member of the House, is disallowed.)

ਸਰਦਾਰ ਦਲੀਪ ਸਿੰਘ ਪਾਂਧੀ : ਮੈਨੂੰ ਤਾਂ ਉਨ੍ਹਾਂ ਨਾਲ ਹਮਦਰਦੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪੁਲਿਸ ਦੇ ਖਿਲਾਫ ਕੋਈ ਸ਼ਿਕਾਇਤ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਲੜਕੀ ਦਿਮਾਗੀ ਤੌਰ ਤੇ ਠੀਕ ਨਹੀਂ। (ਵਿਘਨ) ਡਾਂਗ ਸਾਹਿਬ, ਅੰਮ੍ਰਿਤਸਰ ਦੇ ਹਨ। ਇਨ੍ਹਾਂ ਨੂੰ ਕਿਸੇ ਵਰਕਰ ਨੇ ਵਰਗਲਾ ਦਿਤਾ ਹੈ। ਮੈਂ ਤਾਂ ਉਨ੍ਹਾਂ ਨਾਲ ਮਿਲ ਕੇ ਹਰ ਲੈਵਲ ਤੇ ਲਭਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਹ ਇਲਜ਼ਾਮ ਝੂਠਾ ਹੈ।

चौधरी बलबीर सिंह : क्या किसी मैम्बर ने यह बात इन के नोटिस में लाई कि उस लड़की का दिमाग ठीक नहीं है ?

ਮੁੱਖ ਮੰਤਰੀ : ਮੈਂ ਤਾਂ ਪਹਿਲਾਂ ਹੀ ਕਿਹਾ ਹੈ, ਕਿ ਹਰ ਗਲ ਯਾਦ ਨਹੀਂ ਰਹਿੰਦੀ। ਹਜ਼ਾਰਾਂ ਸ਼ਿਕਾਇਤਾਂ ਰੋਜ਼ਾਨਾ ਆਉਂਦੀਆਂ ਹਨ, ਉਹ ਮਾਰਕ ਹੋਕੇ ਡਿਪਾਰਟਮੈਂਟ ਨੂੰ ਚਲੀਆਂ ਜਾਂਦੀਆਂ ਹਨ।

CASES OF MURDERS NEAR CHHEHARTA (AMRITSAR)

*1191. **Comrade Satya Pal Dang** : Will the Chief Minister with reference to the reply to unstarred question No. 357 included in the list of unstarred questions for 26 11 69 be pleased to state :

(a) whether one Sudayya, a worker of Punjab Mills, Chheharta I was murdered at night in the month of July, 1968 while asleep at his residence on Bhagat Singh Road (the road connecting G. T. Road with Narain Garh, Chheharta) ; if so, the circumstances under which the murder was reported to have been committed ;

(b) whether the case regarding the said murder was registered, if not the reasons therefor.

[Comrade Satya Pal Dang]

(c) whether one Kewal Krishan of Chheharta was found to have been murdered some weeks after the discovery of the dead body of Shri Sudayya ; if so, the circu nstances under which he was found to have been murdered and the date thereof ;

(d) whether any case in connection with the murder of Shri Kewal Krishan was registered ; if not, the reasons therefor ;

(e) whether one Tota Singh Peshawari was found to have been murdered during the night 16/17.5.1969 near the Gurdwara Chheharta Sahib ; if so, whether any report about the discovery of his dead body was recorded in the Police Station Chheharta ;

(f) whether the dead bodies of the three persons mentioned above were sent for post mortem ; if so, the report of the post mortem in each case ; if the post mortem was not carried out the reasons therefor ?

Sardar Gurnam Singh : (a) One Sudayya s/o Sudapa worker of the Punjab Mills Chheharta was found murdered on the night between 10/ 1.7.68 in his house by unknown culprits who had burgled his house to commit theft. He had obstructed the culprits from committing the theft but was seriously injured by them resulting in his death.

(b) Case FIR No. 372 dated 11.7 68 u/s 460 IPC was registered at P. S. Sadar Amritsar regarding murder of Suddayya.

(c) On the night between 15/16.8.68 one Kewal was found murdered by unknown culp.its at his house while he was asleep. The culprits had burgled his house to commit theft but Kewal deceased obstructed them who inflicted on him injuries resulting in his death.

(d) case FIR No. 459 dated 16.8.68 u/s 460 IPC was registered at P. S. Sadar Amritsar in this connection.

(e) On the night between 16/17.5.69 one Tota Singh was found murdered in the area of village Vadali Guru, near Gurdwara Chheharta Sahib, and his dead body was recovered from a field On report of Mann Singh s/o Sunder Singh case FIR No. 211 dated 17.5.1969 u/s 302 IPC was registered at P.S. Sadar Amritsar.

(f) The dead bodies of all the three persons were got subjected to postmortem examination. Report of the Doctor who performed postmortem examination in each case was that the deceased died as a result of injuries on his person.

[(ਏ) ਸੁੱਧਾਇਆ ਪੁਤਰ ਸੁਧਾਪਾ ਵਰਕਰ ਪੰਜਾਬ ਮਿਲ ਛੇਹਰਟਾ ਮਿਤੀ 10/11-7-68 ਨੂੰ ਆਪਣੇ ਮਕਾਨ ਵਿਚ ਨਾ ਮਾਲੂਮ ਦੋਸ਼ੀਆਂ ਹੱਥੋਂ ਜੋ ਕਿ ਚੋਰੀ ਕਰਨ ਲਈ ਉਥੇ ਆਏ ਸਨ ਕਤਲ ਹੋਇਆ ਪਾਇਆ ਗਿਆ। ਉਸ ਨੇ ਦੋਸ਼ੀਆਂ ਦੇ ਚੋਰੀ ਕਰਨ ਵਿਚ ਰੁਕਾਵਟ ਪਾਈ ਤਾਂ ਉਨ੍ਹਾਂ ਨੇ ਉਸ ਨੂੰ ਬੁਰੀ ਤਰ੍ਹਾਂ ਜ਼ਖਮੀਂ ਕਰ ਦਿਤਾ ਜਿਸ ਨਾਲ ਉਸ ਦੀ ਮੌਤ ਹੋ ਗਈ।

(ਬੀ) ਮੁਕਦਮਾ ਨੰ: 372 ਮਿਤੀ 11-7-68 ਅ: ਧ: 460 ਆਈ. ਪੀ. ਸੀ. ਸੁਧਾਇਆ ਦੇ

ਕਤਲ ਬਾਰੇ ਥਾਣਾ ਸਦਰ ਅੰਮ੍ਰਿਤਸਰ ਵਿਚ ਦਰਜ ਹੋਇਆ ਸੀ।

(ਸੀ) ਮਿਤੀ 15/16-8-68 ਨੂੰ ਕੇਵਲ ਨਾ ਮਾਲੂਮ ਦੋਸ਼ੀਆਂ ਨੇ ਉਸਦੇ ਘਰ ਵਿਚ ਕਤਲ ਕਰ ਦਿੱਤਾ ਜਦ ਉਹ ਉਥੇ ਸੋ ਰਿਹਾ ਸੀ। ਦੋਸ਼ੀ ਉਸਦੇ ਘਰ ਨੂੰ ਲੁਟਣ ਲਈ ਆਏ ਸਨ ਪਰ ਕੇਵਲ ਮਰਹੂਮ ਨੇ ਉਨ੍ਹਾਂ ਨੂੰ ਰੋਕਿਆ ਜਿਸ ਤੇ ਦੋਸ਼ੀਆਂ ਨੇ ਉਸ ਨੂੰ ਜ਼ਖਮੀਂ ਕੀਤਾ ਜਿਸ ਕਾਰਣ ਉਸ ਦੀ ਮੌਤ ਹੋ ਗਈ।

(ਡੀ) ਮੁਕਦਮਾ ਨੰ: 459 ਮਿਤੀ 16.8.68 ਅ: ਧ: 460 ਭ: ਦ: ਥਾਨਾ ਸਦਰ ਅੰਮ੍ਰਿਤਸਰ ਵਿੱਚ ਇਸ ਬਾਰੇ ਦਰਜ ਕੀਤਾ ਗਿਆ ਸੀ।

(ਈ) ਮਿਤੀ 16/17-5-69 ਦੀ ਰਾਤ ਨੂੰ ਤੋਤਾ ਸਿੰਘ ਗੁਰਦੁਆਰਾ ਛੇਹਰਟਾ ਸਾਹਿਬ ਦੇ ਨੇੜੇ ਪਿੰਡ ਵਡਾਲੀ ਗੁਰੂ ਦੇ ਰਕਬੇ ਵਿਚ ਕਤਲ ਹੋਇਆ ਪਾਇਆ ਗਿਆ ਸੀ ਤੇ ਉਸਦੀ ਲਾਸ਼ ਇਕ ਖੇਤ ਵਿਚੋਂ ਬਰਾਮਦ ਹੋਈ ਸੀ। ਸ੍ਰੀ ਮਾਨ ਸਿੰਘ ਪੁਤਰ ਸੁੰਦਰ ਸਿੰਘ ਦੀ ਰਪੋਟ ਤੇ ਮੁਕਦਮਾ ਨੰ: 211 ਮਿਤੀ 17-5-69 ਅ: ਧ: 302 ਭ: ਦ: ਥਾਨਾ ਸਦਰ ਵਿਚ ਦਰਜ ਕੀਤਾ ਗਿਆ।

(ਐਫ) ਇਨ੍ਹਾਂ ਤਿੰਨਾਂ ਵਿਅਕਤੀਆਂ ਦੀਆਂ ਲਾਸ਼ਾਂ ਦਾ ਪੋਸਟ ਮਾਰਟਮ ਮੁਲਾਹਜ਼ਾ ਕਰਾਇਆ ਗਿਆ। ਡਾਕਟਰ ਦੀ ਰਪੋਟ ਜੋ ਉਸ ਨੇ ਹਰ ਕੇਸ ਵਿੱਚ ਮੁਲਾਹਜ਼ਾ ਕਰਕੇ ਦਿੱਤੀ ਤੋਂ ਪਤਾ ਲਗਾ ਕਿ ਹਰ ਕੇਸ ਵਿਚ ਮਿਰਤਕ ਦੀ ਮੌਤ ਚੋਟਾਂ ਨਾਲ ਹੋਈ ਜੋ ਉਸਦੇ ਸਰੀਰ ਤੇ ਸਨ।]

ਕਾਮਰੇਡ ਸੱਤਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਹੁਣ ਦਸਿਆ ਹੈ ਕਿ ਛੇਹਰਟਾ (ਅੰਮ੍ਰਿਤਸਰ] ਵਿੱਚ ਤਿੰਨ ਕਤਲ ਹੋਏ। ਪਰ ਅਨਸਟਾਰਡ ਸਵਾਲ 257 ਜੋ 1968-69 ਵਿੱਚ ਪੁੱਛਿਆ ਗਿਆ ਸੀ ਅਤੇ ਜਿਸ ਦੇ ਹਵਾਲੇ ਵਿਚ ਇਹ ਸਵਾਲ ਕੀਤਾ ਗਿਆ ਹੈ ਉਸ ਦਾ ਜਵਾਬ ਹੋਰ ਦਿੱਤਾ ਗਿਆ ਸੀ। ਉਦੋਂ ਸਵਾਲ ਇਹ ਕੀਤਾ ਗਿਆ ਸੀ—

'What is the total number of murders that took place at Chheharta in Amritsar district during the last three years ?'
The reply was 'Nil'.

ਤਾਂ ਪਹਿਲਾਂ ਜਵਾਬ ਗਲਤ ਦਿਤਾ ਗਿਆ ਅਤੇ ਕਿਹਾ ਗਿਆ ਕਿ ਕੋਈ ਮਰਡਰ ਨਹੀਂ ਹੋਇਆ ਤੇ ਹੁਣ ਇਨ੍ਹਾਂ, ਤਿੰਨ ਦਸੇ ਹਨ। ਤਾਂ ਕਿਸ ਤਰ੍ਹਾਂ ਉਦੋਂ ਜਵਾਬ ਗਲਤ ਦਿਤਾ ਗਿਆ ਅਤੇ ਇਸ ਦਾ ਜ਼ਿਮੇਵਾਰ ਕੌਣ ਹੈ, ਅਤੇ ਜੇਕਰ ਕੋਈ ਹੈ ਤਾਂ ਕੀ ਉਸ ਨੂੰ ਸਜ਼ਾ ਦੇਣਗੇ ?

ਮੁੱਖ ਮੰਤਰੀ : ਦੋਵੇਂ ਹੀ ਜਵਾਬ ਠੀਕ ਹਨ, ਕੋਈ ਆਪਸ ਵਿਚ ਕੰਟਰਾਡਿਕਟਰੀ ਨਹੀਂ। ਦੋ ਹੀ ਕੇਸ ਸਨ ਜਿਹੜੇ ਦਫਾ 460 ਹੇਠ ਰਜਿਸਟਰ ਕੀਤੇ ਗਏ ਅਤੇ ਮੇਰਾ ਖਿਆਲ ਹੈ 460 ਇਹ ਹੈ ਕਿ ਕਿਸੇ ਨੂੰ ਡਿਕਾਏ ਕਰ ਕੇ ਲੈ ਜਾਣਾ, ਇਸ ਇਨਟੈਨਸ਼ਨ ਨਾਲ ਕਿ ਮਰਡਰ ਕੀਤਾ ਜਾਵੇ। ਤੀਜਾ ਜਿਹੜਾ ਕੇਸ ਸੀ ਉਹ ਸੀ ਕਿਸੇ ਹੋਰ ਪਿੰਡ ਦੇ ਹਲਕੇ ਦਾ ਜੋ ਛੇਹਰਟੇ ਦੇ ਨੇੜੇ ਸੀ ਪਰ ਛੇਹਰਟਾ ਦਾ ਨਹੀਂ ਸੀ।

ਕਾਮਰੇਡ ਸੱਤਪਾਲ ਡਾਂਗ : ਕੀ ਇਹ ਠੀਕ ਹੈ ਕਿ ਜਿਹੜੇ ਮਰਡਰ ਹੁੰਦੇ ਹਨ ਉਨ੍ਹਾਂ ਨੂੰ ਪੁਲਿਸ ਰੀਕਾਰਡ ਨਹੀਂ ਕਰਦੀ ਤਾਂ ਕਿ ਮਰਡਰਜ਼ ਦੀ ਗਿਣਤੀ ਘੱਟ ਸ਼ੋ ਕੀਤੀ ਜਾਵੇ ?

ਮੁੱਖ ਮੰਤਰੀ : ਇਹ ਗਲਤ ਹੈ।

ਕਾਮਰੇਡ ਸੱਤਪਾਲ ਡਾਂਗ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਤੀਜਾ ਕਤਲ ਛੇਹਰਟੇ

[ਕਾਮਰੇਡ ਸੱਤਪਾਲ ਡਾਂਗ]
ਹੋਇਆ, ਛੇਹਰਟੇ ਦੀ ਮਿਯੂਨਿਸਪਲ ਲਿਮਟ ਵਿੱਚ ਹੋਇਆ ਅਤੇ ਗੁਰਦੁਵਾਰਾ ਸਾਹਿਬ ਦੀ ਕੰਧ ਨਾਲ ਹੋਇਆ ?

ਮੁੱਖ ਮੰਤਰੀ : ਨਹੀਂ ਜੀ, ਇਹ ਹਲਕਾ ਵਡਾਲੀ ਗੁਰੂ ਦਾ ਹੈ, ਛੇਹਰਟੇ ਦਾ ਨਹੀਂ ।

COMPLAINTS AGAINST CHIT FUNDS FUNCTIONING IN THE STATE

*1192. **Comrade Satya Pal Dang** : Will the Chief Minister be pleased to state :

(a) the number and nature of complaints received by the Govt. and or the District Police authorities during the period 1-1-67 to 31-12-69 in connection with/or against the various Chit Funds functioning in the State ;

(b) whether any criminal cases were registered on the basis of the complaints mentioned in part (a) above, if so, their number together with the number of cases in which the culprits were apprehended and prosecuted ;

(c) the number of such cases in which convictions took place ;

(d) whether the Government has any proposal under its consideration to protect the public from the Chit Funds run by unscrupulous persons ?

ਸਰਦਾਰ ਗੁਰਨਾਮ ਸਿੰਘ : ਲੋੜੀਂਦੀ ਸੂਚਨਾ ਦਾ ਵੇਰਵਾ ਵਿਧਾਨ ਸਭਾ ਦੀ ਮੇਜ਼ ਤੇ ਰਖਿਆ ਜਾਂਦਾ ਹੈ :

(ੳ)	(1) ਸਰਕਾਰ	21	
	(2) ਜ਼ਿਲਾ ਪੁਲਿਸ ਅਧਿਕਾਰੀ	13	ਇਹ ਸ਼ਿਕਾਇਤਾਂ ਲੋਕਾਂ ਦੇ ਫੰਡ ਵਿੱਚ ਖਿਆਨਤ ਕਰਨ ਸਬੰਧੀ ਸਨ ।
(ਅ)	(1) ਸਰਕਾਰ	ਨਿਲ	
	(2) ਜ਼ਿਲਾ ਪੁਲਿਸ ਅਧਿਕਾਰੀ	ਹਾਂ ।	6 ਕੇਸ ਦਰਜ ਕੀਤੇ ਗਏ । 2 ਮੁਕੱਦਮਿਆਂ ਵਿੱਚ 7 ਵਿਯਕਤੀ ਫਿਰੋਜ਼ਪੁਰ ਪੁਲਿਸ ਨੇ ਹਰਾਸਤ ਵਿੱਚ ਲਏ । ਇਨ੍ਹਾਂ 6 ਕੇਸਾਂ ਬਾਰੇ ਤਫਤੀਸ਼ ਜਾਰੀ ਹੈ ।
(ੲ)	ਕੋਈ ਨਹੀਂ ।		
(ਸ)	ਹਾਂ		ਸਰਕਾਰ ਇਸ ਮਾਮਲੇ ਤੇ ਵਿਚਾਰ ਕਰ ਰਹੀ ਹੈ ਕਿ ਇਨ੍ਹਾਂ ਚਿਟ ਫੰਡਾਂ ਦੇ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ ਜਾਂ ਨਹੀਂ ।

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਇਸ ਗੱਲ ਦੀ ਰੋਸ਼ਨੀ

ਵਿੱਚ ਕਿ ਜ਼ਿਲ੍ਹਾ ਅਥਾਰਟੀਜ਼ ਕੇਸ ਰਜਿਸਟਰ ਨਹੀਂ ਕਰਦੀਆਂ ਅਤੇ ਚਿਟ ਫੰਡ ਵਾਲੇ ਪੈਸੇ ਖਾ ਪੀ ਲੈਂਦੇ ਹਨ ਅਤੇ ਨੱਸ ਜਾਂਦੇ ਹਨ। ਪਬਲਿਕ ਦੀ ਇਹ ਆਮ ਸ਼ਿਕਾਇਤ ਹੈ ਇਸ ਨੂੰ ਬੰਦ ਕਰ ਦਿੱਤਾ ਜਾਵੇ। ਕੀ ਸਰਕਾਰੀ ਤੌਰ ਤੇ ਇਸ ਦੇ ਚਲਾਉਣ ਦੀ ਤਜਵੀਜ਼ ਹੈ ਤਾਂ ਕਿ ਲੋਕਾਂ ਦਾ ਰੁਪਿਆ ਸੇਫ ਰਹੇ ?

ਮੁੱਖ ਮੰਤਰੀ : ਇਹ ਸਵਾਲ ਵਿਚਾਰ ਅਧੀਨ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਿਟ ਫੰਡ ਵਾਲੇ ਲੁਟਾਈ ਬੜੀ ਕਰਦੇ ਹਨ, ਇਹ ਸ਼ਿਕਾਇਤ ਫ਼ਰੀਦਕੋਟ ਵਿੱਚ ਵੀ ਹੈ ਅਤੇ ਚਿਟ ਫੰਡ ਵਾਲੇ ਦਾ ਪਤਾ ਹੀ ਨਹੀਂ ਲਗਾ ਕਿ ਕਿਧਰ ਗਿਆ। ਤਾਂ ਕੀ ਸਰਕਾਰ ਇਸ ਨੂੰ ਬੰਦ ਕਰਨ ਨੂੰ ਤਿਆਰ ਹੈ।

ਮੁੱਖ ਮੰਤਰੀ : ਮੈਂ ਪਹਿਲਾਂ ਹੀ ਜਵਾਬ ਦਿੱਤਾ ਹੈ ਕਿ ਵਿਚਾਰ ਅਧੀਨ ਹੈ ?

ARREST OF SHRI TARLOK CHAND VACCINATOR BY THE D. S. P. TARN TARAN, DISTRICT AMRITSAR.

*1385. **Comrade Darshan Singh Jhabal :** Will the Chief Minister be pleased to state :

(a) whether it is a fact that Sardar Gurbaksh Singh, DSP, Tarn Taran, District Amritsar arrested Shri Tarlok Chand, a Vaccinator, red handed while accepting a bribe of Rs. 110/-;

(b) whether it is also a fact that a case under F. I. R. No. 100/68 has been registered in Tarn Taran City Police Station ;

(c) if reply to part (b) above be in the affirmative, whether it is a fact that the challan in respect of the said case has not been put up in the Court so far, if so, the reasons therefor ?

Sardar Gurnam Singh : (a) Yes.

(b) Yes.

(c) Shri Tarlok Chand was attached with Shri Baldev Raj, Inspector Health Department. During investigation, three persons gave affidavits that they had given bribes to Shri Baldev Raj also. After this, evidence had to be collected against Shri Baldev Raj also. Due to this reason investigation became lengthy. Thereafter case was sent to the Director, Health Services, Punjab, for according sanction for prosecution. Sanction received from the said office was defective and a fresh sanction has been sought for. The case is likely to be put in court soon.

[(ੲ) ਹਾਂ ਜੀ।

(ਬੀ) ਹਾਂ ਜੀ।

(ਸੀ) ਸ੍ਰੀ ਤਰਲੋਕ ਚੰਦ, ਸ੍ਰੀ ਬਲਦੇਵ ਰਾਜ ਇਨਸਪੈਕਟਰ ਹੈਲਥ ਵਿਭਾਗ ਨਾਲ ਲਗਾ ਹੋਇਆ ਸੀ। ਤਫਤੀਸ਼ ਦੇ ਦੌਰਾਨ 3 ਵਿਅਕਤੀਆਂ ਨੇ ਹਲਫੀਆ ਬਿਆਨ ਦਿੱਤੇ ਕਿ ਉਨ੍ਹਾਂ ਨੇ ਬਲਦੇਵ ਰਾਜ ਨੂੰ ਵੀ ਰਿਸ਼ਵਤ ਦਿਤੀ ਸੀ। ਇਸ ਤੋਂ ਉਪਰੰਤ ਸ੍ਰੀ ਬਲਦੇਵ ਰਾਜ

[ਮੁਖ ਮੰਤਰੀ]

ਵਿਰੁੱਧ ਵੀ ਗਵਾਹੀ ਇਕੱਠੀ ਕਰਨੀ ਸੀ। ਇਸ ਕਾਰਨ ਕਰਕੇ ਤਫਤੀਸ਼ ਲੰਬੀ ਹੋ ਗਈ। ਇਸ ਤੋਂ ਬਾਦ ਕੇਸ ਡਾਇਰੈਕਟਰ, ਸਿਹਤ ਵਿਭਾਗ ਪੰਜਾਬ ਨੂੰ ਪਰੋਸੀਕਿਊਸ਼ਨ ਦੀ ਮਨਜ਼ੂਰੀ ਲਈ ਭੇਜਿਆ ਗਿਆ। ਜੋ ਮਨਜ਼ੂਰੀ ਉਕਤ ਵਿਭਾਗ ਤੋਂ ਆਈ, ਉਸ ਵਿੱਚ ਕੁੱਝ ਖ਼ਾਮੀਂ ਸੀ। ਇਸ ਤਰ੍ਹਾਂ ਨਵੀਂ ਮਨਜ਼ੂਰੀ ਲਈ ਲਿਖਿਆ ਗਿਆ ਹੈ। ਸੰਭਾਵਨਾ ਹੈ ਕਿ ਮੁਕੱਦਮਾ ਛੇਤੀ ਹੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।]

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਇਸ ਜਵਾਬ ਨਾਲ ਤਸੱਲੀ ਨਹੀਂ ਹੋਈ। ਮੈਂ ਡੀਪਾਰਟਮੈਂਟ ਨੂੰ ਨੋਟ ਭੇਜਿਆ ਹੈ ਕਿ ਜੇਕਰ ਪਹਿਲੇ ਆਦਮੀ ਨੇ ਰਿਸ਼ਵਤ ਲਈ ਤਾਂ ਉਸ ਦਾ ਤਾਂ ਚਲਾਨ ਪੇਸ਼ ਹੋ ਜਾਣਾ ਚਾਹੀਦਾ ਸੀ। ਦੂਜੇ ਨੇ ਕਿਉਂਕਿ ਰਿਸ਼ਵਤ ਲਈ ਸੀ ਇਸ ਲਈ ਪਹਿਲੇ ਦੇ ਖਿਲਾਫ਼ ਵੀ ਚਲਾਨ ਨਾ ਪੇਸ਼ ਕੀਤਾ ਗਿਆ, ਇਸ ਨਾਲ ਮੇਰੀ ਤਸੱਲੀ ਨਹੀਂ ਹੋਈ।

ਕਾਮਰੇਡ ਦਰਸ਼ਨ ਸਿੰਘ ਝਬਾਲ : ਕੀ ਮੁੱਖ ਮੰਤਰੀ ਦੱਸਣਗੇ ਕਿ ਡੀਪਾਰਟਮੈਂਟ ਜਲਦੀ ਪ੍ਰਾਸੀਕਿਊਟ ਨਹੀਂ ਕਰ ਰਿਹਾ ਅਤੇ ਖਾਮੀ ਕੇਸ ਵਿੱਚ ਇਹ ਹੈ ਕਿ ਉਪਰਲੇ ਅਫ਼ਸਰ ਹੈਲਥ ਡੀਪਾਰਟਮੈਂਟ ਦੇ ਇਸ ਨੂੰ ਬਚਾਉਣਾ ਚਾਹੁੰਦੇ ਹਨ ਅਤੇ ਟਾਲ ਮਟੋਲ ਕਰ ਰਹੇ ਹਨ ?

ਮੁੱਖ ਮੰਤਰੀ : ਮੈਂ ਤਾਂ ਪਹਿਲਾਂ ਹੀ ਕਹਿ ਚੁਕਿਆ ਹਾਂ ਕਿ ਮੇਰੀ ਤਸੱਲੀ ਇਸ ਜਵਾਬ ਨਾਲ ਨਹੀਂ ਹੋਈ ਅਤੇ ਨੋਟ ਭੇਜਿਆ ਹੈ।

चौधरी बलबीर सिंह : क्या मुख्य मन्त्री यह बताएंगे कि इन की अपनी तसल्ली नहीं हुई और इन्हे शक है कि कुछ अफसरों ने गड़बड़ की है तो क्या यह उनके खिलाफ ऐकशन लेंगे ?

ਮੁੱਖ ਮੰਤਰੀ : ਸ਼ਕ ਦਾ ਸਵਾਲ ਨਹੀਂ। ਜੋ ਵਜਾਹ ਮਹਿਕਮੇ ਨੇ ਦਿੱਤੀ ਹੈ, ਉਹ ਗਲਤ ਹੈ। ਇਸ ਵਿੱਚ ਇਕ ਆਦਮੀ ਬਾਰੇ ਪਤਾ ਹੈ ਕਿ ਕਰੱਪਸ਼ਨ ਕਰਦਾ ਹੈ ਪਰ ਵਜਾਹ ਇਹ ਦਿੱਤੀ ਜਾਵੇ ਕਿ ਦੂਜਾ ਵੀ ਕਰਦਾ ਸੀ, ਇਸ ਲਈ ਦੇਰ ਹੋ ਗਈ ਹੈ, ਇਹ ਠੀਕ ਨਹੀਂ। ਇਕ ਦਾ ਤਾਂ ਚਲਾਨ ਹੋ ਜਾਣਾ ਸੀ ਤੇ ਦੂਜੇ ਬਾਰੇ ਜਦ ਗਵਾਹੀ ਮਿਲੇ ਉਸ ਦਾ ਵੀ ਹੋ ਜਾਣਾ ਚਾਹੀਦਾ ਹੈ। ਇਸੇ ਲਈ ਮੈਂ ਕਿਹਾ ਹੈ ਕਿ ਇਸ ਵਿੱਚ ਮੇਰੀ ਤਸੱਲੀ ਨਹੀਂ ਹੋਈ ਅਤੇ ਜਵਾਬ ਤੇ ਹੀ ਨੋਟ ਲਾ ਕੇ ਭੇਜਿਆ ਹੈ ਫਿਰ ਵੇਖਣ ਲਈ।

ਕਾਮਰੇਡ ਸੱਤਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਕੇਸ ਵਿੱਚ ਜਾਣ ਬੁੱਝ ਕੇ ਲਮਕ ਲਮਕਾ ਕੀਤਾ ਜਾ ਰਿਹਾ ਹੈ, ਇਕ ਨੂੰ ਦੂਜੇ ਨਾਲ ਜੋੜਿਆ ਜਾ ਰਿਹਾ ਹੈ। ਡੀ. ਐਚ. ਐਸ. ਦੀ ਸੈਂਕਸ਼ਨ ਡੀਫੈਕਟਿਵ ਸੀ ਤਾਂ ਕੀ ਇਹ ਲੁੱਕ ਇਨ ਕਰਨਗੇ ਕਿ ਸੱਚਮੁਚ ਉਹ ਡੀਫੈਕਟਿਵ ਸੀ ਜਾਂ ਜਾਣ ਬੁੱਝ ਕੇ ਡੀਫੈਕਟਿਵ ਬਣਾਈ ਗਈ ਹੈ ?

ਮੁੱਖ ਮੰਤਰੀ : ਡੀਫੈਕਟਿਵ ਸੈਂਕਸ਼ਨ ਜਾਣ ਬੁੱਝ ਕੇ ਵੀ ਹੋ ਸਕਦਾ ਹੈ ਅਤੇ ਟੈਕਨੀਕਲ ਵੀ ਹੋ ਸਕਦਾ ਹੈ। ਸਾਰੇ ਸਵਾਲ ਦਾ ਪਤਾ ਕਰਾਂਗੇ।

———

PUNJAB ROADWAYS BUS BURNT BY THE STUDENTS OF GURU NANAK ENGINEERING COLLEGE, LUDHIANA

*1541. **Sardar Kirpal Singh** : Will the Chief Minister be pleased to state :

(a) whether the students of the Guru Nanak Engineering College Ludhiana had burnt a Punjab Roadways Bus on the 30th or 31st January, 1970 ; if so, the value of the said bus ;

(b) whether the police challanned some persons in connection with the incident mentioned in part (a) above, if so, the date on which the said challan was put up ;

(c) the number of culprits shown in the said challan alongwith their names, parentage and their full home addresses ;

(d) the total number of persons arrested so far by the police in connection with the said incident ;

(e) the classes in which each of the arrested students study ;

(f) whether the Government proposes to withdraw the said case ; if so, the reasons therefor ?

ਸਰਦਾਰ ਗੁਰਨਾਮ ਸਿੰਘ :

(ੲ) ਹਾਂ ਜੀ। 95,000/- ਰੁਪਏ।

(ਬੀ) ਇਸ ਕੇਸ ਦੀ ਅਜੇ ਤਫਤੀਸ਼ ਹੋ ਰਹੀ ਹੈ।

(ਸੀ) ਸਵਾਲ ਹੀ ਪੈਦਾ ਨਹੀਂ ਹੁੰਦਾ।

(ਡੀ) 6 ਵਿਦਿਆਰਥੀ।

(ਈ) ਛੇ ਹੀ ਵਿਦਿਆਰਥੀ, ਟੀ. ਡੀ. ਸੀ. ਪਾਰਟ II ਕਲਾਸ ਵਿੱਚ ਪੜ੍ਹ ਰਹੇ ਹਨ।

(ਐਫ) ਇਸ ਸਟੇਜ ਤੇ ਇਸ ਦਾ ਸਵਾਲ ਨਹੀਂ ਉੱਠਦਾ।

[(a) Yes Rs. 95000/-

(b) The case is still under investigation.

(c) Question does not arise.

(d) Six students.

(e) All the six students are studying in the IInd year T. D. C.

(f) The question does not arise at this stage.]

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਮੁੱਖ ਮੰਤਰੀ ਦੱਸਣਗੇ ਕਿ ਇਸ ਵਾਕੇ ਤੋਂ ਇਲਾਵਾ ਜਨਵਰੀ ਦੇ ਅਖੀਰ ਵਿੱਚ ਸਰਕਾਰੀ ਜਾਇਦਾਦ ਨੂੰ, ਭਾਰਤ ਸਰਕਾਰ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਗਿਆ ? ਇਸੇ ਤਰ੍ਹਾਂ ਡਾਕ ਘਰਾਂ ਅਤੇ ਰੇਲਵੇ ਸਟੇਸ਼ਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ ? ਉਸ ਦੇ ਬਾਰੇ ਵਿੱਚ ਕੀ ਕਾਰਵਾਈ ਕੀਤੀ ਗਈ ਹੈ ?

ਮੁੱਖ ਮੰਤਰੀ : ਇਸ ਵਾਸਤੇ ਵੱਖਰੇ ਨੋਟਿਸ ਦੀ ਲੋੜ ਹੈ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਮੁੱਖ ਮੰਤਰੀ ਦਸਣਗੇ ਕਿ ਇਥੇ ਬਸ ਜਲਾਉਣ ਤੋਂ ਬਾਦ ਲੋਕਲ ਬਸ ਨੂੰ ਇਸ ਰੂਟ ਤੇ ਚਲਾਉਣਾ ਬੰਦ ਕਰ ਦਿਤਾ ਗਿਆ ਹੈ ?

ਮੁੱਖ ਮੰਤਰੀ : ਆਨਰੇਬਲ ਮੈਂਬਰ ਇਸ ਦਾ ਨੋਟਿਸ ਦੇ ਦੇਣ ਪਤਾ ਕਰ ਦਿਆਂਗਾ।

ਸਰਦਾਰ ਕਿਰਪਾਲ ਸਿੰਘ : ਕੀ ਮੁੱਖ ਮੰਤਰੀ ਦੱਸਣਗੇ ਕਿ ਜਿਹੜੇ 6 ਲੜਕੇ ਗ੍ਰਿਫ਼ਤਾਰ ਹਨ ਉਨ੍ਹਾਂ ਦੇ ਮੁਤੱਲਕ ਇਨਕੁਆਇਰੀ ਕਰਨ ਲਈ ਤਿਆਰ ਨੇ ਕਿ ਉਨ੍ਹਾਂ ਵਿੱਚ ਕੋਈ ਬੇਗੁਨਾਹ ਤਾਂ ਨਹੀਂ, ਕਿਉਂਕਿ ਪੁਲਿਸ, ਜਿਹੜਾ ਹੱਥ ਆਵੇ, ਫੜ ਲੈਂਦੀ ਹੈ ਅਤੇ ਇਸ ਤਰ੍ਹਾਂ ਬੇਗੁਨਾਹੇ ਫੜੇ ਜਾਂਦੇ ਹਨ ?

ਮੁੱਖ ਮੰਤਰੀ : ਇਸ ਦੇ ਬਾਰੇ ਵਿੱਚ, ਤਫਤੀਸ਼ ਦੇ ਬਾਰੇ, ਕੋਈ ਸ਼ਿਕਾਇਤ ਮੇਰੇ ਪਾਸ ਨਹੀਂ ਆਈ।

REGISTRATION OF A CASE AGAINST SHRI BALDEV RAJ FOOD INSPECTOR

*1387. **Comrade Darshan Singh Jhabal** : Will the Chief Minister be pleased to state :

(a) whether any enquiry was held against Shri Baldev Raj, Food Inspector by the Vigilance Department, Amritsar on 1.12.69 ;

(b) whether it is also a fact that the Vigilance authorities have asked the Police to register a case against him ;

(c) if the reply to part (b) above be in the affirmative, the details of the steps, if any, so far taken by the Government in this connection ?

ਸਰਦਾਰ ਗੁਰਨਾਮ ਸਿੰਘ : (ੳ) ਹਾਂ ਜੀ।

(ਅ) ਹਾਂ ਜੀ।

(ੲ) ਧਾਰਾ 5 (2) 47 ਪੀ: ਸੀ: ਐਕਟ:

ਧਾਰਾ 465/467/202 ਆਈ: ਪੀ: ਸੀ:

ਦੇ ਅਧੀਨ ਪੁਲਿਸ ਸਟੇਸ਼ਨ ਸ਼ਹਿਰ ਤਰਨਤਾਰਨ ਵਿੱਚ ਕੇਸ ਐਫ. ਆਈ. ਆਰ. ਨੰ: 54 ਮਿਤੀ 24/2/70 ਦਰਜ਼ ਕਰਵਾਇਆ ਜਾ ਚੁਕਿਆ ਹੈ ਅਤੇ ਤਫਤੀਸ਼, ਸਪੈਸ਼ਲ ਇਨਕੁਆਰੀ ਏਜੰਸੀ ਯੂਨਿਟ ਚੰਡੀਗੜ੍ਹ ਦੇ ਸਪੁਰਦ ਕਰ ਦਿੱਤੀ ਗਈ ਹੈ।

ਕਾਮਰੇਡ ਦਰਸ਼ਨ ਸਿੰਘ ਝਬਾਲ : ਮੇਰਾ ਇਹ ਸਵਾਲ ਪਿਛਲੇ ਸੈਸ਼ਨ ਤੋਂ ਲਮਕਦਾ ਆ ਰਿਹਾ ਹੈ, ਉਸ ਵੇਲੇ ਵੀ ਇਹੋ ਜਵਾਬ ਦਿੱਤਾ ਗਿਆ ਸੀ ਕਿ ਇਨਕੁਆਇਰੀ ਜਾਰੀ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਦੋਸ਼ੀ ਗ੍ਰਿਫਤਾਰ ਵੀ ਕੀਤਾ ਗਿਆ ਜਾਂ ਨਹੀਂ ?

ਮੁੱਖ ਮੰਤਰੀ : ਮੈਂ ਇਸ ਵੇਲੇ ਇਹੋ ਕਹਿ ਸਕਦਾ ਹਾਂ ਕਿ ਇਹ ਸਪੈਸ਼ਲ ਇਨਕੁਆਇਰੀ ਦੇ ਵਾਸਤੇ ਭੇਜ ਦਿੱਤਾ ਗਿਆ ਹੈ।

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਹੀ ਹੈ ਕਿ ਵਿਜੀਲੈਂਸ ਡਿਪਾਰਟਮੈਂਟ ਨਾਲ ਮਿਲਕੇ ਇਨਸਪੈਕਟਰ, ਕੇਸਾਂ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ?

ਮੁੱਖ ਮੰਤਰੀ : ਇਹ ਸਵਾਲ ਕਿਸੇ ਸਿਲਸਿਲੇ ਵਿੱਚ ਕਲ੍ਹ ਵੀ ਉਠਿਆ ਸੀ, ਮੈਂ ਕਿਹਾ ਸੀ ਕਿ

ਅਸੀਂ ਉਥੇ ਇਕ ਕੈਮਿਸਟ ਦੀ ਡਿਊਟੀ ਲਗਾਈ ਹੈ। ਇਸ ਮੁਆਮਲੇ ਦੀ ਸਪੈਸ਼ਲ ਫਲਾਈਂਗ ਸੁਕੈਡ ਇਨਕੁਆਇਰੀ ਕਰ ਰਿਹਾ ਹੈ। ਮੈਂ ਇਸ ਬਾਰੇ ਇਹ ਵੀ ਕਿਹਾ ਹੈ ਕਿ ਉਹ ਮੈਨੂੰ ਕੋਈ ਫੂਲ ਪਰੂਫ ਸਕੀਮ ਤਿਆਰ ਕਰਕੇ ਦੇਣ।

ਵੈਦ ਕਰਤਾਰ ਸਿੰਘ : ਕੀ ਮੁੱਖ ਮੰਤਰੀ ਜੀ ਇਸ ਗੱਲ ਦੀ ਪੜਤਾਲ ਕਰਾਉਣ ਵਾਸਤੇ ਤਿਆਰ ਹਨ ਕਿ ਜਦੋਂ ਮਹਿਕਮੇ ਦਾ ਹੈਡ ਕਿਸੇ ਅਫ਼ਸਰ ਨੂੰ ਬਚਾਉਣਾ ਚਾਹੇ ਤਾਂ ਉਹ ਕੇਸ ਨੂੰ ਲੰਬਾ ਕਰ ਦੇਂਦਾ ਹੈ ? ਕੀ ਇਸ ਕੇਸ ਦੇ ਮੁਤਾਬਿਕ ਐਸੀ ਕੋਈ ਗੱਲ ਉਨ੍ਹਾਂ ਦੇ ਨੋਟਿਸ ਵਿੱਚ ਆਈ ਹੈ ?

ਮੁੱਖ ਮੰਤਰੀ : ਨਹੀਂ ਜੀ, ਮੇਰੇ ਨੋਟਿਸ ਦੇ ਵਿੱਚ ਐਸੀ ਕੋਈ ਗੱਲ ਨਹੀਂ ਹੈ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਪੁਲਿਸ ਨੂੰ ਇਹ ਹਦਾਇਤ ਕਰਨਗੇ ਕਿ ਉਹ ਇਸ ਕੇਸ ਨੂੰ ਛੇਤੀ ਤੋਂ ਛੇਤੀ ਮੁਕੰਮਲ ਕਰਕੇ ਭੇਜਣ ?

(ਕੋਈ ਜੁਆਬ ਨਹੀਂ ਦਿੱਤਾ ਗਿਆ।)

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜੋ ਫੇਲ੍ਹ ਹੋਏ ਸੈਂਪਲ, ਸੇਲ ਕਰਨ ਲਈ ਵਾਪਸ ਕਰ ਦਿੱਤੇ ਜਾਂਦੇ ਹਨ, ਕੀ ਉਨ੍ਹਾਂ ਦਾ ਫੂਡ ਤੇ ਕੋਈ ਭੈੜਾ ਅਸਰ ਨਹੀਂ ਪੈਂਦਾ ? ਇਹ ਜਵਾਬ ਦੇਣ।

(ਕੋਈ ਜਵਾਬ ਨਹੀਂ ਦਿੱਤਾ ਗਿਆ।)

POLITICAL SUFFERERS IN RECEIPT OF PENSIONS

***1588. Comrade Babu Singh Master** : Will the Chief Minister be pleased to state :

(a) the total number of political sufferers in the State who are being given pensions by the Punjab Government at present;

(b) the rate of these pensions;

(c) the conditions for the entitlement of these pensions;

(d) whether the Government has any proposal under its consideration to revise the rates of pensions referred to in part (a) above.

(e) the date when the present rates of pension were fixed ?

Sardar Gurnam Singh, : (a) 3941.

(b) Rates at which financial assistance is being paid are given in a statement 'A' which is laid on the Table of the House.

(c) The conditions for the entitlement to financial assistance are contained in statements 'B' & 'C', which are also laid on the Table of the House.

(d) No.

(e) The financial assistance at the rate of Rs. 25/- P. M. is being given with effect from Ist January, 1968. In other cases financial

[Chief Minister]

assistance at ad-hoc rates is being paid from the date of sanction in each individual case.

(ਏ) 3941 ।

[(ਬੀ) ਮਾਇਕ ਸਹਾਇਤਾ ਦੇ ਦਰ ਅਨੁਲੱਗ 'ਏ' ਵਿੱਚ ਦਿੱਤੇ ਜਾਂਦੇ ਹਨ, ਜਿਸ ਦੀ ਕਾਪੀ ਸਦਨ ਦੀ ਮੇਜ਼ ਉੱਤੇ ਰੱਖੀ ਜਾਂਦੀ ਹੈ ।

(ਸੀ) ਮਾਇਕ ਸਹਾਇਤਾ ਦੀ ਮਨਜ਼ੂਰੀ ਲਈ ਸ਼ਰਤਾਂ ਅਨੁਲੱਗ 'ਬੀ' ਅਤੇ 'ਸੀ' ਵਿੱਚ ਦਿੱਤੀਆਂ ਜਾਂਦੀਆਂ ਹਨ, ਜਿਸ ਦੀਆਂ ਕਾਪੀਆਂ ਵੀ ਸਦਨ ਦੀ ਮੇਜ਼ ਉੱਤੇ ਰੱਖੀਆਂ ਜਾਂਦੀਆਂ ਹਨ ।

(ਡੀ) ਨਹੀਂ ।

(ਈ) 25/- ਰੁਪਏ ਮਾਸਿਕ ਦਰ ਉੱਤੇ ਮਾਇਕ ਸਹਾਇਤਾ 1 ਜਨਵਰੀ, 1968 ਤੋਂ ਦਿੱਤੀ ਜਾ ਰਹੀ ਹੈ । ਦੂਜੇ ਕੇਸਾਂ ਵਿੱਚ, ਤਦਅਰਥ ਤੌਰ ਤੇ ਮਾਇਕ ਸਹਾਇਤਾ ਹਰ ਇਕ ਕੇਸ ਵਿੱਚ ਪ੍ਰਵਾਨਗੀ ਦੀ ਮਿਤੀ ਤੋਂ ਦਿੱਤੀ ਜਾ ਰਹੀ ਹੈ ।]

STATEMENT—'A'

The number of Political Sufferers.	The rate of financial assistance given to the Political Sufferer per month.
3757	Rs. 25/-
78	Rs. 30/-
1	Rs. 35/-
14	Rs. 40/-
4	Rs. 45/-
42	Rs. 50/-
7	Rs. 60/-
2	Rs. 70/-
13	Rs. 75/-
1	Rs. 80/-
5	Rs. 100/-
1	Rs. 125/-
8	Rs. 150/-
1	Rs. 180/-
1	Rs. 250/-
2	Rs. 300/-
Total 3941	

STATEMENT—'B'

CRITERIA FOR THE GRANT OF FINANCIAL ASSISTANCE TO THE POLITICAL SUFFERERS

(As modified by the N. W. (R & R) Board, Punjab on 18.7.1969.

1. Any person who has undergone imprisonment or suffered otherwise in connection with certain movements recognised by Government as National Movement is a Political Sufferer for the purpose of grant of financial assistance from the Punjab National Workers' Relief Fund.

2. The following movements have so far been recognised as National Movements by Government :—

(i) Anti Colony Act Movement, 1907-8.

(Sponsored by L. Lajpat Rai and S. Ajit Singh)

(ii) Ghaddar and allied movements 1912-15

(including Kama Gata Maru Ship Movement-the period of stay aboard the ship not to be taken into account.)

(iii) Independence Movements viz :—

(a) Anti Rowlett Act Movement, 1919.

(b) Non-cooperation Movement, 1920-22.

(c) Civil Dis-obedience Movement, 1930–31.

(d) Individual Satyagraha, 1940-41.

(e) Quit India Movement, 1942-45.

(iv) Akali Movement.

(v) Babar Akali Movement.

(vi) Indian National Army Movement including some specified General Military cases and Royal India Navy Revolt.

(vii) Kirti Movement.

(viii) Kisan Morcha Movement.

(ix) Parja Mandal Movement.

(x) Khilafat Movement.

(xi) Ahrar Movement, and

(xii) Hindustan Socialist Republic Army Movement including Naujwan Bharat Sabha Movement.

3. (i) No financial assistance is to be given to a Political Sufferer who has undergone imprisonment for less than six months.

(ii) The criterion of imprisonment lays down only one form of National Service for eligibility of financial assistance, but did not preclude consideration of other forms of service to Nation, in special cases.

[Chief Minister]

4. No financial assistance is to be given to the Political Sufferers, permanently residing outside the Punjab State. However, hard cases of such political sufferers who originally belong to the present Punjab State can be considered by the Minister-in-Charge in consultation with the President of the Board.

5. Financial assistance is not to be given to those political sufferers whose income is Rs. 75/- p. m. or more.

6. When a political sufferer, receiving financial assistance from the National Workers Relief Fund, dies his financial assistance may be transferred in favour of his widow with the approval of the President of the N. W. (R & R) Board from the date of his death. It should in no case be transferred in favour of any one of his other descendants even if minors. The widow will continue to receive this financial assistance till her death or remarriage.

7. No financial assistance is to be given to a political sufferer who has received assistance already in the form of land grants or rehabilitation grant etc.

8. Any political sufferer who was permanently disabled due to his participation in the recognised National Movements is entitled to financial assistance irrespective of the fact, whether or not he underwent any imprisonment.

9. The amount of financial assistance to political sufferers is determined on the following basis :—

Period of Actual Imprisonment Undergone	The Amount of Financial Assistance to be given
(i) From 6 months upto 1 year.	1. To be paid at old rates only upto 30.9.1958 and nothing thereafter in cases where the political sufferers have been getting financial assistance during the previous years. 2. A lumpsum amount of Rs. 250/- once for all in fresh cases.
(ii) Above one year.	Rs. 25/ per mensem.
(iii)	The amount of financial assistance to be given to permanently disabled persons is to be determined according to the percentage of their disability.

10. Financial assistance in special cases is to be determined on adhoc basis. In future the adhoc grant of financial assistance should not exceed Rs. 100/- p.m. in any case. Such cases should be decided by the Minister-in-Charge in consultation with the

Chief Minister who is the President of the Board.

11. In cases where a political sufferer dies before his cases could be considered for the grant of financial assistance, fresh application from his widow should be entertained and financial assistance, granted to her if she is found eligible under the normal rules on the basis of her husband's sacrifices.

12. In adhoc cases on the death of a political sufferer his widow should be given half the amount of adhoc grant or the amount admissible to her under the rules whichever is more.

13. Where financial assistance has been stopped on account of the absence of the political sufferer from his usual place of residence, when the money order of financial assistance reaches his home, the financial assistance so withheld may be released to the political sufferers concerned, alongwith the arrears of financial assistance involved, if any, on providing a satisfactory explanation, subject to the following conditions :

(1) If the financial assistance of a political sufferer has been stopped on account of some technical defects, say wrong, address or non inclusion of his name in the sanctioned list, then the financial assistance may be released from the date of its stoppage.

(2) "If a political sufferer's pension is received back on account of his/her absence from the village and if he/she applies for its restoration within two calender months following the month in which the money order is sent, then it may be restored from the date of its stoppage.

(3) "If a political sufferer applies after a period of two months but within 6 months of the despatch of his/her financial assistance, it may be released from the following month in which the application is received.

(4) In case a political sufferer applies after a period of six months then in the case of an aged person or a widow an affidavit may be obtained from him/her while in the case of others usual reports may be obtained from the Deputy Commissioner concerned. On receipt of the affidavits/Deputy Commissioner's reports, financial assistance may be released from the date of orders.

(5) If a political sufferer applies for the renewal of his pension, which was stopped long ago, then the present policy to discourage its restoration, should be followed. However, if a number of representations are received from the political sufferers, then it should be treated as a fresh case and after completing the usual formalities, the case should be put up before the Board for a decision."

Provided that in any particular case of hardship Board may grant financial assistance from a date earlier than that provided in clauses 3 and above."

14. Fresh application for the grant of financial assistance may be

[Chief Minister]

entertained by a date to be prescribed through a press note in cases :-

(i) Where the financial assistance was denied to a political sufferer out of political discrimination.

(ii) Where the applicants are covered by the National Movements which have now been added to the criteria. For calculating the period that of imprisonment undergone only such periods of detention or the period spent as under trial prisoners were to be counted as were to the either 6 months or more i.e. period of detention or that spent as under trial prisoner which were less than six months in length collectively were not to be counted as imprisonment.

STATEMENT—'C'

CRITERIA FOR THE GRANT OF FINANCIAL ASSISTANCE TO EX. I. N. A. PERSONNEL

(As modified by the N. W. (R & R Board, Punjab on 18.7.1969).

1. Only such Ex. I. N. A. personnel are eligible to the grant of financial assistance from the National Workers Relief Fund who come under the following categories :—

(a) The Ex. I. N. A. personnel disabled orincapacitated during the I. N. A. Movement and those who had joined I. N. A. and now through advanced age, infirmity or other disability, are not in a position to earn their livelihood;

(b) Those who suffered losses on account of their active participation in the I. N. A. Movement and lost their service or occupation and are now in straitened circumstances as well as those who contributed all that they possessed to the I. N. A. Movement and are now in indigent circumstances;

(c) The Ex. I. N. A. personnel who on return to India, joined the country's political activities and have continued to do so ever since and are now in indigent circumstances;

(d) Destitute widows, children and mothers of the Ex. I. N. A. personnel who were killed abroad while participating in the I. N. A. Movement.

2. The Ex. I. N. A. personnel will be granted a financial assistance at the rate of Rs. 25/- per month and at higher rates in adhoc cases, subject to the maximum of Rs. 100/- P. M.

3. From the above mentioned Ex. I. N. A. personnel only those are eligible who.

(a) have not been allotted land under the scheme for the rehabilitation of political sufferers.

(b) is not in receipt of any financial assistance from the State

Government or from any other State Government.

(c) whose income from all sources should be less than Rupees 75/- per month.

(d) No financial assistance is to be given to an Ex. I. N. A. Personnel who have domiciled outside the Punjab.

4. When an I. N. A. personnel, receiving financial assistance from the National Relief Fund dies, his financial assistance may be transferred to his widow on the approval of the President of the N. W. (R & R) Board from the date of his death. It should in no case be transferred in favour of any one of his other descendants even if minors. The widow will continue to receive this financial assistance till her death or remarriage.

5. Where financial assistance has been stopped on account of the absence of the I. N. A. personnel from his usual place of residence, when the money order of financial assistance reaches his home, the financial assistance so withheld may be released to the I. N. A. Personnel concerned alongwith the arrears.

1. "If the financial assistance of a political sufferer has been stopped on account of some technical defects say wrong address or non inclusion of his name in the sanctioned list, then the financial assistance may be released from the date of its stoppage."

2. "If a political sufferer's pension is received back on account of his/her absence from the village and if he/she applies for its restoration within two calender months following the month in which the money order is sent, then it may be restored from the date of its stoppage."

3. "If a political sufferer applies after a period of two months but within 6 months of the despatch of his/her financial assistance, it may be released from the following month in which the application is received.

4. In case a political sufferer applies after a period of six months then in the case of an aged person or a widow, an affidavit may be obtained from him/her while in the case of others usual reports may be obtained from the Deputy Commissioner concerned, on receipt of the affidavit/Deputy Commissioner's reports, financial assistance may be released from the date of orders.

5. If a political sufferer applies for the renewal of his financial assistance which was stopped long ago, then the present policy to discourage its restoration, should be followed. However, if a number of representations are received from the political sufferers, then it should be treated as a fresh case and after completing the usual formalities, the case should be put up before the Board for a decision."

Provided that in any particular case of hardship Board

[Chief Minister]

may grant financial assistance from date earlier than that provided in clauses 3 and 4 above."

6. Fresh applications for the grant of the financial assistance may be entertained in case where financial assistance was denied to I.N.A personnel out of political discrimination by a date to be prescribed through a Press communique.

ਕਾਮਰੇਡ ਸੱਤ ਪਾਲ ਡਾਂਗ : ਜਿਹੜਾ ਜਵਾਬ ਹਾਊਸ ਦੀ ਮੇਜ਼ ਤੇ ਰਖਿਆ ਹੈ, ਉਸ ਦਾ ਮਤਲਬ ਇਹ ਨਿਕਲਦਾ ਹੈ ਕਿ ਜਿਸ ਆਦਮੀ ਦੀ ਆਮਦਨ 75 ਰੁ: ਤੋਂ ਵੱਧ ਹੋਵੇ ਉਸ ਨੂੰ ਇਹ ਪੈਨਸ਼ਨ ਨਹੀਂ ਦਿੱਤੀ ਜਾਵੇਗੀ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਪੁਲੀਟੀਕਲ ਸਫਰਰ ਦੇ ਤੌਰ ਤੇ ਪੈਨਸ਼ਨ ਉਨ੍ਹਾਂ ਨੂੰ ਵੀ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਸੈਂਕੜੇ ਏਕੜ ਜ਼ਮੀਨ ਹੈ ?

ਮੁੱਖ ਮੰਤਰੀ : ਜੇ ਉਨ੍ਹਾਂ ਦੇ ਨੋਟਿਸ ਵਿੱਚ ਕੋਈ ਐਸਾ ਕੇਸ ਹੋਵੇ ਤਾਂ ਉਹ ਸਾਨੂੰ ਦੱਸਣ ਅਸੀਂ ਇਸ ਦੀ ਇਨਕੁਆਇਰੀ ਕਰਾਉਣ ਲਈ ਤਿਆਰ ਹਾਂ।

ਸ੍ਰੀ ਗਿਆਨ ਚੰਦ ਖਰਬੰਦਾ : ਮੈਂ ਮੁੱਖ ਮੰਤਰੀ ਜੀ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀਆਂ ਕਿਤਨੀਆਂ ਕੁ ਦਰਖ਼ਾਸਤਾਂ ਲਟਕ ਰਹੀਆਂ ਹਨ ਜਿਨ੍ਹਾਂ ਨੂੰ ਪੁਲੀਟੀਕਲ ਸਫਰਰ ਹੋਣ ਦੇ ਬਾਵਜੂਦ ਵੀ ਹੁਣ ਤੱਕ ਪੈਨਸ਼ਨਾਂ ਨਹੀਂ ਮਿਲੀਆਂ ?

ਮੁੱਖ ਮੰਤਰੀ : ਇਸ ਵੇਲੇ ਨਹੀਂ ਦਸਿਆ ਜਾ ਸਕਦਾ। ਇਸ ਦੇ ਲਈ ਨੋਟਿਸ ਚਾਹੀਦਾ ਹੈ।

ਸਰਦਾਰ ਕਿਰਪਾਲ ਸਿੰਘ : ਕੀ ਇਨ੍ਹਾਂ ਪੈਨਸ਼ਨਾਂ ਦੇ ਨਾਲ ਨਾਲ ਜਿਹੜੀ ਮਹਿੰਗਾਈ ਵੱਧ ਰਹੀ ਹੈ, ਟਾਈਮ ਟੂ ਟਾਈਮ ਮਹਿੰਗਾਈ ਅਲਾਊਂਸ ਵਧਾਉਣ ਦਾ ਵੀ ਸਰਕਾਰ ਕੋਈ ਯਤਨ ਕਰੇਗੀ ?

ਮੁੱਖ ਮੰਤਰੀ : ਇਹ ਮੁਆਮਲਾ 75/- ਦੀ ਬਜਾਏ 100/- ਕਰਨ ਦਾ ਸਰਕਾਰ ਦੇ ਜ਼ੇਰੇ ਗ਼ੌਰ ਹੈ, ਪਰ ਮੈਂ ਡੈਫਿਨਿਟਲੀ ਇਸ ਬਾਰੇ ਅਜੇ ਕੁੱਝ ਨਹੀਂ ਕਹਿ ਸਕਦਾ। ਮਹਿਗਾਈ ਅਲਾਊਂਸ ਪਹਿਲਾਂ 10/- ਸੀ, ਫੇਰ 20/- ਕੀਤਾ ਹੁਣ 20/- ਤੋਂ 25/- ਕਰ ਦਿੱਤਾ ਗਿਆ ਹੈ।

ਚੌਧਰੀ ਕੇਵਲ ਕ੍ਰਿਸ਼ਨ : ਕੀ ਸਰਕਾਰ ਐਸੇ ਪੁਲੀਟੀਕਲ ਸਫਰਰਜ਼ ਦੇ ਖਿਲਾਫ਼ ਕੋਈ ਐਕਸ਼ਨ ਲੈਣ ਦਾ ਖ਼ਿਆਲ ਰਖਦੀ ਹੈ, ਜਿਹੜੇ ਪੁਲੀਟੀਕਲ ਸਫਰਰਜ਼ ਦੇ ਤੌਰ ਤੇ ਪੈਨਸ਼ਨ ਲੈ ਰਹੇ ਹਨ ਪਰ ਉਨ੍ਹਾਂ ਦੀ ਆਮਦਨ 75/- ਮਾਹਵਾਰ ਤੋਂ ਕਿਤੇ ਵੱਧ ਹੈ ?

ਮੁੱਖ ਮੰਤਰੀ : ਹਜ਼ਾਰਾਂ ਦੀ ਤਾਦਾਦ ਵਿੱਚ ਪੁਲੀਟੀਕਲ ਸਫਰਰਜ਼ ਹਨ, ਪਰ ਜਿਸ ਬਾਰੇ ਨੋਟਿਸ ਵਿੱਚ ਆ ਜਾਵੇ ਅਸੀਂ ਐਕਸ਼ਨ ਲੈਂਦੇ ਹਾਂ।

ਮੇਜਰ ਹਰਿੰਦਰ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਨਣੀ ਚਾਹੁੰਦਾ ਹਾਂ ਕਿ ਜਿਹੜੇ ਪੁਲੀਟੀਕਲ ਸਫਰਰਜ਼ ਟਰੀਟ ਕੀਤੇ ਜਾਂਦੇ ਹਨ ਉਨ੍ਹਾਂ ਬਾਰੇ ਕਿਹੜੀਆਂ ਗੱਲਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਪੁਲੀਟੀਕਲ ਸਫ਼ਰਰਜ਼ ਟਰੀਟ ਕੀਤਾ ਜਾਂਦਾ ਹੈ ?

ਮੁੱਖ ਮੰਤਰੀ : ਇਸ ਦੇ ਲਈ ਬਾਕਾਇਦਾ ਤੌਰ ਤੇ ਸੈੱਟ ਰੂਲਜ਼ ਹਨ ਕਿ ਉਸ ਦੀ ਆਮਦਨ ਸਾਲਾਨਾ ਇਤਨੇ ਤੋਂ ਵੱਧ ਨਾ ਹੋਵੇ, ਇਸ ਤਰ੍ਹਾਂ ਦੀ ਕੁਰਬਾਨੀ ਹੋਵੇ ਆਦਿ। ਇਸ ਸਾਰੇ ਕੁਝ ਦੇ ਲਈ ਸੈੱਟ ਰੂਲਜ਼ ਬਣੇ ਹੋਏ ਹਨ।

चौधरी बलबीर सिंह : क्या मन्त्री महोदय यह बताने की कृपा करेंगे कि आया पौलिटीकल सफरर्ज़ को पैनशन के इलावा और भी कोई रियायतें दी जाती हैं ?

ਮੁੱਖ ਮੰਤਰੀ : ਇਸ ਦੇ ਲਈ ਨੋਟਿਸ ਚਾਹੀਦਾ ਹੈ ।

ਵੈਦ ਕਰਤਾਰ ਸਿੰਘ : ਕੀ ਮੁੱਖ ਮੰਤਰੀ ਜੀ ਇਸ ਗੱਲ ਵੱਲ ਧਿਆਨ ਦੇਣਗੇ ਕਿ ਪੁਲੀਟੀਕਲ ਸਫਰਰਜ਼ ਨੂੰ ਜਦੋਂ ਪੈਨਸ਼ਨਾਂ ਮਿਲੀਆਂ ਤਾਂ ਉਸ ਵਕਤ ਉਨ੍ਹਾਂ ਸਫਰਰਜ਼ ਨੂੰ ਹੀ ਮਿਲੀਆਂ ਜੋ ਸਰਕਾਰ ਦੇ ਨੇੜੇ ਸਨ ਅਤੇ ਉਨ੍ਹਾਂ ਦੇ ਹਰਮਨ ਪਿਆਰੇ ਸਨ ? ਕੀ ਜਿਹੜੇ ਬੰਦੇ ਰਹਿ ਗਏ ਹਨ, ਉਨ੍ਹਾਂ ਬਾਰੇ ਇਹ ਸਰਕਾਰ ਕੁਝ ਵਿਚਾਰ ਕਰੇਗੀ ?

ਮੁੱਖ ਮੰਤਰੀ : ਜੇ ਕੋਈ ਐਸਾ ਕੇਸ ਹੋਵੇ ਤਾਂ ਉਹ ਅਰਜ਼ੀ ਦੇ ਦੇਣ ਅਸੀਂ ਵਿਚਾਰ ਕਰ ਲਵਾਂਗੇ ।

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਵਜ਼ੀਰ ਸਾਹਿਬ ਤੋਂ ਇਤਨੀ ਕੁ ਗੱਲ ਹੀ ਜਾਨਣੀ ਚਾਹੁੰਦਾ ਹਾਂ ਕਿ ਕੀ ਜਥੇਦਾਰ ਫੇਰੂਮਾਨ ਦੀ ਫੈਮਲੀ ਨੂੰ ਪੁਲੀਟੀਕਲ ਸਫਰਰ ਕਰਾਰ ਦਿੱਤਾ ਜਾਵੇਗਾ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

VISIT BY GENERAL MANAGER PUNJAB STATE CO-OPERATIVE BANK TO THE CO-OPERATIVE BANKS AT PATIALA AND RAJPURA.

*1685. **Sardar Kirpal Singh Makhewala** : Will the Chief Minister be pleased to state—

(a) whether it has come to the notice of the Government that the General Manager, Punjab State Co-operative Bank and Deputy Chief Officer, Agricultural Credit Department, made a surprise visit to the Co-operative Banks at Rajpura and Patiala during the last week of January, 1970;

(b) whether it has also come to the notice of the Government that the Day Books and the Account Books of these two Banks at Rajpura and Patiala were found blank by the officers mentioned, in part (a) above; if so, the action taken against the officers concerned responsible for not keeping the account books upto date ?

Sardar Gurnam Singh : (a) Yes.

(b) Yes, the Manager of the Central Co-operative Bank Ltd, Patiala has been charged with neglect of duties, and his two increments have been stopped.

[(ੲ) ਜੀ ਹਾਂ ।

(ਬੀ) ਜੀ ਹਾਂ । ਸੈਂਟਰਲ ਕੁਆਪਰੇਟਿਵ ਬੈਂਕ ਲਿ: ਪਟਿਆਲਾ ਦੇ ਮੈਨੇਜਰ ਦੇ ਆਪਣੀ ਡਿਊਟੀ ਦੀ ਅਨਗਹਿਲੀ ਕਾਰਨ ਉਸ ਦੀਆਂ ਦੋ ਸਾਲਾਨਾ ਤਰੱਕੀਆਂ ਬੰਦ ਕਰ ਦਿੱਤੀਆਂ ਗਈਆਂ ਹਨ ।]

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਅਬੋਹਰ ਤੇ ਮੰਡੀ ਗੋਬਿੰਦਗੜ੍ਹ ਦੇ ਵਿੱਚ ਗਲਤ ਗੱਲਾਂ ਕਰਨ ਕਾਰਨ ਗ਼ਬਨ ਹੋਇਆ ਹੈ । ਜਾਣ ਬੁੱਝ ਕੇ ਉਨ੍ਹਾਂ ਮੈਨੇਜਰਾਂ

[ਸਰਦਾਰ ਦਲੀਪ ਸਿੰਘ ਪਾਂਧੀ]
ਨੇ ਉਮਰ ਜ਼ਿਆਦਾ ਲਿਖੀ ਅਤੇ ਗਲਤ ਬਿਆਨ ਦਿੱਤਾ। ਕੀ ਉਨ੍ਹਾਂ ਨੂੰ ਇਹ ਸਰਕਾਰ ਸਜ਼ਾ ਦੇਵੇਗੀ ਜਿਨ੍ਹਾਂ ਨੇ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਹਨ ?

ਮੁੱਖ ਮੰਤਰੀ : ਇਹ ਸਵਾਲ ਹੋਰ ਹੈ। ਇਹ ਤਾਂ ਇਸ ਗੱਲ ਬਾਰੇ ਹੈ ਕਿ ਉਥੇ ਕਿਤਾਬਾਂ ਖੁਲ੍ਹੀਆਂ ਰੱਖੀਆਂ ਹੋਈਆਂ ਹਨ, ਪਤਾ ਮਿਲਣ ਤੇ ਸਰਪਰਾਈਜ਼ ਰੇਡ ਕੀਤੀ ਅਤੇ ਇਹ ਕੁਝ ਉਨ੍ਹਾਂ ਪਾਸੋਂ ਮਿਲਿਆ ਹੈ।

ਸਰਦਾਰ ਕਿਰਪਾਲ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਉਹ ਇਸ ਸਰਪ੍ਰਾਈਜ਼ ਚੈਕਿੰਗ ਨੂੰ ਹੋਰ ਚੁਸਤ ਬਣਾਉਣ ਲਈ ਡਿਪਾਰਟਮੈਂਟਸ ਨੂੰ ਆਰਡਰ ਦੇਣਗੇ ?

ਮੁੱਖ ਮੰਤਰੀ : ਇਹ ਤਾਂ ਹਮੇਸ਼ਾਂ ਦੇ ਲਈ ਇੰਸਟ੍ਰਕਸ਼ਨਜ਼ ਹਨ ਕਿ ਕਰੜਾਈ ਦੇ ਨਾਲ ਚੈਕਿੰਗ ਕੀਤੀ ਜਾਵੇ।

चौधरी बलबीर सिंह : क्या मुख्य मंत्री बताएंगे कि सिर्फ सालाना तरक्की रोक लेना इस लास के लिए ठीक पूरी सजा है; अगर नहीं तो इस के लिए वह और कोई सख्त ऐकशन लेने की सोच रहे हैं ?

ਮੁੱਖ ਮੰਤਰੀ : ਹਾਲੇ ਅਜਿਹੀ ਕੋਈ ਗੱਲ ਨਹੀਂ ਹੈ।

ਸਰਦਾਰ ਨਰਿੰਦਰ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਉਨ੍ਹਾਂ ਕਿਤਾਬਾਂ ਦੇ ਖੁਲ੍ਹੇ ਰੱਖਣ ਦੇ ਨਾਲ ਕਿੰਨਾ ਨੁਕਸਾਨ ਹੋਇਆ ਹੈ ?

ਮੁੱਖ ਮੰਤਰੀ : ਮੇਰੇ ਨੋਟਿਸ ਦੇ ਵਿਚ ਨੁਕਸਾਨ ਤਾਂ ਨਹੀਂ ਆਇਆ ਪਰ ਕਿਉਂਕਿ ਇਹ ਰੂਲਜ਼ ਦੇ ਖਿਲਾਫ਼ ਸੀ, ਕਿਤਾਬਾਂ ਖੁਲ੍ਹੀਆਂ ਰੱਖਣਾ, ਇਸ ਲਈ ਉਸ ਦੇ ਖਿਲਾਫ਼ ਇਹ ਐਕਸ਼ਨ ਲਿਆ ਗਿਆ ਸੀ।

ਸਰਦਾਰ ਨਰਿੰਦਰ ਸਿੰਘ : ਕੀ ਇਹ ਠੀਕ ਨਹੀਂ ਕਿ ਉਥੇ ਕਿਸਾਨਾਂ ਤੋਂ ਪੈਸੇ ਲੈ ਲਏ ਗਏ ਸੀ ਅਤੇ ਐਕਚੂਅਲ ਨੁਕਸਾਨ 20 ਹਜ਼ਾਰ ਰੁਪਏ ਦਾ ਹੋ ਗਿਆ ਸੀ ?

ਮੁੱਖ ਮੰਤਰੀ : ਅਜਿਹੀ ਕੋਈ ਗੱਲ ਅਜੇ ਨੋਟਿਸ ਵਿਚ ਨਹੀਂ ਆਈ, ਜੇ ਅਜਿਹਾ ਹੋਇਆ ਤਾਂ ਉਸ ਤੇ ਵਿਚਾਰ ਕਰ ਲਵਾਂਗੇ।

QUOTAS/LICENCES/LOANS GIVEN BY THE INDUSTRIES DEPARTMENT TO BOGUS/GHOST FIRMS.

*1089. **Comrade Dana Ram** : Will the Minister for Industries with reference to the reply to starred question No. 911 included in the list of the starred questions for 6.11.69 be pleased to—

(a) state whether the findings of the enquiry have been examined and decision in the matter taken; if so, the details thereof;

(b) lay on the Table of the House a copy of the enquiry report;

(c) state whether investigation into the allegation regarding a specific case for grant of loan has been completed; if so the result thereof and the action taken in the matter ?

चौधरी बलबीर सिंह : क्या मन्त्री महोदय यह बताने की कृपा करेंगे कि आया पौलिटीकल सफरर्ज़ को पैनशन के इलावा और भी कोई रियायतें दी जाती हैं ?

ਮੁੱਖ ਮੰਤਰੀ : ਇਸ ਦੇ ਲਈ ਨੋਟਿਸ ਚਾਹੀਦਾ ਹੈ ।

ਵੈਦ ਕਰਤਾਰ ਸਿੰਘ : ਕੀ ਮੁੱਖ ਮੰਤਰੀ ਜੀ ਇਸ ਗੱਲ ਵੱਲ ਧਿਆਨ ਦੇਣਗੇ ਕਿ ਪੁਲੀਟੀਕਲ ਸਫਰਰਜ਼ ਨੂੰ ਜਦੋਂ ਪੈਨਸ਼ਨਾਂ ਮਿਲੀਆਂ ਤਾਂ ਉਸ ਵਕਤ ਉਨ੍ਹਾਂ ਸਫਰਰਜ਼ ਨੂੰ ਹੀ ਮਿਲੀਆਂ ਜੋ ਸਰਕਾਰ ਦੇ ਨੇੜੇ ਸਨ ਅਤੇ ਉਨ੍ਹਾਂ ਦੇ ਹਰਮਨ ਪਿਆਰੇ ਸਨ ? ਕੀ ਜਿਹੜੇ ਬੰਦੇ ਰਹਿ ਗਏ ਹਨ, ਉਨ੍ਹਾਂ ਬਾਰੇ ਇਹ ਸਰਕਾਰ ਕੁਝ ਵਿਚਾਰ ਕਰੇਗੀ ?

ਮੁੱਖ ਮੰਤਰੀ : ਜੇ ਕੋਈ ਐਸਾ ਕੇਸ ਹੋਵੇ ਤਾਂ ਉਹ ਅਰਜ਼ੀ ਦੇ ਦੇਣ ਅਸੀਂ ਵਿਚਾਰ ਕਰ ਲਵਾਂਗੇ ।

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਵਜ਼ੀਰ ਸਾਹਿਬ ਤੋਂ ਇਤਨੀ ਕੁ ਗੱਲ ਹੀ ਜਾਨਣੀ ਚਾਹੁੰਦਾ ਹਾਂ ਕਿ ਕੀ ਜਥੇਦਾਰ ਫੇਰੂਮਾਨ ਦੀ ਫੈਮਲੀ ਨੂੰ ਪੁਲੀਟੀਕਲ ਸਫਰਰ ਕਰਾਰ ਦਿੱਤਾ ਜਾਵੇਗਾ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

VISIT BY GENERAL MANAGER PUNJAB STATE CO-OPERATIVE BANK TO THE CO-OPERATIVE BANKS AT PATIALA AND RAJPURA.

*1685. **Sardar Kirpal Singh Makhewala** : Will the Chief Minister be pleased to state—

(a) whether it has come to the notice of the Government that the General Manager, Punjab State Co-operative Bank and Deputy Chief Officer, Agricultural Credit Department, made a surprise visit to the Co-operative Banks at Rajpura and Patiala during the last week of January, 1970;

(b) whether it has also come to the notice of the Government that the Day Books and the Account Books of these two Banks at Rajpura and Patiala were found blank by the officers mentioned, in part (a) above; if so, the action taken against the officers concerned responsible for not keeping the account books upto date ?

Sardar Gurnam Singh : (a) Yes.

(b) Yes, the Manager of the Central Co-operative Bank Ltd, Patiala has been charged with neglect of duties, and his two increments have been stopped.

[(ੲ) ਜੀ ਹਾਂ ।

(ਬੀ) ਜੀ ਹਾਂ । ਸੈਂਟਰਲ ਕੁਆਪਰੇਟਿਵ ਬੈਂਕ ਲਿ: ਪਟਿਆਲਾ ਦੇ ਮੈਨੇਜਰ ਦੇ ਆਪਣੀ ਡਿਯੂਟੀ ਦੀ ਅਨਗਹਿਲੀ ਕਾਰਨ ਉਸ ਦੀਆਂ ਦੋ ਸਾਲਾਨਾ ਤਰੱਕੀਆਂ ਬੰਦ ਕਰ ਦਿੱਤੀਆਂ ਗਈਆਂ ਹਨ ।]

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਅਬੋਹਰ ਤੇ ਮੰਡੀ ਗੋਬਿੰਦਗੜ੍ਹ ਦੇ ਵਿੱਚ ਗ਼ਲਤ ਗੱਲਾਂ ਕਰਨ ਕਾਰਨ ਗ਼ਬਨ ਹੋਇਆ ਹੈ । ਜਾਣ ਬੁੱਝ ਕੇ ਉਨ੍ਹਾਂ ਮੈਨੇਜਰਾਂ

[ਸਰਦਾਰ ਦਲੀਪ ਸਿੰਘ ਪਾਂਧੀ]
ਨੇ ਉਮਰ ਜ਼ਿਆਦਾ ਲਿਖੀ ਅਤੇ ਗਲਤ ਬਿਆਨ ਦਿੱਤਾ । ਕੀ ਉਨ੍ਹਾਂ ਨੂੰ ਇਹ ਸਰਕਾਰ ਸਜ਼ਾ ਦੇਵੇਗੀ ਜਿਨ੍ਹਾਂ ਨੇ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਹਨ ?

ਮੁੱਖ ਮੰਤਰੀ : ਇਹ ਸਵਾਲ ਹੋਰ ਹੈ । ਇਹ ਤਾਂ ਇਸ ਗੱਲ ਬਾਰੇ ਹੈ ਕਿ ਉਥੇ ਕਿਤਾਬਾਂ ਖੁਲ੍ਹੀਆਂ ਰੱਖੀਆਂ ਹੋਈਆਂ ਹਨ, ਪਤਾ ਮਿਲਣ ਤੇ ਸਰਪਰਾਈਜ਼ ਰੇਡ ਕੀਤੀ ਅਤੇ ਇਹ ਕੁਝ ਉਨ੍ਹਾਂ ਪਾਸੋਂ ਮਿਲਿਆ ਹੈ ।

ਸਰਦਾਰ ਕਿਰਪਾਲ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਉਹ ਇਸ ਸਰਪ੍ਰਾਈਜ਼ ਚੈਕਿੰਗ ਨੂੰ ਹੋਰ ਚੁਸਤ ਬਣਾਉਣ ਲਈ ਡਿਪਾਰਟਮੈਂਟਸ ਨੂੰ ਆਰਡਰ ਦੇਣਗੇ ?

ਮੁੱਖ ਮੰਤਰੀ : ਇਹ ਤਾਂ ਹਮੇਸ਼ਾਂ ਦੇ ਲਈ ਇੰਸਟ੍ਰਕਸ਼ਨਜ਼ ਹਨ ਕਿ ਕਰੜਾਈ ਦੇ ਨਾਲ ਚੈਕਿੰਗ ਕੀਤੀ ਜਾਵੇ ।

चौधरी बलबीर सिंह : क्या मुख्य मंत्री बताएंगे कि सिर्फ सालाना तरक्की रोक लेना इस लास के लिए ठीक पूरी सजा है; अगर नहीं तो इस के लिए वह और कोई सख्त ऐकशन लेने की सोच रहे हैं ?

ਮੁੱਖ ਮੰਤਰੀ : ਹਾਲੇ ਅਜਿਹੀ ਕੋਈ ਗੱਲ ਨਹੀਂ ਹੈ ।

ਸਰਦਾਰ ਨਰਿੰਦਰ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਉਨ੍ਹਾਂ ਕਿਤਾਬਾਂ ਦੇ ਖੁਲ੍ਹੇ ਰੱਖਣ ਦੇ ਨਾਲ ਕਿੰਨਾ ਨੁਕਸਾਨ ਹੋਇਆ ਹੈ ?

ਮੁੱਖ ਮੰਤਰੀ : ਮੇਰੇ ਨੋਟਿਸ ਦੇ ਵਿਚ ਨੁਕਸਾਨ ਤਾਂ ਨਹੀਂ ਆਇਆ ਪਰ ਕਿਉਂਕਿ ਇਹ ਰੂਲਜ਼ ਦੇ ਖਿਲਾਫ਼ ਸੀ, ਕਿਤਾਬਾਂ ਖੁਲ੍ਹੀਆਂ ਰੱਖਣਾ, ਇਸ ਲਈ ਉਸ ਦੇ ਖਿਲਾਫ਼ ਇਹ ਐਕਸ਼ਨ ਲਿਆ ਗਿਆ ਸੀ ।

ਸਰਦਾਰ ਨਰਿੰਦਰ ਸਿੰਘ : ਕੀ ਇਹ ਠੀਕ ਨਹੀਂ ਕਿ ਉਥੇ ਕਿਸਾਨਾਂ ਤੋਂ ਪੈਸੇ ਲੈ ਲਏ ਗਏ ਸੀ ਅਤੇ ਐਕਚੂਅਲ ਨੁਕਸਾਨ 20 ਹਜ਼ਾਰ ਰੁਪਏ ਦਾ ਹੋ ਗਿਆ ਸੀ ?

ਮੁੱਖ ਮੰਤਰੀ : ਅਜਿਹੀ ਕੋਈ ਗੱਲ ਅਜੇ ਨੋਟਿਸ ਵਿਚ ਨਹੀਂ ਆਈ, ਜੇ ਅਜਿਹਾ ਹੋਇਆ ਤਾਂ ਉਸ ਤੇ ਵਿਚਾਰ ਕਰ ਲਵਾਂਗੇ ।

QUOTAS/LICENCES/LOANS GIVEN BY THE INDUSTRIES DEPARTMENT TO BOGUS/GHOST FIRMS.

*1089. **Comrade Dana Ram :** Will the Minister for Industries with reference to the reply to starred question No. 911 included in the list of the starred questions for 6.11.69 be pleased to—

(a) state whether the findings of the enquiry have been examined and decision in the matter taken; if so, the details thereof;

(b) lay on the Table of the House a copy of the enquiry report;

(c) state whether investigation into the allegation regarding a specific case for grant of loan has been completed; if so the result thereof and the action taken in the matter ?

Shri Balram Dass Tandon : (a) The reports of the Inspecting Officers are being examined in the light of the policy instructions on 'Import Trade Control' issued by the Government of India.

(b) The enquiry report has not been finalised as yet.

(c) The investigation has been completed. On enquiry, it has been found that the loanee had closed his unit. The principal amount of Rs. 4,000/- has since been recovered, and proceedings for the recovery of the interest amount have been started.

ਕਾਮਰੇਡ ਦਰਸ਼ਨ ਸਿੰਘ ਝਬਾਲ : ਜਵਾਬ ਪੰਜਾਬੀ ਵਿੱਚ ਦਿਓ ।

ਸਰਦਾਰ ਕਿਰਪਾਲ ਸਿੰਘ : ਹੁਣ ਜਨਸੰਘ ਦਾ ਵੀ ਪੰਜਾਬੀ ਕਰਨ ਕਰੋ । (ਹਾਸਾ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸਵਾਲ ਨੰ: 911 ਦੇ ਜਵਾਬ ਵਿੱਚ ਇਨ੍ਹਾਂ ਨੇ ਇਹੀ ਕਿਹਾ ਸੀ ਕਿ :

> "The findings of the Enquiry are being examined in the light of the instructions of Govt. of India.

ਹੁਣ 7 ਮਹੀਨੇ ਹੋ ਗਏ ਹਨ ਗੌਰਮਿੰਟ ਆਫ਼ ਇੰਡੀਆ ਦੀਆਂ ਹਦਾਇਤਾਂ ਵੀ ਆ ਗਈਆਂ ਹਨ ਅਤੇ ਇਨਕੁਆਇਰੀ ਦੀਆਂ ਫਾਈਂਡਿੰਗਜ਼ ਵੀ ਆ ਗਈਆਂ ਹਨ ਪਰ ਇਹ ਅਜੇ ਵੀ ਕਹਿੰਦੇ ਹਨ ਕਿ ਇਨਕੁਆਇਰੀ ਫਾਈਨੇਲਾਈਜ਼ ਨਹੀਂ ਹੋਈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿੱਚ ਕੋਈ ਪ੍ਰੋਗਰੈਸ ਕਿਉਂ ਨਹੀਂ ਹੋਈ ?

ਮੰਤਰੀ : ਕੇਸ ਵਿਚ ਪ੍ਰੋਗਰੈਸ ਹੋ ਰਹੀ ਹੈ । ਲੁਧਿਆਣੇ ਦੇ 7,8 ਸੌ ਕੇਸ ਵੀ ਇਸ ਦੇ ਨਾਲ ਲਿੰਕ ਅੱਪ ਹੋ ਗਏ ਸੀ ਜਿਸ ਕਰਕੇ ਦੇਰ ਲੱਗੀ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੋਰ ਸੀ । ਮੈਂ ਇਹ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਨਕੁਆਇਰੀ ਦੀਆਂ ਫਾਈਂਡਿੰਗਜ਼ ਆ ਗਈਆਂ ਹਨ ਪਰ ਅਜੇ ਤਕ ਇਨਕੁਆਇਰੀ ਫਾਈਨੇਲਾਈਜ਼ ਨਹੀਂ ਹੋਈ । ਇਹ ਜਵਾਬ ਗਲਤ ਹੈ । ਇਨਕੁਆਇਰੀ ਦੀਆਂ ਫਾਈਂਡਿੰਗਜ਼ ਤਾਂ ਆ ਹੀ ਗਈਆਂ ਹਨ, ਹੁਣ ਸਿਰਫ ਉਨ੍ਹਾਂ ਫਾਈਂਡਿੰਗਜ਼ ਨੂੰ ਇਨ੍ਹਾਂ ਨੇ ਫਾਈਨਲੀ ਐਗਜ਼ਾਮਿਨ ਕਰਨਾ ਹੈ ।

ਮੰਤਰੀ : ਮੈਂ ਵੀ ਤਾਂ ਇਹੋ ਕਿਹਾ ਹੈ ਕਿ ਜਦੋਂ ਐਗਜ਼ਾਮਿਨ ਕਰ ਲਵਾਂਗੇ ਉਸ ਵੇਲੇ ਕੇਸ ਫਾਈਨਲੀ ਡੀਸਾਈਡ ਹੋਵੇਗਾ ।

(ਕਾਮਰੇਡ ਸੱਤ ਪਾਲ ਡਾਂਗ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ ।)

Mr. Speaker : Next question.

ਕਾਮਰੇਡ ਸੱਤ ਪਾਲ ਡਾਂਗ : ਪਰ ਅਜੇ ਤਾਂ 5 ਸਪਲੀਮੈਂਟਰੀ ਵੀ ਨਹੀਂ ਹੋਏ ।

ਸ਼੍ਰੀ ਸਪੀਕਰ : ਇਕ ਮੈਂਬਰ ਇਕ ਤੋਂ ਵੱਧ ਸਪਲੀਮੈਂਟਰੀ ਨਹੀਂ ਪੁੱਛ ਸਕਦਾ । (No hon. Member can put more than one supplementary.)

COMPLETION OF A PART OF BHOGPUR-BHOLATH ROAD IN DISTRICT JULLUNDUR.

*1252. **Sardar Gurbanta Singh** : Will the Minister for Irrigation and Power be pleased to state :

(a) whether he is aware of the fact that a part of the Bhogpur-Bholath road (District Jullundur, remains uncompleted for the last so many years;

(b) if the reply to part (a) above be in the affirmative, whether he is also aware of the fact that the farmers who bring their sugarcane to Bhogpur Mill have to face a great difficulty due to non-completion of the said road;

(c) whether the Government propose to take any steps to complete the said portion of the road which is less than even a mile ?

Sardar Sohan Singh Bassi :

(a) Yes.
(b) Yes.
(c) Yes, subject to contribution by beneficiaries.

[(ੳ) ਹਾਂ ਜੀ।

(ਅ) ਹਾਂ, ਜੀ।

(ੲ) ਹਾਂ ਜੀ, ਇਹ ਲਾਭ ਪੁੱਜਣ ਵਾਲਿਆਂ ਵਲੋਂ ਪੈਸਾ ਜਮ੍ਹਾਂ ਕਰਾਉਣ ਤੇ ਨਿਰਭਰ ਹੈ ।]

ਸਰਦਾਰ ਗੁਰਬੰਤਾ ਸਿੰਘ : ਕੀ ਮੰਤਰੀ ਸਾਹਿਬ ਦੱਸਣਗੇ ਕਿ ਇਹ ਸੜਕ ਬੜੀ ਜ਼ਰੂਰੀ ਹੈ ਅਤੇ ਇਸ ਵਿਚ ਕੇਵਲ ਉਨ੍ਹਾਂ ਪਿੰਡਾਂ ਨੇ ਹੀ ਪੈਸੇ ਦਿੱਤੇ ਹਨ ਜਿਨ੍ਹਾਂ ਨੂੰ ਲਾਭ ਹੋਣਾ ਹੈ ਅਤੇ ਉਨ੍ਹਾਂ ਪਿੰਡਾਂ ਨੇ ਪੈਸੇ ਨਹੀਂ ਦਿੱਤੇ ਜਿਨ੍ਹਾਂ ਨੂੰ ਲਾਭ ਨਹੀਂ ਹੋਣਾ। ਪਰ ਇਸ ਸੜਕ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਕੀ ਸਰਕਾਰ ਬਾਕੀ ਦਾ ਪੈਸਾ ਆਪਣੇ ਕੋਲੋਂ ਖ਼ਰਚ ਕਰ ਕੇ ਉਹ ਸੜਕ ਬਣਵਾ ਦੇਵੇਗੀ ?

ਮੰਤਰੀ : ਉਹ ਸੜਕ ਦੂਰ ਦੇ ਪਿੰਡਾਂ ਦੇ ਕੋਲ ਤਾਂ ਤਿਆਰ ਹੋ ਗਈ ਹੈ ਸਿਰਫ਼ ਉਸ ਦਾ ਕੁਝ ਹਿੱਸਾ ਭੋਗਪੁਰ ਮਿੱਲ ਦੇ ਕੋਲ ਰਹਿੰਦਾ ਹੈ ਕਿਉਂਕਿ ਕੇਨ ਕਮਿਸ਼ਨਰ ਨੇ ਮਿੱਲ ਵਾਲਿਆਂ ਤੋਂ ਮਿੱਲ ਵਾਲਿਆਂ ਦਾ ਹਿੱਸਾ 1,18,284/- ਰੁਪਏ ਨਹੀਂ ਲੈ ਕੇ ਦਿਤਾ। ਜਿਸ ਵੇਲੇ ਉਹ ਰਕਮ ਆ ਜਾਵੇਗੀ ਉਹ ਸੜਕ ਬਣਾ ਦਿੱਤੀ ਜਾਵੇਗੀ।

ਸਰਦਾਰ ਗੁਰਬੰਤਾ ਸਿੰਘ : ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਕੇਨ ਕਮਿਸ਼ਨਰ ਨੇ ਮਿੱਲ ਵਾਲਿਆਂ ਤੋਂ ਪੈਸਾ ਲੈ ਕੇ ਦੇਣਾ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਮਿੱਲ ਵਾਲਿਆਂ ਤੋਂ ਪੈਸਾ ਲੈਣ ਦਾ ਕੋਈ ਪ੍ਰਬੰਧ ਕਰ ਰਹੀ ਹੈ ਤਾਂ ਕਿ ਉਹ ਸੜਕ ਕੰਪਲੀਟ ਹੋ ਜਾਵੇ ?

ਸ੍ਰੀ ਸਪੀਕਰ : ਕੇਨ ਕਮਿਸ਼ਨਰ ਨੂੰ ਉਹ ਪੈਸਾ ਤਾਂ ਬੋਰਡ ਆਫ਼ ਡਾਇਰੈਕਟਰਜ਼ ਨੇ ਦੇਣਾ ਹੈ। (The Board of Directors is to give the money to the Cane Commissioner.)

ਸਰਦਾਰ ਗੁਰਬੰਤਾ ਸਿੰਘ : ਉਸ ਵਾਸਤੇ ਵੀ ਤਾਂ ਸਰਕਾਰ ਦੀ ਮਨਜ਼ੂਰੀ ਚਾਹੀਦੀ ਹੈ।

ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਜੇ ਕੇਨ ਕਮਿਸ਼ਨਰ ਮਿੱਲ ਵਾਲਿਆਂ ਦਾ ਹਿੱਸਾ ਲੈ ਦੇਵੇ ਤਾਂ ਮੈਂ ਉਹ ਸੜਕ 3 ਮਹੀਨਿਆਂ ਦੇ ਵਿੱਚ ਬਣਵਾ ਦਿਆਂਗਾ। (ਥੰਪਿੰਗ)

Shri Balram Dass Tandon : (a) The reports of the Inspecting Officers are being examined in the light of the policy instructions on 'Import Trade Control' issued by the Government of India.

(b) The enquiry report has not been finalised as yet.

(c) The investigation has been completed. On enquiry, it has been found that the loanee had closed his unit. The principal amount of Rs. 4,000/- has since been recovered, and proceedings for the recovery of the interest amount have been started.

ਕਾਮਰੇਡ ਦਰਸ਼ਨ ਸਿੰਘ ਝਬਾਲ : ਜਵਾਬ ਪੰਜਾਬੀ ਵਿੱਚ ਦਿਓ ।

ਸਰਦਾਰ ਕਿਰਪਾਲ ਸਿੰਘ : ਹੁਣ ਜਨਸੰਘ ਦਾ ਵੀ ਪੰਜਾਬੀ ਕਰਨ ਕਰੋ । (ਹਾਸਾ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸਵਾਲ ਨੰ: 911 ਦੇ ਜਵਾਬ ਵਿੱਚ ਇਨ੍ਹਾਂ ਨੇ ਇਹੀ ਕਿਹਾ ਸੀ ਕਿ :

> "The findings of the Enquiry are being examined in the light of the instructions of Govt. of India.

ਹੁਣ 7 ਮਹੀਨੇ ਹੋ ਗਏ ਹਨ ਗੌਰਮਿੰਟ ਆਫ਼ ਇੰਡੀਆ ਦੀਆਂ ਹਦਾਇਤਾਂ ਵੀ ਆ ਗਈਆਂ ਹਨ ਅਤੇ ਇਨਕੁਆਇਰੀ ਦੀਆਂ ਫਾਈਂਡਿੰਗਜ਼ ਵੀ ਆ ਗਈਆਂ ਹਨ ਪਰ ਇਹ ਅਜੇ ਵੀ ਕਹਿੰਦੇ ਹਨ ਕਿ ਇਨਕੁਆਇਰੀ ਫਾਈਨੇਲਾਈਜ਼ ਨਹੀਂ ਹੋਈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿੱਚ ਕੋਈ ਪ੍ਰੋਗਰੈਸ ਕਿਉਂ ਨਹੀਂ ਹੋਈ ?

ਮੰਤਰੀ : ਕੇਸ ਵਿਚ ਪ੍ਰੋਗਰੈਸ ਹੋ ਰਹੀ ਹੈ । ਲੁਧਿਆਣੇ ਦੇ 7,8 ਸੌ ਕੇਸ ਵੀ ਇਸ ਦੇ ਨਾਲ ਲਿੰਕ ਅੱਪ ਹੋ ਗਏ ਸੀ ਜਿਸ ਕਰਕੇ ਦੇਰ ਲੱਗੀ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੋਰ ਸੀ । ਮੈਂ ਇਹ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਨਕੁਆਇਰੀ ਦੀਆਂ ਫਾਈਂਡਿੰਗਜ਼ ਆ ਗਈਆਂ ਹਨ ਪਰ ਅਜੇ ਤਕ ਇਨਕੁਆਇਰੀ ਫਾਈਨੇਲਾਈਜ਼ ਨਹੀਂ ਹੋਈ । ਇਹ ਜਵਾਬ ਗਲਤ ਹੈ । ਇਨਕੁਆਇਰੀ ਦੀਆਂ ਫਾਈਂਡਿੰਗਜ਼ ਤਾਂ ਆ ਹੀ ਗਈਆਂ ਹਨ, ਹੁਣ ਸਿਰਫ਼ ਉਨ੍ਹਾਂ ਫਾਈਂਡਿੰਗਜ਼ ਨੂੰ ਇਨ੍ਹਾਂ ਨੇ ਫਾਈਨਲੀ ਐਗਜ਼ਾਮਿਨ ਕਰਨਾ ਹੈ ।

ਮੰਤਰੀ : ਮੈਂ ਵੀ ਤਾਂ ਇਹੋ ਕਿਹਾ ਹੈ ਕਿ ਜਦੋਂ ਐਗਜ਼ਾਮਿਨ ਕਰ ਲਵਾਂਗੇ ਉਸ ਵੇਲੇ ਕੇਸ ਫਾਈਨਲੀ ਡੀਸਾਈਡ ਹੋਵੇਗਾ ।

(ਕਾਮਰੇਡ ਸੱਤ ਪਾਲ ਡਾਂਗ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ ।)

Mr. Speaker : Next question.

ਕਾਮਰੇਡ ਸੱਤ ਪਾਲ ਡਾਂਗ : ਪਰ ਅਜੇ ਤਾਂ 5 ਸਪਲੀਮੈਂਟਰੀ ਵੀ ਨਹੀਂ ਹੋਏ ।

ਸ਼੍ਰੀ ਸਪੀਕਰ : ਇਕ ਮੈਂਬਰ ਇਕ ਤੋਂ ਵੱਧ ਸਪਲੀਮੈਂਟਰੀ ਨਹੀਂ ਪੁੱਛ ਸਕਦਾ । (No hon. Member can put more than one supplementary.)

———

COMPLETION OF A PART OF BHOGPUR-BHOLATH ROAD IN DISTRICT JULLUNDUR.

*1252. **Sardar Gurbanta Singh** : Will the Minister for Irrigation and Power be pleased to state :

(a) whether he is aware of the fact that a part of the Bhogpur-Bholath road (District Jullundur, remains uncompleted for the last so many years;

(b) if the reply to part (a) above be in the affirmative, whether he is also aware of the fact that the farmers who bring their sugarcane to Bhogpur Mill have to face a great difficulty due to non-completion of the said road;

(c) whether the Government propose to take any steps to complete the said portion of the road which is less than even a mile ?

Sardar Sohan Singh Bassi :

(a) Yes.
(b) Yes.
(c) Yes, subject to contribution by beneficiaries.

[(ੳ) ਹਾਂ ਜੀ।

(ਅ) ਹਾਂ, ਜੀ।

(ੲ) ਹਾਂ ਜੀ, ਇਹ ਲਾਭ ਪੁੱਜਣ ਵਾਲਿਆਂ ਵਲੋਂ ਪੈਸਾ ਜਮ੍ਹਾਂ ਕਰਾਉਣ ਤੇ ਨਿਰਭਰ ਹੈ ।]

ਸਰਦਾਰ ਗੁਰਬੰਤਾ ਸਿੰਘ : ਕੀ ਮੰਤਰੀ ਸਾਹਿਬ ਦੱਸਣਗੇ ਕਿ ਇਹ ਸੜਕ ਬੜੀ ਜ਼ਰੂਰੀ ਹੈ ਅਤੇ ਇਸ ਵਿਚ ਕੇਵਲ ਉਨ੍ਹਾਂ ਪਿੰਡਾਂ ਨੇ ਹੀ ਪੈਸੇ ਦਿੱਤੇ ਹਨ ਜਿਨ੍ਹਾਂ ਨੂੰ ਲਾਭ ਹੋਣਾ ਹੈ ਅਤੇ ਉਨ੍ਹਾਂ ਪਿੰਡਾਂ ਨੇ ਪੈਸੇ ਨਹੀਂ ਦਿੱਤੇ ਜਿਨ੍ਹਾਂ ਨੂੰ ਲਾਭ ਨਹੀਂ ਹੋਣਾ । ਪਰ ਇਸ ਸੜਕ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਕੀ ਸਰਕਾਰ ਬਾਕੀ ਦਾ ਪੈਸਾ ਆਪਣੇ ਕੋਲੋਂ ਖ਼ਰਚ ਕਰ ਕੇ ਉਹ ਸੜਕ ਬਣਵਾ ਦੇਵੇਗੀ ?

ਮੰਤਰੀ : ਉਹ ਸੜਕ ਦੂਰ ਦੇ ਪਿੰਡਾਂ ਦੇ ਕੋਲ ਤਾਂ ਤਿਆਰ ਹੋ ਗਈ ਹੈ ਸਿਰਫ ਉਸ ਦਾ ਕੁਝ ਹਿੱਸਾ ਭੋਗਪੁਰ ਮਿੱਲ ਦੇ ਕੋਲ ਰਹਿੰਦਾ ਹੈ ਕਿਉਂਕਿ ਕੇਨ ਕਮਿਸ਼ਨਰ ਨੇ ਮਿੱਲ ਵਾਲਿਆਂ ਤੋਂ ਮਿੱਲ ਵਾਲਿਆਂ ਦਾ ਹਿੱਸਾ 1,18,284/- ਰੁਪਏ ਨਹੀਂ ਲੈ ਕੇ ਦਿਤਾ । ਜਿਸ ਵੇਲੇ ਉਹ ਰਕਮ ਆ ਜਾਵੇਗੀ ਉਹ ਸੜਕ ਬਣਾ ਦਿੱਤੀ ਜਾਵੇਗੀ ।

ਸਰਦਾਰ ਗੁਰਬੰਤਾ ਸਿੰਘ : ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਕੇਨ ਕਮਿਸ਼ਨਰ ਨੇ ਮਿੱਲ ਵਾਲਿਆਂ ਤੋਂ ਪੈਸਾ ਲੈ ਕੇ ਦੇਣਾ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਮਿੱਲ ਵਾਲਿਆਂ ਤੋਂ ਪੈਸਾ ਲੈਣ ਦਾ ਕੋਈ ਪ੍ਰਬੰਧ ਕਰ ਰਹੀ ਹੈ ਤਾਂ ਕਿ ਉਹ ਸੜਕ ਕੰਪਲੀਟ ਹੋ ਜਾਵੇ ?

ਸ੍ਰੀ ਸਪੀਕਰ : ਕੇਨ ਕਮਿਸ਼ਨਰ ਨੂੰ ਉਹ ਪੈਸਾ ਤਾਂ ਬੋਰਡ ਆਫ ਡਾਇਰੈਕਟਰਜ਼ ਨੇ ਦੇਣਾ ਹੈ । (The Board of Directors is to give the money to the Cane Commissioner.)

ਸਰਦਾਰ ਗੁਰਬੰਤਾ ਸਿੰਘ : ਉਸ ਵਾਸਤੇ ਵੀ ਤਾਂ ਸਰਕਾਰ ਦੀ ਮਨਜ਼ੂਰੀ ਚਾਹੀਦੀ ਹੈ ।

ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਜੇ ਕੇਨ ਕਮਿਸ਼ਨਰ ਮਿੱਲ ਵਾਲਿਆਂ ਦਾ ਹਿੱਸਾ ਲੈ ਦੇਵੇ ਤਾਂ ਮੈਂ ਉਹ ਸੜਕ 3 ਮਹੀਨਿਆਂ ਦੇ ਵਿੱਚ ਬਣਵਾ ਦਿਆਂਗਾ । (ਥੰਪਿੰਗ)

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਇਹ ਗਲਤ ਇਨਫ਼ਾਰਮੇਸ਼ਨ ਦੇ ਰਹੇ ਹਨ। ਮਿੱਲ ਵਾਲਿਆਂ ਨੇ ਆਪਣਾ ਹਿੱਸਾ ਦੇ ਦਿੱਤਾ ਹੈ। (ਵਿਘਨ)

ਮੰਤਰੀ : ਇਹ ਗੱਲ ਠੀਕ ਨਹੀਂ ਉਨ੍ਹਾਂ ਨੇ 66,684/- ਰੁਪਏ ਦੇ ਦਿੱਤੇ ਹਨ ਪਰ ਅਜੇ 1,18,284/- ਰੁਪਏ ਉਨ੍ਹਾਂ ਦੇ ਵੱਲ ਬਕਾਇਆ ਰਹਿੰਦੇ ਹਨ।

चौधरी बलबीर सिंह : क्या मंत्री महोदय बताएंगे कि केन कमिश्नर मिल वालों से जो पैसे नहीं ले सका, अब सरकार उस के लिए क्या एक्शन ले रही है ?

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਹ ਤਾਂ ਕੰਟਰੀਬਿਊਸ਼ਨ ਸੀ, ਇਕ ਪਾਰਟੀ ਨੇ ਨਹੀਂ ਕੀਤੀ, ਜਦੋਂ ਕਰੇਗੀ ਤਾਂ ਉਹ ਸੜਕ ਬਣ ਜਾਵੇਗੀ। (Chaudhri Sahib, it was a contribution. One party did not make it. When that party makes the contribution the road will be completed.)

ਚੌਧਰੀ ਸੁੰਦਰ ਸਿੰਘ : ਕੀ ਮੰਤਰੀ ਸਾਹਿਬ ਦੱਸਣਗੇ ਕਿ ਦੀਨਾ ਨਗਰ ਦੇ ਕੋਲ ਇਕ ਡੇਢ ਮੀਲ ਸੜਕ ਦਾ ਟੋਟਾ ਹੈ, ਉਸ ਦੇ ਉਤੇ ਮਿੱਟੀ ਪਈ ਹੋਈ ਹੈ; ਕੀ ਸਰਕਾਰ ਉਸ ਨੂੰ ਪੱਕਾ ਕਰਨ ਦਾ ਕੋਈ ਵਿਚਾਰ ਰੱਖਦੀ ਹੈ ?

ਮੰਤਰੀ : ਇਸ ਸਵਾਲ ਨਾਲ ਇਹ ਸਪਲੀਮੈਂਟਰੀ ਸਬੰਧ ਨਹੀਂ ਰੱਖਦੀ।

ਚੌਧਰੀ ਸੁੰਦਰ ਸਿੰਘ : ਜੇ ਉਸ ਦੇ ਨਾਲ ਇਹ ਵੀ ਨਿਕਲ ਜਾਂਦੀ ਤਾਂ ਚੰਗਾ ਸੀ। (ਹਾਸਾ)

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਬਕਾਇਆ ਜੋ ਹੈ ਇਹ ਮਿੱਲ ਵਾਲਿਆਂ ਵੱਲ ਹੈ ਜਾਂ ਕਿ ਪਿੰਡਾਂ ਦੀਆਂ ਪੰਚਾਇਤਾਂ ਵੱਲ ਹੈ ?

ਮੰਤਰੀ : ਮੈਂ ਤਾਂ ਪਹਿਲਾਂ ਹੀ ਦੱਸ ਦਿਤਾ ਹੈ ਕਿ ਮਿੱਲ ਵਾਲਿਆਂ ਦਾ ਹਿੱਸਾ ਰਹਿੰਦਾ ਹੈ।

ਮੇਜਰ ਹਰਿੰਦਰ ਸਿੰਘ : ਕੀ ਮੰਤਰੀ ਸਾਹਿਬ ਦੱਸਣਗੇ ਕਿ ਇਹ ਜੋ ਮਿੱਲ ਵਾਲਿਆਂ ਨੇ ਹਿੱਸਾ ਦੇਣਾ ਹੈ ਕੀ ਇਹ ਡਿਸਕਰੀਸ਼ਨਰੀ ਹੈ ਜਾਂ ਮੈਨਡੇਟਰੀ ਹੈ ?

ਮੰਤਰੀ : ਇਹ ਹਿੱਸਾ ਤਾਂ ਉਨ੍ਹਾਂ ਨੂੰ ਦੇਣਾ ਹੀ ਪਏਗਾ। ਤੁਸੀਂ ਤਾਂ ਆਪ ਮਿੱਲ ਓਨਰ ਹੋ, ਤੁਹਾਨੂੰ ਤਾਂ ਆਪ ਪਤਾ ਹੈ।

ਮੇਜਰ ਹਰਿੰਦਰ ਸਿੰਘ : ਮੈਨੂੰ ਪਤਾ ਹੈ ਤਾਂ ਹੀ ਮੈਂ ਇਹ ਪੁਛਿਆ ਹੈ। ਜੇ ਉਨ੍ਹਾਂ ਨੂੰ ਇਹ ਦੇਣਾ ਹੀ ਪੈਣਾ ਹੈ ਤਾਂ ਕਿਉਂ ਨਹੀਂ ਸਰਕਾਰ ਉਨ੍ਹਾਂ ਨੂੰ ਮਜਬੂਰ ਕਰਦੀ ਕਿ ਉਹ ਛੇਤੀ ਪੈਸੇ ਦੇਣ ਤਾਂਕਿ ਸੜਕ ਬਣ ਸਕੇ ?

In order to redress the grievances of the incumbents by giving horizontal status the Government may please be asked to make a statement.

Sardar Balwant Singh (Finance Minister) : The revision of pay scales of Class I Engineers, etc. recently ordered by Government provides no occasion for entertaining any notion of discrimination against Sub-Divisional Engineers. "Demoralisation and Frustration" is uncalled for and unjustified.

2. As will be seen from para 49.'8 of the Report of the Punjab Pay Commission, the associations of the Assistant Engineers and Sub-Divisional Engineers demanded that their pay scale should be Rs. 400-1000 plus a technical allowance of Rs. 50/-P. M. The Commission recommended the scale of Rs. 400–1100 for them without any special pay. This recommendation of the Commission was accepted by the State Government *in toto*.

3. As regards Engineers in Class I, the Pay Commission recommended the following scales :—

(i) Chief Engineer	Rs. 2000-2750
(ii) Superintending Engineer	Rs. 1600-2000
(iii) Executive Engineer	Rs. 800-1600

The Governor-in-Council, however, did not accept the recommendation of the Pay Commission and while the scale of the Chief Engineer was left un-revised (Rs. 2000-2250), that of the Superintending Engineer was

revised to Rs. 1600-1800 and that of the Executive Engineer to Rs. 750-1300 (time scale) and Rs. 1300-1600 (Selection Grade). They had been represen-ting against this and Government have given them the scales of Rs. 800-1600 (for Executive Engineer); Rs. 1600-2000 (for Superintending Engineer) and Rs. 2250-2750 (for Chief Engineer).

4. So far as the P.C.S. is concerned, the pay scale of the service remains Rs. 400-30-550/40-750/50-1250. In the case of D. S.P. the pay scale has been slightly improved so as to raise the maximum from Rs. 1150/- to Rs. 1200/-. Otcourse, certain benefit has been given to P.C.S. officers and Deputy Superintendents of Police who were in service on 1-2-1968, because of the fact that they had been sanctioned a senior scale of Rs. 700-1250 and Rs. 700-1200 respectively with effect from 1-2-1968, which were later on withdrawn with effect from 23-10-1968. The pay scales of P.C.S. (Rs. 300-850 and Rs. 350-1000) and Deputy Superintendents of Police (Rs. 300-800 and Rs. 350-900) were always higher than that of Sub Divisional Engineers (Rs. 250-750).

5. The Assistant Engineer (Class II) in Punjab State Electricity Board equivalent to Sub-Divisional Engineer in the State P W.D., are in the scale of Rs. 450-1000 which is in fact lower than the scale sanctioned by the Punjab Government i.e. Rs. 400-1100. The pay scale of an Assistant Engineer was originally Rs. 250-750 (Rs. 300-835 with Dearness Pay). Whereas other class II services who were in that pay scale, have been given the revised scale of Rs. 350-900, the Sub-Divisional Engineers have been put in the scale of Rs. 400-1100 which is the highest scale for this category in the country as will be seen from the following table :

(1)	Central Government	Rs.	350-900	
(2)	U. P.	Rs	350-900	
(3)	West Bengal	Rs.	325-1000	
(4)	Rajasthan	Rs.	375-850	
(5)	Gujarat	Rs.	500-950	(Assistant Engineer)
		Rs.	450-925	(Deputy Engineer)
(6)	Maharashtra	Rs.	410-1010	(Assistant Engineer)
		Rs.	325-880	(Deputy Engineer)
(7)	Madras	Rs.	350-650	
(8)	Kerala	Rs.	350-650	
(9)	Assam	Rs.	350-925	

In these circumstances when the demand of the Sub Divisional Engineers was more than met by the recommendations of the Pay Commission which has been accepted by the State Government and when their pay scale is the highest for their category in the country, there is no justification for any sense of "demoralisation and frustration" among them.

QUESTION Re. REPLY TO CALL ATTENTION NOTICE NO. 63

चौधरी बलबीर सिंह : अध्यक्ष महोदय, मुझे काल अटैनशन मोशन न: 63 का जबाव मिला है उसके बारे ...

ਸ੍ਰੀ ਸਪੀਕਰ : ਕਦੋਂ ਜਵਾਬ ਮਿਲਿਆ ਹੈ ? (When was the reply received by the hon. Member ?)

चौधरी बलबीर सिंह : यह जनाब परसों मिला था । मैं ने कल सवाल करना चाहा तो आपने कहा था कि मिनिस्टर साहिब अब यहाँ नहीं हैं कल को कर लेना । तो मैं उसके बारे में कहना चाहता हूं कि लेबर मिनिस्टर की तरफ से बयान आया है कि अभी तक उन्होंने ई०ऐफ० आई का रुपया जमा नहीं करवाया । पिछले सैशन में हमने जब सवाल पूछा था तो उस वक्त श्री कृष्ण लाल मिनिस्टर थे । उन्होंने जबाब दिया कि रुपये दे दिए गए हैं । अब इन्होंने जवाब दिया है कि रुपये जमा नहीं करवाये । क्या सरकार उनसे पैसे जमा करवाने के लिये कार्यवाही करेगी ? (विघ्न) अगर वह जमा नहीं करवाते तो सरकार को अधिकार है कि मालिये की तरह कार्यवाई करके जमा करवाये । (विघ्न) इस बारे में मुलाजमों ने हड़ताल भी की थी कि बोनस का रुपया ...

ਸ੍ਰੀ ਸਪੀਕਰ : ਤੁਸੀਂ ਕੋਈ ਸਵਾਲ ਪੁੱਛੋ । (ਵਿਘਨ) (Please ask a specific question) (Interruption)

चौधरी बलबीर सिंह : अध्यक्ष महोदय, इन्होंने जो जवाब दिया है (विघ्न) इन्होंने कहा है कि उसने रुपये जमा नहीं करवाये । मैं यह पूछना चाहता हूं कि रुपये जमा करवाने के लिये सरकार ने कानूनी ढंग से कार्यवाही क्यों नहीं की और अगर वह जमा न करवाये तो क्या सरकार उनके खिलाफ कोई ऐक्शन लेगी ?

ਵਿੱਤ ਮੰਤਰੀ : ਸਪੀਕਰ ਸਾਹਿਬ, ਅਜੇ ਤੱਕ ਉਸ ਨੇ ਪੈਸੇ ਜਮ੍ਹਾਂ ਨਹੀਂ ਕਰਵਾਏ । ਜੋ ਅੰਡਰ ਰੂਲ, ਐਕਸ਼ਨ, ਲੈ ਸਕਦੇ ਹਾਂ, ਉਹ ਜ਼ਰੂਰ ਲਵਾਂਗੇ ।

ਕਾਮਰੇਡ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਚੌਧਰੀ ਸਾਹਿਬ ਨੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਹੈ ਕਿ ਇਕ ਫੈਕਟਰੀ ਵਿੱਚ ਮਾਲਕਾਂ ਨੇ ਵਰਕਰਾਂ ਦੇ ਈ. ਐਸ. ਆਈ. ਦੇ ਰੁਪਏ ਜਮ੍ਹਾਂ ਨਹੀਂ ਕਰਵਾਏ । ਮੇਰੀ ਵੀ ਇਕ ਕਾਲ ਅਟੈਨਸ਼ਨ ਮੋਸ਼ਨ ਐਗਜ਼ੈਕਟਲੀ ਇਸੇ ਕਿਸਮ ਦੀ ਸੀ ਜੋ ਹਿੰਦੁਸਤਾਨ ਐਮਬਰਾਇਡਰੀ ਮਿੱਲ ਦੀ ਸੀ । ਪਰ ਤੁਹਾਡੇ ਦਫ਼ਤਰ ਨੇ ਜਵਾਬ ਦਿੱਤਾ ਹੈ :

> Legal remedies are open and, therefore, the Call Attention Motion is not allowed.

ਸ੍ਰੀ ਸਪੀਕਰ : ਡਾਂਗ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਦਾ ਸਕੋਪ ਸਾਨੂੰ ਕੁਝ ਨਾ ਕੁਝ ਲਿਮਿਟ ਕਰਨਾ ਪਵੇਗਾ । (ਵਿਘਨ) (*Addressing Comrade Satya Pal Dang*—We will have to limit the scope of a Call Attention Motion.) (Interruption)

DEMANDS FOR GRANTS

Mr. Speaker : There are four Demands for Grants which are to be discussed and voted upon today. If the hon. Members agree, all the Demands may be discussed together.

Voices : Yes, yes.

Minister for Industries : Sir, I beg to move—

that a sum not exceeding Rs. 2,59,65,200 be granted to the Governor to defray the charges that will come in course of payment for the year 1970-71 in respect of 35 Industries.

that a sum not exceeding Rs. 4,74,61,300 be granted to the Governor to defray the charges that will come in course of payment for the year 1970-71 in respect of 96-Capital Outlay on Industrial and Economic Development

that a sum not exceeding Rs. 5,97,37,830 be granted to the Governor to defray the charges that will come in course of payment for the year 1970-71 in respect of 29-Medical.

that a sum not exceeding Rs. 5,78,01,670 be granted to the Governor to defray the charges that will come in course of payment for the year 1970-71 in respect of 30-Public Health.

Mr. Speaker : Motion moved—

that a sum not exceeding Rs. 2,59,65,200 be granted to the Governor to defray the charges that will come in course of payment for the yea 1970-71 in respect of 35 Industries,

that a sum not exceeding Rs. 4,74,61,300 be granted to the Governor to defray the charges that will come in course of payment for the year 1970-71 in respect of 96—Capital Outlay on Industrial and Economic Development.

that a sum not exceeding Rs. 5,97,37,830 be granted to the Governor to defray the charges that will come in course of payment for the year 1970-71 in respect of 29 Medical.

that a sum not exceeding Rs. 5,78,01,670 be granted to the Governor to defray the charges that will come in course of payment for the year 1970-71 in respect of 30 Public Health.

Mr. Speaker : There are some notices of Cut Motions to these Demands. These will be deemed to have been read and moved and can be discussed alongwith the Demands. The Hon. Members while speaking, may indicate the Demand No. on which they would like to raise discussion. At the end I will put the Cut Motions and Demands one by one to the vote of the House.

DEMAND No. 22.

(35—Industries)

1. **Comrade Satya Pal Dang** :
2. **Comrade Babu Singh** .

That the demand be reduced by Re. 1/-.

3. **Chaudhri Balbir Singh** :

That the demand be reduced by Re. 1/-.

4. **Shri Sardari Lal Kapur** :

That the demand be reduced by Re. 1/-.

[Mr. Speaker]

DEMAND No. 42

(96—Capital Outlay on Industrial and Economic Development)

1. **Shri Sardari Lal Kapur :**

That the demand be reduced by Re. 1/-.

DEMAND No. 17

(29—Medical)

1. **Chaudhri Balbir Singh :**

That the demand be reduced by Re. 1/-

DEMAND No. 17

(29—Medical)

2. **Shri Sardari Lal Kapur :**

That the demand be reduced by Re. 1/-.

DEMAND No. 18

(30—Public Health)

1. **Comrade Satya Pal Dang :**
2. **Comrade Babu Singh :**

That the demand be reduced by Re. 1/-.

3. **Shri Sardari Lal Kapur :**

That the demand be reduced by Re, 1/ .

ਸਰਦਾਰ ਬੇਅੰਤ ਸਿੰਘ (ਪਾਇਲ) : ਸਪੀਕਰ ਸਾਹਿਬ, ਇਹ ਜੋ ਡੀਮਾਂਡ ਨਬਰ 22 ਲਈ 2,59,65,200 ਰੁਪਿਆ, ਡੀਮਾਂਡ ਨੰਬਰ 42 ਵਾਸਤੇ 4,74,61,300 ਰੁਪਿਆ, ਡੀਮਾਂਡ ਨੰਬਰ 17 ਵਿੱਚ 5,97,37,830 ਰੁਪਿਆ ਔਰ ਡੀਮਾਂਡ ਨੰਬਰ 18 ਵਿੱਚ 5,78,01,670 ਰੁਪਿਆ ਅੱਜ ਮੰਗਿਆ ਹੈ, ਇਸ ਦੇ ਬਾਰੇ ਵਿੱਚ ਮੈਂ ਕੁਝ ਗੱਲਾਂ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇੰਡਸਟਰੀਜ਼ ਦੇ ਬਾਰੇ ਮੇਰੀ ਅਰਜ਼ ਹੈ ਕਿ ਇੰਡਸਟਰੀ ਇਕ ਬਹੁਤ ਵੱਡਾ ਮਹਿਕਮਾ ਹੈ। ਸਾਡੀ ਪੰਜਾਬ ਦੀ ਸਰਕਾਰ ਨੇ ਫੋਕਲ ਪੁਆਇੰਟ ਢੰਡਾਰੀ ਕਲਾਂ, ਮੁਹਾਲੀ ਔਰ ਰਾਜਪੁਰੇ ਇਤਨੇ ਤੇਜ਼ੀ ਨਾਲ ਲਗਾਏ ਹਨ ਕਿ ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦਾ ਮਾਈਂਡ ਇਸ ਪਾਸੇ ਇੰਡਸਟਰੀਜ਼ ਵੱਲ ਜ਼ਿਆਦਾ ਹੈ। ਲੇਕਿਨ ਸੈਂਟਰਲ ਸਰਕਾਰ ਨੇ ਸਾਡੇ ਨਾਲ ਬੜਾ ਧੱਕਾ ਕੀਤਾ ਹੈ ਕਿ ਕੋਈ ਵੱਡੀ ਇੰਡਸਟਰੀ ਪੰਜਾਬ ਨੂੰ ਨਹੀਂ ਦਿੱਤੀ। ਇਸ ਕਰਕੇ ਸ਼ਾਇਦ ਉਨ੍ਹਾਂ ਨੇ ਸਾਨੂੰ ਇੰਡਸਟਰੀ ਜ਼ਿਆਦਾ ਨਹੀਂ ਦਿੱਤੀ ਕਿ ਇਹ ਪੰਜਾਬ ਇਕ ਬਾਰਡਰ ਸਟੇਟ ਹੈ। ਲੇਕਿਨ ਸਪੀਕਰ ਸਾਹਿਬ ਮੈਂ ਕਹਿਣਾ ਚਾਹੁੰਦਾ ਹਾਂ ਕਿ ਦੂਸਰੇ ਮੁਲਕਾਂ ਵਿੱਚ ਚੈਕੋਸਲਵੇਕੀਆ ਆਦਿ ਵਿੱਚ, ਜਿਥੇ ਕਿ ਦੂਸਰੇ ਮੁਲਕਾਂ ਦੇ ਬਾਰਡਰ ਨਾਲ ਲੱਗਦੇ ਹਨ, ਉਥੇ ਇੰਡਸਟਰੀਜ਼ ਕਾਫ਼ੀ ਹਨ। ਜੇ ਇਹੀ ਸੋਚ ਲਿਆ ਜਾਵੇ ਕਿ ਬਾਰਡਰ ਦਾ ਇਲਾਕਾ ਹੈ ਔਰ ਬੰਬਾਰਡਮੈਂਟ ਦੇ ਡਰ ਕਰਕੇ ਇਸ ਸੂਬੇ ਨੂੰ ਇੰਡਸਟਰੀ ਨਾ ਦਿੱਤੀ ਜਾਵੇ ਤਾਂ ਇਹ ਕੋਈ ਚੰਗੀ ਗੱਲ ਨਹੀਂ। ਹਿੰਦੁਸਤਾਨ ਦੀ ਸਰਕਾਰ ਨੇ ਤਿੰਨ ਹਜ਼ਾਰ ਕਰੋੜ ਰੁਪਿਆ ਹੈਵੀ ਇੰਡਸਟਰੀਜ਼ ਤੇ ਲਗਾਇਆ ਔਰ ਇਸ ਤੋਂ ਪਹਿਲਾਂ 37 ਸੌ ਕਰੋੜ ਰੁਪਿਆ ਇੰਡਸਟਰੀ ਤੇ ਹੋਰ

ਲਾਇਆ ਲੇਕਿਨ ਸਾਨੂੰ ਸਿਰਫ਼ 30 ਕਰੋੜ ਰੁਪਏ ਦਾ ਪਲਾਂਟ ਹੀ ਮਿਲਿਆ, ਜਿਹੜਾ ਕਿ ਸਿਰਫ 22% ਸਾਡੇ ਸੂਬੇ ਦੇ ਹਿੱਸੇ ਵਿੱਚ ਜੋ ਆਇਆ ਹੈ, ਉਹ ਬਣਦਾ ਹੈ। ਇਹ ਸਾਡੀ ਪੰਜਾਬ ਦੀ ਸਰਕਾਰ ਨਾਲ ਬੜਾ ਧੱਕਾ ਹੈ। ਉਨ੍ਹਾਂ ਨੇ ਹੈਵੀ ਇੰਡਸਟਰੀ ਬਾਹਰ ਦੇ ਸੂਬਿਆਂ ਵਿੱਚ ਬਹੁਤ ਜ਼ਿਆਦਾ ਦਿੱਤੀ। ਹਰ ਸੂਬੇ ਵਿੱਚ ਕੋਈ ਨਾ ਕੋਈ ਹੈਵੀ ਇੰਡਸਟਰੀ ਮਿਲੀ। ਸੈਂਟਰ ਦੀ ਸਰਕਾਰ ਨੇ ਹਾਲੀਂ ਤੱਕ ਟਾਟਿਆਂ ਬਿਰਲਿਆਂ ਔਰ ਡਾਲਮੀਆਂ ਆਦਿ ਨੂੰ ਪਾਲਿਆ ਹੈ।

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

ਉਨ੍ਹਾਂ ਲੋਕਾਂ ਨੂੰ ਇਮਪੋਰਟ ਲਾਇਸੈਂਸ ਦੇ ਕੇ ਬਲੈਂਕ ਚੈਕ ਲੈਣੇ ਸ਼ੁਰੂ ਕਰ ਦਿੱਤੇ ਔਰ ਹੁਣ ਜਦੋਂ ਉਨ੍ਹਾਂ ਨੇ ਬਲੈਂਕ ਚੈਕ ਦੇਣੇ ਬੰਦ ਕਰ ਦਿੱਤੇ ਤਾਂ ਇਨਕੁਆਰੀਆਂ ਸ਼ੁਰੂ ਹੋ ਗਈਆਂ ਹਨ। ਡਿਪਟੀ ਸਪੀਕਰ ਸਾਹਿਬ, ਸਾਡੇ ਇਥੇ ਜਿਹੜੀ ਇੰਡਸਟਰੀ ਹੈ ਉਹ ਦੂਸਰਿਆਂ ਨਾਲੋਂ ਫਿਰ ਵੀ ਚੰਗੀ ਹੈ ਭਾਵੇਂ ਸੈਂਟਰ ਦੀ ਸਰਕਾਰ ਦਾ ਸਾਡੇ ਨਾਲ ਸਟੈਪ ਮਦਰਲੀ ਟਰੀਟਮੈਂਟ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ, ਜੋ ਪੰਜਾਬ ਸਰਕਾਰ ਨੇ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਖੋਲ੍ਹੀ ਹੈ, ਉਸ ਵੱਲ ਦਿਆਉਣਾ ਚਾਹੁੰਦਾ ਹਾਂ। ਉਸ ਕਾਰਪੋਰੇਸ਼ਨ ਨੇ ਨਿਹਾਇਤ ਚੰਗਾ ਕੰਮ ਕੀਤਾ ਹੈ। ਉਨ੍ਹਾਂ ਨੇ ਪਰੋਸੈਸਿੰਗ ਆਫ਼ ਹਾਈਡਜ਼ ਐਂਡ ਮੈਨੂਫੈਕਚਰ ਆਫ਼ ਫੁੱਟ ਵੀਅਰ ਦਾ ਕੰਮ ਸ਼ੁਰੂ ਕੀਤਾ ਹੈ। ਇਕ ਬੀਅਰ ਦਾ ਪਲਾਂਟ ਅਤੇ ਹੋਰ ਕਈ ਪਲਾਂਟ ਲਾਉਣੇ ਸ਼ੁਰੂ ਕੀਤੇ ਹਨ। ਸਾਡੀ ਸਰਕਾਰ ਨੇ ਇਕ ਐਗਰੋ-ਇੰਡਸਟਰੀ ਲਈ ਨਵੇਂ ਨਮੂਨੇ ਦੀ ਕਾਰਵਾਈ ਸ਼ੁਰੂ ਕੀਤੀ ਹੈ ਜੋ ਕਿ ਇਕ ਬੜੀ ਚੰਗੀ ਗੱਲ ਹੈ। ਜੇ ਇਸ ਵੱਲ ਹੋਰ ਧਿਆਨ ਦਿੱਤਾ ਜਾਵੇ ਤਾਂ ਸਾਡੀ ਇੰਡਸਟਰੀਜ਼ ਔਰ ਐਗਰੀਕਲਚਰ ਤਰੱਕੀ ਕਰ ਸਕਦੀਆਂ ਹਨ। (ਵਿਘਨ) ਇੰਡਸਟਰੀਜ਼ ਔਰ ਖੇਤੀ ਦਾ ਆਪਸ ਵਿੱਚ ਬੜਾ ਨਿਕਟ ਦਾ ਸਬੰਧ ਹੈ। ਜਿਸ ਤਰ੍ਹਾਂ ਕਿ ਘਿਓ ਦਾ ਜ਼ਿਕਰ ਮੈਂ ਕਰਦਾ ਹਾਂ। ਘਿਓ ਮੂੰਗਫਲੀ ਤੋਂ ਬਣਦਾ ਹੈ। ਜੇ ਕਿਸਾਨ ਮੂੰਗਫਲੀ ਪੈਦਾ ਨਾ ਕਰੇ ਤਾਂ ਘਿਓ ਕਿਸ ਤਰ੍ਹਾਂ ਬਣ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਕ ਘਿਓ ਦਾ ਕਾਰਖਾਨਾ ਚਾਲੂ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਅੱਜ ਅਖ਼ਬਾਰ ਵਿੱਚ ਪੜ੍ਹਿਆ ਹੋਣਾ ਹੈ ਕਿ 30 ਪੈਸੇ ਪਰ ਕਿਲੋ ਘਿਉ ਮਹਿੰਗਾ ਕਰ ਦਿੱਤਾ ਹੈ। ਸੈਂਟਰਲ ਗੌਰਮੈਂਟ ਨੇ ਇਸ ਦੀ ਵਜ੍ਹਾ ਕੀ ਦੱਸੀ ਹੈ ਕਿ ਟੀਨਾਂ ਤੇ ਐਕਸਾਈਜ਼ ਡਿਊਟੀ ਲਾਈ ਹੈ ਅਤੇ ਇਸ ਲਈ ਇਹ ਵੱਧ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਕੋਈ ਚੰਗੀ ਗੱਲ ਨਹੀਂ ਹੋਈ। ਇਸ ਤੋਂ ਇਲਾਵਾ ਮੈਂ ਅਰਜ਼ ਕਰਦਾ ਹਾਂ ਕਿ ਅਗਰ ਉਹ ਜ਼ਿਮੀਂਦਾਰਾਂ ਨੂੰ ਉਤਸ਼ਾਹ ਦੇਣ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਤਾਂ ਉਹ ਮੂੰਗਫਲੀ, ਜਿਸ ਦਾ ਘਿਉ ਬਣਦਾ ਹੈ, ਕਾਫ਼ੀ ਮਿਕਦਾਰ ਵਿੱਚ ਪੈਦਾ ਕਰ ਸਕਦੇ ਹਨ। ਪਰ ਸੈਂਟਰਲ ਗੌਰਮੈਂਟ ਦਾ ਜਿਹੜਾ ਰਵੱਈਆ ਹੈ, ਇਸ ਪਖੋਂ ਉਹ ਠੀਕ ਨਹੀਂ ਹੈ। ਹੁਣ ਮੈਂ ਇਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਕਣਕ ਦੇ ਭਾ ਮੁਕੱਰਰ ਕਰਨ ਨੂੰ ਫਿਰਦੀ ਹੈ ਅਤੇ ਉਹ ਉਸ ਦਾ ਭਾ 62 ਰੁਪਏ ਮੁਕੱਰਰ ਕਰਨ ਦੀਆਂ ਗੱਲਾਂ ਕਰਦੀ ਫਿਰਦੀ ਹੈ, ਪਰ ਇਹ ਕੋਈ ਚੰਗੀ ਗੱਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਜ਼ਿਮੀਂਦਾਰਾਂ ਨੂੰ ਉਤਸ਼ਾਹ ਦਿੱਤਾ ਜਾਏ ਅਤੇ ਨਾਲ ਹੀ ਇੰਡਸਟਰੀ ਵੱਲ ਵੀ ਉਨ੍ਹਾਂ ਦਾ ਧਿਆਨ ਦਿਲਾਇਆ ਜਾਏ। ਜ਼ਿਮੀਂਦਾਰਾਂ ਨੂੰ ਇੰਡਸਟਰੀ ਵਿੱਚ ਵੀ ਹਿੱਸਾ ਪਾਉਣਾ ਚਾਹੀਦਾ ਹੈ। ਅੱਜ ਸਾਡੇ ਪੰਜਾਬ ਦੀ ਜਨਤਾ ਜਿਹੜੀ ਹੈ ਉਹ 80 ਫ਼ੀ ਸਦੀ ਖੇਤੀ ਤੇ ਨਿਰਭਰ ਕਰਦੀ ਹੈ। ਅਤੇ ਇਕੱਲਾ ਖੇਤੀ ਤੇ ਇਤਨੀ ਬੜੀ ਸੰਖਿਆ ਦਾ ਗੁਜ਼ਾਰਾ ਹੋਣਾ ਮੁਸ਼ਕਲ ਹੈ।

(ਸਰਦਾਰ ਬੇਅੰਤ ਸਿੰਘ)

ਇਸ ਦੇ ਨਾਲ ਹੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਢੰਡਾਰੀ ਕਲਾਂ, ਮੁਹਾਲੀ ਅਤੇ ਰਾਜਪੁਰੇ ਦੇ ਵਿੱਚ ਇੰਡਸਟਰੀਅਲ ਅਸਟੇਟਸ ਬਣਾਈਆਂ ਹਨ, ਇਸੇ ਤਰ੍ਹਾਂ ਪਿੰਡਾਂ ਵਿੱਚ ਬਣਾਉਣੀਆਂ ਚਾਹੀਦੀਆਂ ਹਨ। ਪਿੰਡਾਂ ਵਿੱਚ ਸਮਾਲ ਸਕੇਲ ਇੰਡਸਟਰੀ ਬਹੁਤ ਘੱਟ ਹੈ। ਉਥੇ ਸਮਾਲ ਸਕੇਲ ਇੰਡਸਟਰੀ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਮਾਲੇਰਕੋਟਲੇ ਵਿੱਚ ਇਕ ਬੜੀ ਭਾਰੀ ਇੰਡਸਟਰੀਅਲ ਅਸਟੇਟ ਬਣੀ ਹੋਈ ਹੈ ਉਸੇ ਤਰ੍ਹਾਂ ਪਿੰਡਾਂ ਵਿੱਚ ਵੀ ਹੋਣੀ ਚਾਹੀਦੀ ਹੈ। ਮੈਂ ਅਰਜ਼ ਕਰਾਂ ਕਿ ਜ਼ਿਮੀਂਦਾਰ ਇਕੱਲੀ ਖੇਤੀ ਤੇ ਨਿਰਭਰ ਨਹੀਂ ਰਹਿ ਸਕਦਾ ਜਦ ਤਕ ਕੋਈ ਛੋਟੀ ਮੋਟੀ ਇੰਡਸਟਰੀ ਨਾਲ ਨਾ ਚਲਾਈ ਜਾਵੇ। ਉਥੇ ਕੋਈ ਘਿਉ ਬਣਾਉਣ ਦੇ ਜਾਂ ਮੱਖਣ ਬਣਾਉਣ ਲਈ ਯਾਨੀ ਇਸ ਕਿਸਮ ਦੀ ਛੋਟੀ ਮੋਟੀ ਕੋਈ ਨਾ ਕੋਈ ਇੰਡਸਟਰੀ ਜ਼ਰੂਰ ਲਗਾਉਣੀ ਚਾਹੀਦੀ ਹੈ। ਮਹਾਰਾਸ਼ਟਰ ਵਿੱਚ ਸਿਰਫ ਉਹੀ ਜ਼ਿਮੀਂਦਾਰ ਕਾਮਯਾਬ ਹਨ ਜਿਨ੍ਹਾਂ ਨੇ ਖੇਤੀ ਦੇ ਨਾਲ ਨਾਲ ਕੋਈ ਛੋਟੀ ਮੋਟੀ ਇੰਡਸਟਰੀ ਲਗਾਈ ਹੋਈ ਹੈ। ਸਾਡੇ ਪੰਜਾਬ ਦੇ ਜ਼ਿਮੀਂਦਾਰ ਨੂੰ ਕਾਮਯਾਬ ਕਰਨ ਲਈ ਸਾਨੂੰ ਉਸ ਦਾ ਹੱਥ ਵਟਾਉਣਾ ਚਾਹੀਦਾ ਹੈ। ਇਕ ਗਲ ਮੈਂ ਹਰੀਜਨ ਭਰਾਵਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਕਿਉਂ ਇਕਲੇ ਜ਼ਮੀਨਾਂ ਮਗਰ ਪਏ ਹੋਏ ਹਨ। ਉਨ੍ਹਾਂ ਨੂੰ 5, 5 ਕਿਲੇ ਸਾਰੀ ਜ਼ਮੀਨ ਮਿਲਦੀ ਹੈ ਅਤੇ ਉਸ ਤੇ ਕਾਸ਼ਤ ਕਰਦੇ ਹਨ ਜਿਸ ਨਾਲ ਉਨ੍ਹਾਂ ਦੇ ਟੱਬਰ ਦਾ ਗੁਜ਼ਾਰਾ ਤੱਕ ਨਹੀਂ ਹੋ ਸਕਦਾ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਕਿਉਂ ਨਹੀਂ ਇੰਡਸਟਰੀ ਵੱਲ ਜਾਂਦੇ ? ਉਨ੍ਹਾਂ ਨੂੰ ਇੰਡਸਟਰੀ ਵੱਲ ਵੀ ਜਾਣਾ ਚਾਹੀਦਾ ਹੈ। ਮੈਂ ਇੰਡਸਟਰੀ ਦੇ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਪਿੰਡਾਂ ਵਿੱਚ ਇੰਡਸਟਰੀ ਲਾਉਣ ਲਈ ਕੋਈ ਸਟੈਪਸ ਚੁਕਣ ਦੀ ਕਿਰਪਾਲਤਾ ਕਰਨ। ਇਸ ਦੇ ਨਾਲ ਹੀ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਪਿੰਡਾਂ ਵਿੱਚ ਇੰਡਸਟਰੀ ਲਾਈ ਜਾਵੇ ਉਸ ਦਾ ਪੂਰਾ ਪੂਰਾ ਧਿਆਨ ਵੀ ਰਖਿਆ ਜਾਏ ਅਤੇ ਉਸ ਦੀ ਪੈਰਵੀ ਵੀ ਕੀਤੀ ਜਾਏ। ਮੇਰੀ ਕੰਸਟੀਚਿਊਐਂਸੀ ਵਿੱਚ ਇਕ ਪਿੰਡ ਹੈ, ਰਾਮਪੁਰਾ ਅਤੇ ਉਥੇ ਇੰਡਸਟਰੀਅਲ ਸ਼ੈਡ ਬਣਾਇਆ ਹੋਇਆ ਹੈ, ਪਰ ਉਹ ਖ਼ਾਲੀ ਹੀ ਪਿਆ ਹੈ। ਉਥੇ ਬਕਰੀਆਂ ਹੀ ਖੜੀਆਂ ਕੀਤੀਆਂ ਜਾਂਦੀਆਂ ਹਨ ਅਤੇ ਇੰਡਸਟਰੀ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। (ਵਿਘਨ)

ਇੰਡਸਟਰੀਅਲ ਕਾਰਪੋਰੇਸ਼ਨ, ਮੈਂ ਸਮਝਦਾ ਹਾਂ ਕਿ ਨਿਹਾਇਤ ਹੀ ਅੱਛਾ ਕੰਮ ਕਰ ਰਹੀ ਹੈ ਅਤੇ ਦੋ ਤਿੰਨ ਫਰਮਾਂ ਜਿਹੜੀਆਂ ਹਨ, ਉਹ ਵੀ ਚੰਗਾ ਕੰਮ ਕਰ ਰਹੀਆਂ ਹਨ। ਪਰ ਇਸ ਦੇ ਨਾਲ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇੰਡਸਟਰੀ ਵਾਸਤੇ ਜਿਹੜਾ ਕਰਜ਼ਾ ਦਿੱਤਾ ਜਾਂਦਾ ਹੈ ਉਹ ਕੋਈ 2 ਜਾਂ 3 ਪਰਸੈਂਟ ਸੂਦ ਤੇ ਦਿੱਤਾ ਜਾਂਦਾ ਹੈ ਅਤੇ ਨਾਲ ਹੀ ਸੱਬਸਿਡੀ ਆਦਿ ਵੀ ਦਿੱਤੀ ਜਾਂਦੀ ਹੈ, ਪਰ ਜ਼ਿਮੀ ਦਾਰ ਨੂੰ ਹਾਇਰ ਰੇਟ ਤੇ ਕਰਜ਼ੇ ਦਿੱਤੇ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਜ਼ਿਮੀਂਦਾਰ ਨੂੰ ਵੀ ਇੰਡਸਟਰੀ ਦੀ ਤਰ੍ਹਾਂ ਕਰਜ਼ੇ ਅਤੇ ਸੱਬਸਿਡੀ ਦਿੱਤੀ ਜਾਇਆ ਕਰੇ।

ਇਕ ਗੱਲ ਹੋਰ ਜਿਹੜੀ ਮੈਂ ਚੰਗੀ ਸਮਝਦਾ ਹਾਂ ਜਿਹੜੀ ਇੰਡਸਟਰੀ ਮਨਿਸਟਰ ਨੇ ਕੀਤੀ ਹੈ, ਉਹ ਇਹ ਹੈ ਕਿ ਡਿਸਟਿਰਕਟ ਇੰਡਸਟਰੀ ਆਫੀਸਰ ਦੇ ਕਰਜ਼ਾ ਦੇਣ ਦੇ ਅਧਿਕਾਰਾਂ ਵਿੱਚ ਵਾਧਾ ਕਰ ਦਿੱਤਾ ਹੈ। ਉਹ ਹੁਣ 5 ਹਜ਼ਾਰ ਰੁਪਏ ਤੱਕ ਲੋਨ ਦੇ ਸਕਦਾ ਹੈ, ਅਤੇ ਡਾਇਰੈਕਟਰ ਇੰਡਸਟਰੀ 10 [illegible] ਰੁਪਏ ਤੱਕ ਲੋਨ ਦੇ ਸਕਦਾ ਹੈ। ਇਸ ਦੇ ਨਾਲ ਲੋਕਾਂ ਦਾ ਬਹੁਤ ਭਲਾ ਹੋ ਗਿਆ ਹੈ। ਇਸ ਦੇ ਨਾਲ ਮੈਂ ਇਹ ਕਹਾਂਗਾ ਕਿ ਇਹ ਕਰਜ਼ਾ ਸਿਰਫ ਉਨ੍ਹਾਂ ਨੂੰ ਹੀ ਨਾ ਦਿੱਤਾ ਜਾਏ ਜਿਹੜੇ ਝੋਲੀ ਚੁੱਕ ਹੋਣ ਇਹ ਕਰਜ਼ਾ ਡਿਜ਼ਰਵਿੰਗ ਕੈਂਡੀਡੇਟਸ ਨੂੰ ਦਿੱਤਾ ਜਾਏ ਜਿਨ੍ਹਾਂ ਨੂੰ ਇਸ ਦੀ ਲੋੜ ਹੋਵੇ ਅਤੇ ਜਿਹੜੇ ਇਸ ਨੂੰ ਠੀਕ ਢੰਗ ਨਾਲ ਯੂਟੀਲਾਈਜ਼ ਕਰਨ। ਅਸੀਂ ਪਿੰਡਾਂ ਵਿੱਚ ਵੇਖਦੇ ਹਾਂ ਕਿ ਉਥੇ ਵੱਡੇ ਵੱਡੇ ਕਾਰੀਗਰ ਹਨ ਜਿਹੜੇ ਹੱਥਾਂ ਨਾਲ ਚੀਜ਼ਾਂ ਬਣਾਉਂਦੇ ਹਨ—ਜਿਸ ਤਰ੍ਹਾਂ ਜੁੱਤੀਆਂ ਆਦਿ ਹਨ। ਪਰ ਜਦੋਂ ਉਹ

ਡਿਸਟਰਿਕਟ ਇੰਡਸਟਰੀਜ਼ ਆਫ਼ੀਸਰਜ਼ ਕੋਲ ਕਰਜ਼ੇ ਆਦਿ ਲਈ ਜਾਂਦੇ ਹਨ ਤਾਂ ਉਨ੍ਹਾਂ ਨੂੰ ਟਰਕਾਉਣ ਦੀ ਗੱਲ ਕਰਦੇ ਹਨ ਅਤੇ ਕਹਿੰਦੇ ਹਨ ਕਿ ਸਿਉਰਟੀ ਆਦਿ ਲੈ ਕੇ ਆਉ । ਮੈਂ ਕਹਿੰਦਾ ਹਾਂ ਕਿ ਗਰੀਬਾਂ ਨੂੰ ਇਸ ਤਰ੍ਹਾਂ ਛੋਟੀਆਂ ਛੋਟੀਆਂ ਗੱਲਾਂ ਨਾਲ ਟਰਕਾਉਣਾ ਨਹੀਂ ਚਾਹੀਦਾ ਅਤੇ ਇਹ ਜਿਹੜਾ ਫ਼ੇਵਰਟਿਜ਼ਮ ਹੈ ਜਾਂ ਨਿਪੋਟਿਜ਼ਮ ਹੈ ਇਸ ਨੂੰ ਖ਼ਤਮ ਕਰਨਾ ਚਾਹੀਦਾ ਹੈ ! ਇਸ ਤੋਂ ਅੱਗੇ ਸਮਾਲ ਸਕੇਲ ਇੰਡਸਟਰੀ ਦੇ ਵਿੱਚ ਟੈਕਨੀਕਲ ਸਕੀਮ ਵਿੱਚ 8 ਹਜ਼ਾਰ ਰੁਪਏ ਰੱਖੇ ਗਏ ਹਨ । ਇਸ ਦੇ ਨਾਲ ਹੀ 50 ਹਜ਼ਾਰ ਫ਼ਾਰਮ ਡਰਿਲਜ਼ ਬਣਾਉਣੀਆਂ ਹਨ ਅਤੇ ਹੋਰ ਐਗਰੀਕਲਚਰਲ ਇੰਪਲੀਮੈਂਟਸ ਤਿਆਰ ਕਰਨੇ ਹਨ ਅਤੇ ਉਨ੍ਹਾਂ ਲਈ ਨਵੇਂ ਕਾਰਖਾਨੇ ਬਣਾਉਣੇ ਹਨ । ਮੈਂ ਸਮਝਦਾ ਹਾਂ ਕਿ ਇਨ੍ਹਾਂ ਚੀਜ਼ਾਂ ਦੇ ਬਣਾਉਣ ਦੇ ਕਾਰਖਾਨੇ ਪਿੰਡਾਂ ਵਿੱਚ ਹੋਣੇ ਚਾਹੀਦੇ ਹਨ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਕੁਝ ਗਿਆਨ ਪ੍ਰਾਪਤ ਹੋ ਸਕੇ ਕਿ ਇਹ ਕਿਸ ਤਰ੍ਹਾਂ ਬਣਦੇ ਹਨ ਅਤੇ ਉਨ੍ਹਾਂ ਨੂੰ ਉਹ ਬਣਾਉਣ ਦਾ ਉਤਸ਼ਾਹ ਹੋਵੇ । ਪਿੰਡਾਂ ਵਿੱਚ ਇੰਡਸਟਰੀ ਦੇ ਮਾਮਲੇ ਵਿੱਚ ਕੋਈ ਉਤਸ਼ਾਹ ਨਹੀਂ ਦਿੱਤਾ ਜਾ ਰਿਹਾ, ਇਸ ਵਲ ਪੂਰਾ ਧਿਆਨ ਦੇਣ ਦੀ ਲੋੜ ਹੈ ।

ਇੱਕ ਗੱਲ ਮੈਂ ਹੁਣ ਕੁਆਲਿਟੀ ਮਾਰਕੀਟਿੰਗ ਦੇ ਬਾਰੇ ਵਿੱਚ ਅਰਜ਼ ਕਰਾਂਗਾ । ਸਾਡੇ ਕਾਰਖਾਨੇਦਾਰਾਂ ਦੀ ਇਹ ਟੈਂਡੈਂਸੀ ਬਣ ਗਈ ਹੈ ਕਿ ਜਦੋਂ ਕੋਈ ਚੀਜ਼ ਚਲ ਜਾਏ ਤਾਂ ਉਸ ਦੀ ਕੁਆਲਿਟੀ ਘਟਾ ਦਿੱਤੀ ਜਾਂਦੀ ਹੈ । ਉਸ ਦੇ ਨਾਲ ਸਾਨੂੰ ਅਤੇ ਸਾਡੇ ਦੇਸ਼ ਨੂੰ ਬਹੁਤ ਨੁਕਸਾਨ ਹੁੰਦਾ ਹੈ । ਇਸ ਗੱਲ ਲਈ ਜਿਹੜੇ ਇੰਸਪੈਕਟਰਜ਼ ਲਗੇ ਹੋਏ ਹਨ ਉਹ ਪੂਰੀ ਪੂਰੀ ਤਵੱਜੋ ਨਹੀਂ ਦਿੰਦੇ ਅਤੇ ਨਾਲ ਹੀ ਉਹ ਰਿਸ਼ਵਤ ਆਦਿ ਲੈ ਕੇ ਪਾਸ ਕਰ ਦਿੰਦੇ ਹਨ । ਮੈਂ ਕਹਾਂਗਾ ਕਿ ਉਨ੍ਹਾਂ ਨੂੰ ਤਾੜਨਾ ਕੀਤੀ ਜਾਏ ਕਿ ਉਹ ਕੁਆਲਿਟੀ ਦਾ ਪੂਰਾ ਪੂਰਾ ਧਿਆਨ ਰੱਖਣ । ਇਹ ਇੰਸਪੈਕਟਰ ਜਿਹੜੇ ਬਣਾਏ ਗਏ ਸੀ, ਕਾਂਗਰਸ ਰਾਜ ਵੇਲੇ, ਇਹ ਕੋਟਾ ਦੇਣ ਵਾਸਤੇ ਬਣਾਏ ਗਏ ਸੀ । 'ਕੋਟਾ ਦਿਓ ਅਤੇ ਵੋਟ ਲਵੋ' ਵਾਲੀ ਗੱਲ ਚਲਦੀ ਰਹੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਚੰਗੀ ਕੁਆਲਿਟੀ ਦਾ ਮਾਲ ਮਿਲਣਾ ਚਾਹੀਦਾ ਹੈ ਅਤੇ ਚੰਗੀ ਕੁਆਲਿਟੀ ਦੇ ਮਾਲ ਨਾਲ ਸਾਨੂੰ ਫਾਰਨ ਐਕਸਚੇਂਜ ਆ ਸਕਦਾ ਹੈ ।

ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਲੇਬਰ ਔਰ ਜਿਹੜੇ ਇੰਡਸਟਰੀਅਲਿਸਟਸ ਦੇ ਤੁਅੱਲਕਾਤ ਹਨ ਉਹ ਐਡੇ ਚੰਗੇ ਨਹੀਂ, ਬੇਸ਼ਕ ਹੋਰ ਸਟੇਟਾਂ ਨਾਲੋਂ ਚੰਗੇ ਹਨ । ਜਿਸ ਤਰ੍ਹਾਂ ਅਸੀਂ ਅੱਜ ਬੰਗਾਲ ਦੀ ਗੱਲ ਵੇਖੀ ਹੈ ਕਿ ਉਥੇ ਗੋਲੀ ਚਲ ਗਈ, 22 ਆਦਮੀ ਮਾਰੇ ਗਏ ਅਤੇ ਹਜ਼ਾਰ ਜ਼ਖ਼ਮੀ ਹੋ ਗਏ । ਮੈਂ ਕਹਿੰਦਾ ਹਾਂ ਕਿ ਲੇਬਰ ਦਿਨ ਰਾਤ ਕੰਮ ਕਰਦੀ ਰਹਿੰਦੀ ਹੈ ਅਤੇ ਜਿਹੜਾ ਮੁਨਾਫ਼ਾ ਹੈ ਉਹ ਸਾਰੇ ਦਾ ਸਾਰਾ ਇੰਡਸਟਰੀਆਲਿਸਟਸ ਖਾ ਜਾਂਦੇ ਹਨ । ਇੰਡਸਟਰੀਆਲਿਸਟਸ ਨੂੰ ਚਾਹੀਦਾ ਹੈ ਕਿ ਕੰਮ ਕਰਨ ਵਾਲੇ ਨੂੰ ਕਾਫ਼ੀ ਉਤਸ਼ਾਹ ਦੇਣ । ਇਹ ਠੀਕ ਹੈ ਕਿ ਸਾਡੀ ਸਰਕਾਰ ਨੇ ਹੁਣੇ ਹੁਣੇ ਲੇਬਰ ਦੇ ਰੇਟਸ ਵਧਾਏ ਹਨ ਪਰ ਫਿਰ ਵੀ ਬੜਾ ਪਾੜਾ ਹੈ । ਜਦੋਂ ਲੇਬਰ ਦੇਖਦੀ ਹੈ ਕਿ ਇੰਡਸਟਰੀਆਲਿਸਟਸ ਲੰਮੀਆਂ ਲੰਮੀਆਂ ਕਾਰਾਂ ਤੇ ਸਫ਼ਰ ਕਰਦੇ ਹਨ ਪਰ ਇਸ ਦੇ ਮੁਕਾਬਲੇ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਦੀਆਂ ਸਹੂਲਤਾਂ ਤੱਕ ਨਹੀਂ ਮਿਲਦੀਆਂ ਤਾਂ ਉਨ੍ਹਾਂ ਦਾ ਉਤਸ਼ਾਹ ਖਤਮ ਹੋ ਜਾਂਦਾ ਹੈ । ਇਸ ਪਾੜੇ ਨੂੰ ਦੂਰ ਕਰਨਾ ਚਾਹੀਦਾ ਹੈ ।

ਲੇਬਰ ਵਾਸਤੇ ਸਾਡੀ ਸਰਕਾਰ ਨੇ ਇਕ ਚੰਗੀ ਸਕੀਮ ਬਣਾਈ ਹੈ ਅਤੇ ਉਨ੍ਹਾਂ ਵਾਸਤੇ ਇੰਡਸਟਰੀਅਲ ਹਾਉਸਿਜ਼ ਬਣਾਏ ਹਨ ਅਤੇ ਹਾਇਰ ਪਰਚੇਜ਼ ਦਾ ਸਿਸਟਮ ਚਾਲੂ ਕੀਤਾ ਹੈ । ਇਹ ਬੜਾ ਅੱਛਾ ਕੰਮ ਕੀਤਾ ਹੈ । 10 ਹਜ਼ਾਰ ਰੁਪਏ ਟੈਕਨੀਸ਼ੀਅਨਜ਼ ਵਾਸਤੇ ਰੱਖੇ ਗਏ ਹਨ । ਮੈਂ ਸਮਝਦਾ ਹਾਂ ਕਿ ਅਗਰ ਉਨ੍ਹਾਂ ਨੇ ਟੈਕਨੀਸ਼ੀਅਨ ਬਣ ਕੇ ਨੌਕਰੀ ਲੈਣੀ ਹੈ ਤਾਂ ਅਸੀਂ ਵੇਖਦੇ ਹਾਂ ਕਿ ਉਹ ਬੜੀ ਔਖੀ ਹੋ ਗਈ

(ਸਰਦਾਰ ਬੇਅੰਤ ਸਿੰਘ)

ਹੈ । ਸਾਨੂੰ ਚਾਹੀਦਾ ਹੈ ਕਿ ਉਹ ਜਦੋਂ ਕੋਰਸ ਪਾਸ ਕਰ ਜਾਣ ਤਾਂ ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਕਿ ਉਹ ਕਾਰਖਾਨੇ ਆਦਿ ਲਾ ਸਕਣ ਅਤੇ ਨਾਲ ਹੀ ਕਾਰਖਾਨੇਦਾਰਾਂ ਨੂੰ ਇੰਸਟਰਕਸ਼ਨਜ਼ ਹੋਣੀਆਂ ਚਾਹੀਦੀਆਂ ਹਨ ਕਿ ਪਾਸ ਸ਼ੁਦਾ ਟੈਕਨੀਸ਼ੀਅਨਜ਼ ਨੂੰ ਪ੍ਰੈਫਰੈਂਸ ਦੇਣ ਨੌਕਰੀ ਆਦਿ ਲਈ ।

ਇਕ ਗੱਲ ਹੁਣ ਮੈਂ ਆਈ. ਟੀ. ਆਈ. ਦੇ ਬਾਰੇ ਕਹਿਣੀ ਚਾਹੁੰਦਾ ਹਾਂ । ਇਹ ਇੰਸਟੀਚਿਊਟਸ ਪਹਿਲਾਂ ਤਾਂ ਚੰਗੇ ਚਲਦੇ ਰਹੇ ਪਰ ਜਦੋਂ ਪਾਸ ਕਰਨ ਬਾਦ ਉਨ੍ਹਾਂ ਲੋਕਾਂ ਨੂੰ ਕੋਈ ਰੁਜ਼ਗਾਰ ਨਾ ਮਿਲਿਆ ਤਾਂ ਲੋਕਾਂ ਦਾ ਉਤਸ਼ਾਹ ਉਸ ਸਕੀਮ ਵੱਲ ਘੱਟ ਗਿਆ ਹੈ ।

ਹੁਣ ਮੈਂ ਇੱਕ ਦੋ ਗੱਲਾਂ ਮੈਡੀਕਲ ਦੇ ਬਾਰੇ ਵਿੱਚ ਕਹਿਣਾ ਚਾਹੁੰਦਾ ਹਾਂ । ਡਿਮਾਂਡ ਨੰ: 17 ਅਤੇ 18 ਵਿੱਚ ਮੈਡੀਕਲ ਦੀ ਮੰਗ ਕੀਤੀ ਗਈ ਹੈ । ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਇਸ ਗੱਲ ਲਈ ਕਿ ਡੈਥ ਰੇਟ ਜਿਹੜਾ 1967 ਵਿੱਚ 15.10 ਪਰ ਥਾਊਜ਼ੈਂਡ ਸੀ ਉਹ ਅੱਜ 8.17 ਹੋ ਗਿਆ ਹੈ । ਇਹ ਠੀਕ ਹੈ ਕਿ ਕਾਲਰਾ ਵਗੈਰਾ ਜੈਸੇ ਬਹੁਤ ਸਾਰੇ ਡੀਜ਼ੀਜ਼ਿਜ਼ ਖ਼ਤਮ ਹੋ ਗਏ ਹਨ ਪਰ ਮੈਂ ਅਰਜ਼ ਕਰਾਂਗਾ ਕਿ ਮਲੇਰੀਆ ਫਿਰ ਸ਼ੁਰੂ ਹੋ ਗਿਆ ਹੈ । ਮੈਂ ਸਮਝਦਾ ਹਾਂ ਕਿ ਇਸ ਸਿਲਸਿਲੇ ਵਿੱਚ ਜਿਹੜਾ ਸਟਾਫ਼ ਸਪਰੇ ਆਦਿ ਦਾ ਕੰਮ ਕਰਦਾ ਸੀ ਉਨ੍ਹਾਂ ਨੇ ਸ਼ੁਰੂ ਤੋਂ ਇਸ ਗੱਲ ਦਾ ਪੂਰੀ ਤਰ੍ਹਾਂ ਧਿਆਨ ਨਹੀਂ ਕੀਤਾ । ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਹਸਪਤਾਲ ਬੁੱਚੜਖ਼ਾਨੇ ਬਣੇ ਹੋਏ ਹਨ । ਆਮ ਮਰੀਜ਼ਾਂ ਬਾਰੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਹੈ । ਲੁਧਿਆਣੇ ਵਿੱਚ ਇਕ ਸਿਵਿਲ ਹਸਪਤਾਲ ਹੈ ਅਤੇ ਇਕ ਬਰਾਊਨਿੰਗ ਹਸਪਤਾਲ ਹੈ । ਸਿਵਿਲ ਹਸਪਤਾਲ ਵਿੱਚ ਕੋਈ ਮਰੀਜ਼ ਦਾਖਲ ਹੋਣਾ ਹੀ ਨਹੀਂ ਚਾਹੁੰਦਾ । ਇਸ ਲਈ ਡਾਕਟਰਾਂ ਦੀ ਸੋਚਣੀ, ਜਿਹੜੀ ਅਜ ਕਲ੍ਹ ਬਣ ਗਈ ਹੈ, ਅਤੇ ਜਿਹੜਾ ਉਨ੍ਹਾਂ ਨੇ ਰਵਈਆ ਅਖ਼ਤਿਆਰ ਕੀਤਾ ਹੋਇਆ ਹੈ ਉਹ ਠੀਕ ਨਹੀ ਕਿਉਂਕਿ ਡਾਕਟਰ ਦਾ ਜਿਹੜਾ ਪ੍ਰੋਫ਼ੈਸ਼ਨ ਹੈ ਉਹ ਬਹੁਤ ਅੱਛਾ ਹੈ ਅਤੇ ਲੋਕਾਂ ਨਾਲ ਉਸ ਨੂੰ ਪਿਆਰ ਰੱਖਣਾ ਚਾਹੀਦਾ ਹੈ । ਪੋਸਟ ਮਾਰਟਮ ਵਾਸਤੇ ਜੇ ਕਈ ਲਾਸ਼ ਹਸਪਤਾਲ ਵਿੱਚ ਜਾਂਦੀ ਹੈ ਤਾਂ ਉਹ ਲਾਸ਼ ਦੋ ਦੋ ਦਿਨ ਰੁਲਦੀ ਰਹਿੰਦੀ ਹੈ । ਇਨ੍ਹਾਂ ਗੱਲਾਂ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਅਤੇ ਇਸ ਦੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ ਹਸਪਤਾਲਾਂ ਨੂੰ ਪੂਰੀਆਂ ਪੂਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਅਤੇ ਦਵਾਈਆਂ ਆਦਿ ਰੱਖਣ ਵਾਸਤੇ ਫ਼ਰਿਜ ਆਦਿ ਸਪਲਾਈ ਕਰਨੇ ਚਾਹੀਦੇ ਹਨ । ਜਿਸ ਤਰ੍ਹਾਂ ਐਂਟੀ ਰੇਬਿਕ ਵੈਕਸੀਨ ਹੈ, ਹਲਕੇ ਕੁੱਤੇ ਦੇ ਵੱਢਣ ਲਈ, ਇਸ ਤਰ੍ਹਾਂ ਦੀਆਂ ਚੀਜ਼ਾਂ ਹਰ ਵਕਤ ਮੌਜੂਦ ਮਿਲਣੀਆਂ ਚਾਹੀਦੀਆਂ ਹਨ । ਜੇ ਪਿੰਡਾਂ ਵਿੱਚ ਕੋਈ ਫ਼ੌਜਦਾਰੀ ਹੋ ਜਾਏ ਤਾਂ ਡਾਕਟਰ ਕਹਿੰਦਾ ਹੈ ਕਿ ਜੇਬ ਭਰ ਕੇ ਮੇਰੇ ਪਾਸ ਆ ਜਾਓ...(ਵਿਘਨ) ।

ਹੁਣ ਮੈਂ ਇਕ ਗੱਲ ਫ਼ੈਮਿਲੀ ਪਲਾਨਿੰਗ ਬਾਰੇ ਕਰਨੀ ਚਾਹੁੰਦਾ ਹਾਂ । ਇਹ ਠੀਕ ਹੈ ਕਿ ਸਾਡੇ ਡਾਕਟਰਾਂ ਨੇ ਕਮੈਂਡੇਬਲ ਕੰਮ ਕੀਤਾ ਹੈ, ਇਸ ਖੇਤਰ ਵਿੱਚ । ਪਰ ਮੈਨੂੰ ਲੁਧਿਆਣਾ ਦੇ ਸੀ. ਐਮ. ਓ. ਨੇ ਦੱਸਿਆ ਹੈ ਕਿ ਅਸੀਂ ਜੋ ਕੁਝ ਕਰਨਾ ਚਾਹੁੰਦੇ ਹਾਂ ਉਹ ਹੋ ਨਹੀਂ ਰਿਹਾ । ਮੈਂ ਸਮਝਦਾ ਹਾਂ ਕਿ ਪਿੰਡਾਂ ਵਿੱਚ ਫ਼ੈਮਲੀ ਪਲਾਨਿੰਗ ਦੇ ਬਾਰੇ ਵਿੱਚ ਲੋਕਾਂ ਵਿੱਚ ਗਲਤ ਪ੍ਰਾਪੇਗੰਡਾ ਕੀਤਾ ਜਾਂਦਾ ਹੈ । ਫ਼ੈਮਲੀ ਪਲਾਨਿੰਗ ਕੀ ਚੀਜ਼ ਹੈ ਅਤੇ ਇਸ ਦੇ ਕੀ ਲਾਭ ਹਨ ਅਤੇ ਇਹ ਕਿਉਂ ਸ਼ੁਰੂ ਕੀਤੀ ਗਈ, ਇਸ ਬਾਰੇ ਵਿਚ ਕੋਈ ਗਾਈਡੈਂਸ ਨਹੀਂ ਦਿੱਤੀ ਜਾਂਦੀ । ਮੈਂ ਅਰਜ਼ ਕਰਾਂਗਾ ਕਿ ਫ਼ੈਮਲੀ ਪਲਾਨਿੰਗ ਦੇ ਮੰਤਵਾਂ ਨੂੰ ਮੁਖ ਰਖਦੇ ਹੋਏ ਫ਼ੈਮਲੀ ਪਲਾਨਿੰਗ ਦਾ ਠੀਕ ਢੰਗ ਨਾਲ ਪ੍ਰਚਾਰ ਹੋਣਾ ਚਾਹੀਦਾ ਹੈ......

Mr. Deputy Speaker : Please conclude your arguments.

ਸਰਦਾਰ ਬੇਅੰਤ ਸਿੰਘ : ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ

ਕਿ ਹਰ ਜ਼ਿਲੇ ਵਿੱਚ ਇਕ ਡਰਗਜ਼ ਕੰਟਰੋਲ ਇਨਸਪੈਕਟਰ ਰਖਿਆ ਹੋਇਆ ਹੈ। ਪਰ ਡਰੱਗਜ਼ ਵਿੱਚ ਬੜੀ ਅਡਲਟਰੇਸ਼ਨ ਹੋ ਰਹੀ ਹੈ। ਮੈਂ ਕਹਿੰਦਾ ਹਾਂ ਕਿ ਸਾਰੇ ਮੁਲਕ ਵਿੱਚ ਜਿਹੜੀਆਂ ਦਵਾਈਆਂ ਹਨ, ਉਨ੍ਹਾਂ ਵਿੱਚ ਜਿਹੜੀ ਅਡਲਟਰੇਸ਼ਨ ਕੀਤੀ ਜਾਂਦੀ ਹੈ, ਇਹ ਸਾਡੇ ਦੇਸ਼ ਦੇ ਲੋਕਾਂ ਲਈ ਬੜੀ ਹੀ ਨੁਕਸਾਨਦੇਹ ਹੈ, ਇਸ ਵਲ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ। ਨਹੀਂ ਤਾਂ ਮੈਂ ਸਮਝਦਾ ਹਾਂ ਇਸ ਤਰ੍ਹਾਂ ਇਸ ਦੇਸ਼ ਦਾ ਭਲਾ ਨਹੀਂ ਹੋਵੇਗਾ। ਫਿਰ ਇਨਸਪੈਕਟਰਾਂ ਦਾ ਮਹੀਨਾ ਬੱਧਾ ਹੋਇਆ ਹੁੰਦਾ ਹੈ। ਜਿਹੜੇ ਤਾਂ ਉਨ੍ਹਾਂ ਨੂੰ ਮਹੀਨੇ ਦੇ ਮਹੀਨੇ ਪੈਸੇ ਦਿਦੇ ਰਹਿੰਦੇ ਹਨ ਉਨ੍ਹਾਂ ਦੇ ਸੈਂਪਲ ਨਹੀਂ ਲਏ ਜਾਂਦੇ ਮਗਰ ਜੋ ਪੈਸੇ ਨਹੀਂ ਦਿੰਦੇ ਉਨ੍ਹਾਂ ਦੀਆਂ ਦਵਾਈਆਂ ਗਲਤ ਮਲਤ ਢੰਗ ਨਾਲ ਕਲਕਤੇ, ਬੰਬਈ ਆਦਿ ਸ਼ਹਿਰਾਂ ਵਿੱਚ ਟੈਸਟ ਕਰਾਉਣ ਲਈ ਭੇਜੀਆਂ ਜਾਂਦੀਆਂ ਹਨ। (ਵਿਘਨ) ਇਨ੍ਹਾਂ ਨੂੰ ਚੈਕ ਕਰਨ ਲਈ ਕੋਈ ਲੇਬਾਰੇਟਰੀ ਵੀ ਇਥੇ ਨਹੀਂ ਹੈ...।

Mr. Deputy Speaker ; The hon. Member may please take his seat now. As decided earlier the House stands adjourned for half an hour. It will meet again at 11.00 A. M.

10.30 A.M (*The House then adjourned for half an hour and re-assembled at 11.00 A.M.*)

(Mr. Deputy Speaker in the Chair)

ਸਰਦਾਰ ਬੇਅੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਪਹਿਲਾਂ ਅਰਜ਼ ਕਰ ਰਿਹਾ ਸੀ ਜਦ ਕਿ ਹਾਊਸ ਅੱਧੇ ਘੰਟੇ ਲਈ ਐਡਜਰਨ ਕੀਤਾ ਗਿਆ ਸੀ... (ਵਿਘਨ)

Mr. Deputy Speaker : Please take your seat.

ਸਰਦਾਰ ਬੇਅੰਤ ਸਿੰਘ : ਮੈਂ ਇਕੋ ਹੀ ਅਰਜ਼ ਕਰ ਕੇ ਖਤਮ ਕਰ ਦਿਆਂਗਾ। ਇਹ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਜੋ ਕੀਤਾ ਗਿਆ ਹੈ ਉਸ ਦੇ ਬਾਰੇ ਵਿਚ...(ਵਿਘਨ)

Mr. Deputy Speaker : Please take your seat. I am sorry, I cannot give you more time.

ਸ਼੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ, ਉੱਤਰ) : ਡਿਪਟੀ ਸਪੀਕਰ ਸਾਹਿਬ, ਅੱਜ ਹਾਊਸ ਵਿੱਚ ਇੰਡਸਟਰੀ ਮਨਿਸਟਰ ਸਾਹਿਬ ਨੇ ਮੰਗਾਂ ਪਰਵਾਨਗੀ ਲਈ ਪੇਸ਼ ਕੀਤੀਆਂ ਹਨ, ਮੈਂ ਇਨ੍ਹਾਂ ਦੇ ਬਾਰੇ ਵਿੱਚ ਅਰਜ਼ ਕਰਨੀ ਚਾਹੁੰਦਾ ਹਾਂ। ਪੰਜਾਬ ਇਕ ਅਜਿਹਾ ਸੂਬਾ ਹੈ ਜਿਥੇ ਜ਼ਰਾਇਤ ਦਾ ਕੰਮ ਬਹੁਤ ਜ਼ਿਆਦਾ ਹੈ। ਸਾਰੇ ਦੇਸ਼ ਵਿੱਚ, ਜਿੰਨਾ ਅਨਾਜ ਪੈਦਾ ਹੁੰਦਾ ਹੈ, ਉਸ ਦੀ 30% ਅਸੀਂ ਪੈਦਾ ਕਰਦੇ ਹਾਂ। ਇਹ ਚੰਗੀ ਗੱਲ ਹੈ ਪਰ ਜਿਥੇ ਤੱਕ ਇੰਡਸਟਰੀ ਦਾ ਤੁਅਲਕ ਹੈ ਇਹ ਮੰਨੀ ਹੋਈ ਗੱਲ ਹੈ ਕਿ ਨਿਰਾ ਜ਼ਰਾਇਤ ਨਾਲ ਹੀ ਤਰੱਕੀ ਨਹੀਂ ਕੀਤੀ ਜਾ ਸਕਦੀ ਜਦ ਤੱਕ ਕਿ ਇੰਡਸਟਰੀ ਦੀ ਤਰੱਕੀ ਨਹੀਂ ਕੀਤੀ ਜਾਂਦੀ, ਸੂਬਾ ਤਰੱਕੀ ਨਹੀਂ ਕਰ ਸਕਦਾ। ਇਸ ਲਈ ਜਿਸ ਤਰੀਕੇ ਨਾਲ ਇਸ ਸੂਬੇ ਵਿੱਚ ਇੰਡਸਟਰੀ ਨੂੰ ਫੈਲਾਣਾ ਚਾਹੀਦਾ ਹੈ ਉਹ ਠੀਕ ਨਹੀਂ ਅਤੇ ਇਸ ਵਿੱਚ ਜਿਹੜੇ ਹਾਲਾਤ ਪੈਦਾ ਹੋ ਗਏ ਹਨ ਉਨ੍ਹਾਂ ਵਿੱਚ ਸਰਕਾਰ ਵਲੋਂ ਮਦਦ ਦੀ ਲੋੜ ਹੈ ਤਾਂ ਕਿ ਇੰਡਸਟਰੀ ਦੀ ਡਿਵੈਲਪਮੈਂਟ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਆਵੇ। ਮੈਂ ਖ਼ਾਸ ਤੌਰ ਤੇ ਇੰਡਸਟਰੀ ਮਨਿਸਟਰ ਦੇ ਧਿਆਨ ਵਿੱਚ ਇਕ ਗੱਲ ਲਿਆਣੀ ਚਾਹੁੰਦਾ ਹਾਂ ਕਿ ਅਸੀਂ ਜੇਕਰ ਧਿਆਨ ਦੇਈਏ ਤਾਂ ਜ਼ਿਆਦਾ ਰੁਪਿਆ ਕਮਾ ਸਕਦੇ ਹਾਂ। ਜਿੰਨੀਆਂ ਵੀ ਇੰਡਸਟਰੀਅਲ ਯੂਨਿਟਾਂ ਹਨ ਉਨ੍ਹਾਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

(ਸ੍ਰੀ ਸਰਦਾਰੀ ਲਾਲ ਕਪੂਰ)

ਜਿਥੇ ਤਕ ਛੋਟੀਆਂ ਛੋਟੀਆਂ ਇੰਡਸਟਰੀਜ਼ ਲੱਗੀਆਂ ਹੋਈਆਂ ਹਨ ਉਨ੍ਹਾਂ ਨੂੰ ਰਾ ਮੈਟੀਰੀਅਲ ਨਹੀਂ ਮਿਲਦਾ ਅਤੇ ਉਨ੍ਹਾਂ ਨੂੰ ਇਹ ਰਾ-ਮੈਟੀਰੀਅਲ ਬਲੈਕ ਵਿੱਚ ਓਪਨ ਮਾਰਕੀਟ ਵਿੱਚ ਮਿਲਦਾ ਹੈ। ਇਸ ਤੋਂ ਭਾਵ ਇਹ ਹੈ ਕਿ ਰਾ-ਮੈਟੀਰੀਅਲ ਤਾਂ ਹੈ ਪਰ ਇਸ ਦੀ ਵੰਡ ਦਰੁਸਤ ਨਹੀਂ ਅਤੇ ਵੰਡ ਗ਼ਲਤ ਆਦਮੀਆਂ ਦੇ ਹੱਥਾਂ ਵਿੱਚ ਹੈ। ਜੇਕਰ ਇਨ੍ਹਾਂ ਸਮਾਲ ਯੂਨਿਟਾਂ ਨੂੰ ਰਾ-ਮੈਟੀਰੀਅਲ ਮਿਲੇ ਤਾਂ ਇਹ ਇੰਡਸਟਰੀ ਜ਼ਰੂਰ ਤਰੱਕੀ ਕਰ ਸਕਦੀ ਹੈ।

ਜਿਥੇ ਤਕ ਲੁਧਿਆਣੇ ਦਾ ਤੁਅੱਲਕ ਹੈ ਇਸ ਵਿੱਚ ਜਿਹੜਾ ਇੰਡਸਟਰੀਅਲ ਏਰੀਆ ਹੈ ਇਸ ਵਿੱਚ ਡਿਵੈਲਪਮੈਂਟ ਚਾਰਜਿਜ਼ ਤਾਂ ਲੈ ਲਏ ਗਏ ਹਨ ਪਰ ਅਜੇ ਤਕ ਇੰਤਜ਼ਾਮ ਨਹੀਂ ਕੀਤਾ ਗਿਆ, ਨਾਲੀਆਂ ਨਹੀਂ, ਪਾਣੀ ਨਹੀਂ ਅਤੇ ਸੈਨੀਟੇਸ਼ਨ ਦੀ ਹਾਲਤ ਖਰਾਬ ਹੈ। (ਵਿਘਨ) ਇਸ ਏਰੀਆ ਵੱਲ ਧਿਆਨ ਕਰਨਾ ਚਾਹੀਦਾ ਹੈ।

ਜਿਹੜੇ ਆਦਮੀ ਕਰਜ਼ਾ ਲੈਂਦੇ ਹਨ ਉਨ੍ਹਾਂ ਦੀ ਅਲਾਟਮੈਂਟ ਵਿੱਚ ਇਹ ਵੇਖਿਆ ਗਿਆ ਹੈ ਕਿ ਕਰਜ਼ਾ ਦਰੁਸਤ ਆਦਮੀਆਂ ਨੂੰ ਨਹੀਂ ਮਿਲਦਾ ਅਤੇ ਵੰਡਣ ਵਾਲੇ ਆਪਣੇ ਹੀ ਆਦਮੀਆਂ ਨੂੰ ਦੇ ਦਿੰਦੇ ਹਨ। ਕਈ ਵੇਰ ਇਹ ਵੀ ਵੇਖਿਆ ਗਿਆ ਹੈ ਕਿ ਉਸ ਕਰਜ਼ੇ ਨੂੰ ਜਿਸ ਕੰਮ ਲਈ ਦਿੱਤਾ ਜਾਂਦਾ ਹੈ ਉਸ ਤੇ ਖਰਚ ਨਹੀਂ ਕੀਤਾ ਜਾਂਦਾ। ਮੈਂ ਇਸ ਦੇ ਬਾਰੇ ਟੰਡਨ ਸਾਹਿਬ ਨੂੰ ਲਿਸਟ ਵੀ ਦਿੱਤੀ ਸੀ। ਕਰਜ਼ੇ ਦੇਣ ਲਈ ਇਨ੍ਹਾਂ ਨੇ ਜਿਹੜਾ ਮਹਿਕਮਾ ਬਣਾਇਆ ਹੈ, ਜਿਸ ਵਿੱਚ ਇਨ੍ਹਾਂ ਨੇ ਆਪਣੀ ਮਰਜ਼ੀ ਦੇ ਮੈਂਬਰ ਰਖੇ ਹੋਏ ਹਨ, ਇਹ ਵੇਖਿਆ ਗਿਆ ਹੈ ਕਿ ਉਨ੍ਹਾਂ ਨੂੰ ਰਕਮ ਅਲਾਟ ਕਰ ਦਿੱਤੀ ਜਾਂਦੀ ਹੈ ਕਿ 6 ਲੱਖ ਰੁਪਿਆ ਤੁਸੀਂ ਆਪਣੇ ਜ਼ਿਲ੍ਹੇ ਵਿੱਚ ਵੰਡਣਾ ਹੈ। ਜੇਕਰ ਅੱਠ ਮੈਂਬਰਾਂ ਦੀ ਕਮੇਟੀ ਹੈ, ਕਰਜ਼ੇ ਵੰਡਣ ਲਈ, ਤਾਂ ਉਹ ਆਪਸ ਵਿੱਚ ਹੀ ਕਹਿ ਦਿੰਦੇ ਹਨ ਕਿ ਵੰਡ ਲਓ। ਇਸ ਗੱਲ ਵੱਲ ਵਜ਼ੀਰ ਸਾਹਿਬ ਨੂੰ ਖ਼ਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਕਰਜ਼ਾ ਠੀਕ ਤਰੀਕੇ ਨਾਲ ਅਤੇ ਜਿਸ ਨੂੰ ਲੋੜ ਹੈ ਦਿੱਤਾ ਜਾਵੇ ਤਾਂ ਕਿ ਸਹੀ ਮਾਹਨਿਆਂ ਵਿੱਚ ਇਸਤੇਮਾਲ ਹੋ ਸਕੇ। ਇਸ ਦੇ ਵੰਡਣ ਦਾ ਤਰੀਕਾ ਠੀਕ ਨਹੀਂ। ਜਿਹੜੇ ਆਦਮੀ ਇਸ ਕੰਮ ਤੇ ਲਗਾਏ ਗਏ ਹਨ ਕਿਧਰੇ ਕਿਧਰੇ ਕੋਈ ਅਕਾਲੀ ਮੈਂਬਰ ਹੋਣਗੇ ਪਰ ਬਾਕੀ ਸਾਰੀਆਂ ਥਾਵਾਂ ਤੇ ਜਨਸੰਘੀ ਹੀ ਠੋਸ ਦਿੱਤੇ ਗਏ ਹਨ। ਇਹ ਤਰੀਕਾਕਾਰ ਠੀਕ ਨਹੀਂ। ਕੋਈ ਵੀ ਜ਼ਿਲ੍ਹਾ ਆਪ ਵੇਖ ਲਓ ਜਿਥੇ ਇਸ ਕੰਮ ਲਈ ਜਨਸੰਘੀ ਨਾ ਲਗਾਏ ਗਏ ਹੋਣ। ਇਸ ਤਰੀਕੇ ਨੂੰ ਦਰੁਸਤ ਕਰਨ ਦੀ ਲੋੜ ਹੈ।

ਇਸੇ ਤਰ੍ਹਾਂ ਆਈ. ਡੀ. ਸੀ. ਦਾ ਮਹਿਕਮਾ ਇੰਡਸਟਰੀ ਵਿਭਾਗ ਦੇ ਥਲੇ ਕਾਇਮ ਕੀਤਾ ਗਿਆ ਹੈ। ਇਸ ਕਾਰਪੋਰੇਸ਼ਨ ਦੀ ਸਾਰੀ ਜ਼ਿਮੇਦਾਰੀ ਲਈ ਜਿਸ ਆਦਮੀ ਨੂੰ ਲਗਾਇਆ ਗਿਆ ਹੈ ਉਸ ਨੇ ਇਸ ਮਹਿਕਮੇ ਵਿੱਚ ਬਹੁਤ ਫ਼ਜ਼ੂਲ ਖਰਚੀ ਕੀਤੀ ਹੈ, ਜਿਸ ਦਾ ਕੋਈ ਠਿਕਾਣਾ ਨਹੀਂ। ਇਸ ਪੱਖ ਵਿੱਚ ਧਿਆਨ ਦੇਣ ਦੀ ਲੋੜ ਹੈ ਕਿ ਇਕ ਆਦਮੀ ਜਿਸ ਨੂੰ 250 ਰੁਪਏ ਤਨਖਾਹ ਮਿਲਦੀ ਸੀ ਚੁਕ ਕੇ 1100 ਰੁਪਏ ਮਹੀਨੇ ਤੇ ਲਗਾ ਦਿੱਤਾ ਹੈ ਉਸ ਬੰਦੇ ਪਾਸ ਹਾਲਾਂਕਿ ਕੋਈ ਕੁਆਲੀਫਿਕੇਸ਼ਨ ਨਹੀਂ। ਫਿਰ ਕੀਤਾ ਕੀ ਜਾ ਰਿਹਾ ਹੈ ਕਿ ਇਕ ਜਗ੍ਹਾ ਤੇ ਇਨ੍ਹਾਂ ਨੇ ਕਲਮੀ ਸ਼ੋਰਾ ਬਣਾਉਣ ਵਾਸਤੇ ਕਾਰਖਾਨਾ ਲਗਾਉਣ ਦੀ ਸਕੀਮ ਬਣਾਈ ਸੀ ਅਤੇ ਇਸ ਲਈ ਸ੍ਰੀ ਬਾਜਵਾ ਨੂੰ ਜਿਹੜਾ ਪਹਿਲਾਂ 250 ਰੁ: ਲੈਂਦਾ ਸੀ, 1100 ਰੁਪਏ ਤੇ ਲੱਗਾ ਦਿੱਤਾ ਗਿਆ। ਮੈਂ ਅਰਜ਼ ਕਰਾਂ, ਡਿਪਟੀ ਸਪੀਕਰ ਸਾਹਿਬ, ਕਿ ਇਥੇ ਤਕ ਹੀ ਬਸ ਨਹੀਂ ਉਸ ਨੇ 4 ਲੱਖ ਦਾ ਮਾਲ ਮੰਗਵਾ ਲਿਆ ਜਿਹੜਾ ਕਿ ਫ਼ਜ਼ੂਲ ਤੇ ਬੇਕਾਰ ਪਿਆ ਹੈ। ਕਲਮੀ ਸ਼ੋਰਾ ਪਿਆ ਹੈ, ਹੁਣ ਇਨ੍ਹਾਂ ਨੇ ਲੋਕਾਂ ਵਿੱਚ ਵੇਚਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਵਿੱਚ ਜਿੰਨਾ ਘਾਟਾ

ਪਏਗਾ ਉਸ ਦਾ ਕੋਈ ਠਿਕਾਣਾ ਨਹੀਂ ਰਹੇਗਾ। ਫਿਰ ਇਸ ਵਿੱਚ ਦਰਸ਼ਨ ਸਿੰਘ ਹੈ, ਜਿਸ ਨੇ ਇਕ ਫਰਮ ਨਾਲ ਆਪਣਾ ਹਿੱਸਾ ਪਾਇਆ ਹੋਇਆ ਹੈ ਅਤੇ ਉਪਨਲੀ ਇਹ ਕੰਮ ਕਰਦਾ ਹੈ। ਇਹ ਮਹਿਕਮੇ ਵਿੱਚ ਰਹਿ ਕੇ ਲੱਖਾਂ ਰੁਪਏ ਕਮਾ ਰਿਹਾ ਹੈ ਇਸ ਦੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਕਿ ਕਿਸ ਤਰ੍ਹਾਂ ਮਹਿਕਮੇ ਵਿੱਚ ਰਹਿ ਕੇ ਉਹ ਪ੍ਰਾਈਵੇਟ ਕੰਮ ਕਰ ਸਕਦਾ ਹੈ? ਇਸ ਦੀ ਉਚੇ ਪੱਧਰ ਦੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ ਕਿ ਗੌਰਮੈਂਟ ਦਾ ਮੁਲਾਜ਼ਮ ਹੋਵੇ ਅਤੇ ਰੁਪਏ ਦੂਜੇ ਤਰੀਕੇ ਨਾਲ ਕਮਾਵੇ ਇਹ ਕਿਸ ਤਰ੍ਹਾਂ ਮੁਲਾਜ਼ਮ ਰਹਿ ਸਕਦਾ ਹੈ?

ਇਕ ਹੋਰ ਗੱਲ ਵੱਲ ਮੈਂ ਆਉਂਦਾ ਹਾਂ ਕਿ ਇਨਡਸਟਰੀ ਤਾਂ ਤਰੱਕੀ ਕਰ ਸਕਦੀ ਹੈ ਜੇਕਰ ਇਸ ਵਿੱਚੋਂ ਬੇਈਮਾਨੀ ਖਤਮ ਕੀਤੀ ਜਾਵੇ। ਬੇਈਮਾਨੀ ਰੋਕਣੀ ਚਾਹੀਦੀ ਹੈ ਅਤੇ ਇਸ ਲਈ ਫੌਰੀ ਤੌਰ ਤੇ ਤਰੀਕਾਕਾਰ ਲਭਣਾ ਚਾਹੀਦਾ ਹੈ। ਇਕ ਬੂਟਾਂ ਦਾ ਕਾਰਖਾਨਾ ਸੀ, ਇਹ ਗੌਰਮੈਂਟ ਨੇ ਖਰੀਦ ਕਰ ਲਿਆ ਤੇ ਫਿਰ ਉਸੇ ਆਦਮੀ ਕੋਲ ਹੀ ਵੇਚ ਦਿੱਤਾ, ਇਸ ਗੱਲ ਦੀ ਪੜਤਾਲ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਅਫ਼ਸਰ ਲੋਕਾਂ ਨਾਲ ਮਿਲ ਕੇ ਜਿਹੜੀ ਬੇਈਮਾਨੀ ਕਰਦੇ ਹਨ, ਇਸ ਨੂੰ ਰੋਕਣਾ ਚਾਹੀਦਾ ਹੈ।

ਇਕ ਮੈਂ ਹੋਰ ਅਰਜ਼ ਕਰਾਂ ਕਿ ਉਥੇ ਆਈ. ਟੀ. ਆਈ. ਦੇ ਦਫਤਰ ਵਿੱਚ ਇਕ ਲਾਇਬਰੇਰੀ ਹੈ। ਇਸ ਵਿੱਚ ਸਾਰੀਆਂ 150 ਕਿਤਾਬਾਂ ਹਨ, ਪਰ ਇਸ ਦੇ ਲਾਇਬਰੇਰੀਅਨ ਦੀ ਤਨਖਾਹ 350/- ਰੁਪਏ ਹੈ। ਇਸ ਦੇ ਬਾਰੇ ਗੱਲ ਵੀ ਹੋ ਚੁਕੀ ਹੈ ਕਿ ਇਹ ਸੇਵਿੰਗ ਹੋ ਸਕਦੀ ਹੈ ਪਰ ਉਸ ਨੂੰ ਅਜੇ ਤੱਕ ਹਟਾਇਆ ਨਹੀਂ ਗਿਆ ਅਤੇ ਇਹ 350/- ਰੁਪਏ ਮਾਹਵਾਰ ਤੇ ਹੁਣ ਵੀ ਕੰਮ ਕਰ ਰਿਹਾ ਹੈ।

ਇਸੇ ਤਰ੍ਹਾਂ ਜਿਹੜੇ ਇੰਡਸਟਰੀ ਦੇ ਮਹਿਕਮੇ ਦੇ ਵਿੱਚ ਇਨਸਪੈਕਟਰ ਰਖੇ ਹੋਏ ਹਨ, ਇਨ੍ਹਾਂ ਦੇ ਮੁਤਾਲਿਕ ਸਰਕਾਰ ਦਾ ਹੁਕਮ ਹੈ ਕਿ ਇਹ ਗਰੈਜੂਏਟ ਹੋਣੇ ਚਾਹੀਦੇ ਹਨ, ਪਰ ਇਨ੍ਹਾਂ ਨੇ ਉਹ ਲੋਕ ਰੱਖੇ ਹਨ ਜਿਹੜੇ 10ਵੀਂ ਪਾਸ ਹਨ। ਲੁਧਿਆਣੇ ਵਿੱਚੋਂ ਇਕ ਆਦਮੀ ਹਟਾਇਆ ਗਿਆ ਅਤੇ ਉਹਦੀ ਬਜਾਏ ਇਕ 10ਵੀਂ ਪਾਸ ਲਿਆ ਗਿਆ, ਜਿਸ ਦੇ ਮੁਤਾਲਿਕ ਇਹ ਵੀ ਸ਼ਿਕਾਇਤ ਸੀ ਕਿ ਉਸ ਦਾ ਨਾਉਂ ਐਮਪਲਾਇਮੈਂਟ ਐਕਸਚੇਂਜ ਦੇ ਵਿੱਚ ਵੀ ਨਹੀਂ ਸੀ। ਇਸ ਤਰ੍ਹਾਂ ਦੀ ਕੁਰਪਸ਼ਨ ਇੰਡਸਟਰੀ ਦੇ ਮਹਿਕਮੇ ਵਿੱਚ ਹੋਵੇ ਤਾਂ ਅਸੀਂ ਤਰੱਕੀ ਨਹੀਂ ਕਰ ਸਕਦੇ।

ਛੋਟੇ ਛੋਟੇ ਕਾਰਖਾਨੇਦਾਰ ਲੋਨ ਲੈਣ ਲਈ ਜਦੋਂ ਐਪਲਾਈ ਕਰਦੇ ਹਨ ਤਾਂ ਉਨ੍ਹਾਂ ਨੂੰ ਇਨਸਪੈਕਟਰ ਦੀ ਖੁਸ਼ਾਮਦ ਇਸ ਲਈ ਕਰਨੀ ਪੈਂਦੀ ਹੈ ਕਿਉਂ ਕਿ ਲੋਨ ਉਸ ਦੀ ਰਿਪੋਰਟ ਤੇ ਹੀ ਮਿਲਣਾ ਹੈ, ਜੇ ਉਹ ਨਹੀਂ ਕਰਦਾ ਤਾਂ ਇਕ ਐਸਿਸਟੈਂਟ ਜਿਹੜਾ ਡੀਊਟੀ ਤੇ ਹੈ ਲੋਨ ਦੇਣ ਦੇ ਮੁਤਾਲਿਕ ਉਹ ਨਹੀਂ ਮੰਨਦਾ। ਇਸ ਦੀ ਕਲਮ ਦੇ ਵਿੱਚ ਇਤਨੀ ਤਾਕਤ ਹੈ ਕਿ ਮਨਿਸਟਰ ਭਾਵੇਂ ਕਿਤਨੇ ਸਖਤ ਆਰਡਰ ਕਰ ਦੇਵੇ ਪਰ ਕਾਗਜ਼ ਉਸ ਦੀ ਮਰਜ਼ੀ ਤੋਂ ਬਗੈਰ ਹਿਲ ਨਹੀਂ ਸਕਦਾ। ਇਸ ਕਿਸਮ ਦੇ ਆਦਮੀਆਂ ਦੀ, ਜੇ ਮਨਿਸਟਰ ਸਾਹਿਬ ਦਿਲਚਸਪੀ ਲੈਣ ਤਾਂ ਛੇਤੀ ਤੋਂ ਛੇਤੀ ਤਬਦੀਲੀ ਹੋਣੀ ਚਾਹੀਦੀ ਹੈ। ਇਸ ਐਸਿਸਟੈਂਟ ਨੂੰ ਰਾਜ਼ੀ ਕਰਨ ਵਿੱਚ ਕਿਤਨੇ ਪੈਸੇ ਲਗਦੇ ਹਨ, ਇਹ ਕੋਈ 250 ਤੋਂ 500/- ਰੁਪਏ ਤੱਕ ਹੋ ਸਕਦੇ ਹਨ। ਮਨਿਸਟਰ ਸਾਹਿਬ ਤਾਂ ਭਾਵੇਂ ਹੁਕਮ ਕਰ ਦੇਣ, ਪਰ ਇਸ ਕਲਰਕ ਦੇ ਦਸਤਖਤ ਉਸ ਵੇਲੇ ਤਕ ਨਹੀਂ ਹੁੰਦੇ ਜਦੋਂ ਤੱਕ ਕਿ ਇਹ ਪੈਸੇ ਲੈ ਨਹੀਂ ਲੈਂਦਾ। ਇਸ ਕਿਸਮ ਦੇ ਬੰਦਿਆਂ ਨੂੰ ਮਹਿਕਮੇ ਵਿੱਚੋਂ ਛਾਂਟੀ ਕਰਨ ਦੀ ਲੋੜ ਹੈ।

(ਇਕ ਮਾਨਯੋਗ ਮੈਂਬਰ: ਪੈਸੇ ਤਾਂ ਮਨਿਸਟਰ ਸਾਹਿਬ ਕੋਲ ਪਹੁੰਚ ਜਾਂਦੇ ਹਨ।)

ਇਹ ਗੱਲ ਤਾਂ ਮੈਂ ਨਹੀਂ ਕਹਾਂਗਾ। ਮੈਂ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰਾਂਗਾ ਕਿ ਇਸ ਤਰੀਕੇ ਨਾਲ ਇਹ ਐਡਮਨਿਸਟਰੇਸ਼ਨ ਚੱਲ ਰਹੀ ਹੈ ਮੈਂ ਹੈਰਾਨ ਹਾਂ, ਤੁਸੀਂ ਜੋ ਮਰਜ਼ੀ ਕਰ ਲਓ ਉਨ੍ਹਾਂ ਨੇ ਕੰਮ ਨੂੰ ਹੱਥ ਨਹੀਂ ਲਾਉਣਾ ਜਦੋਂ ਤੱਕ ਕੁਝ ਮਿਲ ਨਾ ਜਾਏ, ਇਸ ਤਰ੍ਹਾਂ ਮੁਲਕ

[ਸ੍ਰੀ ਸਰਦਾਰੀ ਲਾਲ ਕਪੂਰ]
ਦੀ ਕਦੇ ਵੀ ਤਰੱਕੀ ਨਹੀਂ ਹੋ ਸਕਦੀ।

ਮੈਂ ਇਕ ਸੁਝਾਓ ਇਹ ਵੀ ਦੇਵਾਂਗਾ ਕਿ ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿੱਚ ਇਸ ਤਰ੍ਹਾਂ ਦਾ ਘਾ ਹੁੰਦਾ ਹੈ ਜਿਸ ਦੀ ਕਿ ਕਾਗ਼ਜ਼ ਬਨਾਉਣ ਦੀ ਇੰਡਸਟਰੀ ਲੱਗ ਸਕਦੀ ਹੈ, ਇਕ ਵਡੇ ਪੈਮਾਨੇ ਤੇ ਕਾਰਖਾਨਾ ਲੱਗ ਸਕਦਾ ਹੈ। ਸਰਕਾਰ ਜਿਥੇ ਛੋਟੀਆਂ ਇੰਡਸਟਰੀਆਂ ਵੱਲ ਧਿਆਨ ਦੇ ਰਹੀ ਹੈ ਓਥੇ ਇਸ ਨੂੰ ਹੈਵੀ ਇੰਡਸਟਰੀ ਦੇ ਲਾਉਣ ਵੱਲ ਵੀ ਕੋਈ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਨੂੰ ਚਾਹੀਦਾ ਹੈ ਕਿ ਏਥੇ ਕੋਈ ਟਰੈਕਟਰਾਂ ਦਾ ਕਾਰਖਾਨਾ ਲਾਉਣ ਲਈ ਸੈਂਟਰ ਦੀ ਸਰਕਾਰ ਨੂੰ ਕਹਿਣ ਤਾਂ ਹੀ ਪੰਜਾਬ ਦੇ ਜ਼ਿਮੀਦਾਰ ਦੀ ਤਰੱਕੀ ਹੋ ਸਕਦੀ ਹੈ ਅਤੇ ਇੰਡਸਟਰੀ ਦਾ ਵੀ ਵਾਧਾ ਹੋ ਸਕਦਾ ਹੈ।

ਪੰਜਾਬ ਦੀਆਂ ਫੈਕਟਰੀਆਂ ਦੇ ਵਿੱਚ ਜਿਹੜੇ ਅੱਜ ਕਲ੍ਹ ਮਜ਼ਦੂਰ ਕੰਮ ਕਰ ਰਹੇ ਹਨ, ਉਨ੍ਹਾਂ ਦੀ ਮੌਜੂਦਾ ਜ਼ਿੰਦਗੀ ਅੱਛੀ ਨਹੀਂ। ਮਹਿੰਗਾਈ ਦੇ ਜ਼ਮਾਨੇ ਵਿੱਚ ਉਹ ਆਪਣਾ ਅਤੇ ਆਪਣੇ ਬਾਲ ਬੱਚੇ ਦਾ ਪੇਟ ਵੀ ਭਰ ਨਹੀਂ ਸਕਦੇ। ਜਿਸ ਤਰ੍ਹਾਂ ਮਿਨੀਮਮ ਵੇਜਿਜ਼, ਮਾਈਨਜ਼ ਦੇ ਵਿੱਚ ਗਵਰਨਮੈਂਟ ਆਫ਼ ਇੰਡੀਆ ਨੇ ਫਿਕਸ ਕੀਤੀਆਂ ਹਨ ਇਸੇ ਤਰ੍ਹਾਂ ਦੀਆਂ ਫਸਿਲਿਟੀਜ਼ ਇਨ੍ਹਾਂ ਮਜ਼ਦੂਰਾਂ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ। ਲੁਧਿਆਣੇ ਦੀਆਂ ਫੈਕਟਰੀਆਂ ਦੇ ਵਿੱਚ ਜਿਤਨੇ ਵੀ ਮਜ਼ਦੂਰ ਕੰਮ ਕਰਦੇ ਹਨ, ਉਨ੍ਹਾਂ ਦੇ ਰਹਿਣ ਸਹਿਣ ਦਾ ਤਰੀਕਾ ਇਤਨਾ ਗੰਦਾ ਹੈ ਕਿ ਉਨ੍ਹਾਂ ਵਿੱਚੋਂ 60% ਮਰੀਜ਼ ਬਣ ਜਾਂਦੇ ਹਨ ਜਿਹੜੇ ਕਿ ਤਪਦਿਕ ਦੇ ਹੁੰਦੇ ਹਨ। ਨਾ ਉਨ੍ਹਾਂ ਦੇ ਰਹਿਣ ਦਾ ਕੋਈ ਚੰਗਾ ਇੰਤਜ਼ਾਮ ਹੈ ਨਾ ਕੋਈ ਚੰਗੀ ਅਤੇ ਪੂਰੀ ਰਜਵੀਂ ਰੋਟੀ ਮਿਲਦੀ ਹੈ, ਪਰ ਮਰਦੇ ਹੋਏ ਵੀ ਕੰਮ ਕਰਦੇ ਫਿਰਦੇ ਰਹਿੰਦੇ ਹਨ, 12-12 ਘੰਟੇ ਤੱਕ। ਜਿਸ ਫੈਕਟਰੀ ਦੀ ਲੇਬਰ ਦਾ ਇਹ ਹਾਲ ਹੋਵੇ ਉਹ ਫੈਕਟਰੀ ਕੀ ਤਰੱਕੀ ਕਰੇਗੀ ਅਤੇ ਉਸ ਸਟੇਟ ਦੀ ਇੰਡਸਟਰੀ ਕੀ ਤਰੱਕੀ ਕਰੇਗੀ?

ਇਕ ਗੱਲ ਮੈਂ ਹੈਲਥ ਦੇ ਬਾਰੇ ਜਿਹੜੀ ਕਰਨੀ ਹੈ ਉਹ ਇਹ ਹੈ ਕਿ ਜੋ ਵੀ ਚੀਜ਼ਾਂ ਮਿਲਦੀਆਂ ਹਨ, ਉਹ ਖਾਲਿਸ ਨਹੀਂ ਹੁੰਦੀਆਂ। ਇਹ ਮੈਂ ਮੰਨਦਾ ਹਾਂ ਕਿ ਵੈਸੇ ਜੇ ਲੰਬੀ ਉਮਰ ਦਾ ਡਾਟਾ ਵੇਖਿਆ ਜਾਵੇ ਤਾਂ ਪੰਜਾਬੀ ਲੋਕਾਂ ਦੀ ਉਮਰ ਜ਼ਿਆਦਾ ਹੁੰਦੀ ਹੈ, ਪਰ ਜੋ ਮਾਲ ਖਾਣ ਨੂੰ ਮਿਲਦਾ ਹੈ ਇਹ ਨਖਾਲਸ ਹੁੰਦਾ ਹੈ।

ਇਕ ਮਾਨਯੋਗ ਮੈਂਬਰ : ਫੇਰ ਇਹ ਖਾਲਸੇ ਕਿਥੋਂ ਆ ਗਏ। (ਹਾਸਾ)

ਇਸ ਦਾ ਕਾਰਨ ਇਹ ਹੈ ਕਿ ਜਿਹੜੇ ਇਨਸਪੈਕਟਰ ਚੀਜ਼ਾਂ ਨੂੰ ਟੈਸਟ ਕਰਨ ਤੇ ਲਗਾਏ ਜਾਂਦੇ ਹਨ ਉਹ ਅਨਕੁਆਲੀਫਾਈਡ ਹੁੰਦੇ ਹਨ। ਇਹੋ ਵਜਾਹ ਹੈ ਕਿ ਪਿਛੇ ਜਿਹੇ ਅਡਲਟਰੇਸ਼ਨ ਦੇ ਕੇਸਿਜ਼, ਜਿਹੜੇ ਕਿ ਤਾਦਾਦ ਦੇ ਵਿੱਚ 1600 ਸੀ, ਇਸ ਲਈ ਐਡਮਿਟ ਕਰਨ ਤੋਂ ਕੋਰਟ ਨੇ ਇਨਕਾਰ ਕਰ ਦਿੱਤਾ, ਕਿਉਂਕਿ ਉਹ ਇਕ ਅਨਕੁਆਲੀਫਾਈਡ ਬੰਦੇ ਨੇ ਲਿਆਂਦੇ ਸੀ। ਇਥੇ ਇਕ ਪਰਚਾਰ ਮਨਿਸਟਰ ਹਨ। ਉਨ੍ਹਾਂ ਰਾਹੀਂ ਇਹ ਪਰਚਾਰ ਲਾਊਡ ਸਪੀਕਰਾਂ ਰਾਹੀਂ ਖੁਲ੍ਹੇ ਤੌਰ ਤੇ ਕਰਵਾਇਆ ਜਾਂਦਾ ਹੈ: ਨਾਹਰਾ ਲਗਾਇਆ ਜਾਂਦਾ ਹੈ ਜਿਤਨੀ ਮਰਜ਼ੀ ਸ਼ਰਾਬ ਪੀਓ, ਜਿਤਨੀ ਮਰਜ਼ੀ ਅਫੀਮ ਖਾਓ। ਇਹ ਐਲਾਨ ਲਾਊਡ ਸਪੀਕਰ ਰਾਹੀਂ ਮਨਿਸਟਰ ਸਾਹਿਬ ਨੂੰ ਕਿਸੇ ਚੰਗੇ ਕੰਮ ਦੇ ਕਰਨ ਤੇ ਕਰਾਉਣੇ ਚਾਹੀਦੇ ਹਨ ਤਾਂ ਜੋ ਕਿਸੇ ਤਰੀਕੇ ਨਾਲ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇ। ਪੰਜਾਬ ਦਾ ਸਾਰਾ ਇਲਾਕਾ ਸਿਪਾਹੀਆਂ ਦਾ ਇਲਾਕਾ ਹੈ। ਇਨ੍ਹਾਂ ਦੀ ਸਿਹਤ ਜੇ ਚੰਗੀ ਹੈ ਤਾਂ ਬਾਰਡਰ ਵੀ ਮਜ਼ਬੂਤ ਹੈ। ਪਰ ਅਫਸੋਸ ਦੀ ਗੱਲ ਹੈ ਕਿ ਇਥੇ ਪਾਕਿਸਤਾਨ ਤੋਂ ਅਫੀਮ ਆਉਂਦੀ ਹੈ। ਇਨ੍ਹਾਂ ਲੋਕਾਂ ਦੀ ਜ਼ਿੰਦਗੀ ਹੋਰ ਵੀ ਖਰਾਬ ਹੋ ਰਹੀ ਹੈ। ਇਸ ਤਰ੍ਹਾਂ ਦਾ ਪਰਚਾਰ ਇਨ੍ਹਾਂ ਲੋਕਾਂ ਦੇ ਰਾਹੀਂ ਮਨਸ਼ੀ ਅਸ਼ੀਆ ਦੀ ਵਰਤੋਂ ਲਈ

ਕਰਵਾਇਆ ਜਾਂਦਾ ਹੈ, ਗਵਰਮੈਂਟ ਨੂੰ ਇਹਦੇ ਖਿਲਾਫ ਪਰਚਾਰ ਕਰਨਾ ਚਾਹੀਦਾ ਹੈ ।

ਜਿਥੋਂ ਤੱਕ ਅੱਖਾਂ ਦੀਆਂ ਬੀਮਾਰੀਆਂ ਦਾ ਸਵਾਲ ਹੈ, 80% ਮਰੀਜ਼ ਐਸੇ ਹਨ ਜਿਹੜੇ ਕਿ ਟ੍ਰੈਕੋਮਾਂ ਦਾ ਸ਼ਿਕਾਰ ਹਨ । ਸਰਕਾਰ ਨੂੰ ਇਸ ਪਾਸੇ ਉਚੇਚਾ ਧਿਆਨ ਦੇਣ ਦੀ ਲੋੜ ਹੈ । ਜੇ ਇਧਰ ਕੋਈ ਹੋਰ ਖਿਆਲ ਨਾ ਕੀਤਾ ਗਿਆ ਤਾਂ ਪੰਜਾਬ ਦੇ 50% ਲੋਕਾਂ ਦੀਆਂ ਅੱਖਾਂ ਖਰਾਬ ਹੋ ਜਾਣਗੀਆਂ । ਇਹ ਦੇ ਮੁਤਲਿਕ ਐਲੀਮੈਂਟਰੀ ਸਿਖਿਆ ਸਕੂਲ ਟੀਚਰ ਨੂੰ ਹੋਣੀ ਚਾਹੀਦੀ ਹੈ ਤਾਂ ਜੋ ਉਹ ਸ਼ੁਰੂ ਤੋਂ ਵਧਣ ਤੋਂ ਬਚਿਆਂ ਨੂੰ ਇਸ ਬੀਮਾਰੀ ਤੋਂ ਬਚਾ ਸਕਣ । ਪੰਜਾਬ ਦੇ ਲੋਕਾਂ ਦੀ ਹੈਲਥ ਤਦ ਹੀ ਠੀਕ ਹੋ ਸਕਦੀ ਹੈ ਜੇ ਪੰਜਾਬ ਦੇ ਲੋਕ ਇਸ ਪਾਸੇ ਖਾਸ ਧਿਆਨ ਦੇਣ । ਜੇਕਰ ਲੋਕ ਪੰਜਾਬ ਦੇ ਇਮਾਨਦਾਰੀ ਦੇ ਨਾਲ ਕੰਮ ਕਰਨ ਅਤੇ ਉਨ੍ਹਾਂ ਨੂੰ ਖਾਣ ਪੀਣ ਨੂੰ ਚੰਗਾ ਮਿਲੇ ਤਾਂ ਪੰਜਾਬ ਇਸ ਤੋਂ ਵੀ ਕਈ ਗੁਣਾਂ ਜ਼ਿਆਦਾ ਤਰੱਕੀ ਕਰ ਸਕਦਾ ਹੈ । ਇਕ ਗੱਲ ਮੈਂ ਸਾਰੇ ਸਾਹਿਬਾਨ ਨੂੰ ਕਹਾਂਗਾ ਕਿ ਉਨ੍ਹਾਂ ਦੇ ਮਨਾਂ ਦੇ ਵਿਚ ਹਮੇਸ਼ਾ ਇਹ ਖਾਹਸ਼ ਹੋਣੀ ਚਾਹੀਦੀ ਹੈ ਕਿ ਅਮਨ ਹੋਵੇ, ਇਹ ਤਦ ਹੀ ਹੋ ਸਕਦਾ ਹੈ ਜੇ ਮਨ ਦੇ ਵਿੱਚ ਸ਼ਾਂਤੀ ਹੋਵੇ, ਅੱਗ ਨਾ ਹੋਵੇ । ਖਾਸ ਤੌਰ ਤੇ ਗਵਰਮੈਂਟ ਦੇ ਅਧਿਕਾਰੀਆਂ ਨੂੰ ਸਖਤ ਗੱਲਾਂ ਕਹਿਣੀਆਂ ਹਰਗਿਜ਼ ਨਹੀਂ ਸ਼ੋਭਦੀਆਂ । ਜੇ ਕੋਈ ਉਨ੍ਹਾਂ ਦੀਆਂ ਮੰਗਾਂ ਸਨ ਤਾਂ ਉਹ ਜਾਇਜ਼ ਤਰੀਕੇ ਦੇ ਨਾਲ ਪੇਸ਼ ਕਰਨੀਆਂ ਚਾਹੀਦੀਆਂ ਸਨ, ਪਰ ਹੋਇਆ ਕੀ ! ਬੜੇ ਸਖਤ ਇਲਫਾਜ਼ ਰਾਹੀਂ ਰੀਜ਼ੈਂਟਮੈਂਟ ਕਰਨ ਦਾ ਜੋ ਤਰੀਕਾ ਵਰਤਿਆ ਗਿਆ, ਇਹ ਉਨ੍ਹਾਂ ਨੂੰ ਸ਼ੋਭਦਾ ਨਹੀਂ । ਇਸ ਤਰ੍ਹਾਂ ਬਦਅਮਨੀ ਹੋ ਸਕਦੀ ਹੈ, ਇਸ ਨਾਲ ਪੰਜਾਬ ਦੀ ਤਰੱਕੀ ਨਹੀਂ ਹੋਵੇਗੀ । ਹਿੰਦੂ ਸਿੱਖ ਦੀ ਏਥੇ ਇਕ ਗੱਲ ਹੋਈ ਸੀ, ਇਸ ਤਰ੍ਹਾਂ ਵੀ ਕਿਹਾ ਕਿ ਜੇ ਉਨ੍ਹਾਂ ਨਾਲ ਚੰਗਾ ਸਲੂਕ ਨਾ ਹੋਇਆ ਤਾਂ ਉਨ੍ਹਾਂ ਵਿੱਚੋਂ ਇਕ ਕਮਿਊਨਿਟੀ ਏਥੇ ਨਹੀਂ ਰਹੇਗੀ । ਮੈਂ ਸਮਝਦਾ ਹਾਂ ਕਿ ਇਸ ਕਿਸਮ ਦੇ ਗ਼ੈਰ ਜ਼ਿਮੇਂਵਾਰੀ ਦੇ ਇਲਫਾਜ਼ ਏਥੇ ਨਹੀਂ ਕਹਿਣੇ ਚਾਹੀਦੇ । ਪੰਜਾਬ ਤਰੱਕੀ ਕਰ ਸਕਦਾ ਹੈ ਜੇ ਏਥੇ ਅਮਨ ਰਹੇ । ਪੰਜਾਬ ਨੂੰ ਇਸ ਤਰ੍ਹਾਂ ਦੀ ਹਵਾ ਦੇਣੀ ਮੁਨਾਸਿਬ ਨਹੀਂ ਹੋਵੇਗੀ । ਮੈਂ ਕਹਾਂਗਾ ਕਿ :

'ਅਪਨੇ ਗੁਨਾਹੋਂ ਕਾ ਹਿਸਾਬ ਖ਼ੁਦ ਕਰ ਲੋ, ਨ ਜਾਨੇ ਫਰਿਸ਼ਤੋਂ ਕੋ ਹਿਸਾਬ ਆਏ ਕਿ ਨਾ ਆਏ ।'

ਕਾਮਰੇਡ ਕੁਲਵੰਤ ਸਿੰਘ (ਆਦਮਪੁਰ) : ਸਪੀਕਰ ਸਾਹਿਬ, ਅੱਜ ਚਾਰ ਡੀਮਾਂਡਜ਼ ਤੇ ਬਹਿਸ ਹੋ ਰਹੀ ਹੈ । ਮੈਂ ਵੀ ਆਪਣੇ ਵਿਚਾਰ ਡੀਮਾਂਡ ਨੰ: 22, 42, 17 ਅਤੇ 18 ਤੇ ਪੇਸ਼ ਕਰਦਾ ਹਾਂ । ਜਿਥੋਂ ਤੱਕ ਪੰਜਾਬ ਦੀ ਸਟੇਟ ਦਾ ਸਬੰਧ ਹੈ, ਹੁਣ ਤੱਕ ਸਾਨੂੰ ਸੈਂਟਰ ਦੀ ਸਰਕਾਰ ਨੇ ਇੰਡਸਟਰੀ ਤੋਂ ਵਾਂਝਿਆ ਹੀ ਰਖਿਆ ਹੈ । ਪਿਛੇ ਵੀ ਇਹੋ ਕਿਹਾ ਸੀ ਕਿ ਸੈਂਟਰ ਦੀ ਸਰਕਾਰ ਇੰਡਸਟਰੀ ਦੇ ਵਿੱਚ ਮਾੜੀ ਇਮਦਾਦ ਨਹੀਂ ਕਰ ਰਹੀ । ਇਸ ਸਾਲ ਵੀ ਇਹੋ ਕਿਹਾ ਜਾ ਰਿਹਾ ਹੈ । ਸਾਨੂੰ ਸਾਰਿਆਂ ਨੂੰ ਮਿਲਕੇ ਸੈਂਟਰ ਨੂੰ ਮਜਬੂਰ ਕਰਨਾ ਚਾਹੀਦਾ ਹੈ । ਇਸ ਪਾਸੇ ਸਾਨੂੰ ਆਪਣੀ ਸਪੀਡ ਤਿੱਖੀ ਕਰਨੀ ਚਾਹੀਦੀ ਹੈ । ਪਿਛਲੇ ਸਾਲ ਵੀ ਅਸੀਂ ਇਹ ਕਹਿੰਦੇ ਕਹਿੰਦੇ ਹੁਣ ਤੱਕ ਚੁੱਪ ਹੀ ਰਹੇ ਹਾਂ । ਇਹ ਗੱਲ ਐਤਕੀਂ ਕਹਿਕੇ ਕਿ ਸੈਂਟਰ ਇਮਦਾਦ ਨਹੀਂ ਕਰ ਰਿਹਾ ਸਾਨੂੰ ਚੁੱਪ ਨਹੀਂ ਕਰ ਜਾਣਾ ਚਾਹੀਦਾ ।

ਇਹ ਠੀਕ ਹੈ ਕਿ ਛੋਟੀ ਇੰਡਸਟਰੀ ਵੀ ਚਾਹੀਦੀ ਹੈ, ਪਰ ਜਿਤਨਾ ਚਿਰ ਵੱਡੀ ਇੰਡਸਟਰੀ ਨਾ ਲਗੇ ਮੁਲਕ ਦੀ ਤਰੱਕੀ ਨਹੀਂ ਹੋ ਸਕਦੀ । ਹੁਣ ਤੱਕ ਇਸ ਤਰ੍ਹਾਂ ਦਾ ਗਿੱਲਾ ਅਸੀਂ ਖ਼ੁਦ ਕਰਦੇ ਰਹੇ ਹਾਂ ਕਿ ਪ੍ਰਾਈਵੇਟ ਸੈਕਟਰ ਨੂੰ ਇੰਡਸਟਰੀ ਮਿਲਣੀ ਚਾਹੀਦੀ ਹੈ, ਪਰ ਪੰਜਾਬ ਸਰਕਾਰ ਜ਼ਰਾ ਆਪਣੇ ਅੰਦਰ ਵੀ ਝਾਤੀ ਮਾਰ ਕੇ ਵੇਖੇ ਕਿ ਕੀ ਕੋਈ ਇੰਡਸਟਰੀ ਉਨ੍ਹਾਂ ਨੇ ਪਬਲਿਕ ਸੈਕਟਰ ਨੂੰ ਦਿੱਤੀ ? ਸਰਕਾਰ ਦਾ ਸਬੰਧ ਜਨਸੰਘ ਦੇ ਨਾਲ ਹੈ ਅਤੇ ਜਨਸੰਘ ਨੇ ਆਪਣੇ ਮੈਨੀਫੈਸਟੋ ਦੇ ਵਿੱਚ ਪਬਲਿਕ

[ਕਾਮਰੇਡ ਕੁਲਵੰਤ ਸਿੰਘ]

ਸੈਕਟਰ ਨੂੰ ਉਕਾ ਹੀ ਕੋਈ ਜਗ੍ਹਾ ਨਹੀਂ ਦਿੱਤੀ। ਪੰਜਾਬ ਵਿੱਚ ਖਾਦ ਦੀਆਂ ਫੈਕਟਰੀਆਂ ਲੱਗੀਆਂ, ਪਰ ਇਨ੍ਹਾਂ ਦੀ ਨਿਗਾਹ ਵੀ ਬਿਜੂ ਪਟਨਾਇਕ ਅਤੇ ਬਿਰਲਾ ਬਰਾਦਰਜ਼ ਦੇ ਨਾਲ ਹੀ ਮਿਲਦੀ ਰਹੀ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਜਿਹੜੀ ਵੀ ਫੈਕਟਰੀ ਮਿਲੇ, ਖਾਦ ਦੀ ਜਾਂ ਟਰੈਕਟਰਾਂ ਦੀ, ਉਹ ਪਬਲਿਕ ਸੈਕਟਰ ਦੇ ਵਿੱਚ ਹੀ ਲਗਾਉਣੀ ਚਾਹੀਦੀ ਹੈ, ਤਾਂ ਹੀ ਪੰਜਾਬ ਦੀ ਤਰੱਕੀ ਹੋ ਸਕਦੀ ਹੈ। ਇਸ ਤੋਂ ਅਗਲੀ ਗੱਲ ਜਿਹੜੀ ਮੈਂ ਕਹਿਣੀ ਹੈ ਉਹ ਇਹ ਹੈ ਕਿ ਬੜੇ ਬੜੇ ਮਨਾਪਲਿਸਟਸ ਇਸ ਮੁਲਕ ਵਿੱਚ ਹਨ ਜਿਹੜੇ ਕਨਜ਼ੀਊਮਰਜ਼ ਗੁਡਜ਼ ਦੀਆਂ ਕੀਮਤਾਂ ਜਦੋਂ ਜ਼ਰੂਰਤ ਹੋਵੇ ਵਧਾ ਦਿੰਦੇ ਹਨ। ਇਹ ਆਪਣੀ ਮਰਜ਼ੀ ਦਾ ਮੁਨਾਫਾ ਕਮਾਉਂਦੇ ਹਨ। ਅੱਜ ਕਲ੍ਹ ਡਾਲਡਾ ਘੀ ਦੀ ਕਮੀ ਦੀ ਆਮ ਚਰਚਾ ਚੱਲ ਰਹੀ ਹੈ। ਇਸ ਦਾ ਕਾਰਨ ਹੈ ਕਿ ਇਹ ਫੈਕਟਰੀਆਂ ਮਨਾਪਲਿਸਟਾਂ ਦੇ ਹੱਥ ਵਿੱਚ ਹਨ। ਜਦੋਂ ਤੱਕ ਇਸ ਤਰ੍ਹਾਂ ਦੀਆਂ ਫੈਕਟਰੀਆਂ ਪਬਲਿਕ ਸੈਕਟਰ ਦੇ ਵਿੱਚ ਨਹੀਂ ਲਗਦੀਆਂ, ਪਬਲਿਕ ਦੀਆਂ ਦਿੱਕਤਾਂ ਦੂਰ ਨਹੀਂ ਹੋ ਸਕਦੀਆਂ। ਸਰਕਾਰ ਇਨ੍ਹਾਂ ਵਡਿਆਂ ਵਡਿਆਂ ਨੂੰ ਫੈਕਟਰੀਆਂ ਲਗਾਉਣ ਦੀ ਇਜਾਜ਼ਤ ਦਿੰਦੀ ਹੈ, ਰਿਆਇਤਾਂ ਦਿੰਦੀ ਹੈ, ਡਿਊਟੀ ਦੀ ਛੋਟ ਅਤੇ ਹੋਰ ਕਈ ਤਰ੍ਹਾਂ ਦੀਆਂ ਮੁਆਫੀਆਂ ਦਿੰਦੀ ਹੈ। ਇਨ੍ਹਾਂ ਫੈਕਟਰੀਆਂ ਦੇ ਲਗ ਜਾਣ ਤੋਂ ਬਾਅਦ, 5-6 ਸਾਲ ਦੇ ਵਿੱਚ ਇਹ ਫੈਕਟਰੀਆਂ ਇਨ੍ਹਾਂ ਦੀਆਂ ਇਕ ਤਰ੍ਹਾਂ ਮੁਫਤ ਹੀ ਬਣ ਜਾਂਦੀਆਂ ਹਨ, ਪਰ ਸਰਕਾਰ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ। ਇਤਨੀ ਫਸਲ ਪੰਜਾਬ ਦੇ ਵਿੱਚ ਮੂੰਗਫਲੀ ਦੀ ਨਿਕਲਦੀ ਹੈ ਪਰ ਇਹ ਫੈਕਟਰੀਆਂ ਪਬਲਿਕ ਸੈਕਟਰ ਦੇ ਵਿੱਚ ਨਾ ਹੋਣ ਕਰਕੇ ਇਹ ਡਾਲਡਾ ਘੀ ਵਗੈਰਾ ਮਾਰਕਿਟ ਵਿੱਚੋਂ ਲੱਭਦੇ ਨਹੀਂ। ਸਰਕਾਰ ਨੂੰ ਇਹ ਚੀਜ਼ਾਂ ਜਿਹੜੀਆਂ ਆਮ ਜਨਤਾ ਲਈ ਜ਼ਰੂਰੀ ਹਨ, ਸੁਰਖਿਅਤ ਕਰਕੇ ਰਖਣੀਆਂ ਚਾਹੀਦੀਆਂ ਹਨ।

ਇਕ ਗੱਲ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਇੱਕ ਸਪੋਰਟਸ ਕਾਰਪੋਰੇਸ਼ਨ ਬਣਾਈ ਜਿਸ ਤੇ ਸਰਕਾਰ ਦਾ 20 ਲੱਖ ਰੁਪਿਆ ਲੱਗਾ। ਪਰ ਇਨ੍ਹਾਂ ਨੇ ਜੋ ਮਾਲ ਤਿਆਰ ਕੀਤਾ ਉਹ ਏਥੋਂ ਬਾਹਰਲੇ ਮੁਲਕਾਂ ਨੂੰ ਐਕਸਪੋਰਟ ਨਹੀਂ ਹੋ ਸਕਿਆ ਕਿਉਂਕਿ ਇਨ੍ਹਾਂ ਦਾ ਐਕਸਪੋਰਟ ਦਾ ਲਾਈਸੈਂਸ ਕੈਂਸਲ ਹੋ ਗਿਆ। ਇਨ੍ਹਾਂ ਨੂੰ ਚਾਹੀਦਾ ਸੀ ਕਿ ਜਿਹੜਾ 20 ਲੱਖ ਰੁਪਿਆ ਲੱਗਾ ਸੀ ਉਹ ਤਾਂ ਕਿਸੇ ਤਰੀਕੇ ਨਾਲ ਰਿਕਵਰ ਕਰਦੇ, ਪਰ ਇਨ੍ਹਾਂ ਨੇ ਇਤਨੀ ਰਕਮ ਦੀ ਕਦਰ ਨਹੀਂ ਕੀਤੀ। ਕਾਰਪੋਰੇਸ਼ਨ ਨੂੰ 20 ਲੱਖ ਦਾ ਘਾਟਾ ਪੈ ਰਿਹਾ ਹੈ।

ਇਸ ਲਈ ਮੈਂ ਤੁਹਾਡੇ ਰਾਹੀਂ ਇਹ ਸੁਝਾਵ ਸਰਕਾਰ ਨੂੰ ਦੇਣਾ ਚਾਹੁੰਦਾ ਹਾਂ ਕਿ ਉਹ ਕੰਮ ਕਾਰ ਵੱਲ ਪੂਰੀ ਤਰ੍ਹਾਂ ਧਿਆਨ ਦੇਵੇ। ਇਸ ਵੇਲੇ ਪੰਜਾਬ ਵਿੱਚੋਂ ਬੜਾ ਘੱਟ ਮਾਲ ਬਾਹਰ ਜਾ ਰਿਹਾ ਹੈ ਜਿਸ ਦੇ ਨਾਲ ਕਿ ਪੰਜਾਬ ਨੂੰ ਬੜਾ ਘਾਟਾ ਹੋਵੇਗਾ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਵੇਲੇ ਹਿੰਦੁਸਤਾਨ ਦੀ ਇੰਡਸਟਰੀ ਤੇ ਮਨਾਪਲਿਸਟਾਂ ਦਾ ਕਬਜ਼ਾ ਹੈ। ਮੈਂ ਪੰਜਾਬ ਦੀ ਮਿਸਾਲ ਦੇਣੀ ਚਾਹੁੰਦਾ ਹਾਂ। ਏਥੇ ਆਰਟ ਸਿਲਕ ਦੀ ਬੜੀ ਵੱਡੀ ਇੰਡਸਟਰੀ ਹੈ। ਪਰ ਇਸ ਦਾ ਧਾਗਾ ਬਿਰਲਾ ਸਪਲਾਈ ਕਰਦਾ ਹੈ। ਜਿਹੜੀ ਕਾਰਪੋਰੇਸ਼ਨ ਇਕ ਧਾਗੇ ਦੀ ਵੰਡ ਦੇ ਲਈ ਬਣਾਈ ਵੀ ਹੋਈ ਹੈ ਉਹ ਠੀਕ ਪ੍ਰਕਾਰ ਵੰਡ ਨਹੀਂ ਕਰਦੀ। ਮੈਂ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਆਰਟ ਸਿਲਕ ਦੀ ਇੰਡਸਟਰੀ ਪੰਜਾਬ ਦੀ ਜਿੰਦ ਜਾਨ ਹੈ। ਇਸ ਵੇਲੇ ਇਸ ਦੇ ਧਾਗੇ ਦੀ ਬੜੀ ਕਿਲੱਤ ਹੈ। ਮੈਂ ਸਰਕਾਰ ਨੂੰ ਇਸ ਸਬੰਧ ਵਿੱਚ ਸੁਝਾਵ ਦਿੰਦਾ ਹਾਂ ਕਿ ਉਹ ਇਸ ਲਈ ਕੋਈ ਅਜਿਹੀ ਇੰਡਸਟਰੀ ਲਗਾਵੇ ਕਿ ਜਿਸ ਦੇ ਨਾਲ ਧਾਗੇ ਦੀ ਕਿਲਤ ਦੂਰ ਹੋ

ਜਾਵੇ, ਤਾਂ ਹੀ ਪੰਜਾਬ ਦੀ ਇਹ ਇੰਡਸਟਰੀ ਬਚ ਸਕਦੀ ਹੈ ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇੰਡਸਟਰੀ ਨੂੰ ਤਰੱਕੀ ਦੇਣ ਦੇ ਹੋਰ ਤਰੀਕੇ ਅਪਨਾ ਰਹੇ ਹੋ, ਉਥੇ ਇਸ ਦੇ ਨਾਲ ਨਾਲ ਲੇਬਰ ਦੀ ਪ੍ਰਾਬਲਮ ਵੀ ਹੈ । ਇਥੇ ਇਹ ਗੱਲ ਕਹੀ ਗਈ ਹੈ ਕਿ ਇਥੇ ਘੱਟ ਤੋਂ ਘੱਟ ਉਜਰਤਾਂ ਲਾਗੂ ਕਰ ਦਿੱਤੀਆਂ ਗਈਆਂ ਹਨ । ਪਰ ਮੈਂ ਅਰਜ਼ ਕਰਦਾ ਹਾਂ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਉਹ ਪੰਜਾਬ ਵਿੱਚ ਬਹੁਤ ਘੱਟ ਕਾਰਖਾਨਿਆਂ ਵਿੱਚ ਲਾਗੂ ਹੋਈਆਂ ਹਨ । ਫਿਰ ਦੂਜੀ ਗੱਲ ਇਸ ਬਾਰੇ ਇਹ ਹੈ ਕਿ ਘੱਟ ਤੋਂ ਘੱਟ ਉਜਰਤਾਂ ਵੀ ਬਹੁਤ ਘੱਟ ਹਨ । ਜੇਕਰ ਅਸੀਂ ਅੱਜ ਦੇਖੀਏ ਤਾਂ ਗੌਰਮਿੰਟ ਦੇ ਇਕ ਚਪੜਾਸੀ ਨੂੰ 150 ਰੁਪਏ ਮਿਲਦੇ ਹਨ ਪਰ ਇਥੇ ਘੱਟ ਤੋਂ ਘੱਟ ਉਜਰਤ 90 ਰੁਪਏ ਹੈ। ਔਰ ਫਿਰ ਇਹ ਵੇਜ ਬੋਰਡ ਦੀਆਂ ਸਿਫ਼ਾਰਸ਼ਾਂ ਵੀ ਤਾਂ ਪੰਜਾਬ ਵਿੱਚ ਬਹੁਤ ਘੱਟ ਥਾਵਾਂ ਤੇ ਲਾਗੂ ਹਨ । ਮੈਂ ਅਰਜ਼ ਕਰਦਾ ਹਾਂ ਕਿ ਭੁਖਾ ਮਰਦਾ ਮਜ਼ਦੂਰ ਤਰੱਕੀ ਦੇ ਕਿਸੇ ਕੰਮ ਲਈ ਅਗੇ ਨਹੀਂ ਆ ਸਕਦਾ। ਇਸ ਲਈ ਮੈਂ ਸਰਕਾਰ ਨੂੰ ਸੁਝਾਅ ਦਿੰਦਾ ਹਾਂ ਕਿ ਜਿਹੜੇ ਕਾਰਖਾਨੇਦਾਰ ਲੇਬਰ ਨੂੰ ਵੇਜ ਬੋਰਡ ਦੀਆਂ ਦੱਸੀਆਂ ਹੋਈਆਂ ਸਹੂਲਤਾਂ ਨਹੀਂ ਦਿੰਦੇ, ਉਨ੍ਹਾਂ ਨੂੰ ਕਰਜ਼ੇ, ਗ੍ਰਾਂਟਾਂ ਆਦਿ ਹਰ ਪ੍ਰਕਾਰ ਦੀ ਸਹੂਲੀਅਤ ਦੇਣੀ ਬੰਦ ਕਰ ਦੇਣੀ ਚਾਹੀਦੀ ਹੈ । ਕਿਉਂਕਿ ਲੇਬਰ ਦਾ ਜਿਹੜੀਆਂ ਸਹੂਲਤਾਂ ਤੇ ਹੱਕ ਬਣਦਾ ਹੈ ਉਨ੍ਹਾਂ ਨੂੰ ਉਹ ਮਿਲਣੀਆਂ ਚਾਹੀਦੀਆਂ ਹਨ । ਇਸ ਲਈ ਸਰਕਾਰ ਨੂੰ ਉਨ੍ਹਾਂ ਤੇ ਦਬਾਓ ਪਾਉਣਾ ਚਾਹੀਦਾ ਹੈ ਜਦੋਂ ਤੱਕ ਸਰਕਾਰ ਦਬਾਓ ਨਹੀਂ ਪਾਏਗੀ ਉਨੀ ਦੇਰ ਤੱਕ ਉਹ ਲੇਬਰ ਨੂੰ ਸਹੂਲਤਾਂ ਨਹੀਂ ਦੇਣਗੇ। ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਇਹ ਕਹਿ ਕੇ ਬਰੀ ਨਹੀਂ ਹੋ ਸਕਦੀ ਕਿ ਉਹ ਸਹੂਲਤਾਂ ਦੇਣੀਆਂ ਕਾਰਖਾਨੇਦਾਰਾਂ ਦਾ ਕੰਮ ਹੈ । ਡਿਪਟੀ ਸਪੀਕਰ ਸਾਹਿਬ, ਕਾਨੂੰਨ ਅਨੁਸਾਰ ਮਜ਼ਦੂਰਾਂ ਨੂੰ ਮਕਾਨ ਅਤੇ ਸਫ਼ਾਈ ਅਤੇ ਹੋਰ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ।

ਫਿਰ, ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ ਤੋਂ ਜਨਸੰਘ ਪਾਰਟੀ, ਇੰਡਸਟਰੀ ਦੇ ਮਹਿਕਮੇ ਨੂੰ ਡੀਲ ਕਰ ਰਹੀ ਹੈ । ਇਥੇ ਸ਼੍ਰੀ ਸਰਦਾਰੀ ਲਾਲ ਜੀ ਕਪੂਰ ਨੇ ਵੀ ਬੋਲਦੇ ਹੋਏ ਕਿਹਾ ਸੀ ਕਿ ਮਾਲ ਉਨ੍ਹਾਂ ਨੂੰ ਸਪਲਾਈ ਹੁੰਦਾ ਹੈ ਜਿਨ੍ਹਾਂ ਦੇ ਕੋਲ ਕਾਰਖਾਨੇ ਨਹੀਂ ਹਨ। ਜਿਨ੍ਹਾਂ ਦੇ ਕੋਲ ਹਨ ਉਨ੍ਹਾਂ ਨੂੰ ਉਹ ਮਾਲ ਬਲੈਕ ਵਿਚੋਂ ਖਰੀਦਣਾ ਪੈਂਦਾ ਹੈ । ਉਨ੍ਹਾਂ ਨੇ ਕਿਹਾ ਸੀ ਕਿ ਪਤਾ ਨਹੀਂ ਮੈਂ ਸ਼ੈਡ ਜਾਂ ਹੋਰ ਕੋਈ ਸ਼ਬਦ ਵਰਤਿਆ ਸੀ । ਮੈਂ ਅਰਜ਼ ਕਰਦਾ ਹਾਂ ਕਿ ਮੈਂ ਪਲਾਟ ਸ਼ਬਦ ਵਰਤਿਆ ਸੀ ਕਿ ਉਹ ਵੀ ਯੋਗ ਆਦਮੀਆਂ ਨੂੰ ਨਹੀਂ ਦਿਤੇ ਜਾਂਦੇ । ਇਹ ਜਿਹੜਾ ਮਾਲ ਠੀਕ ਸਪਲਾਈ ਨਹੀਂ ਹੁੰਦਾ ਇਸ ਦੇ ਨਾਲ ਪਜਾਬ ਨੂੰ ਦੋਹਰਾ ਘਾਟਾ ਪੈਂਦਾ ਹੈ । ਇਕ ਤਾਂ ਚੀਜ਼ਾਂ ਬਣਾਉਣ ਵਾਲਿਆਂ ਨੂੰ ਉਹ ਮਾਲ, ਭਾਵੇਂ ਉਹ ਸਟੀਲ ਹੋਵੇ ਜਾਂ ਚਾਦਰਾਂ ਜਾਂ ਕੋਈ ਹੋਰ ਮਾਲ ਹੋਵੇ ਉਹ ਬਲੈਕ ਵਿੱਚ ਹੀ ਖਰੀਦਣਾ ਪੈਂਦਾ ਹੈ । ਫਿਰ ਉਸ ਤਿਆਰ ਮਾਲ ਦੀ ਕੀਮਤ ਮਹਿੰਗੀ ਹੋਣ ਦੇ ਕਾਰਨ ਵੀ ਪੰਜਾਬ ਨੂੰ ਘਾਟਾ ਪੈਂਦਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਪਿਛਲੇ ਇਕ ਸਾਲ ਦੇ ਵਿੱਚ ਇੰਡਸਟਰੀ ਦਾ ਜਨਸੰਘੀ ਕਰਨ ਹੋ ਗਿਆ ਹੈ । ਮੈਂ ਇਸ ਦੇ ਬਾਰੇ ਮਿਸਾਲ ਦੇਣੀ ਚਾਹੁੰਦਾ ਹੈ ਕਿ ਪਿਛਲੇ ਸਾਲ 7 ਇੰਡਸਟਰੀ ਇੰਸਪੈਕਟਰ ਰਖੇ ਗਏ ਹਨ। ਉਨ੍ਹਾਂ ਦੀਆਂ ਕੁਆਲੀਫਿਕੇਸ਼ਨਜ਼ ਪੂਰੀਆਂ ਨਹੀਂ ਹਨ । ਪਰ ਉਹ ਸਤੇ ਹੀ ਜਨਸੰਘ ਪਾਰਟੀ ਦੇ ਮੈਂਬਰ ਹਨ ਔਰ ਸਤੇ ਹੀ ਅੰਮ੍ਰਿਤਸਰ ਦੇ ਨਾਲ ਸਬੰਧ ਰਖਦੇ ਹਨ। ਇਹ ਤਾਂ ਹਾਲਤ ਹੈ ਇੰਡਸਟਰੀ ਇੰਸਪੈਕਟਰਾਂ ਦੀ । ਇਸ ਤਰੀਕੇ ਦੇ ਨਾਲ ਪੰਜਾਬ ਦੇ ਵਿੱਚ ਇੰਡਸਟਰੀ ਨਹੀਂ ਬਚ ਸਕੇਗੀ ।

ਫਿਰ ਮੈਂ ਇਕ ਮਿਸਾਲ ਰੋਪੜ ਦੀ ਦਿੰਦਾ ਹਾਂ । ਉਥੇ ਇਕ ਸ਼੍ਰੀਮਤੀ ਸੰਤੋਸ਼ ਕੁਮਾਰੀ ਕਲਰਕ ਹੈ ।

[ਕਾਮਰੇਡ ਕੁਲਵੰਤ ਸਿੰਘ]

ਇਹ ਕਹਿਣਗੇ ਕਿ ਮੈਂ ਜਾਤੀ ਗੱਲਾਂ ਕਰਦਾ ਹਾਂ, ਪਰ ਉਥੇ ਗੱਲਾਂ ਹੋ ਹੀ ਅਜਿਹੀਆਂ ਰਹੀਆਂ ਹਨ। ਮੈਂ ਅਰਜ਼ ਕਰਦਾ ਹਾਂ ਕਿ ਉਹ ਕਲਰਕ, ਸੰਤੋਸ਼ ਕੁਮਾਰੀ ਅੰਡਰ ਮੈਟਰਿਕ ਹੈ। ਉਥੇ ਦੇ ਅਫ਼ਸਰਾਂ ਨੇ ਕਿਹਾ ਕਿ ਉਹ ਕਲਰਕ ਨਹੀਂ ਬਣ ਸਕਦੀ। ਇੰਡਸਟਰੀ ਇੰਸਪੈਕਟਰ ਨੇ ਵੀ ਇਹ ਸਿਫ਼ਾਰਸ਼ ਕੀਤੀ ਕਿ ਇਹ ਕਲਰਕ ਨਹੀਂ ਲਗ ਸਕਦੀ ਪਰ ਮਨਿਸਟਰ ਸਾਹਿਬ ਨੇ ਆਰਡਰ ਕਰ ਦਿੱਤਾ ਕਿ ਇਸ ਨੂੰ ਕਲਰਕ ਰੱਖ ਲਿਆ ਜਾਵੇ। ਇਨ੍ਹਾਂ ਤਰੀਕਿਆਂ ਦੇ ਨਾਲ ਇੰਡਸਟਰੀ ਤਰੱਕੀ ਨਹੀਂ ਕਰ ਸਕਦੀ।

ਫਿਰ ਆਈ. ਟੀ. ਆਈ. ਦੀ ਗੱਲ ਲਓ। ਮੋਗੇ ਵਿੱਚ ਗਬਨ ਫੜਿਆ ਗਿਆ ਤਾਂ ਜਿਥੇ ਪ੍ਰਿੰਸੀਪਲ ਨੂੰ ਸਜ਼ਾ ਮਿਲੀ ਉਥੇ ਫੜਾਉਣ ਵਾਲੇ ਨੂੰ ਵੀ ਸਜ਼ਾ ਦਿੱਤੀ ਗਈ। ਉਥੇ ਆਈ. ਟੀ. ਆਈ. ਦੇ ਕਰਮਚਾਰੀਆਂ ਨੇ ਇਸ਼ਤਿਹਾਰਾਂ ਦੇ ਰਾਹੀਂ ਸਰਕਾਰ ਨੂੰ ਇਹ ਕਿਹਾ ਕਿ ਜੇ ਸਰਕਾਰ ਉਨ੍ਹਾਂ ਨੂੰ ਤਹੱਫ਼ਜ਼ ਦੇਵੇ ਤਾਂ ਉਹ 3 ਕਰੋੜ ਰੁਪਏ ਦਾ ਗਬਨ ਫੜਾ ਸਕਦੇ ਹਨ। ਕੀ ਸਰਕਾਰ ਉਨ੍ਹਾਂ ਦਾ ਚੈਲੰਜ ਮਨਜ਼ੂਰ ਕਰਕੇ ਉਨ੍ਹਾਂ ਨੂੰ ਤਹਫ਼ਜ਼ ਦੇਵੇਗੀ ?

ਹੁਣ ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਹੈਲਥ ਬਾਰੇ ਕੁਝ ਗੱਲਾਂ ਲਿਆਉਣੀਆਂ ਹਨ। ਜੋ ਕੁਝ ਇਸ ਵੇਲੇ ਵੱਡੇ ਵੱਡੇ ਹਸਪਤਾਲਾਂ ਵਿੱਚ ਤਰੀਕਾਕਾਰ ਦਵਾਈਆਂ ਨੂੰ ਵੰਡਣ ਦਾ ਹੈ, ਉਹ ਤਾਂ ਇਕ ਪਾਸੇ ਰਿਹਾ, ਇਥੇ ਹੈਲਥ ਮਨਿਸਟਰ ਸਾਹਿਬ ਨੇ ਚਾਰ ਦਿਨ ਹੋਏ ਅਸੈਂਬਲੀ ਵਿੱਚ ਕਿਹਾ ਸੀ ਕਿ ਮੈਂ ਮੈਡੀਕਲ ਸੁਪਰਡੰਟਾਂ ਨੂੰ ਪਰੋਫੈਸਰ ਨਹੀਂ ਰਹਿਣ ਦੇਣਾ। ਇਸ ਸਬੰਧ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦੇ ਨੋਟਿਸ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਉਹ ਇਨ੍ਹਾਂ ਦਾ ਭਰੋਸਾ ਦਿਵਾਇਆ ਹੁਣ ਕੈਂਸਲ ਹੋਇਆ ਲੱਗਦਾ ਹੈ। ਖਬਰ ਨਹੀਂ ਇਨ੍ਹਾਂ ਤੇ ਕੋਈ ਪਰੈਸ਼ਰ ਪੈ ਗਿਆ ਹੈ। ਜਿਸ ਕਰਕੇ ਹੁਣ ਮੈਡੀਕਲ ਸੁਪਰਡੰਟ ਪਰੋਫੈਸਰ ਰਹਿ ਸਕਦੇ ਹਨ।

ਜਿਹੜੀ ਖਰੀਦੋ ਫਰੋਖਤ ਕੀਤੀ ਹੈ, ਸੁਪਰਡੰਟਾਂ ਨੇ, ਇਸ ਬਾਰੇ ਇਥੇ ਹਾਊਸ ਵਿੱਚ ਬਹੁਤ ਕੁਝ ਆ ਚੁਕਾ ਹੈ। ਜਿਹੜਾ ਮੈਡੀਕਲ ਉਤੇ ਸਰਕਾਰ ਨੇ ਪਿਛਲੇ ਸਾਲ ਖਰਚ ਕਰਨਾ ਸੀ ਸਾਡੇ ਪਬਲਿਕ ਹੈਲਥ ਡੀਪਾਰਟਮੈਂਟ ਲਈ, ਉਸ ਤੇ 78 ਲੱਖ ਰੁਪਿਆ 30 ਮਾਰਚ ਤੱਕ, ਖਰਚ ਨਹੀਂ ਕਰ ਸਕੀ। ਨਾਲ ਲੱਗਦਾ ਮੈਡੀਕਲ ਤੇ 56 ਲੱਖ ਰੁਪਿਆ ਖਰਚ ਨਹੀਂ ਕੀਤਾ ਜਾਏਗਾ। ਇਹ ਸਰਕਾਰ ਦੀ ਨਾਅਹਿਲੀਅਤ, ਸਰਕਾਰ ਦੀ ਕੰਮ ਘੱਟ ਕਰਨ ਦੀ ਨੀਯਤ ਦਰਸਾਂਦਾ ਹੈ। ਮੈਡੀਕਲ ਅਤੇ ਪਬਲਿਕ ਹੈਲਥ ਦੇ ਮਹਿਕਮਿਆਂ ਵਿੱਚ ਇਹ ਗੱਲ ਚੱਲ ਰਹੀ ਹੈ ਜਿਥੇ ਕਿ, ਲੋਕਾਂ ਨੂੰ ਉਨ੍ਹਾਂ ਦੀ ਜ਼ਰੂਰਤ ਦੇ ਬਾਵਜੂਦ ਅਤੇ ਰੁਪਿਆ ਹੋਣ ਦੇ ਬਾਵਜੂਦ, ਰੁਪਿਆ ਖਰਚ ਨਹੀਂ ਕੀਤਾ ਜਾ ਰਿਹਾ ਹੈ।

ਅੰਤ ਵਿੱਚ ਮੈਂ ਤੁਹਾਡਾ ਧਿਆਨ ਸਟੇਟ ਫੂਡ ਲੈਬਾਰਟਰੀ ਦੇ ਪਬਲਿਕ ਅਨੈਲਿਸਟ, ਪੰਜਾਬ, ਸਰਦਾਰ ਗੁਰਦੀਪ ਸਿਘ ਵੱਲ ਦਿਵਾਉਂਦਾ ਹਾਂ। (ਵਿਘਨ) ਇਸ ਆਦਮੀ ਬਾਰੇ ਹਿਮਾਚਲ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ, ਕਾਂਗੜਾ ਐਟ ਧਰਮਸ਼ਾਲਾ ਦੀ ਜਜਮੈਂਟ ਹੈ। ਇਸ ਆਦਮੀ ਤੇ ਸਖ਼ਤੀ ਨਾਲ ਐਕਸ਼ਨ ਲੈਣਾ ਚਾਹੀਦਾ ਹੈ। ਇਸ ਨੇ ਦੋ ਵਾਰੀ ਨਮੂਨੇ ਭਰੇ। ਇਸ ਬਾਰੇ ਸ਼੍ਰੀ. ਐਚ. ਡੀ. ਕੌਂਥਾਲਾ, ਚੀਫ਼ ਜੁਡੀਸ਼ਿਅਲ ਮੈਜਿਸਟਰੇਟ, ਕਾਂਗੜਾ ਨੇ ਆਪਣਾ ਫ਼ੈਸਲਾ ਦਿੱਤਾ ਹੈ, ਉਸ ਦੀ ਨਕਲ ਮੈਂ ਇਥੇ ਟੇਬਲ ਤੇ ਰੱਖਦਾ ਹਾਂ। ਅਦਾਲਤ ਇਸ ਆਦਮੀ ਦੇ ਵਿਰੁਧ ਫੈਸਲਾ ਦੇ ਚੁਕੀ ਹੈ, ਪਰ ਇਹ ਆਦਮੀ ਹਾਲੇ ਵੀ ਕੰਮ ਕਰ ਰਿਹਾ ਹੈ। (ਵਿਘਨ)

Copy of No. 2-57/68-Med. II.

GOVERNMENT OF HIMACHAL PRADESH
DEPARTMENT OF HEALTH AND FAMILY PLANNING

All the District Medical Officers/Chief Medical Officers in Himachal Pradesh.

The Medical Officer of Health,
Municipal Committee, Simla.
Dated Simla-4, the

Subject :—Cases Under Section 16 of the Prevention of Food Adulteration Act.

Memo :

Enclosed herewith please find copies of the Judgements noted in the margin of the cases under P.F A. Act for your information and guidance.

(Sd.) ... ...,
for Director of Health Services,
Himachal Pradesh.

MARGIN.

1. Case No. 307/3 of 1968 in the Court of Shri H. D. Kainthala, Chief Judicial Magistrate, Kangra at Dharamsala.
2. Case No. 106-1/17-III of 1966 State Vs. Joginder Pradash in the Court of Magistrate, 1st Class, Mandi.

Case No. 307/3 of 1968.

State versus Ishwar Dass

Case under Section 16 of the Prevention of Food Adulteration Act.

JUDGEMENT

The accused Ishwar Dass, has been found selling adulterated 21kg. of cow's milk in his shop at Dharamsala and thus, he has been challaned under Section 7 read with Section 16 of the Prevention of Food Adulteration Act.

2. On 31-5-1968, the Food Inspector, inspected the accused's shop at Dharamsala and found in his possession 21 kg. of cow's milk. The Food Inspector after disclosing the identity, purchased 660 grams of such milk for the purpose of analysis. The milk thus purchased was transferred to three clean and dry bottles. The bottles were sealed and labelled in accordance with Rules after adding sixteen drops of Formalin in each part of the sample. One such sealed counterpart was despatched to the Public Analyst for his analysis who vide his report Exhibit, P. H. gave his opinion as under :

"Milk fat being 20% deficient of the minimum prescribed standard.

[ਕਾਮਰੇਡ ਕੁਲਵੰਤ ਸਿੰਘ]

Milk solids not fat 55% deficient of the minimum prescribed standard."

3. The fact of the sample taking is not disputed by the accused and is also otherwise proved by the P. Ws. Duni Chand P. W. 2 and Laju Ram P. W. 3, besides the Food Inspector, Partap Chand P. W. 1. The dispute is with regard to the adulteration to the sample. According to the accused his milk sample was not adulterated and especially as it was declared to be genuine on the Report by the Public Analyst also. This first report is Ex. P. D. on which, the Food Inspector and the Health Department, Dharamsala were not satisfied as the Food Inspector was of the definite view that the milk sample was highly adulterated. Therefore, third part of the sample bottle was sent to the Public Analyst for his analysis. vide correspondence Ex P. E., P. F., and P. G., on which he reported the adulteration vide copy, Ex. P. H., as referred above.

4. The learned defence counsel has found fault with the resending of the sample to the Public Analyst on two scores, factual as well as legal.

5. Factually, he contends that the Food Inspector did not associate any witness at the time of sending the sample to the Public Analyst for the second time on 3-8-1968. That the Food Inspector has not been able to give the name of any of the official working in the office of the Chief Medical Officer, Kangra at Dharamsala, in whose presence, he packed and sealed the outer-countainer of the second sample bottle, lying in the office of the Chief Medical Officer. That again when he collected the copies of the correspondence exchanged in this behalf with the Public Analyst from the office of C. M. O., he can not say who was the clerk from whom he collected these papers and who others were working there.

6. No witness was needed to be associated when the Food Inspector sent the second time milk sample to the Public Analyst. The witnesses are needed when the sample is taken from a milk seller and, that had been done in this case. The forwarding of the sample bottle to the Public Analyst is a ministerial job to be done by the Food Inspeetor himself according to Rules. There is no defect on this account. Nothing turns on the fact that the Food Inspector does not remember the names of the Clerks, working in the office of the Chief Medical Officer, Kangra at Dharamsala, who were present at the time of re-sending the milk sample or when he collected the correspondence held with the Public Analyst in this behalf, for purpose of its production in this ~~court~~ for this case. There must be sufficient number of clerical staff working in the said office and if the Food Inspector does not remember, who out of them were present at a particular occasion, that seems to be but natural.

7. I have carefully perused the correspondence papers Ex. P. E. to Ex. P. G. and connected Despatch record vide copy, Ex. P. W. and the request for permission to collect the said record per Exhibit P.W. 1/A. There is nothing wrong in it in any way.

8. On legal level it is contended that the third part of the sample is taken under Section 11 (i) (c) (III) of the Prevention of Food Adulteration Act, to be retained for production.

Mr. Deputy Speaker : Please take your seat.

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਡਿਮਾਂਡ ਨੰ: 17, ਮੈਡੀਕਲ ਬਾਰੇ ਦਿਵਾਉਣਾ ਚਾਹੁੰਦਾ ਹਾਂ, ਜਿਸ ਵਿੱਚ ਸਰਕਾਰ ਨੇ 5,97,37,830 ਰੁਪਏ ਦੀ ਮੰਗ ਕੀਤੀ ਹੋਈ ਹੈ। ਇਹ ਜਿਹੜੀ ਮੰਗ ਕੀਤੀ ਹੈ, ਇਸ ਬਾਰੇ ਮੇਰੀ ਬੇਨਤੀ ਇਹ ਹੈ ਕਿ ਇਹ ਠੀਕ ਹੈ ਕਿ ਇਹ ਜਿਹੜੇ ਪਿੰਡਾਂ ਵਿੱਚ ਹਸਪਤਾਲ ਚਲਦੇ ਹਨ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਹਸਪਤਾਲਾਂ ਦੀ ਹਾਲਤ ਬੜੀ ਖਸਤਾ ਹੈ। ਇਥੇ ਜਿਹੜੇ ਡਾਕਟਰ ਜਾਂਦੇ ਹਨ, ਉਹ ਇਸ ਨੀਯਤ ਨਾਲ ਨਹੀਂ ਜਾਂਦੇ ਕਿ ਉਨ੍ਹਾਂ ਨੇ ਪਿੰਡਾਂ ਦਾ ਫਾਇਦਾ ਕਰਨਾ ਹੈ ਜਾਂ ਉਨ੍ਹਾਂ ਦਾ ਸੁਧਾਰ ਕਰਨਾ ਹੈ। ਆਮ ਤੌਰ ਤੇ ਡਾਕਟਰਾਂ ਦੀ ਇਹ ਖਾਹਿਸ਼ ਹੁੰਦੀ ਹੈ ਕਿ ਉਹ ਉਨ ਸਟੇਸ਼ਨਾਂ ਤੇ ਜਾਣ ਜਿਥੇ ਉਨ੍ਹਾਂ ਦੀ ਪਰਾਈਵੇਟ ਪਰੈਕਟਿਸ ਚੰਗੀ ਹੋਵੇ ਅਤੇ ਉਹ ਚੰਗੇ ਪੈਸੇ ਕਮਾ ਸਕਣ। ਉਹ ਕੋਈ ਸੇਵਾ ਭਾਵ ਨਾਲ ਨਹੀਂ ਉਥੇ ਜਾਂਦੇ ਹਨ। ਮੈਂ ਇਹ ਬੇਨਤੀ ਕਰਾਂਗਾ ਕਿ ਪਿੰਡਾਂ ਦੇ ਹਸਪਤਾਲਾਂ ਵਿੱਚ ਆਮ ਤੌਰ ਤੇ ਜਿਹੜੇ ਡਿਸਪੈਂਸਰ ਹਨ ਸੱਤ, ਸੱਤ, ਅੱਠ, ਅੱਠ ਮਹੀਨੇ ਜਿੱਥੇ ਡਾਕਟਰ ਨਹੀਂ ਜਾਂਦੇ ਉਥੇ ਇਹੀ ਹੀ ਡਾਕਟਰ ਦਾ ਕੰਮ ਵੀ ਕਰਦੇ ਹਨ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਜਿਹੜੇ ਡਾਕਟਰ ਪਿੰਡਾਂ ਵਿੱਚ ਜਾਣਾ ਨਹੀਂ ਚਾਹੁੰਦੇ ਅਤੇ ਡਾਇਰੈਕਟੋਰੇਟ ਅਤੇ ਸੈਕਰੀਟੇਰੀਏਟ ਵਿੱਚ ਭਜੇ ਫਿਰਦੇ ਹਨ ਆਪਣੀਆਂ ਟਰਾਂਸਫਰਾਂ ਦੇ ਸਬੰਧ ਵਿੱਚ, ਇਨ੍ਹਾਂ ਬਾਰੇ ਕੋਈ ਖਾਸ ਅਸੂਲ ਬਣਾਏ ਜਾਣੇ ਚਾਹੀਦੇ ਹਨ। ਡਾਕਟਰਾਂ ਨੂੰ ਪਿੰਡਾਂ ਦੇ ਹਸਪਤਾਲਾਂ ਵਿੱਚ ਜਾਣਾ ਚਾਹੀਦਾ ਹੈ ਅਤੇ ਉਥੇ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ।

ਇਸ ਵੇਲੇ ਸਟੇਟ ਵਿੱਚ ਦੋ ਵੱਡੇ ਹਸਪਤਾਲ ਹਨ; ਇਕ ਰਾਜਿੰਦਰਾ ਹਸਪਤਾਲ, ਪਟਿਆਲਾ ਅਤੇ ਦੂਜਾ ਵੀ. ਜੇ. ਹਸਪਤਾਲ, ਅੰਮ੍ਰਿਤਸਰ। ਇਹ ਠੀਕ ਹੈ ਕਿ ਇਨ੍ਹਾਂ ਹਸਪਤਾਲਾਂ ਤੇ ਬਹੁਤ ਜ਼ਿਆਦਾ ਖਰਚ ਹੁੰਦਾ ਹੈ। ਪਰ ਬਹੁਤ ਸਾਰੇ ਪੈਸੇ ਜਿਹੜੇ ਨਾਜਾਇਜ਼ ਖਰਚ ਹੁੰਦੇ ਹਨ, ਉਸ ਬਾਰੇ ਮੈਂ ਮਿਸਾਲ ਦੇ ਤੌਰ ਤੇ ਦਸਾਂਗਾ। ਇਹ ਜਿਹੜੇ ਰੀ-ਇੰਬਰਸਮੈਂਟ ਬਿਲ ਪਾਸ ਹੁੰਦੇ ਹਨ, ਇਹ ਠੀਕ ਹੈ ਕਿ ਸਰਕਾਰ ਚਾਹੁੰਦੀ ਹੈ ਕਿ ਇਨ੍ਹਾਂ ਲੋਕਾਂ ਨੂੰ ਸਹੂਲਤਾਂ ਮਿਲਣ। ਸਰਕਾਰੀ ਮੁਲਾਜ਼ਮ ਜੋ ਪੈਸੇ ਦਵਾਈਆਂ ਤੇ ਖਰਚ ਕਰਦੇ ਹਨ, ਉਹ ਉਨ੍ਹਾਂ ਨੂੰ ਵਾਪਸ ਕੀਤੇ ਜਾਣੇ ਚਾਹੀਦੇ ਹਨ। ਪਰ ਮੈਂ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਉਹ ਲੋਕ ਜਿਹੜੇ ਪੈਸੇ ਲੈਂਦੇ ਹਨ, ਉਹ ਡਾਕਟਰ ਨਾਲ ਮਿਲੇ ਹੋਏ ਹੁੰਦੇ ਹਨ। ਬਿਮਾਰ ਤਾਂ ਡਾਕਟਰ ਕੋਲ ਜਾਂਦਾ ਹੀ ਨਹੀਂ ਅਤੇ ਵੈਸੇ ਹੀ ਡਾਕਟਰ ਨੂੰ ਦੱਸ ਕੇ ਉਹਦੀ ਘਰ ਵਾਲੀ ਜਾਂ ਹੋਰ ਕੋਈ ਬਿਮਾਰ ਹੈ, ਦਵਾਈਆਂ ਲਿਖਾ ਲਈਆਂ ਜਾਂਦੀਆਂ ਹਨ। ਅਤੇ ਡਾਕਟਰਾਂ ਦੇ ਏਜੰਟ ਕੈਮਿਸਟਾਂ ਤੋਂ ਗ਼ਲਤ ਬਿਲ ਬਣਾਕੇ, ਉਨ੍ਹਾਂ ਦੀ ਪੇਮੈਂਟ ਲੈਂਦੇ ਹਨ। ਇਸ ਲਈ ਇਸ ਪਾਸੇ ਪੈਸਾ ਬੜਾ ਬੇ-ਰਹਿਮੀ ਨਾਲ ਖਰਚ ਕੀਤਾ ਜਾ ਰਿਹਾ ਹੈ। ਆਮ ਤੌਰ ਤੇ ਜਿਹੜੇ ਗਰੀਬ ਮੁਲਾਜ਼ਮ ਹਨ, ਉਨ੍ਹਾਂ ਦੇ ਬੱਚੇ, ਰਿਸ਼ਤੇਦਾਰ ਜਦੋਂ ਡਾਕਟਰ ਕੋਲ ਦਵਾਈ ਲੈਣ ਜਾਂਦੇ ਹਨ, ਤਾਂ ਉਨ੍ਹਾਂ ਗਰੀਬਾਂ ਨੂੰ ਜੋ ਕਿ ਬਿਮਾਰ ਹੁੰਦੇ ਹਨ, ਡਾਕਟਰ ਸਾਹਿਬ ਉਨ੍ਹਾਂ ਨੂੰ ਗਰੀਬ ਜਾਣਕੇ ਸਿਰਫ ਸਲਫਾਡਾਇਜ਼ੀਨ ਦੀਆਂ ਗੋਲੀਆਂ ਹੀ ਲਿਖ ਦਿੰਦਾ ਹੈ। ਅਫਸਰਾਂ ਨੂੰ ਚੰਗੀਆਂ ਦਵਾਈਆਂ ਲਿਖੀਆਂ ਜਾਂਦੀਆਂ ਹਨ। ਅਫਸਰਾਂ ਦੇ ਬਿਲ ਪਾਸ ਕਰਾਉਣ ਲਈ ਆਮ ਤੌਰ ਤੇ ਇਨ੍ਹਾਂ ਦੇ ਮਤਹਿਤ ਹਸਪਤਾਲਾਂ ਵਿੱਚ ਇਨ੍ਹਾਂ ਦੇ ਬਿਲ ਪਾਸ ਕਰਾਉਂਦੇ ਫਿਰਦੇ ਹਨ। ਇਸ ਰਸਤੇ ਨੂੰ ਬੰਦ ਕਰਨ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਵਲ ਧਿਆਨ ਦੇਣਾ ਚਾਹੀਦਾ ਹੈ।

ਜਿਥੋਂ ਤਕ ਡਾਕਟਰਾਂ ਦੀ ਪਰਾਈਵੇਟ ਪਰੈਕਟਿਸ ਦਾ ਸਵਾਲ ਹੈ, ਗਿਲ ਸਰਕਾਰ ਨੇ ਇਹ ਬੰਦ

[ਸਰਦਾਰ ਬਸੰਤ ਸਿਘ ਖਾਲਸਾ]

ਕੀਤੀ ਸੀ, ਪਰ ਸਾਡੀ ਸਰਕਾਰ ਨੇ ਇਹ ਫਿਰ ਸ਼ੁਰੂ ਕਰ ਦਿਤੀ ਹੈ। ਪਾਂਧੀ ਸਾਹਿਬ ਦੇ ਸਵਾਲ ਦੇ ਜਵਾਬ ਵਿੱਚ ਇਥੇ ਕਿਹਾ ਗਿਆ ਸੀ ਕਿ ਹਾਲੇ ਸਰਕਾਰ ਦਾ ਇਸ ਨੂੰ ਬੰਦ ਕਰਨ ਦਾ ਸੁਝਾਉ ਨਹੀਂ ਹੈ । ਜੇ ਪਰਾਈਵੇਟ ਪਰੈਕਟਿਸ ਬੰਦ ਨਹੀਂ ਕਰਨੀ, ਤਾਂ ਮੈਂ ਸਮਝਦਾ ਹਾਂ ਕਿ ਜਿੱਥੇ ਸਟੇਟ ਵਿੱਚ ਗਰੀਬ ਆਦਮੀਆਂ ਨੂੰ ਸਸਤਾ ਅਨਾਜ ਮਿਲਣਾ ਚਾਹੀਦਾ ਹੈ, ਜਿੱਥੇ ਉਨ੍ਹਾਂ ਗਰੀਬਾਂ ਦਾ ਅੱਛਾ ਇਲਾਜ ਹੋਣਾ ਚਾਹੀਦਾ ਹੈ, ਉਸ ਵਿੱਚ ਰੁਕਾਵਟ ਰਹੇਗੀ। ਆਮ ਤੌਰ ਤੇ ਜਿਹੜੇ ਮਰੀਜ਼ ਦਾਖਲ ਹੋਏ ਹੋਏ ਵੀ ਹੁੰਦੇ ਹਨ ਉਹ ਡਾਕਟਰ ਨੂੰ ਜਿੰਨਾਂ ਚਿਰ ਫੀਸ ਨਾ ਦੇ ਦੇਣ, ਉਨ੍ਹਾਂ ਦਾ ਉਪਰੇਸ਼ਨ ਨਹੀਂ ਹੁੰਦਾ ਹੈ । ਇਸ ਪਾਸੇ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਇਹ ਜਿਹੜੀ ਪਰਾਈਵੇਟ ਪਰੈਕਟਿਸ ਰਾਹੀਂ ਲਖਾਂ ਰੁਪਿਆ ਲਿਆ ਜਾ ਰਿਹਾ ਹੈ, ਇਸ ਨਾਲ ਗਰੀਬ ਆਦਮੀਆਂ ਦਾ ਬਹੁਤ ਨੁਕਸਾਨ ਹੈ। ਇਹ ਜਿਹੜੇ ਗਰੀਬ ਹਸਪਤਾਲਾਂ ਵਿੱਚ ਆਪਣੀ ਵਾਰੀ ਸਿਰ ਦਾਖਲ ਹੁੰਦੇ ਹਨ, ਇਹ ਇਨ੍ਹਾਂ ਦੇ ਇੰਟਰਸਟ ਵਿੱਚ ਨਹੀਂ ਹੈ। ਇਸ ਵਲ ਸਰਕਾਰ ਨੂੰ ਧਿਆਨ ਚਾਹੀਦਾ ਹੈ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਆਪ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੀ ਗੌਰਮੈਂਟ ਮੈਡੀਕਲ ਕਾਲਜ ਤੇ ਖਰਚ ਕਰਦੀ ਹੈ, ਉਸ ਬਾਰੇ ਮੈਂ ਇਕ ਮਿਸਾਲ ਦਿੰਦਾ ਹਾਂ। ਗੌਰਮੈਂਟ ਮੈਡੀਕਲ ਕਾਲਜ, ਪਟਿਆਲਾ ਦੀ ਲਾਇਬਰੇਰੀ ਵਿੱਚ ਇਕ ਮੈਟਰੀਕੁਲੇਟ ਲਾਇਬਰੇਰੀਅਨ ਲਗਾ ਹੋਇਆ ਹੈ, 80-5-175 ਦੇ ਗਰੇਡ ਵਿਚ। ਇਹ ਪੋਸਟ 80-5-175 ਦੇ ਗਰੇਡ ਵਿੱਚ ਮਿਤੀ 3-8-1956 ਨੂੰ ਟਰੀਬਿਊਨ ਅਖਬਾਰ ਵਿੱਚ ਛਪੀ ਸੀ ਅਤੇ ਉਸ ਪੋਸਟ ਲਈ ਗਰੈਜੂਏਟ ਦੀ ਕੁਆਲੀਫਿਕੇਸ਼ਨ ਰਖੀ ਗਈ ਸੀ । ਪਰ ਪ੍ਰਿੰਸੀਪਲ ਸਾਹਿਬ ਜਾਂ ਇੰਟਰਵੀਊ ਕਮੇਟੀ ਨੇ ਹੋਰ ਬੰਦਿਆਂ ਨੂੰ ਇਗਨੋਰ ਕਰਕੇ ਇਕ ਮੈਂਟ੍ਰੀਕੁਲੇਟ ਆਦਮੀ ਨੂੰ ਰਖ ਲਿਆ, 80/175 ਦੇ ਗਰੇਡ ਵਿੱਚ। ਫੇਰ ਇਸ ਆਦਮੀ ਦਾ ਕੇਸ 150/300 ਦਾ ਗਰੇਡ ਲੈਣ ਵਾਸਤੇ ਮੂਵ ਹੋਇਆ ਜੋ ਕਿ ਸੈਕਟਰੀ ਸਾਹਿਬ ਨੇ ਦੋ ਵਾਰੀ ਰਿਜੈਕਟ ਕੀਤਾ, ਕਿ ਇਹ ਗਰੇਡ ਇਸ ਨੂੰ ਨਹੀਂ ਮਿਲ ਸਕਦਾ ਕਿਉਂਕਿ ਇਹ ਗਰੈਜੂਏਟ ਨਹੀਂ ਹੈ। ਪਰ ਇਹ ਆਦਮੀ ਮੈਟਰੀਕੁਲੇਟ ਹੁੰਦੇ ਹੋਏ ਵੀ ਇਹ 150/300 ਦਾ ਗਰੇਡ ਲੈ ਗਿਆ । ਇਸ ਆਦਮੀ ਦੀਆਂ ਪੰਜਾਬ ਯੂਨੀਵਰਸਿਟੀ ਨੇ ਦੋ ਵਾਰੀ ਸਰਵਿਸਿਜ਼ ਇਸ ਕਰਕੇ ਡਿਸਅਪਰੂਵ ਕਰ ਦਿੱਤੀਆਂ ਕਿ ਉਹ ਅੰਡਰ ਗਰੈਜੂਏਟ ਹੋਣ ਕਾਰਨ ਉਹ ਕੰਮ ਨਹੀਂ ਕਰ ਸਕਦਾ । ਫੇਰ ਵੀ ਉਹ ਬੰਦਾ ਸਰਵਿਸ ਵਿੱਚ ਕੰਟੀਨਿਊ ਕਰ ਰਿਹਾ ਹੈ ਅਤੇ ਹਾਲੇ ਉਹ ਲਾਇਬਰੇਰੀਅਨ ਹੈ।

ਜਿਥੋਂ ਤਕ ਪੈਰਾ ਮੈਡੀਕਲ ਅਮਲੇ ਦਾ ਸਵਾਲ ਆਉਂਦਾ ਹੈ, ਇਹ ਲੋਕ ਬਹੁਤ ਜ਼ਿਆਦਾ ਕੰਮ ਕਰਦੇ ਹਨ ਅਤੇ ਤਨਖਾਹ ਘੱਟ ਲੈਂਦੇ ਹਨ। ਨਰਸਾਂ ਦਾ ਸਵਾਲ ਹੈ। ਇਹ 24 ਘੰਟੇ ਡਿਊਟੀ ਦਿੰਦੀਆਂ ਹਨ। ਬੀਮਾਰਾਂ ਦੀ ਬਹੁਤ ਸੇਵਾ ਕਰਦੀਆਂ ਹਨ, ਪਰ ਇਨ੍ਹਾਂ ਦੀ ਤਨਖਾਹ 110/- ਰੁਪਏ ਹੈ ਜਦ ਕਿ ਕਲਰਕ ਵੀ 110/- ਰੁਪਏ ਲੈਂਦਾ ਹੈ। ਇਹ ਕੁੜੀਆਂ ਚਾਰ ਸਾਲ ਟਰੇਨਿਗ ਲੈ ਕੇ ਵੀ 110/- ਰੁਪਏ ਦਾ ਸਕੇਲ ਹੀ ਲੈਂਦੀਆਂ ਹਨ ।

ਇਸ ਲਈ ਇਨ੍ਹਾਂ ਦੇ ਸਕੇਲ ਵਧਾਉਣ ਬਾਰੇ ਯਤਨ ਕਰਨਾ ਚਾਹੀਦਾ ਹੈ । (ਘੰਟੀ) ਜਿਥੋਂ ਤੱਕ ਕਲਾਸ ਫੋਰ ਹੈ, ਉਨ੍ਹਾਂ ਨੂੰ ਵਰਦੀਆਂ ਆਦਿ ਦੇਣ ਬਾਰੇ ਯਤਨ ਕਰਨਾ ਚਾਹੀਦਾ ਹੈ । ਇਹ ਜਿਹੜਾ ਪੈਰਾ ਮੈਡੀਕਲ ਦਾ ਸਟਾਫ ਹੈ, ਇਨ੍ਹਾਂ ਦੀ ਬਾਬਤ ਮੈਂ ਇਸ ਲਈ ਕਹਿੰਦਾ ਹਾਂ ਕਿਉਂਕਿ ਇਹ ਸਟੇਟ ਦਾ ਕੰਮ ਕਰਦੇ ਹਨ, ਫਿਰ ਇਹ ਉਨਾਂ ਦਾ ਹੱਕ ਵੀ ਹੈ। ਆਪਣੇ ਹੱਕ ਦੀ ਖਾਤਰ ਹੀ ਉਹ ਹੜਤਾਲਾਂ

ਕਰਦੇ ਹਨ । ਕਿਉਂਕਿ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕਰਦੇ ਇਸ ਲਈ ਉਹ ਹੜਤਾਲ ਵਾਲੇ ਪਾਸੇ ਆਉਂਦੇ ਹਨ । ਕਈ ਲੋਕ ਉਨ੍ਹਾਂ ਨੂੰ ਮਿਸਲੀਡ ਵੀ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਸਰਦਾਰ ਇਕਬਾਲ ਸਿੰਘ ਸਟੈਟਿਸਟੀਕਲ ਅਸਿਸਟੈਂਟ, ਸਿਵਲ ਹਸਪਤਾਲ, ਜਲੰਧਰ, ਨੂੰ 1964 ਵਿਚ ਵਿਲੋਰ (ਮਦਰਾਸ) ਵਿੱਚ ਮੈਡੀਕਲ ਰੀਕਾਰਡ ਅਫ਼ਸਰ ਦੀ ਟਰੇਨਿੰਗ ਵਾਸਤੇ ਭੇਜਿਆ ਗਿਆ । ਉਸ ਸਮੇਂ ਦੀ ਉਸ ਨੂੰ ਪੂਰੀ ਤਨਖਾਹ ਦਿੱਤੀ ਅਤੇ ਨਾਲ ਹੀ ਵਜ਼ੀਫਾ ਵੀ ਦਿੱਤਾ ਗਿਆ । ਉਸ ਵੇਲੇ ਸੈਕਟਰੀ ਨੇ ਸਰਟੀਫ਼ਿਕੇਟ ਇਸ਼ੂ ਕੀਤਾ ਕਿ ਇਸ ਦੀ ਸਰਵਿਸ ਜ਼ਰੂਰੀ ਹੈ, ਉਸ ਦੀ ਟਰੇਨਿੰਗ ਜ਼ਰੂਰੀ ਹੈ ਅਤੇ ਇਸ ਦਾ ਫਾਇਦਾ ਉਠਾਇਆ ਜਾਵੇਗਾ । ਲੇਕਿਨ ਮੈਂ ਕਹਿੰਦਾ ਹਾਂ ਕਿ ਅਜ ਤੱਕ ਉਸ ਆਦਮੀ ਨੂੰ ਐਡਜਸਟ ਨਹੀਂ ਕੀਤਾ ਗਿਆ, ਭਾਵ ਕਿ ਰੀਕਾਰਡ ਅਫਸਰ ਨਹੀਂ ਲਗਾਇਆ ਗਿਆ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦ ਉਸ ਆਦਮੀ ਨੂੰ ਟਰੇਨਿੰਗ ਲੈਣ ਲਈ ਭੇਜਿਆ ਗਿਆ ਤਾਂ ਉਸ ਦੇ ਬਾਅਦ ਉਸ ਨੂੰ ਕਿਉਂ ਨਹੀਂ ਐਡਜਸਟ ਕੀਤਾ ਗਿਆ ? ਜਦ ਸਰਟੀਫੀਕੇਟ ਵੀ ਦਿੱਤਾ ਗਿਆ ਕਿ ਇਸ ਦੀਆਂ ਸਰਵਸਿਜ਼ ਜ਼ਰੂਰੀ ਹਨ ਤਾਂ ਫਿਰ ਕਿਉਂ ਨਹੀਂ ਉਸ ਨੂੰ ਲਗਾਇਆ ਗਿਆ । ਜੇ ਉਸ ਦੀਆਂ ਸਰਵਿਸਿਜ਼ ਜ਼ਰੂਰੀ ਨਹੀਂ ਸਨ ਤਾਂ ਕਿਉਂ ਅਜਿਹਾ ਸਰਟੀਫੀਕੇਟ ਇਸ਼ੂ ਕੀਤਾ ਗਿਆ ਅਤੇ ਉਸ ਨੂੰ ਕਿਉਂ ਬਾਹਰ ਭੇਜਿਆ ਗਿਆ ? ਇਸ ਲਈ ਫਿਰ ਕਿਉਂ ਇਸ ਤਰ੍ਹਾਂ ਸਰਕਾਰ ਦਾ ਪੈਸਾ ਖਰਾਬ ਕੀਤਾ ਗਿਆ ? ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । (ਘੰਟੀ) ਨਰਸਾਂ ਦੀਆਂ ਉਹੀ ਵਰਦੀਆਂ ਹਨ, ਉਹੀ ਪਰਾਣਾ ਧੋਬੀ ਅਲਾਊਂਸ ਹੈ । ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਸ੍ਰੀ ਬਾਲ ਮੁਕੰਦ ਸ਼ਰਮਾ (ਫਿਰੋਜ਼ਪੁਰ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਅੱਜ ਇਸ ਹਾਊਸ ਵਿੱਚ ਇੰਡਸਟਰੀ, ਹੈਲਥ ਆਦਿ ਡੀਪਾਰਟਮੈਂਟਸ ਦੀਆਂ ਮੰਗਾਂ ਤੇ ਜੋ ਬਹਿਸ ਹੋ ਰਹੀ ਹੈ, ਉਸ ਦੇ ਉਤੇ ਮੈਂ ਆਪਣੇ ਵਿਚਾਰ ਰੱਖਣੇ ਹਨ । ਲੁਧਿਆਣਾ, ਸੰਗਰੂਰ, ਹੁਸ਼ਿਆਰਪੁਰ ਅਤੇ ਰਾਜਪੁਰਾ ਵਿੱਚ ਘੀ ਦੀਆਂ ਫੈਕਟਰੀਆਂ ਲਗਾਈਆਂ ਗਈਆਂ, ਇਹ ਬੜਾ ਅੱਛਾ ਕੰਮ ਕੀਤਾ ਹੈ, ਕਿਉਂਕਿ ਇਸ ਨਾਲ ਘੀ ਦੀ ਕਿੱਲਤ ਦੂਰ ਹੋ ਜਾਵੇਗੀ । ਡਿਪਟੀ ਸਪੀਕਰ ਸਾਹਿਬ, ਸਾਡੇ ਫਿਰੋਜ਼ਪੁਰ ਵਿੱਚ ਸਾਲਟ ਪੀਟਰ ਦੀ ਫੈਕਟਰੀ ਲਗਾਈ ਗਈ, ਜਿਸ ਦੀ ਮਸ਼ੀਨਰੀ ਤਕਰੀਬਨ 2 ਲੱਖ ਰੁਪਏ ਦੀ ਹੈ ਔਰ ਉਸ ਨੂੰ ਕਲਕੱਤੇ ਵਿੱਚ ਟਸਟ ਕੀਤਾ ਗਿਆ । ਕੋਈ 30-40 ਲੱਖ ਰੁਪਿਆ ਉਸ ਦੀਆਂ ਬਾਕੀ ਚੀਜ਼ਾਂ ਤੇ ਲਾਇਆ ਗਿਆ । ਲੇਕਿਨ ਇਹ ਮਸ਼ੀਨਰੀ ਫਿਰੋਜ਼ਪੁਰ ਵਿੱਚ ਬਿਲਕੁਲ ਫੇਲ੍ਹ ਹੋ ਚੁੱਕੀ ਹੈ ਔਰ ਕੋਈ ਕੰਮ ਨਹੀਂ ਕਰ ਰਹੀ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਔਰ ਇੰਡਸਟਰੀਜ਼ ਮਨਿਸਟਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਲੱਖਾਂ ਰੁਪਏ ਉਸ ਫੈਕਟਰੀ ਦੇ ਉਤੇ ਖਰਚ ਕੀਤੇ ਗਏ, ਲੇਕਿਨ ਉਹ ਬਿਲਕੁਲ ਫਜ਼ੂਲ, ਕੋਈ ਉਸ ਦਾ ਫਾਇਦਾ ਨਹੀਂ ਹੋਇਆ । ਜਿਨ੍ਹਾਂ ਅਫ਼ਸਰਾਂ ਨੇ ਪਹਿਲਾਂ ਇਸ ਨੂੰ ਚਲਾਉਣ ਲਈ ਉਤਸਾਹਤ ਕੀਤਾ ਸੀ ਅਤੇ ਐਸ਼ੋਰੈਂਸ ਦਿੱਤੀ ਸੀ, ਉਨ੍ਹਾਂ ਨੇ ਹੀ ਅੱਜ ਇਸ ਦੀ ਰੀਜੈਕਸ਼ਨ ਕੀਤੀ ਹੈ । ਬਾਕੀ ਸ਼ਹਿਰਾਂ ਦੀ ਇੰਡਸਟਰੀ ਵਲ ਬੜਾ ਧਿਆਨ ਕੀਤਾ ਜਾਂਦਾ ਹੈ, ਪਰ ਇਸ ਪਾਸੇ ਕੋਈ ਧਿਆਨ ਨਹੀਂ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਅਰਜ਼ ਕਰਾਂਗਾ ਕਿ ਪਿੰਡਾਂ ਦੇ ਵਿੱਚ ਇੰਡਸਟਰੀ ਦਾ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਪਿੰਡਾਂ ਦੇ ਆਦਮੀ ਆਪਣੇ ਜ਼ਿਮੀਦਾਰੇ ਦੇ ਕੰਮ ਤੋਂ ਵਿਹਲੇ ਹੋਕੇ ਉਹ ਹੋਰ ਫਜ਼ੂਲ ਕੰਮਾਂ ਵਿੱਚ ਲਗ ਜਾਂਦੇ ਹਨ ਔਰ ਉਨ੍ਹਾਂ ਨੂੰ ਟਾਈਮ ਨਹੀਂ ਮਿਲਦਾ ਕਿ ਉਹ ਕੋਈ ਹੋਰ ਕੰਮ ਕਰਨ ਜਾਂ ਕੋਈ ਹੋਰ ਸਾਈਡ ਬਿਜ਼ਨੈਸ ਕਰਕੇ ਆਪਣੇ ਕੰਮ ਨੂੰ ਵਧਾਉਣ । ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿੱਚ ਗਰੀਬ ਆਦਮੀ ਜਾਂ ਜੋ ਹਰੀਜਨ ਹਨ,

[ਸ਼੍ਰੀ ਬਾਲਮੁਕੰਦ ਸ਼ਰਮਾ]

ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ, ਉਹ ਬਿਲਕੁਲ ਬੇਕਾਰ ਰਹਿੰਦੇ ਹਨ ਕਿਉਂਕਿ ਕਦੇ ਉਨ੍ਹਾਂ ਨੂੰ ਦਿਹਾੜੀ ਮਿਲਦੀ ਹੈ ਅਤੇ ਕਦੇ ਨਹੀਂ ਮਿਲਦੀ । ਇਸ ਲਈ ਮੈਂ ਕਹਿੰਦਾ ਹਾਂ ਕਿ ਅਗਰ ਪਿੰਡਾਂ ਵਿੱਚ ਕੋਈ ਇੰਡਸਟਰੀ ਹੋਵੇ ਤਾਂ ਜਿਸ ਦਿਨ ਉਨ੍ਹਾਂ ਨੂੰ ਮਜ਼ਦੂਰੀ ਨਹੀਂ ਮਿਲਦੀ, ਉਹ ਆਪਣਾ ਟਾਈਮ ਇੰਡਸਟਰੀ ਵਿੱਚ ਲਾਕੇ ਆਪਣੀ ਪੇਟ ਪੂਜਾ ਕਰ ਸਕਦੇ ਹਨ । ਪਿੰਡਾਂ ਦੀ ਹਾਲਤ ਜੋ ਹੈ, ਮਾੜੀ ਹੈ, ਖਾਸ ਤੌਰ ਤੇ ਫਿਰੋਜ਼ਪੁਰ ਦਾ ਜੋ ਇਲਾਕਾ ਹੈ । ਮੇਰੇ ਆਪਣੇ ਇਲਾਕੇ ਦੇ ਵਿੱਚ ਕੁਝ ਇਹੋ ਜਿਹੇ ਪਿੰਡ ਵੀ ਹਨ, ਜਿਥੇ ਕਿ ਦਰਿਆ ਵੀ ਪੈਂਦਾ ਹੈ ਔਰ ਉਸ ਤੋਂ ਅੱਗੇ ਵੀ ਸਾਡੇ ਕਾਫੀ ਪਿੰਡ ਹਨ ਜਿਥੇ ਕਿ ਅਗਰ ਕੋਈ ਗਰੀਬ ਆਦਮੀ ਉਥੋਂ ਦਾ ਰਾਤ ਨੂੰ ਕਿਸੇ ਵਕਤ ਬੀਮਾਰ ਹੋ ਜਾਵੇ ਜਾਂ ਕੋਈ ਕਿਸੇ ਕਿਸਮ ਦੀ ਤਕਲੀਫ਼ ਹੋ ਜਾਵੇ ਤਾਂ ਉਹ ਹਸਪਤਾਲ ਨਹੀਂ ਜਾ ਸਕਦੇ ਇਸ ਲਈ ਮੈਂ ਆਪਣੀ ਗੌਰਮਿੰਟ ਦਾ ਧਿਆਨ ਇਸ ਵੱਲ ਦਿਵਾਉਂਦਾ ਹਾਂ ਕਿ ਇਸ ਦੀ ਬਾਬਤ ਵੀ ਕੁਝ ਸੋਚਿਆ ਜਾਵੇ । 20 ਸਾਲਾਂ ਵਿੱਚ ਇਹ ਸਾਡੇ ਵੀਰ ਸ਼ਹਿਰਾਂ ਦੀ ਖਾਤਰ ਹੀ ਸੋਚਦੇ ਰਹੇ, ਪਰ ਇਨ੍ਹਾਂ ਨੇ ਪਿੰਡਾਂ ਦਾ ਕੁਝ ਨਹੀਂ ਸੋਚਿਆ । ਇਸ ਲਈ ਮੈਂ ਕਹਿੰਦਾ ਹਾਂ ਕਿ ਜਦ ਅਸੀਂ ਪਿਡਾਂ ਦੀ ਬਾਬਤ ਨਹੀਂ ਸੋਚਾਂਗੇ ਤਾਂ ਅਸੀਂ ਪੰਜਾਬ ਦੀ ਬਿਹਤਰੀ ਨਹੀਂ ਕਰ ਸਕਦੇ । (ਤਾੜੀਆਂ)

ਇਸ ਤੋਂ ਅੱਗੇ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਮਾਨਸਾ ਦੇ ਹਸਪਤਾਲ ਦੀ ਗੱਲ ਦੱਸਦਾ ਹਾਂ ਕਿ ਉਥੇ ਡਾਕਟਰਾਂ ਦੀ ਕੀ ਪੁਜ਼ੀਸ਼ਨ ਹੈ। (ਵਿਘਨ) ਕਿਉਂਕਿ ਮੈਂ ਵੀ ਬਰਾਹਮਣ ਹਾਂ, ਇਸ ਲਈ ਮੈਂ ਬਰਾਹਮਣਾਂ ਵਾਲੀ ਗੱਲ ਦੱਸਦਾ ਹਾਂ (ਹਾਸਾ) । ਉਥੇ ਕੁਝ ਆਦਮੀਆਂ ਨੂੰ ਖੀਰ ਖਲਾਈ ਗਈ ਔਰ ਉਸ ਦੇ ਨਾਲ ਸੌ ਆਦਮੀਆਂ ਦੀ ਹਾਲਤ ਬਹੁਤ ਖਰਾਬ ਹੋ ਗਈ ਔਰ ਉਨ੍ਹਾਂ ਵਿਚੋਂ ਤਕਰੀਬਨ 18 ਆਦਮੀ ਮਰ ਗਏ। ਡਿਪਟੀ ਸਪੀਕਰ ਸਾਹਿਬ, ਅਸਚਰਜ ਦੀ ਗੱਲ ਇਹ ਹੈ ਕਿ ਉਸ ਵੇਲੇ ਉਥੇ ਹਸਪਤਾਲ ਵਿੱਚ ਕੋਈ ਡਾਕਟਰ ਜਾਂ ਲੇਡੀ ਡਾਕਟਰ ਮੌਜੂਦ ਨਹੀਂ ਸੀ । ਔਰ ਉਨ੍ਹਾਂ ਦੀ ਮੌਤ ਹੋ ਜਾਣ ਦੀ ਖਾਸ ਵਜ੍ਹਾ ਇਹੋ ਸੀ ਕਿ ਉਥੇ ਉਸ ਸਮੇਂ ਹਸਪਤਾਲ ਵਿੱਚ ਕੋਈ ਡਾਕਟਰ ਮੌਜੂਦ ਨਹੀਂ ਸੀ, ਔਰ ਉਨ੍ਹਾਂ ਨੂੰ ਵਕਤ ਸਿਰ ਦਵਾਈ ਨਹੀਂ ਦਿੱਤੀ ਗਈ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹੈਲਥ ਮਨਿਸਟਰ ਸਾਹਿਬ ਨੂੰ ਇਸ ਬਾਰੇ ਜ਼ਰੂਰ ਅਰਜ਼ ਕਰਾਂਗਾ (ਵਿਘਨ) ਡਾਇਰੈਕਟਰ ਸਾਹਿਬ ਨਾਲ ਬੈਠ ਕੇ ਅਖਬਾਰਾਂ ਵਿੱਚ ਫੋਟੋ ਛਪਾ ਕੇ, ਮੈਂ ਵੀ ਦੇਖੀ ਹੈ, ਡਾਇਰੈਕਟਰ ਸਾਹਿਬ ਸਾਡੇ ਫਿਰੋਜ਼ਪੁਰ ਦੇ ਹਨ ਔਰ ਬੜੇ ਅੱਛੇ ਆਦਮੀ ਹਨ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੇ ਕਿਰਦਾਰ ਨੂੰ ਮੈਂ ਕੀ ਕਹਾਂ । ਬੜਾ ਅਫਸੋਸ ਹੈ ਕਿ ਇਹੋ ਜਿਹੇ ਹੈਲਥ ਦੇ ਇੰਚਾਰਜ ਲਗਾਏ ਜਾਣ ਔਰ ਇਹੋ ਜਿਹੇ ਡਾਕਟਰ ਜਿਨ੍ਹਾਂ ਨੇ ਆਪ ਕੁਝ ਨਹੀਂ ਕੀਤਾ ਔਰ ਉਹ ਕੁਝ ਨਹੀਂ ਜਾਣਦੇ । ਡਿਪਟੀ ਸਪੀਕਰ ਸਾਹਿਬ, ਮੈਂ ਇਹੋ ਜਿਹੇ ਕੇਸਾਂ ਦੀਆਂ ਕਈ ਮਿਸਾਲਾਂ ਦੇ ਸਕਦਾ ਹਾਂ, ਜਿਹੜੇ ਕਿ ਫਿਰੋਜ਼ਪੁਰ ਵਿੱਚ ਹੋਏ ਹਨ । ਇਸ ਲਈ ਖਾਸ ਕਰਕੇ ਹੈਲਥ ਵੱਲ ਧਿਆਨ ਦੇਣ ਦੀ ਬੜੀ ਲੋੜ ਹੈ । ਅਗਰ ਸਾਡੀ ਹੈਲਥ ਚੰਗੀ ਹੋਵੇਗੀ ਤਾਂ ਅਸੀ ਕੰਮ ਕਰ ਸਕਦੇ ਹਾਂ ਪਰ ਜੇ ਹੈਲਥ ਠੀਕ ਨਾ ਹੋਵੇਗੀ ਤਾਂ ਅਸੀਂ ਕੰਮ ਨਹੀਂ ਕਰ ਸਕਦੇ। ਇਸ ਲਈ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ । ਰੂਰਲ ਏਰੀਆ ਦੇ ਵਿੱਚ ਛੋਟੀਆਂ ਡਿਸਪੈਂਸਰੀਆਂ ਦਾ ਵੀ ਖੋਲ੍ਹਿਆ ਜਾਣਾ ਬਹੁਤ ਜ਼ਰੂਰੀ ਹੈ । ਡਿਪਟੀ ਸਪੀਕਰ ਸਾਹਿਬ, ਸ਼ਹਿਰਾਂ ਵਿੱਚ ਜਿਹੜੇ ਹਸਪਤਾਲ ਹਨ, ਉਥੇ ਜਿਹੜੇ ਛੋਟੇ ਆਦਮੀ ਜਾਂ ਜਿਹੜੇ ਗਰੀਬ ਆਦਮੀ ਮਰੀਜ਼ ਜਾਂਦੇ ਹਨ, ਉਨ੍ਹਾਂ ਦੀ ਤਾਂ ਮੈਂ ਤੁਹਾਨੂੰ ਕੀ ਕਹਾਂ, ਜਦ ਸਾਡੇ ਵਰਗੇ ਆਦਮੀ ਵੀ ਹਸਪਤਾਲ ਵਿੱਚ ਜਾਂਦੇ ਹਨ ਤਾਂ ਉਸ ਵੇਲੇ ਵੀ ਮੈਂ ਇਹ ਦੇਖਿਆ ਹੈ ਕਿ ਡਾਕਟਰ ਆਮ ਤੌਰ ਤੇ ਮਿਲਦੇ ਹੀ ਨਹੀਂ ਔਰ ਅਟੈਂਡ

ਨਹੀਂ ਕਰਦੇ ਔਰ ਨਾ ਉਹ ਕੋਈ ਧਿਆਨ ਕਰਦੇ ਹਨ । ਹਸਪਤਾਲ ਵਿੱਚ ਮਰੀਜ਼ ਭਾਵੇਂ ਰੋਂਦਾ ਰਹੇ ਬੇਸ਼ੱਕ ਮਰ ਜਾਵੇ ਪਰ ਉਹ ਕੋਈ ਪਰਵਾਹ ਨਹੀਂ ਕਰਦੇ । ਖਾਸ ਤੌਰ ਤੇ ਫਿਰੋਜ਼ਪੁਰ ਦੇ ਵਿੱਚ ਤਾਂ ਬੁਰੀ ਹਾਲਤ ਹੈ ਜੋ ਕਿ ਮੇਰੇ ਵੇਖਣ ਵਿੱਚ ਆਇਆ ਹੈ । ਉਥੇ ਕੋਈ ਵੀ ਡਾਕਟਰ ਕੇਅਰ ਨਹੀ ਕਰਦਾ । ਡਿਪਟੀ ਸਪੀਕਰ ਸਾਹਿਬ, ਮੈਂ ਰਿਸ਼ਵਤ ਦੀ ਸਾਈਡ ਵੱਲ ਨਹੀਂ ਜਾਣਾ ਚਾਹੁੰਦਾ, ਲੇਕਿਨ ਮੈਂ ਇਹ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਜਿਸ ਡਾਕਟਰ ਦੀ ਜੇਬ੍ਹ ਵਿੱਚ ਕੋਈ ਚਾਰ ਪੈਸੇ ਪਾਉਂਦਾ ਹੈ, ਡਾਕਟਰ ਉਸ ਦਾ ਹੀ ਧਿਆਨ ਕਰਦਾ ਹੈ ਨਹੀਂ ਤਾਂ ਹੋਰ ਕਿਸੇ ਵੱਲ ਧਿਆਨ ਨਹੀਂ ਕੀਤਾ ਜਾਂਦਾ । ਇਸ ਵਾਸਤੇ ਡਾਕਟਰਾਂ ਨੂੰ ਖਾਸ ਤੌਰ ਤੇ ਚੈਕ ਕਰਨ ਦੀ ਲੋੜ ਹੈ । ਜਦ ਤੱਕ ਡਾਕਟਰਾਂ ਨੂੰ ਚੈਕ ਨਹੀਂ ਕੀਤਾ ਜਾਂਦਾ ਉਦੋਂ ਤੱਕ ਇਹ ਠੀਕ ਨਹੀਂ ਹੋ ਸਕਦੇ । ਡਿਪਟੀ ਸਪੀਕਰ ਸਾਹਿਬ, ਮੈਂ ਦਵਾਈ ਦੀ ਬਾਬਤ ਦੱਸਦਾ ਹਾਂ ਕਿ ਦਵਾਈ ਹਸਪਤਾਲ ਵਿੱਚ ਮਗਰੋਂ ਆਉਂਦੀ ਹੈ, ਮਗਰ ਬਾਜ਼ਾਰ ਵਿੱਚ ਪਹਿਲਾਂ ਆ ਜਾਂਦੀ ਹੈ । ਇਸ ਦੀ ਵੀ ਖਾਸ ਵਜਾਹ ਹੈ । ਇਥੇ ਸਰਦਾਰ ਕੁਲਵੰਤ ਸਿੰਘ ਨੇ ਕਿਹਾ ਸੀ ਕਿ ਜਨਸੰਘੀਆਂ ਨੇ ਇੰਡਸਟਰੀ ਦਾ ਜਨਸੰਘੀਕਰਨ ਕਰ ਦਿੱਤਾ ਹੈ । ਇਹ ਠੀਕ ਹੈ ਕਿ ਅਸੀਂ ਇਕ ਦੂਸਰੇ ਤੇ ਇਲਜ਼ਾਮ ਤਾਂ ਬੜੀ ਜਲਦੀ ਲਗਾ ਦਿੰਦੇ ਹਾਂ, ਇਸ ਤਰ੍ਹਾਂ ਇਲਜ਼ਾਮ ਲਗਾਉਣਾ ਠੀਕ ਨਹੀਂ । ਲੇਕਿਨ ਇਹ ਸੋਚਣਾ ਪਵੇਗਾ ਕਿ ਜਿਨੇ ਵੀ ਪਿਛਲੇ ਸਟਾਫ ਜਾਂ ਪਿਛੇ ਜਿਹੜੇ ਡਾਕਟਰ......(ਘੰਟੀ)

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਟਾਈਮ ਬਹੁਤ ਥੋੜ੍ਹਾ ਰਹਿ ਗਿਆ ਹੈ, ਲੇਕਿਨ ਮੈਂ ਇਕ ਅਰਜ਼ ਕਰਨੀ ਚਾਹੰਦਾ ਹਾਂ ਕਿ ਮੇਰੇ ਦੋਸਤ ਸਾਥੀ ਸਾਹਿਬ ਨੇ ਇਕ ਦਿਨ ਇਥੇ ਜਨਸੰਘ ਦੇ ਬਾਰੇ ਵਿੱਚ ਕੁਝ ਕਿਹਾ ਸੀ ਮੈਂ ਉਨ੍ਹਾਂ ਨੂੰ ਰਿਕੁਐਸਟ ਕਰਾਂਗਾ ਕਿ ਇਹੋ ਜਿਹੀਆਂ ਗੱਲਾਂ ਇਨ੍ਹਾਂ ਨੂੰ ਨਹੀਂ ਕਰਨੀਆਂ ਚਾਹੀਦੀਆਂ (ਵਿਘਨ) ਇਹ ਬੋਲਦੇ ਤਾਂ ਇਰੀਗੇਸ਼ਨ ਤੇ ਸਨ ਲੇਕਿਨ ਗੱਲਾਂ ਇਹ ਸਾਡੇ ਨਾਲ ਕਰਦੇ ਸਨ ਕਿ ਜਨਸੰਘ ਦੇ ਕਿਰਦਾਰ ਵਿੱਚ ਪਹਿਲਾਂ ਵੀ ਇਹੋ ਜਿਹੀਆਂ ਚੀਜ਼ਾਂ ਸਨ, ਹੁਣ ਵੀ ਇਹੋ ਜਿਹੀਆਂ ਚੀਜ਼ਾਂ ਹਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਹੈਲਥ ਵੀ ਬੜੀ ਅੱਛੀ ਹੈ ਔਰ ਇਥੇ ਅੱਜ ਹੈਲਥ ਦੀ ਗੱਲ ਚਲ ਰਹੀ ਹੈ । ਮੈਂ ਇਨ੍ਹਾਂ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਹ ਅਸੈਂਬਲੀ ਵਿੱਚ ਨਚਦੇ ਹਨ ਪਿਛਲੇ ਦਿਨਾਂ ਵਿਚ ਇਹ ਨਚਦੇ ਰਹੇ ਹਨ (ਵਿਘਨ) । ਮੈਂ ਬਹੁਤ ਕੁਝ ਨਹੀਂ ਕਹਿਣਾ ਚਾਹੁੰਦਾ ਸਿਰਫ ਇਹੀ ਇਨ੍ਹਾਂ ਨੂੰ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਇਹੋ ਜਿਹੇ ਕਿਸੇ ਤੇ ਇਲਜ਼ਾਮ ਐਵੇਂ ਲਾਉਣੇ ਚੰਗੇ ਨਹੀਂ ਹੁੰਦੇ । (ਵਿਘਨ) ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

Mr. Deputy Speaker : Shri Gurdial Saini.

चौधरी बलबीर सिंह : उपाध्यक्ष महोदय, यहाँ एक मुआहिदा हुआ है । (विघ्न) मैं आप के नोटिस में लाना चाहता हूं कि पोलिटीकल पार्टीज़ एक खास वियू प्वांट इस हाऊस में रखना चाहती हैं । इस लिए ठीक ढंग से ठीक वक्त देना चाहिए ।

ਸ਼੍ਰੀ ਡਿਪਟੀ ਸਪੀਕਰ : ਮੁਆਹਿਦੇ ਬਾਰੇ ਮੈਨੂੰ ਇਲਮ ਨਹੀਂ......(ਵਿਘਨ) (I know nothing about the agreement......(Interruption)

चौधरी बलबीर सिंह : जनाब आम तौर पर यह कायदा है कि एक कांग्रेस मैंबर एक कम्यूनिस्ट पार्टी (राईट), एक ऐस. ऐस. पी. का और एक कम्यूनिस्ट (मार्किसस्ट) एक P. S. P. और उस के बाद......(विघ्न)

ਸ੍ਰੀ ਡਿਪਟੀ ਸਪੀਕਰ : ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਬਿਲਕੁਲ ਗ਼ਲਤ ਹੈ......(ਵਿਘਨ) ਟਾਈਮ ਮਿਲੇਗਾ ਪਰ ਇਸ ਤਰ੍ਹਾਂ ਨਹੀਂ ਮਿਲ ਸਕਦਾ । (ਵਿਘਨ) (I am sorry to say that it is quite wrong......(Interruption) The hon. Member will get time but not in that order.]

(Interruption)

ਸ੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਸੈਸ਼ਨ ਵਿਚ ਪਹਿਲੀ ਵਾਰ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਡੀਮਾਂਡ ਨੰਬਰ 22 ਔਰ 42 ਤੋਂ ਬੋਲਾਂਗਾ ਔਰ ਥੋੜਾ ਜਿਹਾ ਡੀਮਾਂਡ ਨੰਬਰ 17 ਔਰ 18 ਤੇ ਵੀ ਬੋਲਾਂਗਾ । ਉਮੀਦ ਹੈ ਕਿ ਆਪ ਥੋੜ੍ਹਾ ਜਿਹਾ ਟਾਈਮ ਮੈਨੂੰ ਬੋਲਣ ਲਈ ਦਿਓਗੇ......

ਸ੍ਰੀ ਡਿਪਟੀ ਸਪੀਕਰ : ਜਿਤਨਾ ਟਾਈਮ ਤੁਹਾਡੇ ਵਿਪ ਵਲੋਂ ਲਿਖ ਕੇ ਆਇਆ ਹੈ, ਉਹੀ ਟਾਈਮ ਦੇਵਾਂਗਾ ਇਸ ਤੋਂ ਜ਼ਿਆਦਾ ਟਾਈਮ ਨਹੀਂ ਮਿਲੇਗਾ । (The time which is indicated by your party Whip will be given to you ; no more time can be allotted.)

ਸ੍ਰੀ ਗੁਰਦਿਆਲ ਸੈਣੀ : ਬਹੁਤ ਅੱਛਾ ਜੀ । ਡਿਪਟੀ ਸਪੀਕਰ ਸਾਹਿਬ, ਅਕਾਲੀ ਪਾਰਟੀ ਵਲੋਂ ਔਰ ਜਨਸੰਘ ਪਾਰਟੀ ਵਲੋਂ ਸੈਂਟਰ ਦੀ ਸਰਕਾਰ ਦੇ ਖਿਲਾਫ਼ ਬਹੁਤ ਗੱਲਾਂ ਹੁੰਦੀਆਂ ਹਨ...... (ਵਿਘਨ)

ਕਾਮਰੇਡ ਬਾਬੂ ਸਿਘ ਮਾਸਟਰ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਵਿਪ ਬੋਲਣ ਦੇ ਲਈ ਟਾਈਮ ਦੇ ਮਿਟ ਵੀ ਲਿਖ ਕੇ ਦਿੰਦੇ ਹਨ ?......

ਸ੍ਰੀ ਡਿਪਟੀ ਸਪੀਕਰ : ਆਮ ਤੌਰ ਤੇ ਉਹ ਸਾਨੂੰ ਦੱਸ ਦਿੰਦੇ ਹਨ, ਜਿਹੜੇ ਨਹੀ ਦੱਸਦੇ ਤਾਂ ਅਸੀਂ ਆਪ ਵੰਡ ਦਿੰਦੇ ਹਾਂ । (Generally they indicate it, otherwise, we ourselves allocate the time.)

ਸ੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਅਗਰ ਅਪੋਜ਼ੀਸ਼ਨ ਪਾਰਟੀ ਦਾ ਕੋਈ ਆਦਮੀ ਕਿਸੇ ਗੱਲ ਤੇ ਸੁਝਾਓ ਦਿੰਦਾ ਹੈ ਔਰ ਕੋਈ ਕ੍ਰਿਟਿਸਿਜ਼ਮ ਕਰਦਾ ਹੈ ਤਾਂ ਰੂਲਿੰਗ ਪਾਰਟੀ ਨੂੰ ਉਸ ਨੂੰ ਕ੍ਰਿਟਿਸਜ਼ਮ ਨਹੀਂ ਸਮਝਣਾ ਚਾਹੀਦਾ ਬਲਕਿ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਅਪੋਜ਼ੀਸ਼ਨ ਕੋਈ ਸੁਝਾ ਦੇ ਰਹੀ ਹੈ ਔਰ ਉਸ ਤੇ ਅਮਲ ਵੀ ਕਰਨਾ ਚਾਹੀਦਾ ਹੈ । ਪਰ ਇਹ ਹਮੇਸ਼ਾਂ, ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਬੋਲਦੇ ਹਨ ਤਾਂ ਇਹੀ ਕਹਿੰਦੇ ਹਨ ਕਿ ਹਿੰਦੁਸਤਾਨ ਦੀ ਸਰਕਾਰ ਨੇ ਕੁਝ ਨਹੀਂ ਕੀਤਾ, ਪੰਜਾਬ ਵਿੱਚ ਹਿੰਦੁਸਤਾਨ ਦੀ ਸਰਕਾਰ ਨੇ ਕੁਝ ਨਹੀਂ ਕੀਤਾ । ਮੈਂ ਤੁਹਾਡੇ ਰਾਹੀਂ ਇਹ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਗੌਰਮਿੰਟ ਨੇ ਹੀ ਨੰਗਲ ਫਰਟੇਲਾਈਜ਼ਰ ਦਾ ਕਾਰਖਾਨਾ ਲਾਇਆ, ਸੈਂਟਰ ਦੀ ਸਰਕਾਰ ਨੇ ਹੋਰ ਇਸੇ ਤਰ੍ਹਾਂ ਕਈ ਇੰਡਸਟਰੀਜ਼ ਲਾਈਆਂ । ਇਹ ਸੈਂਟਰਲ ਸਰਕਾਰ ਦੀ ਹੀ ਮਿਹਰਬਾਨੀ ਹੈ ਕਿ ਇਥੇ ਇਤਨੀਆਂ ਇੰਡਸਟਰੀਜ਼ ਲਾਈਆਂ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਰਿਜੀਨ ਵਿੱਚ 1967 ਤੋਂ ਲੈ ਕੇ ਹੁਣ ਤਕ ਇਨ੍ਹਾਂ ਨੇ ਪੰਜਾਬ ਵਿੱਚ ਕਿਤਨੀਆ ਹੈਵੀ ਇਡਸਟਰੀਜ਼ ਲਾਈਆਂ ਹਨ ? ਮੈਂ ਇਨ੍ਹਾਂ ਨੂੰ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਫਰੀਦਾਬਾਦ ਕਿਤਨੀ ਤਗੜੀ ਇੰਡਸਟਰੀ ਲਾਈ ਸੀ । ਮੈਂ

ਸਮਝਦਾ ਹਾਂ ਕਿ ਸਰਦਾਰ ਪਰਤਾਪ ਸਿੰਘ ਨੇ ਇਕੱਲੇ ਇਕੱਲੇ ਪਿੰਡ ਵਿੱਚ ਇਕੱਲੀ ਇਕੱਲੀ ਤਹਿਸੀਲ ਵਿੱਚ ਇੰਡਸਟਰੀਜ਼ ਸ਼ੈਡ ਖੋਲ੍ਹੇ ਹਨ ਲੇਕਿਨ ਇਨ੍ਹਾਂ ਨੇ ਉਥੇ ਹੁਣ ਕੁਰੱਪਸ਼ਨ ਸ਼ੁਰੂ ਕਰ ਦਿੱਤੀ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਨਕੋਦਰ ਔਰ ਆਦਮਪੁਰ ਵਿੱਚ ਇੰਡਸਟਰੀਅਲ ਐਸਟੇਟਸ ਬਣੀਆਂ । ਡਿਪਟੀ ਸਪੀਕਰ ਸਾਹਿਬ, ਐਸਟੀਮੇਟ ਕਮੇਟੀ ਨੇ ਖੁਦ ਮੌਕੇ ਤੇ ਜਾ ਕੇ ਵੇਖਿਆ ਕਿ ਉਥੇ ਕੋਈ ਕੰਮ ਨਹੀਂ ਹੁੰਦਾ ਰਿਹਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਉਥੇ ਸਾਰਾ ਮਾਲ ਤਾਂ ਸਪਲਾਈ ਹੁੰਦਾ ਰਿਹਾ ਪਰ ਛੇ ਛੇ ਮਹੀਨੇ ਕੋਈ ਕੰਮ ਨਹੀਂ ਹੁੰਦਾ ਰਿਹਾ । ਡਿਪਟੀ ਸਪੀਕਰ ਸਾਹਿਬ, ਇਸ ਗੌਰਮਿੰਟ ਨੇ ਜਿਸ ਦਿਨ ਤੋਂ ਸ਼ੈਡ ਅਲਾਟ ਕੀਤੇ ਹਨ ਉਨ੍ਹਾਂ ਸ਼ੈਡਾਂ ਦਾ ਕਰਾਇਆ ਹਾਲੀ ਤਕ ਵਸੂਲ ਨਹੀਂ ਕੀਤਾ । ਔਰ ਇਨ੍ਹਾਂ ਨੇ ਮਾਲ-ਸ਼ੀਟਸ ਔਰ ਦੂਜੇ ਆਇਰਨ ਗੁਡਜ਼ ਵਗੈਰਾ ਉਨ੍ਹਾਂ ਨੂੰ ਸਪਲਾਈ ਕਰਨਾ ਸ਼ੁਰੂ ਕਰ ਦਿੱਤਾ ਲੇਕਿਨ ਉਥੇ ਕਾਰੋਬਾਰ ਕੁਝ ਨਹੀਂ ਹੁੰਦਾ ਰਿਹਾ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇੰਡਸਟਰੀਜ਼ ਦਾ ਇਨ੍ਹਾਂ ਜਨਸੰਘ ਦੇ ਮਨਿਸਟਰ ਨੇ ਬੇੜਾ ਤਬਾਹ ਕਰ ਦਿੱਤਾ ਹੈ । ਲੁਧਿਆਣੇ ਵਿੱਚ, ਡਿਪਟੀ ਸਪੀਕਰ ਸਾਹਿਬ, ਇਕ ਮਾਰੱਕੀਟ ਇੰਡਸਟਰੀਅਲ ਲਈ ਬਣੀ । ਉਹ ਮਾਰਕੀਟ ਇਸ ਕਰਕੇ ਬਣੀ ਕਿ ਗਰੀਬ ਆਦਮੀਆਂ ਨੂੰ ਪਲਾਟ ਦਿੱਤੇ ਜਾ ਸਕਣ ਔਰ ਉਨ੍ਹਾਂ ਨੂੰ ਇੰਡਸਟਰੀ ਦਿੱਤੀ ਜਾ ਸਕੇ । ਲੇਕਿਨ ਉਥੇ ਦਾ ਜੋ ਪ੍ਰੈਜ਼ੀਡੈਂਟ ਹੈ ਉਹ ਜਨਸੰਘ ਦਾ ਹੈ, ਜਿਸ ਦਾ ਨਾਮ ਖੁਸ਼ੀ ਰਾਮ ਹੈ, ਉਸ ਨੇ ਪਲਾਟ ਪੰਜ ਪੰਜ ਹਜ਼ਾਰ ਰੁਪਏ ਵਿੱਚ ਲਏ । (ਵਿਘਨ) ਇਸ ਢੰਗ ਨਾਲ, ਡਿਪਟੀ ਸਪੀਕਰ ਸਾਹਿਬ, ਤਿੰਨ ਚਾਰ ਲੱਖ ਰੁਪਏ ਦੀ ਕੁਰੱਪਸ਼ਨ ਇਨ੍ਹਾਂ ਦੇ ਰਾਹੀਂ ਹੋਈ ਹੈ । ਮੈਂ ਤੁਹਾਡੇ ਰਾਹੀਂ ਟੰਡਨ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹੋ ਜਿਹੀਆਂ ਚੀਜ਼ਾਂ ਠੀਕ ਨਹੀਂ । ਡਿਪਟੀ ਸਪੀਕਰ ਸਾਹਿਬ, ਜਲੰਧਰ ਵਿੱਚ ਸ਼ੈਡ ਇਸ ਸਰਕਾਰ ਨੇ ਖੋਲ੍ਹੇ ਹਨ ਉਥੇ ਇਨ੍ਹਾਂ ਨੇ 58 ਟਨ ਚੱਦਰ ਜਲੰਧਰ ਡਿਸਟ੍ਰਿਕਟ ਵਿੱਚ ਦਿੱਤੀ ਪਰ, ਡਿਪਟੀ ਸਪੀਕਰ ਸਾਹਿਬ, 22 ਟਨ ਚਾਦਰ ਦਾ ਪਤਾ ਹੀ ਨਹੀਂ ਕਿ ਕੌਣ ਖਾ ਗਿਆ ਹੈ ? ਐਸਟੀਮੇਟ ਕਮੇਟੀ ਦੇ ਚੇਅਰਮੈਨ ਸਰਦਾਰ ਤੇਜਾ ਸਿੰਘ ਸਨ ਔਰ ਚਥਰਤ ਸਾਹਿਬ, ਜੋ ਕਿ ਮੈਂਬਰ ਸਨ, ਉਸ ਕਮੇਟੀ ਨੇ ਮੌਕੇ ਤੇ ਸਭ ਕੁਝ ਦੇਖਿਆ । ਉਥੇ ਇਨ੍ਹਾਂ ਨੇ ਇਨਚਾਰਜ ਤੋਂ ਜਦ ਪੁਛਿਆ ਤਾਂ ਉਹ ਕੋਈ ਜਵਾਬ ਨਹੀਂ ਦੇ ਸਕਿਆ ਕਿ 22 ਟਨ ਚਾਦਰ ਕਿੱਧਰ ਗਈ ? ਇਸ ਲਈ ਮੇਰੀ ਅਰਜ਼ ਹੈ ਕਿ ਇਸ ਇੰਡਸਟਰੀ ਦਾ ਪੰਜਾਬ ਵਿੱਚ ਬੇੜਾ ਗਰਕ ਹੋ ਰਿਹਾ ਹੈ ।

ਡਿਪਟੀ ਸਪੀਕਰ ਸਾਹਿਬ, ਜਲੰਧਰ, ਲੁਧਿਆਣਾ ਔਰ ਅੰਮ੍ਰਿਤਸਰ ਵਿੱਚ ਸਮਾਲ ਸਕੇਲ ਇੰਡਸਟਰੀਜ਼ ਯੂਨਿਟ ਬੰਦ ਹਨ, ਕੁਝ ਚੰਦ ਆਦਮੀਆਂ ਨੂੰ ਪਾਲਿਆ ਜਾ ਰਿਹਾ ਹੈ । ਮੈਂ ਇਸ ਹਾਊਸ ਵਿੱਚ ਉਨ੍ਹਾਂ ਦਾ ਨਾਮ ਨਹੀਂ ਲੈਣਾ ਚਾਹੁੰਦਾ ਔਰ ਉਨ੍ਹਾਂ ਤੇ ਕੁਰੱਪਸ਼ਨ ਦਾ ਇਲਜ਼ਾਮ ਮੈਂ ਨਹੀਂ ਚਾਹੁੰਦਾ ਕਿ ਇਥੇ ਲਾਇਆ ਜਾਵੇ ਪਰ ਮੈਂ ਇਹ ਸਾਬਤ ਕਰ ਸਕਦਾ ਹਾਂ ਕਿ ਕੀ ਕੁਝ ਹੋ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਗਰੀਬ ਆਦਮੀਆਂ ਨੂੰ ਸਮਾਲ ਸਕੇਲ ਇੰਡਸਟਰੀਜ਼ ਲਈ ਮਾਲ ਨਹੀਂ ਮਿਲ ਰਿਹਾ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਕ ਨਵਾਂ ਢੰਗ ਇਨ੍ਹਾਂ ਨੇ ਕੁਰੱਪਸ਼ਨ ਦਾ ਸ਼ੁਰੂ ਕੀਤਾ ਹੈ । ਉਹ ਇਹ ਹੈ ਕਿ ਕੁਝ ਸਪਲਾਈ ਐਸੀ ਹੈ ਜਿਸ ਦੀ ਸਪਲਾਈ ਇੰਡਸਟਰੀ ਅਫ਼ਸਰ ਤੋਂ ਬੰਦ ਕਰ ਦਿੱਤੀ ਗਈ ਹੈ । ਹੁਣ ਉਥੋਂ ਮਾਲ ਮਿਲ ਨਹੀਂ ਰਿਹਾ । ਇੰਡਸਟਰੀ ਅਫ਼ਸਰ ਕਾਰਖਾਨੇਦਾਰ ਨੂੰ ਲਿਖ ਕੇ ਦਿੰਦਾ ਹੈ ਕਿ ਇਸ ਨੂੰ 5 ਟਨ ਮਾਲ ਦਿੱਤਾ ਜਾਏ ਜਾਂ 10 ਟਨ ਮਾਲ ਦੇ ਦਿੱਤਾ ਜਾਏ, ਇਤਨਾ ਸਰੀਆ ਜਾਂ ਇਤਨੀਆਂ ਸ਼ੀਟਸ ਜਾਂ ਇਤਨੇ ਰਾਡ ਦੇ ਦਿਤੇ ਜਾਣ । ਭਾਵੇਂ ਉਹ ਆਦਮੀ ਸਰੀਏ ਦਾ ਕੰਮ ਕਰਦਾ ਹੈ ਜਾਂ ਨਹੀਂ, ਭਾਵੇਂ ਉਹ ਆਦਮੀ ਸ਼ੀਟਸ ਅਤੇ ਰਾਡਜ਼ ਦਾ ਕੰਮ ਕਰਦਾ ਹੈ ਜਾਂ ਨਹੀਂ, ਪਰ ਚੂੰਕਿ ਜਨਸੰਘ ਦਾ ਆਦਮੀ ਹੈ ਇਸ ਲਈ ਲਿਖ ਦਿੱਤਾ ਜਾਂਦਾ ਹੈ । ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ 18 ਟਨ

[ਸ੍ਰੀ ਗੁਰਦਿਆਲ ਸੈਣੀ]
ਗਾਡ ਦੇ ਦਿੱਤੀ ਜਾਂਦੀ ਹੈ ਇਕ ਆਦਮੀ ਨੂੰ, ਅਤੇ ਗਾਡ ਦੇ ਵਿੱਚ ਕੋਈ 250 ਰੁਪਏ ਪਰ ਟਨ ਦਾ ਪ੍ਰਾਫਟ ਹੈ । ਸੈਂਟਰਲ ਗੌਰਮੈਂਟ ਨੇ ਇਹ ਸਕੀਮ ਪੰਜਾਬ ਦੀ ਤਰੱਕੀ ਵਾਸਤੇ ਸ਼ੁਰੂ ਕੀਤੀ ਸੀ, ਪਰ ਤੁਸੀਂ ਆਪ ਅੰਦਾਜ਼ਾ ਲਗਾਉ ਕਿ ਕਿਸ ਤਰੀਕੇ ਨਾਲ ਕੁਰੱਪਸ਼ਨ ਸ਼ੁਰੂ ਕਰ ਦਿੱਤੀ ਗਈ ਹੈ । ਮੈਂ ਵਜ਼ੀਰ ਸਾਹਿਬ ਤੇ ਇਲਜ਼ਾਮ ਨਹੀਂ ਲਾਉਂਦਾ, ਉਨ੍ਹਾਂ ਦਾ ਕਸੂਰ ਨਹੀਂ ਹੈ, ਪਰ ਉਹ ਵੀ ਕੀ ਕਰਨ, ਉਹ ਵੀ ਤਾਂ ਮਜਬੂਰ ਹਨ; ਕਿਉਂਕਿ ਫਿਰ ਕਲ੍ਹ ਨੂੰ ਵੋਟਾਂ ਜੋ ਲੈਣੀਆਂ ਹਨ ..(ਵਿਘਨ) ਮੈਂ ਅਰਜ਼ ਕਰਾਂ ਕਿ ਮਨਿਸਟਰ ਸਾਹਿਬ ਕੋਲ ਇੰਡਸਟਰੀ ਵਾਲੇ ਆਉਂਦੇ ਹਨ ਅਤੇ ਕਹਿ ਦਿੰਦੇ ਹਨ ਕਿ ਲਿਖ ਦਿਉ ਕਿ ਇਹ ਬੰਦਾ ਬਹੁਤ ਕੰਮ ਕਰਨ ਵਾਲਾ ਹੈ ਅਤੇ ਇਸ ਲਈ 10 ਟਨ ਮਾਲ ਦੇ ਦਿਉ । ਇਸ ਤਰ੍ਹਾਂ ਦੇ ਆਰਡਰਜ਼ ਡਾਇਰੈਕਟਰ ਸਾਹਿਬ ਕੋਲ ਪਹੁੰਚ ਜਾਂਦੇ ਹਨ ਅਤੇ ਉਹ ਡਾਇਰੈਕਟਰ ਇੰਡਸਟਰੀ ਸਾਹਿਬ ਵੀ ਲਿਖ ਦਿੰਦੇ ਹਨ ਕਿ 10 ਟਨ ਮਾਲ ਦੇ ਦਿੱਤਾ ਜਾਵੇ ਤੇ ਮਾਲ ਮਿਲ ਜਾਂਦਾ ਹੈ । ਦੇਖੋ ਇਕ ਨਵਾਂ ਢੰਗ ਕੁਰੱਪਸ਼ਨ ਦਾ ਸ਼ੁਰੂ ਕਰ ਦਿੱਤਾ ਹੈ । ਭਾਵੇਂ ਹਿੰਦੁਸਤਾਨ ਸਟੀਲ ਵਾਲੇ ਹਨ ਅਤੇ ਭਾਵੇਂ ਟਾਟਾ ਵਾਲੇ ਹਨ, ਉਹ ਮਾਲ ਦੇ ਦਿੰਦੇ ਹਨ । ਮੈਂ ਅਰਜ਼ ਕਰਾਂ ਕਿ ਮਾਲ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਕੋਈ ਕੰਮ ਹੀ ਨਹੀਂ ਹੁੰਦਾ । ਜਿਹੜੇ ਵਿਚਾਰੇ ਛੋਟੇ ਛੋਟੇ ਕੰਨਜ਼ਿਊਮਰ ਸਨ ਅਤੇ ਦੋ ਦੋ ਟਨ ਮਾਲ ਲੈਂਦੇ ਹੁੰਦੇ ਸਨ ਅਤੇ ਆਪ ਕੰਮ ਕਰਦੇ ਹੁੰਦੇ ਸਨ, ਇਸ ਸਿਲਸਲੇ ਵਿੱਚ ਉਹ ਪਿਛੇ ਰਹਿ ਗਏ ਅਤੇ ਉਨ੍ਹਾਂ ਦੀ ਨਾ ਤਾਂ ਹੁਣ ਡਿਮਾਂਡ ਰਹੀ ਹੈ ਅਤੇ ਨਾ ਹੀ ਉਨ੍ਹਾਂ ਦਾ ਕੰਮ ਚਲਦਾ ਹੈ । ਉਹ ਮਜ਼ਬੂਰ ਹੋ ਕੇ ਕੰਮ ਛਡ ਗਏ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਇੱਕ ਹੋਰ ਗੱਲ ਵੱਲ ਹਾਊਸ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ । ਪੰਜਾਬ ਦੇ ਵਿੱਚ ਲੋਨਜ਼ ਕਮੇਟੀਆਂ ਬਣਾਈਆਂ ਗਈਆਂ ਹਨ । ਇਸ ਸਿਲਸਿਲੇ ਵਿੱਚ ਜਲੰਧਰ ਵਿੱਚ ਵੀ ਇੱਕ ਕਮੇਟੀ ਬਣਾਈ ਗਈ ਹੈ । ਉਸ ਕਮੇਟੀ ਵਿੱਚ ਕੋਈ ਵੀ ਆਪੋਜ਼ੀਸ਼ਨ ਦਾ ਐਮ. ਐਲ. ਏ. ਨਹੀਂ ਲਿਆ ਗਿਆ । ਨਾ ਕਾਂਗਰਸ ਦਾ, ਨਾ ਪੀ. ਐਸ. ਪੀ. ਦਾ ਅਤੇ ਨਾ ਹੋਰ ਕਿਸੇ ਪਾਰਟੀ ਦਾ, ਉਸ ਵਿੱਚ ਸਿਰਫ਼ ਜਨਸੰਘ ਦੇ ਆਦਮੀ ਹੀ ਲਏ ਗਏ ਹਨ । ਜਿਨ੍ਹਾਂ ਦਾ ਨਾ ਕੋਈ ਕਾਰਖਾਨਾ ਹੈ ਅਤੇ ਨਾ ਹੀ ਕੋਈ ਕਾਰੋਬਾਰ ਹੈ, ਉਹ ਇਸ ਕਮੇਟੀ ਦੇ ਮੈਂਬਰ ਬਣਾਏ ਗਏ ਹਨ । ਇਸੇ ਤਰ੍ਹਾਂ ਮੈਂ ਆਈ. ਟੀ. ਆਈ. ਦੇ ਬਾਰੇ ਵਿੱਚ ਅਰਜ਼ ਕਰਨੀ ਚਾਹੁੰਦਾ ਹਾਂ । ਉਸ ਵਿੱਚ ਵੀ ਕਿਸੇ ਪਾਰਟੀ ਦਾ ਕੋਈ ਐਮ. ਐਲ. ਏ. ਨਹੀਂ ਲਿਆ ਗਿਆ ਨਾ ਕਾਂਗਰਸ ਦਾ ਅਤੇ ਨਾ ਹੀ ਕਿਸੇ ਹੋਰ ਪਾਰਟੀ ਦਾ । ਮੈਂ ਅਰਜ਼ ਕਰਾਂ ਕਿ ਇਸ ਇੰਨਸਟੀਚਿਊਟ ਵਿੱਚ 500 ਦੀ ਭਰਤੀ ਹੁੰਦੀ ਹੈ ਅਤੇ ਭਰਤੀ ਹੋਣ ਵਾਲੇ ਗਰੀਬਾਂ ਕੋਲੋਂ ਪੈਸੇ ਬਟੋਰੇ ਜਾਂਦੇ ਹਨ । ਉਨ੍ਹਾਂ ਗਰੀਬ ਲੋਕਾਂ ਕੋਲੋਂ ਪੈਸੇ ਬਟੋਰਦੇ ਹਨ, ਤਾਂਹੀ ਉਨ੍ਹਾਂ ਨੂੰ ਕਿਤੇ ਜਾ ਕੇ ਦਾਖਲਾ ਮਿਲਦਾ ਹੈ ।

ਹੁਣ ਮੈਂ ਇੱਕ ਗੱਲ ਲੇਬਰ ਦੇ ਬਾਰੇ ਵਿੱਚ ਅਰਜ਼ ਕਰਨੀ ਚਾਹੁੰਦਾ ਹਾਂ । ਲੇਬਰ ਦੀ ਕੀ ਹਾਲਤ ਹੈ । ਲੁਧਿਆਣਾ ਵਿੱਚ ਇੱਕ ਲੇਬਰ ਕਾਲੋਨੀ ਬਣੀ । ਉਸ ਦੇ ਜਿੰਨੇ ਵੀ ਬਕਾਇਆ ਪਲਾਟਸ ਸਨ ਉਹ ਲੇਬਰ ਨੂੰ ਅਲਾਟ ਕਰਨੇ ਸਨ । ਉਹ ਪਲਾਟਸ ਸਾਰੇ ਆਪਣੇ ਕੋਲ ਰੱਖ ਕੇ ਤੇ ਉਨ੍ਹਾਂ ਦੀ ਅਲਾਟਮੈਂਟ ਜਿਸ ਤਰ੍ਹਾਂ ਕਰਨੀ ਸ਼ੁਰੂ ਕਰ ਦਿੱਤੀ ਹੈ, ਉਹ ਮੈਂ ਦੱਸ ਦਿੰਦਾ ਹਾਂ । ਉਹ ਪਲਾਟ ਉਸ ਆਦਮੀ ਨੂੰ ਦਿੱਤੇ ਜਾਂਦੇ ਹਨ, ਜਿਹੜਾ ਜਨਸੰਘੀ ਹੈ, ਜਿਹੜਾ ਜਨਸੰਘ ਦਾ ਸਪੋਰਟਰ ਹੈ ਪਰ ਜਿਹੜੇ ਗਰੀਬ ਆਦਮੀ ਉਸ ਏਰੀਆ ਵਿੱਚ ਉਸ ਵਕਤ ਦੇ ਕੰਮ ਕਰ ਰਹੇ ਸਨ, ਜਦੋਂ ਕਿ ਇਹ ਸ਼ਹਿਰ ਤੋਂ 4, 4 ਮੀਲ ਦੂਰ ਸੀ, ਉਹ ਵਿਚਾਰੇ ਤੁਰ ਕੇ ਜਾਂਦੇ ਹੁੰਦੇ ਸਨ, ਉਨ੍ਹਾਂ ਨੂੰ ਕੋਈ ਪਲਾਟ ਅਲਾਟ ਨਹੀਂ ਹੋਇਆ ਉਨ੍ਹਾਂ ਲੋਕਾਂ ਦੀ ਹਾਲਤ ਦੇਖ ਕੇ ਇਹ ਸਕੀਮ ਕਾਂਗਰਸ ਸਰਕਾਰ ਨੇ ਬਣਾਈ ਸੀ । ਪਰ ਹਾਲਤ ਕੀ ਹੈ ਕਿ ਪਲਾਟ ਕਿਸ

ਨੂੰ ਅਲਾਟ ਕੀਤੇ ਜਾ ਰਹੇ ਹਨ ? ਭਾਵੇਂ ਉਹ ਲੋਕ ਉਸ ਏਰੀਆ ਵਿੱਚ ਕੰਮ ਕਰਦੇ ਹਨ ਜਾਂ ਨਹੀਂ, ਕੰਮ ਭਾਵੇਂ ਬਾਹਰ ਕਿਤੇ ਹੋਰ ਕਰਦੇ ਹਨ, ਰਹਿੰਦੇ ਕਿਤੇ ਹੋਰ ਹੋਣ ਪਰ ਚੂੰਕਿ ਉਹ ਜਨਸੰਘ ਦੇ ਸਪੋਰਟਰਜ਼ ਹਨ, ਇਸ ਲਈ ਉਨ੍ਹਾਂ ਨੂੰ ਅਲਾਟ ਕਰ ਦਿੱਤੇ ਜਾਂਦੇ ਹਨ। ਲੇਬਰ ਦੇ ਬਾਰੇ ਵਿੱਚ ਸਾਡੇ ਵਜ਼ੀਰ ਸਾਹਿਬ ਨੇ ਬੜੇ ਬੜੇ ਬਿਆਨ ਦਿੱਤੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇੰਜੀਨੀਅਰਿੰਗ ਇੰਡਸਟਰੀ ਇੱਕ ਬਹੁਤ ਵੱਡੀ ਇੰਡਸਟਰੀ ਹੈ ਉਸ ਨੇ ਹਾਲੇ ਤੱਕ ਲੇਬਰ ਨੂੰ ਪਿਛਲੇ ਤਿੰਨਾਂ ਸਾਲਾਂ ਦਾ ਬੋਨਸ ਨਹੀਂ ਦਿੱਤਾ। ਇਸ ਤੋਂ ਇਲਾਵਾ ਉਹ ਮਹੀਨੇ ਦੇ ਇੱਕ ਐਤਵਾਰ ਨੂੰ ਉਨ੍ਹਾਂ ਨੂੰ ਛੁੱਟੀ ਨਹੀਂ ਕਰਦੇ ਅਤੇ ਨਾ ਹੀ ਵਰਕਰਾਂ ਨੂੰ ਉਸ ਦਿਨ ਦੀ ਕੋਈ ਹੋਰ ਛੁੱਟੀ ਦਿੱਤੀ ਜਾਂਦੀ ਹੈ ਅਤੇ ਨਾ ਹੀ ਉਜਰਤ ਦਿੱਤੀ ਜਾਂਦੀ ਹੈ। ਉਹ ਪੈਸਾ ਕਿਥੇ ਜਾਂਦਾ ਹੈ ? ਉਹ ਪੈਸਾ ਜਨਸੰਘ ਦੇ ਇਲੈਕਸ਼ਨ ਫ਼ੰਡ ਵਿੱਚ ਜਾਂਦਾ ਹੈ।

ਮੈਂ ਟੰਡਨ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਕਿਰਪਾ ਕਰਕੇ, ਉਹ ਜਿਹੜੀ ਇੰਜੀਨੀਅਰਿੰਗ ਫ਼ੈਕਟਰੀ ਹੈ, ਜਿਸ ਨੇ ਆਪਣੀ ਲੇਬਰ ਨੂੰ ਤਿੰਨ ਸਾਲ ਦਾ ਬੋਨਸ ਨਹੀਂ ਦਿੱਤਾ ਕੀ ਉਹ ਦਿਵਾਉਣਗੇ ? ਕੀ ਉਸ ਪੈਸੇ ਦਾ, ਜਿਹੜਾ ਇੰਟਰੈਸਟ ਬਣਦਾ ਹੈ, ਉਹ ਵੀ ਦਿਵਾਉਣਗੇ ? ਇਸ ਤੋਂ ਇਲਾਵਾ ਜਿਹੜਾ ਉਹ ਮਹੀਨੇ ਵਿੱਚ ਇੱਕ ਦਿਨ ਵਾਧੂ ਕੰਮ ਲੈਂਦੇ ਹਨ, ਉਸ ਦੀ ਲੇਬਰ ਵੀ ਦਿਵਾਉਣਗੇ। ਇਸ ਦੇ ਬਾਰੇ ਵਿੱਚ ਮੈਂ ਕਹਾਂਗਾ ਕਿ ਉਹ ਆਪਣੀ ਪਾਲਿਸੀ ਦੱਸਣ ਅਤੇ ਸਾਫ਼ ਸ਼ਬਦਾਂ ਵਿੱਚ ਦੱਸਣ ਕਿ ਕੀ ਦਿਵਾਉਣਗੇ ਜਾਂ ਨਹੀਂ ?

ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ (ਘੰਟੀ) ਕਿ ਚੂਹੜਵਾਲੀ ਇੱਕ ਹਰੀਜਨ ਇੰਡਸਟਰੀ ਲੱਗੀ ਸੀ ਅਤੇ ਲਾਉਣ ਦੇ ਵੇਲੇ ਇਹ ਕਿਹਾ ਗਿਆ ਸੀ ਕਿ ਇਸ ਦੇ ਵਿੱਚ 75% ਲੇਬਰ ਜਿਹੜੀ ਲਾਈ ਜਾਏਗੀ, ਉਹ ਹਰੀਜਨ ਲੇਬਰ ਹੋਵੇਗੀ। (ਵਿਘਨ)

Mr. Deputy Speaker : Please resume your seat. (Interruption)

ਸ਼੍ਰੀ ਗੁਰਦਿਆਲ ਸੈਣੀ : ਉਸ ਫ਼ੈਕਟਰੀ ਦਾ ਕੀ ਹਸ਼ਰ ਹੋਇਆ ਕਿ ਉਥੇ ਇੱਕ ਵੀ ਹਰੀਜਨ ਲੇਬਰ ਨਹੀਂ ਹੈ। (ਵਿਘਨ)

Mr Deputy Speaker : If you go on speaking without the permission of the Chair, your speech will not be recorded.

ਸ਼੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ .....(ਸ਼ੋਰ) (ਵਿਘਨ)

Mr Deputy Speaker : Where is the Leader of the Congress Party ? Is it leader-less party ?

ਸਰਦਾਰ ਸੰਤੋਖ ਸਿੰਘ ਰੰਧਾਵਾ : ਡਿਪਟੀ ਸਪੀਕਰ ਸਾਹਿਬ, ਤੁਸੀਂ ਲੀਡਰਲੈਸ ਪਾਰਟੀ ਕਿਸ ਤਰ੍ਹਾਂ ਕਹਿ ਦਿੱਤਾ ? (ਸ਼ੋਰ) (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਇਹ ਸਾਡੇ ਨਾਲ ਬੇਇਨਸਾਫ਼ੀ ਹੋਈ ਹੈ। (ਸ਼ੋਰ) (ਵਿਘਨ) ਇਹ ਸ਼ਬਦ ਜਿਹੜੇ ਇਸਤੇਮਾਲ ਕੀਤੇ ਗਏ ਹਨ ਇਹ ਵਾਪਸ ਲੈਣੇ ਚਾਹੀਦੇ ਹਨ। (ਸ਼ੋਰ) (ਵਿਘਨ)।

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜੀ ਗੱਲ ਤੁਹਾਡੇ ਵਲੋਂ ਹਾਊਸ ਵਿੱਚ ਕਹੀ ਗਈ ਹੈ "ਲੀਡਰ ਲੈਸ" ਪਾਰਟੀ ਵਾਲੀ ਇਹ ਬਹੁਤ ਹੀ ਨਾਮੁਨਾਸਬ ਹੈ। (ਵਿਘਨ)

Sardar Dalip Singh : On a Point of order, Mr. Deputy Speaker.

Mr. Deputy Speaker : A point of Order has been raised by Master Gurbanta Singh. I would request the hon. Member to let me reply to that point of order first. The point of order raised by Master Gurbanta Singh is that I said the Congress Party was a Leader-less party. As the hon. Members are aware, I asked Shri Gurdial Saini time and again to resume his seat as his time was over, but he went on speaking. The leader of the Congress Party as also the Deputy Leader are not present. The General Secretary of the Congress Party is not sitting on his seat. He is occupying another seat. Neither the senior Members who are present nor the General Secretary of the Congress Party had the courtesy of asking the hon. Member who was on his legs to resume his seat after the Chair had said that his time was over. When you do not listen to the Chair, then you are a leaderless party. I have much respect for the Congress party, but if you go on behaving like this, what can I do.

ਸਾਥੀ ਰੂਪ ਲਾਲ (ਮੋਗਾ) : ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ 22, 47, 17 ਅਤੇ 18, ਜਿਹੜੀਆਂ ਅੱਜ ਹਾਊਸ ਦੇ ਸਾਮ੍ਹਣੇ ਹਨ, ਦੇ ਉਤੇ ਬੋਲਣ ਲਈ ਖੜਾ ਹੋਇਆ ਹਾਂ। ਜਿਥੋਂ ਤੱਕ ਇੰਡਸਟਰੀ ਦੇ ਮਹਿਕਮੇ ਦਾ ਸੁਆਲ ਹੈ ਇਥੇ ਹੁਣ ਸੁਆਲ ਉਠਾਇਆ ਗਿਆ ਹੈ ਕਿ ਇਹ ਤਾਂ ਜਨਸੰਘ ਦੀ ਮਰਜ਼ੀ ਦੇ ਮੁਤਾਬਕ ਹੀ ਚਲਣਾ ਹੈ। ਮੈਂ ਸਮਝਦਾ ਹਾਂ ਕਿ ਅਕਾਲੀ ਪਾਰਟੀ ਨੇ ਉਨ੍ਹਾਂ ਨੂੰ ਲਾਲਾ ਸਮਝ ਕੇ ਹੀ ਇਹ ਮਹਿਕਮਾ ਦਿੱਤਾ ਹੈ ਅਤੇ ਇਹ ਕਿਹਾ ਹੈ ਕਿ ਜਿੰਨਾ ਕੁਝ ਇਨ੍ਹਾਂ ਕੋਲੋਂ ਹੁੰਦਾ ਹੈ ਇਹ ਕਰ ਲੈਣ। ਮੈਂ ਦੱਸਦਾ ਹਾਂ ਕਿ ਲਾਲਾ ਮੈਂਟੇਲਟੀ ਇਹ ਹੁੰਦੀ ਹੈ ਕਿ ਕਿਸੇ ਤਰੀਕੇ ਨਾਲ ਪੈਸਾ ਕਮਾਉਣਾ ਹੈ ? ਭਾਵੇਂ ਪੈਸਾ ਕੱਢਣ ਲਈ ਨਾਲੀ ਵਿੱਚ ਕਿਉਂ ਨਾ ਹੱਥ ਮਾਰਨਾ ਪਵੇ। (ਵਿਘਨ) ਮੈਂ ਅਰਜ਼ ਕਰਾਂਗਾ ਕਿ ਇਨ੍ਹਾਂ ਨੇ ਪਿਛੇ ਜਿਹੇ ਲੁਧਿਆਣੇ ਦੇ ਇੰਡਸਟਰੀ ਵਾਲਿਆਂ ਨੂੰ ਇੰਨਾ ਤੰਗ ਕੀਤਾ ਅਤੇ ਇਸ ਕਿਸਮ ਦੀ ਚਾਲ ਨਾਲ ਤੰਗ ਕੀਤਾ ਕਿ ਵੱਡੇ ਵੱਡੇ ਕਾਰਖਾਨੇ ਵਾਲਿਆਂ ਦੇ ਦਿਲ ਹਿਲ ਗਏ। ਜਿਹੜੇ ਵੱਡੇ ਵੱਡੇ ਕਾਰਖਾਨੇ ਵਾਲੇ ਸੀ ਅਤੇ ਜਿਨ੍ਹਾਂ ਨੇ 10, 10 ਅਤੇ 20, 20 ਲੱਖ ਰੁਪਏ ਦੀ ਇੰਡਸਟਰੀ ਰੱਖੀ ਹੋਈ ਸੀ ਉਨ੍ਹਾਂ ਬਾਰੇ ਤਾਂ ਇਹ ਕਹਿ ਦਿੱਤਾ ਕਿ ਇੰਡਸਟਰੀ ਤਾਂ ਹੈ ਨਹੀਂ, ਅਤੇ ਦੂਜੇ ਪਾਸੇ ਜਿਹੜੇ ਜਨਸੰਘੀਆਂ ਦੇ ਕਾਰਖ਼ਾਨੇ ਸੀ ਭਾਵੇਂ ਚਲਦੇ ਸੀ ਜਾਂ ਨਹੀਂ, ਕਹਿ ਦਿੱਤਾ ਕਿ ਹਨ। ਔਰ ਸਿਰਫ਼ ਪੈਸੇ ਦੀ ਖ਼ਾਤਰ ਹੀ ਇਸ ਕਿਸਮ ਦੀ ਚਾਲ ਚੱਲੀ ਗਈ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਹਾਲ ਵੇਖੋ ਕਿ ਆਈ. ਟੀ. ਆਈ. ਦੇ ਵਿੱਚ ਕੋਈ 5, 7 ਪ੍ਰਿੰਸੀਪਲ ਲਗੇ ਹੋਏ ਸਨ ਉਨ੍ਹਾਂ ਸਾਰੇ ਪ੍ਰਿੰਸੀਪਲਾਂ ਨੂੰ ਹਟਾ ਦਿੱਤਾ ਅਤੇ ਉਨ੍ਹਾਂ ਦੀ ਬਜਾਏ ਆਪਣੇ ਬੰਦੇ ਲਗਾਏ ਗਏ। ਜੇ ਮੈਂ ਹਾਲਾਤ ਦੱਸਾਂ ਉਨ੍ਹਾਂ ਇੰਸਟੀਚਿਊਟਸ ਦੇ ਤਾਂ ਤੁਸੀਂ ਹੈਰਾਨ ਹੋਵੋਗੇ। ਮੋਗੇ ਦਾ ਕੱਚਾ ਚਿੱਠਾ ਤਾਂ ਮੈਂ ਬਾਰ ਬਾਰ ਹਾਊਸ ਵਿੱਚ ਰਖਿਆ ਹੈ ਪਤਾ ਨਹੀਂ ਉਸ ਤੇ ਕੋਈ ਐਕਸ਼ਨ ਹੋਵੇਗਾ ਜਾਂ ਨਹੀਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੋਗੇ ਵਿੱਚ ਕੋਈ 6 ਲੱਖ ਰੁਪਏ ਦਾ ਗਬਨ ਹੈ ਅਤੇ ਬਾਕੀ ਪੰਜਾਬ ਦੇ ਅੰਦਰ ਕੋਈ 27 ਆਈ. ਟੀ. ਆਈ ਹਨ ਅਤੇ ਉਨ੍ਹਾਂ ਸਾਰਿਆਂ ਦੀ ਇਹੀ ਹਾਲਤ ਹੈ। ਮੈਂ ਅਰਜ਼ ਕਰਾਂਗਾ ਕਿ ਮੈਂ ਲਿਖ ਕੇ ਦੇਣ ਨੂੰ ਤਿਆਰ ਹਾਂ ਅਗਰ ਇਹ ਕੋਈ ਕਾਰਵਾਈ ਕਰਨ। ਉਨ੍ਹਾਂ ਆਈ. ਟੀ. ਆਈ. ਦੇ ਵਿੱਚ ਕੋਈ 3 ਕਰੋੜ ਰੁਪਏ ਦਾ ਗ਼ਬਨ ਨਾ ਨਿਕਲੇ ਤਾਂ ਜੋ ਇਹ ਸਜ਼ਾ ਦੇਣਗੇ ਮੈਂ ਭੁਗਤਣ ਨੂੰ ਤਿਆਰ ਹਾਂ। ਮੈਂ ਕੀ ਦੱਸਾਂ, ਇਨ੍ਹਾਂ ਦੀ ਇਹ ਗੱਲ ਨਿਰਾਲੀ ਹੈ। ਇਨ੍ਹਾਂ ਦਾ ਪੇਸ਼ਾ ਤਾਂ ਪੈਸਾ ਕਮਾਉਣਾ ਹੈ, ਇਹ ਤਾਂ ਪੈਸੇ ਨੂੰ ਹੱਥ ਮਾਰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਨੂੰ ਕੁਝ

ਇੰਡਸਟਰੀ ਨੂੰ ਦੇਖਣ ਦਾ ਮੌਕਾ ਮਿਲਿਆ ਹੈ, ਇਸ ਦੀ ਬੁਰੀ ਹਾਲਤ ਹੈ। ਮੈਂ ਜਲੰਧਰ ਗਿਆ ਅਤੇ ਦੇਖਿਆ ਇਨ੍ਹਾਂ ਨੇ ਆਪਣੇ ਚਹੇਤਿਆਂ ਨੂੰ, ਜਿਨ੍ਹਾਂ ਨੇ ਇੱਕ ਇੱਕ ਦੁਕਾਨ ਤੇ, ਇੱਕ ਇੱਕ ਪਲਾਟ ਤੇ 6, 6 ਫੱਟੇ ਲਗਾਏ ਹੋਏ ਹਨ, ਉਨ੍ਹਾਂ ਨੂੰ ਇਨ੍ਹਾਂ ਉਨੀ ਦਫਾ ਹੀ ਕੋਟੇ ਦਿੱਤੇ ਹੋਏ ਹਨ। ਇੱਕ ਇੱਕ ਆਦਮੀ 32, 32 ਹਜ਼ਾਰ ਰੁਪਿਆ ਕਮਾ ਰਿਹਾ ਹੈ। (ਵਿਘਨ) ਇਹ ਸਭ ਕੁਝ ਆਪ ਦੇ ਸਾਹਮਣੇ ਹੀ ਹੈ। ਹੁਣੇ ਮੇਰੇ ਇੱਕ ਵੀਰ ਸ੍ਰੀ ਬਾਲ ਮੁਕੰਦ ਹੋਰਾਂ ਨੇ ਕਿਹਾ ਅਤੇ ਮੇਰੇ ਤੇ ਚੋਟ ਕੀਤੀ ਕਿ ਮੈਂ ਵੀ ਨੱਚਦਾ ਰਿਹਾ ਹਾਂ। ਗੱਲ ਠੀਕ ਹੈ ਮੈਂ ਨੱਚਦਾ ਰਿਹਾ ਹਾਂ ਪਰ ਮੈਂ ਉਦੋਂ ਨੱਚਦਾ ਰਿਹਾ ਹਾਂ ਜਦੋਂ ਕੁਰਬਾਨੀ ਦੇਣ ਦੀ ਲੋੜ ਹੁੰਦੀ ਰਹੀ ਹੈ। ਅਕਾਲੀਆਂ ਨਾਲ ਪੰਜਾਬੀ ਸੂਬੇ ਦੀ ਲੜਾਈ ਵਿੱਚ ਮੈਂ ਨੱਚਦਾ ਰਿਹਾ ਹਾਂ, ਕੁਰਬਾਨੀ ਦਿੰਦਾ ਰਿਹਾ ਹਾਂ। ਮੈਂ ਨਾਚਾ ਹਾਂ ਪਰ ਉਹ ਨਾਚਾ ਜੋ ਜ਼ੁਲਮ ਦੇ ਖ਼ਿਲਾਫ਼ ਨੱਚਦਾ ਹੈ, ਸਿਤਮ ਦੇ ਖ਼ਿਲਾਫ਼ ਨੱਚਦਾ ਹੈ। ਕੁਰਬਾਨੀ ਦੇਣ ਵੇਲੇ ਮੈਂ ਅਗੇ ਆਉਂਦਾ ਹਾਂ, ਇਹ ਮੇਰਾ ਗੁਨਾਹ ਹੈ, ਇਸ ਲਈ ਮੈਂ ਨੱਚਦਾ ਰਿਹਾ ਹਾਂ ਅਤੇ ਨੱਚਦਾ ਰਹਾਂਗਾ। (ਵਿਘਨ) ਇਹ ਨੱਚਦੇ ਨੇ ਪੈਸੇ ਲਈ, ਰਾਜ ਗੱਦੀਆਂ ਲਈ। ਇਹ ਪੇਸ਼ੇਵਰ ਨਾਚੇ ਹਨ ਪੈਸੇ ਲਈ, ਤੇ ਮੈਂ ਨਾਚਾ ਹਾਂ ਸਿਤਮ ਦੇ ਖ਼ਿਲਾਫ਼ ਨੱਚਣ ਵਾਲਾ।

ਡਿਪਟੀ ਸਪੀਕਰ ਸਾਹਿਬ, ਮੈਂ ਇੰਡਸਟਰੀ ਦੀ ਗੱਲ ਕਰ ਰਿਹਾ ਸੀ। ਇੰਡਸਟਰੀ ਲਈ ਕਰਜ਼ੇ ਦੇਣ ਲਈ ਜੋ ਰੁਪਿਆ ਰਖਿਆ ਗਿਆ ਉਸ ਵਿੱਚੋਂ 90% ਇਨ੍ਹਾਂ ਨੇ ਜਨਸੰਘੀਆਂ ਨੂੰ ਦੇ ਦਿੱਤਾ ਹੈ। ਮੈਂ ਸਵਾਲ ਉਠਾਇਆ ਸੀ ਕਿ ਉਨ੍ਹਾਂ ਦੀ ਲਿਸਟ ਦਿੱਤੀ ਜਾਵੇ ਜਿਨ੍ਹਾਂ ਨੂੰ ਕਰਜ਼ਾ ਦਿੱਤਾ ਗਿਆ। ਪਰ ਇਨ੍ਹਾਂ ਨੇ ਉਨ੍ਹਾਂ ਦੇ ਨਾਮ ਨਹੀਂ ਦਸੇ, ਮੈਂ ਦੱਸਦਾ ਹਾਂ। ਇਨ੍ਹਾਂ ਨੇ ਕਰਜ਼ੇ 90% ਜਨਸੰਘੀਆਂ ਨੂੰ ਦਿੱਤੇ ਹਨ। ਇਨ੍ਹਾਂ ਦਾ ਪੰਜਾਬੀਕਰਨ ਤਾਂ ਤੁਹਾਡੇ ਕੋਲੋਂ ਨਹੀਂ ਹੋਇਆ, ਇਨ੍ਹਾਂ ਨੇ ਇਸ ਪਾਸੇ ਵੱਲ ਜਨਸੰਘੀ-ਕਰਨ ਕਰ ਲਿਆ ਹੈ। ਇਸ ਦੀ ਅਕਾਲੀ ਪਾਰਟੀ ਨੇ ਇਨ੍ਹਾਂ ਨੂੰ ਖੁਲ੍ਹ ਦਿੱਤੀ ਹੈ ਕਿ ਜਨਸੰਘੀਕਰਨ ਕਰ ਲਉ। ਪੂਰੀ ਤਰ੍ਹਾਂ ਲੁਟ ਪਾਈ ਹੋਈ ਹੈ—"ਲੁਟ ਸਕੇ ਤੋ ਲੁਟ"।

ਹੁਣ ਮੈਂ ਆਪ ਦੇ ਸਾਹਮਣੇ ਮਹਿਕਮਾ ਹੈਲਥ ਦੀ ਗੱਲ ਕਰਦਾ ਹਾਂ। ਉਥੇ ਹਾਲਤ ਇਹ ਹੈ ਕਿ ਗਰੀਬਾਂ ਨੂੰ ਦਵਾਈਆਂ ਨਹੀਂ ਮਿਲਦੀਆਂ, ਅਮੀਰ ਲੈ ਜਾਂਦੇ ਹਨ। ਉਨ੍ਹਾਂ ਨੂੰ ਬੁਰੇ ਤੋਂ ਬੁਰੇ ਕੰਮ ਲਈ ਸਰਕਾਰੀ ਦਵਾਈਆਂ ਮਿਲ ਸਕੀਆਂ ਹਨ, ਗਰੀਬ ਨੂੰ ਜ਼ਰੂਰੀ ਦਵਾਈਆਂ ਵੀ ਨਹੀਂ ਮਿਲਦੀਆਂ। ਮੇਰੇ ਪਾਸ ਲਫਜ਼ ਨਹੀਂ, ਮੈਨੂੰ ਸ਼ਰਮ ਆਉਂਦੀ ਹੈ ਗੱਲ ਕਰਦੇ ਨੂੰ ਕਿ ਇਹ ਦਵਾਈਆਂ ਕਿਸ ਕੰਮ ਲਈ ਦਿੱਤੀਆਂ ਜਾਂਦੀਆਂ ਹਨ। ਵੀ. ਜੇ. ਹਸਪਤਾਲ, ਅੰਮ੍ਰਿਤਸਰ ਵਿੱਚ ਇੱਕ ਸੋਹਨ ਲਾਲ ਅਸਿਸਟੈਂਟ ਹੈ, ਉਸ ਦੇ ਲੜਕੇ ਲਈ ਦਵਾਈਆਂ ਲਈਆਂ ਗਈਆਂ। ਕਿਸ ਲਈ ਲਈਆਂ ਗਈਆਂ? ਕੀ ਦੱਸਾਂ? ਪੀਨਸ ਲਫ਼ਜ਼ ਹੈ, ਮੈਨੂੰ ਨਹੀਂ ਪਤਾ ਕੀ ਹੁੰਦਾ ਹੈ। ਮੈਂ ਕਹਿ ਨਹੀਂ ਸਕਦਾ, ਮੈਨੂੰ ਸ਼ਰਮ ਆਉਂਦੀ ਹੈ। 8 ਹਜ਼ਾਰ ਰੁਪਏ ਦੀਆਂ ਦਵਾਈਆਂ ਇਸ ਲਈ ਦਿੱਤੀਆਂ ਗਈਆਂ। ਬੇਸ਼ਕ ਪੜਤਾਲ ਕਰ ਲਉ।

ਫਿਰ ਨਰਸਿਜ਼ ਦਾ ਝਗੜਾ ਹੈ। ਝਗੜੇ ਕਈ ਚਲਦੇ ਰਹਿੰਦੇ ਹਨ—ਕਦੇ ਡਾਕਟਰਾਂ ਦਾ ਝਗੜਾ, ਕਦੇ ਡਾਇਰੈਕਟਰ ਦਾ ਝਗੜਾ, ਕਦੇ ਨਰਸਾਂ ਦਾ ਝਗੜਾ ਚਲਦਾ ਹੈ, ਬਹੁਤ ਜ਼ਿਆਦਤੀਆਂ ਹੁੰਦੀਆਂ ਹਨ। ਮੈਂ ਅਰਜ਼ ਕਰਦਾ ਹਾਂ ਕਿ ਇੱਕ ਲੜਕੀ ਅੰਮ੍ਰਿਤਸਰ ਵਿੱਚ ਲੈਕਚਰਾਰ ਲੱਗੀ ਹੋਈ ਹੈ। ਬੜੀ ਕਾਬਲ ਡਾਕਟਰ ਹੈ। ਸਭ ਕੁਝ ਜਾਣਦੀ ਹੈ ਪਰ ਉਸ ਨੂੰ ਅੱਜ ਤੱਕ 10 ਮਹੀਨੇ ਤੋਂ ਨੌਕਰੀ ਨਹੀਂ ਦਿੱਤੀ ਅਤੇ ਵਧਾਵਾ ਨਹੀਂ ਦਿੱਤਾ। ਮੀਮੋ ਦਿੱਤਾ। ਉਸ ਦਾ ਜਵਾਬ ਆਇਆ ਕਿ ਇਸ ਲੜਕੀ ਦਾ ਬੀਹੇਵੀਅਰ ਚੰਗਾ ਨਹੀਂ ਹੈ। ਤੁਸੀਂ ਦਸੋ ਅਬਲਾ ਲੜਕੀ ਦਾ ਬੀਹੇਵੀਅਰ ਕੀ ਹੋ ਸਕਦਾ ਹੈ? ਕੀ ਉਹ ਇਸ ਗੱਲ ਤੋਂ ਉਸ ਨੂੰ ਨਾ ਰੋਕੇ ਕਿ ਹੱਥ ਪਾ ਲਵੇ ਤਾਂ ਛਡੇ ਨਾ? ਮੈਨੂੰ ਸਮਝ ਨਹੀਂ ਆਉਂਦੀ ਕਿ ਲੜਕੀਆਂ

[ਸਾਥੀ ਰੂਪ ਲਾਲ]
ਨਾਲ ਇਤਨਾ ਭੈੜਾ ਸਲੂਕ ਕਿਉਂ ਹੋ ਰਿਹਾ ਹੈ । ਇੱਕ ਹੋਰ ਅਰਜ਼ ਕਰਦਾ ਹਾਂ । ਅੱਜ ਦੇ ਜੋ ਬਣੇ ਹੋਏ ਹੈਲਥ ਦੇ ਮਹਿਕਮੇ ਦੇ ਡਾਇਰੈਕਟਰ ਹਨ ਇਹ ਪਹਿਲਾਂ ਫ਼ੀਰੋਜ਼ਪੁਰ ਸੀ. ਐਮ. ਓ. ਸਨ । ਮੈਂ ਇੱਕ ਵਾਰੀ ਚੀਫ ਮਨਿਸਟਰ ਸਾਹਿਬ ਨੂੰ ਕਿਹਾ ਕਿ ਸਾਡੇ ਜ਼ਿਲ੍ਹੇ ਦੀ ਤਾਂ ਵਾਰੀ ਭੁਗਤ ਲਈ ਹੈ, ਹੁਣ ਇਸਨੂੰ ਆਪਣੇ ਜ਼ਿਲ੍ਹੇ ਵਿੱਚ ਲੈ ਲਉ, ਸਾਡੇ ਤਾਂ ਇਨ੍ਹਾਂ ਬਥੇਰਾ ਸਾਨੂੰਪੁਣਾ ਕਰ ਲਿਆ ਹੈ । (ਵਿਘਨ)

Sardar Ravi Inder Singh : Sir, the hon. Member is casting an aspersion on the character of an individual person, who is not a Member of this House. I think it is very unparliamentary and it should be expunged.

Mr Deputy Speaker : Please quote rule under which you want me to expunge those remarks. (Interruptions.)

चौधरी बलबीर सिंह : सवाल ऐक्सपंज करने के ढंग का नहीं है......

श्री उपाध्यक्ष : में ने भी उन से रूल पूछा है जिस के तहत यह किया जा सकता है ।
(I too have enquired the Rule, under which this can be done.)

ਸਾਥੀ ਰੂਪ ਲਾਲ : ਡਿਪਟੀ ਸਪੀਕਰ ਸਾਹਿਬ, ਮੇਰੇ ਵੀਰ ਨੂੰ ਗੁੱਸਾ ਲੱਗਾ ਹੈ, ਪਰ ਜੇ ਇਹ ਗੱਲਾਂ ਸੁਣ ਲੈਣ ਤਾਂ ਇਹ ਕਦੇ ਗੁੱਸਾ ਨਾ ਕਰਨ, ਇਸ ਤਰ੍ਹਾਂ ਮੈਂ ਇਨ੍ਹਾਂ ਦਾ ਗੁੱਸਾ ਉਤਾਰ ਸਕਦਾ ਹਾਂ। ਮੈਂ ਉਸ ਬਾਰੇ ਕੀ ਲਫ਼ਜ਼ ਇਸਤੇਮਾਲ ਕਰਾਂ । ਉਹ ਸੀ. ਐਮ. ਓ. ਤੋਂ ਡਾਇਰੈਕਟਰ ਬਣ ਗਿਆ ਹੈ । ਉਸ ਦੇ ਰੋਲ ਵਿੱਚ 36 ਲਾਲ ਲਕੀਰਾਂ ਹਨ । (ਵਿਘਨ) ਇਸ ਦੇ ਖਿਲਾਫ਼ ਬਹੁਤ ਜ਼ਿਆਦਾ ਸ਼ਿਕਾਇਤਾਂ ਹਨ । ਇਹ ਇੱਕ ਚਿੱਠੀ ਹੈ ਮੇਰੇ ਪਾਸ ਇੱਕ ਨਰਸ ਦੀ । ਉਸ ਨੇ ਲਿਖਿਆ ਹੈ ਕਿ ਇਸ ਨੇ ਮੈਨੂੰ ਹੱਥ ਪਾ ਲਿਆ । ਹੁਣ ਕਹਿ ਦਿਉ ਇਹ ਵੀ ਐਕਸਪੰਜ ਕਰਾ ਦਿਉ । ਕੀ ਕੀ ਐਕਸਪੰਜ ਕਰਾਉਗੇ । ਜਿਥੇ ਇਸ ਤਰ੍ਹਾਂ ਦਾ ਡਾਇਰੈਕਟਰ ਹੋਵੇ ਉਥੇ ਨਰਸਾਂ ਦਾ ਕੀ ਹਾਲ ਹੋਵੇਗਾ ? ਇਹ ਉਨ੍ਹਾਂ ਦੀ ਇੱਜ਼ਤ ਦਾ ਸਵਾਲ ਹੈ । ਇੱਜ਼ਤ ਸਾਹਮਣੇ ਪੈਸਾ ਕੁਝ ਨਹੀਂ ਹੁੰਦਾ । ਇਹ ਕਿਰਦਾਰ ਹੈ ਉਸ ਆਦਮੀ ਦਾ । ਡਿਪਟੀ ਸਪੀਕਰ ਸਾਹਿਬ, ਮੈਨੂੰ ਪਿਛਲੀਆਂ ਗੱਲਾਂ ਯਾਦ ਆਉਂਦੀਆਂ ਹਨ ਤਾਂ ਪਤਾ ਚੱਲਦਾ ਹੈ ਕਿ ਅੱਜ ਦੇ ਜ਼ਮਾਨੇ ਵਿੱਚ ਬੁਰਾਈ ਕਿੰਨੀ ਵੱਧ ਗਈ ਹੈ । ਮੈਨੂੰ ਇੱਕ ਵਾਕਿਆ ਯਾਦ ਆ ਗਿਆ ਹੈ। ਮੋਗੇ ਵਿੱਚ ਇੱਕ ਵਾਰੀ ਕਵੀ ਦਰਬਾਰ ਹੋਇਆ, ਇਹ ਕ੍ਰਿਸ਼ਨ ਜੀ ਮਹਾਰਾਜ ਬਾਰੇ ਸੀ, ਉਨ੍ਹਾਂ ਦੇ ਜਨਮ ਦਿਵਸ ਤੇ । ਸਾਰੇ ਕਵੀਆਂ ਨੇ ਕਿਹਾ ਕਿ ਉਹ ਬੜੇ ਵੱਡੇ ਪੁਰਸ਼ ਸਨ । ਸਭ ਨੇ ਆਪਣੀ ਆਪਣੀ ਕਵਿਤਾ ਸੁਣਾਈ । ਮੈਂ ਉਸ ਦਾ ਪਰਧਾਨ ਸੀ । ਸਾਡੇ ਇੱਕ ਕਵੀ ਹਨ ਜੋ ਝੰਗ ਮਘਿਆਨੇ ਤੋਂ ਆਏ ਹਨ । ਉਨ੍ਹਾਂ ਨੇ ਕਵਿਤਾ ਨਾ ਸੁਣਾਈ ਤਾਂ ਮੈਂ ਉਨ੍ਹਾਂ ਨੂੰ ਕਿਹਾ ਮੁਸਾਫਰ ਸਾਹਿਬ, ਕਵਿਤਾ ਸੁਣਾਉ । ਉਹ ਕਹਿਣ ਲਗੇ ਮੈਂ ਨਹੀਂ ਸੁਣਾਉਂਦਾ ਹੁਣ ਕਵਿਤਾ, ਕਿਉਂਕਿ ਮੈਂ ਸੱਚੀ ਗੱਲ ਕਹਿਣੀ ਹੁੰਦੀ ਹੈ ਉਸ ਦਾ ਫਿਰ ਲੋਕ ਦੁੱਖ ਮਨਾਉਂਦੇ ਹਨ । ਜਿਸ ਤਰ੍ਹਾਂ ਮੇਰੇ ਵੀਰ ਨੂੰ ਮੇਰੀ ਗੱਲ ਬੁਰੀ ਲੱਗੀ ਹੈ । ਮੈਂ ਕਿਹਾ, ਨਹੀਂ ਤੁਸੀਂ ਜ਼ਰੂਰ ਕਵਿਤਾ ਸੁਣਾਉ ।

Mr. Deputy Speaker : Please take your seat. (Interruption) I do not want to listen to the Kavita.)

ਆਪ ਦਾ ਟਾਈਮ ਹੋ ਗਿਆ ਹੈ । (Your time is up)

ਸਾਥੀ ਰੂਪ ਲਾਲ ; ਮੈਂ ਇਕ ਮਿਟ ਵਿਚ ਹੀ ਸ਼ੇਅਰ ਅਰਜ਼ ਕਰਕੇ ਖ਼ਤਮ ਕਰ ਦਿਆਂਗਾ ...(ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਪਹਿਲਾਂ ਹੀ 13 ਮਿੰਟ ਲਗਾ ਦਿੱਤੇ ਹਨ ਅਤੇ ਸਰਦਾਰ ਕੁਲਵੰਤ ਸਿੰਘ ਨੇ ਵੀ 13 ਮਿੰਟ ਲਏ ਹਨ । ਹੁਣ ਤੁਸੀਂ ਬੈਠ ਜਾਓ । (ਵਿਘਨ) (The hon. Member has already taken thirteen minutes. Comrade Kulwant Singh had also taken that much time. Now please take your seat.) (Interruption)

ਸਾਥੀ ਰੂਪ ਲਾਲ : ਮੈਂ ਇਕ ਮਿੰਟ ਵਿਚ ਹੀ ਖ਼ਤਮ ਕਰ ਦਿਆਂਗਾ । (ਵਿਘਨ)

Mr. Deputy Speaker : There are so many hon. Members who want to speak. I have got the list. Please take your seat now.

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਅਜ ਇੰਡਸਟਰੀ ਦੀਆਂ ਗਰਾਂਟਾਂ ਹਾਊਸ ਵਿਚ ਪੇਸ਼ ਕੀਤੀਆਂ ਗਈਆਂ ਹਨ, ਇਨ੍ਹਾਂ ਦੇ ਬਾਰੇ ਵਿਚ ਮੈਂ ਕੁਝ ਬੇਨਤੀਆਂ ਕਰਨਾ ਚਾਹੁੰਦਾ ਹਾਂ । ਕੁਝ ਗੱਲਾਂ ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ । ਦੇਸ਼ ਵਿਚ ਇਕ ਲੋਕ ਰਾਜ ਹੈ ਅਤੇ ਡੈਮੋਕਰੈਟਿਕ ਢੰਗ ਹੈ ਅਤੇ ਇਸੇ ਤਰ੍ਹਾਂ ਹੀ ਹਰ ਸੈੱਟ ਅੱਪ ਵਿਚ ਡੈਮੋਕਰੈਟਿਕ ਤਰੀਕੇ ਨੂੰ ਵਰਤਿਆ ਜਾਣਾ ਚਾਹੀਦਾ ਹੈ ਅਤੇ ਕੌਮ ਦੀ ਜਿਹੜੀ ਤਰੱਕੀ ਹੋਣੀ ਹੈ ਉਹ ਸਰਕਾਰ ਦੇ ਰਾਹੀਂ ਹੀ ਹੋਣੀ ਹੈ । ਜਿਹੜੀਆਂ ਕਮੀਆਂ ਹਨ ਜਾਂ ਕੋਈ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ, ਇਹ ਅਪੋਜ਼ੀਸ਼ਨ ਦਾ ਹੀ ਕੰਮ ਹੈ ਕਿ ਸਰਕਾਰ ਨੂੰ ਪੁਆਇੰਟ ਆਊਟ ਕਰੇ । ਅਪੋਜ਼ੀਸ਼ਨ ਦੇ ਨੁਮਾਇੰਦੇ ਹੀ ਦਸਦੇ ਹਨ । ਅਤੇ ਇਸੇ ਤਰ੍ਹਾਂ ਸਰਕਾਰ ਦੀ ਤਾਕਤ ਬਣਦੀ ਹੈ । ਜੇਕਰ ਇਹ ਅਪੋਜ਼ੀਸ਼ਨ ਨੂੰ ਧਿਆਨ ਨਾਲ ਸੁਣਨ ਅਤੇ ਉਹਨਾਂ ਵੱਲੋਂ ਦੱਸੀਆਂ ਖ਼ਾਮੀਆਂ ਨੂੰ ਦੂਰ ਕਰ ਦੇਣ ਤਾਂ ਇਸ ਨਾਲ ਹੀ ਦੇਸ਼ ਦਾ ਅਤੇ ਸੂਬੇ ਦਾ ਭਲਾ ਹੋ ਸਕਦਾ ਹੈ । ਪਰ ਅਫ਼ਸੋਸ ਦੀ ਗੱਲ ਹੈ ਕਿ ਇਹ ਸਰਕਾਰ ਅਕਾਲੀ ਅਤੇ ਜਨਸੰਘ ਦੀ ਸਰਕਾਰ ਹੈ ਅਤੇ ਇਸ ਨੂੰ ਲੋਕਾਂ ਦੀ ਭਲਾਈ ਨਾਲ ਕੋਈ ਵਾਸਤਾ ਨਹੀਂ, ਆਪਣੀ ਭਲਾਈ ਨਾਲ ਹੀ ਸਿਰਫ਼ ਵਾਸਤਾ ਹੈ । ਇਹ ਤਾਂ ਮੈਂ ਸਮਝਦਾ ਹਾਂ ਜਨੂਨੀ ਪਾਰਟੀਆਂ ਹਨ ਅਤੇ ਹਰ ਗੱਲ ਨੂੰ ਵੰਨ ਸਾਈਡ ਹੋ ਕੇ ਸੋਚਦੇ ਹਨ । ਆਪਣੀ ਕਮਿਊਨਿਟੀ ਲਈ ਸੋਚਦੇ ਹਨ ਅਤੇ ਕਮਿਊਨਲ ਪੱਖ ਇਨ੍ਹਾਂ ਵਿੱਚ ਆ ਜਾਂਦਾ ਹੈ । ਹਰੀਜਨਾਂ ਦਾ ਜ਼ਿਮੀਦਾਰਾਂ ਨਾਲ ਝਗੜਾ ਹੈ । ਇਨ੍ਹਾਂ ਹਰੀਜਨਾਂ ਦੇ ਨਾਂ ਤੇ ਵਾਕ ਆਊਟ ਵੀ ਕੀਤਾ ਪਰ ਕੋਈ ਗੱਲ ਨਾ ਬਣੀ ਅਤੇ ਨਾ ਹੀ ਹਰੀਜਨਾਂ ਵੱਲ ਧਿਆਨ ਦਿੱਤਾ ਗਿਆ । ਇਸੇ ਤਰ੍ਹਾਂ ਜਨ ਸੰਘ ਹੈ । ਇਹ ਜਮਾਤ ਹਿੰਦੂਆਂ ਦੀ ਹੈ ਅਤੇ ਇਹ ਹਿੰਦੂਆਂ ਦਾ ਹੀ ਭਲਾ ਸੋਚਦੇ ਹਨ ਅਤੇ ਇਸ ਕਰਕੇ ਲੋਕਾਂ ਦੀ, ਇਸ ਸੂਬੇ ਦੀ ਜਨਤਾ ਦੀ, ਸੋਚ ਇਨ੍ਹਾਂ ਦੇ ਪਿੱਛੇ ਪੈ ਗਈ ਹੈ । ਮੈਂ ਇਸ ਦੇ ਬਾਰੇ ਵਿਚ ਮਿਸਾਲਾਂ ਪੇਸ਼ ਕਰਦਾ ਹਾਂ (ਵਿਘਨ) (ਸ਼ੋਰ)

ਡਿਪਟੀ ਸਪੀਕਰ ਸਾਹਿਬ, ਇਥੇ ਸਮਾਲ ਸਕੇਲ ਇੰਡਸਟਰੀ ਹੈ, ਇਸ ਵਿੱਚ ਸਰਕਾਰ ਨੇ ਲੋਨ ਦੇਣ ਦਾ ਫੈਸਲਾ ਕੀਤਾ ਹੋਇਆ ਹੈ ਕਿ ਇਕ ਹਜ਼ਾਰ ਰੁਪਏ ਤਕ ਬਿਨਾਂ ਰਜਿਸਟਰੇਸ਼ਨ ਦੇ ਅਤੇ ਅਟੈਸਟੇਸ਼ਨ ਦੇ ਹਰੀਜਨਾਂ ਨੂੰ ਦਿੱਤਾ ਜਾਵੇ; ਪਰ ਇਨ੍ਹਾਂ ਇਕ ਨੂੰ ਵੀ ਨਹੀਂ ਦਿੱਤਾ । ਇਸੇ ਤਰ੍ਹਾਂ ਪੰਜ ਹਜ਼ਾਰ ਤਕ ਕਰਜ਼ੇ ਜ਼ਿਲ੍ਹਾ ਲੈਵਲ ਤੇ ਦਿੱਤੇ ਜਾਣੇ ਸਨ ਕਿਉਂਕਿ ਇਸ ਦਾ ਕਾਰਨ ਸਾਫ਼ ਹੈ ਕਿ ਇਹ ਸਰਕਾਰ ਗਰੀਬ ਅਤੇ ਹਰੀਜਨਾਂ ਦੀ ਭਲਾਈ ਲਈ ਨਹੀਂ ਸੋਚਦੀ । ਵਡੇ ਵਡੇ ਕੇਸਾਂ ਵਿਚ ਲੋਨ ਦਿੱਤੇ ਗਏ ਹਨ ਪਰ ਛੋਟੇ ਕਾਰਖ਼ਾਨੇਦਾਰ ਜਾਂ ਇੰਡਸਟਰੀ ਵਾਲਿਆਂ ਨੂੰ ਨਹੀਂ ਦਿੱਤੇ ਗਏ । ਜਿਹੜੇ ਹੱਥ ਨਾਲ ਕੰਮ ਕਰਦੇ ਹਨ ਉਨ੍ਹਾਂ ਨੂੰ ਇੰਡਸਟਰੀ ਲਗਾਉਣ ਲਈ ਲੋਨ ਨਹੀਂ ਦਿੱਤੇ ਗਏ । ਇਸ

[ਸਰਦਾਰ ਦਰਸ਼ਨ ਸਿਘ ਕੇ. ਪੀ.]

ਗੱਲ ਦੀ, ਡਿਪਟੀ ਸਪੀਕਰ ਸਾਹਿਬ, ਆਪ ਪੜਤਾਲ ਕਰਵਾ ਕੇ ਵੇਖ ਸਕਦੇ ਹੋ ਕਿ ਜਿੰਨੇ ਵੀ ਲੋਨ ਦਿੱਤੇ ਗਏ ਹਨ ਸਾਰੇ ਵਡਿੱਆਂ ਨੂੰ ਹੀ ਦਿੱਤੇ ਗਏ ਹਨ । ਜਿਹੜੇ ਪੇਸ਼ਾਵਰ ਹਨ ਦਰਜ਼ੀ, ਛੀਂਬੇ ਅਤੇ ਲੋਹਾਰ ਆਦਿ ਹਨ, ਜਿਨ੍ਹਾਂ ਪਾਸ ਤਲੀਮ ਦਾ ਸਾਧਨ ਨਹੀਂ, ਉਨ੍ਹਾਂ ਨੂੰ ਇੰਡਸਟਰੀ ਲਗਾਉਣ ਵਿਚ ਕੋਈ ਮਦਦ ਨਹੀਂ ਕੀਤੀ । ਇਨ੍ਹਾਂ ਵਿਚ ਤਕਰੀਬਨ ਸਾਰੇ ਹੀ ਹਰੀਜਨ ਸਨ । ਇਸ ਦਾ ਨਤੀਜਾ ਇਹ ਹੋਇਆ ਹੈ ਕਿ ਸਾਰੇ ਲੇਬਰ ਦਾ ਕੰਮ ਕਰਨ ਲੱਗ ਪਏ ਹਨ ਹਾਲਾਂ ਕਿ ਇਨ੍ਹਾਂ ਵਿਚ ਆਲ੍ਹਾ ਕਾਰੀਗਰ ਵੀ ਹਨ । ਇਨ੍ਹਾਂ ਨੂੰ ਇੰਡਸਟਰੀ ਬਣਾਉਣ ਲਈ ਕੋਈ ਸਹਾਇਤਾ ਨਹੀਂ ਦਿੱਤੀ ਗਈ । ਇਸ ਦੇ ਨਾਲ ਹੀ ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੇ ਇੰਡਸਟ੍ਰੀਅਲ ਸ਼ੈੱਡ ਬਣਾਏ ਹੋਏ ਹਨ ਇਨ੍ਹਾਂ ਵਿਚੋਂ ਇਕ ਵੀ ਹਰੀਜਨਾਂ ਨੂੰ ਅਲਾਟ ਨਹੀਂ ਕੀਤਾ ਗਿਆ ਤਾਂ ਜੋ ਉਹ ਆਪਣੀ ਇੰਡਸਟਰੀ ਸੈੱਟ ਅਪ ਕਰ ਸਕਣ । ਕਲ੍ਹ ਇਸ ਸਬੰਧ ਵਿਚ ਨਕੋਦਰ ਦੇ ਸ਼ੈਡਾਂ ਬਾਰੇ ਸਵਾਲ ਆਇਆ ਸੀ ਅਤੇ ਵਜ਼ੀਰ ਸਾਹਿਬ ਨੇ ਆਪ ਹੀ ਜਵਾਬ ਦਿੱਤਾ ਸੀ ਕਿ ਇਨ੍ਹਾਂ ਵਿੱਚ ਅਨਾਜ ਭਰਿਆ ਪਿਆ ਹੈ । ਕਿੰਨੇ ਅਫਸੋਸ ਦੀ ਗੱਲ ਹੈ ਕਿ ਇਕ ਪਾਸੇ ਤਾਂ ਹਰੀਜਨ ਭਲਾਈ ਲਈ ਸਰਕਾਰ ਕਹਿੰਦੀ ਹੈ ਕਿ ਇਹ ਕੁਝ ਕਰ ਰਹੇ ਹਾਂ ਅਤੇ ਦੂਜੇ ਪਾਸੇ ਇਹ ਉਨ੍ਹਾਂ ਨੂੰ ਸਹਾਇਤਾ ਦੇਣ ਲਈ ਤਿਆਰ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਸ਼ੈਡ ਅਲਾਟ ਕੀਤੇ ਗਏ ਹਨ ਤਾਂ ਕਿ ਉਹ ਆਪ ਇੰਡਸਟਰੀ ਸੈਟ ਅਪ ਕਰ ਸਕਣ । ਹਜ਼ਾਰਾਂ ਅਰਜ਼ੀਆਂ ਇਨ੍ਹਾਂ ਪਾਸ ਪਈਆਂ ਹਨ ਪਰ ਪਲਾਟ ਅਲਾਟ ਨਹੀਂ ਕੀਤੇ ਗਏ ।

ਫਿਰ ਜਿਹੜੇ ਕੁਆਪ੍ਰੇਟਿਵ ਸੈਂਟਰ ਚਮੜੇ ਦੇ ਬਾਰੇ ਵਿਚ ਖ਼ੋਲ੍ਹੇ ਸਨ, ਉਹ ਬੰਦ ਪਏ ਹਨ । ਇਸ ਪਾਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ, ਇਨ੍ਹਾਂ ਨਾਲ ਹਰੀਜਨਾਂ ਦੀ ਭਲਾਈ ਹੋ ਸਕਦੀ ਸੀ । ਇਸ ਲਈ ਮੈਂ ਕਹਾਂਗਾ ਕਿ ਇਸ ਪਾਸੇ ਸਰਕਾਰ ਧਿਆਨ ਦੇਵੇ ।

ਫਿਰ 20 ਲੱਖ ਰੁਪਏ ਦਾ ਲਾਇਸੈਂਸ ਦੇਣ ਦੀ ਸਕੀਮ ਨੂੰ ਬੰਦ ਕਰ ਦਿੱਤਾ ਗਿਆ ਹੈ । ਇਸ ਨਾਲ ਗ਼ਰੀਬ ਜਾਤੀਆਂ ਨੂੰ ਅਤੇ ਹਰੀਜਨਾਂ ਨੂੰ ਫ਼ਾਇਦਾ ਹੋ ਸਕਦਾ ਸੀ । ਇਸ ਲਈ ਇਹ ਸਕੀਮ ਮੁੜ ਕੇ ਜਾਰੀ ਕਰ ਦੇਣੀ ਚਾਹੀਦੀ ਹੈ ਤਾਂ ਕਿ ਛੋਟਿਆਂ ਨੂੰ ਔਬਲਾਈਜ ਕੀਤਾ ਜਾ ਸਕੇ । ਇਹ ਲਾਇਸੈਂਸ ਖੁਲ੍ਹਣੇ ਚਾਹੀਦੇ ਹਨ ।

ਇਸੇ ਤਰ੍ਹਾਂ ਹਾਕੀ ਦੀ ਇੰਡਸਟਰੀ ਹੈ । ਇਸ ਵਿਚ ਬੜੀ ਮੁਸ਼ਕਲ ਆ ਗਈ ਹੈ ਕਿਉਂਕਿ ਤੂਤ ਦੀ ਲੱਕੜੀ ਨਹੀਂ ਮਿਲਦੀ । ਜਿਥੇ ਸਰਕਾਰ ਹੋਰ ਦਰਖ਼ਤ ਲਗਵਾਉਂਦੀ ਹੈ ਉਥੇ ਤੂਤ ਦੇ ਦਰਖ਼ਤ ਵੀ ਲਗਵਾਏ ਜਾਣ ਤਾਂ ਕਿ ਇਹ ਇੰਡਸਟਰੀ ਮੁਸ਼ਕਲ ਵਿਚ ਨਾ ਰਹੇ ਅਤੇ ਇਸ ਇੰਡਸਟਰੀ ਨੂੰ ਤਰੱਕੀ ਮਿਲ ਸਕੇ ।

ਇਕ ਗੱਲ ਮੈਂ ਹੈਲਥ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ । ਜਲੰਧਰ ਦੇ ਹਸਪਤਾਲਾਂ ਦੀ ਹਾਲਤ ਬਹੁਤ ਮਾੜੀ ਹੈ । ਉਥੇ ਇਕ ਵੱਡਾ ਹਸਪਤਾਲ ਹੈ: ਇਸ ਵਿਚ ਹਾਲਤ ਬਹੁਤ ਬੁਰੀ ਹੈ, ਡਾਕਟਰ ਬਿਲਕੁਲ ਪਰਵਾਹ ਨਹੀਂ ਕਰਦੇ ਅਤੇ ਲੋਕ ਤਕਲੀਫ ਵਿਚ ਹਨ । ਧਿਆਨ ਡਾਕਟਰ ਤਾਂ ਹੀ ਦਿੰਦੇ ਹਨ ਜੇਕਰ ਪੈਸੇ ਦਿੱਤੇ ਜਾਣ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਹਰੀਜਨਾਂ ਨੂੰ ਜ਼ਬਰਦਸਤੀ ਮਾਰਿਆ ਗਿਆ ਅਤੇ ਉਹ ਜਦ ਹਸਪਤਾਲ ਵਿੱਚ ਆਏ ਤਾਂ ਡਾਕਟਰਾਂ ਨੇ ਕੋਈ ਪਰਵਾਹ ਨਹੀਂ ਕੀਤੀ ਅਤੇ ਜਿਹੜੇ ਮਾਰਨ ਵਾਲੇ ਸਨ ਉਹ ਆ ਕੇ ਮਿਲ ਮਿਲਾਕੇ ਉਂਗਲੀ ਵੱਢ ਕੇ 26 ਦਾ ਪਰਚਾ ਬਣਵਾ ਕੇ ਲੈ ਗਏ । ਹਰੀਜਨ, ਜਿਨ੍ਹਾਂ ਦੀ ਹਾਲਤ ਅੱਜ ਤੱਕ ਖ਼ਰਾਬ ਹੈ, ਦੀ ਕੋਈ ਪਰਵਾਹ ਨਹੀਂ ਕੀਤੀ

ਗਈ ਅਤੇ 10 ਘੰਟੇ ਉਰਲੇ ਪਾਸੇ ਪਏ ਰਹੇ, ਕਿਸੇ ਦਵਾਈ ਤੱਕ ਨਹੀਂ ਦਿੱਤੀ। ਇਹ ਕਿਹਾ ਗਿਆ ਕਿ ਜਦ ਤੱਕ ਐਡਮਿੱਟ ਨਹੀਂ ਕਰਦੇ ਦਵਾਈ ਕਿਸ ਤਰ੍ਹਾਂ ਦਿੱਤੀ ਜਾਵੇ। ਫਿਰ ਜਦ ਤੱਕ ਵਾਰਡ ਵਿੱਚ ਨਾ ਲਿਜਾਇਆ ਜਾਵੇ ਧਿਆਨ ਕਿਸ ਤਰ੍ਹਾਂ ਦਿੱਤਾ ਜਾ ਸਕਦਾ ਹੈ। ਇਹ ਹਾਲਤ ਹੈ ਇਨ੍ਹਾਂ ਹਸਪਤਾਲਾਂ ਦੀ। ਫਿਰ ਇਨ੍ਹਾਂ ਵਿਚ ਜਿਹੜਾ ਸਾਮਾਨ ਹੈ ਉਸ ਦੀ ਹੋਰ ਵੀ ਮਾੜੀ ਹਾਲਤ ਹੈ। ਮੰਜੇ ਨਹੀਂ, ਅਤੇ ਚਾਦਰਾਂ ਤਾਂ ਅੰਮ੍ਰਿਤਸਰ ਧੁਵਾਈ ਲਈ ਜਾਂਦੀਆਂ ਹਨ। ਇਸ ਪਾਸੇ ਆਨਰੇਬਲ ਮਨਿਸਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਚਾਦਰਾਂ ਅੰਮ੍ਰਿਤਸਰ ਕਿਉਂ ਜਾਂਦੀਆਂ ਹਨ ? ਕਈ ਤਾਂ ਕਹਿੰਦੇ ਹਨ; ਗੱਲ ਭਾਵੇਂ ਚੰਗੀ ਨਹੀਂ, ਕਿ ਚਾਦਰਾਂ ਦਰਬਾਰ ਸਾਹਿਬ ਜਾਂਦੀਆਂ ਹਨ...(ਵਿਘਨ) । ਅੰਮ੍ਰਿਤਸਰ ਵਿੱਚ ਪਲਾਂਟ ਹੈ, ਉਥੇ 15 ਪੈਸੇ ਚੱਦਰ ਦੇ ਲੱਗਦੇ ਹਨ ਅਤੇ ਇਥੇ ਲੋਕਲ 9 ਪੈਸੇ ਲੱਗਦੇ ਹਨ। ਇਸੇ ਤਰ੍ਹਾਂ ਜੀਪਾਂ ਜਲੰਧਰ ਦੀਆਂ ਟੁੱਟੀਆਂ ਪਈਆਂ ਹਨ, ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਦਵਾਈਆਂ ਦੀ ਸਪਲਾਈ ਦੀ ਹਾਲਤ ਹੋਰ ਵੀ ਬੁਰੀ ਹੈ । ਸਰਕਾਰ ਨੂੰ ਇਸ ਪਾਸੇ ਖ਼ਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਹਸਪਤਾਲਾਂ ਵਿਚ ਸੁਧਾਰ ਕੀਤਾ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਇਸ ਸਰਕਾਰ ਵਿਚ ਇਹ ਵੇਖੀ ਹੈ ਕਿ ਇਨ੍ਹਾਂ ਦੀ ਪਲਾਨਿੰਗ ਗ਼ਲਤ ਹੈ ਅਤੇ ਜਿਹੜੇ ਟੈਕਨੀਕਲ ਮਹਿਕਮੇ ਹਨ ਉਹ ਨਾਨ-ਟੈਕਨੀਕਲ ਆਦਮੀਆਂ ਨੂੰ ਦਿੱਤੇ ਹੋਏ ਹਨ। ਜੇਕਰ ਹੈਲਥ ਦਾ ਮਹਿਕਮਾ ਸੀ, ਉਹ ਡਾਕਟਰ ਨੂੰ ਦੇਣਾ ਚਾਹੀਦਾ ਸੀ ਪਰ ਨਹੀਂ ਦਿੱਤਾ ਹੋਇਆ, ਹਾਲਾਂਕਿ ਕੈਬਨਿਟ ਵਿੱਚ ਡਾਕਟਰ ਭਗਤ ਸਿੰਘ ਜੀ ਹਨ, ਪਰ ਉਨ੍ਹਾਂ ਨੂੰ ਭਲਾਈ ਦਾ ਕੰਮ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸਰਦਾਰ ਰਵੇਲ ਸਿੰਘ ਲਾ-ਗਰੈਜੂਏਟ ਹਨ, ਵਕੀਲ ਹਨ, ਪਰ ਮਹਿਕਮਾ ਹੈਲਥ ਉਨ੍ਹਾਂ ਨੂੰ ਦਿੱਤਾ ਗਿਆ ਹੈ। ਇਸ ਤਰ੍ਹਾਂ ਦੀ ਇਕ ਗ਼ਲਤ ਪਲਾਨਿੰਗ ਕੀਤੀ ਹੋਈ ਹੈ । 'ਅੰਨ੍ਹੀ ਘੋੜੀ ਗੂੰਗਾ ਸਵਾਰ' ਵਾਲੀ ਗੱਲ ਹੋਈ ਹੈ। (ਹਾਸਾ) ਇਸ ਤਰ੍ਹਾ ਦੇਸ਼ ਵਿਚ ਤਰੱਕੀ ਕਿਵੇਂ ਹੋ ਸਕਦੀ ਹੈ ? ਫ਼ਿਰ ਸਾਡਾ ਇਕ ਮਨਿਸਟਰ ਰੱਖਿਆ ਹੋਇਆ ਹੈ—ਹਰੀਜਨ ਹੈ, ਪਰ ਉਸ ਪਾਸ ਜਾ ਵੀ ਨਹੀਂ ਸਕਦੇ, ਉਨ੍ਹਾਂ ਘਰ ਦੇ ਬਾਹਰ ਕਤੂਰੀਆਂ ਰੱਖੀਆਂ ਹੋਈਆਂ ਹਨ ਤੇ ਉਨਾਂ ਦੇ ਪਾਸ ਜਾਣ ਤੋਂ ਡਰ ਲੱਗਦਾ ਹੈ। ਇਸ ਲਈ ਗ਼ਰੀਬ ਹਰੀਜਨ ਆਪਣੀ ਵੱਲ ਤਵੱਜੋ ਕਿਵੇਂ ਇਸ ਸਰਕਾਰ ਦੀ ਲੈ ਸਕਦਾ ਹੈ ? ਜਨਤਾ ਦੀ ਭਲਾਈ ਤਾਂ ਹੀ ਹੋ ਸਕਦੀ ਹੈ ਜੇ ਇਸ ਕੰਮ ਲਈ ਕਾਫ਼ੀ ਆਦਮੀਆਂ ਨੂੰ ਲਗਾਇਆ ਜਾਵੇ। ਇਥੇ ਤਾਂ ਇਕੋ ਹੀ ਵਜ਼ੀਰ ਡਾਕਟਰ ਭਗਤ ਸਿੰਘ ਲਿਆ ਹੋਇਆ ਹੈ । ਮੈਂ ਤਾਂ ਕਹਾਂਗਾ ਕਿ ਮਨਿਸਟਰ ਹੋਰ ਪੰਜ ਛੇ ਲੈਣੇ ਚਾਹੀਦੇ ਹਨ। ਇਹ ਸਰਕਾਰ ਅਕਾਲੀ ਅਤੇ ਜਨ ਸੰਘ ਦੀ ਹੈ ਅਤੇ ਆਪਣੇ ਹਿੱਤ ਦੀ ਇਹ ਪਹਿਲਾਂ ਸੋਚਦੇ ਹਨ ਅਤੇ ਲੋਕ ਭਲਾਈ ਨੂੰ ਤਾਂ ਇਹ ਵਾਧੂ ਦਾ ਕੰਮ ਸਮਝਦੇ ਹਨ। ਮੇਰਾ ਸੁਝਾਵ ਹੈ ਕਿ 6-7 ਮਨਿਸਟਰ ਹੋਰ ਲੈ ਲਏ ਜਾਣ ਅਤੇ ਇਨ੍ਹਾਂ ਵਿਚ ਹਰੀਜਨਾਂ ਨੂੰ ਪੂਰੀ ਨੁਮਾਇੰਦਗੀ ਦਿਤੀ ਜਾਵੇ। ਪਾਧੀ ਸਾਹਿਬ ਨੂੰ ਲੈ ਲਉ, ਹੋਰਨਾਂ ਨੂੰ ਲੈ ਲਉ ਤਾਂ ਕਿ ਹਰੀਜਨ ਅਤੇ ਗ਼ਰੀਬ ਦੀ ਭਲਾਈ ਦਾ ਕੰਮ ਕੀਤਾ ਜਾ ਸਕੇ। ਬਾਕੀ ਜਿਹੜੇ ਇਥੇ ਬੁਢੇ ਬਿਠਾਏ ਹੋਏ ਹਨ ਇਨ੍ਹਾਂ ਨੂੰ ਵਾਹਿਗੁਰੂ ਦਾ ਨਾਮ ਲੈਣ ਦੇਣਾ ਚਾਹੀਦਾ ਹੈ। ਨੌਜਵਾਨਾਂ ਨੂੰ ਅਗਾਂਹ ਆਉਣ ਦੇਣਾ ਚਾਹੀਦਾ ਹੈ ਤਾਂ ਕਿ ਅਮਲੀ ਰੂਪ ਵਿਚ ਦੇਸ਼ ਦੀ ਭਲਾਈ ਹੋ ਸਕੇ, ਅਤੇ ਉਹ ਨੱਠ ਭੱਜ ਕਰ ਸਕਣ। ਇਥੇ ਤਾਂ ਸਰਕਾਰ ਇਕ ਦੂਜੇ ਨੂੰ ਮਿਹਣੇ ਹੀ ਦੇਣ ਵਿਚ ਲੱਗੀ ਰਹਿੰਦੀ ਹੈ ਅਤੇ ਅਮਲੀ ਕੰਮ ਨਹੀਂ ਕੀਤਾ ਜਾਂਦਾ। ਮਿਹਣਿਆਂ ਦੀ ਲੋੜ ਨਹੀਂ ਕਿ ਕਿਸ ਸਰਕਾਰ ਨੇ ਕੁਝ ਨਹੀਂ ਕੀਤਾ ਅਤੇ ਕਿਸ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਇਹ ਤਾਂ ਸਾਰੇ ਜਾਣਦੇ ਹੀ ਹਨ ਕਿ ਕਿਸ ਨੇ ਵਰਤ ਰੱਖ ਕੇ ਬਿਨਾਂ ਕਿਸੇ ਪਰਾਪਤੀ ਦੇ ਛੱਡ ਦਿੱਤੇ ਅਤੇ ਕਿਸ ਨੇ ਵਰਤ ਰੱਖੇ ਅਤੇ ਕੁਰਬਾਨੀ ਦੇ ਦਿੱਤੀ; ਇਹ ਸਾਰੇ ਲੋਕ ਜਾਣਦੇ

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਹਨ। ਇਸ ਲਈ ਅਗਾਂਹ ਵੱਧਣ ਲਈ ਕਦਮ ਚੁੱਕਣੇ ਚਾਹੀਦੇ ਹਨ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਲੋਕ ਭਲਾਈ ਦੇ ਕੰਮਾਂ ਨੂੰ ਪੂਰਾ ਕਰੇ। ਜਿਥੇ ਵਜ਼ੀਰਾਂ ਪਾਸ ਜਾ ਨਾ ਸਕਿਆ ਜਾਵੇ, ਕੋਠੀਆਂ ਦੇ ਬਾਹਰ ਕਤੂਰੇ ਭੌਂਕਦੇ ਹੋਣ, ਉਥੇ ਲੋਕ ਭਲਾਈ ਕਿਸ ਤਰ੍ਹਾਂ ਹੋ ਸਕਦੀ ਹੈ ?

ਇਸ ਦੇ ਬਾਰੇ ਵਿੱਚ ਮੈਂ ਇਕ ਹੋਰ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਜਿਹੜੀਆਂ ਜ਼ਿਲ੍ਹਿਆਂ ਦੇ ਲੈਵਲ ਤੇ ਕਮੇਟੀਆਂ ਬਣਾਈਆਂ ਗਈਆਂ ਹਨ, ਉਨ੍ਹਾਂ ਵਿਚ ਸਾਰੀਆਂ ਪਾਰਟੀਆਂ ਦੇ ਵਰਕਰ ਲੈਣੇ ਚਾਹੀਦੇ ਹਨ। ਅਤੇ ਜਿਸ ਤਰ੍ਹਾਂ ਦੀਆਂ ਸਕੀਮਾਂ ਤੇ ਵਿਚਾਰ ਕੀਤਾ ਜਾਣਾ ਹੋਵੇ ਉਸ ਦੇ ਟੈਕਨੀਕਲ ਐਕਸਪਰਟਸ ਵੀ ਸਦਣੇ ਚਾਹੀਦੇ ਹਨ ਤਾਂ ਕਿ ਹਰ ਪੱਖ ਤੋਂ ਸਲਾਹ ਕਰ ਕੇ ਲੋਕ ਭਲਾਈ ਦਾ ਕੰਮ ਕੀਤਾ ਜਾ ਸਕੇ।

ਨੰਗਲ ਜਿੱਥੇ ਕਿ ਇਤਨੀ ਵੱਡੀ ਫੈਕਟਰੀ ਲੱਗੀ ਹੋਈ ਹੈ, ਇਕ ਟਰੈਕਟਰ ਫੈਕਟਰੀ ਲੱਗਣੀ ਚਾਹੀਦੀ ਹੈ। ਸਰਕਾਰ ਹਮੇਸ਼ਾ ਸਾਰਿਆਂ ਦੀ ਸਾਂਝੀ ਹੁੰਦੀ ਹੈ, ਪਰ ਇਹ ਜਿਹੜੀ ਸਰਕਾਰ ਹੈ ਇਹ ਇਕ ਜਨੂਨੀ ਸਰਕਾਰ ਹੈ, ਇਹ ਨਹੀਂ ਹੋਣਾ ਚਾਹੀਦਾ ਕਿ ਇਨ੍ਹਾਂ ਰਾਹੀਂ ਜਨਸੰਘੀ ਹੀ ਖਾਣ ਜਾਂ ਅਕਾਲੀ ਹੀ ਖਾਣ, ਹੋਰ ਕਿਸੇ ਨੂੰ ਕੁਝ ਦੇਣਾ ਹੀ ਨਹੀਂ। ਇਨ੍ਹਾਂ ਨੂੰ ਸਭ ਦੇ ਭਲੇ ਦਾ ਕੰਮ ਕਰਨਾ ਚਾਹੀਦਾ ਹੈ (ਵਿਘਨ) ਮੈਂ ਇਥੇ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਐਸਟੀਮੇਟਸ ਕਮੇਟੀ ਆਨ ਦੀ ਸਪਾਟ ਵਿਜ਼ਿਟ ਤੇ ਕਈ ਥਾਵਾਂ ਤੇ ਗਈ। ਉਨ੍ਹਾਂ ਨੂੰ ਜਲੰਧਰ ਅਤੇ ਪਠਾਨਕੋਟ ਵੀ ਜਾਣਾ ਪਿਆ। ਉਨ੍ਹਾਂ ਨੇ ਉਥੇ ਦੇ ਅਫ਼ਸਰਾਂ ਨੂੰ ਮੌਕੇ ਤੇ ਜਾ ਕੇ ਵੇਖਿਆ ਕਿ ਕਿਵੇਂ ਉਨ੍ਹਾਂ ਨੇ ਲੁੱਟ ਮਚਾਈ ਹੋਈ ਹੈ, ਪਰ ਜਦੋਂ ਸਰਕਾਰ ਕੋਲ ਸਾਰੇ ਹਾਲਾਤ ਦੱਸੇ ਤਾਂ ਉਸ ਤੇ ਕਾਰਵਾਈ ਕੀ ਹੋਣੀ ਸੀ, ਉਹ ਸਾਰੇ ਇੰਡਸਟਰੀ ਮਨਿਸਟਰ ਦੇ ਪੇਟੇ ਪੈ ਗਏ (ਸ਼ੋਰ) ਹਰੀਜਨਾਂ ਵਾਸਤੇ ਮੈਂ ਕਹਾਂਗਾਂ ਕਿ ਤੁਸੀਂ ਹਰੀਜਨਾਂ ਨੂੰ ਆਪਣੇ ਗਲੇ ਲਾਉ, ਉਨ੍ਹਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਨਾ ਕਰੋ, ਉਨ੍ਹਾਂ ਨੂੰ ਕਢੋ ਨਾ, ਉਨ੍ਹਾਂ ਦੀਆਂ ਸਰਵਿਸਿਜ਼ ਯੂਟਿਲਾਈਜ਼ ਕਰੋ। ਇਹ ਪਛੜੇ ਹੋਏ ਸਮਾਜ ਦਾ ਕਲੰਕ ਜੇ ਹੁਣ ਤਕ ਤੁਸੀਂ ਧੋ ਨਹੀਂ ਸਕੇ ਤਾਂ ਇਹ ਤੁਹਾਨੂੰ ਨਾਦਰ ਮੌਕਾ ਮਿਲਿਆ ਹੈ ਇਸ ਨੂੰ ਧੋਣ ਦਾ, ਇਹ ਛੇਤੀ ਤੋਂ ਛੇਤੀ ਧੋਵੋ। ਇਨ੍ਹਾਂ ਨੂੰ ਦੂਸਰੀਆਂ ਜਾਤੀਆਂ ਵਾਂਗ ਅਗੇ ਲਿਆਉ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਫੇਰ ਬੇਨਤੀ ਕਰਦਾ ਹਾਂ ਕਿ ਇਹ ਸਮਾਜ ਸਦੀਆਂ ਦਾ ਪਛੜਿਆ ਹੋਇਆ, ਦੱਬਿਆ ਹੋਇਆ ਹੈ, ਇਸ ਨੂੰ ਕੋਈ ਹੋਰ ਗਿਆਨ ਦੀਆਂ ਗੱਲਾਂ ਦਾ ਰੰਗ ਨਾ ਦਿਓ। ਇਨ੍ਹਾਂ ਲੋਕਾਂ ਨੂੰ ਮਿਹਨਤ ਕਰਨੀ, ਕੰਮ ਕਰਨਾ ਸਿਖਾਓ। ਇਨ੍ਹਾਂ ਪਛੜਿਆਂ ਲੋਕਾਂ ਦਾ ਜੋ ਹੱਕ ਹੈ ਇਹ ਇਨ੍ਹਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰ: 22, 42, 17 ਅਤੇ 18 ਦੀ ਹਮਾਇਤ ਦੇ ਲਈ ਖੜ੍ਹਾ ਹੋਇਆ ਹਾਂ। ਜਿਤਨੇ ਵੀ ਡੀਵੈਲਪਮੈਂਟ ਦੇ ਕੰਮ ਹਨ, ਉਨ੍ਹਾਂ ਦੇ ਲਈ ਪੰਜਾਬ ਸਰਕਾਰ ਨੇ ਸਾਰਿਆਂ ਤੋਂ ਜ਼ਿਆਦਾ ਪੈਸੇ ਰੱਖੇ ਹੋਏ ਹਨ। ਮੈਨੂੰ ਇਹ ਵੀ ਖੁਸ਼ੀ ਹੈ ਕਿ ਵਜ਼ੀਰ ਸਾਹਿਬ, ਇਹ ਪੈਸਾ ਉਦੋਂ ਦੇਣਗੇ ਜਦੋਂ ਸਾਲ ਦਾ ਅਖੀਰ ਦਾ ਮਹੀਨਾ ਨਹੀਂ ਹੋਵੇਗਾ ਪਰ ਓਦੋਂ ਦੇਣਗੇ ਜਦੋਂ ਕਿ ਇਹ ਚੰਗੀ ਤਰ੍ਹਾਂ ਖ਼ਰਚ ਹੋ ਸਕੇਗਾ। ਇਸ ਹਾਊਸ ਦੇ ਵਿਚ ਬਹੁਤ ਸਾਰੇ ਅਫ਼ਸਰਾਨ ਦੇ ਖ਼ਿਲਾਫ਼ ਇਲਜ਼ਾਮ ਲਗਾਏ ਗਏ ਹਨ, ਪਰ ਲੋਕਾਂ ਦਾ ਭਲਾ ਤਦ ਹੀ ਹੋ ਸਕਦਾ ਹੈ ਜੇ ਸਰਕਾਰ ਉਨ੍ਹਾਂ ਅਫ਼ਸਰਾਂ ਦੀ ਬਜਾਏ ਚੰਗੇ ਅਫ਼ਸਰ ਲਾਵੇ, ਨਹੀਂ ਤਾਂ ਉਹ ਆਪਣੀ ਪੁਰਾਣੀ ਪਾਲਿਸੀ ਤੇ ਹੀ ਚੱਲਣਗੇ, ਇਸ ਤਰ੍ਹਾਂ ਲੋਕਾਂ ਦਾ ਭਲਾ ਨਹੀਂ ਹੋਵੇਗਾ।

ਜਿਥੋਂ ਤੱਕ ਇੰਡਸਟਰੀ ਦੇ ਲਗਾਉਣ ਦਾ ਸਵਾਲ ਹੈ, ਇਸ ਦੇ ਬਾਰੇ ਮੈਂ ਇਤਨਾ ਹੀ ਅਰਜ਼ ਕਰਾਂਗਾ ਕਿ ਇਹ ਇੰਡਸਟਰੀ ਸਰਕਾਰ ਨੂੰ ਪਿੰਡਾਂ ਦੇ ਵਿੱਚ ਲਾਉਣੀ ਚਾਹੀਦੀ ਹੈ ਕਿਉਂਕਿ ਪੇਂਡੂ ਮਜ਼ਦੂਰ ਹੀ ਸ਼ਹਿਰਾਂ ਵਿੱਚ ਜਾ ਕੇ ਇਨ੍ਹਾਂ ਫ਼ੈਕਟਰੀਆਂ ਵਿਚ ਕੰਮ ਕਰਦੇ ਹਨ । (ਤਾੜੀਆਂ) ਜਿਤਨੇ ਵੀ ਲੋਹਾਰ, ਤਰਖਾਣ ਅਤੇ ਹੋਰ ਦਸਤਕਾਰੀ ਦਾ ਕੰਮ ਕਰਨ ਵਾਲੇ ਹਨ, ਹਰੀਜਨ ਹਨ, ਉਨ੍ਹਾਂ ਨੂੰ ਆਪਣਾ ਗੁਜ਼ਾਰਾ ਕਰਨ ਦੇ ਵਾਸਤੇ ਪਿੰਡਾਂ ਵਿਚੋਂ ਆਉਣਾ ਪੈਂਦਾ ਹੈ । ਇਨ੍ਹਾਂ ਗਰੀਬਾਂ ਦੀ ਵੀ, ਇਨ੍ਹਾਂ ਦੇ ਇਲਾਕੇ ਵਿਚ ਜੇ ਇਡਸਟਰੀ ਲਗੇ, ਤਾਂ ਹੀ ਤਰੱਕੀ ਹੋ ਸਕਦੀ ਹੈ ।

ਜਿਥੋਂ ਤੱਕ ਪਬਲਿਕ ਹੈਲਥ ਦੇ ਮਹਿਕਮੇ ਦਾ ਸਵਾਲ ਹੈ, ਗਰੀਬ ਲੋਕਾਂ ਦੀ ਕੋਈ ਸੁਣਵਾਈ ਨਹੀਂ । ਇਨ੍ਹਾਂ ਦੀ ਰਿਹਾਇਸ਼ ਦੀ ਇਤਨੀ ਗੰਦੀ ਹਾਲਤ ਹੈ, ਜ਼ਰਾ ਰਾਜਪੁਰੇ ਦੀ ਸੜਕ ਤੋਂ ਲੰਘੋ, ਤੁਸੀਂ ਉਥੋਂ ਦੀ ਲੰਘ ਨਹੀਂ ਸਕਦੇ, ਦੂਸਰੇ ਪਾਸੇ ਦੀ ਮੂੰਹ ਕਰ ਕੇ ਲੰਘਣਾ ਪੈਂਦਾ ਹੈ । ਇਨ੍ਹਾਂ ਨਾਲ ਹੋਰ ਤਾਂ ਹੋਰ ਇਨਸਾਨੀਅਤ ਦਾ ਵੀ ਸਲੂਕ ਨਹੀਂ ਕੀਤਾ ਜਾਂਦਾ । ਮੈਂ ਹੈਲਥ ਦੇ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਬਸਤੀਆਂ ਹਨ, ਸਰਕਾਰ ਉਨ੍ਹਾਂ ਦੇ ਵੱਲ ਛੇਤੀ ਤੋਂ ਛੇਤੀ ਕੋਈ ਕਦਮ ਚੁੱਕੇ । ਉਨ੍ਹਾਂ ਨੂੰ ਪੀਣ ਵਾਲੇ ਪਾਣੀ ਦੀ ਪੂਰੀ ਮਿਕਦਾਰ ਮਿਲੇ ਅਤੇ ਰੋਸ਼ਨੀ ਦਾ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ, ਇਸ ਤਰ੍ਹਾਂ ਦੇ ਮਸਲੇ ਹਨ, ਜਿਹੜੇ ਸਰਕਾਰ ਨੂੰ ਹੱਲ ਕਰਨੇ ਚਾਹੀਦੇ ਹਨ ।

(ਇਸ ਵੇਲੇ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਮੈਂ ਇਸ ਵੇਲੇ ਹਾਊਸ ਦੀ ਤਵੱਜੋ ਇਸ ਮੁਆਮਲੇ ਵੱਲ ਦਿਵਾਉਣੀ ਚਾਹੁੰਦਾ ਹਾਂ ਕਿ ਸਰਕਾਰ ਦਾ ਢਾਂਚਾ, ਜਿਹੜਾ ਕਿ ਪਿਛਲੇ 20 ਸਾਲ ਦਾ ਬੱਧਾ ਹੋ ਚੁਕਾ ਹੈ, ਇਹ ਸਾਰੇ ਦਾ ਸਾਰਾ ਓਵਰਹਾਲ ਕਰਨ ਵਾਲਾ ਹੈ । ਇਨ੍ਹਾਂ ਨੇ ਜਿਹੜਾ ਕਾਨਫੀਡੈਂਸ਼ਲ ਰਿਪੋਰਟਾਂ ਰਾਹੀਂ ਪ੍ਰੋਮੋਸ਼ਨ ਦਾ ਤਰੀਕਾ ਰਖਿਆ ਹੋਇਆ ਹੈ, ਮੈਂ ਕਹਿਦਾ ਹਾਂ ਇਸ ਮਾਮਲੇ ਦੀ ਜਾਂਚ ਪੜਤਾਲ ਹੋਵੇ ਕਿ ਜਿਨ੍ਹਾਂ ਮੁਲਾਜ਼ਮਾਂ ਦੀਆਂ ਲਗਾਤਾਰ ਕਈ ਕਈ ਸਾਲ ਦੀਆਂ ਕਾਨਫੀਡੈਂਸ਼ਲ ਰਿਪੋਰਟਾਂ ਖ਼ਰਾਬ ਆਉਂਦੀਆਂ ਹਨ, ਉਹ ਸੱਚੀਆਂ ਹਨ ਜਾਂ ਗਲਤ ਹਨ । ਉਨ੍ਹਾਂ ਦੀਆਂ ਪ੍ਰੋਮੋਸ਼ਨਾਂ ਰੁਕੀਆਂ ਪਈਆਂ ਹਨ । ਇਹ ਨਹੀਂ ਹੋਣਾ ਚਾਹੀਦਾ ਕਿ ਜਾਣ ਬੁਝ ਕੇ ਸੁਪਰਡੈਂਟ ਆਪਣੇ ਮਤਲਬ ਲਈ ਆਪਣੇ ਮਤਹਿਤਾਂ ਨੂੰ ਖਰਾਬ ਕਰਨ । ਇਸ ਤਰ੍ਹਾਂ ਦੇ ਬੜੇ ਸੀਰੀਅਸ ਇਲਜ਼ਾਮ ਇਸ ਹਾਊਸ ਦੇ ਵਿਚ ਲੱਗੇ ਹਨ । ਮੈਂ ਉਮੀਦ ਕਰਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਇਸ ਪਾਸੇ ਧਿਆਨ ਦੇਣਗੇ ।

ਪਬਲਿਕ ਹੈਲਥ ਦੇ ਮਹਿਕਮੇ ਵਿਚ ਹਸਪਤਾਲਾਂ ਦੀ ਬੁਰੀ ਹਾਲਤ ਹੈ, ਡਾਕਟਰ ਨਾ ਵਕਤ ਸਿਰ ਜਾਂਦੇ ਹਨ, ਨਾ ਪੂਰੀ ਤਰਾਂ ਮਰੀਜ਼ਾਂ ਦਾ ਧਿਆਨ ਰੱਖਦੇ ਹਨ । ਕਈ ਡਾਕਟਰਾਂ ਨੇ ਆਪੋ ਆਪਣੇ ਐਕਸਰੇ ਦੇ ਪਲਾਂਟ ਲਗਾਏ ਹੋਏ ਹਨ । ਮਰੀਜ਼ਾਂ ਨੂੰ ਹਸਪਤਾਲ ਵਿਚ ਮਜਬੂਰ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਐਕਸਰੇ ਕਰਾਉਣ ਤੇ ਦਵਾਈਆਂ ਲੈਣ । ਮਿਸਿਜ਼ ਗੰਡਾ, ਰਾਜਿੰਦਰਾ ਹਸਪਤਾਲ, ਪਟਿਆਲਾ ਦੀ ਮਿਸਾਲ ਮੈਂ ਦਿੰਦਾ ਹਾਂ । ਉਹ ਮਰੀਜ਼ਾਂ ਨੂੰ ਹਸਪਤਾਲ ਦੀ ਬਜਾਏ ਘਰ ਹੀ ਵੇਖਦੀ ਹੈ । ਇਸੇ ਤਰ੍ਹਾਂ ਦਾ ਆਫੀਸਰਜ਼ ਦਾ ਦਿਮਾਗ ਹੈ । ਇਸ ਹਾਊਸ ਦੇ ਇਕ ਆਨਰੇਬਲ ਮੈਂਬਰ ਸਰਦਾਰ ਹਰਚੰਦ ਸਿਘ ਡਾਇਰੈਕਟਰ ਨੂੰ ਮਿਲਣ ਦੇ ਲਈ ਗਏ । ਉਨ੍ਹਾਂ ਨੂੰ ਕੋਈ ਗੱਲ ਹੀ ਯਾਦ ਨਹੀਂ ਰਹਿੰਦੀ । ਇਤਨਾ ਹਾਫ਼ਜ਼ਾ ਕਮਜ਼ੋਰ ਹੈ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਕੌਣ ਆਉਂਦਾ ਹੈ ਅਤੇ ਕੌਣ ਜਾਂਦਾ ਹੈ । ਇਕ ਦਫਤਰ ਦੇ ਡਾਇਰੈਕਟਰ ਦਾ ਜਦੋਂ ਇਹ ਹਾਲ ਹੋਵੇ ਤਾਂ ਆਪ ਹੀ ਅੰਦਾਜ਼ਾ ਲਾ ਲਉ ਮਹਿਕਮੇ ਦ ਕੀ ਹਾਲ ਹੋਵੇਗਾ । ਲੋਕਾਂ ਦੀ ਭਲਾਈ ਦਾ ਕੰਮ ਜਿਹੜਾ ਵੀ ਹੋਣਾ ਹੈ, ਤਦ ਹੀ ਠੀਕ ਤਰ੍ਹਾਂ ਨਾਲ

[ਸਰਦਾਰ ਦਲੀਪ ਸਿੰਘ ਪਾਂਧੀ]

ਹੋਵੇਗਾ ਜੇ ਸਿਆਣੇ ਆਦਮੀਆਂ ਨੂੰ ਅੱਗੇ ਆਉਣ ਦਾ ਮੌਕਾ ਦਿੱਤਾ ਜਾਵੇਗਾ । ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿ ਇਕ ਐਮ. ਐਲ. ਏ. ਦੀ ਵੀ ਪਰਵਾਹ ਨਾ ਕਰੇ, ਤੇ ਆਪਣਾ ਹੀ ਹੁਕਮ ਚਲਾਵੇ। ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਸ ਤਰ੍ਹਾਂ ਦੇ ਬੰਦਿਆਂ ਦੀ ਪ੍ਰੋਮੋਸ਼ਨ ਰੱਦ ਕਰ ਦੇਣੀ ਚਾਹੀਦੀ ਹੈ, ਜਿਹੜੇ ਕਾਬਲ ਨਾ ਹੋਣ । ਕਾਲਿਜਜ਼ ਵਿਚ ਪ੍ਰੋਫੈਸਰ ਇਸ ਤਰ੍ਹਾਂ ਦੇ ਲਗਾਏ ਜਾਂਦੇ ਹਨ ਜਿਹੜੇ ਕੁਆਲੀਫੀਕੇਸ਼ਨ ਫੁਲਫਿਲ ਨਹੀਂ ਕਰਦੇ । ਇਸ ਤਰ੍ਹਾਂ ਦੇ ਡਾਕਟਰ ਡਾਇਰੈਕਟਰ ਲਗਾ ਦੇਣਾ ਵੀ ਮੁਨਾਸਿਬ ਨਹੀਂ । ਇਸੇ ਤਰ੍ਹਾਂ ਜਿਹੜੀ ਡਾਕਟਰਾਂ ਦੇ ਵਿਚ ਪ੍ਰਾਈਵੇਟ ਪ੍ਰੈਕਟਿਸ ਦੀ ਬੀਮਾਰੀ ਹੈ ਇਹ ਵੀ ਹਟਾ ਦੇਣੀ ਚਾਹੀਦੀ ਹੈ । ਜੇ ਇਹ ਬੰਦ ਹੋਵੇਗੀ ਤਾਂ ਉਨ੍ਹਾਂ ਨੂੰ ਮਰੀਜ਼ਾਂ ਦੇ ਵੇਖਣ ਦਾ ਮੌਕਾ ਮਿਲੇਗਾ । ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਡਾਕਟਰਾਂ ਨੂੰ ਵੀ ਉਹੀ ਸੈਂਟਰ ਦੇ ਗਰੇਡ ਮਿਲਣੇ ਚਾਹੀਦੇ ਹਨ ਜਿਹੜੇ, ਕਿ ਆਈ. ਏ. ਐਸ. ਅਤੇ ਆਈ. ਐਫ. ਐਸ. ਦੇ ਹਨ । ਇਸ ਦੇ ਨਾਲ ਪੰਜਾਬ ਦੀ ਬੇਹਤਰੀ ਹੋਵੇਗੀ । ਹਸਪਤਾਲਾਂ ਦੇ ਵਿੱਚ ਜਿਤਨੀਆਂ ਵੀ ਦਾਈਆਂ, ਨਰਸਾਂ ਕੰਮ ਤੇ ਲਾਈਆਂ ਜਾਣ ਉਨ੍ਹਾਂ ਨੂੰ ਸਾਰੇ ਕੰਮ ਦੀ ਵਾਕਫੀਅਤ ਹੋਣੀ ਚਾਹੀਦੀ ਹੈ । ਟਰੇਂਡ ਦਾਈਆਂ ਦਾ ਗ੍ਰੇਡ ਵਧਾਉਣਾ ਚਾਹੀਦਾ ਹੈ । ਹਸਪਤਾਲ ਦੇ ਸਟਾਫ ਦੀ ਇੱਕ ਇਹ ਆਮ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਵਕਤ ਸਿਰ ਛੁੱਟੀ ਨਹੀਂ ਮਿਲਦੀ, ਹੁਣ ਤਾਂ ਛੁੱਟੀ ਕੈਦੀਆਂ ਨੂੰ ਵੀ ਮਿਲਦੀ ਹੈ ਇਸ ਲਈ ਇਨ੍ਹਾਂ ਨੂੰ ਜਿਤਨੀ ਛੁੱਟੀ ਇਨ੍ਹਾਂ ਦੀ ਬਣਦੀ ਹੈ, ਉਹ ਮਿਲਣੀ ਚਾਹੀਦੀ ਹੈ । ਹਸਪਤਾਲਾਂ ਦੇ ਮੁਲਾਜ਼ਮਾਂ ਨੂੰ ਮਕਾਨ ਵੀ ਨਹੀਂ ਮਿਲਦੇ, ਪਰ ਉਨ੍ਹਾਂ ਨੇ ਆਪਣੇ ਮੁਲਾਜ਼ਮਾਂ ਨੂੰ ਇਕ ਤਰ੍ਹਾਂ ਨਾਲ ਸ਼ਿਕਾਰ-ਗਾਹ ਦੇ ਜਾਨਵਰ ਬਣਾਇਆ ਹੋਇਆ ਹੈ । ਮੈਂ ਖ਼ਾਸ ਤੌਰ ਤੇ ਇਸ ਮੁਆਮਲੇ ਵੱਲ ਰਾਜਿੰਦਰਾ ਹਸਪਤਾਲ ਦੇ ਸਟਾਫ ਦੇ ਮੁਤਲਿਕ ਅਰਜ਼ ਕਰਾਂ ਕਿ ਉਥੇ ਇਕ ਸੁਪਰਡੰਟ ਹਨ, ਉਨ੍ਹਾਂ ਦੇ ਖਿਲਾਫ਼ ਮੁਰਦਾਬਾਦ ਦੇ ਨਾਹਰੇ ਲੱਗਦੇ ਰਹਿੰਦੇ ਹਨ । ਉਨ੍ਹਾਂ ਦੀ ਬਹਾਦਰੀ ਉਥੇ ਇਹੋ ਗਿਣੀ ਜਾਂਦੀ ਹੈ ਕਿ ਉਨ੍ਹਾਂ ਦੇ ਖ਼ਿਲਾਫ਼ ਦਵਾਈਆਂ ਵੇਚਣ ਦੇ ਅਤੇ ਹੋਰ ਵੀ ਬਹੁਤ ਸਾਰੇ ਇਲਜ਼ਾਮ ਹਨ । ਜਦੋਂ ਮਜ਼ਦੂਰਾਂ ਦੇ ਉਹ ਹੱਕ ਮਾਰਦਾ ਹੈ ਤਾਂ ਮਜਬੂਰੀ ਤੌਰ ਤੇ ਉਹਦੇ ਖਿਲਾਫ਼ ਨਾਹਰੇਬਾਜ਼ੀ ਹੁੰਦੀ ਹੈ । ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਜੋ ਫੋਰਥ ਕਲਾਸ ਦੀਆਂ ਦਾਈਆਂ ਹਨ, ਉਨਾਂ ਨੂੰ ਕੋਈ ਆਰਾਮ ਦਾ ਘੰਟਾ ਨਹੀਂ, ਲਗਾਤਾਰ 13 ਘੰਟੇ ਤਕ ਉਹ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਕੋਈ ਹੋਰ ਅਲਾਊਂਸ ਨਹੀਂ ਦਿੱਤਾ ਜਾਂਦਾ ।

ਸਪੀਕਰ ਸਾਹਿਬ, ਮੈਨੂੰ ਇਸ ਡਿਪਾਰਟਮੈਂਟ ਦਾ ਪਤਾ ਹੈ । ਸਾਡਾ ਵਾਹ ਇਨ੍ਹਾਂ ਹਸਪਤਾਲਾਂ ਦੇ ਨਾਲ ਪੈਂਦਾ ਰਹਿੰਦਾ ਹੈ । ਇਥੇ ਦੇ ਡਾਕਟਰ ਇਹ ਖਿਆਲ ਨਹੀਂ ਕਰਦੇ ਕਿ ਮਰੀਜ਼ ਮਰ ਰਿਹਾ ਹੈ ਜਾਂ ਬੱਚ ਜਾਵੇਗਾ । ਉਨ੍ਹਾਂ ਦੀ ਸੰਭਾਲ ਦਾ, ਸੈਨੀਟੇਸ਼ਨ ਦਾ ਕੋਈ ਪ੍ਰਬੰਧ ਨਹੀਂ ਹੈ । ਦਵਾਈਆਂ ਵੀ ਜਾਅਲੀ ਵਿਕਦੀਆਂ ਹਨ । ਇਸ ਦੇ ਇਲਾਵਾ ਜਿਹੜੀਆਂ ਦਵਾਈਆਂ ਸੈਂਪਲ ਦੇ ਤੌਰ ਤੇ ਆਉਂਦੀਆਂ ਹਨ ਉਨ੍ਹਾਂ ਦੇ ਨਾਲ ਇਹ ਡਾਕਟਰ ਆਪਣੀ ਪ੍ਰੈਕਟਿਸ ਚਲਾਉਂਦੇ ਹਨ । ਮੈਂ ਸਮਝਦਾ ਹਾਂ ਕਿ ਇਹ ਗੱਲ ਸੁਸਾਇਟੀ ਤੇ ਕਰਸ ਹੈ । ਮੈਂ ਸਮਝਦਾ ਹਾਂ ਕਿ ਉਹ ਸੈਂਪਲ ਦੀਆਂ ਦਵਾਈਆਂ ਗਰੀਬਾਂ ਨੂੰ ਮਿਲਣੀਆਂ ਚਾਹੀਦੀਆਂ ਹਨ । ਪਰ ਅੱਜ ਤਾਂ ਇਹ ਹਾਲਤ ਹੋ ਗਈ ਹੈ ਕਿ ਹਸਪਤਾਲਾਂ ਦੇ ਵਿੱਚ ਤਾਂ ਕੋਈ ਚੰਗੀ ਦਵਾਈ ਹੀ ਨਹੀਂ ਮਿਲਦੀ । ਗਰੀਬਾਂ ਦਾ ਇਲਾਜ ਹੋਣਾ ਮੁਸ਼ਕਲ ਹੋ ਗਿਆ ਹੈ ਅਤੇ ਅਮੀਰ ਹੀ ਠੀਕ ਤਰ੍ਹਾਂ ਇਲਾਜ ਕਰਵਾ ਸਕਦੇ ਹਨ । ਫਿਰ ਇਹ ਜਿਹੜੇ ਪ੍ਰੋਫੈਸਰ ਹਨ ਇਹ ਕਾਰਾਂ ਤੇ 20,20 ਮੀਲ ਦੂਰ ਮਰੀਜ਼ ਦੇਖਣ ਲਈ ਜਾਂਦੇ ਹਨ, ਫਿਰ ਉਥੇ ਉਹ ਪੜ੍ਹਾ ਕੀ ਸਕਦੇ ਹਨ । ਇਸੇ ਲਈ ਉਥੇ ਪਾਰਟੀਬਾਜ਼ੀ ਬਣੀ ਹੋਈ ਹੈ ਅਤੇ ਸਟੂਡੈਂਟ ਹੜਤਾਲ ਕਰ ਦਿੰਦੇ ਹਨ । ਮੈਂ ਵਜ਼ੀਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਉਹ ਇਸ ਪਾਸੇ ਧਿਆਨ ਦੇਣ । ਅੱਜ ਉਨ੍ਹਾਂ ਨੂੰ ਕੁਦਰਤ ਵੱਲੋਂ ਇਹ ਚੰਗਾ ਕੰਮ ਕਰਨ ਦਾ, ਸੁਧਾਰ

ਕਰਨ ਦਾ ਮੌਕਾ ਮਿਲਿਆ ਹੈ । ਜੇ ਉਹ ਇਹ ਕੰਮ ਕਰ ਜਾਣ ਤਾਂ ਪਜਾਬ ਦੇ ਲੋਕ ਉਨ੍ਹਾਂ ਨੂੰ ਵਧਾਈ ਦੇਣਗੇ । ਨਹੀਂ ਤਾਂ ਅੱਜ ਇਹ ਹਨ ਤਾਂ ਕਲ੍ਹ ਕੋਈ ਹੋਰ ਆ ਜਾਵੇਗਾ । ਕੰਮ ਕਦੇ ਨਹੀਂ ਰੁਕਦੇ। ਮੈਂ ਰਾਜਿੰਦਰਾ ਹਸਪਤਾਲ ਦੀ ਗੱਲ ਕਰਦਾ ਹਾਂ । ਉਥੇ ਤਾਂ ਇਹ ਹਾਲ ਹੈ ਕਿ ਉਥੇ ਕਈ ਐਸੇ ਬੰਦੇ ਹਨ ਜਿਹੜੇ ਕਿ ਉਥੇ ਹੀ ਲੱਗੇ ਸੀ ਅਤੇ ਉਥੇ ਹੀ ਰਿਟਾਇਰ ਹੋ ਜਾਂਦੇ ਹਨ । ਇਸ ਲਈ ਉਹ ਮਰੀਜ਼ਾਂ ਦੀ ਪਰਵਾਹ ਨਹੀਂ ਕਰਦੇ । ਕੋਈ ਮਰੀਜ਼ ਲੱਖ ਕਹੇ ਕਿ ਮੈਂ ਪੀੜ ਦੇ ਨਾਲ ਮਰ ਚਲਿਆ ਹਾਂ ਉਹ ਕਹਿਣਗੇ ਕਿ ਕੋਈ ਨਹੀਂ ਤੂੰ ਠੀਕ ਏਂ । ਫਿਰ ਉਹ ਮਰੀਜ਼ ਮਰ ਕੇ ਹੀ ਠੀਕ ਹੁੰਦਾ ਹੈ । ਹਰ ਥਾਂ ਤੇ ਇਹੀ ਹਾਲ ਹੈ । ਸੀ ਐਮ. ਓ. ਦਾ ਦਫ਼ਤਰ ਦੇਖ ਲਓ, ਉਥੇ ਵੀ ਇਹੀ ਹਾਲ ਹੈ । ਮੈਂ ਸਮਝਦਾ ਹਾਂ ਕਿ ਸਰਦਾਰ ਰਵੇਲ ਸਿੰਘ ਜੀ ਬੜੇ ਸਿਆਣੇ ਮਨਿਸਟਰ ਹਨ, ਉਹ ਅਜਿਹੀ ਹਾਲਤ ਕਦੇ ਵੀ ਨਹੀਂ ਰਹਿਣ ਦੇਣਗੇ । ਸਾਥੀ ਜੀ ਨੇ ਜੋ ਚਿੱਠੀਆਂ ਦਿਖਾਈਆਂ ਹਨ ਉਹ ਨਹੀਂ ਦਿਖਾਉਣੀਆਂ ਚਾਹੀਦੀਆਂ ਅਤੇ ਜਿਹੜੇ ਸੀਨੀਅਰ ਅਫ਼ਸਰਾਂ ਦੇ ਖਿਲਾਫ ਇਲਜ਼ਾਮ ਲੱਗੇ ਹਨ ਉਹ ਵੀ ਨਹੀਂ ਸੀ ਲੱਗਣੇ ਚਾਹੀਦੇ । ਜੇ ਉਹ ਮਨਿਸਟਰ ਸਾਹਿਬ ਇਨ੍ਹਾਂ ਸਾਰੀਆਂ ਖਰਾਬੀਆਂ ਨੂੰ ਦੂਰ ਕਰ ਜਾਣਗੇ ਤਾਂ ਪੰਜਾਬ ਦੇ ਲੋਕ ਉਨ੍ਹਾਂ ਨੂੰ ਮੁਬਾਰਕ-ਬਾਦ ਦੇਣਗੇ ।

ਫਿਰ, ਸਪੀਕਰ ਸਾਹਿਬ, ਪਿੰਡਾਂ ਦੇ ਵਿਚ ਡਿਸਪੈਂਸਰੀਆਂ ਖੁਲ੍ਹੀਆਂ ਹਨ । ਉਥੇ ਡਾਕਟਰ ਦੀ ਖੂਬੀ ਤਾਂ ਇਹ ਹੋਣੀ ਚਾਹੀਦੀ ਹੈ ਕਿ ਜਿਸ ਤਰ੍ਹਾਂ ਮੱਖੀਆਂ ਮਖਿਆਲ ਦੇ ਦੁਵਾਲੇ ਇਕਠੀਆਂ ਹੋ ਜਾਂਦੀਆਂ ਹਨ ਇਸੇ ਤਰ੍ਹਾਂ ਮਰੀਜ਼ ਡਾਕਟਰ ਦੇ ਦਵਾਲੇ ਇਕੱਠੇ ਹੋ ਜਾਣ । ਪਰ ਮੈਂ ਇਕ ਮਿਸਾਲ ਮੰਡੀ ਗੋਬਿੰਦਗੜ੍ਹ ਦੀ ਦੇਣੀ ਚਾਹੁੰਦਾ ਹਾਂ । ਉਥੇ ਦੇ ਡਾਕਟਰ ਦੇ ਕੋਲ ਕੋਈ ਵੀ ਮਰੀਜ਼ ਨਹੀਂ ਜਾਂਦਾ ਅਤੇ ਉਥੇ ਉਹ ਦੋਨੋਂ ਮੀਆਂ ਬੀਵੀ ਆਪਣੀ ਚਾਹ ਪਾਣੀ ਪੀਈ ਜਾਂਦੇ ਹਨ । ਉਨ੍ਹਾਂ ਦੀ ਉਥੋਂ ਬਦਲੀ ਵੀ ਨਹੀਂ ਕੀਤੀ ਜਾਂਦੀ । ਮੈਂ ਸਮਝਦਾ ਹਾਂ ਕਿ ਸ਼ਾਇਦ ਸਿਫ਼ਾਰਸ਼ਾਂ ਪੈ ਗਈਆਂ ਹਨ । ਪਰ ਮੈਂ ਅਰਜ਼ ਕਰਦਾ ਹਾਂ ਕਿ ਜੇ ਮਨਿਸਟਰ ਸਾਹਿਬ ਤੇ ਇਹੋ ਜਿਹੀਆਂ ਸਿਫ਼ਾਰਸ਼ਾਂ ਦਾ ਅਸਰ ਪੈ ਜਾਵੇਗਾ ਤਾਂ ਮਰੀਜ਼ਾਂ ਦਾ ਭੈੜਾ ਹਾਲ ਹੋ ਜਾਵੇਗਾ । ਫਿਰ ਜੇ ਤੁਸੀਂ ਉਥੇ ਦਾਖਲ ਹੋਵੋਗੇ ਤਾਂ ਤੁਸੀਂ ਮਰ ਜਾਉਗੇ ਅਤੇ ਜੇ ਮੈਂ ਦਾਖਲ ਹੋਵਾਂਗਾ ਤਾਂ ਮੈਂ ਮਰ ਜਾਵਾਂਗਾ । (ਹਾਸਾ)

ਸ੍ਰੀ ਸਪੀਕਰ : ਤੰਦਰੁਸਤਾਂ ਨੂੰ ਕਿਉਂ ਦਾਖ਼ਲ ਕਰਵਾਉਂਦੇ ਹੋ । (ਹਾਸਾ) (Why do you want the Members who are hale and hearty to be admitted in the hospital ? (laughter)

ਸਰਦਾਰ ਦਲੀਪ ਸਿੰਘ ਪਾਂਧੀ : ਅੱਜ ਹਰ ਗੱਲ ਪੈਸੇ ਦੀ ਹੈ । ਡਾਕਟਰ ਵੀ ਪੈਸੇ ਲੈ ਕੇ ਸਰਟੀਫ਼ਿਕੇਟ ਦੇ ਦਿੰਦੇ ਹਨ । ਇਕ ਸਮਾਂ ਸੀ ਕਿ ਜਦੋਂ ਡਾਕਟਰ ਦੀ ਗੱਲ ਸੱਚ ਮੰਨੀ ਜਾਂਦੀ ਸੀ । ਪਰ ਅੱਜ ਤਾਂ ਪੈਸੇ ਦੇ ਕੇ ਭਾਵੇਂ ਪਾਗਲ ਹੋਣ ਦਾ ਸਰਟੀਫ਼ਿਕੇਟ ਲੈ ਲਓ ਜਾਂ ਮਰੇ ਹੋਏ ਦਾ ਲੈ ਲਓ । ਭਾਵੇਂ 24 ਦਾ ਲੈ ਲਓ ਭਾਵੇਂ 25 ਦਾ ਲੈ ਲਓ । ਡਾਕਟਰ ਨੂੰ ਤਾਂ ਮਰੀਜ਼ ਦਾ ਮਾਂ ਪਿਓ ਕਿਹਾ ਜਾ ਸਕਦਾ ਹੈ, ਪਰ ਉਹ ਲੋਕਾਂ ਦੀ ਕੋਈ ਸੰਭਾਲ ਨਹੀਂ ਕਰ ਰਹੇ । ਮੈਂ ਸਮਝਦਾ ਹਾਂ ਕਿ ਪੁਲੀਸ ਦੇ ਮਹਿਕਮੇ ਤੇ ਵੀ ਕੁਰੱਪਸ਼ਨ ਦੇ ਚਾਰਜ ਲੱਗਦੇ ਹਨ ਅਤੇ ਹੋਰ ਮਹਿਕਮਿਆਂ ਤੇ ਵੀ ਇਲਜ਼ਾਮ ਲੱਗਦੇ ਹਨ । ਪਰ ਉਹ ਮਹਿਕਮੇ ਇਤਨੇ ਇੰਪਾਰਟੈਂਟ ਨਹੀਂ ਹਨ, ਜਿਤਨਾ ਕਿ ਸਿਹਤ ਦਾ ਮਹਿਕਮਾ ਹੈ । ਲੋਕਾਂ ਦੀ ਸਿਹਤ ਨਾਲ ਇਸ ਦਾ ਸਿੱਧਾ ਸਬੰਧ ਹੈ । ਤੰਦਰੁਸਤੀ ਬਖਸ਼ਣਾ ਡਾਕਟਰ ਦਾ ਕੰਮ ਹੋਣਾ ਚਾਹੀਦਾ ਹੈ, ਪਰ ਅੱਜ ਕਲ੍ਹ ਡਾਕਟਰਾਂ ਦੀ ਮਰਜ਼ੀ ਹੁੰਦੀ ਹੈ ਕਿ ਮਰੀਜ਼ ਤੋਂ ਵੱਧ ਤੋਂ ਵੱਧ ਪੈਸਾ ਖਿਚਿਆ ਜਾਵੇ,

[ਸਰਦਾਰ ਦਲੀਪ ਸਿੰਘ ਪਾਂਧੀ]
ਵੱਧ ਤੋਂ ਵੱਧ ਪੈਸਾ ਨਚੋੜਿਆ ਜਾਵੇ ਅਤੇ ਮਰੀਜ਼ ਭਾਵੇਂ ਮਰੇ ਭਾਵੇਂ ਜੀਵੇ । ਮੈਂ ਸਮਝਦਾ ਹਾਂ ਕਿ ਆਈ. ਏ. ਐਸ. ਦੇ ਅਫਸਰਾਂ ਦੇ ਵਾਂਗ ਡਾਕਟਰਾਂ ਦੀਆਂ ਬਦਲੀਆਂ ਵੀ ਦੂਸਰੇ ਪ੍ਰਾਂਤਾਂ ਵਿਚ ਹੋਣੀਆਂ ਚਾਹੀਦੀਆਂ ਹਨ । ਕਿਸੇ ਨੂੰ ਹਰਿਆਣੇ ਦੇ ਵਿਚ ਭੇਜ ਦੇਣਾ ਚਾਹੀਦਾ ਹੈ ਅਤੇ ਕਿਸੇ ਨੂੰ ਹਿਮਾਚਲ ਦੇ ਵਿਚ, ਤਾਂਕਿ ਇਹ ਅੱਡੇ ਟੁੱਟ ਸਕਣ ਅਤੇ ਲੋਕਾਂ ਦਾ ਵੀ ਭਲਾ ਹੋ ਸਕੇ ।

ਸ੍ਰੀ ਸਪੀਕਰ : ਮਿਹਰਬਾਨੀ ਕਰ ਕੇ ਵਾਈਂਡ ਅਪ ਕਰ ਦਿਓ । (Please wind up your speech now.)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਇੱਕ ਮਿੰਟ ਹੀ ਲਵਾਂਗਾ ਅਤੇ ਤੁਹਾਡੇ ਹੁਕਮ ਦੀ ਪਾਲਣਾ ਕਰਾਂਗਾ । ਮੈਂ ਅਰਜ਼ ਕਰਦਾ ਹਾਂ ਕਿ ਕਈਆਂ ਕਰਮਚਾਰੀਆਂ ਦੀ ਸਾਰੀ ਸਾਰੀ ਉਮਰ ਬਦਲੀ ਨਹੀਂ ਹੁੰਦੀ । ਰਾਜਿੰਦਰਾ ਹਸਪਤਾਲ ਵਿਚ ਇਕ ਸੁਪਰਡੰਟ, ਮਿਸਟਰ ਗੋਇਲ ਹੈ । ਉਹ ਸ਼ੁਰੂ ਤੋਂ ਹੀ ਉਥੇ ਲੱਗਾ ਹੋਇਆ ਹੈ । ਇਸ ਲਈ ਉਨ੍ਹਾਂ ਵਿਚੋਂ ਕਿਸੇ ਨੂੰ ਸੰਗਰੂਰ ਭੇਜ ਦਿਉ, ਕਿਸੇ ਨੂੰ ਅੰਮ੍ਰਿਤਸਰ ਭੇਜ ਦਿਉ । ਇਕ ਤਾਂ ਹਵਾ ਪਾਣੀ ਬਦਲ ਜਾਵੇਗਾ, ਨਾਲੇ ਉਨ੍ਹਾਂ ਦੇ ਇਹ ਅੱਡੇ ਟੁੱਟ ਜਾਣਗੇ ਅਤੇ ਲੋਕਾਂ ਨੂੰ ਸਹੂਲਤ ਮਿਲ ਜਾਵੇਗੀ । ਇੰਨਾਂ ਕਹਿ ਕੇ ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੇ ਉਹ ਹਾਊਸ ਦੇ ਵਿਚ ਵੋਟ ਲੈਣ ਤਾਂ ਇਕ ਵੀ ਵੋਟ ਡਾਇਰੈਕਟਰ ਹੈਲਥ ਸਰਵਿਸ ਨੂੰ ਨਹੀਂ ਪਵੇਗਾ, ਇਸ ਲਈ ਉਸ ਨੂੰ ਬਦਲ ਦਿੱਤਾ ਜਾਣਾ ਚਾਹੀਦਾ ਹੈ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ, ਦੱਖਣ) : ਸਪੀਕਰ ਸਾਹਿਬ, ਅੱਜ ਹਾਊਸ ਦੇ ਸਾਹਮਣੇ 4 ਡਿਮਾਡਾਂ ਤੇ ਡਿਸਕਸ਼ਨ ਹੋ ਰਹੀ ਹੈ ... (ਵਿਘਨ)

ਚੌਧਰੀ ਸੱਤਦੇਵ : ਡਿਮਾਂਡਾਂ ਤੇ ਹੀ ਬੋਲਣਾ, ਜਨਸੰਘ ਤੇ ਨਾ ਚੜ੍ਹ ਜਾਣਾ । (ਹਾਸਾ)

ਚੌਧਰੀ ਜਗਤ ਰਾਮ : ਇਹ ਜਨਸੰਘ ਵੀ ਕੋਈ ਘੋੜੀ ਹੈ ਜਿਸ ਤੇ ਇਹ ਚੜ੍ਹ ਜਾਣਗੇ ? (ਹਾਸਾ)

ਚੌਧਰੀ ਬਲਬੀਰ ਸਿੰਘ : ਇਨ੍ਹਾਂ ਦਾ ਤਾਂ 'ਚੋਰ ਦੀ ਦਾੜ੍ਹੀ ਵਿਚ ਤਿਨਕੇ' ਵਾਲਾ ਹਿਸਾਬ ਹੈ ।

ਸਰਦਾਰ ਕਿਰਪਾਲ ਸਿੰਘ : ਇਹ ਗੱਲ ਬਿਲਕੁਲ ਠੀਕ ਕਹੀ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ 4 ਡਿਮਾਂਡਾਂ ਤੇ ਅੱਜ ਹਾਊਸ ਵਿਚ ਬਹਿਸ ਹੋ ਰਹੀ ਹੈ । ਇਨ੍ਹਾਂ ਵਿਚੋਂ ਦੋ ਡਿਮਾਂਡਾਂ ਮੈਡੀਕਲ ਨਾਲ ਸਬੰਧ ਰੱਖਦੀਆਂ ਹਨ ਅਤੇ ਬਾਕੀ ਦੀਆਂ ਇੰਡਸਟਰੀ ਦੇ ਨਾਲ । ਸਪੀਕਰ ਸਾਹਿਬ, ਇਹ ਇਕ ਬੜੀ ਖੁਸ਼ੀ ਦੀ ਗੱਲ ਹੈ ਕਿ ਹਾਊਸ ਦੇ ਜਿਤਨੇ ਵੀ ਮੈਂਬਰ ਇਨ੍ਹਾਂ ਡਿਮਾਂਡਾਂ ਤੇ ਬੋਲੇ ਹਨ, ਉਨ੍ਹਾਂ ਨੇ ਇਨ੍ਹਾਂ ਮਹਿਕਮਿਆਂ ਨੂੰ, ਜੋ ਟ੍ਰਿਬਿਊਟ ਪੇਸ਼ ਕੀਤੇ ਹਨ ਅਤੇ ਜੋ ਸ਼ਲਾਘਾ ਕੀਤੀ ਹੈ, ਉਹ ਸਾਡੇ ਸਾਹਮਣੇ ਹੈ । ਇਹ ਖੁਸ਼ੀ ਦੀ ਗੱਲ ਹੈ ਕਿ ਸਾਰੇ ਹਾਊਸ ਦੇ ਮੈਂਬਰ ਇਕੋ ਤਰ੍ਹਾਂ ਹੀ ਇਸ ਚੀਜ਼ ਦੇ ਬਾਰੇ ਸੋਚਦੇ ਹਨ । ਉਨ੍ਹਾਂ ਦੀ ਮੁਤਫ਼ਿਕਾ ਰਾਏ ਹੈ ਕਿ ਇਨ੍ਹਾਂ ਮਹਿਕਮਿਆਂ ਵਿਚ ਬੜੀ ਹੇਰਾ ਫੇਰੀ ਹੈ ਅਤੇ ਇਹ ਮਹਿਕਮੇ ਸੁਧਾਰੇ ਜਾਣੇ ਚਾਹੀਦੇ ਹਨ ।

ਮੈਂ ਅਰਜ਼ ਕਰਦਾ ਹਾਂ ਕਿ ਭਾਰਤੀ ਜਨਸੰਘ ਨੇ ਇਹ ਮੰਗ ਕੀਤੀ ਸੀ ਕਿ ਹਿੰਦੁਸਤਾਨ ਦੀਆਂ ਸਾਰੀਆਂ ਅਕਲੀਅਤਾਂ ਦਾ ਭਾਰਤੀਕਰਨ ਕੀਤਾ ਜਾਵੇ । ਉਹ ਤਾਂ ਭਾਵੇਂ ਨਹੀਂ ਹੋ ਸਕਿਆ ਪਰ ਇਨ੍ਹਾਂ ਜਨਸੰਘੀਆਂ ਨੇ ਪੰਜਾਬ ਦੀ ਇੰਡਸਟਰੀ ਦਾ ਜ਼ਰੂਰ ਜਨਸੰਘੀਕਰਨ ਕਰ ਲਿਆ ਹੈ । ਇਥੇ ਬਹੁਤ ਸਾਰੀਆਂ

ਗਲਾਂ ਕਹੀਆਂ ਗਈਆਂ ਹਨ ਜਿਹੜੀਆਂ ਮੈਂ ਸੁਣ ਲਈਆਂ ਹਨ, ਮੈਂ ਉਨ੍ਹਾਂ ਨੂੰ ਦੁਹਰਾਵਾਂਗਾ ਨਹੀਂ। ਜਿਹੜੀਆਂ ਮੈਂ ਨਹੀਂ ਸੁਣੀਆਂ ਕੇਵਲ ਉਹ ਹੀ ਕਹਾਂਗਾ।

ਸਪੀਕਰ ਸਾਹਿਬ, ਪੰਜਾਬ ਦੇ ਵਿਚ ਟਰੈਕਟਰ ਫੈਕਟਰੀ ਲਗਾਉਣ ਦੀ ਗੱਲ ਬੜੀ ਦੇਰ ਤੋਂ ਹੋ ਰਹੀ ਹੈ, ਪਰ ਇਥੇ ਲਗਾਈ ਨਹੀਂ ਗਈ। ਪਟਿਆਲੇ ਦੀ ਇਕ ਫਰਮ ਨੂੰ ਇਹ ਲਾਈਸੈਂਸ ਦਿਤਾ ਗਿਆ ਹੈ ਕਿ ਉਹ ਟਰੈਕਟਰ ਬਣਾਵੇ। ਉਸ ਨੇ ਪਹਿਲੇ ਕੁਝ ਚਿਰ ਤਾਂ ਬਾਹਰੋਂ ਟਰੈਕਟਰ ਦਰਾਮਦ ਕਰਨੇ ਹਨ ਅਤੇ ਆਹਿਸਤਾ ਆਹਿਸਤਾ ਆਪ ਬਣਾਉਣੇ ਹਨ। ਪਰ ਇਸ ਫ਼ਰਮ ਨੇ ਕਦੇ ਕੰਮ ਸ਼ੁਰੂ ਨਹੀਂ ਕੀਤਾ। ਸ਼ਾਇਦ ਉਹ ਇਸ ਕੰਮ ਦੇ ਵਿਚ ਸਪੈਸ਼ੇਲਾਈਜ਼ ਹੋਵੇ ਉਸ ਫ਼ਰਮ ਨੂੰ ਲਾਈਸੈਂਸ ਮਿਲਦਾ ਹੈ, ਕੋਟੇ ਮਿਲਦੇ ਹਨ, ਪਰ ਟਰੈਕਟਰ ਕਦੇ ਨਹੀਂ ਬਣਦੇ। ਸੁਣਿਆ ਹੈ ਕਿ ਕਲਕਤੇ ਦੀ ਇਕ ਫ਼ਰਮ ਹੈ ਉਸਨੇ ਟਰੈਕਰਾਂ ਦਾ ਕੰਮ ਸ਼ੁਰੂ ਕਰਨ ਲਈ ਲਾਈਸੈਂਸ ਮੰਗਿਆ ਸੀ, ਪਰ ਉਸਨੂੰ ਨਹੀਂ ਦਿੱਤਾ ਗਿਆ। ਉਹ ਬਨਾਉਣ ਦੇ ਕਾਬਲ ਸੀ, ਪਰ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਪਟਿਆਲੇ ਅਤੇ ਕਲਕੱਤੇ ਦੀਆਂ ਫ਼ਰਮਾਂ ਲਾਈਸੈਂਸ ਲੈ ਕੇ ਅਤੇ ਉਸਦੇ ਮੁਤਾਬਿਕ ਦਰਾਮਦ ਕਰ ਕੇ ਨਫ਼ਾ ਖਾ ਲੈਂਦੀਆਂ ਹਨ ਅਤੇ ਫਿਰ ਦੂਜੇ ਮੇਕਰ ਦੇ ਲਾਈਸੈਂਸ ਲੈਣ ਦੀ ਕੋਸ਼ਿਸ਼ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਫੈਕਟਰੀ ਨਾ ਲੱਗਣ ਦੇਣਾ ਇਸ ਕਰ ਕੇ ਵੀ ਹੋ ਸਕਦਾ ਹੈ ਕਿ ਟਰੈਕਟਰਾਂ ਦੀ ਇਕ ਫੈਕਟਰੀ ਫਰੀਦਾਬਾਦ ਦੇ ਵਿਚ ਵੀ ਲੱਗੀ ਹੋਈ ਹੈ। ਉਥੇ ਵੈਸਟਿਡ ਇੰਟਰੈਸਟ ਦਾ ਸਵਾਲ ਆ ਜਾਂਦਾ ਹੈ। ਸਾਡੇ ਦੇਸ਼ ਦੀ ਇਹ ਮਨਟੈਲਿਟੀ ਬਣ ਗਈ ਹੈ ਕਿ ਜਿਥੇ ਲੋਕਾਂ ਨੂੰ ਰਿਸ਼ਵਤ ਮਿਲ ਜਾਵੇ ਉਹ ਲੋਕ ਭਲਾਈ ਤੇ ਦੇਸ਼ ਭਲਾਈ ਭੁਲ ਜਾਂਦੇ ਹਨ। ਫਿਰ ਦੂਸਰੀ ਗਲ ਹੈ ਨੈਸ਼ਨੇਲਾਈਜ਼ ਕਰਨ ਦੀ। ਜਨਸੰਘ ਵੀ ਨੇਸ਼ਨੇਲਾਈਜ਼ੇਸ਼ਨ ਦਾ ਵਿਰੋਧੀ ਹੈ। ਇਸ ਵਾਸਤੇ ਪਬਲਿਕ ਸੈਕਟਰ ਵਿਚ ਲਗਣ ਵਾਲੀ ਟਰੈਕਟਰ ਫੈਕਟਰੀ ਵਿਚ ਕੋਈ ਉਤਸ਼ਾਹ ਨਹੀਂ ਵਿਖਾਇਆ ਗਿਆ। ਇਸ ਲਈ ਪ੍ਰਾਈਵੇਟ ਸੈਕਟਰ ਦੀ ਇਹ ਵੀ ਇਕ ਕੋਸ਼ਿਸ਼ ਹੁੰਦੀ ਹੈ ਕਿ ਰਿਸ਼ਵਤ ਦੇ ਕੇ ਪਬਲਿਕ ਸੈਕਟਰ ਨੂੰ ਫੇਲ੍ਹ ਕੀਤਾ ਜਾਵੇ। ਇਸ ਲਈ ਹੀ ਪਬਲਿਕ ਸੈਕਟਰ ਦੀ ਨੁਕਤਾਚੀਨੀ ਕੀਤੀ ਜਾਂਦੀ ਹੈ। ਹੁਣ ਤਾਂ ਇਹ ਹਾਲਤ ਹੈ ਕਿ ਜਿਨ੍ਹਾਂ ਦੇ ਜ਼ਿਮੇਂ ਦੇਸ਼ ਵਿਚ ਪਬਲਿਕ ਸੈਕਟਰ ਦੀ ਤਰੱਕੀ ਦਾ ਕੰਮ ਹੈ ਉਹ ਪ੍ਰਾਈਵੇਟ ਸੈਕਟਰ ਦੇ ਹਥ ਠੋਕੇ ਬਣ ਚੁਕੇ ਹਨ।

> "ਪਹਿਲੇ ਅਮੀਰੀ ਕਾ ਗ਼ਮ ਥਾ, ਅਬ ਆਜ਼ਾਦ ਹੋਨੇ ਪਰ ਯਿਹ ਗ਼ਮ ਹੈ,
> ਹਰ ਸ਼ਾਖ ਪਰ ਉੱਲੂ ਕਾਬਿਜ਼ ਹੈ, ਅੰਜਾਮੇ ਗੁਲਿਸਤਾਂ ਕਿਆ ਹੋਗਾ।"

ਇਸ ਗੁਲਿਸਤਾਂ ਦੀ ਕੀ ਹਾਲਤ ਹੋਵੇਗੀ ਕੋਈ ਨਹੀਂ ਕਹਿ ਸਕਦਾ।

ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਵੂਲ ਯਾਰਨ ਦੀ ਫੈਕਟਰੀ ਲਾਉਣ ਦੀ ਗੱਲ ਕੀਤੀ ਹੈ। ਮੈਂ ਦੱਸਦਾ ਹਾਂ ਕਿ ਲੁਧਿਆਣੇ ਵਿਚ ਇਨ੍ਹਾਂ ਨੇ ਇੱਕ ਵੂਲ ਕੂਮਿੰਗ ਪਲਾਂਟ ਲਾਇਆ ਹੈ। ਮੈਂਡੋਲਾ ਵਾਲਿਆਂ ਨੇ ਵੀ ਇੱਕ ਵੂਲ ਕੂਮਿੰਗ ਪਲਾਂਟ ਲਾਇਆ ਹੈ। ਉਹ ਅੰਮ੍ਰਿਤਸਰ ਦੇ ਹੀ ਹਨ। ਉਹ ਦੱਸਦੇ ਹਨ ਕਿ ਕਿ ਵੂਲ ਯਾਰਨ ਅਤੇ ਸਪਿਨਿੰਗ ਦੇ ਵਿੱਚ ਬੜੀ ਆਮਦਨ ਹੈ। ਇਸ ਦੇ ਬਾਵਜੂਦ ਵੀ ਇਸ ਪਾਸੇ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਮਨਿਸਟਰੀ ਦੂਜੀ ਵਾਰ ਆਈ ਹੈ। 1967 ਵਿੱਚ ਵੀ ਇਹ 8-9 ਮਹੀਨਿਆਂ ਵਾਸਤੇ ਰਹੇ ਸੀ ਅਤੇ ਹੁਣ ਵੀ ਇਨ੍ਹਾਂ ਨੂੰ ਇਕ ਸਾਲ ਹੋ ਗਿਆ ਹੈ, ਪੰਜਾਬ ਤੇ ਰਾਜ ਕਰਦਿਆਂ ਨੂੰ ਪਰ ਇਸ ਸਮੇਂ ਦੇ ਵਿੱਚ ਉਸ ਪਲਾਂਟ ਨੂੰ ਨਹੀਂ ਚਾਲੂ ਕਰ ਸਕੇ। ਉਹ ਪਲਾਂਟ ਇਤਨਾ ਵੱਡਾ ਹੈ ਕਿ ਜੇ ਕਿਸੇ ਪ੍ਰਾਈਵੇਟ ਇੰਡਸਟਰੀ ਨੂੰ ਦੇ ਦਿੱਤਾ

[ਸਰਦਾਰ ਕਿਰਪਾਲ ਸਿੰਘ]

ਜਾਵੇ ਤਾਂ ਉਥੋਂ 3-4 ਲੱਖ ਰੁਪਿਆ ਸਿਰਫ ਕਿਰਾਇਆ ਹੀ ਆ ਸਕਦਾ ਹੈ। ਇਹ ਇਸ ਲਈ ਹੈ ਕਿ ਮਨਾਪੋਲਿਸਟ ਇਹ ਨਹੀਂ ਚਾਹੁੰਦੇ ਕਿ ਪਬਲਿਕ ਸੈਕਟਰ ਠੀਕ ਤਰ੍ਹਾਂ ਕੰਮ ਕਰੇ।

ਫਿਰ, ਸਪੀਕਰ ਸਾਹਿਬ, ਇਥੇ ਇਹ ਚਾਰਜਿਜ਼ ਲਗਾਏ ਗਏ ਹਨ ਕਿ ਇੰਡਸਟਰੀ ਦਾ ਜਨਸੰਘੀ-ਕਰਨ ਹੋ ਗਿਆ ਹੈ। ਇੰਡਸਟਰੀ ਦੇ ਮਹਿਕਮੇ ਤੇ ਕੋਈ ਵੀ ਰੂਲ ਲਾਗੂ ਨਹੀਂ ਹੁੰਦੇ, ਨਾ ਇੰਪਲਾਇਮੈਂਟ ਐਕਸਚੇਂਜ ਕੋਲੋਂ ਹੀ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ। ਹੁਣ ਤਾਂ ਜਿਹੜਾ ਖਲਾਸੀਆਂ ਦੇ ਮਹੱਲੇ ਅੰਮ੍ਰਿਤਸਰ ਵਿੱਚੋਂ, ਜਾਂ ਡਾਕਟਰ ਬਲਦੇਵ ਪ੍ਰਕਾਸ਼ ਦੇ ਗਵਾਂਢ ਵਿੱਚੋਂ ਜਾਂ ਲੂਣ ਮੰਡੀ ਵਿੱਚੋਂ ਆਵੇ ਉਹ ਹੀ ਕੁਆਲੀਫਾਈਡ ਹੈ। ਜੇ ਉਸ ਨੇ ਨਿੱਕਰ ਪਾਕੇ 4 ਦਿਨ ਲੈਫਟ ਰਾਈਟ ਕਰ ਲਈ ਤਾਂ ਉਸ ਦੀ ਕੁਆਲੀਫਿਕੇਸ਼ਨ ਪੂਰੀ ਹੋ ਜਾਂਦੀ ਹੈ।

ਫਿਰ ਇਥੇ ਕੋਟਿਆਂ ਦੀ ਗੱਲ ਚੱਲੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਅੰਮ੍ਰਿਤਸਰ ਵਿੱਚ ਇੱਕ ਇੱਕ ਹੱਟੀ ਤੇ ਦੋ ਦੋ ਫਟੇ ਲਗੇ ਹੋਏ ਹਨ। ਉਨ੍ਹਾਂ ਨੇ ਵੱਖੋ ਵੱਖਰੀਆਂ ਫਰਮਾਂ ਬਣਾਈਆਂ ਹੋਈਆਂ ਹਨ। ਉਨ੍ਹਾਂ ਵਿੱਚੋਂ ਕੋਈ ਜਨਸੰਘ ਮੰਡਲ ਦਾ ਪ੍ਰਧਾਨ ਹੈ ਅਤੇ ਕੋਈ ਸੈਕਟਰੀ। ਜਿਨ੍ਹਾਂ ਨੂੰ ਕਦੇ ਕਤਰਾ ਏ-ਆਬ ਨਹੀਂ ਸੀ ਨਸੀਬ ਹੋਇਆ ਉਹ ਹੁਣ ਰੱਜ ਰੱਜ ਕੇ ਨਹਾਉਣ ਨੂੰ ਤਿਆਰ ਹਨ ਅਤੇ ਇੰਤਜ਼ਾਰ ਕਰ ਰਹੇ ਹਨ ਕਿ ਕਦੋਂ ਕੋਟਾ ਆਉਂਦਾ ਹੈ। ਕੁਰੱਪਸ਼ਨ ਦੀ ਗੱਡੀ ਜਿਥੇ ਕਾਂਗਰਸ ਛੱਡ ਕੇ ਗਈ ਸੀ, ਉਸ ਨੂੰ ਇਨ੍ਹਾਂ ਨੇ ਇਤਨਾ ਅੱਗੇ ਖੜਿਆ ਹੈ ਕਿ ਵੱਡੇ ਵੱਡੇ ਮਹਾਂਰਥੀ ਵੀ ਰਸ਼ਕ ਕਰਦੇ ਹਨ। ਅੱਜ ਇਨ੍ਹਾਂ ਦੇ ਹੱਥਾਂ ਵਿੱਚ ਗੇਂਦ ਆ ਗਈ ਹੈ। ਕਲ੍ਹ ਅਗੇ ਲੰਘ ਜਾਵੇਗੀ।

ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਇੰਡਸਟਰੀ ਸਾਡੇ ਦੇਸ਼ ਦਾ ਸਰਮਾਇਆ ਹੈ। ਇਸ ਉਤੇ ਅਸੀਂ ਗੌਰਮਿੰਟ ਆਫ਼ ਇੰਡੀਆ ਨਾਲ ਇਸ ਤਰ੍ਹਾਂ ਦੀ ਲੜਾਈ ਨਹੀਂ ਲੜੀ ਜਿਸ ਨਾਲ ਕਿ ਅਸੀਂ ਇਹ ਚੀਜ਼ ਮੁਮਕਿਨ ਬਣਾ ਸਕਦੇ ਕਿ ਪੰਜਾਬ ਵਿੱਚ ਹੈਵੀ ਇੰਡਸਟਰੀ ਲੱਗਣੀ ਚਾਹੀਦੀ ਹੈ। ਸਮਾਲ ਸਕੇਲ ਇੰਡਸਟਰੀਜ਼ ਬਾਰੇ ਬਾਰਡਰ ਦੇ ਏਰੀਏ ਵਿੱਚ ਅਜਿਹੀਆਂ ਇੰਡਸਟਰੀਜ਼ ਨੂੰ ਸਹੂਲਤਾਂ ਦੇਣ ਬਾਰੇ ਬਹੁਤ ਕੁਝ ਕਿਹਾ ਗਿਆ ਹੈ। (ਵਿਘਨ) ਲੇਕਿਨ ਇਸ ਚੀਜ਼ ਦਾ ਤਾਂ ਮੌਕੇ ਤੇ ਜਾਕੇ ਹੀ ਪਤਾ ਲੱਗਦਾ ਹੈ। ਇਹ ਇੰਡਸਟਰੀ ਤਬਾਹ ਹੋ ਰਹੀ ਹੈ। ਅੰਮ੍ਰਿਤਸਰ ਵਿੱਚ 78 ਸਿਲਕ ਆਰਟ ਇੰਡਸਟਰੀਜ਼ ਤੇ ਗੌਰਮਿੰਟ ਆਫ ਇੰਡੀਆ ਵਲੋਂ ਨਵੀਂ ਐਕਸਾਈਜ਼ ਡਿਊਟੀ ਲੱਗੀ ਹੈ, ਇਸ ਸਕੇਲ ਮੁਤਾਬਿਕ 5/- ਰੁਪਏ ਗਜ਼ ਤੋਂ ਉਤੇ ਦੇ ਕਪੜੇ ਉਤੇ ਇੱਕੋ ਰੇਟ ਫਿਕਸ ਕੀਤਾ ਹੈ। ਜਿਹੜਾ ਅੰਮ੍ਰਿਤਸਰ ਦੀ ਸਮਾਲ ਸਕੇਲ ਇੰਡਸਟਰੀ ਲਈ ਬਹੁਤ ਨੁਕਸਾਨ ਹੈ। ਅਸੀਂ ਬਾਂਬੇ ਅਤੇ ਗਵਾਲੀਅਰ ਦਾ ਮੁਕਾਬਲਾ ਨਹੀਂ ਕਰ ਸਕਦੇ। ਅਗਰ ਪੰਜਾਬ ਸਰਕਾਰ 5/- ਦੀ ਬਜਾਏ 10/- ਰੁਪਏ ਕਰਵਾਉਣ ਵਿੱਚ ਸਫਲ ਹੋ ਜਾਵੇ, ਤਾਂ ਇਸ ਨਾਲ ਅੰਮ੍ਰਿਤਸਰ ਦੀ ਇੰਡਸਟਰੀ ਬਚ ਸਕਦੀ ਹੈ। ਮੈਨੂੰ ਪਤਾ ਨਹੀਂ, ਟੰਡਨ ਸਾਹਿਬ, ਜੋ ਕਿ ਅੰਮ੍ਰਿਤਸਰ ਤੋਂ ਚੰਗੀ ਤਰ੍ਹਾਂ ਵਾਕਫ਼ ਹਨ, ਇਨ੍ਹਾਂ ਨੇ ਇਸ ਪਾਸੇ ਕੁਝ ਕੀਤਾ ਹੈ ਜਾਂ ਕਿ ਨਹੀਂ? (ਘੰਟੀ) (ਵਿਘਨ) ਇਹ ਜਿਸ ਤਰ੍ਹਾਂ ਨਾਲ ਤੁਰੀ ਜਾਂਦੇ ਹਨ, ਇਸ ਦੇ ਬਾਰੇ ਮੈਂ ਅਰਜ਼ ਕਰਾਂ:

"ਹਵਾ ਕੇ ਰੁਖ ਪੇ ਉਡਤੀ ਖਾਕ ਮੰਜ਼ਲ ਕਿਆ ਬਤਾਇਗੀ
ਕਰੇਗਾ ਰਹਿਨੁਮਾਈ ਪੇ ਗੁਬਾਰੇ ਕਾਰਵਾਨ ਕਬ ਤਕ"।

ਇਹ ਗੁਬਾਰੇ ਹੀ ਹਨ।

ਦੂਸਰੀ ਗੱਲ ਮੈਂ ਪਬਲਿਕ ਹੈਲਥ ਦੇ ਮੁਤੱਲਕ ਕਰਨੀ ਚਾਹੁੰਦਾ ਹਾਂ। ਪੀਣ ਦੇ ਪਾਣੀ ਦੀ ਬੜੀ

ਇਲਾਕਿਆਂ ਵਿੱਚ ਬੜੀ ਭਾਰੀ ਪਰਾਬਲਮ ਹੈ, ਜਿਸ ਤਰ੍ਹਾਂ ਕਿ ਕੰਡੀ ਦੇ ਇਲਾਕਿਆਂ ਵਿੱਚ । ਇਸ ਲਈ ਸਾਢੇ ਬਾਰਾਂ ਪਰਸੈਂਟ ਖਰਚ ਵਸੂਲ ਕਰਨ ਦਾ ਹੁਕਮ ਹੋਇਆ ਹੈ । ਇਹ ਕੋਈ ਚੰਗੀ ਗੱਲ ਨਹੀਂ ਹੈ । ਇਸ ਨੂੰ ਕਾਂਗਰਸ ਗੌਰਮੈਂਟ ਨੇ ਵੀ ਵਾਪਿਸ ਲੈ ਲਿਆ ਸੀ । ਪਬਲਿਕ ਹੈਲਥ ਡਿਪਾਰਟਮੈਂਟ ਵਲੋਂ ਬਣਾਈ ਜਾ ਰਹੀ ਅੰਡਰ ਗਰਾਊਂਡ ਡਰੇਨੇਜ ਸਿਸਟਮ ਵੀ ਕਾਫ਼ੀ ਪਰਾਬਲਮ ਹੈ । ਲੇਕਿਨ ਇਸ ਦੀ ਸੁਪਰਵੀਜ਼ਨ ਬੜੀ ਨਾਕਸ ਹੈ । ਮੈਨੂੰ ਪਤਾ ਹੈ ਕਿ ਇਸ ਸਬੰਧੀ ਜਿਹੜੀ ਡਰੇਨ ਬਣਦੀ ਹੈ ਉਸਦਾ ਘੇਰਾ ਬਹੁਤ ਘੱਟ ਹੁੰਦਾ ਹੈ । ਇਸ ਨੂੰ ਬਨਾਉਣ ਵਿੱਚ ਇਸ ਚੀਜ਼ ਦਾ ਖ਼ਿਆਲ ਨਹੀਂ ਰਖਿਆ ਜਾਂਦਾ ਕਿ ਲੋਕਾਂ ਦੀ ਆਦਤ ਦੇ ਮੁਤਾਬਕ ਹੈ ਜਾਂ ਕਿ ਨਹੀਂ । ਇਥੇ ਦੇ ਲੋਕ ਇਸ ਵਿੱਚ ਕੱਖ ਤੇ ਰੋੜੇ ਆਦਿ ਸਿਟ ਦਿੰਦੇ ਹਨ । ਇੰਜਨੀਅਰਜ਼ ਜਿਹੜੇ ਇਨ੍ਹਾਂ ਡਰੇਨਾਂ ਦਾ ਡਿਜ਼ਾਈਨ ਤਿਆਰ ਕਰਦੇ ਹਨ, ਉਨ੍ਹਾਂ ਨੇ ਫਾਰਨ ਕਿਤਾਬਾਂ ਪੜ੍ਹੀਆਂ ਹੁੰਦੀਆਂ ਹਨ । ਫਾਰਨ ਲੋਕਾਂ ਦੀਆਂ ਆਦਤਾਂ ਹੋਰ ਹਨ ਅਤੇ ਸਾਡੇ ਲੋਕਾਂ ਦੀਆਂ ਆਦਤਾਂ ਹੋਰ ਹਨ । ਇਸ ਲਈ ਇਹ ਡਿਜ਼ਾਈਨ ਸਾਡੇ ਲੋਕਾਂ ਦੀਆਂ ਆਦਤਾਂ ਨੂੰ ਮੁੱਖ ਰੱਖਕੇ ਤਿਆਰ ਕਰਨੇ ਚਾਹੀਦੇ ਹਨ ।

ਹੈਲਥ ਡਿਪਾਰਟਮੈਂਟ ਦੇ ਮੁਤੱਲਕ ਪਾਂਧੀ ਸਾਹਿਬ ਅਤੇ ਹੋਰ ਦੋਸਤ ਜਿਹੜੇ ਹਸਪਤਾਲਾਂ ਦੇ ਨਾਕਸ ਇੰਤਜ਼ਾਮ ਬਾਰੇ ਬੋਲੇ ਹਨ, ਮੈਂ ਉਨ੍ਹਾਂ ਨੂੰ ਐਡਰੈਸ ਕਰਦਾ ਹਾਂ । ਇਸ ਵੇਲੇ ਤਾਂ ਹਸਪਤਾਲਾਂ ਦਾ ਇਹ ਹਾਲ ਹੈ ਕਿ ਜਦੋਂ ਕੋਈ ਮਰੀਜ਼ ਹਸਪਤਾਲ ਜਾਂਦਾ ਹੈ ਤਾਂ ਉਹਦਾ ਕਫ਼ਨ ਪਹਿਲਾਂ ਹੀ ਤਿਆਰ ਕਰਨਾ ਸ਼ੁਰੂ ਕਰ ਦਿੰਦੇ ਹਨ । ਹਸਪਤਾਲ ਕੋਈ ਸਿਹਤ ਦੀ ਨਿਸ਼ਾਨੀ ਨਹੀਂ ਹਨ । ਇਹ ਹਕੀਕਤ ਹੈ (ਵਿਘਨ) ਹੁਣ ਜਿਹੜਾ ਇਸ ਦਫਾ ਇਨ੍ਹਾਂ ਨੇ 8 ਰੁਪਏ ਪਰ ਹੈਡ ਪਰੋਵਾਈਡ ਕੀਤਾ ਹੈ, ਇਸ ਬਾਰੇ ਇਹ ਕਹਿੰਦੇ ਹਨ ਕਿ ਇਹ ਬੜੀ ਵੱਡੀ ਗੱਲ ਹੈ (ਘੰਟੀ) ਸਪੀਕਰ ਸਾਹਿਬ, ਮੈਂ ਇੱਕ ਮਿੰਟ ਹੋਰ ਲਵਾਂਗਾ। ਇਹ ਜਿਹੜੇ ਪੰਜਾਬ ਦੇ ਅੰਕੜੇ ਹਨ, ਜੋ ਕਿ ਪਿਛਲੇ ਕਈ ਸਾਲਾਂ ਵਿੱਚ ਬੱਚਿਆਂ ਦੀ ਮੌਤ ਤੇ ਹੋਰ ਕਈ ਇਹੋ ਜਹੀਆਂ ਚੀਜ਼ਾਂ ਦੱਸਦੇ ਹਨ, ਇਹ ਇਸ ਦੀ ਕਦੇ ਵੀ ਪਰੋੜ੍ਹਤਾ ਨਹੀਂ ਕਰਦੇ ਕਿ ਇਸ ਪਾਸੇ ਸਰਕਾਰ ਵਲੋਂ ਕਾਫ਼ੀ ਕੁਝ ਹੋ ਰਿਹਾ ਹੈ । (ਵਿਘਨ)

ਜਿਥੋਂ ਤਕ ਬੇਕਾਰੀ ਦਾ ਸਬੰਧ ਹੈ, ਇਸ ਬਾਰੇ ਮੈਂ ਅਰਜ਼ ਕਰਾਂ ਕਿ 1968 ਦੇ ਪਰੋਫੈਸ਼ਨਲ ਅਤੇ ਟੈਕਨੀਕਲ ਅਤੇ ਦੀਗਰ ਵਰਕਰਾਂ ਦੀ ਬੇਕਾਰੀ 8.38 ਤੋਂ ਰੇਜ਼ ਹੋਕੇ 27.7 ਤਕ ਪਹੁੰਚ ਗਈ ਹੈ । ਇਸੇ ਤਰ੍ਹਾਂ ਕਰਾਫਟਸਮੈਨ, ਪਰੋਡਕਟਸ ਪਰੋਸੈਸ ਵਰਕਰਜ਼ ਦੀ ਬੇਰੁਜ਼ਗਾਰੀ 8.16 ਤੋਂ 15.7 ਤਕ ਚਲੀ ਗਈ ਹੈ । ਇਹ ਸਫ਼ਾ 221 ਤੇ ਹੈ । ਪਾਵਰ ਲੂਮ ਵੀਵਿੰਗ, ਸਪੋਰਟਸ ਆਦਿ ਵਿੱਚ ਨੌਕਰੀਆਂ ਦੇ ਚਾਂਸਿਜ਼ ਘਟ ਹਨ । ਮਜਮੂਈ ਤੌਰ ਤੇ ਹਿੰਦੁਸਤਾਨ ਦੇ ਅੰਕੜਿਆਂ ਵਿਚ ਬੇਕਾਰੀ ਦੇ ਅੰਕੜੇ ਜ਼ਿਆਦਾ ਦਿਤੇ ਹਨ । ਇਹ ਚੰਗੀ ਗੱਲ ਨਹੀਂ ਹੈ ।

ਮੈਂ ਸਿਰਫ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਿਥੋਂ ਤਕ ਪੰਜਾਬ ਸਰਕਾਰ ਦਾ ਹਿੰਦ ਸਰਕਾਰ ਨਾਲ ਥੀਨ ਡੈਮ ਬਨਾਉਣ ਦਾ ਸਬੰਧ ਹੈ, ਇਥੇ ਇਸ ਸਬੰਧੀ ਪੰਜਾਬ ਦਾ ਸਰਮਾਇਆ ਲੁਟੇ ਜਾਣ ਦੀ ਗੱਲ ਵੀ ਹੋਈ ਹੈ । ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਗੌਰਮੈਂਟ ਔਰ ਆਪੋਜ਼ੀਸ਼ਨ ਦਾ ਭਾਵੇਂ ਕੋਈ ਵੀ ਰਿਸ਼ਤਾ ਹੋਵੇ ਪਰ ਜੇ ਗੌਰਮੈਂਟ ਕੋਈ ਇਸ ਬਾਰੇ ਇਫੈਕਟਿਵ ਸਕੀਮ ਲਿਆਵੇਗੀ, ਜਿਸ ਨਾਲ ਸਾਰਾ ਹਾਊਸ ਮੁਤਫਿਕ ਹੋਵੇਗਾ, ਤਾਂ ਅਸੀਂ ਸਾਰੇ ਮਿਲ ਕੇ ਗੌਰਮੈਂਟ ਆਫ ਇੰਡੀਆ ਨਾਲ ਲੜਾਂਗੇ ਅਤੇ ਪੰਜਾਬ ਦੀ ਤਰੱਕੀ ਵਿੱਚ ਆਪਣਾ ਹਿੱਸਾ ਵੀ ਪਾਵਾਂਗੇ ।

ਡਾਇਰੈਕਟਰ ਹੈਲਥ ਜਾਂ ਹੋਰ ਵੀ ਜੋ ਹੈਡ ਆਫ ਦੀ ਡਿਪਾਰਟਮੈਂਟ ਹਨ ਜੇ ਇਨ੍ਹਾਂ ਦਾ ਕਰੈਕਟਰ

[ਸਰਦਾਰ ਕਿਰਪਾਲ ਸਿੰਘ]
ਜਾਂ ਇਨ੍ਹਾਂ ਦੀ ਆਨੈਸਟੀ ਕਿਸੇ ਪੁਆਇੰਟ ਤੋਂ ਮਸ਼ਕੂਕ ਹੈ ਲੋਕਾਂ ਦੀ ਨਜ਼ਰਾਂ ਵਿਚ, ਤਾਂ ਇਹ ਗੌਰਮੈਂਟ ਨੂੰ ਸ਼ੋਭਾ ਨਹੀਂ ਦਿੰਦਾ ਕਿ ਅਜਿਹੇ ਅਫ਼ਸਰਾਂ ਨੂੰ ਬਤੌਰ ਹੈਡ ਆਫ ਦੀ ਡਿਪਾਰਟਮੈਂਟ ਰਹਿਣ ਦਿਤਾ ਜਾਵੇ। ਫ਼ਿਊਚਰ ਵਿੱਚ ਹੈਡ ਆਫ਼ ਦੀ ਡਿਪਾਰਟਮੈਂਟ ਲਗਾਉਣ ਲਗੇ ਇਨ੍ਹਾਂ ਦੀ ਡਿਗਨਿਟੀ, ਇਨ੍ਹਾਂ ਦਾ ਕਰੈਕਟਰ ਅਤੇ ਬੀਹੇਵੀਅਰ, ਇਹ ਚੀਜ਼ਾਂ ਮੁੱਖ ਰੱਖਣੀਆਂ ਚਾਹੀਦੀਆਂ ਹਨ। ਇਹ ਸਿਲੈਕਸ਼ਨ ਪੋਸਟਾਂ ਹਨ। ਜਿਹੜੇ ਆਦਮੀ ਕਿਸੇ ਮਹਿਕਮੇ ਨੂੰ ਚਲਾਉਣ ਦੇ ਕਾਬਲ ਨਹੀਂ ਹੁੰਦੇ, ਉਨਾਂ ਨੂੰ ਅਜਿਹੀਆਂ ਪੋਸਟਾਂ ਤੇ ਨਹੀਂ ਲਗਾਉਣਾ ਚਾਹੀਦਾ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਤੁਹਾਡਾ ਸ਼ੁਕਰੀਆ ਕਰਦਾ ਹਾਂ।

ਸ੍ਰੀ ਸਪੀਕਰ : ਬਾਵਾ ਜੀ, ਪੰਜ ਮਿੰਟ ਲਈ ਬੋਲੋ। (Bawa Harnam Singh to speak for five minutes)

ਬਾਵਾ ਹਰਨਾਮ ਸਿੰਘ (ਕਪੂਰਥਲਾ) : ਸਪੀਕਰ ਸਾਹਿਬ, ਮੈਨੂੰ ਸਾਰੇ ਸੈਸ਼ਨ ਵਿੱਚ ਟਾਈਮ ਨਹੀਂ ਮਿਲਿਆ, ਇਸ ਲਈ ਮੈਨੂੰ ਦਸ ਮਿੰਟ ਜ਼ਰੂਰ ਮਿਲਣੇ ਚਾਹੀਦੇ ਹਨ। ਹਰ ਸਾਲ ਬਜਟ ਪੇਸ਼ ਹੁੰਦਾ ਹੈ, ਪਰ ਇੰਡਸਟਰੀ ਲਈ ਬਜਟ ਬਹੁਤ ਥੋੜ੍ਹਾ ਹੁੰਦਾ ਹੈ। ਐਜੂਕੇਸ਼ਨ ਦਾ ਕਾਫ਼ੀ ਬਜਟ ਹੈ, 28/30 ਕਰੋੜ ਰੁਪਏ ਰਖੇ ਗਏ ਹਨ। ਇਸੇ ਤਰ੍ਹਾਂ ਹੈਲਥ ਲਈ ਵੀ ਕਾਫ਼ੀ ਰੁਪਿਆ ਰਖਿਆ ਗਿਆ ਹੈ, ਪਰ ਇੰਡਸਟਰੀਜ਼ ਦਾ ਬਜਟ ਬਹੁਤ ਥੋੜ੍ਹਾ ਰਖਿਆ ਗਿਆ ਹੈ। ਆਜ਼ਾਦੀ ਮਿਲੇ ਨੂੰ ਵੀ ਵੀਹ ਬਾਈ ਸਾਲ ਹੋ ਗਏ ਹਨ ਪਰ ਇੰਡਸਟਰੀ ਸਾਡੇ ਪੰਜਾਬ ਵਿੱਚ ਬਹੁਤ ਥੋੜ੍ਹੀ ਲੱਗੀ ਹੈ। ਇਹ ਠੀਕ ਹੈ ਕਿ ਸਾਡੀ ਐਗਰੀਕਲਚਰਲ ਸਟੇਟ ਹੈ, ਇਥੇ ਦੇ ਲੋਕ ਖਾਂਦੇ ਪੀਂਦੇ ਹਨ। ਜ਼ਿਆਦਾ ਲੋਕਾਂ ਦੀ ਤਾਲੀਮ ਕਰਕੇ, ਗਰੈਜੂਏਟ ਬਣਕੇ, ਬੀ. ਏ., ਬੀ. ਟੀ. ਜਾਂ, ਜੇ. ਬੀ. ਟੀ. ਟੀਚਰ ਬਣਨ ਵੱਲ ਲੋਕਾਂ ਦਾ ਜ਼ਿਆਦਾ ਰੁਝਾਨ ਹੈ। ਕੁਝ ਪੜ੍ਹ ਲਿਖ ਕੇ ਟਰੈਕਟਰਾਂ ਨਾਲ ਖੇਤੀ ਬਾੜੀ ਵੱਲ ਲੱਗ ਗਏ ਹਨ। ਲੇਕਿਨ ਅਨ-ਐਂਪਲਾਇਮੈਂਟ ਇਤਨੀ ਜ਼ਿਆਦਾ ਵੱਧ ਰਹੀ ਹੈ ਕਿ ਇਸ ਨੂੰ ਰੋਕਣ ਦਾ ਯਤਨ ਕਰਨਾ ਚਾਹੀਦਾ ਹੈ।

ਪੰਜਾਬ ਇਕ ਰੱਜਾ ਪੁੱਜਾ ਸੂਬਾ ਹੈ ਔਰ ਇਸ ਸੂਬੇ ਨੇ ਐਗਰੀਕਲਚਰ ਵਲੋਂ ਬੜੀ ਭਾਰੀ ਤਰੱਕੀ ਕੀਤੀ ਹੈ। ਜਿਥੇ ਇਹ ਸੂਬਾ 18 ਲੱਖ ਟਨ ਅਨਾਜ ਪੈਦਾ ਕਰਕੇ ਸਾਰੇ ਹਿੰਦੁਸਤਾਨ ਨੂੰ ਪਾਲ ਸਕਦਾ ਹੈ, ਸਾਰੇ ਹਿੰਦੁਸਤਾਨ ਦਾ ਐਗਰੀਕਲਚਰ ਵਿੱਚ ਇਕੱਲਾ ਹੀ ਮੁਕਾਬਲਾ ਕਰ ਸਕਦਾ ਹੈ, ਉਥੇ ਇਹ ਸੂਬਾ ਇੰਡਸਟਰੀ ਦੇ ਖੇਤਰ ਵਿੱਚ ਬਹੁਤ ਪਿਛੇ ਹੈ। ਜਿੰਨਾਂ ਚਿਰ ਅਸੀਂ ਇੰਡਸਟਰੀ ਵੱਲ ਤਵਜੋ ਜ਼ਿਆਦਾ ਨਹੀਂ ਦਿਆਂਗੇ, ਉਨਾਂ ਚਿਰ ਇਥੋਂ ਬੇਰੁਜ਼ਗਾਰੀ ਖ਼ਤਮ ਨਹੀਂ ਹੋ ਸਕਦੀ। ਹੁਣ ਅਸੀਂ ਐਸੇ ਮੋੜ ਤੇ ਪਹੁੰਚ ਚੁਕੇ ਹਾਂ ਕਿ ਇਥੇ ਬੇਰੁਜ਼ਗਾਰੀ ਬਹੁਤ ਵੱਧ ਗਈ ਹੈ। ਟੀਚਰਜ਼ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ। ਇੰਜਨੀਅਰਜ਼, ਐਸ. ਡੀ. ਓਜ਼. ਵਿਹਲੇ ਫ਼ਿਰ ਰਹੇ ਹਨ। ਸਾਡੀ ਸਰਕਾਰ ਨੂੰ ਸੈਂਟਰ ਵਲੋਂ ਰੁਪਏ ਵੀ ਮਿਲ ਰਹੇ ਹਨ ਕਿ ਬੇਰੁਜ਼ਗਾਰਾਂ ਨੂੰ ਇਹ ਬਤੌਰ ਲੋਨਜ਼ ਦਿਤੇ ਜਾਣ, ਜਦੋਂ ਤੱਕ ਕਿ ਉਹ ਕਿਤੇ ਲੱਗ ਨਹੀਂ ਜਾਂਦੇ। ਪਰ ਜਿੰਨਾਂ ਚਿਰ ਇਹ ਸਾਰੇ ਬਜਟ ਨੂੰ ਦੇਖ ਭਾਲ ਕਰਕੇ ਨਹੀਂ ਬਣਾਇਆ ਜਾਂਦਾ, ਉਨਾਂ ਚਿਰ ਠੀਕ ਗੱਲ ਨਹੀਂ ਹੈ। ਜਿਸ ਤਰ੍ਹਾਂ ਕਿ ਪਿਛਲੇ ਵੀਹ ਬਾਈ ਸਾਲਾਂ ਤੋਂ ਬਜਟ ਬਣਦਾ ਆ ਰਿਹਾ ਹੈ, ਉਸੀ ਤਰ੍ਹਾਂ ਹੀ ਮੱਖੀ ਤੇ ਮੱਖੀ ਨਹੀਂ ਮਾਰਨੀ ਚਾਹੀਦੀ ਬਲਕਿ ਅਨ-ਐਂਪਲਾਇਮੈਂਟ ਨੂੰ ਦੂਰ ਕਰਨ ਦੇ ਫੈਕਟਰ ਨੂੰ ਮੁੱਖ ਰੱਖਕੇ ਬਜਟ ਬਣਾਇਆ ਜਾਣਾ ਚਾਹੀਦਾ ਹੈ। ਜਿੰਨਾਂ ਚਿਰ ਬੇ-ਰੁਜ਼ਗਾਰੀ ਦੂਰ ਨਹੀਂ ਹੁੰਦੀ ਉਨਾਂ ਚਿਰ ਇਥੇ ਅਨਰੈਸਟ ਰਹੇਗੀ। ਅਸੀਂ ਐਸਾ ਰਸਤਾ ਬਣਾ ਚੁਕੇ ਹਾਂ, ਅਸੀਂ ਡੈਮੋਕ੍ਰੇਟਿਕ ਢਾਂਚਾ ਬਣਾ ਚੁਕੇ ਹਾਂ, ਹੁਣ ਇਸ ਢਾਂਚੇ ਵਿੱਚ ਜਿਹੜੀ ਉਪਰ ਅਗੇ ਬੜੀ ਕੁਰੱਪਸ਼ਨ ਹੁੰਦੀ ਹੈ, ਇਸ ਕੁਰੱਪਸ਼ਨ ਨੂੰ ਰੋਕਣ ਦੇ ਯਤਨ ਕਰਨੇ ਚਾਹੀਦੇ ਹਨ। ਇਸ ਤੋਂ ਬਗੈਰ ਸਾਡੀ ਤਰੱਕੀ ਨਹੀਂ ਹੋ ਸਕਦੀ।

ਉਪਤ ਮਨੋਪਲਿਸਟ ਅਤੇ ਬਿਊਰੋਕ੍ਰੇਸੀ ਦਾ ਜ਼ੋਰ ਹੈ ਅਤੇ ਥਲੇ ਅਨ ਐਂਪਲਾਇਮੈਂਟ ਦਾ ਬੜਾ ਜ਼ੋਰ ਹੈ। ਕੋਈ ਵੀ ਪਰੋਪੋਜ਼ਲ ਬਣੇ, ਉਹ ਨਿਰੀ ਕਾਗਜ਼ਾਂ ਤੇ ਹੀ ਰਹਿ ਜਾਂਦੀ ਹੈ। ਇਹ ਜਿਹੜਾ ਸਾਡਾ ਨਾਹਰਾ ਹੈ, ਸੋਸ਼ਲਿਸਟਿਕ ਪੈਟਰਨ ਦਾ, ਸੋਸ਼ਲਿਜ਼ਮ ਦਾ, ਇਸ ਨੂੰ ਜ਼ਰਾ ਅਗਾਂਹ ਵਧਾਉਣਾ ਹੈ। ਇਸ ਵਿੱਚ ਬੜੀ ਭਾਰੀ ਰੁਕਾਵਟ ਇਹ ਹੈ ਕਿ ਲੋਕਾਂ ਨੂੰ ਨੌਕਰੀ ਨਹੀਂ ਮਿਲਦੀ। ਸਾਡਾ ਹਰ ਸਾਲ ਬਜਟ ਬਣਦਾ ਹੈ। ਇਸ ਵਿੱਚੋਂ ਸੱਤ, ਅੱਠ ਜਾਂ ਨੌਂ ਕਰੋੜ ਰੁਪਿਆ ਇੰਡਸਟਰੀ ਵਾਸਤੇ ਨਿਕਲਦਾ ਹੈ ਜਾਂ ਫੇਰ ਦਸ ਬਾਰਾਂ ਕਰੋੜ ਹੈਲਥ ਵਾਸਤੇ ਨਿਕਲਦਾ ਹੈ ਜਾਂ ਤੀਹ ਕਰੋੜ ਐਜੂਕੇਸ਼ਨ ਵਾਸਤੇ ਨਿਕਲਦਾ ਹੈ। ਲੇਕਿਨ ਜਦੋਂ ਤੱਕ ਇਥੇ ਲੋਕਾਂ ਨੂੰ ਸ਼ਾਂਤੀ ਨਹੀਂ ਮਿਲਦੀ, ਇਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਉਨਾਂ ਚਿਰ ਕੋਈ ਫਾਇਦਾ ਨਹੀਂ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਟੇਬਲ ਗੌਰਮੈਂਟ ਹੋਣੀ ਚਾਹੀਦੀ ਹੈ ਜੋ ਕਿ ਇਸ ਵੱਲ ਤੇਜ਼ ਰਫਤਾਰ ਨਾਲ ਕੰਮ ਕਰ ਸਕੇ। ਜੇ ਸਟੇਬਲ ਗੌਰਮੈਂਟ ਨਾ ਬਣੇ ਤਾਂ ਫੇਰ ਅਸੀਂ ਬਜਟ ਖ਼ਰਚ ਨਹੀਂ ਕਰ ਸਕਦੇ। ਫੇਰ ਅਸੀਂ ਲੋਕਾਂ ਦੀ ਆਵਾਜ਼ ਨਾਲ ਚੱਲ ਨਹੀਂ ਸਕਦੇ। (ਘੰਟੀ) ਇਸ ਵਾਸਤੇ ਮੈਂ ਅਰਜ਼ ਕਰਦਾ ਹਾਂ ਕਿ......

Mr. Speaker : Please wind up.

ਬਾਵਾ ਹਰਨਾਮ ਸਿੰਘ : ਇੰਡਸਟਰੀ ਵਾਸਤੇ ਜ਼ਿਆਦਾ ਰੁਪਿਆ ਰੱਖਣਾ ਚਾਹੀਦਾ ਹੈ। ਰੂਰਲ ਏਰੀਆ ਵਿੱਚ, ਪਿੰਡਾਂ ਵਿੱਚ, ਇੰਡਸਟਰੀ ਖੋਲ੍ਹਣੀ ਚਾਹੀਦੀ ਹੈ ਤਾਕਿ ਆਰਟੀਜ਼ਨਜ਼ ਜੋ ਹਨ, ਉਨ੍ਹਾਂ ਨੂੰ ਕੰਮ ਮਿਲ ਸਕੇ ਅਤੇ ਜਿਹੜੀ ਉਨ੍ਹਾਂ ਵਿੱਚ ਅਨਇੰਪਲਾਇਮੈਂਟ ਹੈ, ਉਹ ਦੂਰ ਹੋਵੇ। ਰੂਰਲ ਏਰੀਆਜ਼ ਵਿੱਚ ਇੰਡਸਟਰੀਜ਼ ਨਾ ਹੋਣ ਕਰਕੇ, ਉਨ੍ਹਾਂ ਨੂੰ ਕੋਈ ਫ਼ਾਇਦਾ ਨਹੀਂ ਪਹੁੰਚਿਆ। ਇਸ ਲਈ ਉਥੇ ਇਸ ਕਿਸਮ ਦੀਆਂ ਇੰਡਸਟਰੀਜ਼ ਖੋਲ੍ਹਣੀਆਂ ਚਾਹੀਦੀਆਂ ਹਨ ਤਾਕਿ ਉਨ੍ਹਾਂ ਨੂੰ ਕੰਮ ਮਿਲ ਸਕੇ। ਐਗਰੋ ਇੰਡਸਟਰੀ ਨੂੰ ਖੋਲ੍ਹਣਾ ਚਾਹੀਦਾ ਹੈ। ਜਿਥੇ ਗੰਨਾਂ ਹੁੰਦਾ ਹੈ, ਉਥੇ ਗੰਨੇ ਦੀਆਂ ਮਿੱਲਾਂ ਚਾਹੀਦੀਆਂ ਹਨ, ਇਸੇ ਤਰ੍ਹਾਂ ਜਿਥੇ ਆਲੂ, ਕਣਕ ਅਤੇ ਕਪਾਹ ਪੈਦਾ ਹੁੰਦੇ ਹਨ, ਉਥੇ ਇਸ ਕਿਸਮ ਦੀਆਂ ਮਿਲਾਂ ਅਤੇ ਫ਼ੈਕਟਰੀਆਂ ਚਾਹੀਦੀਆਂ ਹਨ। ਜਦ ਤੱਕ ਜ਼ਰਾਇਤ ਨੂੰ ਇੰਡਸਟਰੀ ਦੇ ਨਾਲ ਹਰ ਪਿੰਡ ਵਿੱਚ ਨਹੀਂ ਜੋੜਿਆ ਜਾਂਦਾ, ਤਰੱਕੀ ਨਹੀਂ ਹੋ ਸਕਦੀ। (ਘੰਟੀ)

ਇਸ ਤੋਂ ਅੱਗੇ ਮੈਂ ਹੈਲਥ ਵੱਲ ਆਉਂਦਾ ਹਾਂ। ਹੈਲਥ ਵਾਸਤੇ ਕਾਫ਼ੀ ਰੁਪਿਆ ਚਾਹੀਦਾ ਹੈ। ਇਸ ਦੇ ਵਿੱਚ ਡਸਿਪਲਿਨ ਅਤੇ ਕਰੈਕਟਰ ਦੀ ਬੜੀ ਲੋੜ ਹੈ। ਮੈਂ ਕਹਿੰਦਾ ਹਾਂ ਕਿ ਇਸ ਦੇ ਵਾਸਤੇ 8-10 ਐਮ. ਐਲ. ਏਜ਼. ਦੀਆਂ ਕਮੇਟੀਆਂ ਬਣਾਈਆਂ ਜਾਣ। ਮੁਲਾਜ਼ਮਾਂ ਵਾਸਤੇ ਕਮਿਸ਼ਨ ਮੁਕੱਰਰ ਹੋਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਇਹ ਬਜਟ ਬੜਾ ਥੋੜ੍ਹਾ ਹੈ। ਇਕ ਆਜ਼ਾਦ ਮੁਲਕ ਵਾਸਤੇ ਇਸ ਮਦ ਦਾ ਬੱਜਟ ਬਹੁਤ ਹੋਣਾ ਚਾਹੀਦਾ ਹੈ। ਖਾਸ ਕਰਕੇ ਇੰਡਸਟਰੀ ਵਾਸਤੇ ਤਾਂ ਬਹੁਤ ਹੋਣਾ ਚਾਹੀਦਾ ਹੈ। (ਘੰਟੀ)

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋਏ।)

ਸ੍ਰੀ ਸਪੀਕਰ : ਹੁਣ ਵਜ਼ੀਰ ਸਾਹਿਬ ਦੇ ਜਵਾਬ ਦੇਣ ਜਿਤਨਾ ਟਾਈਮ ਰਹਿ ਗਿਆ ਹੈ। (The time left with us will barely suffice for the hon. Minister to give his reply to the Debate.)

ਸਰਦਾਰ ਰਵੀਇੰਦਰ ਸਿੰਘ : ਸਪੀਕਰ ਸਾਹਿਬ, ਮੈਨੂੰ ਟਾਈਮ ਮਿਲਣਾ ਚਾਹੀਦਾ ਹੈ, ਮੈਂ ਬੜੇ

[ਸਰਦਾਰ ਰਵੀਇੰਦਰ ਸਿੰਘ]
ਜ਼ਰੂਰੀ ਮਸਲੇ ਤੇ ਬੋਲਣਾ ਹੈ । ਇਸ ਲਈ ਮੈਨੂੰ ਟਾਈਮ ਦਿਓ ?

(ਇਸ ਸਮੇਂ ਹੋਰ ਮੈਂਬਰ ਸਾਹਿਬਾਨ ਵੀ ਬੋਲਣ ਲਈ ਖੜੇ ਹੋਏ ।)

ਸ਼੍ਰੀ ਸਪੀਕਰ : ਹੁਣ ਇੰਨਾ ਟਾਈਮ ਨਹੀਂ ਹੈ ਕਿ ਆਪ ਸਭ ਨੂੰ ਵਕਤ ਦਿੱਤਾ ਜਾ ਸਕੇ । ਇਕ ਮੈਂਬਰ ਨੂੰ ਕੁਝ ਸਮਾਂ ਦੇ ਸਕਦਾ ਹਾਂ । ਸਰਦਾਰ ਬਸੰਤ ਸਿੰਘ ਜੀ ਤੁਸੀਂ ਪੰਜ ਮਿੰਟ ਹੀ ਬੋਲਣਾ । (There is not enough time to accommodate all of you. However, I can give a few minutes to one more Member. Sardar Basant Singh may speak for five minutes only.)

ਸਰਦਾਰ ਬਸੰਤ ਸਿੰਘ (ਡਕਾਲਾ) : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਇਹ ਚਾਹੁੰਦਾ ਹਾਂ ਕਿ ਮੈਨੂੰ ਟਾਈਮ ਘੱਟ ਦੇਣ ਵਾਸਤੇ ਮੇਰਾ ਪਰੋਟੈਸਟ ਰੀਕਾਰਡ ਕਰ ਲਵੋ । ਮੈਂ ਪਾਰਟੀ ਦਾ ਲੀਡਰ ਹਾਂ, ਇਸ ਲਈ ਮੈਨੂੰ ਪੂਰਾ ਟਾਈਮ ਮਿਲਣਾ ਚਾਹੀਦਾ ਹੈ । ਮੇਰਾ ਜਨਰਲ ਐਡਮਨਿਸਟਰੇਸ਼ਨ ਤੇ ਬੋਲਣ ਦਾ ਹੱਕ ਸੀ, ਮੈਨੂੰ ਉਦੋਂ ਟਾਈਮ ਨਹੀਂ ਮਿਲਿਆ । ਹੁਣ ਮੈਂ ਇੰਡਸਟਰੀ ਤੋਂ ਸ਼ੁਰੂ ਕਰਦਾ ਹਾਂ ਇਸ ਪਰੀਜ਼ੈਂਪਸ਼ਨ ਤੇ ਕਿ ਤੁਸੀਂ ਮੈਨੂੰ ਬੋਲਣ ਲਈ 10 ਮਿੰਟ ਦਿਉਗੇ ।

ਸ਼੍ਰੀ ਸਪੀਕਰ : ਨਹੀਂ ਜੀ । Not more than five minutes. (No, not more than five minutes.)

ਸਰਦਾਰ ਬਸੰਤ ਸਿੰਘ : ਫਿਰ ਇਸ ਤੋਂ ਤਾਂ ਅੱਛਾ ਹੈ ਕਿ ਮੈਂ ਬੈਠ ਜਾਂਦਾ । ਮੈਂ ਪੰਜ ਪੰਜ ਮਿੰਟ ਦੋ ਸਬਜੈਕਟਸ ਤੇ ਲੈਣੇ ਹਨ ।

ਸ਼੍ਰੀ ਸਪੀਕਰ : ਦੋ ਤਿੰਨ ਮਿੰਟ ਤਾਂ ਤੁਹਾਡੇ ਹੁਣ ਹੀ ਹੋ ਗਏ ਹਨ । (Two or three minutes have already been taken by you.)

ਸਰਦਾਰ ਬਸੰਤ ਸਿੰਘ : ਸਪੀਕਰ ਸਾਹਿਬ, ਇਥੇ ਕੋਟੇ, ਪਰਮਿਟ ਅਤੇ ਲਾਈਸੈਂਸ ਦਾ ਜ਼ਿਕਰ ਆਇਆ ਹੈ । ਮੈਂ ਕਹਿੰਦਾ ਹਾਂ ਕਿ ਸਾਰੀਆਂ ਸਟੇਟਸ ਹੀ ਨਹੀਂ ਬਲਕਿ ਸੈਂਟਰਲ ਗੌਰਮਿੰਟ ਵੀ ਇਸ ਤੋਂ ਨਹੀਂ ਬਚੀ । ਕੋਟੇ, ਪਰਮਿਟ ਅਤੇ ਲਾਈਸੈਂਸ ਜੋ ਹਨ, ਇਹੋ ਹੀ ਸਿੰਗਲ ਫੈਕਟਰ ਕੁਰੱਪਸ਼ਨ ਦਾ ਬਹੁਤ ਵੱਡਾ ਕਾਰਨ ਹੈ । ਇਸ ਦੇ ਵਿਚ ਮੈਂ ਜ਼ਿਆਦਾ ਨਹੀਂ ਜਾਣਾ ਚਾਹੁੰਦਾ ਹਾਂ । ਮੈਂ ਕੁਝ ਸਜੈਸ਼ਨਜ਼ ਦੇਣਾ ਚਾਹੁੰਦਾ ਹਾਂ ਸਪੀਕਰ ਸਾਹਿਬ, ਆਪ ਦੀ ਮਾਰਫਤ ਮਨਿਸਟਰ ਸਾਹਿਬਾਨ ਅਤੇ ਕੈਬਨਿਟ ਨੂੰ ਕਹਾਂਗਾ ਕਿ ਇਸ ਲਾਹਨਤ ਨੂੰ ਦੂਰ ਕਰਨ ਲਈ ਇਕ ਸਟੈਚੂਅਰੀ ਬੋਰਡ ਬਣਾ ਦਿਓ । ਉਸ ਨੂੰ ਕੋਟੇ, ਪਰਮਿਟ ਅਤੇ ਲਾਈਸੈਂਸ ਦਾ ਹੱਕ ਹੋਵੇ । ਗੌਰਮਿੰਟ ਪਾਲਸੀਆਂ ਲੇ ਕਰਦੀ ਜਾਵੇ, ਲੇਕਿਨ ਇਹ ਕੰਮ ਹੋਵੇ ਮੈਰਿਟ ਤੇ । ਮੇਰਾ ਖਿਆਲ ਹੈ ਕਿ ਟੰਡਨ ਸਾਹਿਬ ਮੇਰੇ ਨਾਲ ਸਹਿਮਤ ਹੋਣਗੇ ।

ਸਪੀਕਰ ਸਾਹਿਬ, ਮੇਰਾ ਦੂਜਾ ਪੁਆਇੰਟ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਹੈਵੀ ਇੰਡਸਟਰੀ ਵਿਚ ਸੈਂਟਰ ਵਲੋਂ ਸਾਡੇ ਨਾਲ ਧੱਕਾ ਕੀਤਾ ਗਿਆ ਹੈ । ਫਿਰ ਇਨ੍ਹਾਂ ਨੇ ਨੰਗਲ ਫੈਕਟਰੀ ਦੀ ਮਿਸਾਲ ਦਿਤੀ ਹੈ । ਮੈਂ ਕਹਿੰਦਾ ਹਾਂ ਕਿ ਉਸ ਦੇ ਨਾਲ ਤਾਂ ਸਾਨੂੰ 5 ਕਰੋੜ ਦਾ ਘਾਟਾ ਪਿਆ ਹੈ । ਮੈਂ ਤਾਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲੋਂ ਸਾਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸੈਂਟਰ ਨੂੰ ਕਹੋ ਕਿ ਉਹ ਪੰਜਾਬ ਨੂੰ ਇੰਡਸਟਰੀ ਦੇ ਵਿਚ ਬੈਕਵਰਡ ਸਟੇਟ ਕਰਾਰ ਦੇ ਦੇਣ । ਇਸ ਦਾ ਰੀਜ਼ੱਲਟ ਅੱਛਾ ਹੋਵੇਗਾ ।

ਮੇਰਾ ਤੀਜਰਾ ਪੁਆਇੰਟ ਹੈ, ਲੇਬਰ ਕੈਪੀਟਲ ਰੀਲੇਸ਼ਨਜ਼ ਦਾ । ਇਸ ਦੇ ਵਿੱਚ ਕੋਤਟਾਂ ਥੋੜ੍ਹੀਆਂ ਹਨ । ਕੁਝ ਇੰਡਸਟਰੀਜ਼ ਵਾਸਤੇ ਘੱਟ ਵੇਜਿਜ਼ ਹੁੰਦੇ ਹਨ । ਕੁਝ ਵਾਸਤੇ ਇੰਪਲਾਇਮੈਂਟ ਟਾਈਮ ਮੁਕੱਰਰ ਨਹੀਂ ਹੁੰਦਾ । ਇਸ ਵਾਸਤੇ ਕੰਸਿਲੇਟਰੀ ਬੋਰਡ ਬਣਾਓ ਜਿਹੜੇ ਕਿ ਰੀਲੇਸ਼ਨਜ਼ ਬਿਟਵੀਨ ਲੇਬਰ ਐਂਡ ਕੈਪੀਟਲ ਨੂੰ ਹਾਰਮੋਨਾਈਜ਼ ਕਰਨਗੇ । ਉਸ ਦਾ ਬਹੁਤ ਸਾਰਾ ਫਾਇਦਾ ਹੋਵੇਗਾ ।

ਸਪੀਕਰ ਸਾਹਿਬ, ਇਸ ਤੋਂ ਅੱਗੇ ਮੇਰਾ ਚੌਥਾ ਪੁਆਇੰਟ ਇਹ ਹੈ ਕਿ ਪਰੋਡਕਸ਼ਨ ਤਾਂ ਹੁੰਦੀ ਹੈ, ਪਰ ਮਾਰਕੀਟਿੰਗ ਫੈਸਿਲਿਟੀਜ਼ ਨਹੀਂ । ਇਸ ਲਈ ਮਾਰਕੀਟਿੰਗ ਫੈਸਿਲਿਟੀਜ਼ ਹੋਣੀਆਂ ਚਾਹੀਦੀਆਂ ਹਨ ।

ਇਸ ਤੋਂ ਅੱਗੇ ਮੈਡੀਕਲ ਬਾਰੇ ਮੈਂ ਦੱਸਦਾ ਹਾਂ ਕਿ ਪੰਜਾਬ ਵਿੱਚ ਜਾਂ ਸਾਰੇ ਹਿੰਦੁਸਤਾਨ ਵਿੱਚ ਇਸ ਦੀ ਬਣਤਰ ਕੁਝ ਐਸੀ ਹੈ ਕਿ ਰੂਰਲ ਏਰੀਆ ਵਾਸਤੇ ਕੁਝ ਨਹੀਂ ਕੀਤਾ ਗਿਆ । ਰੂਰਲ ਏਰੀਆ ਵਿੱਚ ਰਾਤ ਨੂੰ ਜੇ ਕਿਸੇ ਦੀ ਲੱਤ ਵੱਢੀ ਜਾਵੇ ਜਾਂ ਕੋਈ ਹੋਰ ਗੱਲ ਹੋ ਜਾਵੇ ਤਾਂ ਉਹ ਵਿਚਾਰਾ ਆਉਂਦਿਆਂ ਰਸਤੇ ਵਿੱਚ ਹੀ ਮਰ ਜਾਂਦਾ ਹੈ । ਇਸ ਲਈ ਮੈਂ ਸੁਜੈਸ਼ਨ ਦਿਆਂਗਾ ਕਿ (1) ਹੈਲਥ ਇਸ਼ੋਰੈਂਸ ਦੀ ਸਕੀਮ ਪਿੰਡਾਂ ਵਿੱਚ ਸ਼ੁਰੂ ਕਰ ਦਿਓ (2) ਜਿਥੇ ਡਿਸਪੈਂਸਰੀਆਂ ਨਹੀਂ ਖੁੱਲ੍ਹ ਸਕਦੀਆਂ ਉਥੇ ਮੁਬਾਦੀਲ ਵੈਨ ਦੀ ਸਕੀਮ ਸ਼ੁਰੂ ਕਰ ਦਿਓ । ਇਥੇ ਨਰਸਾਂ ਦੇ ਬਾਰੇ ਕਿਹਾ ਗਿਆ ਹੈ ਕਿ ਉਹ ਲੋ ਪੇਡ ਹਨ । ਠੀਕ ਹੈ, ਨਰਸਾਂ ਦੀ 16 ਘੰਟੇ ਦੀ ਡਿਊਟੀ ਹੁੰਦੀ ਹੈ ਅਤੇ ਬੜੀ ਸਖਤ ਡਿਊਟੀ ਹੁੰਦੀ ਹੈ ਇਨ੍ਹਾਂ ਦਾ ਵੀ ਕੁੱਝ ਹੋਣਾ ਚਾਹੀਦਾ ਹੈ । (ਵਿਘਨ)

ਸਪੀਕਰ ਸਾਹਿਬ, ਮੈਂ ਚੌਥੇ ਪੁਆਇੰਟ ਤੇ ਅਰਜ਼ ਕਰਦਾ ਹਾਂ ਕਿ ਡਾਕਟਰਾਂ ਦੀ ਪਰਾਈਵੇਟ ਪਰੈਕਟਿਸ ਦਾ ਸਵਾਲ ਹੈ । ਇਥੇ ਕਿਹਾ ਗਿਆ ਹੈ ਕਿ ਇਨ੍ਹਾਂ ਦੇ ਬਜ਼ਾਰ ਵਿੱਚ ਛੋਟੇ ਛੋਟੇ ਡਾਕਟਰ ਬੈਠੇ ਸਨ, ਉਨ੍ਹਾਂ ਦੀਆਂ ਦੁਕਾਨਾਂ ਭਰ ਗਈਆਂ ਸਨ । ਪ੍ਰਾਈਵੇਟ ਪਰੈਕਟਿਸ ਬੰਦ ਹੋਣੀ ਚਾਹੀਦੀ ਹੈ, ਮੈਂ ਨਹੀਂ ਸਮਝਦਾ ਕਿ ਡਾਕਟਰਾਂ ਦੀ ਪ੍ਰਾਈਵੇਟ ਪਰੈਕਟਿਸ ਬੰਦ ਕਰਨ ਨਾਲ ਕੋਈ ਫਾਇਦਾ ਹੋਵੇਗਾ ਜਾਂ ਕੋਈ ਤਰੱਕੀ ਹੋਵੇਗੀ । ਇਤਨੀ ਗੱਲ ਕਹਿਕੇ, ਸਪੀਕਰ ਸਾਹਿਬ, ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

Mr. Speaker : Sardar Ravel Singh.

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋਏ ।)

Mr. Speaker : Please resume your seat.

ਸਿਹਤ ਰਾਜ ਮੰਤਰੀ : ਸਪੀਕਰ ਸਾਹਿਬ, ਮੈਡੀਕਲ ਵਾਸਤੇ 1970-71 ਵਾਸਤੇ 5,99,74,830/- ਰੁਪਏ ਰੱਖੇ ਗਏ ਹਨ । 1968-69 ਵਿੱਚ ਮੈਡੀਕਲ ਵਾਸਤੇ 4,39,83,666/- ਰੁਪਏ ਰੱਖੇ ਗਏ ਸਨ ਔਰ 1969-70 ਵਿੱਚ 5,26,05,450/- ਰੁਪਏ ਖਰਚ ਹੋਏ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਪਬਲਿਕ ਹੈਲਥ ਵਿੱਚ 1968-69 ਵਿੱਚ 2,86,93,146 ਰੁਪਏ ਖਰਚ ਹੋਏ ਸੀ ਔਰ 1969-70 ਵਿੱਚ 3,68,68,370 ਰੁਪਏ ਖ਼ਰਚ ਹੋਏ ਸੀ ਪਰ ਇਹ 1970-71 ਵਾਸਤੇ 5,78,06,670 ਰੁਪਏ ਰੱਖੇ ਗਏ ਹਨ । ਮੈਡੀਕਲ ਵਿੱਚ ਸਭ ਤੋਂ ਵਧੇਰੇ ਖਰਚ ਦੀ ਗੱਲ ਇਹ ਸੀ ਕਿ ਹਸਪਤਾਲਾਂ ਵਿੱਚ ਜਿਥੇ 1968-69 ਵਿਚ 2 ਕਰੋੜ 87 ਲੱਖ ਦੇ ਕਰੀਬ ਖਰਚ ਹੋਇਆ ਹੈ ਉਥੇ 1970-71 ਵਿਚ 3 ਕਰੋੜ 69 ਲੱਖ ਰੁਪਿਆ ਖਰਚ ਹੋਣਾ ਹੈ । ਇਸ ਦਾ ਕਾਰਨ ਇਹ ਹੈ ਕਿ ਪੰਜਾਬ ਵਿਚ 531 ਹਸਪਤਾਲ ਔਰ ਡਿਸਪੈਂਸਰੀਆਂ ਹਨ, ਜਿਨ੍ਹਾਂ ਦੇ ਵਾਸਤੇ 979 ਡਾਕਟਰ ਚਾਹੀਦੇ ਸੀ, ਲੇਕਿਨ ਡਾਕਟਰਾਂ ਦੀ ਗਿਣਤੀ

[ਸਿਹਤ ਰਾਜ ਮੰਤਰੀ]

741 ਸੀ ਔਰ ਇਤਨੇ ਡਾਕਟਰਾਂ ਦੀ ਘਾਟ ਸੀ। ਇਸ ਸਾਲ ਹੁਣ ਪਬਲਿਕ ਸਰਵਿਸ ਕਮਿਸ਼ਨ ਨੂੰ ਅਸੀਂ ਰਿਕੁਐਸਟ ਕੀਤੀ ਸੀ ਔਰ ਉਨ੍ਹਾਂ ਨੇ ਸਾਨੂੰ 179 ਡਾਕਟਰ ਸਿਲੈਕਟ ਕਰਕੇ ਦਿਤੇ ਹਨ। ਹੁਣ ਵੀ 18 ਡਿਸਪੈਂਸਰੀਆਂ ਪਿੰਡਾਂ ਵਿਚ ਐਸੀਆਂ ਹਨ ਜਿਥੇ ਕਿ ਡਾਕਟਰ ਨਹੀਂ ਹਨ। ਔਰ ਮੈਂ ਉਮੀਦ ਕਰਦਾ ਹਾਂ ਕਿ ਚਾਲੂ ਸਾਲ ਵਿਚ ਪੰਜਾਬ ਵਿਚ ਕੋਈ ਡਿਸਪੈਨਸਰੀ ਨਹੀਂ ਰਹੇਗੀ ਜਿਥੇ ਅਸੀਂ ਡਾਕਟਰ ਪ੍ਰੋਵਾਈਡ ਨਹੀਂ ਕਰ ਦੇਵਾਂਗੇ। (ਥੰਪਿੰਗ) ਸਪੀਕਰ ਸਾਹਿਬ 1961 ਵਿਚ ਪੰਜਾਬ ਵਿਚ ਹਸਪਤਾਲਾਂ ਆਦਿ ਵਿਚ ਮਰੀਜ਼ਾਂ ਲਈ ਬੈਡਜ਼ ਦੀ ਗਿਣਤੀ 7723 ਸੀ, ਹੁਣ ਇਹ 9721 ਹੋ ਗਈ ਹੈ ਔਰ 2 ਹਜ਼ਾਰ ਬੈਡਜ਼ ਵਿਚ ਵਾਧਾ ਕੀਤਾ ਹੈ। (ਵਿਘਨ)

ਮੈਨੂੰ ਹੁਣ ਬੋਲ ਲੈਣ ਦਿਓ ਮੈਂ ਸਾਰਿਆਂ ਨੂੰ ਬੜੇ ਆਰਾਮ ਨਾਲ ਸੁਣਿਆ ਹੈ, ਹੁਣ ਸਾਰੇ ਤੁਸੀਂ ਮੈਨੂੰ ਆਰਾਮ ਨਾਲ ਸੁਣੋ। ਮੈਂ ਕਿਸੇ ਤੇ ਕੋਈ ਹਮਲਾ ਨਹੀਂ ਕਰਦਾ। (ਵਿਘਨ) ਜੇ ਮੇਰੇ ਵਿਚ ਕੁਝ ਖਾਮੀਆਂ ਹਨ ਤਾਂ ਉਨ੍ਹਾਂ ਖਾਮੀਆਂ ਬਾਰੇ ਮੈਂ ਆਪ ਹੀ ਦੱਸ ਦਿਆਂਗਾ। (ਵਿਘਨ) ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ 1968-69 ਵਿਚ ਈ. ਐਸ. ਆਈ. ਦੇ ਵਾਸਤੇ 40 ਲੱਖ 54 ਹਜ਼ਾਰ ਰੁਪਿਆ ਖਰਚ ਹੋਇਆ ਸੀ ਔਰ 1969-70 ਵਿਚ 55 ਲੱਖ 28 ਹਜ਼ਾਰ ਰੁਪਏ ਖਰਚ ਹੋਏ ਸੀ ਔਰ 1970-71 ਵਿਚ 61 ਲੱਖ 84 ਹਜ਼ਾਰ ਰੁਪਿਆ ਖਰਚ ਹੋਣਾ ਹੈ। ਇਹ ਜੋ ਈ. ਐਸ. ਆਈ. ਹਸਪਤਾਲਾਂ ਦੀ ਜੋ ਗੱਲ ਹੈ ਮੈਂ ਘਟੋ ਘੱਟ ਇਸ ਨਾਲ ਸੰਤੁਸ਼ਟ ਨਹੀਂ। ਇਕ ਗੱਲ ਮੈਂ ਤੁਹਾਡੀ ਦ੍ਰਿਸ਼ਟੀ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਈ. ਐਸ. ਆਈ. ਹਸਪਤਾਲ, ਅੰਮ੍ਰਿਤਸਰ ਵਿਚ ਬਣਿਆ ਹੈ ਔਰ ਉਸ ਤੇ 25 ਲੱਖ 67 ਹਜ਼ਾਰ ਰੁਪਿਆ ਲਗਿਆ ਹੈ। ਪਹਿਲੀ ਅਪਰੈਲ, 1965 ਤੋਂ 31 ਮਾਰਚ, 1969 ਤਕ ਜੋ ਉਸ ਨੂੰ ਮੇਨਟੇਨ ਕਰਨ ਤੇ ਖਰਚ ਆਇਆ ਹੈ, ਉਹ 11 ਲੱਖ 34 ਹਜ਼ਾਰ ਰੁਪਏ ਹੈ ਔਰ ਉਥੇ ਮਰੀਜ਼ਾਂ ਦੀ ਜੋ ਗਿਣਤੀ ਹੈ ਉਹ 689 ਸੀ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਉਥੇ 2550 ਰੁਪਏ ਪਰ ਪੇਸ਼ੈਂਟ ਖਰਚ ਹੋਇਆ ਹੈ। ਇਹ ਸਾਰੀਆਂ ਚੀਜ਼ਾਂ ਸਾਡੇ ਸਾਹਮਣੇ ਹਨ। (ਵਿਘਨ) ਫਜ਼ੂਲ ਕਿਸਮ ਦੇ ਖਰਚ ਬਚਾਏ ਜਾਣੇ ਚਾਹੀਦੇ ਹਨ। ਮੈਂ ਇਹ ਵੀ ਵਿਸ਼ਵਾਸ਼ ਰਖਦਾ ਹਾਂ ਕਿ ਈ. ਐਸ. ਆਈ. ਦੇ ਵਿਚ ਜਿਹੜੇ ਮਜ਼ਦੂਰ ਜਾਂਦੇ ਹਨ ਉਨ੍ਹਾਂ ਨੂੰ ਵੱਧ ਤੋਂ ਵੱਧ ਸੰਤੁਸ਼ਟਤਾ ਹੋਵੇਗੀ।

ਜਿਥੋਂ ਤਕ, ਸਪੀਕਰ ਸਾਹਿਬ, ਪਬਲਿਕ ਹੈਲਥ ਦਾ ਸਬੰਧ ਹੈ ਉਸ ਵਿਚ ਇਸ ਸਾਲ ਕੁਝ ਖਾਸ ਕੰਮ ਹਨ ਜਿਨ੍ਹਾਂ ਕਰਕੇ ਇਹ ਵੱਧ ਰਕਮ ਰਖੀ ਗਈ ਹੈ। ਵਾਟਰ ਸਪਲਾਈ ਦੇ ਬਾਰੇ ਮੈਂ ਅਰਜ਼ ਕਰਾਂਗਾ ਕਿ 2584 ਪਿੰਡ ਐਸੇ ਹਨ ਜਿਨ੍ਹਾਂ ਵਿਚ ਪਾਣੀ ਦੀ ਘਾਟ ਹੈ ਜਾਂ ਪਾਣੀ ਦੀ ਸਪਲਾਈ ਠੀਕ ਨਹੀਂ ਹੁੰਦੀ ਜਾਂ ਇਸ ਕਿਸਮ ਦਾ ਪਾਣੀ ਮਿਲਦਾ ਹੈ ਜਿਹੜਾ ਕਿ ਪੀਣ ਦੇ ਯੋਗ ਨਹੀਂ। 127 ਪਿੰਡ ਸਨ, ਜਿਨ੍ਹਾਂ ਨੂੰ ਪੀਣ ਲਈ ਪਾਣੀ ਇਕ ਮੀਲ ਤੋਂ ਵੱਧ ਸਫਰ ਕਰਕੇ ਲਿਆਉਣਾ ਪੈਂਦਾ ਸੀ। 1969-70 ਵਿਚ 52 ਲੱਖ ਰੁਪਏ ਇਸ ਕੰਮ ਵਾਸਤੇ ਰਖੇ ਗਏ ਸੀ ਔਰ ਇਹ ਖਰਚ ਹੁਣ 105 ਲੱਖ ਰੁਪਏ ਕੀਤਾ ਹੈ ਔਰ 200 ਪਿੰਡਾਂ ਨੂੰ ਪੀਣ ਦੇ ਪਾਣੀ ਦੀ ਸਪਲਾਈ ਦੇਵਾਂਗੇ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸੀਵਰ ਦਾ ਸਿਸਟਮ ਹੈ। ਜਿਹੜਾ ਪਾਣੀ ਖੇਤਾਂ ਨੂੰ ਵਿਚ ਜਾ ਕੇ ਮਿਲਦਾ ਹੈ ਉਨ੍ਹਾਂ ਵਾਸਤੇ 20 ਲੱਖ ਰੁਪਿਆ ਇਸ ਮਕਸਦ ਲਈ ਰਖਿਆ ਹੈ। ਜਿਹੜੇ ਸ਼ਹਿਰ ਆਦਿ ਸੀਵਰ ਬਣਾਉਣ ਉਨ੍ਹਾਂ ਨੂੰ 75% ਲੋਨ ਦੇਵਾਂਗੇ ਔਰ 25% ਗਰਾਂਟ ਦੇ ਤੌਰ ਤੇ ਦੇਵਾਂਗੇ। ਪਾਣੀ ਦੀ

ਸਪਲਾਈ ਲਈ ਉਨ੍ਹਾਂ ਸ਼ਹਿਰਾਂ ਵਿਚ ਜਿਥੇ 20 ਹਜ਼ਾਰ ਤੋਂ ਘੱਟ ਆਬਾਦੀ ਹੈ ਉਸ ਵਾਸਤੇ 10 ਲੱਖ ਰੁਪਿਆ ਰਖਿਆ ਗਿਆ ਹੈ, ਜਿਸ ਲਈ 50% ਲੋਕਲ ਬਾਡੀਜ਼ ਖਰਚ ਕਰਨਗੀਆਂ ਔਰ 50% ਗਰਾਂਟ ਦੇ ਤੌਰ ਤੇ ਦਿਤੇ ਜਾਣਗੇ।

ਇਸੇ ਤਰ੍ਹਾਂ ਫੈਮਿਲੀ ਪਲੈਨਿੰਗ ਦੇ ਬਾਰੇ, ਸਪੀਕਰ ਸਾਹਿਬ, ਮੇਰੀ ਅਰਜ਼ ਹੈ। ਸਰਦਾਰ ਬੇਅੰਤ ਸਿੰਘ ਜੀ ਨੇ ਫ਼ਰਮਾਇਆ ਕਿ ਫੈਮਿਲੀ ਪਲੈਨਿੰਗ ਘੱਟ ਹੋ ਰਹੀ ਹੈ। ਮੇਰੀ ਅਰਜ਼ ਹੈ ਕਿ ਫੈਮਿਲੀ ਪਲੈਨਿੰਗ ਵਾਸਤੇ 1,40,94,410 ਰੁਪਿਆ ਰਖਿਆ ਗਿਆ ਹੈ। ਲੇਕਿਨ ਜਿਥੋਂ ਤਕ ਫੈਮਿਲੀ ਪਲੈਨਿੰਗ ਦਾ ਸਬੰਧ ਹੈ ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨ ਦਾ ਜੋ ਟੀਚਾ ਹੈ, ਜੋ ਨਿਸ਼ਾਨਾ ਹੈ, ਉਹ ਇਹ ਹੈ ਕਿ ਇਸ ਵੇਲੇ ਜੋ 39 ਪਰ ਥਾਊਜ਼ੈਂਡ ਬਰਥ ਰੇਟ ਹੈ ਇਸ ਨੂੰ 1974 ਤਕ 32 ਪਰ ਥਾਊਜ਼ੈਂਡ ਤੇ ਲਿਆਉਣਾ ਹੈ ਔਰ 1979 ਵਿਚ ਇਹ 25 ਪਰ ਥਾਊਜ਼ੈਂਡ ਲਿਆਉਣ ਦਾ ਟੀਚਾ ਹੈ। ਲੇਕਿਨ ਪੰਜਾਬ ਦੇ ਵਿੱਚ ਇਹ 1968 ਵਿਚ 27.94 ਤੇ ਪਹੁੰਚ ਗਿਆ ਸੀ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਬਾਕੀ ਦੇਸ਼ ਵਿਚ ਜਿਥੇ ਇਹ 1974 ਤਕ ਜੋ ਨਿਸ਼ਾਨਾ ਹੈ ਉਸ ਤੋਂ ਵੀ ਇਥੇ ਬਰਥ ਰੇਟ ਘੱਟ ਹੈ। ਇਹ ਗੱਲ ਵਿਚਾਰਨ ਵਾਲੀ ਵੀ ਹੈ ਕਿ ਰੂਰਲ ਏਰੀਆ ਵਿਚ ਇਹ ਬਰਥ ਰੇਟ 1979 ਦੇ ਟੀਚੇ ਤੋਂ ਵੀ ਘੱਟ ਚੁਕਾ ਹੈ। 1979 ਵਿਚ ਟੀਚਾ 25 ਪਰ ਥਾਊਜ਼ੈਂਡ ਦਾ ਹੈ ਜਦਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੇਂਡੂ ਇਲਾਕੇ ਵਿਚ ਇਹ ਰੇਟ 23.42 ਤੇ ਪਹੁੰਚ ਚੁਕਾ ਹੈ। ਇਸ ਤਰ੍ਹਾਂ ਬਠਿੰਡੇ ਵਿਚ 26.19 ਔਰ ਸੰਗਰੂਰ ਵਿਚ 23.93 ਔਰ ਪਟਿਆਲੇ ਵਿਚ ਇਹ 24.12 ਤਕ ਪਹੁੰਚ ਚੁਕਾ ਹੈ। ਸੋ ਫੈਮਿਲੀ ਪਲੈਨਿੰਗ ਦੀ ਇਸ ਵੇਲੇ ਇਹ ਪੋਜ਼ੀਸ਼ਨ ਹੈ। ਅਸੀਂ ਡੀਪਾਰਟਮੈਂਟ ਨੂੰ ਇਹ ਵੀ ਹਦਾਇਤ ਕੀਤੀ ਹੈ ਕਿ ਇਸ ਬਰਥ ਰੇਟ ਨੂੰ ਸਾਰੇ ਪੰਜਾਬ ਵਿਚ ਇਕੋ ਸਤਹ ਤੇ ਲਿਆਉਣ ਦਾ ਉੱਦਮ ਕੀਤਾ ਜਾਵੇ। ਸਪੀਕਰ ਸਾਹਿਬ, ਫ਼ਿਰੋਜ਼ਪੁਰ, ਅੰਮ੍ਰਿਤਸਰ ਔਰ ਬਠਿੰਡਾ ਐਸੇ ਜ਼ਿਲੇ ਹਨ ਜਿਨ੍ਹਾਂ ਵਿਚ ਬਹੁਤ ਜਾਗਰਤੀ ਆ ਗਈ ਹੈ ਔਰ ਉਹ ਲੋਕ ਆਪਣੇ ਆਪ ਹਸਪਤਾਲਾਂ ਵਿਚ ਆਉਂਦੇ ਹਨ. ਉਨ੍ਹਾਂ ਨੂੰ ਪਰੇਰਨਾ ਕਰਨ ਦੀ ਜ਼ਰੂਰਤ ਨਹੀਂ ਹੈ। ਪਰ ਇਥੇ ਮੈਂ ਇਕ ਅਰਜ਼ ਇਹ ਕਰਨੀ ਚਾਹੁਦਾ ਹਾਂ ਕਿ ਇਥੇ ਸਾਨੂੰ ਇਕ ਬੜੀ ਦਿਕਤ ਪੇਸ਼ ਆ ਰਹੀ ਹੈ। ਜਿਥੇ ਉਥੇ ਬਰਥ ਰੇਟ ਘੱਟ ਗਿਆ ਹੈ ਉਥੇ ਦਵਾਈਆਂ ਔਰ ਹੋਰ ਅਜਿਹੀਆਂ ਨਸ਼ੇ ਵਾਲੀਆਂ ਚੀਜ਼ਾਂ ਦੀ ਜ਼ਿਆਦਾ ਵਰਤੋਂ ਸ਼ੁਰੂ ਹੋ ਗਈ ਹੈ। ਮੈਂ ਸਮਝਦਾ ਹਾਂ ਕਿ ਸਾਰੇ ਸੱਜਣਾਂ ਨੂੰ, ਚਾਹੇ ਉਹ ਕਿਸੇ ਪਾਰਟੀ ਨਾਲ ਸਬੰਧ ਰਖਦੇ ਹਨ, ਉਨ੍ਹਾਂ ਨੂੰ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਬਾਰਡਰ ਦਾ ਏਰੀਆ ਹੈ ਅਗਰ ਇਥੇ ਨਸ਼ੇ ਦੀ ਜ਼ਿਆਦਾ ਵਰਤੋਂ ਹੁੰਦੀ ਰਹੀ ਤਾਂ ਸਮੁਚੇ ਤੌਰ ਤੇ ਇਹ ਖਤਰਨਾਕ ਗੱਲ ਹੋਵੇਗੀ। ਜਿਥੋਂ ਤਕ ਡੀਪਾਰਟਮੈਂਟ ਦਾ ਤੱਲਕ ਹੈ, ਡੀਪਾਰਟਮੈਂਟ ਵਲੋਂ ਕਾਫ਼ੀ ਪਰਬੰਧ ਕੀਤਾ ਗਿਆ ਹੈ। ਸੁਪਰਡੰਟ ਪੁਲਿਸ ਨੂੰ ਕਿਹਾ ਗਿਆ ਹੈ। ਸੈਂਟਰ ਨੂੰ ਲਿਖਿਆ ਹੈ। ਮੇਰਾ ਭਾਵ ਹੈ ਕਾਨੂੰਨ ਰਾਹੀਂ, ਪਰਚਾਰ ਰਾਹੀਂ ਵੀ ਅਸੀਂ ਸਾਰੀਆਂ ਸੰਸਥਾਵਾਂ ਨੂੰ ਬੇਨਤੀ ਕਰ ਰਹੇ ਹਾਂ ਕਿ ਉਹ ਪਰਚਾਰ ਰਾਹੀਂ ਇਹ ਯਤਨ ਕਰਨ ਕਿ ਇਹ ਬਿਮਾਰੀ ਜਿਹੜੀ ਹੈ ਉਨ੍ਹਾਂ ਲੋਕਾਂ ਵਿਚ ਘੱਟ ਸਕੇ। (ਵਿਘਨ)

ਇਸ ਗੱਲ ਦੇ ਉਤੇ ਕੋਈ ਦੋ ਰਾਵਾਂ ਨਹੀਂ। ਮੈਂ ਅਰਜ਼ ਕਰ ਰਿਹਾ ਹਾਂ ਕਿ ਇਹ ਚੀਜ਼ ਐਸੀ ਹੈ ਕਿ ਇਸ ਨੂੰ ਸਾਨੂੰ ਲਾਈਟ ਵਿਚ ਲਿਆਉਣਾ ਚਾਹੀਦਾ ਹੈ ਅਤੇ ਇਹ ਦੇਸ਼ ਦੇ ਸਮੁਚੇ ਹਿਤ ਦੀ ਗੱਲ ਸਮਝ ਲੈਣੀ ਚਾਹੀਦੀ ਹੈ ਔਰ ਇਸ ਦੇ ਲਈ ਹਰ ਸੱਜਣ ਨੂੰ ਅਤੇ ਪਾਰਟੀ ਨੂੰ ਪੂਰੇ ਯਤਨ ਕਰਨੇ ਚਾਹੀਦੇ ਹਨ।

ਇਸ ਤੋਂ ਇਲਾਵਾ ਪਿੰਡਾਂ ਵਿਚ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਣ ਵਾਸਤੇ ਅਜੀ 4 ਲੱਖ 76

[ਸਿਹਤ ਰਾਜ ਮੰਤਰੀ]

ਹਜ਼ਾਰ ਰੁਪਏ ਰਖੇ ਹਨ । ਜਿਥੋਂ ਤਕ ਮਲੇਰੀਆ ਦੇ ਫੈਲਣ ਦੀ ਗੱਲ ਹੈ, ਇਹ ਠੀਕ ਹੈ ਕਿ ਇਹ 4 ਜ਼ਿਲ੍ਹਿਆਂ ਵਿਚ ਸ਼ੁਰੂ ਹੋ ਗਿਆ ਹੈ । ਅਸੀਂ ਅਗਲੇ ਸਾਲ ਲਈ ਇਸ ਮੱਦ ਵਿਚ ਕੋਈ 15 ਲੱਖ 84 ਹਜ਼ਾਰ ਰੁਪਏ ਰਖੇ ਹਨ ਤਾਂ ਕਿ ਜਿਨ੍ਹਾਂ ਜਿਨ੍ਹਾਂ ਜ਼ਿਲ੍ਹਿਆਂ ਵਿਚ ਮਲੇਰੀਆ ਦੀ ਵਬਾ ਫੈਲੀ ਹੋਈ ਹੈ, ਰੁਕ ਜਾਵੇ । ਚੇਚਕ ਦੇ ਵਾਸਤੇ ਵੀ ਅਸੀਂ 5,55,909 ਰੁਪਏ ਰਖੇ ਹਨ । ਇਹ ਜਿਹੜੀ ਚੇਚਕ ਦੀ ਬੀਮਾਰੀ ਹੈ, ਪੰਜਾਬ ਦੇ ਜਿਹੜੀਆਂ ਸਟੇਟਾਂ ਲਾਗੇ ਹਨ, ਉਨ੍ਹਾਂ ਦੇ ਮੁਕਾਬਲੇ ਵਿਚ ਇਥੇ ਘੱਟ ਹੈ । ਪਰ ਇਸ ਕਰਕੇ ਇਸ ਵੱਲ ਯਤਨ ਹੋ ਰਹੇ ਹਨ ਕਿ ਇਹ ਜਿਹੜੀ ਬੀਮਾਰੀ ਵੱਧ ਰਹੀ ਹੈ, ਇਹ ਨਾ ਵਧੇ ।

ਇਸ ਤੋਂ ਇਲਾਵਾ ਨਰਸਿਜ਼ ਦਾ ਮਸਲਾ ਸਾਡੇ ਸਾਮ੍ਹਣੇ ਆਇਆ ਹੈ । ਮੈਂ ਸਮਝਦਾ ਹਾਂ ਕਿ ਜਿਥੋਂ ਤਕ ਨਰਸਾਂ ਦੀ ਗੱਲ ਹੈ ਉਹ ਸਾਡੇ ਪੰਜਾਬ ਦੀਆਂ ਬਚੀਆਂ ਹਨ ਅਤੇ ਸਾਡੀਆਂ ਲੜਕੀਆਂ ਹਨ । (ਥੰਪਿੰਗ) ਮੈਂ ਅਰਜ਼ ਕਰਾਂ ਕਿ ਮੈਂ ਇਸ ਤਰ੍ਹਾਂ ਸਮਝਦਾ ਹਾਂ । ਮੈਨੂੰ ਜਿਥੇ ਜਿਥੇ ਵੀ ਕੋਈ ਸ਼ਿਕਾਇਤ ਮਿਲਦੀ ਹੈ ਮੈਂ ਉਥੇ ਜਾਂਦਾ ਹਾਂ ਅਤੇ ਜੋ ਐਕਸ਼ਨ ਲੈ ਸਕਦਾ ਹਾਂ, ਮੈਂ ਜ਼ਰੂਰ ਲੈਂਦਾ ਹਾਂ । ਲੇਕਿਨ ਮੈਂ ਮੈਂਬਰ ਸਾਹਿਬਾਨ ਨੂੰ ਅਰਜ਼ ਕਰਾਂਗਾ ਕਿ ਇਸ ਸਿਲਸਲੇ ਵਿਚ ਉਹ ਸਾਰੇ ਗੌਰਮੈਂਟ ਨੂੰ ਸਹਿਯੋਗ ਦੇਣ ਅਤੇ ਜੇ ਕੋਈ ਕਿਸੇ ਦੀ ਟਰਾਂਸਫ਼ਰ ਕਰਾਉਣਾ ਚਾਹੁੰਦੇ ਹਨ ਅਤੇ ਅਗਰ ਕਿਸੇ ਵਜਾਹ ਕਰਕੇ ਉਹ ਟਰਾਂਸਫ਼ਰ ਨਾਂ ਹੋਵੇ ਤਾਂ ਨਾਰਾਜ਼ ਨਾ ਹੋਇਆ ਕਰਨ । ਐਡਮਨਿਸਟਰੇਸ਼ਨ ਦੇ ਨੁਕਤਾ ਨਿਗਾਹ ਤੋਂ ਮੈਂ ਸੀ. ਐਮ. ਓ. ਨੂੰ ਕਹਿ ਆਇਆ ਹਾਂ ਕਿ ਅਗਰ ਕਿਸੇ ਪਿੰਡ ਵਿਚ ਕੋਈ ਨਰਸ ਦੀ ਬੇਇੱਜ਼ਤੀ ਹੁੰਦੀ ਹੈ ਤਾਂ ਉਸ ਪਿੰਡ ਦੇ ਵਿਚੋਂ ਹਸਪਤਾਲ ਬੰਦ ਕਰ ਦਿਉ । (ਥੰਪਿੰਗ)

ਇਹ ਜਿਹੜੀਆਂ ਨਰਸਿੰਗ ਸਟੂਡੈਂਟਸ ਹਨ, ਉਨ੍ਹਾਂ ਦੀ ਰਿਹਾਇਸ਼ ਵਾਸਤੇ ਤਿੰਨ ਲੱਖ ਰੁਪਏ ਦਾ ਪ੍ਰੋਵੀਜ਼ਨ ਕੀਤਾ ਹੈ । ਉਨ੍ਹਾਂ ਵਾਸਤੇ ਹੋਸਟਲ ਬਣਾਏ ਜਾਣਗੇ ਤਾ ਕਿ ਉਨ੍ਹਾਂ ਦੀ ਰਿਹਾਇਸ਼ ਦਾ ਵਧੇਰੇ ਅੱਛਾ ਪ੍ਰਬੰਧ ਹੋ ਸਕੇ । ਬੱਚਿਆਂ ਦੇ ਲਈ ਵੀ ਹੋਸਟਲਜ਼ ਖੋਲ੍ਹੇ ਜਾ ਰਹੇ ਹਨ । ਤਹਿਸੀਲ ਹੈਡਕਵਾਰਟਰਜ਼ ਤੇ ਜਿਹੜੇ ਹਸਪਤਾਲ ਹਨ, ਉਹ ਅਪਗਰੇਡ ਕੀਤੇ ਜਾ ਰਹੇ ਹਨ । ਇਸ ਦੇ ਇਲਾਵਾ ਬਿਲਡਿੰਗਜ਼ ਦੀ ਸ਼ਿਕਾਇਤ ਹੈ । ਮੈਂ ਸਮਝਦਾ ਹਾਂ ਕਿ ਇਹ ਚੀਜ਼ ਕਾਫ਼ੀ ਦੇਰ ਤੋਂ ਚਲਦੀ ਆ ਰਹੀ ਹੈ । ਇਕ ਗੱਲ ਹੋਰ ਹੈ, ਉਹ ਇਹ ਹੈ ਕਿ ਡਾਕਟਰ ਸ਼ਹਿਰਾਂ ਤੋਂ ਪਿੰਡਾਂ ਵਿਚ ਜਾਣ ਵਾਸਤੇ ਤਿਆਰ ਨਹੀਂ ਹਨ । ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀਆਂ ਕੁਝ ਡਿਫੀਕਲਟੀਜ਼ ਹਨ, ਉਹ ਦੂਰ ਕੀਤੀਆਂ ਜਾਣਗੀਆਂ । ਉਹ ਵਧੇਰੇ ਤੰਗੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਰਿਹਾਇਸ਼ ਵਾਸਤੇ ਪਿੰਡਾਂ ਵਿਚ ਕੋਈ ਬਿਲਡਿੰਗਜ਼ ਨਹੀਂ ਮਿਲ ਸਕਦੀਆਂ ਹਨ । ਇਸ ਲਈ 15 ਲੱਖ 50 ਹਜ਼ਾਰ ਰੁਪਏ ਇਸ ਵਾਸਤੇ ਰਖੇ ਗਏ ਹਨ ਤਾ ਕਿ ਪਿੰਡਾਂ ਵਿਚ ਇਨ੍ਹਾਂ ਡਾਕਟਰਾਂ ਵਾਸਤੇ ਰਿਹਾਇਸ਼ੀ ਮਕਾਨ ਬਣ ਜਾਣ । ਪਿੰਡਾਂ ਵਿਚ ਕੁਝ ਹਸਪਤਾਲ ਹਨ ਜਾਂ ਹੈਲਥ ਸੈਂਟਰਜ਼ ਹਨ ਜਿਨ੍ਹਾਂ ਦੀਆਂ ਬਿਲਡਿੰਗਜ਼ ਖ਼ਰਾਬ ਹਨ ਅਤੇ ਕਾਫ਼ੀ ਸਮੇਂ ਤੋਂ ਮੁਰੰਮਤ ਨਹੀਂ ਹੋਈ ਅਤੇ ਉਨ੍ਹਾਂ ਦੀ ਮੁਰਮਤ ਹੋ ਜਾਵੇ, ਇਹ ਵੀ ਇਸ ਵਿਚੋਂ ਖ਼ਰਚ ਕੀਤਾ ਜਾਏਗਾ ।

ਅੱਗੇ ਮੈਂਟਲ ਹਸਪਤਾਲ, ਅੰਮ੍ਰਿਤਸਰ ਦੀ ਗੱਲ ਹੈ । ਮੈਂ ਕਹਿੰਦਾ ਹਾਂ ਕਿ ਇਸ ਦੀ ਮੁਰੰਮਤ ਕਰ ਹੀ ਦੇਣੀ ਹੈ । (ਵਿਘਨ) ਮੈਂਟਲ ਹਸਪਤਾਲ, ਅੰਮ੍ਰਿਤਸਰ ਵਿਚ ਹਾਲੇ ਤਕ ਕੁਲ 651 ਬੇਡਜ਼ ਹਨ । (ਵਿਘਨ) ਔਰ ਉਥੇ 1118 ਪੇਸ਼ੈਂਟਸ ਹਨ । ਇਕ ਲੱਖ ਰੁਪਏ ਹੋਰ ਪ੍ਰੋਵਾਈਡ ਕੀਤੇ ਹਨ ਤਾ ਕਿ ਇਸ ਸਾਲ ਕੁਝ ਬੈਡਜ਼ ਵਿਚ ਵਾਧਾ ਕੀਤਾ ਜਾਏ । (ਵਿਘਨ)

ਟੀ. ਬੀ. ਦੇ ਕੰਟਰੋਲ ਵਾਸਤੇ ਜ਼ਿਲਾ ਵਾਈਜ਼ ਪ੍ਰਬੰਧ ਕਰ ਰਹੇ ਹਾਂ । ਇਸ ਲਈ 9,82,980

ਰੁਪਏ ਖ਼ਰਚ ਕੀਤੇ ਹਨ । ਪੋਸਟ ਗਰੈਜੂਏਟ ਟਰੇਨਿੰਗ ਵਾਸਤੇ, ਦੋਹਾਂ ਹਸਪਤਾਲਾਂ ਵਾਸਤੇ 1,45,000 ਰੁਪਏ ਖ਼ਰਚ ਕੀਤੇ ਹਨ । ਇਸ ਦੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ ਆਯੁਰਵੈਦਿਕ ਦਾ ਮਸਲਾ ਸਾਡੇ ਸਾਮ੍ਹਣੇ ਸੀ ਉਸ ਦੇ ਪੋਸਟ ਗਰੈਜੂਏਟਸ ਵਾਸਤੇ 3,20,000/- ਰੁਪਏ ਪ੍ਰੋਵਾਈਡ ਕੀਤੇ ਗਏ ਹਨ ਅਤੇ ਨਾਲ ਹੀ ਉਹ ਯੂਨੀਵਰਸਿਟੀ ਨਾਲ ਐਫੀਲੀਏਟ ਹੋ ਚੁਕਾ ਹੈ । ਮੈਂ ਵਧੇਰੇ ਇਸ ਦੀ ਡਿਟੇਲਜ਼ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਟਾਈਮ ਬਹੁਤ ਥੋੜ੍ਹਾ ਹੈ ।

ਇਸ ਸਾਲ ਪੰਜਾਬ ਵਿਚ ਅੱਖਾਂ ਵਾਸਤੇ ਕੋਰਨੀਆ ਗਰਾਫਟਿੰਗ ਦਾ ਕੰਮ ਸ਼ੁਰੂ ਕੀਤਾ ਹੈ । ਇਹ ਪੰਜਾਬ ਵਿਚ ਪਹਿਲੀ ਦਫਾ ਕੀਤਾ ਗਿਆ ਹੈ । ਜਿਨ੍ਹਾਂ ਦੀਆਂ ਅੱਖਾਂ ਬਚਪਨ ਵਿਚ ਕੋਰਨੀਆਂ ਦੇ ਨੁਕਸ ਕਰਕੇ ਚਲੀਆਂ ਗਈਆਂ ਸਨ, ਉਨ੍ਹਾਂ ਲੋਕਾਂ ਨੂੰ ਪਟਿਆਲੇ ਦੇ ਹਸਪਤਾਲ ਵਿਚ ਅਤੇ ਅੰਮ੍ਰਿਤਸਰ ਦੇ ਹਸਪਤਾਲ ਵਿਚ ਕੋਰਨੀਆਂ ਗਰਾਫਟਿੰਗ ਕਰਕੇ ਉਨ੍ਹਾਂ ਨੂੰ ਨਵੀਂ ਰੌਸ਼ਨੀ ਦਿੱਤੀ ਹੈ । (ਥੰਪਿੰਗ) ਅਸੀਂ ਅੱਖਾਂ ਵਾਸਤੇ ਪਿਛੇ ਜਿਹੇ ਪੰਦਰਵਾੜਾ ਵੀ ਸ਼ੁਰੂ ਕੀਤਾ ਹੈ । ਬਚਿਆਂ ਨੂੰ ਟੈਸਟ ਕੀਤਾ ਜਾਂਦਾ ਹੈ ਅਤੇ ਜਿਹੜੇ ਗਰੀਬ ਬੱਚੇ ਹਨ, ਜਿਨ੍ਹਾਂ ਨੂੰ ਐਨਕ ਲੱਗਦੀ ਹੈ ਉਹ ਐਨਕਾਂ ਫ਼ਰੀ ਦਿੱਤੀਆਂ ਜਾਂਦੀਆਂ ਹਨ । ਔਰ ਪਿੰਡਾਂ ਵਿਚ ਫਸਿਲੀਟੀਜ਼ ਪਹੁੰਚਾਉਣ ਵਾਸਤੇ ਪ੍ਰਬੰਧ ਕੀਤਾ ਜਾ ਰਿਹਾ ਹੈ । ਸਰਦਾਰ ਬਸੰਤ ਸਿੰਘ ਨੇ ਵੀ ਇਹ ਤਜਵੀਜ਼ ਰੱਖੀ ਹੈ । ਮੈਂ ਅਰਜ਼ ਕਰਾਂ ਕਿ ਅੱਖਾਂ ਦੇ ਆਪਰੇਸ਼ਨ ਵਾਸਤੇ ਮੈਡੀਕਲ ਕਾਲਿਜ ਦੇ ਡਾਕਟਰ ਗਏ ਹਨ ਅਤੇ ਅਸੀਂ ਮੁਬਾਇਲ ਯੂਨੀਅਨਜ਼ ਵੀ ਬਣਾ ਰਹੇ ਹਾਂ । ਸਭ ਤੋਂ ਪਹਿਲਾਂ ਇਸ ਕੰਮ ਲਈ ਡੇਰਾਬਸੀ ਚੁਣਿਆ ਹੈ । ਉਥੋਂ ਇਹ ਤਜਰਬਾ ਸ਼ੁਰੂ ਕਰਕੇ ਬਾਕੀ ਜਗ੍ਹਾ ਤੇ ਲਿਆਂਦਾ ਜਾਵੇਗਾ ।

ਇਥੇ ਦਵਾਈਆਂ ਦੀ ਸ਼ਿਕਾਇਤ ਕੀਤੀ ਗਈ ਹੈ । (ਘੰਟੀ) ਮੈਂ ਦੋ ਤਿੰਨ ਮਿੰਟ ਲਵਾਂਗਾ । ਦਵਾਈਆਂ ਦੀ ਜਿਹੜੀ ਗੱਲ ਹੋਈ ਹੈ, ਉਹ ਠੀਕ ਹੈ । ਪਰ ਮੈਂ ਕਹਾਂਗਾ ਕਿ ਜਿਹੜੇ ਡਾਕਟਰ ਵੀ ਹਨ, ਉਹ ਵੀ ਇਨਸਾਨ ਹੀ ਹਨ ਅਤੇ ਸਾਡੇ ਵਿਚੋਂ ਹੀ ਹਨ । ਉਨ੍ਹਾਂ ਵਿਚ ਕੁਝ ਚੰਗੇ ਡਾਕਟਰ ਵੀ ਹਨ ਅਤੇ ਕੁਝ ਐਸੇ ਵੀ ਹਨ ਜਿਨ੍ਹਾਂ ਦੇ ਖਿਲਾਫ਼ ਬੜੀਆਂ ਸ਼ਕਾਇਤਾਂ ਹਨ । ਮੈਂ ਸਮਝਦਾ ਹਾਂ ਕਿ ਜਦੋਂ ਤੋਂ ਇਹ ਦੁਨੀਆਂ ਬਣੀ ਹੈ ਇਸ ਵਿਚ ਨਾ ਤੇ ਟੋਟਲੀ ਚੰਗੇ ਬੰਦੇ ਰਹੇ ਹਨ ਅਤੇ ਨਾ ਹੀ ਮਾੜੇ । ਲੇਕਿਨ ਇਕ ਚੀਜ਼ ਮੈਂ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਫ਼ਰੀਦਕੋਟ ਦੇ ਵਿਚ ਡਾਕਟਰ ਚੰਦਰ ਸ਼ੇਖਰ ਨੇ ਕਿਹਾ ਹੈ ਕਿ ਇਹ ਅਛਾ ਹੋਵੇਗਾ ਕਿ ਜੇ ਪੰਜਾਬ ਦੇ ਡਾਕਟਰ ਹਿੰਦੁਸਤਾਨ ਦੇ ਦੂਜੇ ਸੂਬਿਆਂ ਵਿਚ ਜਾ ਕੇ ਬਾਕੀ ਡਾਕਟਰਾਂ ਨੂੰ ਕੁਝ ਰਸਤਾ ਦਿਖਾਉਣ । ਹੁਣੇ ਹੀ ਇਕ ਆਈਜ਼ ਕੈਂਪ ਲੱਗਿਆ ਸੀ ਅਤੇ ਉਸ ਕੈਂਪ ਵਿਚ ਐਸੇ ਡਾਕਟਰ ਸਨ ਜਿਹੜੇ ਦਿਨ ਦੇ ਛੇ ਵਜੇ ਤੋਂ ਲੈ ਕੇ ਰਾਤ ਦੇ 11 ਵਜੇ ਤਕ ਲੋਕਾਂ ਦੀ ਸੇਵਾ ਕਰਦੇ ਰਹੇ । ਮੈਂ ਅਰਜ਼ ਕਰਾਂਗਾ ਕਿ ਇਸ ਸਿਲਸਿਲੇ ਵਿਚ ਸਾਰੇ ਸੱਜਣਾਂ ਦਾ ਕੋਆਪਰੇਸ਼ਨ ਚਾਹੀਦਾ ਹੈ । ਮੇਰਾ ਵਿਸ਼ਵਾਸ ਹੈ ਕਿ ਕਾਨੂੰਨ ਨਾਲ ਉਨੀਆਂ ਚੀਜ਼ਾਂ ਨਹੀਂ ਸੁਧਰ ਸਕਦੀਆਂ ਜਿੰਨੀਆਂ ਪਿਆਰ ਨਾਲ ਸੁਧਰ ਸਕਦੀਆਂ ਹਨ । ਮੈਂ ਉਨ੍ਹਾਂ ਡਾਕਟਰਾਂ ਨਾਲ ਆਪ ਫਿਰਦਾ ਰਿਹਾ ਹਾਂ ਅਤੇ ਉਨ੍ਹਾਂ ਨੇ ਇਸ ਸਿਲਸਿਲੇ ਵਿਚ ਕਾਫੀ ਰੋਸ਼ਨੀ ਪਾਈ ਹੈ । (ਵਿਘਨ)

ਕਲਾਸ ਫੋਰ ਦੇ ਜਿਹੜੇ ਐਮਪਲਾਈਜ਼ ਹਨ, ਉਨ੍ਹਾਂ ਲਈ ਬਹੁਤ ਕੁੱਝ ਕੀਤਾ ਗਿਆ ਹੈ । ਮੈਂ ਅਰਜ਼ ਕਰਾਂ ਕਿ ਅਗੇ ਪੈਰਾ ਮੈਡੀਕਲ ਵਾਲਿਆਂ ਨੂੰ ਸ਼ਿਕਾਇਤਾਂ ਹੁੰਦੀਆਂ ਸਨ, ਹੜਤਾਲਾਂ ਹੁੰਦੀਆਂ ਸਨ ਲੇਕਿਨ ਉਨ੍ਹਾਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਗਈਆਂ ਹਨ । ਉਨ੍ਹਾਂ ਦੀ ਹਰ ਸ਼ਿਕਾਇਤ ਸੁਣੀ ਗਈ ਹੈ । ਉਨ੍ਹਾਂ ਦੀਆਂ ਸਾਰੀਆਂ ਗੱਲਾਂ ਮੰਨ ਲਈਆਂ ਗਈਆਂ ਹਨ । ਉਨ੍ਹਾਂ ਦੀਆਂ ਡਿਮਾਂਡਜ਼ ਤੋਂ ਇਲਾਵਾ ਜਿਹੜੀ ਤੰਗੀ ਉਨ੍ਹਾਂ ਦੀ ਮਹਿਸੂਸ ਕੀਤੀ ਗਈ, ਉਹ ਵੀ ਦੂਰ ਕੀਤੀ ਗਈ । ਤੁਸੀਂ ਵੇਖਿਆ ਹੋਵੇਗਾ ਕਿ

[ਸਿਹਤ ਰਾਜ ਮੰਤਰੀ]

ਪੈਰਾ ਮੈਡੀਕਲ ਵਾਲੇ ਸਭ ਤੋਂ ਪਹਿਲਾਂ ਹੜਤਾਲਾਂ ਵਿਚ ਲੀਡ ਕਰਿਆ ਕਰਦੇ ਸਨ, ਪਰ ਇਸ ਵਾਰੀ ਸਭ ਤੋਂ ਘੱਟ ਭਾਗ ਉਨ੍ਹਾਂ ਨੇ ਲਿਆ। (ਵਿਘਨ)

ਪ੍ਰਾਈਵੇਟ ਪ੍ਰੈਕਟਿਸ ਦੀ ਗੱਲ ਜ਼ਰੂਰੀ ਰਹਿ ਗਈ ਹੈ। ਮੈਂ ਅਰਜ਼ ਕਰਾਂਗਾ ਕਿ ਇਹ ਪ੍ਰਾਈਵੇਟ ਪ੍ਰੈਕਟਿਸ ਇਕ ਦਫਾ ਬੰਦ ਵੀ ਹੋਈ ਸੀ ਅਤੇ ਫਿਰ ਗਵਰਨਰ ਸਾਹਿਬ ਦਾ ਰਾਜ ਜਦੋਂ ਹਾਵੀ ਹੋਇਆ, ਸ਼ੁਰੂ ਹੋ ਗਈ। ਬਾਕੀ ਅਸੀਂ ਸਾਰੇ ਹਿੰਦੁਸਤਾਨ ਤੋਂ ਰਾਏ ਮੰਗਣੀ ਹੈ ਕਿ ਉਥੇ ਇਸ ਸਿਲਸਿਲੇ ਵਿਚ ਕੀ ਹੈ ਅਤੇ ਜਿਹੜੇ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਨਹੀਂ ਕਰਦੇ ਤਾਂ ਉਨ੍ਹਾਂ ਦੀ ਕੀ ਪੋਜ਼ੀਸ਼ਨ ਹੈ ? ਕਾਫੀ ਸਟੇਟਾਂ ਤੋਂ ਇਹ ਰਾਏ ਆ ਰਹੀ ਹੈ। ਇਸ ਲਈ ਇਹ ਅੰਡਰ ਕਨਸਿਡਰੇਸ਼ਨ ਹੈ। ਅਸੀਂ ਕੋਈ ਐਸੀ ਚੀਜ਼ ਕਰਨਾ ਚਾਹੁੰਦੇ ਹਾਂ ਕਿ ਜਿਸ ਨਾਲ ਲੋਕਾਂ ਨੂੰ ਤਕਲੀਫ ਨਾ ਹੋਵੇ ਅਤੇ ਇਹ ਤੰਗੀ ਦੂਰ ਹੋ ਜਾਵੇ। (ਵਿਘਨ)

ਹੁਣ ਮੈਂ ਸਟਾਫ ਦੀ ਗੱਲ ਕਰਾਂ। ਅਸੀਂ ਵੇਖਦੇ ਆ ਰਹੇ ਹਾਂ ਕਿ ਸਟਾਫ ਦੀ ਹੁਣ ਤਕ ਹਸਪਤਾਲਾਂ ਵਿਚ ਕਾਫ਼ੀ ਕਮੀ ਰਹੀ ਹੈ। ਮੈਂ ਦੇਖਿਆ ਹੈ ਕਿ ਜਲੰਧਰ ਦੇ ਹਸਪਤਾਲ ਵਿਚ ਸਟਾਫ਼ ਦੀ ਤੰਗੀ ਹੈ। ਉਸ ਹਸਪਤਾਲ ਵਾਸਤੇ 16 ਲੱਖ ਰੁਪਿਆ ਸਿਰਫ਼ ਹੁੰਦਾ ਹੈ। ਬਾਕੀ ਹਸਪਤਾਲਾਂ ਵਿਚ ਵੀ, ਜਿਥੇ ਕਿਤੇ ਕੋਈ ਮੁਲਾਜ਼ਮਾਂ ਦੀ ਕਮੀ ਹੋਵੇਗੀ, ਪੂਰੀ ਕੀਤੀ ਜਾਵੇਗੀ।

ਇਨ੍ਹਾਂ ਸ਼ਬਦਾਂ ਨਾਲ ਮੈਂ ਸਾਰੇ ਸੱਜਣਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕੋਈ ਕੰਨਸਟਰੇਕਟਿਵ ਚੀਜ਼ਾਂ ਦੱਸੀਆਂ ਹਨ।

ਉਦਯੋਗ ਮੰਤਰੀ : ਸਪੀਕਰ ਸਾਹਿਬ, ਅੱਜ ਇੰਡਸਟਰੀ ਦੀ ਮੰਗ ਤੇ ਬਹਿਸ ਕਰਦੇ ਹੋਏ ਬਹੁਤ ਸਾਰੇ ਮੈਂਬਰਾਂ ਨੇ ਬਹੁਤ ਸਾਰੀਆਂ ਗੱਲਾਂ ਕਹੀਆਂ ਹਨ। ਸਪੀਕਰ ਸਾਹਿਬ, ਕਿਸੇ ਵੀ ਸੂਬੇ ਦੀ ਤਰਕੀ ਦਾ ਦਾਰੋਮਦਾਰ ਉਸ ਦੀ ਐਗਰੀਕਲਚਰ ਅਤੇ ਇੰਡਸਟਰੀ ਤੇ ਹੁੰਦਾ ਹੈ। ਜਿਥੋਂ ਤੱਕ ਪੰਜਾਬ ਦੀ ਐਗਰੀਕਲਚਰ ਦਾ ਤੱਅਲੁਕ ਹੈ, ਉਸ ਨੂੰ ਦੇਖ ਕੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਨੇ ਇਸ ਸਿਲਸਿਲੇ ਵਿਚ ਆਪਣੀ ਜਗ੍ਹਾ ਬਣਾਈ ਹੈ, ਪਰ ਇੰਡਸਟਰੀ ਬਾਰੇ ਅਸੀਂ ਇਹ ਗੱਲ ਨਹੀਂ ਕਹਿ ਸਕਦੇ। ਅਸੀਂ ਹਾਲੀ ਨਹੀਂ ਕਹਿ ਸਕਦੇ ਕਿ ਪੰਜਾਬ ਇੰਡਸਟਰੀ ਦੇ ਮਾਮਲੇ ਵਿਚ ਆਪਣੇ ਪੈਰਾਂ ਤੇ ਖੜੇ ਹੋਣ ਦੇ ਕਾਬਲ ਹੈ। ਮੈਂ ਉਮੀਦ ਕਰਦਾ ਸੀ ਕਿ ਮੈਂਬਰ ਸਾਹਿਬਾਨ ਇਸ ਬਾਰੇ ਬੋਲਦੇ ਹੋਏ ਕੁਝ ਕਨਸਟ੍ਰੱਕਟਿਵ ਸੁਝਾ ਦੇਣਗੇ ਕਿ ਇਸ ਦੀਆਂ ਜੋ ਕਮੀਆਂ ਹਨ ਉਨ੍ਹਾਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਅਸੀਂ ਇਸ ਬਾਰੇ ਜੋ ਸੈਂਟਰ ਦੀ ਪਾਲਿਸੀ ਹੈ ਉਸ ਨੂੰ ਆਪਣੀਆਂ ਪਰੋਸੀਡਿੰਗਜ਼ ਰਾਹੀਂ ਉਸ ਦੇ ਧਿਆਨ ਵਿਚ ਲਿਆ ਸਕੀਏ ਕਿ ਪੰਜਾਬ ਦੀ ਇੰਡਸਟਰੀਅਲਾਈਜ਼ੇਸ਼ਨ ਬਾਰੇ ਸੈਂਟਰ ਨੂੰ ਕੀ ਕਰਨਾ ਚਾਹੀਦਾ ਹੈ। ਮਗਰ ਮੈਨੂੰ ਅਫ਼ਸੋਸ ਹੈ ਕਿ ਜਿਸ ਢੰਗ ਨਾਲ ਇਸ ਡੀਬੇਟ ਵਿਚ ਗਲਾਂ ਨਹੀਂ ਆਈਆਂ। (ਵਿਘਨ) ਹੁਣ ਮੈਨੂੰ ਸੇਵਾ ਕਰ ਲੈਣ ਦਿਓ। ਮੈਂ ਆਰਾਮ ਨਾਲ ਆਪ ਦੀਆਂ ਗਲਾਂ ਸੁਣਦਾ ਰਿਹਾ ਹਾਂ ਹੁਣ ਮੇਰੀ ਗੱਲ ਵੀ ਸੁਣੋ।

ਸਪੀਕਰ ਸਾਹਿਬ, ਹੁਣ ਮੈਂ ਉਨ੍ਹਾਂ ਗਲਾਂ ਵੱਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਨ੍ਹਾਂ ਦਾ ਜ਼ਿਕਰ ਇਥੇ ਆਇਆ ਹੈ। ਕੁਝ ਇੰਡਸਟਰੀਅਲ ਕਮੇਟੀਆਂ ਬਾਰੇ ਕਿਹਾ ਗਿਆ, ਕੁਝ ਪ੍ਰਾਜੈਕਟਾਂ ਦੀ ਗੱਲ ਆਈ, ਕੁਝ ਲੋਨਜ਼ ਦੀ ਗੱਲ ਹੋਈ ਅਤੇ ਕੁਝ ਇੰਡਸਟਰੀਅਲ ਅਸਟੇਟਸ ਦੀ ਚਰਚਾ ਚਲੀ। ਰਾ-ਮੇਟਰੀਅਲ ਦਾ ਵੀ ਜ਼ਿਕਰ ਆਇਆ, ਮੋਟੇ ਤੌਰ ਤੇ ਇਹ ਪੁਆਇੰਟਸ ਇੱਥੇ ਰੇਜ਼ ਕੀਤੇ ਗਏ।

ਪਹਿਲਾਂ ਮੈਂ ਇੰਡਸਟਰੀਅਲ ਦੇ ਰਾ-ਮੈਟੀਰੀ ਦੀ ਗੱਲ ਕਰਦਾ ਹਾਂ । ਉਨ੍ਹਾਂ ਮੈਂਬਰ ਸਾਹਿਬਾਨ, ਜਿਨ੍ਹਾਂ ਨੇ ਇਸ ਬਾਰੇ ਗੱਲ ਕੀਤੀ, ਕਿਹਾ ਕਿ ਇਸ ਦੀ ਡਿਸਟਰੀਬਯੂਸ਼ਨ ਠੀਕ ਤਰੀਕੇ ਨਾਲ ਨਹੀਂ ਹੁਦੀ । ਇਹ ਵੀ ਕਿਹਾ ਗਿਆ ਕਿ ਕਈ ਥਾਂ 6 ਨਾਵਾਂ ਦੇ ਫੱਟੇ ਲਗਾ ਕੇ ਲੋਕਾਂ ਨੂੰ 6,6 ਕੋਟੇ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ । ਇਸ ਬਾਰੇ ਮੇਰੀ ਅਰਜ਼ ਹੈ ਕਿ ਇਸ ਦਾ ਮੈਂਬਰ ਜਾਂ ਕੋਈ ਵੀ ਆਦਮੀ ਇਸ ਬਾਰੇ ਦੱਸੇ ਤਾਂ ਮੈਂ ਸਮਝਦਾ ਹਾਂ ਕਿ ਅਗਰ ਇੰਡਸਟਰੀ ਦੇ ਮਹਿਕਮੇ ਦਾ ਕੋਈ ਵੀ ਅਫਸਰ ਜਾਂ ਕਰਮਚਾਰੀ ਕੋਈ ਅਗਰ ਐਸੀ ਗੱਲ ਕਰਦਾ ਹੈ ਤਾਂ ਉਸ ਨੂੰ ਕਿਸੇ ਵੀ ਕੀਮਤ ਤੇ ਮਾਫ ਨਹੀ ਕੀਤਾ ਜਾ ਸਕਦਾ । ... (ਵਿਘਨ) ਹੁਣ ਸੁਣੋ ਤਾਂ ਸਹੀ ... (ਵਿਘਨ)

ਸ਼੍ਰੀ ਗੁਰਦਿਆਲ ਸੈਣੀ : * * * * (Interruption.)

ਸ਼੍ਰੀ ਸਪੀਕਰ : ਇਹ ਰਿਕਾਰਡ ਦਾ ਭਾਗ ਨਹੀਂ ਹੋਵੇਗਾ । (This interruption will not form part of the proceedings.)

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ ਆਰਡਰ, ਸਰ । ਇੰਡਸਟਰੀ ਮਨਿਸਟਰ ਸਾਹਿਬ ਨੇ ਜੋ 6 ਫਟਿਆਂ ਵਾਲੀ ਗੱਲ ਕਹੀ ਹੈ, ਮੈਂ ਇਨ੍ਹਾਂ ਦਾ ਚੈਲੰਜ ਮਨਜ਼ੂਰ ਕਰਦਾ ਹਾਂ । (ਵਿਘਨ)

Mr. Speaker : It is no point of order.

(ਸ਼੍ਰੀ ਗੁਰਦਿਆਲ ਸੈਣੀ ਵਲੋਂ (ਵਿਘਨ) (ਸ਼ੋਰ ਕਰ ਕੇ ਕੋਈ ਗੱਲ ਸੁਣੀ ਨਹੀਂ ਗਈ ।)

Mr. Speaker : This interruption will not form part of the proceedings.

चौधरी बलबीर सिंह : व्यवस्था का प्रश्न । इसी सदन में चार्जिज और काऊन्टर चार्जिज़ लगते रहे हैं । इस हाऊस की कार्यवाही इसकी सपोर्ट में दिखाई जा सकती है । कुछ दिन हुए माल मन्त्री के खिलाफ चार्जिज लगे और उन्होंने उनका जवाब दिया ।

श्री अध्यक्ष : मैं आपसे सहमत हूं लेकिन अगर 6-7 **मैम्बर एक साथ बोलें और हाऊस** की कार्यवाही को बिला वजह रोकें तो इसकी इजाजत नहीं दी जा सकती । (I agree with the hon. Member, but if 6-7 Members start shouting and thus obstruct the proceedings without justification, then that cannot be permitted.) (interruption)

ਸਰਦਾਰ ਸਰੂਪ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਵਜ਼ੀਰ ਸਾਹਿਬ ਨੇ ਕਿਹਾ ਕਿ ਅਗਰ ਹਾਊਸ ਦਾ ਕੋਈ ਮੈਂਬਰ ਜਾਂ ਬਾਹਰ ਦਾ ਕੋਈ ਆਦਮੀ ਦਸੇ ... (ਵਿਘਨ) (ਸ਼ੋਰ)

ਇਕ ਆਵਾਜ਼ : ਈ. 55-ਇੰਡਸਟਰੀਅਲ ਐਸਟੇਟ, ਜਲੰਧਰ । (ਵਿਘਨ)

ਉਦਯੋਗ ਮੰਤਰੀ : ਮੈਨੂੰ ਅਫ਼ਸੋਸ ਹੈ ਕਿ ਮੈਂ ਕਿਸੇ ਮੈਂਬਰ ਨੂੰ ਇੰਟਰਪਟ ਨਹੀਂ ਕੀਤਾ ਤਾਂ ਮੈਨੂੰ ਕਿਉਂ ਕੀਤਾ ਜਾ ਰਿਹਾ ਹੈ । ਮੈਂ ਤਾਂ ਆਪ ਨੂੰ ਆਪ ਇਨਵਾਈਟ ਕੀਤਾ ਹੈ ਕਿ ਕੋਈ ਵੀ ਮੈਂਬਰ ਜਾਂ ਜਾਂ ਗੈਰ ਮੈਂਬਰ ਮੈਨੂੰ ਦੱਸੇ ਤਾਂ ਅਸੀਂ ਮਹਿਕਮੇ ਦਾ ਭਾਵੇਂ ਕੋਈ ਵੀ ਕਿੰਨਾ ਵੱਡੇ ਤੋਂ ਵੱਡਾ ਅਫਸਰ ਹੋਵੇ ਉਸ ਦੇ ਖਿਲਾਫ ਕਾਰਵਾਈ ਕਰਾਂਗੇ ਅਤੇ ਸਖਤ ਤੋਂ ਸਖਤ ਸਜ਼ਾ ਦੇਵਾਂਗੇ । ਅਸੀਂ ਸੂਬੇ ਦੀ ਇੰਡਸਟਰੀ ਨੂੰ ਖਰਾਬ ਨਹੀਂ ਹੋਣ ਦਿਆਂਗੇ । (ਤਾੜੀਆਂ) (ਵਿਘਨ) (ਸ਼ੋਰ)

---

* ਸ਼੍ਰੀ ਸਪੀਕਰ ਦੀ ਆਗਿਆ ਨਾਲ ਰਿਕਾਰਡ ਵਿਚੋਂ ਕਢ ਦਿਤਾ ਗਿਆ ।

[ਉਦਯੋਗ ਮੰਤਰੀ]

ਇਸ ਤੋਂ ਇਲਾਵਾ ਕੁਝ ਇੰਡਸਟਰੀਅਲ ਐਸਟੇਟਸ, ਜੋ ਆਦਮਪੁਰ ਅਤੇ ਨਕੋਦਰ ਵਿਚ ਬਣੀਆਂ ਹੋਈਆਂ ਹਨ, ਦਾ ਵੀ ਜ਼ਿਕਰ ਆਇਆ । ਮੈਂ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਬਦਕਿਸਮਤੀ ਨਾਲ ਪੰਜਾਬ ਵਿਚ 10-12 ਥਾਂ ਤੇ ਪੁਲੀਟੀਕਲ ਰੀਜ਼ਨਜ਼ ਕਰ ਕੇ ਵੀ ਇਹ ਐਸਟੇਟਸ ਬਣੇ ਸਨ । ਮੈਂ ਉਨ੍ਹਾਂ ਦੀ ਇੰਟੈਗਰਿਟੀ ਤੇ ਡਾਊਟ ਨਹੀਂ ਕਰਦਾ । ਹੋ ਸਕਦਾ ਹੈ ਕੁਝ ਲੋਕਾਂ ਨੇ ਉਨ੍ਹਾਂ ਨੂੰ ਕਿਹਾ ਹੋਵੇ ਕਿ ਇਥੇ ਇੰਡਸਟਰੀਅਲ ਐਸਟੇਟ ਬਣਾਓ, ਪਰ ਇਹ ਨਹੀਂ ਦੇਖਿਆ ਕਿ ਇਥੇ ਕੀ ਕੰਮ ਹੋਵੇਗਾ । ਖੈਰ ਉਥੇ ਇੰਡਸਟਰੀਅਲ ਐਸਟੇਟ ਬਣੀ ਅਤੇ ਅੱਜ ਹਾਲਤ ਇਹ ਹੈ ਕਿ 8-10 ਜਗ੍ਹਾ ਤੇ ਅਨਾਜ ਭਰਿਆ ਗਿਆ ਹੈ । ਅਗਰ ਮੈਨੂੰ ਕੋਈ ਆਦਮੀ ਕਹੇ ਕਿ ਸਾਨੂੰ ਇਨ੍ਹਾਂ ਵਿਚ ਜਗ੍ਹਾ ਦਿਉ ਤਾਂ ਭਾਵੇਂ ਉਹ ਐਫ. ਸੀ. ਆਈ. ਪਾਸ ਹੋਵੇ, ਇੰਡਸਟਰੀ ਪਾਸ ਜਾਂ ਕਿਸੇ ਹੋਰ ਮਹਿਕਮੇ ਪਾਸ ਹੋਵੇ, ਮੈਂ ਉਸ ਨੂੰ ਖਾਲੀ ਕਰਵਾ ਕੇ ਦੇਵਾਂਗਾ । 6 ਆਦਮੀ ਹੁਣ ਆਏ ਹਨ, ਉਨ੍ਹਾਂ ਨੂੰ ਜਗ੍ਹਾ ਦਿੱਤੀ ਗਈ ਹੈ । ਜਗ੍ਹਾ ਚਾਹੇ ਕਿਸੇ ਨੂੰ ਵੀ ਦਿੱਤੀ ਹੋਈ ਹੋਵੇ ਅਗਰ ਕੋਈ ਪੰਜਾਬ ਦਾ ਆਦਮੀ ਆ ਕੇ ਕਹੇ ਕਿ ਉਹ ਇੰਡਸਟਰੀ ਚਲਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਸਭ ਤੋਂ ਵੱਧ ਪਹਿਲ ਦਿੱਤੀ ਜਾਵੇਗੀ । (ਤਾੜੀਆਂ)

ਸਪੀਕਰ ਸਾਹਿਬ, ਅਫ਼ਸੋਸ ਉਸ ਵੇਲੇ ਹੁੰਦਾ ਹੈ ਜਦ ਕਿਸੇ ਮੈਂਬਰ ਦੇ ਕੰਨ ਵਿਚ ਦੋ ਲਫ਼ਜ਼ ਕਿਸੇ ਨੇ ਕਹਿ ਦਿੱਤੇ ਤਾਂ ਉਸ ਨੇ ਕਹਾਣੀ ਬਣਾ ਕੇ ਪੇਸ਼ ਕਰ ਦਿੱਤੀ । ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਵੇ ਅਤੇ ਫੈਕਟੱਸ ਵਿਚ ਜਾਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਕਿ ਕੀ ਚੀਜ਼ ਹੈ ਅਤੇ ਕਿਸ ਤਰ੍ਹਾਂ ਹੋਈ ਹੈ । ਇਸ ਤਰ੍ਹਾਂ ਦਾ ਤਰੀਕਾ ਠੀਕ ਨਹੀਂ ਹੁੰਦਾ ।

ਇਥੇ ਇਹ ਕਿਹਾ ਗਿਆ ਕਿ ਰਾ-ਮੈਟੀਰੀਅਲ ਦੀ ਕਮੀ ਹੈ । ਪੰਜਾਬ ਵਿਚ ਰਾ-ਮੈਟੀਰੀਅਲ ਨਹੀਂ ਮਿਲਦਾ ਅਤੇ ਇਸ ਕਾਰਨ ਇੰਡਸਟਰੀ ਤਬਾਹ ਹੋ ਰਹੀ ਹੈ । ਇਸ ਵਿਚ ਸ਼ੱਕ ਨਹੀਂ ਕਿ ਰਾ-ਮੈਟੀਰੀਅਲ ਘੱਟ ਹੈ ਅਤੇ ਮੈਂ ਇਸ ਗੱਲ ਵਿਚ ਮੈਂਬਰ ਸਾਹਿਬਾਨ ਨਾਲ ਕੁਝ ਹੱਦ ਤੱਕ ਸਹਿਮਤ ਹਾਂ ਕਿ ਇੰਡਸਟਰੀ ਦੀ ਤਰੱਕੀ ਲਈ ਰਾ-ਮੈਟੀਰੀਅਲ ਚਾਹੀਦਾ ਹੈ ਅਤੇ ਇਸ ਵਿਚ ਡੀਲ ਕਰਨ ਵਾਲਿਆਂ ਨੂੰ ਪਿਗ ਆਇਰਨ, ਫਾਇਬਤ ਅਤੇ ਸ਼ੀਟਸ ਆਦਿ ਚਾਹੀਦੀਆਂ ਹਨ । ਇਸ ਦੇ ਬਾਰੇ ਵਿਚ ਮੈਂ ਮੈਂਬਰ ਸਾਹਿਬਾਨ ਦੇ ਗਿਆਨ ਲਈ ਇਹ ਕਹਿਣਾ ਚਾਹੁੰਦਾ ਹਾਂ ਕਿ ਜਦ ਰਾ-ਮੈਟੀਰੀਅਲ ਦੀ ਅਕਯੂਟ ਸ਼ਾਰਟੇਜ ਸਾਹਮਣੇ ਆਈ ਤਾਂ ਮੈਂ ਪੜਤਾਲ ਕੀਤੀ ਅਤੇ ਇਸ ਗੱਲ ਦਾ ਜਾਇਜ਼ਾ ਲੈਣ ਲਈ ਕਿ ਕਿੰਨੀ ਕੁ ਘਾਟ ਹੈ ਅਤੇ ਕੀ ਕੀ ਔਕੜਾਂ ਆ ਰਹੀਆਂ ਹਨ, ਇਕ ਮੀਟਿੰਗ ਇਥੇ ਬੁਲਾਈ । ਸਾਰੀਆਂ ਮੈਨੂਫੈਕਚਰਜ਼ ਐਸੋਸੀਏਸ਼ਨਾਂ ਦੇ ਪਰਧਾਨ ਅਤੇ ਸਕੱਤਰ ਬੁਲਾਏ ਗਏ ਅਤੇ ਉਨ੍ਹਾਂ ਤੋਂ ਪੁਛਿਆ ਗਿਆ ਕਿ ਕਿਥੇ ਕਿਥੇ ਇੰਡਸਟਰੀ ਵਿਚ ਬਾਟਲਨੈਕਸ ਹਨ ਤਾਂ ਕਿ ਸਰਕਾਰ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ । ਇਹ ਪਤਾ ਲੱਗਾ ਕਿ ਟਾਟਾ ਵਾਲੇ ਜਾਂ ਹਿੰਦੁਸਤਾਨ ਸਟੀਲ ਵਾਲੇ ਮਾਲ ਘੱਟ ਭੇਜਦੇ ਹਨ । ਕਿੰਨਾ ਘੱਟ ਹੈ ਇਸ ਤਰ੍ਹਾਂ ਦੀਆਂ ਗੱਲਾਂ ਦਾ ਸਾਰਾ ਨੋਟ ਲਿਆ ਅਤੇ ਇਸ ਦੇ ਬਾਰੇ ਵਿਚ ਇਮਪਾਰਟੈਂਟ ਡਿਸੀਜ਼ਨ ਲਏ । ਮੈਨੂੰ ਇਹ ਦੱਸ ਕੇ ਖੁਸ਼ੀ ਹੁੰਦੀ ਹੈ ਕਿ ਸਰਕਾਰ ਨੇ ਇਸ ਪੱਖ ਵਿਚ ਉਚੇਚੇ ਤੌਰ ਤੇ ਕਾਰਵਾਈ ਕੀਤੀ ਹੈ । ਮੈਂ ਆਪ ਕਲਕੱਤੇ ਗਿਆ ਡਾਇਰੈਕਟਰ ਅਤੇ ਸੈਕਟਰੀ ਇਸ ਵਿਭਾਗ ਦੇ ਮੇਰੇ ਨਾਲ ਸਨ ਅਤੇ ਕਈ ਮੀਟਿੰਗਾਂ ਕੀਤੀਆਂ ਗਈਆਂ, ਹਿੰਦੁਸਤਾਨ ਸਟੀਲ ਵਾਲਿਆਂ ਨੂੰ ਮਿਲੇ, ਟਾਟਾ ਵਾਲਿਆਂ ਨੂੰ ਮਿਲੇ । ਜਿਹੜੇ ਉਨ੍ਹਾਂ ਦੇ ਇਥੇ ਯਾਰਡ ਬਣੇ ਹੋਏ ਹਨ ਉਨ੍ਹਾਂ ਦੇ ਬਾਰੇ ਵਿਚ ਗੱਲ ਬਾਤ ਕੀਤੀ ਅਤੇ ਮੈਨੂੰ ਇਹ ਦੱਸ ਕੇ ਖੁਸ਼ੀ ਹੁੰਦੀ ਹੈ ਕਿ ਪਹਿਲਾਂ ਜਿਹੜਾ ਕੋਟਾ ਪਿਗ ਆਇਰਨ ਦਾ 60 ਹਜ਼ਾਰ ਟਨ ਆਉਂਦਾ ਸੀ, ਉਸ ਨੂੰ ਵਧਾ ਕੇ 1 ਲੱਖ 12 ਹਜ਼ਾਰ ਟਨ ਕਰ ਦਿਤਾ ਗਿਆ ਹੈ

ਅਤੇ ਕੁਝ ਹੋਰ ਵੀ ਆਉਣ ਦੀ ਆਸ ਹੈ । ਇਸ ਤਰ੍ਹਾਂ ਇਹ ਕੋਟਾ ਡਬਲ ਹੋ ਗਿਆ ਹੈ । (ਪ੍ਰਸੰਸਾ)

ਜਿਥੋਂ ਤਕ ਸ਼ੀਟਸ ਦਾ ਤੁਅੱਲਕ ਹੈ, ਇਸ ਲਈ ਅਸਾਡੀ ਸਟੇਟ ਦੀ ਐਲੋਕੇਸ਼ਨ 7500 ਟਨ ਦੀ ਸੀ, ਹੁਣ ਇਹ ਵਧਾ ਕੇ 11500 ਟਨ ਕਰਵਾ ਦਿੱਤੀ ਗਈ ਹੈ । (ਵਿਘਨ)

ਸ਼੍ਰੀ ਸਪੀਕਰ : ਤੁਸੀ ਕਿੰਨਾ ਹੋਰ ਸਮਾਂ ਲਉਗੇ ਤਾਂ ਕਿ ਹਾਊਸ ਨੂੰ ਐਕਸਟੈਂਡ ਕਰ ਦੇਈਏ ? (I would like to know from the hon. Minister as to how much more time he would require so that the sitting of the House may be extended accordingly.)

ਇਕ ਮਾਨਯੋਗ ਮੈਂਬਰ : ਨਹੀਂ ਜੀ ।

ਉਦਯੋਗ ਮੰਤਰੀ : ਜੇਕਰ ਇਨ੍ਹਾਂ ਦੀ ਇਨੇ ਹੀ ਜਵਾਬ ਨਾਲ ਤਸੱਲੀ ਹੋ ਗਈ ਹੈ ਤਾਂ ਬੈਠ ਜਾਂਦਾ ਹਾਂ । ਵੈਸੇ ਦਸ ਮਿੰਟ ਹੋਰ ਲਵਾਂਗਾ, ਸਪੀਕਰ ਸਾਹਿਬ ।

Mr. Speaker : Is it the pleasure of the House to extend the time of the House by 15 minutes ?

(Voices : Yes, Yes)

Mr. Speaker : The sitting of the House is extended by 15 minutes.

ਉਦਯੋਗ ਮੰਤਰੀ : ਸਪੀਕਰ ਸਾਹਿਬ, ਇਥੇ ਬਿਗ ਇੰਡਸਟਰੀ ਦੀ ਗੱਲ ਕੀਤੀ ਗਈ ਹੈ । ਇਸ ਦੇ ਬਾਰੇ ਵਿਚ ਮੈਂ ਅਰਜ਼ ਕਰਾਂਗਾ ਕਿ ਜਿਥੇ ਤੱਕ ਸੈਂਟਰ ਦੀ ਸਰਕਾਰ ਦਾ ਇਸ ਸੂਬੇ ਵਿਚ ਇੰਡਸਟਰੀ ਕਾਇਮ ਕੀਤੇ ਜਾਣ ਬਾਰੇ ਤਅੱਲੁਕ ਹੈ, ਮੈਂ ਸਮਝਦਾ ਹਾਂ ਕਿ ਉਹ ਬਿਲਕੁਲ ਨਹੀਂ ਦਿੱਤਾ ਜਾ ਰਿਹਾ ਅਤੇ ਹਰ ਸਕੀਮ ਵਿਚ ਇਗਨੋਰ ਕਰੀ ਜਾ ਰਹੇ ਹਨ । ਇਸ ਲਈ ਮੈਂ ਆਪ ਦੀ ਰਾਹੀਂ ਮੈਂਬਰ ਸਹਿਬਾਨ ਨੂੰ ਕਹਾਂਗਾ ਕਿ ਉਹ ਸਰਕਾਰ ਦੀ ਹਮਾਇਤ ਕਰਨ ਇਸ ਕੰਮ ਵਿਚ ਤਾਂ ਕਿ ਸੈਂਟਰ ਤਕ ਜਾਇੰਟ ਅਤੇ ਇਕ ਇਫੈਕਟਿਵ ਆਵਾਜ਼ ਪਹੁੰਚਾਈ ਜਾ ਸਕੇ । ਪੰਜਾਬ ਨੇ ਅਨਾਜ ਵਿਚ, ਜਿਹੜੀ ਕਿ ਦੇਸ਼ ਨੂੰ ਘਾਟ ਸੀ ਉਸ ਨੂੰ ਪੂਰਾ ਕੀਤਾ ਹੈ ਅਤੇ ਇਸ ਨੂੰ ਅਸੀਂ ਐਕਸਪੋਰਟ ਦੀ ਹੱਦ ਤਕ ਲਿਜਾਣਾ ਚਾਹੁੰਦੇ ਹਾਂ । ਅਸੀਂ ਪਹਿਲਾਂ ਦੇਸ਼ ਵਿਚ ਲੱਖਾਂ ਟਨ ਇਮਪੋਰਟ ਕਰਦੇ ਸਾਂ । ਪੰਜਾਬ ਨੇ ਸਾਰੇ ਦੇਸ਼ ਨੂੰ ਇਸ ਗੱਲ ਵਿਚ ਰਾਹਤ ਦਿਤੀ ਹੈ ਅਤੇ ਜਿੰਨੀ ਘਾਟ ਸਾਰੇ ਦੇਸ਼ ਦੀ ਹੈ ਉਸ ਦੀ 50% ਅਸੀਂ ਮੀਟ ਕਰਦੇ ਹਾਂ । ਪੰਜਾਬ ਅਗੇ ਜਾ ਰਿਹਾ ਹੈ ਅਤੇ ਇਸ ਦੀ ਤਰੱਕੀ ਲਈ ਜ਼ਰੂਰੀ ਹੈ ਕਿ ਸਨਅਤ ਵਲ ਤਰੱਕੀ ਕੀਤੀ ਜਾਵੇ ਅਤੇ ਇਥੇ ਵੱਡੇ ਵੱਡੇ ਕਾਰਖ਼ਾਨੇ ਕਾਇਮ ਕੀਤੇ ਜਾਣ । ਅਤੇ ਇਨ੍ਹਾਂ ਦੇ ਨਾਲ ਨਾਲ ਐਨਸਿਲਰੀ ਯੂਨਟਾਂ ਕਾਇਮ ਕੀਤੀਆਂ ਜਾਣ ਤਾਂ ਕਿ ਇਹ ਆਪਣਾ ਮਾਲ ਤਿਆਰ ਕਰ ਕੇ ਵਡਿਆਂ ਕਾਰਖ਼ਾਨਿਆਂ ਵਿਚ ਸਪਲਾਈ ਕਰ ਸਕਣ ਅਤੇ ਇਕ ਕਮਪਲੈਕਸ ਦੇ ਤੌਰ ਤੇ ਤਰੱਕੀ ਕੀਤੀ ਜਾ ਸਕੇ । ਮੈਂ ਇਹ ਸਮਝਦਾ ਹਾਂ ਕਿ ਸੂਬੇ ਦੀ ਤਰੱਕੀ ਦੇ ਦੋ ਪਹੀਏ ਹਨ—ਇਕ ਐਗਰੀਕਲਚਰ ਅਤੇ ਦੂਜਾ ਇੰਡਸਟਰੀ । ਇੰਡਸਟਰੀ ਲਈ ਜਿਥੇ ਗੌਰਮੈਂਟ ਆਫ਼ ਇੰਡੀਆ ਨੇ ਪਿਛਲੇ ਪਲਾਨ ਵਿਚ 3700 ਕਰੋੜ ਰੁਪਿਆ ਖ਼ਰਚ ਕੀਤਾ ਹੈ ਇਸ ਵੇਰ 3000 ਕਰੋੜ ਖ਼ਰਚ ਕੀਤਾ ਜਾਣਾ ਹੈ । ਇਹ 6700 ਕਰੋੜ ਰੁਪਿਆ ਇੰਡਸਟਰੀ ਲਗਾਉਣ ਲਈ ਹੈ । ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਵਿਚੋਂ ਕੇਵਲ ਇਕ ਫ਼ੈਕਟਰੀ ਨੰਗਲ ਦੀ ਲੱਗੀ ਹੈ 31 ਕਰੋੜ ਨਾਲ ਅਤੇ ਉਸ ਦਾ ਵੀ ਜਿੰਨਾ ਫਾਇਦਾ ਪੰਜਾਬ ਨੂੰ ਹੋਇਆ ਹੈ ਸਾਡੇ ਸਾਹਮਣੇ ਹੈ ਕਿ ਬਿਜਲੀ ਸਾਰੀ ਹੀ ਤਕਰੀਬਨ ਇਸ ਨੂੰ ਸਪਲਾਈ ਕੀਤੀ ਜਾਂਦੀ ਹੈ । ਇਸ ਨਾਲ ਬਿਜਲੀ ਬੋਰਡ ਨੂੰ 5 ਕਰੋੜ ਦਾ ਸਾਲ ਦਾ ਘਾਟਾ ਪੈਂਦਾ ਹੈ । ਭਾਖੜਾ ਡੈਮ

[ਉਦਯੋਗ ਮੰਤਰੀ]

ਦੀ ਜਿੰਨੀ ਬਿਜਲੀ ਤਿਆਰ ਕੀਤੀ ਜਾਂਦੀ ਹੈ ਉਸ ਦਾ 60% ਇਹ ਇਕੱਠੀ ਫੈਕਟਰੀ ਹੀ ਕਨਜ਼ੂਮ ਕਰਦੀ ਹੈ । ਜੇਕਰ ਇਹ ਰੀਲੀਜ਼ ਹੋ ਜਾਵੇ ਤਾਂ ਅਸੀਂ ਪੰਜਾਬ ਵਿਚ ਹੋਰ ਤਰੱਕੀ ਕਰ ਸਕਦੇ ਹਾਂ। ਇੰਡਸਟਰੀ ਦੇ ਕੁਨੈਕਸ਼ਨ ਹਨ ਜਾਂ ਟਿਯੂਬਵੈਲਾਂ ਦੇ ਕੁਨੈਕਸ਼ਨ, ਉਨ੍ਹਾਂ ਦੀਆਂ ਅਰਜ਼ੀਆਂ ਲੋਕੀ ਚੁੱਕੀ ਫਿਰਦੇ ਰਹਿੰਦੇ ਹਨ ਜੇ ਕਰ ਇਹ ਰੀਲੀਜ਼ ਹੋ ਜਾਵੇ ਤਾਂ ਇਸ ਨਾਲ ਉਨ੍ਹਾਂ ਦੀ ਕਮੀ ਨੂੰ ਪੂਰਾ ਕਰ ਸਕਦੇ ਹਾਂ ।

ਇਥੇ ਹੀ ਬੱਸ ਨਹੀਂ ਮੈਂ ਆਪ ਇਸ ਸਬੰਧ ਵਿਚ ਹੋਰ ਠੋਸ ਕਦਮ ਵੀ ਚੁਕੇ ਹਨ । ਦਿੱਲੀ ਪਰਸਨਲੀ ਜਾ ਕੇ ਚਾਰ ਪੰਜ ਮੀਟਿੰਗਾਂ ਸਬੰਧਤ ਵਜ਼ੀਰਾਂ ਨਾਲ ਕੀਤੀਆਂ ਅਤੇ ਪਹਿਲੀ ਵੇਰ ਇਹ ਪ੍ਰਥਾ ਕਾਇਮ ਕੀਤੀ ਕਿ ਜਦ ਪਾਰਲੀਮੈਂਟ ਦਾ ਸੈਸ਼ਨ ਹੋ ਰਿਹਾ ਹੋਵੇ ਤਾਂ ਪਾਰਲੀਮੈਂਟ ਦੇ ਮੈਂਬਰਾਂ ਪਾਸ, ਚਾਹੇ ਉਹ ਲੋਕ ਸਭਾ ਦੇ ਮੈਂਬਰ ਹੋਣ ਜਾਂ ਰਾਜ ਸਭਾ ਦੇ ਹੋਣ, ਜਾ ਕੇ ਮਿਲ ਕੇ ਆਪਣੇ ਪੰਜਾਬ ਦਾ ਵਿਯੂ ਪੁਆਇੰਟ ਦਿੱਤਾ ਜਾਵੇ । ਮੈਂ ਆਪਣੀਆਂ ਫਿਗਰਜ਼ ਦਸਦਾ ਹਾਂ ਕਿ ਕਿਸ ਤਰ੍ਹਾਂ ਦੀ ਹਾਲਤ ਪੰਜਾਬ ਵਿਚ ਹੈ ਅਤੇ ਸੈਂਟਰ ਵਲੋਂ ਪੂਰੀ ਸੁਣਵਾਈ ਅਤੇ ਸ਼ੇਅਰ ਇੰਡਸਟਰੀ ਵਿਚ ਨਹੀਂ ਮਿਲਦਾ । ਪੂਰਾ ਇਮਪੈਕਟ ਸੈਂਟਰ ਦੀ ਸਰਕਾਰ ਨਹੀਂ ਲੈਂਦੀ । ਮੈਨੂੰ ਖੁਸ਼ੀ ਹੈ ਕਿ ਇਸ ਤਰ੍ਹਾਂ ਗਲ ਬਾਤ ਕਰਨ ਦਾ ਕਾਫੀ ਚੰਗਾ ਅਸਰ ਪਿਆ ਹੈ ਅਤੇ ਸਾਰੇ ਇਕੱਠੇ ਹੋ ਕੇ, ਡੈਪੂਟੇਸ਼ਨ ਦੀ ਸ਼ਕਲ ਵਿਚ, ਪੰਜਾਬ ਦੇ ਐਮ ਪੀਜ਼ ਅਤੇ ਹੋਰ ਵੀ ਪਰਧਾਨ ਮੰਤਰੀ ਪਾਸ, ਫਿਨਾਂਸ ਮੰਤਰੀ ਪਾਸ ਅਤੇ ਮਨਿਸਟਰ ਕੰਸਰੰਡ ਪਾਸ ਗਏ ਹਨ । ਇਸ ਵਿਚ ਇਹ ਖਿਆਲ ਨਹੀਂ ਸੀ ਕਿ ਕੋਈ ਕਿਸ ਧਾਰਨਾ ਦਾ ਹੈ, ਸਾਰੇ ਹੀ ਭਾਵੇਂ ਉਨ੍ਹਾਂ ਦੀ ਧਾਰਨਾ ਕਿਸ ਤਰ੍ਹਾਂ ਦੀ ਵੀ ਸੀ, ਇਕੱਠੇ ਹੋ ਕੇ ਗਏ ਹਨ । ਜਨਸੰਘ ਵਾਲੇ ਸੀ ਜਾਂ ਅਕਾਲੀ ਸੀ ਜਾਂ ਕਾਂਗਰਸ ਸੀ ਜਾਂ ਇੰਡੀਪੈਂਡੈਂਟ ਸੀ, ਸਭ ਰਲ ਕੇ ਆਵਾਜ਼ ਉਠਾਈ ਹੈ ਕਿ ਪੰਜਾਬ ਵਿਚ ਹੈਵੀ ਇੰਡਸਟਰੀ ਕਾਇਮ ਕੀਤੀ ਜਾਣੀ ਚਾਹੀਦੀ ਹੈ । ਲੇਕਿਨ ਬਾਵਜੂਦ ਇਸ ਗੱਲ ਦੇ ਮੈਨੂੰ ਅਫਸੋਸ ਹੈ ਕਿ ਸੈਂਟਰ ਦੀ ਸਰਕਾਰ ਨੇ ਧਿਆਨ ਇਸ ਗੱਲ ਵਲ ਉਸ ਤਰੀਕੇ ਨਾਲ ਨਹੀਂ ਦਿੱਤਾ ਜਿਸ ਤਰੀਕੇ ਨਾਲ ਕਿ ਦੇਣਾ ਚਾਹੀਦਾ ਸੀ ।

ਫਰਟੇਲਾਈਜ਼ਰ ਇੰਡਸਟਰੀ ਦਾ ਜਿਥੇ ਤਕ ਸਬੰਧ ਹੈ, ਇਸ ਦਾ ਪੰਜਾਬ ਦੇ ਨਾਲ ਕਿੰਨਾ ਸਬੰਧ ਹੈ, ਇਸ ਤੁਸੀਂ ਵੇਖ ਸਕਦੇ ਹੋ । ਪੰਜਾਬ ਨੂੰ ਇਸ ਦੀ ਬੜੀ ਲੋੜ ਹੈ । ਇਸ ਦੇ ਬਾਰੇ ਵਿਚ ਮੈਂ ਹਾਉਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਈ. ਡੀ. ਸੀ ਵਲੋਂ ਇਸ ਫੈਕਟਰੀ ਦੇ ਲਗਾਉਣ ਦੀ ਅਰਜ਼ੀ ਪਹਿਲਾਂ ਦਿੱਤੀ ਗਈ ਸੀ । ਬਿਜੂ ਪਟਨਾਇਕ ਨੇ ਸਾਡੇ ਤੋਂ ਬਾਦ ਐਪਲਾਈ ਕੀਤਾ ਪਰ ਲੈਟਰ ਆਫ ਇਨਡੈਂਟ ਉਸ ਨੂੰ ਇਸ਼ੂ ਕਰ ਦਿਤਾ ਗਿਆ ਅਸਾਨੂੰ ਨਹੀਂ ਕੀਤਾ ਗਿਆ । ਕਈ ਸ਼ਰਤਾਂ ਸਾਡੇ ਵਾਸਤੇ ਰਖ ਦਿਤੀਆਂ ਗਈਆਂ । (ਵਿਘਨ) ਸਪੀਕਰ ਸਾਹਿਬ, ਇਸ ਦੇ ਬਾਰੇ ਵਿਚ ਉਨ੍ਹਾਂ ਨਾਲ ਕਈ ਵੇਰ ਮੀਟਿੰਗਾਂ ਕੀਤੀਆਂ ਅਤੇ ਇਸ ਗੱਲ ਤੇ ਜ਼ੋਰ ਦਿਤਾ ਕਿ ਇਕ ਪਾਰਟੀ ਨੂੰ ਲੈਟਰ ਆਫ ਇੰਡੈਂਟ ਜਾਰੀ ਕਰ ਦਿਤਾ ਗਿਆ ਹੈ ਪਰ ਦੂਜੀ ਨੂੰ ਨਹੀਂ ਕੀਤਾ ਗਿਆ । ਇਹ 75 ਕਰੋੜ ਦਾ ਪਲਾਂਟ ਸੀ ਅਤੇ ਇਸ ਦਾ ਸੰਬੰਧ ਐਗਰੀਕਲਚਰ ਨਾਲ ਹੈ । ਅਤੇ ਇਸ ਨਾਲ ਸੈਂਕੜੇ ਐਨਸਿਲਿਰੀ ਕਾਰਖਾਨੇ ਲੱਗ ਜਾਣੇ ਸਨ ਅਤੇ ਸਾਰੇ ਦੇ ਸਾਰੇ ਉਸ ਪਲਾਂਟ ਦੇ ਮੁਆਵਨ ਹੋਣੇ ਸਨ । ਇਸ ਦੇ ਬਾਰੇ ਵਿਚ ਪੰਜਾਬ ਨੇ ਕੋਸ਼ਿਸ਼ ਨਹੀਂ ਛਡੀ । ਪਰ ਹੁਣ ਇਸ ਵਿਚ ਪੰਜਾਬ ਦੇ ਨਾਲ ਨਾਲ ਯੂ. ਪੀ. ਨੂੰ ਵੀ ਕਰ ਦਿਤਾ ਗਿਆ ਹੈ । ਇਹ ਬਿਨਾਂ ਕਨਸਿਡਰੇਸ਼ਨ ਕਰ ਕੇ ਕੀਤਾ ਗਿਆ ਜੋ ਮੈਂ ਦੱਸ ਨਹੀਂ ਸਕਦਾ । ਹਾਲਾਂ ਕਿ ਇਹ ਗਲ ਬਿਲਕੁਲ

ਸਪਸ਼ਟ ਹੈ ਕਿ ਫਰਟੇਲਾਈਜ਼ਰ ਪੰਜਾਬ ਵਿਚ ਮੈਕਸੀਮਮ ਯੂਜ਼ ਕੀਤਾ ਜਾਂਦਾ ਹੈ । ਭਾਵੇਂ ਇਹ ਛੋਟਾ ਇਲਾਕਾ ਹੈ, ਪਰ ਪੰਜਾਬ ਨੂੰ ਇਸ ਗੱਲ ਦਾ ਫ਼ਖਰ ਹੈ ਕਿ ਸਾਰੇ ਦੇਸ਼ ਵਿਚ ਸਾਰਿਆਂ ਰਾਜਾਂ ਤੋਂ ਜ਼ਿਆਦਾ ਫਰਟੇਲਾਈਜ਼ਰ ਇਥੇ ਯੂਜ਼ ਕੀਤਾ ਜਾਂਦਾ ਹੈ । (ਪ੍ਰਸ਼ੰਸਾ)

ਇਸੇ ਤਰ੍ਹਾਂ ਫਾਇਬਰ ਪੌਲੈਸਟਰ ਪਲਾਂਟ ਹੈ । ਇਸ ਦੇ ਬਾਰੇ ਵਿਚ ਵੀ ਸੈਂਟਰ ਤੇ ਜ਼ੋਰ ਦਿਤਾ ਗਿਆ ਹੈ ਤੇ ਪਰਾਈਮ ਮਨਿਸਟਰ ਤਕ ਇਹ ਆਵਾਜ਼ ਪਹੁੰਚਾਈ ਹੈ । ਖੁਸ਼-ਕਿਸਮਤੀ ਨਾਲ ਉਥੇ, ਸਪੀਕਰ ਸਾਹਿਬ, ਵੀ ਆਪਣੇ ਹਨ, ਸਰਦਾਰ ਗੁਰਦਿਆਲ ਸਿੰਘ ਢਿਲੋਂ । ਉਹ ਅਸਾਡੇ ਨਾਲ ਇਸ ਸਭਾ ਦੇ ਮੈਂਬਰ ਦੇ ਤੌਰ ਤੇ ਵੀ ਰਹੇ ਹਨ ਅਤੇ ਆਪ ਵਾਲੀ ਕੁਰਸੀ ਤੇ ਸਪੀਕਰ ਦੇ ਤੌਰ ਤੇ ਵੀ ਰਹੇ ਹਨ, ਅਤੇ ਜ਼ਾਤੀ ਤੁਅੱਲਕਾਤ ਵੀ ਹਨ । ਉਨ੍ਹਾਂ ਦੇ ਨਾਲ ਉਨ੍ਹਾਂ ਨੇ ਵੀ ਪਰਧਾਨ ਮੰਤਰੀ ਨੂੰ ਚਿੱਠੀ ਲਿਖੀ । ਸਾਰੇ ਮੈਂਬਰ ਪਾਰਲੀਮੈਂਟ ਪਾਸੋਂ ਅਖਵਾਇਆ । ਪੰਜਾਬ ਦੀ ਫੇਵਰ ਵਿਚ ਸਾਰੇ ਹਾਲਾਤ ਸਨ ਅਤੇ ਇਸ ਦੇ ਜੋ ਬੇਸਿਜ਼ ਹਨ ਉਹ ਹੌਜ਼ਰੀ ਹੈ, ਅਤੇ ਇਹ ਵੀ ਜ਼ੋਰ ਦਿਤਾ ਗਿਆ ਕਿ ਜਿੰਨੀ ਹੌਜ਼ਰੀ ਇਸ ਸਟੇਪਲ ਫਾਇਬਰ ਨੂੰ ਇਸਤੇਮਾਲ ਕਰਦੀ ਹੈ, ਪੰਜਾਬ ਵਿਚ, ਲੁਧਿਆਣੇ ਵਿਚ ਹੈ । ਇਸ ਦੀਆਂ ਪੰਜਾਬ ਵਿਚ 2000 ਯੂਨਟਾਂ ਹਨ ਅਤੇ ਇਸ ਦਾ ਮੁਕਾਬਲਾ ਬਾਕੀ ਦੇ ਸੂਬਿਆਂ ਨਾਲ ਕਰ ਕੇ ਦਸਿਆ । ਇਕ ਵੀ ਇਸ ਤਰ੍ਹਾਂ ਦੀ ਯੂਨਟ ਯੂ. ਪੀ ਵਿਚ ਨਹੀਂ । ਇਸੇ ਤਰ੍ਹਾਂ ਵੂਲਨ ਲੂਮਜ਼ ਹਨ, ਇਹ ਪੰਜਾਬ ਵਿਚ 1250 ਕੰਮ ਕਰਦੀਆਂ ਹਨ । ਇਹ ਸਾਰੀਆਂ ਹੀ ਸਮਾਲ ਸਕੇਲ ਇੰਡਸਟਰੀ ਵਿਚ ਆਉਂਦੀਆਂ ਹਨ । ਕਿਸੇ ਨੇ ਚਾਰ ਲਗਾਈਆਂ ਹੋਈਆਂ ਹਨ ਕਿਸੇ ਨੇ ਅੱਠ ਲਗਾਈਆਂ ਹੋਈਆਂ ਹਨ ਪਰ ਇਸ ਦੇ ਮੁਕਾਬਲੇ ਵਿਚ ਯੂ. ਪੀ. ਵਿਚ ਕੁਲ 250 ਲੂਮਜ਼ ਹਨ ਅਤੇ ਇਹ ਵੀ ਵਡਿਆਂ ਨੇ ਲਗਾਈਆਂ ਹਨ, ਕਿਸੇ ਨੇ 50 ਕਿਸੇ ਨੇ 100 । ਵੱਡੀਆਂ ਮਿੱਲਾਂ ਵਾਲੇ ਹਨ—ਜਿਸ ਤਰ੍ਹਾਂ ਲਾਲ ਇਮਲੀ ਆਦਿ । ਸਾਡੇ ਪਾਸ ਛੋਟੇ ਸਕੇਲ ਦੀ ਇੰਡਸਟਰੀ ਵਿਚ ਇਹ 1250 ਹਨ ਪਰ ਇਸ ਗਲ ਦੀ ਸੈਂਟਰ ਸਰਕਾਰ ਪਾਸ ਕੋਈ ਕਨਿਸਡਰੇਸ਼ਨ ਨਹੀਂ ।

ਅਸੀਂ ਪਾਲਿਸਟਰ ਮਿਕਸਡ ਦੀਆਂ ਬਣੀਆਂ ਹੋਈਆਂ ਚੀਜ਼ਾਂ ਐਕਸਪੋਰਟ ਕਰਦੇ ਹਾਂ ਜਿਸ ਦੀ ਲਾਗਤ ਛੇਚ ਕਰੋੜ ਰੁਪਿਆ ਬਣਦੀ ਹੈ, ਪਰ ਪਾਲਿਸਟਰ ਦੀ ਇਕ ਪੈਸੇ ਦੀ ਚੀਜ਼ ਵੀ ਯੂ. ਪੀ. ਵਿਚ ਤਿਆਰ ਨਹੀਂ ਹੁੰਦੀ । ਜਿਤਨਾ ਪਾਲਿਸਟਰੀ ਦਾ ਧਾਗਾ ਪੰਜਾਬ ਵਿਚ ਇਮਪੋਰਟ ਹੁੰਦਾ ਹੈ ਉਹ ਸਾਰੇ ਦਾ 70% ਦੇ ਕਰੀਬ ਬਣਦਾ ਹੈ । ਇਤਨਾ ਜਾਇਜ਼ ਅਤੇ ਪੱਕਾ ਕਲੇਮ ਹੋਣ ਦੇ ਬਾਵਜੂਦ ਵੀ ਯੂ. ਪੀ. ਨੂੰ ਲੈਟਰ ਆਫ਼ ਇੰਡੈਂਟ ਦਿੱਤਾ ਗਿਆ ਅਤੇ ਪੰਜਾਬ ਨੂੰ ਸੈਂਟਰ ਨੇ ਇਗਨੋਰ ਕੀਤਾ । ਇਹ ਕਹਿੰਦਿਆਂ ਮੈਨੂੰ ਬੜਾ ਦੁੱਖ ਹੁੰਦਾ ਹੈ । (ਸ਼ੇਮ-ਸ਼ੇਮ) ਮੈਂ ਆਪਣੇ ਸਾਥੀਆਂ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਅੱਜ ਇਥੇ ਕੋਈ ਹੋਰ ਗਵਰਨਮੈਂਟ ਹੈ, ਇਸ ਲਈ ਇਸੇ ਤਰ੍ਹਾਂ ਠੀਕ ਹੈ । ਕਲ੍ਹ ਨੂੰ ਉਨ੍ਹਾਂ ਦੀ ਵੀ ਸਰਕਾਰ ਆ ਸਕਦੀ ਹੈ । ਬਤੌਰ ਇਕ ਪੰਜਾਬੀ ਦੇ ਪੰਜਾਬ ਦੇ ਹਿੱਤਾਂ ਲਈ ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ । ਜਿਸ ਤਰ੍ਹਾਂ ਦੀਆਂ ਅਸੀਂ ਪੰਜਾਬ ਦੀ ਤਰੱਕੀ ਲਈ ਕੋਸ਼ਿਸ਼ਾਂ ਕਰਦੇ ਹਾਂ, ਅਪੋਜੀਸ਼ਨ ਪਾਰਟੀ ਨੂੰ ਵੀ ਉਸੇ ਢੰਗ ਨਾਲ ਸਾਡੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਹੱਥ ਵਟਾਉਣਾ ਚਾਹੀਦਾ ਹੈ । ਅਸੀਂ ਸੈਂਟਰਲ ਸਰਕਾਰ ਅਗੇ ਇਕ ਟਰੈਕਟਰ ਪਲਾਂਟ ਲਗਾਉਣ ਦਾ ਆਪਣਾ ਪੱਖ ਰਖਿਆ ਪਰ ਸੈਂਟਰ ਦੀ ਸਰਕਾਰ ਨੇ ਇਹ ਪਲਾਂਟ ਸਾਨੂੰ ਨਹੀਂ ਦਿੱਤਾ, ਹੋਰ ਸਟੇਟ ਨੂੰ ਦੇ ਦਿੱਤਾ, ਜਿਹੜਾ ਐਚ. ਐਮ. ਟੀ. ਨੂੰ ਚਲਾ ਗਿਆ । ਜੇ ਇਹ ਸਾਡੀ ਸਟੇਟ ਵਿਚ ਲੱਗਦਾ ਤਾਂ ਪੰਜਾਬ ਦੀ ਐਗਰੀਕਲਚਰ ਵਿਚ ਹੋਰ ਵੀ ਤਰੱਕੀ ਹੋਣੀ ਸੀ । ਮੈਂਬਰ ਸਾਹਿਬਾਨ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਟਰੈਕਟਰ ਦੀ ਸਨਅਤ ਹੁਣ ਡੀ-ਲਾਈਸੈਂਸ ਹੋ ਗਈ ਹੈ । ਅੱਜ ਪੰਜਾਬ ਵਿਚ ਬਹੁਤ ਸਾਰੀਆਂ ਫਰਮਾਂ ਇਸ ਪਾਸੇ

[ਉਦਯੋਗ ਮੰਤਰੀ]

ਇੰਟਰੈਸਟਿਡ ਹਨ, ਉਹ ਆਪੋ ਆਪਣੇ ਪ੍ਰਾਜੈਕਟਸ ਲਗਾਉਣ ਲਈ ਤਿਆਰ ਹਨ । ਉਨ੍ਹਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਆਪਣੇ ਆਪਣੇ ਪ੍ਰਾਜੈਕਟਸ ਪੰਜਾਬ ਦੇ ਵਿਚ ਜ਼ਰੂਰ ਲਾਉਣੇ ਹਨ ਅਤੇ ਸਾਨੂੰ ਸੈਂਕਸ਼ਨ ਦਿੱਤੀ ਜਾਵੇ । ਅਸੀਂ ਉਨ੍ਹਾਂ ਨੂੰ ਮਨਾਹੀ ਨਹੀਂ ਕੀਤੀ । ਜਿਥੇ ਪੰਜਾਬ ਸਰਕਾਰ ਨੇ ਇਕ ਟਰੈਕਟਰ ਪ੍ਰਾਜੈਕਟ ਲਾਉਣ ਦਾ ਫੈਸਲਾ ਕੀਤਾ ਹੈ ਉਥੇ ਦੂਸਰੀਆਂ ਪਾਰਟੀਜ਼ ਨੂੰ ਇਹ ਪ੍ਰਾਜੈਕਟਸ ਲਾਉਣ ਦੀ ਪੂਰੀ ਖੁਲ੍ਹ ਦਿੱਤੀ ਹੈ । ਜਿਤਨੇ ਟਰੈਕਟਰ ਪੰਜਾਬ ਵਿਚ ਤਿਆਰ ਹੋਣਗੇ ਉਸ ਨਾਲ ਪੰਜਾਬ ਵਿਚ ਹੀ ਖੁਸ਼ਹਾਲੀ ਆਵੇਗੀ । (ਤਾੜੀਆਂ)

ਇਸ ਤੋਂ ਇਲਾਵਾ ਮੈਂ ਕੁਝ ਹੋਰ ਗੱਲਾਂ ਵੀ ਕਹਿਣੀਆਂ ਚਾਹੁੰਦਾ ਹਾਂ । ਸਾਨੂੰ ਆਪਣੀ ਇੰਡਸਟਰੀ ਦੇ ਫਲਰਿਸ਼ ਕਰਨ ਲਈ ਰਾ-ਮੈਟੀਰੀਅਲ ਵੀ ਪੂਰਾ ਨਹੀਂ ਮਿਲਦਾ, ਇਹ ਭਾਵੇਂ ਸਾਈਕਲ ਇੰਡਸਟਰੀ ਹੈ ਜਾਂ ਕੋਈ ਮਕੈਨੀਕਲ ਇੰਡਸਟਰੀ ਹੈ । ਉਸ ਦੇ ਲਈ ਜਿਤਨਾ ਰਾ-ਮੈਟੀਰੀਅਲ ਚਾਹੀਦਾ ਹੈ ਉਹ ਨਹੀਂ ਮਿਲਦਾ । ਜੇ ਸਾਰੇ ਮੁਲਕ ਨਾਲ ਮੁਕਾਬਲਾ ਕੀਤਾ ਜਾਵੇ ਫੇਰ ਵੀ ਪੰਜਾਬ ਵਿਚ 50% ਸਾਈਕਲ ਇੰਡਸਟਰੀ ਹੈ ਅਤੇ ਇਸ ਦੇ ਪਾਰਟਸ ਦਾ ਮਾਲ ਬਾਹਰ ਦੂਸਰੀਆਂ ਸਟੇਟਸ ਨੂੰ ਜਾਂਦਾ ਹੈ । ਇਸੇ ਤਰ੍ਹਾਂ ਏਥੋਂ ਲੇਥਜ਼ ਅਤੇ ਹੋਰ ਮਸ਼ੀਨਾਂ ਵੀ ਬਾਹਰ ਜਾਂਦੀਆਂ ਹਨ । ਇਸੇ ਤਰ੍ਹਾਂ ਪੰਜਾਬ ਵਿਚੋਂ ਪ੍ਰੈਸਾਂ ਦਾ ਮਾਲ, ਛਾਪੇਖਾਨੇ ਦੀਆਂ ਮਸ਼ੀਨਾਂ ਆਦਿ ਸਾਰੇ ਹਿੰਦੁਸਤਾਨ ਦੇ ਵਿਚ ਜਾਂਦੀਆਂ ਹਨ ਪਰ ਮੈਨੂੰ ਅਫਸੋਸ ਦੇ ਨਾਲ ਇਹ ਗੱਲ ਕਹਿਣੀ ਪੈਂਦੀ ਹੈ ਕਿ ਉਨ੍ਹਾਂ ਸਾਰਿਆਂ ਦੀ ਸ਼ਕਾਇਤ ਇਹੋ ਹੈ ਕਿ ਉਨ੍ਹਾਂ ਨੂੰ ਪੂਰਾ ਮਾਲ ਨਹੀਂ ਮਿਲਦਾ, ਰਾ-ਮੈਟੀਰੀਅਲ ਦੀ ਬਹੁਤ ਘਾਟ ਹੈ । ਪਰ ਸਾਨੂੰ ਬਾਰ ਬਾਰ ਸੈਂਟਰ ਦੀ ਸਰਕਾਰ ਨੂੰ ਇਹ ਗੱਲ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਜਿਥੇ ਹੋਰ ਸਟੇਟਾਂ ਨੂੰ ਖੁਲ੍ਹਾ ਰਾ-ਮੈਟੀਰੀਅਲ ਦਿਤਾ ਜਾਂਦਾ ਹੈ ਉਥੇ ਪੁਰਜ਼ੇ, ਕਲਾਂ ਆਦਿ ਦੇ ਬਣਾਉਣ ਦੇ ਲਈ ਪੂਰਾ ਰਾ-ਮੈਟੀਰੀਅਲ ਪੰਜਾਬ ਨੂੰ ਨਹੀਂ ਦਿਤਾ ਜਾਂਦਾ । ਇਸ ਤੋਂ ਇਲਾਵਾ ਇਕ ਗੱਲ ਹੋਰ ਮੈਂ ਕਹਿਣੀ ਜ਼ਰੂਰੀ ਸਮਝਦਾ ਹਾਂ ਕਿ ਇਥੇ ਜਿਤਨੇ ਵੀ ਛੋਟੇ ਛੋਟੇ ਕਾਰਖ਼ਾਨੇ ਲੱਗੇ ਹੋਏ ਹਨ ਇਹ ਪੰਜ ਛੇ ਸਾਲ ਦੇ ਵਿਚ ਆਪਣਾ ਸਰਮਾਇਆ ਲਾ ਕੇ ਜਾਂ ਲੋਨ ਲੈ ਕੇ ਖੜੇ ਕੀਤੇ ਹੋਏ ਹਨ । ਪਿਗ ਆਇਰਨ ਦੀ ਪ੍ਰਾਈਸ ਅਗੇ ਕਦੇ 4-5 ਸਾਲ ਬਾਦ ਬੜੀ ਮੁਸ਼ਕਲ ਨਾਲ ਥੋੜ੍ਹੀ ਬਹੁਤ ਵਧਦੀ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਪਤਾ ਨਹੀਂ ਕੀ ਕਾਰਨ ਹੈ ਇਹ ਹਰ 6 ਮਹੀਨੇ ਮਗਰੋਂ ਵਧਦੀ ਹੀ ਚਲੀ ਆ ਰਹੀ ਹੈ । ਅਸੀਂ ਚਾਹੁੰਦੇ ਹਾਂ ਕਿ ਪ੍ਰਾਈਸਿਜ਼ ਟਿਕੀਆਂ ਰਹਿਣ ਤਾਂ ਜੋ ਉਹ ਫੈਕਟਰੀਆਂ ਐਸਟੈਬਲਿਸ਼ ਹੋਣ । ਪਰ ਹੁਣ ਇਹ ਹਾਲ ਹੈ ਕਿ ਪ੍ਰਾਈਸਿਜ਼ ਰਾਈਜ਼ ਹੁੰਦੀਆਂ ਜਾ ਰਹੀਆਂ ਹਨ । ਮੈਂ ਦੱਸ ਨਹੀਂ ਸਕਦਾ ਕਿ ਇਸ ਚੀਜ਼ ਦਾ ਆਖਿਰ ਐਂਡ ਹੋਵੇਗਾ ਕਿਥੇ ? ਇਤਨੀ ਸਕੇਰਸਟੀ ਹੈ ਕਚੇ ਮਾਲ ਦੀ, ਸਾਡੀ ਮੰਗ ਹੈ ਕਿ 9 ਮਿਲੀਅਨ ਟਨ ਦੀ, ਪਰ ਸਾਨੂੰ ਮਿਲਦਾ ਹੈ 6 ਮਿਲੀਅਨ ਟਨ । ਇਹੋ ਕਾਰਨ ਹੈ ਕਿ ਛੋਟੀਆਂ ਛੋਟੀਆਂ ਚੀਜ਼ਾਂ ਤੇ ਇਤਨੀ ਲਾਗਤ ਆਉਂਦੀ ਹੈ । ਅਸੀਂ ਬੜੀ ਮੁਸ਼ਕਲ ਨਾਲ ਦੂਸਰੀਆਂ ਮਾਰਕਿਟਸ ਨਾਲ ਕੰਪੀਟ ਕਰ ਰਹੇ ਹਾਂ । ਸਾਡੀ ਇਹ ਕੋਸ਼ਿਸ਼ ਹੈ ਕਿ ਪੰਜਾਬ ਦੀ ਇੰਡਸਟਰੀ ਦੇ ਵਧਣ ਫੁਲਣ ਵਾਸਤੇ ਸਾਨੂੰ ਆਪਣੇ ਸਾਧਨ ਪੂਰੇ ਲਾ ਦੇਣੇ ਚਾਹੀਦੇ ਹਨ ।

ਇੰਸਪੈਕਟਰਜ਼ ਦੇ ਮੁਤਾਲਿਕ ਇਹ ਕਿਹਾ ਗਿਆ ਕਿ ਜਦੋਂ ਲੋਨ ਹਾਸਲ ਕਰਨਾ ਹੋਵੇ ਤਾਂ ਉਹ ਮੁਸ਼ਕਲ ਨਾਲ ਵੈਰੀਫਾਈ ਕਰਦੇ ਹਨ, ਹੋਰ ਦਿਕਤਾਂ ਪੈਦਾ ਕਰਦੇ ਹਨ । ਪਰ ਹਾਊਸ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਅਸੀਂ ਉਨ੍ਹਾਂ ਦੀਆਂ ਡਿਊਟੀਆਂ ਦੀ ਉਨ੍ਹਾਂ ਨੂੰ ਬਾਕਾਇਦਾ ਟਰੇਨਿੰਗ ਦਿੰਦੇ ਹਾਂ ।

ਅਜੇ ਤੱਕ ਕਿਤੇ ਇਸ ਤਰ੍ਹਾਂ ਦੀ ਟਰੇਨਿੰਗ ਨਹੀਂ ਦਿਤੀ ਗਈ । ਉਹ ਆਨ ਦੀ ਸਪਾਟ ਜਾ ਕੇ ਜਿਥੇ ਚੈਕਿੰਗ ਕਰਦੇ ਹਨ ਉਥੇ ਉਸ ਇੰਡਸਟਰੀ ਦੇ ਮੁਤਾਲਿਕ ਗਾਈਡ ਵੀ ਕਰਦੇ ਹਨ ਕਿ ਕਿਸ ਇੰਡਸਟਰੀ ਨੂੰ ਕਿਵੇਂ ਚਲਾਉਣਾ ਹੈ । ਇਸ ਤਰ੍ਹਾਂ ਉਨ੍ਹਾਂ ਦੀ ਮਿਹਨਤ ਵੀ ਜ਼ਾਇਆ ਨਹੀਂ ਜਾਵੇਗੀ, ਵਕਤ ਦੀ ਬੱਚਤ ਹੋਵੇਗੀ ਅਤੇ ਐਕਸਪੈਂਡੀਚਰ ਵੀ ਘੱਟ ਹੋਵੇਗਾ । ਇਸ ਤਰ੍ਹਾਂ ਸਾਰਾ ਸਟਾਫ ਵੀ ਉਨ੍ਹਾਂ ਦੀ ਗਾਈਡੈਂਸ ਨਾਲ ਐਕਸਪਰਟ ਹੁੰਦਾ ਰਹੇਗਾ । ਇਨ੍ਹਾਂ ਨੂੰ ਟਰੇਨਿੰਗ ਦੇਣ ਲਈ ਵੀ ਬਾਕਾਇਦਾ ਕੋਰਸਿਜ਼ ਜਾਰੀ ਕੀਤੇ ਗਏ ਹਨ, ਤਾਂ ਜੋ ਇੰਡਸਟਰੀ ਦੇ ਪਾਸੇ ਵਲ ਜ਼ਿਆਦਾ ਤਰੱਕੀ ਹੋਵੇ । ਇਸ ਤੋਂ ਇਲਾਵਾ ਮੈਂ ਵਕਤ ਥੋੜ੍ਹਾ ਹੋਣ ਕਰ ਕੇ 'ਇਸ ਦੀ ਡੀਟੇਲ ਵਿਚ ਨਹੀਂ ਜਾ ਸਕਦਾ, ਹਿੰਟਸ ਹੀ ਦੇਵਾਂਗਾ । ਇਕ ਇੰਡਸਟਰੀਲਿਸਟਸ ਦੀ ਗਾਈਡੈਂਸ ਲਈ ਇਕ ਵਿੰਗ ਬਣਵਾਇਆ ਹੈ; ਉਨ੍ਹਾਂ ਦੀ ਗਾਈਡੈਂਸ ਦੇ ਲਈ ਇਕ ਕਿਤਾਬ ਛਪਾਈ ਹੈ, ਉਨ੍ਹਾਂ ਦੀ ਸਹੂਲਤ ਦੇ ਲਈ ਸਰਕਾਰ ਦੀਆਂ ਪਾਲੀਸੀਜ਼ ਉਸ ਬੁਕਲੈਟ ਦੇ ਵਿਚ ਦਿੱਤੀਆਂ ਹੋਈਆਂ ਹਨ, ਤਾਂ ਜੋ ਉਨ੍ਹਾਂ ਨੂੰ ਉਸ ਰਾਹੀਂ ਫੌਰਨ ਪਤਾ ਲਗ ਸਕੇ ਕਿ ਕਿਸ ਚੀਜ਼ ਲਈ ਕਿਤਨਾ ਲੋਨ ਅਤੇ ਕਿਸ ਢੰਗ ਨਾਲ ਮਿਲਣਾ ਹੈ, ਯਾ ਫਲਾਣੀ ਇੰਡਸਟਰੀ ਲਈ ਗਵਰਨਮੈਂਟ ਵੱਲੋਂ ਕੀ ਫਸਿਲੀਟੀਜ਼ ਦਿੱਤੀਆਂ ਜਾ ਰਹੀਆਂ ਹਨ । ਇਹ ਸਾਰੀ ਇਨਫਰਮੇਸ਼ਨ ਇਸ ਵਿਚੋਂ ਮਿਲ ਸਕੇਗੀ । ਇੰਡਸਟਰੀ ਨੂੰ ਤਰੱਕੀ ਦੇਣਾ, ਇਹ ਇਕ ਬਹੁਤ ਵੱਡਾ ਕੰਮ ਹੈ ਇਸ ਦੇ ਲਈ ਅਸੀਂ ਜਿਤਨੀਆਂ ਵੀ ਸਕੀਮਜ਼ ਹਨ, ਉਨ੍ਹਾਂ ਬਾਰੇ ਕਿਸੇ ਤੇ ਕੋਈ ਬਾਰ ਨਹੀਂ । ਜਿਹੜਾ ਵੀ ਕੋਈ ਫਾਰਮੈਲਿਟੀਜ਼ ਪੂਰੀਆਂ ਕਰਦਾ ਹੋਵੇ ਅਸੀਂ ਉਸੇ ਨੂੰ ਹੀ ਇੰਡਸਟਰੀ ਲਾਉਣ ਦਾ ਮੌਕਾ ਦਿੰਦੇ ਹਾਂ । ਅਗੇ ਇਕ ਕੇਸ ਡੇਢ-ਦੋ ਸਾਲ ਤੱਕ ਲਟਕਿਆ ਰਹਿੰਦਾ ਸੀ । ਹੁਣ ਇਸ ਤਰ੍ਹਾਂ ਦੀਆਂ ਸਾਰੀਆਂ ਅੜਚਨਾਂ ਲੋਨ ਦੇ ਮੁਤਾਲਿਕ ਅਤੇ ਹੋਰ ਕੋਟਿਆਂ ਦੇ ਮੁਤਾਲਿਕ ਤਕਰੀਬਨ ਦੂਰ ਕਰ ਦਿੱਤੀਆਂ ਗਈਆਂ ਹਨ । ਨਵੇਂ ਸਾਲ ਤੋਂ ਨਵਾਂ ਢਾਂਚਾ ਬਣਾਇਆ ਗਿਆ ਹੈ ਅਤੇ ਲੋਨ ਦੇਣ ਦੇ ਲਈ ਇਸ ਤਰ੍ਹਾਂ ਦਾ ਫੂਲਪਰੂਫ ਪ੍ਰੋਸੀਜਰ ਤਿਆਰ ਕੀਤਾ ਗਿਆ ਹੈ ਕਿ ਜੇ ਕੋਈ ਲੋਨ ਦੇ ਲਈ ਅੱਜ ਐਪਲਾਈ ਕਰਦਾ ਹੈ ਤਾਂ ਉਸ ਨੂੰ ਤਿੰਨ ਮਹੀਨੇ ਦੇ ਅੰਦਰ ਅੰਦਰ ਲੋਨ ਦੇਣ ਦਾ ਹਰ ਹਾਲਤ ਵਿਚ ਪ੍ਰਬੰਧ ਕੀਤਾ ਜਾਵੇਗਾ ।

ਸਪੀਕਰ ਸਾਹਿਬ, ਗੱਲਾਂ ਤਾਂ ਬਹੁਤ ਸਾਰੀਆਂ ਕਰਨ ਵਾਲੀਆਂ ਸਨ ਪਰ ਸਮਾਂ ਨਾ ਹੋਣ ਕਰਕੇ ਮੈਂ ਸਾਰੀਆਂ ਗੱਲਾਂ ਨਹੀਂ ਕਰ ਸਕਦਾ । ਫਿਰ ਜਦੋਂ ਵੀ ਮੌਕਾ ਮਿਲਿਆ ਬਾਕੀ ਪੁਆਇੰਟਸ ਦਾ ਜਵਾਬ ਦਿਆਂਗਾ । ਹੁਣ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਮੰਗਾਂ ਯੂਨੈਨੀਮਸਲੀ ਪਾਸ ਕਰ ਦਿੱਤੀਆਂ ਜਾਣ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਸਾਡੀਆਂ ਗੱਲਾਂ ਦਾ ਤਸੱਲੀ ਬਖਸ਼ ਜਵਾਬ ਨਹੀਂ ਆਇਆ ।

ਸ੍ਰੀ ਸਪੀਕਰ : ਤੁਸੀਂ ਬੈਠ ਜਾਵੋ । ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੱਲ੍ਹ ਦੋ ਸਿਟਿੰਗਜ਼ ਹਨ । ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਪਹਿਲੀ ਸਿਟਿੰਗ ਸਵੇਰੇ 9 ਵਜੇ ਤੋਂ 1 ਵਜੇ ਤਕ ਕਰ ਲਈ ਜਾਵੇ ਅਤੇ ਦੂਸਰੀ ਸਿਟਿੰਗ ਢਾਈ ਵਜੇ ਤੋਂ 6-30 ਜਾਂ ਸੱਤ ਵਜੇ ਤਕ, ਜਿਸ ਤਰ੍ਹਾਂ ਵੀ ਹਾਊਸ ਚਾਹੇ । (Please resume your seat. I would like to inform the House that there would be two sittings of the House tomorrow. The first sitting would be from 9. A. M. to 1. P. M. and second sitting from 2—30 P. M. to 6—30 P. M. or 7.00 P. M. as the House desires.)

ਮੁੱਖ ਮੰਤਰੀ : 6.30 ਤਕ ਕਰ ਲਓ ।

ਡਾਕਟਰ ਸਾਧੂ ਰਾਮ : ਸਪੀਕਰ ਸਾਹਿਬ, ਇਸ ਵਿਚ ਹਰੀਜਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ । ... (ਵਿਘਨ)

ਸ਼੍ਰੀ ਸਪੀਕਰ : ਬੈਠ ਜਾਓ । (Please resume your seat.)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਦੂਸਰੀ ਸਿਟਿੰਗ ਦੇ ਵਿਚ ਕਦੇ ਕੁਐਸ਼ਚਨ ਆਵਰ ਨਹੀਂ ਹੋਇਆ, ਇਹ ਨਵੀਂ ਗੱਲ ਤੁਸੀਂ ਕਰਨ ਲੱਗੇ ਹੋ ।

ਸ਼੍ਰੀ ਸਪੀਕਰ : ਕਿਉਂਕਿ ਕੁਐਸ਼ਚਨ ਬਹੁਤ ਸਾਰੇ ਪਏ ਹਨ । (This has been done in view of a large number of questions lying pending with us.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਹੈ ਕਿ ਜੇ ਤੁਸੀਂ ਕੁਐਸ਼ਚਨ ਆਵਰ ਨਾ ਰਖੋ ਤਾਂ ਮੈਂਬਰਾਂ ਨੂੰ ਬੋਲਣ ਦਾ ਜ਼ਿਆਦਾ ਮੌਕਾ ਮਿਲ ਜਾਵੇਗਾ ।

DEMAND NO. 22

Mr. Speaker : Now I will put Cut Motions to Demand No. 22 to the vote of the House. We first take up Cut Motions Nos. 1 and 2 by Comrade Satya Pal Dang and Comrade Babu Singh.

Mr. Speaker : Question is—

That the Demand be reduced by Re. 1/-

The Motion was lost.

Mr. Speaker : Now we take np Cut Motion No. 3 by Chaudhri Balbir Singh.

Mr Speaker : Question is—

That the Demand be reduced by Re. 1/.

The Motion was lost.

Mr. Speaker . Now we take up Cut Motion No. 4 by Shri Sardari Lal Kapur.

Mr. Speaker : Question is—

That the Demand be reduced by Re. 1/.

The Motion was lost.

Mr. Speaker : Question is—

That a sum not exceeding Rs. 2,59,65,200 be granted to the Governor to defray the charges that will come in the course of payment for the year 1970—71 in respect of 35—Industries.

The Motion was carried.

DEMAND NO. 42

Mr. Speaker : Now I will put Cut Motions to Demand No. 42 to the vote of the House. We take up Cut Motion No. 1 by Shri Sardari Lal Kapur.

Mr. Speaker : Question is-

That the Demand be reduced by Re. 1/.

The Motion was lost.

Mr. Speaker : Question is—

That a sum not exceeding Rs. 4,74,61,300 be granted to the Governor to defray the charges that will come in the course of payment for the year 1970—71 in respect of 96 Capital Outlay on Industrial and Economic Development

The Motion was carried.

DEMAND NO. 17

Mr. Speaker : Now I will put Cut Motions to Demand No. 17 to the vote of the House. We first take up Cut Motion No. 1 by Chaudhri Balbir Singh.

Mr. Speaker : Question is—

That the Demand be reduced by Re. 1/-.

The Motion was lost.

Mr. Speaker : We now take up Cut Motion No. 2 by Shri Sardari Lal Kapoor.

Mr. Speaker : Question is—

That the Demand be reduced by Re. 1/-.

The Motion was lost.

Mr. Speaker : Question is

That a sum not exceeding Rs. 5,97,37,830 be granted to the Governor to defray the charges that will come in the course of payment for the year 1970 71 in respect of 29 - Medical.

The Motion was carried.

DEMAND NO. 18

Mr. Speaker : Now I will put Cut Motions to Demand No. 18 to the vote of the House. We first take up Cut Motions Nos. 1 and 2 by Comrade Satya Pal Dang and Comrade Babu Singh.

Mr. Speaker : Question is—

That the Demand be reduced by Re. 1/-.

The Motion was lost.

Mr. Speaker : Now we take up Cut Motion No. 3 by Shri Sardari Lal Kapoor.

Mr. Speaker : Question is—

That the Demand be reduced by Re. 1/.

[Mr. Speaker]

The Motion was lost.

Mr. Speaker : Question is—

That a sum not exceeding Rs. 57,8,01,670 be granted to the Governor to defray the charges that will come in the course of payment for the year 1970—71 in respect of 30—Public Health.

The Motion was carried.

Mr. Speaker : The House stands adjourned till 9-00 A. M. on Thursday, the 19th March, 1970.

2.10 P. M.

(*The Sabha then adjourned till* 9-00 *A. M. on Thursday, the* 19*th March,* 1970.)

APPENDIX

to

PUNJAB VIDHAN SABHA DEBATE

Dated 18-3-1970

Vol. I—No. 18

PLOT OF LAND ALLOTTED IN THE NAME OF THE WIFE OF DR. DINA NATH SAGGARH, MEMBER, MUNICIPAL COMMITTEE, LUDHIANA.

*1679. **Jathedar Hardit Singh Bhathal :**
Comrade Darshan Singh Jhabal : Will the Minister for Local Government be pleased to state :

(a) wheth er it is a fact that Dr. Dina Nath Saggarh, Member, Municipal Committee, Ludhiana is a trustee for the Improvement Trust, Ludhiana and in that capacity he is not entitled to take benefit from the Improvement Trust for him or for any member of his family without the prior approval of the Government :

(b) whether it has come to the notice of the Government that a plot has been allotted in Udham Singh Nagar, Ludhiana in the name of the wife of Dr. Dina Nath Saggarh a Trustee and an amount of Rs. 50,000/- has been obtained as loan from the Improvement Trust in order to construct a house on the said plot;

(c) if the reply to part (b) above be in the affirmative, whether previous approval was obtained from tne Government for the allotment of the said plot; if not, the action taken or proposed to be taken by the Government in the matter ?

ਸ੍ਰੀ ਮਨਮੋਹਨ ਕਾਲੀਆ : (ੲ) ਹਾਂ ਜੀ ।

(ਬੀ) (i) ਸ੍ਰੀ ਦੀਨਾ ਨਾਥ ਸੱਘੜ ਦੀ ਪਤਨੀ ਨੂੰ ਕੋਈ ਪਲਾਟ ਅਲਾਟ ਨਹੀਂ ਕੀਤਾ ਗਿਆ । ਉਸ ਨੇ ਬਾਕੀ ਵਿਅਕਤੀਆਂ ਵਾਂਗ ਪਲਾਟ ਖਰੀਦਿਆ ਹੈ ।

(ii) ਹਾਂ ਜੀ । 15,000/- ਰੁ: ਕਰਜ਼ਾ ਟ੍ਰਸਟ ਵਲੋਂ ਦਿੱਤਾ ਗਿਆ ਹੈ, 50,000/- ਰੁਪਏ ਨਹੀਂ ।

(ਸੀ) ਨਾ ਜੀ । ਇਸ ਵਾਸਤੇ ਸਰਕਾਰੀ ਮੰਨਜ਼ੂਰੀ ਦੀ ਲੋੜ ਨਹੀਂ ।

BUSES PLYING BETWEEN AMRITSAR AND CHANDIGARH.

597. **Shri Gian Chand Kharbanda :** Will the Chief Minister be pleased to state :

(a) the distance by road between Amritsar and Chandigarh by both routes via Ludhiana and Nawanshehar separately;

(b) the time in which the buses plying on each of the said routes reach their destination;

(c) whether the Government proposed to take steps to reduce the time taken by the buses on the above-mentioned routes; if so, to what extent ?

Sardar Parkash Singh Badal :

(a) Amritsar—Chandigarh via Ludhiana 230 K. M.
Amritsar—Chandigarh via Nawanshaher 224 k. m.

(b)

Chandigarh—Amritsar via Ludhiana (Delux)	5.35 hours.
Chandigarh—Amritsar via Nawanshehar (Delux)	5.30 hours.
Chandigarh—Amritsar via Ludhiana	5.45 hours.
Chandigarh—Amritsar via Nawanshehar	5 30 hours.
Chandigarh—Amritsar via Ludhiana, Kapurthala	6.55 hours.
Chandigarh—Amritsar (Express)	5.10 hours.

(c) No Sir.

[(ੲ) ਅੰਮ੍ਰਿਤਸਰ ਚੰਡੀਗੜ੍ਹ ਬਰਾਸਤਾ ਲੁਧਿਆਣਾ 230 ਕਿਲੋ ਮੀਟਰ
ਅੰਮ੍ਰਿਤਸਰ—ਚੰਡੀਗੜ੍ਹ ਬਰਾਸਤਾ ਨਵਾਂ ਸ਼ਹਿਰ 224 ਕਿਲੋ ਮੀਟਰ

(ਬੀ)

ਚੰਡੀਗੜ੍ਹ—ਅੰਮ੍ਰਿਤਸਰ ਬਰਾਸਤਾ ਲੁਧਿਆਣਾ (ਡੀਲਕਸ)	5.35 ਘੰਟੇ
ਚੰਡੀਗੜ੍ਹ—ਅੰਮ੍ਰਿਤਸਰ ਬਰਾਸਤਾ ਨਵਾਂ ਸ਼ਹਿਰ (ਡੀਲਕਸ)	5.30 ਘੰਟੇ
ਚੰਡੀਗੜ੍ਹ—ਅੰਮ੍ਰਿਤਸਰ ਬਰਾਸਤਾ ਲੁਧਿਆਣਾ	5.45 ਘੰਟੇ
ਚੰਡੀਗੜ੍ਹ—ਅੰਮ੍ਰਿਤਸਰ ਬਰਾਸਤਾ ਨਵਾਂ ਸ਼ਹਿਰ	5.30 ਘੰਟੇ
ਚੰਡੀਗੜ੍ਹ—ਅੰਮ੍ਰਿਤਸਰ ਬਰਾਸਤਾ ਲੁਧਿਆਣਾ ਕਪੂਰਥਲਾ	6.55 ਘੰਟੇ
ਚੰਡੀਗੜ੍ਹ—ਅੰਮਿਤਸਰ (ਐਕਸਪ੍ਰੈਸ)	5.10 ਘੰਟੇ

(ਸੀ) ਨਹੀਂ ਜੀ ।]

PUNJAB VIDHAN SABHA

DEBATES

19th March, 1970
(Morning Sitting)

Vol. I—No. 19

OFFICIAL REPORT

CONTENTS

Thursday, the 19th March, 1970

Rs. 21.05

ERRATA

To

Punjab Vidhan Sabha Debate, Dated 19th March, 1970
Vol. I No. 19

Read	*For*	*Page*	*Line*
ਸਿਰਦਾਰ ਕਪੂਰ ਸਿੰਘ	ਸਰਦਾਰ ਕਪੂਰ ਸਿੰਘ	(19)6	16
ਜੀ ਨਹੀਂ	ਜੀ ਨਹਾਂ	(19)6	3rd from below
ਕੀ ਸੀ. ਐਮ. ਸਾਹਿਬ ਦਸਣਗੇ ਕਿ ਐਨੇ ਲੰਬੇ	ਕੀ ਸੀ. ਮਦਸਣਗੇ ਕਿ ਐਨੋ ਲੰਬੇ	(19)6	2nd from below
Sirdar Kapur Singh	Sardar Kapur Singh	(19)11	10th from below
name	namo	(19)11	3rd from below
proceedings	preceedings	(19)14	2nd from below
Colleges	oblieges	(19)33	2
ਜੀਨੇ ਕੀ ਤਰਹ	ਜੀਣੇਂ ਕੀ ਤਰ੍ਹਾਂ	(19)57	4th

PUNJAB VIDHAN SABHA

Thursday, the 19th March, 1970

The Vidhan Sabha met in the Hall of Vidhan Bhavan, Sector 1, Chandigarh at 9.00 A.M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

SUPPLEMENTARY QUESTIONS ON STARRED QUESTION NO. *1559

ਕਾਮਰੇਡ ਬਾਬੂ ਸਿੰਘ ਮਾਸਟਰ : ਪਾਰਟ 'ਸੀ' ਵਿੱਚ ਇਹ ਦਸਿਆ ਗਿਆ ਹੈ ਕਿ ਇਨ੍ਹਾਂ ਨੂੰ ਸ਼ੰਕਾ ਹੋ ਗਈ ਸੀ । ਉਹ ਸ਼ੰਕਾ ਕਿਹੜੀ ਚੀਜ਼ ਨਾਲ ਦੂਰ ਹੋਈ ਹੈ ਔਰ ਕਦੋਂ ਹੋਈ ਹੈ?

ਸਰਦਾਰ ਸੋਹਣ ਸਿੰਘ ਬਾਸੀ (ਸਿੰਚਾਈ ਤੇ ਬਿਜਲੀ ਮੰਤਰੀ) : ਸ਼ੰਕਾ ਇਹ ਸੀ ਕਿ ਰੂਲਜ਼ ਵਿੱਚ ਦਸਿਆ ਹੋਇਆ ਸੀ ਕਿ ਡਰਾਫਟਸਮੈਨ ਨੂੰ ਭਰਤੀ ਕਰਨ ਵਾਸਤੇ ਕੀ ਕੁਆਲੀਫਿਕੇਸ਼ਨ ਹੋਣੀ ਚਾਹੀਦੀ ਹੈ,ਉਹਦੇ ਮੁਤਾਬਿਕ ਉਨ੍ਹਾਂ ਦੇ ਦਿਲ ਵਿੱਚ ਇਹ ਖ਼ਿਆਲ ਸੀ ਕਿ ਆਈ.ਟੀ.ਆਈ. ਵਾਲੀ ਕੁਆਲੀਫਿਕੇਸ਼ਨ ਰਿਕੁਇਜ਼ਿਟ ਔਰ ਸਪੈਸੇਫਿਕ ਕੁਆਲੀਫਿਕੇਸ਼ਨਜ਼ ਪੂਰੀਆਂ ਨਹੀਂ ਕਰਦਾ, ਇਸ ਦੇ ਮੁਤਾਬਿਕ ਇਨ੍ਹਾਂ ਦੇ ਦਿਲ ਵਿੱਚ ਸ਼ਕ ਸੀ ।

ਡਾਕਟਰ ਸਾਧੂ ਰਾਮ : ਜਿਹੜੇ ਬੰਦੇ ਆਈ. ਟੀ. ਆਈ ਵਿਚੋਂ ਪਾਸ ਹੋ ਕੇ ਡਰਾਫਟਸਮੈਨ ਲਗਦੇ ਹਨ, ਉਨ੍ਹਾਂ ਨੂੰ ਪਰੋਮੋਸ਼ਨ ਨਹੀਂ ਮਿਲਦੀ, ਇਹਦੀ ਕੀ ਵਜ੍ਹਾ ਹੈ ?

ਮੰਤਰੀ : ਜੇ ਉਨ੍ਹਾਂ ਨੂੰ ਡਰਾਫਟਸਮੈਨ ਲਗਾ ਕੇ ਫੇਰ ਪਰੋਮੋਸ਼ਨ ਨਾ ਮਿਲੇ, ਇਹ ਸਵਾਲ ਤਾਂ ਪੈਦਾ ਨਹੀਂ ਹੁੰਦਾ । ਸਵਾਲ ਤਾਂ ਇਹ ਹੈ ਕਿ ਉਹ ਰੂਲਜ਼ ਦੇ ਮੁਤਾਬਿਕ ਕੁਆਲੀਫਿਕੇਸ਼ਨਜ਼ ਪੂਰੀਆਂ ਨਹੀਂ ਕਰਦੇ ਸੀ, ਇਸ ਲਈ ਉਹ ਲਏ ਨਹੀਂ ਜਾਂਦੇ ਸਨ ।

ਡਾਕਟਰ ਅਮੀਰ ਸਿੰਘ ਕਲਕਟ : ਸਾਰਾ ਹਾਊਸ ਖਾਲੀ ਪਿਆ ਹੈ (ਟਰੈਜ਼ਰੀ ਬੈਂਚਿਜ਼ ਵਲ ਇਸ਼ਾਰਾ ਕਰਕੇ) ਕਿਤੇ ਇਨ੍ਹਾਂ ਨੇ ਨੀਂਦ ਦੀਆਂ ਗੋਲੀਆਂ ਤਾਂ ਨਹੀਂ ਖਾ ਲਈਆਂ । (ਸ਼ੋਰ) (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ : ਜਿਹੜੀਆਂ ਇਨ੍ਹਾਂ ਲੋਕਾਂ ਦੀਆਂ ਪਰੋਮੋਸ਼ਨਜ਼ ਰੁਕੀਆਂ ਹਨ, ਕੀ ਇਨ੍ਹਾਂ ਨੂੰ ਦੁਬਾਰਾ ਆਈ. ਟੀ. ਆਈ ਵਿਚੋਂ ਪਾਸ ਹੋਣ ਤੋਂ ਬਾਅਦ ਕਨਸਿਡਰ ਕਰਕੇ ਪਰੋਮੋਸ਼ਨਜ਼ ਦੇਣਗੇ ?

ਮੰਤਰੀ : ਹਾਂ ਜੀ, ਇਨਸਟਰਕਸ਼ਨਜ਼ ਦੇ ਦਿੱਤੀਆਂ ਗਈਆਂ ਹਨ। ਜਿਹੜੇ ਨਹੀਂ ਲਏ ਗਏ ਸੀ, ਉਹ ਨੌ ਆਦਮੀ ਸਨ; ਜਿਹੜੇ ਐਸ.ਐਸ.ਐਸ. ਬੋਰਡ ਨੇ ਰਿਕਮੈਂਡ ਕੀਤੇ ਸੀ, ਇਨ੍ਹਾਂ ਨੂੰ ਦੁਬਾਰਾ ਲਿਆ ਜਾਵੇਗਾ ।

---

*Note:—Starred Question No. 1559 and reply thereto appear in the Punjab Vidhan Sabha Debate dated 18-3-70.

चौधरी बलबीर सिंह : इस से किसी मुलाज़िम को सीनीआरिटी में नुकसान तो नहीं होगा ?

ਮੰਤਰੀ : ਸੀਨਿਆਰਿਟੀ ਦਾ ਕੋਈ ਨੁਕਸਾਨ ਨਹੀਂ ਹੋਵੇਗਾ । ਇਨ੍ਹਾਂ ਦੀ ਉਸ ਕਾਡਰ ਵਿਚ ਬੈਕ ਡੇਟ ਤੋਂ ਸੀਨੀਆਰਿਟੀ ਲਈ ਜਾਵੇਗੀ ।

PUBLIC HOLIDAYS

***1087. Shri Gian Chand Kharbanda** : Will the Chief Minister be pleased to state—

(a) whether the public holidays observed in the Punjab Government offices are the same as sanctioned by the Punjab and Haryana High Court for its lower judicial courts this year;

(b) if there is any difference, the names of the holidays which are not observed in both;

(c) whether the Government is aware of the fact that the public coming from the rural areas is put to great inconvenience due to the observance of holidays on different days in both the cases; if so, whether any steps have been taken to have uniformity in the matter of holidays in the Government offices and the courts ?

Sardar Gurnam Singh : (a and b) Punjab Government offices and the lower judicial courts under the Punjab and Haryana High Court observe the same public holidays except with the following variations :—

(1) Punjab Government offices observe all Saturdays as off days while only second Saturdays are observed as Public Holidays by the subordinate judicial courts.

(2) 30th June and 31st December are observed as Bank holidays by the subordinate judicial courts while these are not observed as such by the Punjab Government offices.

(c) No complaint has been received so far in this connection.

[(ੳ) ਅਤੇ (ਅ)ਪੰਜਾਬ ਸਰਕਾਰ ਦੇ ਦਫਤਰਾਂ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਅਧੀਨ ਜੁਡੀਸ਼ੀਅਲ ਕੋਰਟਾਂ ਵਿਚ ਸਿਵਾਏ ਹੇਠ ਲਿਖੇ ਫਰਕ ਦੇ, ਇਕੋ ਜਿਹੀਆਂ ਸਰਕਾਰੀ ਛੁਟੀਆਂ ਮਨਾਈਆਂ ਜਾਂਦੀਆਂ ਹਨ:—

(1) ਪੰਜਾਬ ਸਰਕਾਰ ਦੇ ਦਫਤਰਾਂ ਵਿਚ ਸਾਰੇ ਸਨਿਚਰਵਾਰ ਛੁੱਟੀ ਹੁੰਦੀ ਹੈ ਪਰ ਅਧੀਨ ਜੁਡੀਸ਼ੀਅਲ ਕੋਰਟਾਂ ਵਿਚ ਕੇਵਲ ਮਹੀਨੇ ਦੇ ਦੂਸਰੇ ਸ਼ਨੀਚਰਵਾਰ ਹੀ ਛੁੱਟੀ ਹੁੰਦੀ ਹੈ।

(2) 30 ਜੂਨ ਅਤੇ 31 ਦਸੰਬਰ, ਅਧੀਨ ਜੁਡੀਸ਼ੀਅਲ ਕੋਰਟਾਂ ਵਿੱਚ ਬੈਂਕ ਹਾਲੀਡੇ ਹੁੰਦੀਆਂ ਹਨ । ਇਹ ਛੁਟੀਆਂ ਪੰਜਾਬ ਸਰਕਾਰ ਦੇ ਦਫਤਰਾਂ ਵਿੱਚ ਨਹੀਂ ਹੁੰਦੀਆਂ ।

(ੲ) ਇਸ ਸਬੰਧ ਵਿੱਚ ਅਜ ਤੀਕ ਕੋਈ ਸ਼ਕਾਇਤ ਨਹੀਂ ਪੁੱਜੀ ।]

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮੁੱਖ ਮੰਤਰੀ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਮੇਰਾ ਸਵਾਲ ਇਹ ਨਹੀਂ ਸੀ ਕਿ ਕੰਪਲੈਂਟ ਵਸੂਲ ਹੋਈ ਜਾਂ ਕਿ ਨਹੀਂ ਹੋਈ । ਮੇਰਾ ਸਵਾਲ ਤਾਂ ਇਹ ਹੈ ਕਿ ਲੋਕਾਂ ਨੂੰ ਤਕਲੀਫ ਬਹੁਤ ਹੁੰਦੀ ਹੈ । ਹਰ ਸਨੀਚਰਵਾਰ ਇਧਰ ਛੁੱਟੀ ਹੁੰਦੀ ਹੈ ਅਤੇ ਉਧਰ ਛੁੱਟੀ ਨਹੀਂ ਹੁੰਦੀ । ਇਸ ਨਾਲ ਲੋਕਾਂ ਨੂੰ, ਸਟਾਫ ਨੂੰ ਤਕਲੀਫ ਹੁੰਦੀ ਹੈ । ਕੀ ਗੌਰਮੈਂਟ ਇਕੋ ਜਿਹੀਆਂ ਛੁੱਟੀਆਂ ਕਰਕੇ ਦੋਵਾਂ ਪਾਸੇ ਯੂਨੀਫਾਰਮਿਟੀ ਲਿਆਉਣ ਬਾਰੇ ਗ਼ੌਰ ਕਰੇਗੀ ?

ਮੁੱਖ ਮੰਤਰੀ : ਇਸ ਕਰਕੇ ਕੋਈ ਤਕਲੀਫ ਨਹੀਂ ਕਿਸੇ ਨੂੰ । ਇਸ ਦੀ ਕਿਸੇ ਨੇ ਸ਼ਿਕਾਇਤ ਨਹੀਂ ਕੀਤੀ ਨਾ ਹੀ ਬਾਰ ਐਸੋਸੀਏਸ਼ਨ ਵਲੋਂ ਅਤੇ ਨਾ ਹੀ ਪਬਲਿਕ ਵਲੋਂ ਕੋਈ ਸ਼ਕਾਇਤ ਆਈ ਹੈ।

ਡਾਕਟਰ ਅਮੀਰ ਸਿੰਘ ਕਲਕਟ : ਆਇਆ ਸਰਕਾਰ ਦੋ ਦਿਨਾਂ ਦੀ ਛੁੱਟੀ ਨੂੰ ਫੇਰ ਰੀਵਿਊ ਕਰੇਗੀ? ਇਸ ਤਰ੍ਹਾਂ ਨਾਲ ਵੇਸਟੇਜ ਆਫ ਟਾਈਮ ਹੁੰਦਾ ਹੈ । ਪੰਜਾਬ ਵਿੱਚ ਦੋ ਛੁੱਟੀਆਂ ਦੀ ਲੋੜ ਨਹੀਂ, ਇਥੇ ਸਾਨੂੰ ਮਿਹਨਤ ਦੀ ਲੋੜ ਹੈ ।

ਮੁੱਖ ਮੰਤਰੀ : ਇਹ ਗੱਲ ਨਹੀਂ ਹੈ । ਅੱਗੇ ਦਫਤਰਾਂ ਦਾ ਟਾਈਮ 10.0 ਤੋਂ 5.00 ਵਜੇ ਤਕ ਸੀ ਅਤੇ ਹੁਣ 9.00 ਤੋਂ 5.00 ਵਜੇ ਤਕ ਹੈ। ਇਹਦੇ ਨਾਲ ਪੰਜ ਘੰਟੇ ਹਫਤੇ ਵਿੱਚ ਵਧੇ ਹਨ ਕੰਮ ਕਰਨ ਦੇ ਜਿਸ ਨਾਲ ਬਹੁਤ ਫਾਇਦਾ ਹੈ । (ਵਿਘਨ)

चौधरी बलबीर सिंह : क्या यह मुख्य मन्त्री साहिब के नोटिस में है कि सरकार ने तो 9 बजे से 5 बजे तक का सरकारी दफ्तरों का टाईम मुकर्रर किया हुआ है, लेकिन कोर्टस में दस बजे से पहले और तीन बजे के बाद कोई अफ़सर नहीं होता ?

ਮੁੱਖ ਮੰਤਰੀ : ਕੋਰਟਸ ਦਾ ਸਰਕਾਰ ਨਾਲ ਕੋਈ ਤਾਲੁਕ ਨਹੀਂ ਹੈ, ਇਹ ਦਾ ਜੁਡੀਸ਼ਲ ਡਿਪਾਰਟਮੈਂਟ ਨਾਲ ਤਾਲੁਕ ਹੈ ।

चौधरी बलबीर सिंह : जी. ए., एस.डी. ओ, तहसीलदार की अदालतें हैं जो पंजाब गवर्नमेंट के अंडर है । वहां कोर्टस और दफ्तरों में दस बजे से पहले और चार बजे के बाद कोई अफसर नहीं मिलता है ।

ਮੁੱਖ ਮੰਤਰੀ : ਇਸ ਬਾਰੇ ਮੇਰੇ ਕੋਲ ਕੋਈ ਸ਼ਕਾਇਤ ਨਹੀਂ ਹੈ ।

ਚੌਧਰੀ ਜਗਤ ਰਾਮ : ਚੀਫ ਮਨਿਸਟਰ ਸਾਹਿਬ ਨੇ ਹੁਣੇ ਇਹ ਕਿਹਾ ਹੈ ਕਿ ਕੋਈ ਅਜਿਹੀ ਸ਼ਿਕਾਇਤ ਇਨ੍ਹਾਂ ਕੋਲ ਨਹੀਂ ਪਹੁੰਚੀ ਹੈ । ਇਹ ਵਾਕਿਆ ਹੀ ਠੀਕ ਹੈ ਕਿ ਇਸ ਨਾਲ ਲੋਕਾਂ ਨੂੰ ਤਕਲੀਫ ਹੈ । ਹੁਣ ਇਹ ਸ਼ਿਕਾਇਤ ਐਮ. ਐਲ ਏਜ਼ ਵਲੋਂ ਕੀਤੀ ਗਈ ਹੈ ਅਤੇ ਤੁਹਾਡੇ ਨੋਟਿਸ ਵਿੱਚ ਲਿਆਂਦੀ ਗਈ ਹੈ, ਕੀ ਇਸ ਉਤੇ ਇਹ ਗ਼ੌਰ ਕਰਨਗੇ ?

(ਕੋਈ ਉਤਰ ਨਹੀਂ ਦਿੱਤਾ ਗਿਆ)

ਸ੍ਰੀ ਗਿਆਨ ਚੰਦ ਖਰਬੰਦਾ : ਜੇ ਬਾਰ ਐਸੋਸੀਏਸ਼ਨ ਅਤੇ ਪਬਲਿਕ ਵਲੋਂ ਬਕਾਇਦਾ ਤੌਰ ਤੇ ਲਿਖ ਕੇ ਸ਼ਿਕਾਇਤ ਭੇਜੀ ਜਾਵੇ ਤਾਂ ਕੀ ਮੁੱਖ ਮੰਤਰੀ ਇਸ ਤੇ ਐਕਸ਼ਨ ਲੈਣਗੇ ?

ਮੁੱਖ ਮੰਤਰੀ : ਗੌਰ ਕਰ ਲਵਾਂਗੇ ।

STARRED QUESTION NO. *1711

ਸ੍ਰੀ ਸਪੀਕਰ :*1711 ਸਵਾਲ ਅੱਗੇ ਪਾਉਣ ਲਈ ਕਿਹਾ ਗਿਆ ਹੈ । (Extension has been asked for in respect of Question No: 1711)

ਚੌਧਰੀ ਜਗਤ ਰਾਮ : ਇਹ ਤਾਂ ਜ਼ਰੂਰੀ ਹੈ (ਸ਼ੋਰ) (ਵਿਘਨ)

ਸ੍ਰੀ ਸਪੀਕਰ : ਮੈਂ ਸਰਕਾਰ ਅੱਗੇ ਪ੍ਰਾਰਥਨਾ ਕਰਾਂਗਾ ਕਿ ਇਸ ਦਾ ਜਲਦੀ ਜਵਾਬ ਦੇਣ । (I will request the Government that the reply to this question may be given at an early date.)

ਕਾਮਰੇਡ ਬਾਬੂ ਸਿੰਘ ਮਾਸਟਰ : ਪੁਆਇੰਟ ਆਫ ਆਰਡਰ, ਸਰ ।

ਸ੍ਰੀ ਸਪੀਕਰ : ਨਹੀਂ ਜੀ । (No please)

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਤੁਹਾਡੀ ਗੱਲ ਮੰਨਦਾ ਹਾਂ ਪਰ ਇਸ ਵਿੱਚ ਤੁਸੀਂ ਆਪ ਦੇਖ ਲਵੋ ਕਿ ਇਸ ਨੂੰ ਅੱਗੇ ਪਾਉਣ ਦੀ ਜਸਟੀਫਿਕੇਸ਼ਨ ਕੀ ਹੈ ।

Mr. Speaker : Please resume your seat. (ਸ਼ੋਰ)

EXEMPTION OF FILM PREM PUJARI FROM THE PAYMENT OF ENTERTAINMENT TAX

*1644. **Shri Gurdial Saini** : Will the Chief Minister be pleased to state whether it is a fact that the Film "Prem Pujari" has been exempted from the payment of Entertainment Tax in the State ?

Sardar Gurnam Singh : Yes, please.
[ਹਾਂ, ਜੀ ।]

ਕਾਮਰੇਡ ਸੱਤ ਪਾਲ ਡਾਂਗ : ਐਂਟਰਟੇਨਮੈਂਟ ਤੋਂ ਅਗਜ਼ੈਂਪਟ ਕਰਨ ਵਾਸਤੇ ਕੀ ਕੋਈ ਕਰਾਈਟੇਰੀਆ ਮੁਕੱਰਰ ਹੈ ? ਜੇ ਹੈ ਤਾਂ ਇਹ ਫਿਲਮ ਇਸ ਦੇ ਮੁਤਾਬਿਕ ਕਿਸ ਤਰ੍ਹਾਂ ਐਗਜ਼ੈਂਪਸ਼ਨ ਦੀ ਹਕਦਾਰ ਬਣਦੀ ਹੈ ?

ਮੁੱਖ ਮੰਤਰੀ : ਮੈਂ ਤਾਂ ਪਿਕਚਰ ਦੇਖੀ ਨਹੀਂ ਹੈ । ਇਹ ਐਗਜ਼ੈਂਪਸ਼ਨ ਸਿਰਫ 15 ਦਿਨ ਪਹਿਲਾਂ ਦਿੱਤੀ ਸੀ, ਅਤੇ 15 ਦਿਨ ਫੇਰ ਦਿੱਤੀ ਹੈ । ਇਸ ਤੋਂ ਇਹ ਨਾ ਸਮਝਿਆ ਜਾਵੇ ਕਿ ਹਮੇਸ਼ਾਂ ਲਈ ਇਸ ਪਿਕਚਰ ਤੇ ਐਂਟਰਟੇਨਮੈਂਟ ਟੈਕਸ ਮਾਫ਼ ਕਰ ਦਿੱਤਾ ਗਿਆ ਹੈ । ਇਸ ਦੀ ਸਿਫਾਰਿਸ਼ ਹੋਈ ਸੀ ਕਿ ਚੰਗੀ ਪਿਕਚਰ ਹੈ । ਮੈਂ ਤਾਂ ਦੇਖੀ ਨਹੀਂ ਹੈ ।

ਸ੍ਰੀ ਗਿਆਨ ਚੰਦ ਖਰਬੰਦਾ: ਕਿਹੜੀਆਂ ਕਿਹੜੀਆਂ ਪਿਕਚਰਾਂ ਐਂਟਰਟੇਨਮੈਂਟ ਟੈਕਸ ਤੋਂ ਮਾਫ਼ ਕੀਤੀਆਂ ਗਈਆਂ ਹਨ ਅਤੇ ਇਸ ਦਾ ਕੀ ਕਰਾਈਟੇਰੀਆ ਹੈ ?

*Starred Question No. 1711 and reply there to appear in the Punjab Vidhan Sabha Debate dated 30-3.70

ਮੁੱਖ ਮੰਤਰੀ : ਇਸ ਬਾਰੇ ਨੋਟਿਸ ਦੇ ਦਿੱਤਾ ਜਾਵੇ ।

ਸਰਦਾਰ ਗੁਰਬੰਤਾ ਸਿੰਘ : ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਕੌਣ ਆਦਮੀ ਹੈ ਜੋ ਕਿ ਇਹ ਟੈਕਸ ਮਾਫ਼ ਕਰਦਾ ਹੈ । ਇਹ ਟੈਕਸ ਕਿਸ ਦੀ ਸਿਫਾਰਿਸ਼ ਤੇ ਮਾਫ ਕੀਤਾ ਜਾਂਦਾ ਹੈ ?

ਮੁੱਖ ਮੰਤਰੀ : ਇਸ ਦੀ ਤਾਂ ਈ. ਟੀ. ਸੀ. ਵਲੋਂ ਸਿਫਾਰਿਸ਼ ਹੁੰਦੀ ਹੈ ।

चौधरी बलबीर सिंह : इस फिल्म के हीरो या हीरोइन की इनसे कोई वाकफियत तो नहीं है ?

ਮੁੱਖ ਮੰਤਰੀ : ਇਹ ਫਜ਼ੂਲ ਸਵਾਲ ਹੈ ।

चौधरी बलबीर सिंह : अध्यक्ष महोदय, एक तो यह गलत कह रहे हैं और दूसरे यह कह रहे हैं कि यह फजूल बात है इस तरह इनको नहीं करना चाहिए ।

ਸ੍ਰੀ ਸਪੀਕਰ : ਜਿਸ ਤਰ੍ਹਾਂ ਦੇ ਤੁਸੀਂ ਸਵਾਲ ਕਰ ਰਹੇ ਹੋ ਇਹ ਤੁਹਾਡੀ ਸ਼ਾਨ ਦੇ ਸ਼ਾਇਆ ਨਹੀਂ । (Such questions do not become the hon. Member)

चौधरी बलबीर सिंह : अगर कोई क्राईटेरिया मुकर्र नहीं तो क्या इनका किसी के साथ ताल्लुक था ....(विघ्न)

ਸ੍ਰੀ ਸਪੀਕਰ : ਇਸ ਤਰ੍ਹਾਂ ਤੁਹਾਡੇ ਸਵਾਲ ਕਰਨ ਦਾ ਢੰਗ ਠੀਕ ਨਹੀਂ ਹੈ । ਜੇ ਤੁਸੀਂ ਸਵਾਲ ਠੀਕ ਕਰੋਗੇ ਤਾਂ ਜਵਾਬ ਠੀਕ ਮਿਲੇਗਾ । (Your style of putting the questions is not correct. You will get proper reply if you put the question in a proper manner.)

ਸ੍ਰੀ ਗੁਰਦਿਆਲ ਸੈਣੀ : ਕੀ ਸੀ. ਐਮ. ਸਾਹਿਬ ਦੱਸਣਗੇ ਕਿ ਅਗਰ ਕਿਸੇ ਜਨਸੰਘੀ ਵਜ਼ੀਰ ਦਾ ਇਸ ਕੁਰਪਸ਼ਨ ਵਿੱਚ ਹੱਥ ਹੋਵੇ ਤਾਂ ਕੀ ਉਹ ਉਸ ਦੇ ਉੱਤੇ ਕੋਈ ਕਾਰਵਾਈ ਕਰਨਗੇ ?

ਮੁੱਖ ਮੰਤਰੀ : ਇਹ ਤਾਂ ਕੁਰਪਸ਼ਨ ਦਾ ਸਵਾਲ ਨਹੀਂ ਹੈ । ਮਹਿਕਮੇ ਵਲੋਂ ਇਸ ਦੀ ਸਿਫ਼ਾਰਿਸ਼ ਹੋ ਕੇ ਆਉਂਦੀ ਹੈ, ਫਿਰ ਉਸ ਨੂੰ ਕਰਦੇ ਹਾਂ ਇਸ ਲਈ ਆਮ ਤੌਰ ਤੇ ਇਹ ਤਰੀਕਾ ਚਲਦਾ ਹੈ, ਹਮੇਸ਼ਾ ਨਹੀਂ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਲੱਖਾਂ ਰੁਪਏ ਇਸ ਦੇ ਵਿੱਚੋਂ ਜਨਸੰਘੀ ਵਜ਼ੀਰ ਨੇ ਖਾਧੇ ਹਨ......(ਸ਼ੋਰ) (ਵਿਘਨ)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜੇ ਉਹ ਇਹ ਪਿਕਚਰ ਦੇਖ ਕੇ ਇਸ ਨਤੀਜੇ ਤੇ ਪਹੁੰਚ ਜਾਣ ਕਿ ਐਂਟਰਟੇਨਮੈਂਟ ਟੈਕਸ ਮੁਆਫ ਨਹੀਂ ਹੋਣਾ ਚਾਹੀਦਾ ਸੀ ਤਾਂ ਕੀ ਇਹ, ਜਿਸ ਅਫਸਰ ਨੇ ਜਾਂ ਜਿਸ ਅਥਾਰਿਟੀ ਨੇ ਇਸ ਨੂੰ ਰੀਕਮੈਂਡ ਕੀਤਾ ਸੀ, ਉਸ ਦੇ ਉੱਤੇ ਐਕਸ਼ਨ ਲੈਣਗੇ ?

ਮੁੱਖ ਮੰਤਰੀ : ਐਕਸ਼ਨ ਦਾ ਤਾਂ ਸਵਾਲ ਨਹੀਂ ਉਠਦਾ । ਟੈਕਸ ਦਾ ਪੀਰੀਅਡ ਲੰਘ ਗਿਆ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਸੀ. ਐਮ. ਦੱਸਣਗੇ ਕਿ ਜਿਹੜੇ ਅਫਸਰਾਂ ਨੇ ਇਸ ਨੂੰ ਰੀਕਮੈਂਡ ਕੀਤਾ ਕੀ ਉਨਾਂ ਨੇ ਇਸ ਪਿਕਚਰ ਨੂੰ ਦੇਖਣ ਤੋਂ ਬਾਅਦ ਐਗਜ਼ੈਂਪਸ਼ਨ ਦਿੱਤੀ ਜਾਂ ਕਿ ਵੈਸੇ ਹੀ ਕੀਤਾ ਗਿਆ ?

ਮੁੱਖ ਮੰਤਰੀ : ਮੈਂ ਨਹੀਂ ਕਹਿ ਸਕਦਾ।

ਭਗਤ ਗੁਰਾਂ ਦਾਸ ਹੰਸ : ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਫਿਲਮ ਦੇ ਮੁਤੱਲਕ ਸੀ. ਐਮ. ਨੂੰ ਐਪਰੋਚ ਕੀਤਾ ਗਿਆ ਸੀ ?

ਮੁੱਖ ਮੰਤਰੀ : ਵੈਸੇ ਸਪੀਕਰ ਸਾਹਿਬ, ਇਹ ਜਿੰਨੀਆਂ ਫਿਲਮਾਂ ਹਨ, ਲੋਕੀਂ ਇਸ ਬਾਰੇ ਆਉਂਦੇ ਹੀ ਰਹਿੰਦੇ ਹਨ। ਇਹ ਕੋਈ ਲਕੋਣ ਵਾਲੀ ਗੱਲ ਨਹੀਂ ਹੈ, ਲੋਕੀਂ ਆਉਂਦੇ ਹਨ ਕਿ ਸਾਨੂੰ ਐਗ-ਜ਼ੈਂਪਸ਼ਨ ਦਿਓ, ਕਦੇ ਕੋਈ ਆਉਂਦਾ ਹੈ ਅਤੇ ਕਦੇ ਕੋਈ ਆਉਂਦਾ ਹੈ। ਜੇ ਤਾਂ ਡੀਪਾਰਟਮੈਂਟ ਸਿਫਾਰਿਸ਼ ਕਰ ਦੇਵੇ ਕਿ ਇਹ ਚੰਗੀ ਹੈ ਅਤੇ ਇਸ ਦਾ ਪਰਭਾਵ ਲੋਕਾਂ ਤੇ ਚੰਗਾ ਪੈਂਦਾ ਹੈ ਤਾਂ ਤੇ ਕਰ ਦਿੰਦੇ ਹਾਂ। ਵੈਸੇ ਬਹੁਤੀਆਂ ਐਗਜ਼ੈਂਪਸ਼ਨ ਦੇਣੀਆਂ ਨਹੀਂ ਚਾਹੀਦੀਆਂ ਅਤੇ ਨਾ ਹੀ ਦਿੰਦੇ ਹਾਂ।

ਚੌਧਰੀ ਤੁਲਸੀ ਰਾਮ ਚੋਹਾਨ : ਜਿਸ ਫਿਲਮ ਦਾ ਟੈਕਸ ਮੁਆਫ ਕਰਨਾ ਹੋਵੇ ਅਤੇ ਜਿਸ ਅਫ਼ਸਰ ਨੇ ਇਸ ਟੈਕਸ ਦੀ ਐਗਜ਼ੈਂਪਸ਼ਨ ਵਾਸਤੇ ਇਸ ਨੂੰ ਰੀਕਮੈਂਡ ਕਰਨਾ ਹੋਵੇ, ਕੀ ਉਸ ਦੇ ਲਈ ਫਿਲਮ ਦੇਖਣਾ ਜ਼ਰੂਰੀ ਹੈ ਜਾਂ ਨਹੀਂ ?

ਮੁੱਖ ਮੰਤਰੀ : ਮੈਂ ਨਹੀਂ ਸਮਝਦਾ ਕਿ ਜ਼ਰੂਰੀ ਹੈ ਜਾਂ ਨਹੀਂ।

ਸਰਦਾਰ ਕਪੂਰ ਸਿੰਘ : ਇਸ ਮਨੋਰੰਜਨ ਕਰ ਦੀ ਛੋਟ ਤੋਂ, ਜੋ ਸਰਕਾਰ ਨੇ ਦਿੱਤੀ ਹੈ ਖਜ਼ਾਨੇ ਨੂੰ ਕਿੰਨੇ ਕੁ ਧਨ ਦਾ ਘਾਟਾ ਹੋਇਆ ਹੈ ?

ਮੁੱਖ ਮੰਤਰੀ ਇਹ ਅਜੇ ਨਹੀਂ ਕਿਹਾ ਜਾ ਸਕਦਾ।

WRITING NAMES ETC. ON PUNJAB ROADWAYS BUSES IN RASHTRA BHASHA IN ADDITION TO PUNJABI

***1082. Shri Gian Chand Kharbanda :** Will the Chief Minister be pleased to state whether there is any proposal under the consideration of Government to write :—

(i) names etc. on the Punjab Roadways, buses;
(ii) time-table on the bus stands;

in Hindi for the facility of the public visiting Punjab ?

Sardar Gurnam Singh : (i) and (ii) No Sir.

[(ੳ) ਤੇ (ਅ) : ਜੀ ਨਹੀਂ।]

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਸੀ. ਮ. ਦੱਸਣਗੇ ਕਿ ਐਨੇ ਲਥੇ ਅਰਸੇ ਤੋਂ ਲੋਕਾਂ ਵਿੱਚ ਜਨਤਾ ਵਿੱਚ ਇਸ ਸਬੰਧੀ ਐਜੀਟੇਸ਼ਨ ਚਲ ਰਹੀ ਹੈ, ਕਿ ਜਿਹੜੀ ਜਨਤਾ ਬਾਹਰੋਂ

ਆਉਂਦੀ ਹੈ, ਉਹ ਪੰਜਾਬੀ ਨਹੀਂ ਜਾਣਦੇ ਅਤੇ ਪੰਜਾਬੀ ਪੜ੍ਹ ਨਹੀਂ ਸਕਦੇ, ਇਸ ਲਈ ਇਹ ਲਿਖਾਈ ਹਿੰਦੀ ਵਿੱਚ ਵੀ ਹੋਣੀ ਚਾਹੀਦੀ ਹੈ । ਕੀ ਇਸ ਸ਼ਿਕਾਇਤ ਨੂੰ ਜਲਦੀ ਦੂਰ ਕਰਨ ਵਾਸਤੇ ਸਰਕਾਰ ਕੋਈ ਸਟੈਪ ਲਵੇਗੀ ਅਤੇ ਕਿਨੀ ਜਲਦੀ ਇਹ ਕੀਤਾ ਜਾਵੇਗਾ ?

ਮੁੱਖ ਮੰਤਰੀ : ਇਹ ਤਾਂ ਜਲਦੀ ਹੋ ਜਾਵੇਗਾ, ਕਿਉਂਕਿ ਇਹ ਤਾਂ ਫੈਸਿਲਿਟੀ ਦਾ ਸਵਾਲ ਹੈ ਫੈਸਿਲਿਟੀ ਦੇਣ ਵਿੱਚ ਸਾਨੂੰ ਕੋਈ ਇਤਰਾਜ਼ ਨਹੀਂ ।

चौधरी बलबीर सिंह : क्या 30 जून से पहले पहले यह सारा काम मुकम्मल हो जाएगा ?

ਮੁੱਖ ਮੰਤਰੀ : ਮੈਂ ਨਹੀਂ ਕਹਿ ਸਕਦਾ ।

ਸਿਰਦਾਰ ਕਪੂਰ ਸਿੰਘ : ਸਾਡੇ ਵਿਧਾਨ ਵਿਚ ਹਿੰਦੀ ਨੂੰ ਸੰਪ੍ਰਕ ਭਾਸ਼ਾ ਸਰਕਾਰੀ ਭਾਸ਼ਾ ਹੀ ਅੰਗ੍ਰੇਜ਼ੀ ਦੇ ਨਾਲ ਮੰਨਿਆ ਗਿਆ ਹੈ । ਇਸ ਲਈ ਮੈਂ ਜਾਨਣਾ ਚਾਹੁੰਦਾ ਹਾਂ ਕਿ ਕੀ ਸਾਡੀ ਸਰਕਾਰ ਨੇ ਇਸ ਨੂੰ ਰਾਸ਼ਟਰ ਭਾਸ਼ਾ ਵੀ ਮੰਨ ਲਿਆ ਹੈ ?

ਮੁੱਖ ਮੰਤਰੀ : ਹਿੰਦੀ ਲਿੰਕ ਲੈਂਗੁਏਜ ਹੈ, ਇਹ ਸੰਪਰਕ ਭਾਸ਼ਾ ਹੈ ।

ਸ੍ਰੀ ਗਿਆਨ ਚੰਦ ਖਰਵੰਦਾ: ਮੈਂ ਪੁਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਸੀ.ਐਮ. ਸਾਹਿਬ ਨੇ ਸਟੇਟਮੈਂਟ ਦਿੱਤਾ ਸੀ ਕਿ ਸੜਕਾਂ ਅਤੇ ਮੀਲ ਪਥਰਾਂ ਤੇ ਹਿੰਦੀ ਲਿਖਣ ਦਾ ਫੈਸਲਾ ਹੋ ਚੁੱਕਾ ਹੈ । ਇਸ ਲਈ ਮੈਂ ਉਨਾਂ ਨੂੰ ਪੁਛਣਾ ਚਾਹੁੰਦਾ ਹੈ ਕਿ ਇਹ ਕਿਸ ਕਰ ਕੇ ਹਾਲਾਂ ਤੀਕਰ ਨਹੀਂ ਕੀਤਾ ਗਿਆ ਅਤੇ ਇਹ ਕਦੋਂ ਤਕ ਕੀਤਾ ਜਾਵੇਗਾ ?

ਮੁੱਖ ਮੰਤਰੀ : ਇਹ ਸਵਾਲ ਇਸ ਵਿੱਚੋਂ ਪੈਦਾ ਨਹੀਂ ਹੁੰਦਾ । ਪਹਿਲਾਂ ਇਨ੍ਹਾਂ ਨੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਤੇ ਅੱਡਿਆਂ ਤੇ ਹਿੰਦੀ ਲਿਖਣ ਬਾਰੇ ਪੁਛਿਆ ਸੀ ਅਤੇ ਹੁਣ ਸੜਕਾਂ ਅਤੇ ਮੀਲ ਪੱਥਰਾਂ ਤੇ ਹਿੰਦੀ ਲਿਖਣ ਬਾਰੇ ਪੁਛਿਆ ਹੈ । ਸੋ ਇਹ ਸਵਾਲ ਤਾਂ ਇਸ ਵਿੱਚੋਂ ਪੈਦਾ ਨਹੀਂ ਹੁੰਦਾ । ਪਰ ਮੈਂ ਦਸਣਾ ਚਾਹੰਦਾ ਹਾਂ ਕਿ ਲਿਖਿਆ ਜਾ ਰਿਹਾ ਹੈ ।

चौधरी बलबीर सिंह : मैं पूछना चाहता हूँ कि क्या केन्द्र सरकार ने हिन्दी को राष्ट्र भाषा माना हुआ है या नहीं ? अगर उन्होंने इसको राष्ट्र भाषा माना हुआ है तो पंजाब सरकार इस को मानने से कैसे इन्कार कर सकती है ?

Mr. Speaker : Next question (Interruption)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋਏ ।) (ਵਿਘਨ)

चौधरी बलबीर सिंह : अध्यक्ष महोदय, यह बड़ा अहम सवाल है.......(विघ्न)

(इस समय हाउस में शोर था)

ਸ੍ਰੀ ਗੁਰਦਿਆਲ ਸੈਣੀ : * * *

Mr. Speaker : Whatever the hon. Member has said without the permission of the Chair will not form part of the proceedings.

*Expunged as ordered by the Chair.

NUMBER OF PUNJAB ROADWAYS BUSES

*1691. **Shri Gurdial Saini. :** Will the Chief Minister be pleased to state :—

(a) the total number of Punjab Roadways buses at present plying on all the routes of the State;

(b) the number of buses purchased by the Government from Ist April, 1967 upto the 31st December, 1969 ?

Sardar Gurnam Singh : (a) 915.
(b) 464.

ਡਾਕਟਰ ਅਮੀਰ ਸਿੰਘ ਕਲਕਟ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬੱਸਾਂ ਪੁਰਾਣੀਆਂ ਹੋ ਗਈਆਂ ਹਨ ਅਤੇ ਉਹ ਖਰਾਬ ਹਨ ਪਰ ਉਹ ਕਈ ਰੂਟਾਂ ਤੇ ਚਲਦੀਆਂ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਨੂੰ ਹਟਾਉਣ ਦਾ ਯਤਨ ਕਰੇਗੀ ?

ਮੁੱਖ ਮੰਤਰੀ : ਇਸ ਦੇ ਵਾਸਤੇ ਤਾਂ ਪਹਿਲਾਂ ਹੀ ਰੂਲ ਹੈ ਕਿ ਜਿਹੜੀ ਕੋਈ ਬੱਸ ਐਨੇ ਮੀਲ ਚਲੇਗੀ ਉਸ ਦੀ ਥਾਂ ਤੇ ਨਵੀਂ ਬੱਸ ਲਾਵਾਂਗੇ । ਇਹ ਤਾਂ ਪਹਿਲੇ ਹੀ ਹੈ ।

ਭਗਤ ਗੁਰਾਂ ਦਾਸ ਹੰਸ : ਮੈਂ ਦੱਸਣਾ ਚਾਹੁੰਦਾ ਹਾਂ ਕਿ ਕਈਆਂ ਬੱਸਾਂ ਦੇ ਇਸ ਤੋਂ ਜ਼ਿਆਦਾ ਮੀਲ ਹੋ ਗਏ ਹਨ । ਹੁਸ਼ਿਆਰਪੁਰ ਦੀਆਂ ਸਾਰੀਆਂ ਬੱਸਾਂ ਅਨਫਿਟ ਹਨ । ਸਪੀਕਰ ਸਾਹਿਬ, ਇਸ ਪਾਸੇ ਜ਼ਰੂਰ ਗੌਰ ਕਰਨ ਦੀ ਲੋੜ ਹੈ । ਲੋਕੀਂ ਦੋ ਦੋ ਘੰਟੇ ਬੱਸਾਂ ਨੂੰ ਉਡੀਕਦੇ ਹਨ, ਪਰ ਉਹ ਰਸਤੇ ਵਿੱਚ ਹੀ ਖਰਾਬ ਹੋ ਜਾਂਦੀਆਂ ਹਨ, ਜਿਸ ਕਰਕੇ ਲੋਕਾਂ ਨੂੰ ਬੜੀ ਤਕਲੀਫ ਹੋ ਰਹੀ ਹੈ । ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

(ਕੋਈ ਜਵਾਬ ਨਹੀਂ ਆਇਆ)

चौधरी बलबीर सिंह : क्या सी. एम. साहिब यह बताएंगे कि क्या इस अरसे में कोई खास किस्म की बसें खरीदने के लिए दिल्ली की सरकार ने या वहां के वज़ीर साहिब ने कोई अनुरोध नहीं किया और क्या उसके मुताबिक कोई बसें खरींदी गईं और कोई नुकसान भी हुआ ?

ਮੁੱਖ ਮੰਤਰੀ ਇਹ ਇਸ ਸਵਾਲ ਵਿੱਚੋਂ ਪੈਦਾ ਨਹੀਂ ਹੁੰਦਾ ।

ਸ੍ਰੀ ਗਿਆਨ ਚੰਦ ਖਰਬੰਦਾ : ਮੈਂ ਪੁਛਣਾ ਚਾਹੁੰਦਾ ਹਾਂ ਕਿ ਆਇਆ ਸਰਕਾਰ ਇਸ ਕਿਸਮ ਦੀਆਂ ਇਨਸਟਰਕਸ਼ਨਜ਼ ਜਾਰੀ ਕਰੇਗੀ ਜਿਹੜੀਆਂ ਬੱਸਾਂ ਨਾਕਸ ਹਨ, ਅਤੇ ਰਸਤੇ ਵਿੱਚ ਫੇਲ੍ਹ ਹੋ ਜਾਂਦੀਆਂ ਹਨ ਅਤੇ ਜਿਸ ਕਰਕੇ ਪਬਲਿਕ ਨੂੰ ਬੜੀ ਤਕਲੀਫ ਹੁੰਦੀ ਹੈ, ਔਰ ਸਰਕਾਰ ਲੋਕਾਂ ਦੀ ਇਸ ਤਕਲੀਫ ਨੂੰ ਦੂਰ ਕਰਨ ਵਾਸਤੇ ਕੋਈ ਸਟੈਪ ਉਠਾਏਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਕੁਝ ਹੋਰ ਹੈ ਔਰ ਸਪਲੀਮੈਂਟਰੀ ਹੋਰ ਕਰੀ ਜਾਂਦੇ ਹਨ ਇਹ ਅਰਾਈਜ਼ ਨਹੀਂ ਹੁੰਦਾ ।

(ਚੌਧਰੀ ਬਲਬੀਰ ਸਿੰਘ ਵਲੋਂ ਵਿਘਨ)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਮਾਸਟਰ ਜੀ ਨੇ ਕਿਹਾ ਸੀ ਕਿ ਸਾਨੂੰ ਦੋ, ਦੋ ਬੱਸਾਂ ਬਦਲ ਕੇ ਆਉਣਾ ਪੈਂਦਾ ਹੈ, ਬੱਸਾਂ ਰਸਤੇ ਵਿੱਚ ਖਰਾਬ ਹੋ ਜਾਂਦੀਆਂ ਹਨ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਕਦੇ ਇਸ ਬਾਰੇ ਸੀਰੀਅਸ ਵੀ ਹੋਏ ਹਨ ?

ਮੁੱਖ ਮੰਤਰੀ : ਮਾਸਟਰ ਜੀ ਨੂੰ ਫੀਏਟ ਕਾਰ ਦਿੱਤੀ ਹੈ। ਇਸ ਲਈ ਉਨ੍ਹਾਂ ਨੂੰ ਕੀ ਜ਼ਰੂਰਤ ਹੈ ਬੱਸ ਬਦਲਣ ਦੀ। (ਹਾਸਾ)

ਸਰਦਾਰ ਸਰੂਪ ਸਿੰਘ: ਮੈਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਿੰਨੇ ਮਾਈਲੇਜ ਇਕ ਬੱਸ ਕਵਰ ਕਰ ਲਵੇ ਤਾਂ ਫਿਰ ਉਸ ਨੂੰ ਕੰਡਮ ਕੀਤਾ ਜਾਂਦਾ ਹੈ ?

ਮੁੱਖ ਮੰਤਰੀ : ਮੈਂ ਨਹੀਂ ਇਸ ਬਾਰੇ ਦੱਸ ਸਕਦਾ।

Captain Rattan Singh : Sir, it will be a supplementary question as also a question of privilege. Sir, can a Minister mention the name—

ਸ੍ਰੀ ਸਪੀਕਰ: ਕੁਐਸਚਨ ਆਫ਼ ਪਰਿਵਿਲੇਜ ਹੁਣ ਨਹੀਂ ਆ ਸਕਦਾ। (ਵਿਘਨ) (The Question of Privilege cannot be raised here now.)

Captain Rattan Singh : Sir, it will be a supplementary question as also a question of privilege. I don't say that it will be a question of privilege alone.

Sir, can the Chief Minister mention the name of an honourable Member of the House and say that a car has been allotted to him when there is no such question before the House ?

ਮੁੱਖ ਮੰਤਰੀ : ਸਪੀਕਰ ਸਾਹਿਬ, ਕੋਈ ਸਵਾਲ ਉਨਾਂ ਨੇ ਕੀਤਾ ਸੀ ਕਿ ਮਾਸਟਰ ਜੀ ਨੇ ਸ਼ਿਕਾਇਤ ਕੀਤੀ ਹੈ ਕਿ ਉਨ੍ਹਾਂ ਨੂੰ ਦੋ ਵਾਰੀ ਰਾਹ ਵਿੱਚ ਬਸਾਂ ਬਦਲਣੀਆਂ ਪੈਂਦੀਆਂ ਹਨ (ਵਿਘਨ) ਇਹ ਗੱਲ ਬਿਲਕੁਲ ਠੀਕ ਹੈ। ਮਾਸਟਰ ਜੀ ਨਾਲ ਕੋਈ ਰਿਆਇਤ ਨਹੀਂ ਕੀਤੀ, ਜਿਹੜੇ ਮੈਂਬਰ ਨੂੰ ਠੀਕ ਸਮਝਦੇ ਹਾਂ ਦੇ ਦਿੰਦੇ ਹਾਂ। (ਵਿਘਨ) ਜਿਸ ਨੂੰ ਨਸੈਸਟੀ ਹੋਵੇ ਉਸ ਨੂੰ ਦਿੰਦੇ ਹਾਂ। ਬਹੁਤ ਸਾਰੇ ਸੱਜਣਾਂ ਨੂੰ ਇਧਰੋਂ ਵੀ (ਆਪਣੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਔਰ ਉਧਰੋਂ ਵੀ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਗੱਡੀ ਦਿੱਤੀ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਕਿਉਂਕਿ ਇਨਾਂ ਨੇ ਸਵਾਲ ਦੇ ਜੁਆਬ ਵਿੱਚ ਕਿਹਾ ਸੀ, ਇਸ ਲਈ ਬਿਲਕੁਲ ਇਹ ਰੈਲੇਵੈਂਟ ਹੈ। (ਵਿਘਨ)(ਸ਼ੋਰ) (The Chief Minister has mentioned the name in order to give the reply to a supplement ry question containing that name; therefore, there is nothing wrong in it.)

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਚੀਫ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਇਹ ਜਿਹੜਾ ਪਾਰਟ 'ਏ' ਵਿੱਚ 'ਨੰਬਰ ਆਫ਼ ਬਸਸਿਜ਼' ਦਾ ਜਵਾਬ 915 ਦਿੱਤਾ ਹੈ, ਕੀ ਡਾਜ ਬਸਾਂ 1967 ਤੋਂ ਪਹਿਲਾਂ ਦੀਆਂ ਖਰੀਦੀਆਂ ਹੋਈਆਂ ਹਨ ਜਾਂ ਬਾਅਦ ਵਿੱਚ ਖਰੀਦੀਆਂ ਹਨ। (ਵਿਘਨ)

ਮੁੱਖ ਮੰਤਰੀ : ਇਹ ਤਾਂ ਮੈਂ ਇਸ ਵੇਲੇ ਨਹੀਂ ਕਹਿ ਸਕਦਾ। ਇਸ ਵਾਸਤੇ ਨੋਟਿਸ ਦੀ ਲੋੜ ਹੈ।

ਸ੍ਰੀ ਗੁਰਦਿਆਲ ਸੈਣੀ: ਕੀ ਮੁੱਖ ਮੰਤਰੀ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਹ ਜਿਹੜੀਆਂ 915 ਬੱਸਾਂ ਇਸ ਵੇਲੇ ਚਲ ਰਹੀਆਂ ਹਨ ਔਰ ਅਪਰੈਲ, 1967 ਤੋਂ ਬਾਅਦ ਜਿਹੜੀਆਂ 464 ਬੱਸਾਂ ਖਰੀਦੀਆਂ ਹਨ ਉਨ੍ਹਾਂ ਵਿੱਚੋਂ ਇਸ ਵੇਲੇ ਕਿਨੀਆਂ ਬੱਸਾਂ ਚਲ ਰਹੀਆਂ ਹਨ ?

ਮੁੱਖ ਮੰਤਰੀ : ਇਹ ਤਾਂ ਤੁਸੀਂ ਪੁਛਿਆ ਨਹੀਂ ਸੀ। ਟੋਟਲ ਨੰਬਰ ਪੁਛਿਆ ਸੀ ਉਹ ਅਸੀਂ ਦਸ ਦਿੱਤਾ ਹੈ। (ਵਿਘਨ)

ਚੌਧਰੀ ਰਾਮ ਸਿੰਘ: ਕੀ ਚੀਫ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਹ ਜਿਹੜੀਆਂ ਅਪਰੈਲ-ਦਸੰਬਰ, 1967 ਤੋਂ 1969 ਤਕ 464 ਬੱਸਾਂ ਖਰੀਦੀਆਂ ਹਨ ਕੀ ਉਨਾਂ ਵਿੱਚ ਉਹ ਡਾਜ ਬਸਾਂ ਵੀ ਸ਼ਾਮਲ ਹਨ ਜਿਹੜੀਆਂ ਪਠਾਨਕੋਟ ਸਨ ਅਤੇ ਜਿਨ੍ਹਾਂ ਬਾਰੇ 15 ਲੱਖ ਰੁਪਏ ਦਾ ਕਲੇਮ ਕੀਤਾ ਸੀ ਔਰ ਕੁਝ ਗਡੀਆਂ ਕੰਪਨੀ ਨੇ ਇਨ੍ਹਾਂ ਦੇ ਤਬਾਦਲੇ ਵਿੱਚ ਦਿੱਤੀਆਂ ਸੀ ? (ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਹ ਇਸ ਸਵਾਲ ਵਿੱਚੋਂ ਤਾਂ ਪੈਦਾ ਨਹੀਂ ਹੁੰਦਾ। (ਵਿਘਨ)
(This supplementary does not arise from this question.)

SUSPENSION OF CANAL BELDAR MUKHTIAR SINGH FROM VILLAGE TAKHTOO PURA DISTRICT FEROZEPUR ON 30TH SEPTEMBER 1969

*1438. **Giani Kundan Singh Patang :** Will the Minister for Irrigation and Power be pleased to state :—

(a) whether it is a fact that Canal Beldar Mukhtiar Singh son of Shri Chanan Singh, village Dadhahoor, district Sangrur who has eight years service to his credit, was suspended on 30th September, 1969 from village Takhtoo Pura, district Ferozepur and was ordered to be present at Canal Rest House, Wazidke Kalan, district Sangrur;

(b) whether it is also a fact that neither he has been given any subsistence allowance nor his case has been decided so far; if so, the reasons for delay ?

Sardar Sohan Singh Bassi : (a) Yes. He was placed under suspension with effect from 1st July, 1969 and was attached with S.O. Wazidke.

(b) His case has since been decided on 22nd January, 1970 and his services have been terminated.

[(ਏ) ਹਾਂ ਜੀ। ਉਸ ਨੂੰ 1 ਜੁਲਾਈ, 1969 ਤੋਂ ਸਸਪੈਂਡ ਕੀਤਾ ਸੀ ਤੇ ਐਸ. ਓ. ਵਜ਼ੀਦਕੇ ਨਾਲ ਅਟੈਚ ਕਰ ਦਿੱਤਾ ਸੀ।

(ਬੀ) ਉਸ ਦੇ ਕੇਸ ਦਾ 22 ਜਨਵਰੀ, 1970 ਨੂੰ ਫੈਸਲਾ ਕੀਤਾ ਗਿਆ ਹੈ ਤੇ ਉਸ ਨੂੰ ਨੌਕਰੀ ਤੋਂ ਕਢ ਦਿੱਤਾ ਗਿਆ ਹੈ।]

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਮਾਮਲੇ ਤੇ ਪੂਰੀ ਤਰ੍ਹਾਂ ਪੜਤਾਲ ਕੀਤੀ ਗਈ ਹੈ ? (ਵਿਘਨ) ਕਿਤਨਾ ਚਿਰ ਉਹ ਬੇਲਦਾਰ ਸਸਪੈਂਡ ਰਿਹਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਮੁਅੱਤਲ ਵੀ ਕੀਤਾ ਜਾ ਚੁਕਾ ਹੈ । 1 ਜੁਲਾਈ, 1969 ਨੂੰ ਸਸਪੈਂਡ ਕਰ ਦਿੱਤਾ ਸੀ ਔਰ 22 ਜਨਵਰੀ, 1970 ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਕਾਮਰੇਡ ਸਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਸ ਤਾਰੀਖ ਤੋਂ ਉਹ ਸਸਪੈਂਡ ਹੋਇਆ ਕੀ ਉਸ ਨੂੰ ਸਬਸਿਸਟੈਂਸ ਅਲਾਊਂਸ ਮਿਲਦਾ ਰਿਹਾ ਹੈ ਜਾਂ ਨਹੀਂ ?

ਮੰਤਰੀ : ਉਹ ਹਾਲੀਂ ਮਿਲੇਗਾ——(ਵਿਘਨ)

ਕਾਮਰੇਡ ਸਤ ਪਾਲ ਡਾਂਗ : ਉਹ ਮਹੀਨੇ ਦੇ ਮਹੀਨੇ ਮਿਲਣਾ ਚਾਹੀਦਾ ਹੈ । (ਵਿਘਨ)

ਮੰਤਰੀ : ਜਲਦੀ ਦਿੱਤਾ ਜਾਵੇਗਾ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਉਸ ਨੂੰ ਮੁਅੱਤਲ ਜਨਵਰੀ, 1970 ਤੋਂ ਕਰ ਦਿੱਤਾ ਹੈ । ਮੇਰੀ ਅਰਜ਼ ਹੈ ਕਿ ਮੁਅੱਤਲ ਔਰ ਸਸਪੈਂਡ ਵਿੱਚ ਕੋਈ ਫਰਕ ਨਹੀਂ......(ਵਿਘਨ)

Minister : I am sorry. He has been dismissed.

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਦੱਸਣਗ ਕਿ **30 ਸਾਲ ਦੀ ਸਰਵਿਸ ਦੇ ਬਾਦ ਰੀਇਨਸਟੇਟ ਹੋਇਆ ਹੈ, ਕੀ ਇਹ ਵੀ ਫਿਰ ਬਾਅਦ ਵਿੱਚ ਰੀਇਨਸਟੇਟ ਹੋ ਸਕਦਾ ਹੈ ?

ਮੰਤਰੀ : 30 ਸਾਲ ਤਾਂ ਕੋਈ ਖੁਸ਼ ਨਸੀਬ ਹੀ ਨੌਕਰੀ ਕਰਦਾ ਹੈ । (ਵਿਘਨ) (ਸ਼ੋਰ)

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜਾ ਸਸਪੈਂਡ ਹੁੰਦਾ ਹੈ ਉਸ ਨੂੰ ਮਹੀਨੇ ਦੇ ਮਹੀਨੇ ਸਬਸਿਸਟੈਂਸ ਭੱਤਾ ਦਿੱਤਾ ਜਾਂਦਾ ਹੈ ਪਰ ਇਸ ਨੂੰ ਨਹੀਂ ਦਿੱਤਾ ਗਿਆ, ਕੀ ਇਸ ਛੋਟੇ ਮੁਲਾਜ਼ਮ ਨਾਲ ਬੇਇਨਸਾਫੀ ਨਹੀਂ ਹੋਈ ?

ਮੰਤਰੀ : ਸਪੀਕਰ ਸਾਹਿਬ, ਇਸ ਦੀ ਮੈਂ ਪੜਤਾਲ ਕਰਵਾ ਲਵਾਂਗਾ ।

Sardar Kapur Singh : Mr. Speaker, it is against the rules and practices of this House to bring in the name of a particular public servant when there is no discussion about him. Twice, the name of [* * *] has been mentioned here by an honourable Member. I suggest and request that this portion may be expunged from the record of the proceedings of the House.

ਸ੍ਰੀ ਸਪੀਕਰ : ਇਹ ਤਾਂ ਰੈਫਰੈਂਸ ਦਿੱਤਾ ਹੈ । (ਵਿਘਨ) ਨਾਮ ਨਾ ਰਿਕਾਰਡ ਕੀਤਾ ਜਾਵੇ। (Only a reference has been made (*Interruption*). The name should not be recorded.)

---

*ਸਪੀਕਰ ਸਾਹਿਬ ਦੇ ਹੁਕਮ ਨਾਲ ਨਾਮ ਨਹੀਂ ਰਿਕਾਰਡ ਕੀਤਾ ਗਿਆ ।

WATER LOGGING DRAINS IN ZIRA AREA DISTRICT FEROZEPUR

*1712. **Sardar Mehtab Singh Dhillon :** Will the Minister for Irrigation and Power be pleased to state —

(a) the number and names of water-logging drains in Zira area, district Ferozepur;
(b) whether it is a fact that these drains overflow during rainy season and wash away the crops;
(c) the number of water-logging drains dug out during the year 1969 together with the number of drains which are proposed to be dug out during the year 1970 ?

Sardar Sohan Singh Bassi : (a) 22 numbers as per list placed on the table of the House.

(b) Yes. Spill for short duration takes place but as water returns on receding flood, no damage to crops is caused.

(c) Number of drains dug during 1969-70 3
Number of drains proposed to be dug during 1970-71 4

[(ਏ) 22 ਡਰੇਨਾਂ ਜਿਸ ਦੀ ਲਿਸਟ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਹਾਂ ਜੀ, ਉਛਲਿਆ ਹੋਇਆ ਪਾਣੀ ਥੋੜੇ ਸਮੇਂ ਲਈ ਹੀ ਰਹਿੰਦਾ ਹੈ ਅਤੇ ਹੜ੍ਹ ਉਤਰਨ ਮਗਰੋਂ ਵਾਪਸ ਆ ਜਾਂਦਾ ਹੈ ਇਸ ਕਰਕੇ ਫਸਲਾਂ ਦਾ ਨੁਕਸਾਨ ਨਹੀਂ ਹੁੰਦਾ ।

(ਸੀ) 1969–70 ਵਿੱਚ ਖੋਦੀਆਂ ਹੋਈਆਂ ਨਾਲੀਆਂ 3
1970–71 ਵਿੱਚ ਜਿਤਨੀਆਂ ਨਾਲੀਆਂ ਖੋਦਣ ਦੀ ਤਜਵੀਜ਼ ਹੈ 4]

LIST SHOWING THE NAMES OF DRAINS IN ZIRA AREA DISTRICT FEROZEPUR

1. Makhu Drain.
2. Manjgarh Drain.
3. Mohrana Drain.
4. Talwandi Neeplan Drain.
5. Jattanwali Drain.
6. Fatehgarh Drain.
7. Dharam Singhwala Drain.
8. Kaila Drain.
9. Sukkar Nala.
10. Dharamkot Drain.
11. Zira Drain.
12. Malsian Drain.
13. Talwandi Drain.
14. Talwandi Sub Drain.
15. Ferozeshah Drain.
16. Daulatpura Drain
17. Lohgarh Drain
18. Fatehgarh Panjtur Drain
19. Maujgarh-Makhu Link Drain
20. Kohla Drain
21. Kaila Link Drain
22. Wara Waryam Singh Drain

[(1) ਮਖੂ ਡਰੇਨ, (2) ਮੰਜਗੜ੍ਹ ਡਰੇਨ, (3) ਮੋਹਰਾਨਾ ਡਰੇਨ, (4) ਤਲਵੰਡੀ ਨਿਪਾਲਾਂ ਡਰੇਨ, (5) ਜੱਟਾਂ ਵਾਲੀ ਡਰੇਨ, (6) ਫਤੇਗੜ੍ਹ ਡਰੇਨ, (7) ਧਰਮ ਸਿੰਘ ਵਾਲਾ ਡਰੇਨ, (8) ਕੈਲਾ ਡਰੇਨ, (9) ਸਕਰ ਡਰੇਨ, (10) ਧਰਮਕੋਟ ਡਰੇਨ, (11) ਜੀਰਾ ਡਰੇਨ, (12) ਮਲਸਿਆਂ ਡਰੇਨ, (13) ਤਲਵੰਡੀ ਡਰੇਨ, (14) ਤਲਵੰਡੀ ਸਬ ਡਰੇਨ,(15)ਫਿਰੋਜ਼ਸ਼ਾਹ ਡਰੇਨ, (16) ਦੌਲਤ ਪੁਰਾ ਡਰੇਨ, (17) ਲੋਹਗੜ੍ਹ ਡਰੇਨ, (18) ਫਤੇਗੜ੍ਹ ਪੰਜਤਰ ਡਰੇਨ, (19) ਮੌਜ ਗੜ੍ਹ ਡਰੇਨ, (20) ਕੋਹਾਲਾ ਡਰੇਨ, (21) ਕੈਲਾ ਲਿੰਕ ਡਰੇਨ, (22) ਵਾੜਾ ਵਰਿਆਮ ਸਿੰਘ ਡਰੇਨ ।]

ਸਰਦਾਰ ਮਹਿਤਾਬ ਸਿੰਘ ਢਿਲੋਂ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੀਆਂ ਡਰੇਨਾਂ ਇਨ੍ਹਾਂ ਨੇ ਦਸੀਆਂ ਹਨ ਕਿ ਖੋਦੀਆਂ ਹਨ, ਕੀ ਉਹ ਮੁਕੰਮਲ ਹੋ ਗਈਆਂ ਹਨ ਜਾਂ ਨਹੀਂ ਹੋਈਆਂ ? ਔਰ ਜੋ ਮੁਕੰਮਲ ਹੋ ਗਈਆਂ ਹਨ ਉਨ੍ਹਾਂ ਦੇ ਨਾਮ ਕੀ ਹਨ ?

ਮੰਤਰੀ : ਜਿਹੜੀ ਲਿਸਟ ਹਾਊਸ ਦੀ ਟੇਬਲ ਤੇ ਰਖੀ ਗਈ ਹੈ ਉਸ ਵਿੱਚ 22 ਡਰੇਨਾਂ ਦੇ ਨਾਮ ਹਨ ਉਹ ਮੈਂਬਰ ਸਾਹਿਬ ਪੜ੍ਹ ਲੈਣ । ਪਾਇਲੈਟ ਸੈਕਸ਼ਨ ਦੀਆਂ ਖੋਦੀਆਂ ਹੋਈਆਂ ਹਨ, ਮੁਕੰਮਲ ਨਹੀਂ ਹੋਈਆਂ ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹਨਾਂ ਡਰੇਨਾਂ ਵਿੱਚ ਇਕ ਬੂਟੀ ਉਗਦੀ ਹੈ ਜਿਹੜੀ ਕਿ ਨੁਕਸਾਨ ਦਾ ਕਾਰਨ ਬਣਦੀ ਹੈ, ਹੜ੍ਹਾਂ ਦਾ ਕਾਰਨ ਬਣਦੀ ਹੈ, ਕੀ ਉਸ ਨੂੰ ਖ਼ਤਮ ਕਰਨ ਲਈ ਕੋਈ ਕੈਮੀਕਲ ਜਾਂ ਕਿਸੇ ਹੋਰ ਪਰੋਗਰਾਮ ਰਾਹੀਂ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਕੰਮ ਕੈਮੀਕਲ ਨਾਲ ਨਹੀਂ ਹੋ ਸਕਦਾ । ਕਈ ਦਵਾਈਆਂ ਐਸੀਆਂ ਹੁੰਦੀਆਂ ਹਨ ਜਿਹੜੀਆਂ ਕਿ ਫਸਲਾਂ ਨੂੰ ਤਬਾਹ ਕਰਨਗੀਆਂ । (ਵਿਘਨ) ਹਰ ਸਾਲ ਇਸ ਬੂਟੀ ਨੂੰ ਆਦਮੀਆਂ ਤੋਂ ਕਢਵਾਇਆ ਜਾਂਦਾ ਹੈ । (ਵਿਘਨ)

ਚੌਧਰੀ ਸੱਤ ਦੇਵ : ਕੀ ਸਿੰਜਾਈ ਮੰਤਰੀ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਫਿਰੋਜ਼ਪੁਰ ਦੇ ਬਹੁਤ ਸਾਰੇ ਸੇਮ–ਨਾਲੇ ਐਸੇ ਹਨ ਜਿਨ੍ਹਾਂ ਦੀ ਖੁਦਾਈ ਅੱਗੇ ਔਰ ਪਿੱਛੇ ਕੀਤੀ ਜਾ ਚੁਕੀ ਹੈ, ਪਰ ਦਰਮਿਆਨ ਵਿੱਚ ਰੁਕੀ ਹੋਈ ਹੈ, ਇਸ ਦਾ ਕੀ ਕਾਰਣ ਹੈ ਅਤੇ ਇਸ ਦੇ ਲਈ ਕੀ ਉਹ ਕੋਈ ਕਾਰਵਾਈ ਕਰਨਗੇ ?

ਮੰਤਰੀ : ਇਕੱਲੀ ਫਿਰੋਜ਼ਪੁਰ ਦੀ ਗੱਲ ਨਹੀਂ, ਜਿੱਥੇ ਵੀ ਰੀਪੇਅਰ ਦੀ ਲੋੜ ਹੁੰਦੀ ਹੈ,ਹਰ ਸਾਲ ਕੀਤੀ ਜਾਂਦੀ ਹੈ ।

ਡਾਕਟਰ ਸਾਧੂ ਰਾਮ : ਕੀ ਮੰਤਰੀ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੀਆਂ ਡਰੇਨਾਂ 1968–69 ਵਿੱਚ ਪੁਟੀਆਂ ਗਈਆਂ ਸਨ ਅਤੇ ਉਹ ਕੰਪਲੀਟ ਨਹੀਂ ਹੋਈਆਂ, ਉਨ੍ਹਾਂ ਦੇ ਕੰਪਲੀਟ ਨਾ ਕਰਨ ਦੀ ਕੀ ਵਜਾ ਹੈ ? ਕੀ ਬਜਟ ਘੱਟ ਗਿਆ ਜਾਂ ਕੋਈ ਹੋਰ ਵਜਾ ਹੈ ?

ਮੰਤਰੀ : ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਫੀਲਡ ਡਰੇਨਾਂ ਹਨ ਉਹ ਸ਼੍ਰਮਦਾਨ ਨਾਲ ਖੋਦੀਆਂ ਜਾਂਦੀਆਂ ਹਨ ਅਤੇ ਬਾਕੀ ਜਿਹੜੀਆਂ ਡਰੇਨਾਂ ਰਹਿੰਦੀਆਂ ਹੋਣ ਉਹ ਮੈਂਬਰ ਸਾਹਿਬ ਦਸ ਦੇਣ ਮੈਂ ਰੀਪੇਅਰ ਕਰਵਾ ਦਿਆਂਗਾ ।

ਡਾਕਟਰ ਅਮੀਰ ਸਿੰਘ ਕਲਕਟ : ਮਨਿਸਟਰ ਸਾਹਿਬ ਨੇ ਕਿਹਾ ਹੈ, ਕਿ ਹਰਬੀਸਾਈਡਜ਼ ਰੁੜ੍ਹ ਕੇ ਖੇਤਾਂ ਵਿੱਚ ਚਲੀਆਂ ਜਾਂਦੀਆਂ ਹਨ ਅਤੇ ਉਹ ਖੇਤਾਂ ਨੂੰ ਨੁਕਸਾਨ ਪਹੁੰਚਾਂਦੀਆਂ ਹਨ । ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਦਵਾਈਆਂ ਬੜੀਆਂ ਯੂਜ਼ਫੁਲ ਹੁੰਦੀਆਂ ਹਨ । ਉਹ ਬੂਟੀਆਂ ਪੁਟੀਆਂ ਗਈਆਂ ਹਨ ਜਾਂ ਆਪਸ ਵਿੱਚ ਮਿਲ ਕੇ ਪੈਸੇ ਬਚਾਏ ਗਏ ਹਨ......(ਵਿਘਨ)......

(ਕੋਈ ਉਤਰ ਨਹੀਂ ਆਇਆ)

———

DAMAGE BY RELEASE OF EXCESS WATER IN SUKKRAH NULLAH IN FEBRUARY, 1969

***1713. Sardar Mehtab Singh Dhillon:** Will the Minister for Irrigation and Power be pleased to state —

(a) the amount of compensation paid to the farmers whose wheat crops were washed away due to the release of excess water in Sukkrah Nullah by the Canal authorities in February, 1969;

(Sardar Mehtab Singh Dhillon)

(b) whether any penalty was imposed on any body for the excess release of water mentioned in part (a) above;

(c) whether Government propose to clear silt from the said Nullah which flows near Shah Abu Baker and then proceeds towards Behk Walayat Shah and Chibba and passes near many villages of Ferozepur District;

(d) whether the Government propose to construct any bridges on the said Nullah where it flows in between two villages and gets flooded during the rainy season ?

Sardar Sohan Singh Bassi : (a) Nothing has been paid so far. Estimate for payment of Rs. 4,626 has been prepared.

(b) No.

(c) No.

(d) No.

[(ੳ) ਅਜੇ ਤਕ ਕੁਝ ਨਹੀਂ ਦਿੱਤਾ ਗਿਆ । 4,626 ਰੁਪਏ ਦੀ ਮੁਆਵਜ਼ੇ ਦੀ ਅਦਾਇਗੀ ਦਾ ਅਨੁਮਾਨ ਤਿਆਰ ਕੀਤਾ ਗਿਆ ਹੈ ।

(ਅ) ਨਹੀਂ ਜੀ ।

(ੲ) ਨਹੀਂ ਜੀ ।

(ਸ) ਨਹੀਂ ਜੀ ।]

ਸਰਦਾਰ ਮਹਿਤਾਬ ਸਿੰਘ ਢਿਲੋਂ : ਸਪੀਕਰ ਸਾਹਿਬ ਮੈਂ ਅਰਜ਼ ਕਰਾਂ ਕਿ ਸਵਾ ਸਾਲ ਦੇ ਕਰੀਬ ਹੋ ਗਿਆ ਹੈ ਇਸ ਗੱਲ ਨੂੰ । ਜਿਨ੍ਹਾਂ ਦੀਆਂ ਫਸਲਾਂ ਪੁਟੀਆਂ ਗਈਆਂ ਉਹ ਛੋਟੇ ਛੋਟੇ ਜ਼ਿਮੀਂਦਾਰ ਹਨ ਕਿਸੇ ਦੀ 1 ਏਕੜ ਜ਼ਮੀਨ ਹੈ ਅਤੇ ਕਿਸੇ ਦੀ 2 ਏਕੜ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਮੁਆਵਜ਼ਾ ਕਦੋਂ ਤਕ ਦੇ ਦੇਣਗੇ ?

ਮੰਤਰੀ : ਕੋਸ਼ਿਸ਼ ਕੀਤੀ ਜਾਏਗੀ ਕਿ ਛੇਤੀ ਤੋਂ ਛੇਤੀ ਦਿੱਤਾ ਜਾਵੇ ।

चौधरी बलबीर सिंह : मैं पूछना चाहता हूँ कि इस सिलसिले में जिस की गलती है क्या उसके खिलाफ़ कोई ऐक्शन लिया जाएगा ? क्योंकि....... (विघ्न).....

ਮੰਤਰੀ : * * * *

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ × × × ਦਾ ਸ਼ਬਦ ਵਰਤਿਆ ਗਿਆ ਹੈ, ਇਹ ਕਢ ਦੇਣਾ ਚਾਹੀਦਾ ਹੈ......(ਵਿਘਨ)......

ਸ੍ਰੀ ਸਪੀਕਰ : ਇਹ ਸਾਰਾ ਜਵਾਬ ਹੀ ਕਢ ਦਿੱਤਾ ਜਾਵੇ । (The reply given by hon. Minister may be expunged from the preceedings.)

Expunged as ordered by the Chair.

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੀਆਂ ਡਰੇਨਾਂ ਹਨ ਉਨ੍ਹਾਂ ਦੀ ਸਫਾਈ ਲਈ ਕੋਈ ਬਾਕਾਇਦਾ ਪ੍ਰੋਗਰਾਮ ਹੈ ? ਕਿੰਨੇ ਦਿਨਾਂ ਬਾਅਦ ਸਿਲਟ ਕਢੀ ਜਾਂਦੀ ਹੈ ਅਤੇ ਕੀ ਗੌਰਮੈਂਟ ਉਸ ਨਾਲੇ ਦੇ ਉਤੋਂ ਦੀ ਪੁਲ ਬਣਾਉਣ ਨੂੰ ਤਿਆਰ ਹੈ ?

ਮੰਤਰੀ : ਜਿੱਥੋਂ ਤਕ ਪੁਲ ਦਾ ਸੁਆਲ ਹੈ ਉਹ ਮੈਂ ਪਹਿਲੋਂ ਹੀ ਜਵਾਬ ਦੇ ਚੁਕਾ ਹਾਂ, 'ਨਹੀਂ' । ਇਹ ਕੋਈ ਡਰੇਨ ਨਹੀਂ ਹੈ । ਬਾਰਸ਼ਾਂ ਦਾ ਪਾਣੀ ਆਉਂਦਾ ਹੈ ਅਤੇ ਰੁੜ੍ਹ ਜਾਂਦਾ ਹੈ, ਉਹ ਕੋਈ ਨੀਚੀ ਜਗ੍ਹਾ ਨਹੀਂ ਜਿੱਥੇ ਪਾਣੀ ਖੜ ਜਾਂਦਾ ਹੋਵੇ । ਇਥੇ ਨਾ ਸਿਲਟ ਕਢਾਉਣ ਦੀ ਜ਼ਰੂਰਤ ਹੈ ਅਤੇ ਨਾ ਹੀ ਕੋਈ ਪੁਲ ਬਣਾਉਣ ਦੀ । ਮੈਂ ਜਿਹੜਾ ਪਹਿਲਾਂ ਜਵਾਬ ਦੇ ਚੁਕਾ ਹਾਂ ਉਹ ਠੀਕ ਹੀ ਸਮਝਿਆ ਜਾਵੇ ।

CONSTRUCTION OF BATALA-DERA BABA NANAK ROAD

***1703 Sardar Santokh Singh Randhawa** : Will the Minister for Irrigation and Power be pleased to state —

(a) whether it is a fact that the material for the construction of Batala-Dera Baba Nanak Road is lying on both sides of the road since long and no steps have so far been taken to construct the said road;

(b) if the reply to part (a) above be in the affirmative the reasons therefor together with the time by which the construction of the said road is likely to be taken in hand by the P.W.D. ?

Sardar Sohan Singh Bassi : (a) Yes.

(b) The material is already being collected and its metalling will be taken up shortly as the funds become available.

[(ਏ) ਹਾਂ ਜੀ ।

(ਬੀ) ਮੈਟੀਰੀਅਲ ਇਕੱਠਾ ਕੀਤਾ ਜਾ ਰਿਹਾ ਹੈ ਅਤੇ ਸੜਕਾਂ ਦੀ ਉਸਾਰੀ ਜਲਦੀ ਹੀ ਸ਼ੁਰੂ ਕੀਤੀ ਜਾਵੇਗੀ, ਜੇਕਰ ਫੰਡਜ਼ ਪ੍ਰਾਪਤ ਹੋ ਗਏ ।]

ਸਰਦਾਰ ਸੰਤੋਖ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਬਟਾਲਾ-ਡੇਰਾ ਬਾਬਾ ਨਾਨਕ ਰੋਡ ਦੇ ਦੋਹੀਂ ਪਾਸੀਂ ਮੈਟੀਰੀਅਲ ਪਿਆ ਹੋਇਆ ਹੈ, ਇਨ੍ਹਾਂ ਨੇ ਦੂਜੇ ਪਾਸੇ ਤਰਦੀਦ ਕਰ ਦਿੱਤੀ ਹੈ ਕਿ ਮੈਟੀਰੀਅਲ ਇਕੱਠਾ ਕੀਤਾ ਜਾ ਰਿਹਾ ਹੈ ਅਤੇ ਸੜਕ ਦੀ ਉਸਾਰੀ ਜਲਦੀ ਹੀ ਸ਼ੁਰੂ ਕੀਤੀ ਜਾਵੇਗੀ, ਜੇਕਰ ਫੰਡਜ਼ ਪ੍ਰਾਪਤ ਹੋ ਗਏ । ਮੈਂ ਪੁਛਣਾ ਚਾਹੁੰਦਾ ਹਾਂ ਕਿ ਹਾਲੇ ਵੀ ਕੋਈ ਫੰਡਜ਼ ਦੀ ਅਵੇਲੇਬਿਲਟੀ ਵਿੱਚ ਸ਼ੱਕ ਹੈ ?

ਮੰਤਰੀ : ਮੈਂ ਅਰਜ਼ ਕਰਾਂ ਕਿ ਇਹ ਕੋਈ ਨਵੀਂ ਸੜਕ ਨਹੀਂ ਬਣਨੀ । ਇਹ 19 ਮੀਲ ਲੰਮੀ ਸੜਕ ਹੈ, ਇਸ ਦੇ ਦੋਹਾਂ ਪਾਸੇ ਜਿਹੜੀ ਐਕਸਟੈਨਸ਼ਨ ਕਰਨੀ ਹੈ ਅਤੇ ਵਿਡਥ ਵਧਾਉਣੀ ਹੈ ਉਸਦੇ ਕੁਝ ਹਿੱਸੇ ਤੇ ਪੱਥਰ ਪੈ ਗਿਆ ਹੈ ਅਤੇ ਬਾਕੀ ਮੈਟੀਰੀਅਲ ਇਕੱਠਾ ਕਰ ਰਹੇ ਹਾਂ ।

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿਧਰੇ ਇਹ ਤਾਂ ਨਹੀਂ ਕਿ ਜਿਹੜੀ ਸੀ. ਆਰ. ਰੋਡ ਹੈ ਉਹ ਅਲਗ ਕੀਤੀ ਜਾਂਦੀ ਹੋਵੇ ਅਤੇ ਉਹ ਆਪੇ ਹੀ ਸੜਕ ਬਣਾਉਂਦੇ ਰਹਿਣਗੇ ਅਤੇ ਇਸ ਲਈ ਨਹੀਂ ਬਣਾ ਰਹੇ.........(ਵਿਘਨ)...... ।

ਮੰਤਰੀ : ਜਿਹੜਾ ਮੈਟੀਰੀਅਲ ਉਸ ਸੜਕ ਤੇ ਪਿਆ ਹੋਇਆ ਹੈ ਉਹ ਕਾਫੀ ਨਹੀਂ ਹੈ । ਮੈਂ ਅਰਜ਼ ਕਰਾਂ ਕਿ ਇਕੱਲੇ ਪੱਥਰ ਨਾਲ ਹੀ ਸੜਕ ਨਹੀਂ ਬਣ ਜਾਂਦੀ । ਉਸ ਦੇ ਲਈ ਹੋਰ ਵੀ ਬਹੁਤ ਮੈਟੀਰੀਅਲ ਚਾਹੀਦਾ ਹੈ । ਉਸ ਦੇ ਲਈ ਬਿਚੂਮਨ ਚਾਹੀਦਾ ਹੈ, ਪੀਕਾਕ ਯਾਨੀ ਛੋਟੀ ਬਜਰੀ ਚਾਹੀਦੀ ਹੈ ਜਿਸ ਦੇ ਲਈ ਬੜੇ ਫੰਡਜ਼ ਚਾਹੀਦੇ ਹਨ. ਪਥਰਾਂ ਦੇ ਨਾਲ ਉਹ ਕੰਪਲੀਟ ਨਹੀਂ ਹੋ ਜਾਣੀ । ਇਸ ਲਈ ਫੰਡਜ਼ ਦੀ ਅਵੇਲੇਬਿਲਟੀ ਲਈ ਕਿਹਾ ਗਿਆ ਹੈ ।

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਮੈਂ ਬੜੀ ਇਜ਼ਤ ਔਰ ਮਾਨ ਦੇ ਨਾਲ ਅਤੇ ਪਿਆਰ ਦੇ ਨਾਲ ਸਪਲੀਮੈਂਟਰੀ ਕਰਦਾ ਹਾਂ......(ਵਿਘਨ)......

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਹਾਡਾ ਪਿਆਰ ਤਾਂ ਸੁੰਨਾ ਹੋ ਗਿਆ ਹੈ......(ਵਿਘਨ)... (The hon. Member has lost his love.)

ਚੌਧਰੀ ਜਗਤ ਰਾਮ: ਮੇਰੀ ਅਰਜ਼ ਇਹ ਹੈ ਸਾਡੇ ਮੰਤਰੀ ਸਾਹਿਬ ਨੇ ਇਥੇ ਜਿਹੜਾ ਪਹਿਲੋਂ ਜਵਾਬ ਦਿੱਤਾ ਹੈ ਉਸ ਦੇ ਵਿੱਚ ਕਿਹਾ ਹੈ ਕਿ ਮੈਟੀਰੀਅਲ ਇਕੱਠਾ ਕੀਤਾ ਜਾ ਰਿਹਾ ਹੈ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਮੈਟੀਰੀਅਲ ਕਿਹੜਾ ਕਿਹੜਾ ਹੁੰਦਾ ਹੈ । ਉਹ ਜਿਹੜਾ ਜਵਾਬ ਦਿੰਦੇ ਹਨ, ਠੇਕੇਦਾਰਾਂ ਵਾਂਗ ਦਿੰਦੇ ਹਨ ਕਿ ਮਨਿਸਟਰਾਂ ਦੇ ਵਾਂਗ...... (ਵਿਘਨ)......

(ਕੋਈ ਉਤਰ ਨਹੀਂ ਆਇਆ)

ਵੈਦ ਕਰਤਾਰ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਮਹਿਕਮਾ ਸੜਕਾਂ ਬਣਾਉਣ ਵਾਲਾ ਹੈ ਪੀ. ਡਬਲਯੂ. ਡੀ. ਦਾ ਇਹ ਜਿਹੜੇ ਐਸਟੀਮੇਟ ਬਣਾਉਂਦਾ ਹੈ, ਉਹ ਬਿਲਕੁਲ ਬੋਗਸ ਬਣਾਉਂਦਾ ਹੈ ਅਤੇ ਇਸ ਲਈ ਕਈ ਕਈ ਸਾਲ ਸੜਕਾਂ ਨਹੀਂ ਬਣਦੀਆਂ । ਬੋਗਸ ਐਸਟੀਮੇਟਾਂ ਕਰਕੇ ਬਹੁਤ ਸਾਰਾ ਪੈਸਾ ਗਬਨ ਕੀਤਾ ਜਾਂਦਾ ਹੈ......(ਵਿਘਨ)......ਕੀ ਉਸ ਗਬਨ ਦੀ ਮੰਤਰੀ ਸਾਹਿਬ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ......(ਵਿਘਨ)......

ਮੰਤਰੀ : ਐਸਟੀਮੇਟ ਤਾਂ ਕਿੰਨਾ ਵੀ ਬਣ ਸਕਦਾ ਹੈ । ਉਸ ਦੀ ਇਨਕੁਆਇਰੀ ਨਹੀਂ ਹੁੰਦੀ, ਇਨਕੁਆਇਰੀ ਕੁਰਪਸ਼ਨ ਦੀ ਹੁੰਦੀ ਹੈ, ਇਸ ਗੱਲ ਦੀ ਹੁੰਦੀ ਹੈ, ਕਿ ਕੀ ਨਾਜਾਇਜ਼ ਖ਼ਰਚ ਕੀਤਾ ਗਿਆ ਹੈ । (ਵਿਘਨ) ।

ਵੈਦ ਕਰਤਾਰ ਸਿਘ : ਇਹ ਗ਼ਲਤ ਕਹਿ ਰਹੇ ਹਨ......(ਵਿਘਨ)

Mr Speaker: No discussion please.

ਵੈਦ ਕਰਤਾਰ ਸਿੰਘ : [* * *] (ਵਿਘਨ)

ਸ੍ਰੀ ਸਪੀਕਰ : ਇਨ੍ਹਾਂ ਨੇ ਜੋ ਕੁਝ ਵੀ ਵਿਦਾਊਟ ਦੀ ਪਰਮਿਸ਼ਨ ਆਫ਼ ਦੀ ਚੇਅਰ ਕਿਹਾ ਹੈ, that should not form part of the proceedings(Whatever the hon. Member has said without the permission of the Chair should not form part of the proceedings.)

---

*Expunged as ordered by the Chair.

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਬਾਰਡਰ ਰੋਡਜ਼ ਵਲ ਜੋ ਇੰਨੀ ਬੇਧਿਆਨੀ ਹੈ ਇਸ ਹਾਲਤ ਨੂੰ ਠੀਕ ਕਰਨ ਲਈ ਇਹ ਕੀ ਕਰ ਰਹੇ ਹਨ ?

ਮੰਤਰੀ : ਬਾਰਡਰ ਤੇ ਸੜਕਾਂ ਬਨਾਉਣ ਲਈ ਸੈਂਟਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ ਆਇਆ ਅਸੀਂ ਇਹ ਸੜਕ ਬਣਾ ਸਕਦੇ ਹਾਂ ਜਾਂ ਨਹੀਂ । ਇਸ ਸਾਲ ਇਨਾਂ ਸੜਕਾਂ ਤੇ ਕਈ ਕਰੋੜ ਰੁਪਿਆ ਖਰਚ ਕਰਨਾ ਹੈ ।

———

LAND GIVEN TO SCHEDULED CASTE PERSONS ON TEN YEARS LEASE IN 1961

*1520. **Giani Kundan Singh Patang :** Will the Minister for Revenue and Rehabilitation be pleased to state —

(a) whether it is a fact that the Punjab Government started giving lands to the persons belonging to the Scheduled Castes on ten years' lease in Machhiwara area during the year 1961;

(b) if the reply to part (a) above be in the affirmative, whether it is also a fact that nine acres of land had been given to each member of family consisting of six persons in village Saunspur (Chaki), Police Station Machhiwara;

(c) whether it is further a fact that these allottees have nine acres of land in village Bathan Khurd, P.O. Ucha Pind Sanghol; district Ludhiana;

(d) whether there were some other applicants besides those referred to in part (b) above who had applied for allotment of land in the area mentioned in part (a) above; if so, was allotment to any of them made;

(e) whether the case of allotment of Nazool land in village Bathan Kalan, P.O. Uchapind Sanghol, district Ludhiana, is in process; if so, the number and names of applicants for allotment of the said land ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਵਿਕਾਸ ਮੰਤਰੀ) : (ਏ) ਹਾਂ ਜੀ ।

(ਬੀ) ਹਾਂ ਜੀ, ਪਿੰਡ ਸ਼ਮਸਪੁਰ ਵਿੱਚ ਪੰਚਾਇਤੀ ਭੋਂ ਛੇ ਪਰੀਵਾਰਾਂ ਨੂੰ 8 ਅਤੇ 9 ਏਕੜ ਦੇ ਹਿਸਾਬ ਨਾਲ ਪੱਟੇ ਤੇ ਦਿੱਤੀ ਗਈ ਹੈ ।

(ਸੀ) ਨਾਂ ਜੀ ।

(ਡੀ) ਨਹੀਂ ਜੀ ।

(ਈ) ਹਾਂ ਜੀ, ਪਿੰਡ ਬਾਠਨਕਲਾਂ ਦੀ ਨਜ਼ੂਲ ਜ਼ਮੀਨ ਦੀ ਅਲਾਟਮੈਂਟ ਦਾ ਕੇਸ ਵਿਚਾਰ ਅਧੀਨ ਹੈ । ਜ਼ਮੀਨ ਦੀ ਅਲਾਟਮੈਂਟ ਬਾਰੇ ਪ੍ਰਾਰਥੀਆਂ ਦੀ ਗਿਣਤੀ ਪੰਜ ਹੈ ਅਤੇ ਉਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:—

(1) ਸ਼੍ਰੀ ਫਕੀਰੀਆ ਪੁੱਤਰ ਸ਼੍ਰੀ ਦੁਮਲ

(2) ਸ਼੍ਰੀ ਜੋਗਿੰਦਰ ਪੁੱਤਰ ਸ਼੍ਰੀ ਫੁਮਨ

[ਵਿਕਾਸ ਮੰਤਰੀ]

(3) ਸ਼੍ਰੀ ਰਤੀਆ ਪੁਤਰ ਸ਼੍ਰੀ ਸੋਂਧੀ

(4) ਸ਼੍ਰੀ ਰੁਲੀਆ ਪੁਤਰ ਸ਼੍ਰੀ ਹੇਲੂ

(5) ਸ਼੍ਰੀ ਕੇਹਰੂ ਪੁਤਰ ਸ਼੍ਰੀ ਬਚਨਾ ।

ਸਰਦਾਰ ਸੰਤੋਖ ਸਿੰਘ ਰੰਧਾਵਾ : * * * (ਵਿਘਨ)

ਸ਼੍ਰੀ ਸਪੀਕਰ : ਜੋ ਕੁਝ ਇਨ੍ਹਾਂ ਨੇ ਚੇਅਰ ਦੀ ਪਰਮਿਸ਼ਨ ਦੇ ਬਗ਼ੈਰ ਕਿਹਾ ਹੈ that should not form part of the proceedings. (ਵਿਘਨ) (Whatever the hon. Member has said without the permission of the Chair, should not form part of the proceedings.)

STARRED QUESTION No. 1608

ਮਾਲ ਮੰਤਰੀ : ਸਪੀਕਰ ਸਾਹਿਬ, ਇਸ ਦਾ ਜਵਾਬ ਤਾਂ ਆਇਆ ਹੈ ਮਗਰ ਮੇਰੀ ਇਸ ਨਾਲ ਤਸੱਲੀ ਨਹੀਂ ਹੈ, ਇਸ ਨੂੰ 26 ਤਰੀਕ ਤੇ ਪਾ ਦਿੱਤਾ ਜਾਵੇ ।

Mr. Speaker : It should be answered on the 25th.

STARRED QUESTION No. †1707

ਸ਼੍ਰੀ ਸਪੀਕਰ : ਸਟਾਰਡ ਸਵਾਲ ਨੰ: 1707 ਲਈ ਐਕਸਟੈਨਸ਼ਨ ਮੰਗੀ ਗਈ ਹੈ ।(Extension has been applied for in respect of Starred Question No 1707)

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਸ ਸਵਾਲ ਨੂੰ ਅੱਗੇ ਨਹੀਂ ਪਾਉਣਾ ਚਾਹੀਦਾ । ਉਹ 55 ਦਿਨ ਦੀ ਭੁਖ ਹੜਤਾਲ ਤੇ ਪਏ ਹਨ । ਇਹ ਬੜੀ ਜ਼ਿਆਦਤੀ ਹੈ । (ਵਿਘਨ) ਗੱਲ ਕੁਝ ਵੀ ਨਹੀਂ ਹੈ — ਚੰਡੀਗੜ੍ਹ ਅਤੇ ਜਲੰਧਰ ਕੋਰਟਸ ਦਾ ਐਵਾਰਡ ਆ ਚੁੱਕਾ ਹੈ । (ਵਿਘਨ)

Mr. Speaker : I will request the Government to expedite the reply to starred question No. 1707.

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਇਹ ਵਰਕਚਾਰਜ ਐਂਮਪਲਾਈਜ਼ ਦਾ ਸਵਾਲ ਹੈ......(ਵਿਘਨ)

ਸ਼੍ਰੀ ਸਪੀਕਰ : ਇਸ ਲਈ 26 ਤਰੀਕ ਤਕ ਐਕਸਟੈਨਸ਼ਨ ਮੰਗੀ ਗਈ ਹੈ । (Extension has been applied for till the 26th instant.)

ਕਾਮਰੇਡ ਸਤ ਪਾਲ ਡਾਂਗ : ਸਪੀਕਰ ਸਾਹਿਬ ਅਖਬਾਰਾਂ ਨੇ ਰੌਲਾ ਪਾਇਆ ਹੋਇਆ ਹੈ ਕਿ 25 ਤਰੀਕ ਨੂੰ ਅਸੈਂਬਲੀ ਉਠ ਰਹੀ ਹੈ । ਉਹ 50 ਦਿਨ ਤੋਂ ਭੁਖ ਹੜਤਾਲ ਤੇ ਹਨ । ਪਿਛਲੇ ਬਜਟ ਸੈਸ਼ਨ ਵਿੱਚ ਸ਼੍ਰੀ ਕ੍ਰਿਸ਼ਨ ਲਾਲ ਨੇ ਵਰਕ ਚਾਰਜ ਸਟਾਫ ਲਈ ਐਸ਼ੋਰੇਂਸ਼ ਦਵਾਈ ਸੀ......(ਵਿਘਨ)

---

*Expunged as ordered by the Chair.

†Note—Starred Question No. 1707 and reply thereto appear in the Punjab Vidhan Sabha Debate, dated the 30th March, 1970.

ਸ੍ਰੀ ਸਪੀਕਰ : ਅਖਬਾਰਾਂ ਦੀਆਂ ਖਬਰਾਂ ਨਾ ਪੜ੍ਹਿਆ ਕਰੋ ......(ਵਿਘਨ) (You should not go by the news in the Press.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਹ ਬੜਾ ਅਹਿਮ ਮਾਮਲਾ ਹੈ। 3–3 ਸਾਲ ਜੁਡੀਸ਼ਲ ਐਵਾਰਡਜ਼ ਹੋਇਆਂ ਨੂੰ ਹੋ ਗਏ ਹਨ ਪਰ ਇਨ੍ਹਾਂ ਨੇ ਜਵਾਬ ਨਹੀਂ ਦਿੱਤਾ । ਇਹ ਵਰਕ-ਚਾਰਜ ਲੋਕਾਂ ਦੀ, ਬਿਲਕੁਲ ਪੂਅਰ ਪੀਪਲ ਦੀ ਗੱਲ ਹੈ, ਮੇਰੀ ਅਰਜ਼ ਹੈ ਕਿ ਇਸ ਦਾ ਜਵਾਬ 25 ਤਰੀਕ ਨੂੰ ਦਵਾ ਦਿਓ । (ਵਿਘਨ)

ਸ੍ਰੀ ਸਪੀਕਰ : ਮੈਂ ਜ਼ਰੂਰ ਇਨ੍ਹਾਂ ਨੂੰ ਅਰਜ਼ ਕਰਾਂਗਾ ਕਿ ਇਹ ਜਲਦੀ ਜਵਾਬ ਦੇਣ । (I will request the Government to give the reply early.)

UNAUTHORISED SALE OF TOURNAMENT TICKETS BY AN OFFICIAL OF THE OFFICE OF D. E. O. KAPURTHALA

***1500. Doctor Sadhu Ram :** Will the Minister for Education be pleased to state —

(a) whether it has come to the notice of the Government that an official of the D.E.O. Kapurthala forcibly sold any unauthorised tournament tickets in the schools of Phagwara Tehsil during November, 1969;

(b) whether it is also a fact that the tickets sold were not issued by any authorised authority and that these tickets did not bear the stamps or the signatures of any authorised authority;

(c) whether it is further a fact that counterfoils of these tickets are in one and the same printing (type) and that the counterfoils have been sold as foils;

(d) whether any account has been maintained for the sale of these tickets, if so; the same may be laid on the Table of the House ?

ਸਰਦਾਰ ਸੁਰਜੀਤ ਸਿੰਘ .

(ੳ) ਜੀ ਨਹੀਂ ।

(ਅ) ਵਿਭਾਗ ਨੂੰ ਇਸ ਬਾਰੇ ਕੋਈ ਪਤਾ ਨਹੀਂ ।

(ੲ) ਜਿਵੇਂ ਉਤਰ (ਅ) ਵਿੱਚ ਦਿੱਤਾ ਹੈ ।

(ਸ) ਜਿਵੇਂ ਉਤਰ (ਅ) ਵਿੱਚ ਦਿੱਤਾ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਡੀ. ਈ. ਓ. ਕਪੂਰਥਲਾ ਅਤੇ ਉਸ ਦੇ ਅਸਿਸਟੈਂਟ ਦੇ ਖਿਲਾਫ ਜੋ ਟਿਕਟਾਂ ਦੀ ਕੰਪਲੇਂਟ ਹੈ ਉਸ ਦੀ ਇਨਕੁਆਇਰੀ ਕਰਨਗੇ ?

ਮੰਤਰੀ : ਨੋਟਿਸ ਵਿੱਚ ਲੈ ਆਉਣ, ਪੜਤਾਲ ਕਰਾ ਲਵਾਂਗੇ ।

ਡਾਕਟਰ ਸਾਧੂ ਰਾਮ : ਮੈਂ ਬੇਨਤੀ ਕਰਾਂਗਾ ਕਿ ਅਸੀਂ ਟਿਕਟਾਂ ਉਸ ਦਿਨ ਦਿਖਾਈਆਂ ਸਨ । ਮੈਂ ਹੁਣ ਵੀ ਦਿਖਾ ਸਕਦਾ ਹਾਂ । ਡੀ. ਈ. ਓ. ਅਤੇ ਅਸਿਸਟੈਂਟ ਡੀ. ਈ. ਓ. ਨੇ ਫਗਵਾੜੇ ਵਿੱਚ ਡਬਲ ਟਿਕਟਾਂ ਵੇਚ ਕੇ 25,000 ਰੁਪਇਆ ਕਮਾਇਆ ਜੋ ਕਿਤੇ ਜਮ੍ਹਾਂ ਨਹੀਂ ਕਰਵਾਇਆ । ਕੀ ਇਨ੍ਹਾਂ ਨੇ ਕਿਸੇ ਅਫ਼ਸਰ ਨੂੰ ਇਸ ਸਿਲਸਿਲੇ ਵਿੱਚ ਅਰੈਸਟ ਕੀਤਾ ?

ਮੰਤਰੀ : ਕੇਸ ਵਿਜੀਲੈਂਸ ਨੂੰ ਦੇ ਦਿੱਤਾ ਹੈ, ਅਗਰ ਸਾਬਤ ਹੋਇਆ ਤਾਂ ਜ਼ਰੂਰੀ ਕਾਰਵਾਈ ਕਰਾਂਗੇ ।

चौधरी बलबीर सिंह : क्या सरकार उस अफसर के खिलाफ कोई ऐक्शन लेगी ?

ਮੰਤਰੀ : ਮੈਂ ਪਹਿਲਾਂ ਹੀ ਜਵਾਬ ਦੇ ਦਿੱਤਾ ਹੈ । ਇਸ ਕੇਸ ਦੀ ਇਨਕੁਆਇਰੀ ਸ੍ਰੀ ਖਜ਼ਾਨ ਸਿੰਘ ਅਤੇ ਨਿਰੰਜਨ ਸਿੰਘ ਸਬ-ਇੰਸਪੈਕਟਰ ਕਰ ਰਹੇ ਹਨ ।

चौधरी बलबीर सिंह : विजीलैंस को किस तारीख को केस सौंपा गया और किस तारीख तक रिपोर्ट मांगी गई ?

ਮੰਤਰੀ : ਇਸ ਲਈ ਨੋਟਿਸ ਦਿਓ ।

ਸਾਥੀ ਰੂਪ ਲਾਲ : ਕੀ ਇਹ ਮੇਰੀ ਇਸ ਗੱਲ ਵਿੱਚ ਹਮਾਇਤ ਕਰਨਗੇ ਅਗਰ ਮੈਂ ਇਹ ਤਜਵੀਜ਼ ਦੇਵਾਂ......(ਵਿਘਨ) ਰੋਜ਼ ਇਨਕੁਆਇਰੀ ਦੀਆਂ ਗੱਲਾਂ ਆਉਂਦੀਆਂ ਹਨ (ਵਿਘਨ) ਤਜਵੀਜ਼ ਹੈ ਕਿ ਇਹ ਜੋ ਰੋਜ਼ ਇਨਕੁਆਇਰੀ ਦੀਆਂ ਗੱਲਾਂ ਉਠਦੀਆਂ ਹਨ ਤਾਂ ਕੀ ਇਹ ਇਕ ਇਨਕੁਆਇਰੀ ਅਫ਼ਸਰ ਲਗਾਉਣ ਲਈ ਤਿਆਰ ਹਨ ਅਤੇ ਉਸ ਕੰਮ ਤੇ ਸਰਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਲਗਾਇਆ ਜਾਵੇ ।

Mr. Speaker : It is not a supplementary.

COMPLAINT ABOUT COPYING IN JALALABAD CENTRE IN THE J.B.T. EXAMINATION HELD IN JUNE, 1968

***1537. Vaid Kartar Singh :** Will the Minister for Education be pleased to state—

(a) whether any complaint about copying in Jalalabad Centre in the J.B.T. examination held in June, 1968 was received in the office of the D.P.I.;

(b) whether it is a fact that the present Assistant Director, Examinations went to Jalalabad to hold an enquiry into the said complaint;

(c) whether as a result of the said enquiry the result of some examinees was withheld on the ground that they had used unfair means;

(d) whether in the case of examinees using unfair means a Committee recommends the action to be taken against them and final orders are issued by the D.P.I.;

(e) whether it is a fact that the cases referred to above were neither brought to the notice of the D.P.I. nor were referred to the Unfair Means Committee;

(f) the name and designation of the officer who decided the said cases and whether he was competent to do so; if so, under which rule; if not,the reasons for which he decided these cases in contravention of the rules and the action proposed to be taken by the Government in the matter ?

ਸਰਦਾਰ ਸੁਰਜੀਤ ਸਿੰਘ : (ੲ) ਹਾਂ ਜੀ ।

(ਬੀ) ਹਾਂ ਜੀ ।

(ਸੀ) ਸ਼ੱਕ ਦੇ ਨਿਪਟਾਰੇ ਲਈ ਛਾਣਬੀਣ ਦੇ ਦੌਰਾਨ ਸਾਰੇ ਜਲਾਲਾਬਾਦ ਸੈਂਟਰ ਦਾ ਨਤੀਜਾ ਰੋਕ ਲਿਆ ਗਿਆ ਸੀ, ਕਿਉਂਕਿ ਅਣ–ਉਚਿਤ ਸਾਧਨਾਂ ਦੀ ਵਰਤੋਂ ਸਬੰਧੀ ਕਈ ਸ਼ਿਕਾਇਤਾਂ ਸਨ ।

(ਡੀ) ਨਕਲ ਦੇ ਕੇਸਾਂ ਦੀ ਛਾਣ–ਬੀਣ ਲਈ ਕੋਈ ਕਮੇਟੀ ਨਹੀਂ ਬਣਾਈ ਹੋਈ । ਲੇਕਿਨ ਇਹੋ ਜਿਹੇ ਕੇਸਾਂ ਦੇ ਨਰੀਕਸ਼ਨ ਦਾ ਕੰਮ ਖਾਸ ਅਫ਼ਸਰਾਂ ਦੇ ਸਪੁਰਦ ਕੀਤਾ ਗਿਆ ਹੈ। ਅਖਰੀਲਾ ਹੁਕਮ ਡੀ. ਪੀ. ਆਈ. ਸਾਹਿਬ ਹੀ ਪਾਸ ਕਰਦੇ ਹਨ ।

(ਈ) ਨਹੀਂ ਜੀ ।

(F) (i) ਸ੍ਰੀ ਜੀ. ਐਲ. ਬਖਸ਼ੀ ਅਤੇ ਸ੍ਰੀਮਤੀ ਜੀ. ਪਰਮਪਾਲ ਸਿੰਘ, ਨਿਰਦੇਸ਼ਕ, ਸਿਖਿਆ ਵਿਭਾਗ ।

(ii) ਹਾਂ ਜੀ ।

(iii) ਪੈਰਾ 32, ਆਫ ਪੰਜਾਬ ਐਜੂਕੇਸ਼ਨ ਡੀਪਾਰਟਮੈਂਟਲ ਹੈਂਡ-ਬੁਕ ਆਫ ਇੰਸਟਰਕਸ਼ਨਜ਼ ਫਾਰ ਦੀ ਕੰਡਕਟ ਆਫ਼ ਦੀ ਡੀਪਾਰਟਮੈਂਟਲ ਐਗਜ਼ਾਮੀਨੇਸ਼ਨ ਦੇ ਅਧੀਨ ।

ਵੈਦ ਕਰਤਾਰ ਸਿੰਘ: ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਕੋਈ ਕਮੇਟੀ ਨਹੀਂ ਬਣਾਈ ਜਾਂਦੀ । ਮਹਿਕਮੇ ਦੇ ਪ੍ਰਬੰਧਕ ਅਫ਼ਸਰ ਅਤੇ ਅਸਿਸਟੈਂਟ ਡਾਇਰੈਕਟਰ ਦੀ ਸਲਾਹ ਨਾਲ ਸਾਰਾ ਕੰਮ ਹੁੰਦਾ ਹੈ । ਇਸ ਨੂੰ ਕਮੇਟੀ ਕਿਹਾ ਜਾਂਦਾ ਹੈ ਜਾਂ ਕੁਝ ਹੋਰ ।

ਮੰਤਰੀ : ਇਸ ਨੂੰ ਕਮੇਟੀ ਨਹੀਂ ਕਿਹਾ ਜਾਂਦਾ, ਜੁਦਾ ਜੁਦਾ ਅਫ਼ਸਰ ਕੰਮ ਕਰਦੇ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਅਸਿਸਟੈਂਟ ਡਾਇਰੈਕਟਰ ਐਗਜ਼ਾਮੀਨੇਸ਼ਨਜ਼ ਦੇ ਖਿਲਾਫ਼ ਬਹੁਤ ਹੀ ਸਵਾਲ ਅਤੇ ਸ਼ਿਕਾਇਤਾਂ ਆ ਰਹੀਆਂ ਹਨ ਤਾਂ ਕੀ ਸਰਕਾਰ ਦਾ ਇਨ੍ਹਾਂ ਨੂੰ ਬਦਲ ਕੇ ਹੋਰ ਅਫ਼ਸਰ ਲਾਉਣ ਦਾ ਵਿਚਾਰ ਹੈ ?

ਮੰਤਰੀ : ਫਿਲਹਾਲ ਐਸਾ ਕੋਈ ਵਿਚਾਰ ਨਹੀਂ ਹੈ ।

चौधरी बलबीर सिंह : क्या मन्त्री महोदय बतायेंगे कि इस केस में जो सुपरडैंट या सुपरवाईज़र थे उनके खिलाफ क्या ऐक्शन लिया गया है ?

ਮੰਤਰੀ : ਐਕਸ਼ਨ ਜ਼ੇਰੇ ਗ਼ੌਰ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਵਿਦਿਆ ਮੰਤਰੀ ਦੱਸਣਗੇ ਕਿ ਬੋਰਡ ਵਲੋਂ ਜਾਂ ਡੀ. ਪੀ. ਆਈ. ਵਲੋਂ ਇਹ ਨਵਾਂ ਸੁਝਾਵ ਦਿੱਤਾ ਗਿਆ ਹੈ ਕਿ ਚਾਰ ਜਾਂ 5 ਸੈਂਟਰਾਂ ਨੂੰ ਇਕ ਸੁਪਰਵਾਈਜ਼ਰ ਹੇਠ ਕਰ ਦਿੱਤਾ ਜਾਵੇ ਤਾਂ ਕਿ ਨਕਲ ਨੂੰ ਰੋਕਿਆ ਜਾ ਸਕੇ ?

ਮੰਤਰੀ : ਇਸ ਤਰ੍ਹਾਂ ਦੀ ਕੋਈ ਗੱਲ ਨਹੀਂ । ਨਕਲ ਨੂੰ ਰੋਕਣ ਲਈ ਹੋਰ ਸਟੈਪਸ ਲਏ ਗਏ ਹਨ ।

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੇ ਕੇਸਾਂ ਨੂੰ ਮਿਸਜ਼ ਜੀ. ਪਰਮਪਾਲ ਸਿੰਘ ਨੇ ਵੇਖਿਆ ਹੈ ਪਰ ਉਸ ਵੇਲੇ ਤਾਂ ਸ੍ਰੀ ਪੀ. ਐਲ. ਸੋਂਧੀ ਡੀ. ਪੀ. ਆਈ. ਸਨ, ਇਹ ਤਾਂ ਡੀ. ਪੀ. ਆਈ. ਬਣੇ ਹੀ ਨਹੀਂ ਸਨ ਤਾਂ ਉਨ੍ਹਾਂ ਕੇਸ ਨੂੰ ਐਗਜ਼ਾਮਿਨ ਕਿਸ ਤਰ੍ਹਾਂ ਕਰ ਲਿਆ ?

ਮੰਤਰੀ : ਮੈਂ ਇਹ ਕਿਹਾ ਸੀ ਕਿ ਤਿੰਨ ਕੇਸਾਂ ਦਾ ਫੈਸਲਾ ਪਹਿਲਾਂ ਹੋ ਗਿਆ ਸੀ ਇਕ ਕੇਸ ਦਾ ਫ਼ੈਸਲਾ ਮਿਸਜ਼ ਜੀ. ਪਰਮਪਾਲ ਸਿੰਘ ਨੇ ਕੀਤਾ ਹੈ ।

चौधरी बलबीर सिंह : इन्होंने कहा है कि मामला ज़ेरे गौर है और यह 1968 जून से चला आ रहा है इसके फ़ैसले में और कितने साल लगेंगे ।

ਮੰਤਰੀ : ਇਸ ਦਾ ਫੈਸਲਾ ਜਲਦੀ ਹੀ ਹੋ ਜਾਵੇਗਾ ।

PUNISHMENT AWARDED TO EXAMINEES FOUND COPYING IN J.B.T EXAMINATION HELD IN JUNE, 1968

***1538. Vaid Kartar Singh** : Will the Minister for Education be pleased to state—

(a) whether it is a fact that for the purpose of awarding punishment, the examinees using unfair means are divided into two categories, viz.—

(i) those who are found guilty of copying; and
(ii) those who try to indulge in copying;

(b) the punishment awarded to both the categories referred to in para (a) above separately;

(c) whether it is a fact that during the J.B.T. examination held in June, 1968 raids were conducted at Kurali and Anandpur Sahib Centres under the guidance of the present Assistant Director (Examinations); if so, the number of examinees found copying at both these centres by the members of the raidin party;

(d) the action taken against the examinees referred to in part (c) above in the light of reply to part (b) above ?

ਸਰਦਾਰ ਸੁਰਜੀਤ ਸਿੰਘ : (ਏ) ਹਾਂ ਜੀ ।

(ਬੀ) (1) ਸਪਸ਼ਟ ਨਕਲ ਦੇ ਕੇਸਾਂ ਵਿੱਚ ਵਿਦਿਆਰਥੀ ਨੂੰ ਫੇਲ੍ਹ ਕਰਕੇ ਚਾਰ ਅਗਲੇਰੀਆਂ ਪਰੀਖਿਆਵਾਂ ਵਿੱਚ ਬੈਠਣ ਤੋਂ ਵਰਜਿਤ ਕਰ ਦਿੱਤਾ ਜਾਂਦਾ ਹੈ ਅਤੇ (2) ਜਿਨ੍ਹਾਂ ਕੇਸਾਂ ਵਿੱਚ ਸਿਰਫ ਨਕਲ ਦੀ ਕੋਸ਼ਿਸ਼ ਕੀਤੀ ਗਈ ਹੋਵੇ ਵਿਦਿਆਰਥੀ ਨੂੰ ਫੇਲ੍ਹ ਕਰਕੇ ਦੋ ਅਗੋਂ ਹੋਣ ਵਾਲੀਆਂ ਪਰੀਖਿਆਵਾਂ ਤੋਂ ਵਰਜਿਤ ਕੀਤਾ ਜਾਂਦਾ ਹੈ ।

(ਸੀ) (1) ਹਾਂ ਜੀ । ਅਚਨਚੇਤ ਚੈਕਿੰਗ ਕੀਤੀ ਗਈ ਸੀ ।

(2) 263, ਨਕਲ ਸਮੱਗਰੀ ਹਰ ਪਰੀਖਿਆਰਥੀ ਤੋਂ ਮਿਲੀ ।

(ਡੀ) ਸਾਰੇ ਪਰੀਖਿਆਰਥੀਆਂ ਦੀ ਮੁੜ ਪਰੀਖਿਆ ਲਈ ਗਈ ।

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਤਨੇ ਵੀ ਸਵਾਲ ਹਨ ਇਨ੍ਹਾਂ ਦਾ ਜਵਾਬ ਜਿਹੜਾ ਮਹਿਕਮੇ ਵਲੋਂ ਦਿੱਤਾ ਜਾਂਦਾ ਹੈ ਉਹ ਗੋਲ ਮੋਲ ਦਿੱਤਾ ਜਾਂਦਾ ਹੈ ਸਪਸ਼ਟ ਨਹੀਂ ਦਿੱਤਾ ਜਾਂਦਾ ?

ਮੰਤਰੀ : ਅਜਿਹੀ ਤਾਂ ਕੋਈ ਗੱਲ ਨਹੀਂ, ਜਵਾਬ ਸਪਸ਼ਟ ਦਿੱਤੇ ਜਾਂਦੇ ਹਨ ।

ਸ੍ਰੀ ਸਪੀਕਰ : ਇਸ ਵਿੱਚ ਤਾਂ ਫਿਗਰਜ਼ ਵੀ ਦਿੱਤੀਆਂ ਹੋਈਆਂ ਹਨ । (In this case even the figures have been given.)

APPOINTMENT OF WIFE OF ASSISTANT DIRECTOR, EDUCATION AS EXAMINER

*1539. **Vaid Kartar Singh** : Will the Minister for Education be pleased to state the number of times and the names of examinations for which the wife of the present Assistant Director, Education was appointed Examiner in connection with the departmental examinations held from 1966 to 1969 ?

ਸਰਦਾਰ ਸੁਰਜੀਤ ਸਿੰਘ : ਵਰਤਮਾਨ ਸਹਾਇਕ ਡਾਇਰੈਕਟਰ (ਪਰੀਖਿਆਵਾਂ) ਦੀ ਪਤਨੀ ਪੰਜਾਬ ਪਰੀਖਿਆਵਾਂ ਦੇ ਰੈਗੂਲਰ ਪਰੀਖਿਅਕ ਇਸ ਪਰਕਾਰ ਨਿਯੁਕਤ ਹੋਏ:—

1966 ਮਿਡਲ (ਵਾਰਸ਼ਿਕ) ਕੋਈ ਨਹੀਂ ।
ਮਿਡਲ (ਸੰਪੂਰਕ) ਕੋਈ ਨਹੀਂ ।
ਜੇ. ਬੀ. ਟੀ. (ਵਾਰਸ਼ਿਕ) ਪਹਿਲੀ ਵਾਰੀ ।
ਜੇ. ਬੀ. ਟੀ. (ਸੰਪੂਰਕ) ਕੋਈ ਨਹੀਂ ।

1967 ਮਿਡਲ (ਵਾਰਸ਼ਿਕ) ਕੋਈ ਨਹੀਂ । ਕੇਵਲ ਯੂਨੀਅਨ ਟੈਰੇਟਰੀ, ਚੰਡੀਗੜ੍ਹ ਦੇ ਪਰੀਖਿਆ ਦੇ ਕੁਝ ਪਰਚੇ ਵੇਖਣ ਲਈ ਦਿੱਤੇ ਗਏ ।
ਮਿਡਲ (ਸੰਪੂਰਕ) ਕੋਈ ਨਹੀਂ ।
ਜੇ. ਬੀ. ਟੀ. (ਵਾਰਸ਼ਿਕ) ਕੋਈ ਨਹੀਂ ।
ਜੇ.ਬੀ.ਟੀ. (ਸੰਪੂਰਕ) ਕੋਈ ਨਹੀਂ ।

[ਵਿਦਿਆ ਮੰਤਰੀ]

1968 ਮਿਡਲ (ਵਾਰਸ਼ਿਕ) ਕੋਈ ਨਹੀਂ ।
ਮਿਡਲ (ਸੰਪੂਰਕ) ਕੋਈ ਨਹੀਂ ।
ਜੇ. ਬੀ. ਟੀ. (ਵਾਰਸ਼ਿਕ) ਕੋਈ ਨਹੀਂ:—ਦੋ ਕੇਂਦਰਾਂ ਦੀ ਮੁੜ ਪਰੀਖਿਆ ਵਿੱਚ ਇਕ ਵਿਸ਼ੇ ਲਈ ਐਮਰਜੈਂਸੀ ਵਿੱਚ ਲਏ ਗਏ ।
ਜੇ. ਬੀ. ਟੀ. (ਸੰਪੂਰਕ) ਕੋਈ ਨਹੀਂ ।

1969 ਮਿਡਲ (ਵਾਰਸ਼ਿਕ) ਕੋਈ ਨਹੀਂ ।
ਮਿਡਲ (ਸੰਪੂਰਕ) ਕੋਈ ਨਹੀਂ ।
ਜੇ. ਬੀ. ਟੀ. (ਵਾਰਸ਼ਿਕ) ਪਹਿਲੀ ਵਾਰੀ ।
ਜੇ. ਬੀ. ਟੀ. (ਸੰਪੂਰਕ) ਇਕ ਵਿਸ਼ੇ ਵਿੱਚ ਦੂਜੀ ਵਾਰੀ।

ਕਾਮਰੇਡ ਸਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਐਜੂਕੇਸ਼ਨ ਬੋਰਡ ਨੇ ਇਹ ਫੈਸਲਾ ਕੀਤਾ ਹੈ ਕਿ ਜਿਹੜੇ ਟੀਚਰ ਉਨ੍ਹਾਂ ਸਕੂਲਾਂ ਤੋਂ ਰੀਟਾਇਰ ਹੋਏ ਹਨ ਜਿਹੜੇ ਕਿ ਮੌਜੂਦਾ ਪੰਜਾਬ ਵਿਚ ਨਹੀਂ ਉਨ੍ਹਾਂ ਨੂੰ ਐਗਜ਼ਾਮੀਨਰ ਜਾਂ ਸਬ-ਐਗਜ਼ਾਮੀਨਰ ਨਾ ਲਗਾਇਆ ਜਾਵੇ ?

ਮੰਤਰੀ : ਇਸ ਗੱਲ ਲਈ ਨੋਟਿਸ ਦਿਓ ਪਤਾ ਕਰ ਦਿਆਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜੇਕਰ ਕੋਈ ਏ. ਡੀ. ਈ. ਆਪਣੀ ਪਤਨੀ ਨੂੰ ਹਰ ਵਾਰ ਐਗਜ਼ਾਮੀਨਰ ਲਗਾ ਦੇਵੇ ਅਤੇ ਉਸ ਨਾਲ ਰਿਆਇਤ ਕਰੇ ਤਾਂ ਕੀ ਉਹ ਆਪ ਮਹਿਕਮੇ ਵਿੱਚ ਲਗਾ ਰਹਿ ਸਕਦਾ ਹੈ ?

ਮੰਤਰੀ : ਇਸ ਕੇਸ ਵਿੱਚ ਉਨ੍ਹਾਂ ਆਪਣੀ ਪਤਨੀ ਨੂੰ ਖੁਦ ਨਹੀਂ ਲਗਾਇਆ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਡਿਪਾਰਟਮੈਂਟਲ ਇਮ-ਤਿਹਾਨਾਂ ਲਈ ਐਗਜ਼ਾਮੀਨਰਾਂ ਦੀ ਨਿਯੁਕਤੀਆਂ ਕੌਣ ਕਰਦਾ ਹੈ ?

ਮੰਤਰੀ : ਚੇਅਰਮੈਨ ਬੋਰਡ ਵੀ ਕਰਦਾ ਹੈ ਅਤੇ ਡੀ. ਪੀ. ਆਈ. ਵੀ ਕਰਦਾ ਹੈ ।

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਤੁਸੀਂ ਕਿਹਾ ਹੈ ਕਿ ਨਿਯੁਕਤੀਆਂ ਇਹ ਅਸਿਸਟੈਂਟ ਡਾਇਰੈਕਟਰ ਆਪ ਨਹੀਂ ਕਰਦੇ ਤਾਂ ਕਿਸ ਦੀਆਂ ਸਿਫਾਰਸ਼ਾਂ ਨਾਲ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ ?

ਮੰਤਰੀ : ਇਹ ਕੇਸ ਤਾਂ ਇਸ ਅਸਿਸਟੈਂਟ ਡਾਇਰਕਟਰ ਤੋਂ ਪਹਿਲਾਂ ਦਾ ਹੈ ।

ਸਰਦਾਰ ਉਮਰਾਉ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਜਿਹੜੀ ਏ. ਡੀ. ਈ. ਦੀ ਧਰਮਪਤਨੀ ਐਗਜ਼ਾਮੀਨਰ ਲਗਾਈ ਗਈ ਹੈ ਇਹ ਐਗਜ਼ਾਮੀਨਰ ਦੀਆਂ ਕੁਆਲੀਫਿਕੇਸ਼ਨਾਂ ਫੁਲਫਿਲ ਕਰਦੀ ਹੈ ?

ਮੰਤਰੀ : ਜੀ ਹਾਂ ।

HIGH/HIGHER SECONDARY SCHOOLS IN AMRITSAR DISTRICT TAKEN OVER BY THE GOVERNMENT IN 1966

*1607. **Sardar Kirpal Singh :** Will the Minister for Education be pleased to state—

(a) whether it is a fact that the Government had taken over some privately-managed High and Higher Secondary Schools in Amritsar District in 1966; if so, a list thereof showing the date of taking over in each case be laid on the Table of the House;

(b) whether it is a fact that the Government had given an assurance to the teachers of the schools referred to above that they would be taken in Government service; if so, the extent to which this assurance has been implemented;

(c) whether it is also a fact that since the taking over of such schools the teachers of the said schools have so far been in Government service only on temporary basis; if so, the reason for which their services have not been regularised so far;

(d) whether the teachers of the said schools have since 1966 made several representations to Government for the regularisation and absorption in permanent Government service; if so, the action so far taken thereon ?

ਸਰਦਾਰ ਸੁਰਜੀਤ ਸਿੰਘ: (ੲ) ਹਾਂ ਜੀ। ਇਨ੍ਹਾਂ ਸਕੂਲਾਂ ਦੀ ਲਿਸਟ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਨਹੀਂ ਜੀ ।

(ਸੀ) ਹਾਂ ਜੀ। ਸਰਕਾਰੀ ਅਧਿਕਾਰ ਅਧੀਨ ਕੀਤੇ ਗਏ ਸਕੂਲਾਂ ਦੇ ਟੀਚਰਾਂ ਨੂੰ ਛੇ ਮਹੀਨੇ ਦੇ ਅਧਾਰ ਤੇ ਨਿਯੁਕਤੀਆਂ ਦਿੱਤੀਆਂ ਜਾਂਦੀਆਂ ਹਨ, ਜਦ ਤਕ ਇਨ੍ਹਾਂ ਦੀ ਕੈਂਡੀਡੇਚਰ, ਲੋਕ ਸੇਵਾ ਕਮਿਸ਼ਨ/ਬੋਰਡ ਜਾਂ ਵਿਭਾਗੀ ਕਮੇਟੀਆਂ ਤੋਂ ਪ੍ਰਵਾਨ ਨਹੀਂ ਹੁੰਦੀ । ਮੁੱਖ ਅਧਿਆਪਕਾਂ ਦਾ ਕੇਸ ਲੋਕ ਸੇਵਾ ਕਮਿਸ਼ਨ ਨੂੰ ਪ੍ਰਵਾਨਗੀ ਲਈ ਭੇਜਿਆ ਜਾ ਚੁਕਾ ਹੈ ਅਤੇ ਅਧਿਆਪਕਾਂ ਦਾ ਕੇਸ ਵਿਭਾਗੀ ਚੋਣ ਕਮੇਟੀ ਨੂੰ ਭੇਜਿਆ ਜਾ ਰਿਹਾ ਹੈ ।

(ਡੀ) ਹਾਂ ਜੀ। ਇਨ੍ਹਾਂ ਸਕੂਲਾਂ ਦੇ ਮੁੱਖ ਅਧਿਆਪਕਾਂ ਦਾ ਕੇਸ ਲੋਕ ਸੇਵਾ ਕਮਿਸ਼ਨ ਨੂੰ ਪ੍ਰਵਾਨਗੀ ਲਈ ਭੇਜਿਆ ਜਾ ਚੁੱਕਾ ਹੈ ਅਤੇ ਬਾਕੀ ਅਧਿਆਪਕਾਂ ਦਾ ਕੇਸ ਵਿਭਾਗੀ ਕਮੇਟੀ ਨੂੰ ਪ੍ਰਵਾਨਗੀ ਲਈ ਭੇਜਿਆ ਜਾ ਰਿਹਾ ਹੈ ।

[ਸਿਖਿਆ ਮੰਤਰੀ]

1966 ਵਿੱਚ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸਰਕਾਰੀ ਅਧਿਕਾਰ ਅਧੀਨ ਲਏ ਗਏ ਪਰਾਈਵੇਟ ਸਕੂਲਾਂ ਦੀ ਸੂਚੀ ।

ਲੜੀ ਨੰ:	ਸਕੂਲ ਦਾ ਨਾਉਂ	ਜਿਸ ਮਿਤੀ ਤੋਂ ਸਰਕਾਰੀ ਅਧਿਕਾਰ ਅਧੀਨ ਕੀਤਾ ਗਿਆ
1	2	3
1.	ਜੰਤਾ ਹਾਈ ਸਕੂਲ, ਖਿਲਚੀਆਂ	23–8–1966
2.	ਨੈਸ਼ਨਲ ਹਾਈ ਸਕੂਲ, ਭਿਖੀਵਿੰਡ	25–10–1966
3.	ਐਸ. ਆਈ. ਐਸ. ਹਾਇਰ ਸੈਕੰਡਰੀ ਸਕੂਲ, ਵੇਰਕਾ	7–10–1966
4.	ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਇਰ ਸੈਕੰਡਰੀ ਸਕੂਲ, ਵਲਟੋਹਾ	2–9–1966
5.	ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ, ਤਰਸਿਕਾ	20–10–1966
6.	ਗੁਰੂ ਨਾਨਕ ਖਾਲਸਾ ਹਾਈ ਸਕੂਲ, ਡੇਰਾ ਸਾਹਿਬ	9–10–1966

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਹ ਸਕੂਲ ਕਿਸ ਤਾਰੀਖ ਨੂੰ ਗੌਰਮੈਂਟ ਨੇ ਸੰਭਾਲੇ ਅਤੇ ਕਿਸ ਤਾਰੀਖ ਨੂੰ ਮੁੱਖ ਅਧਿਆਪਕਾਂ ਦੇ ਕੇਡਰ ਦੇ ਬਾਰੇ ਕੇਸ ਲੋਕ ਸੇਵਾ ਕਮਿਸ਼ਨ ਨੂੰ ਭੇਜਿਆ ਗਿਆ ਅਤੇ ਇਸ ਦੇਰ ਦੇ ਕੀ ਕਾਰਣ ਹਨ ?

ਮੰਤਰੀ : ਇਹ ਸਕੂਲ ਸੰਨ 1966 ਵਿੱਚ ਗੌਰਮੈਂਟ ਨੇ ਸੰਭਾਲੇ ਸਨ ਅਤੇ ਹਰ ਕੇਸ ਵਿੱਚ ਪਰਟੀ–ਕੂਲਰ ਰੀਕਾਰਡ ਲਿਆਉਣਾ ਪੈਂਦਾ ਹੈ ਅਤੇ ਸਾਰਾ ਕੇਸ ਤਿਆਰ ਕਰਕੇ ਲੋਕ ਸੇਵਾ ਕਮਿਸ਼ਨ ਪਾਸ ਭੇਜਿਆ ਜਾਂਦਾ ਹੈ, ਇਸ ਲਈ ਦੇਰ ਲਗ ਜਾਂਦੀ ਹੈ ।

ਵੈਦ ਕਰਤਾਰ ਸਿੰਘ : ਕੀ ਇਹ ਜਿਹੜੇ ਮੁੱਖ ਅਧਿਆਪਕ ਅਤੇ ਅਧਿਆਪਕ ਇਨ੍ਹਾਂ ਸਕੂਲਾਂ ਦੇ ਹਨ, ਇਨ੍ਹਾਂ ਨੂੰ ਸਰਕਾਰੀ ਨੌਕਰੀ ਵਿੱਚ ਪਰੈਫਰੈਂਸ ਦਿੱਤੀ ਜਾਵੇਗੀ ਅਤੇ ਸਰਵਿਸ ਦੇ ਬਾਕੀ ਸਾਰੇ ਬੈਨੀਫਿਟ ਦਿੱਤੇ ਜਾਣਗੇ ? ਪਰਮਾਨੈਂਟ ਹੋਣ ਵਿੱਚ ਪਹਿਲ ਦਿੱਤੀ ਜਾਵੇਗੀ ਅਤੇ ਕਦ ਤਕ ਇਹ ਕੰਮ ਮੁੱਕ ਜਾਵੇਗਾ ?

ਮੰਤਰੀ : ਇਸ ਦੇ ਬਾਰੇ ਵਿੱਚ ਮੈਂ ਪਹਿਲਾਂ ਹੀ ਜਵਾਬ ਦਿਤਾ ਹੈ ਕਿ ਕੇਸ ਪਬਲਿਕ ਸਰਵਿਸ ਕਮਿਸ਼ਨ ਨੂੰ ਰੈਫਰ ਕੀਤਾ ਗਿਆ ਹੈ ਅਤੇ ਛੇਤੀ ਹੀ ਫੈਸਲਾ ਹੋਣ ਦੀ ਆਸ ਹੈ ।

MIDDLE STANDARD SCHOLARSHIPS GRANTED TO THE STUDENTS ON THE BASIS OF MERIT

*1609. **Sardar Kirpal Singh** : Will the Minister for Education be pleased to state—

(a) whether it is a fact that Middle Standard Scholarships are granted to the students on the basis of merit;

(b) whether it is also a fact that before making payment of the said scholarships the annual income of the parents of the students is verified and they are made to submit affidavits in this regard and where the annual income of the parents exceeds Rs. 1,000/- the payment of scholarship is not made to the students; if so, the reasons therefor;

(c) whether the annual income of the parents is kept in view at the time of making payment of scholarships granted to the students on the basis of merit in the University Examination;

(d) if the reply to part (b) above be in the affirmative and to part (c) be in the negative, the reasons for this disparity and the rules followed in this regard;

(e) the number of students who after passing the Middle Standard Examination were admitted in the Government High School Kacha Pucca, Tehsil Patti, district Amritsar from 1st April, 1967 to 15th June, 1969, with their list yearwise be laid on the Table of the House;

(f) the dates on which scholarships pertaining to the years 1967-68, 1968-69 and 1969-70 were paid to the students referred to in part (e) above;

(g) whether it is a fact that the scholarships are not paid to the said students regularly every month but are paid for several months at a time; if so, the reasons therefor ?

ਸਰਦਾਰ ਸੁਰਜੀਤ ਸਿੰਘ : (ਏ) ਜੀ ਹਾਂ ।

(ਬੀ) ਜੀ ਹਾਂ । ਪਰੰਤੂ ਆਮਦਨ ਦੀ ਹੱਦ 1,000 ਰੁਪਏ ਸਾਲਾਨਾ ਨਹੀਂ ਹੈ । ਗਰੀਬ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਆਮਦਨ ਦੀ ਹੱਦ 3,600 ਰੁਪਏ ਤਕ ਸਾਲਾਨਾ ਹੈ ਅਤੇ ਦੂਜਿਆਂ ਲਈ 5,000 ਰੁਪਏ ਸਾਲਾਨਾ ਤੋਂ ਘੱਟ ਹੈ ।

(ਸੀ) ਜੀ ਹਾਂ ।

(ਡੀ) ਸਵਾਲ ਪੈਦਾ ਨਹੀਂ ਹੁੰਦਾ ।

(ਈ)

1-4-1967 ਤੋਂ 31-3-1968 ਤਕ	47
1-4-1968 ਤੋਂ 31-3-1969 ਤਕ	46
1-4-1969 ਤੋਂ 15-6-1969 ਤਕ	111
ਕੁੱਲ	204

ਲੋੜੀਂਦੀ ਵਿਦਿਆਰਥੀਆਂ ਦੀਆਂ ਲਿਸਟਾਂ ਏਨੀਆਂ ਲਾਭਦਾਇਕ ਨਹੀਂ ਹੋਣਗੀਆਂ, ਜਿਨਾਂ ਸਮਾਂ ਤੇ ਮਿਹਨਤ ਇਨ੍ਹਾਂ ਨੂੰ ਤਿਆਰ ਕਰਨ ਵਿੱਚ ਲਗੇਗਾ ।

[ਸਿਖਿਆ ਮੰਤਰੀ]

(ਐਫ ਅਤੇ ਜੀ): ਉਪਰੋਕਤ ਵਿਦਿਆਰਥੀਆਂ ਵਿੱਚੋਂ ਕਿਸੇ ਵੀ ਵਜ਼ੀਫਾ ਪ੍ਰਾਪਤ (win) ਨਹੀਂ ਕੀਤਾ। ਇਸ ਲਈ ਵਜ਼ੀਫਾ ਦੇਣ ਦਾ ਸਵਾਲ ਪੈਦਾ ਨਹੀਂ ਹੁੰਦਾ।

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਮਿਡਲ ਸਟੈਂਡਰਡ ਦੇ ਵਜ਼ੀਫੇ ਦੇਣ ਲਗਿਆਂ ਆਮਦਨ ਦਾ ਗੋਸ਼ਵਾਰਾ ਮੰਗਿਆ ਜਾਂਦਾ ਹੈ ਪਰ ਹਾਇਰ ਸੈਕੰਡਰੀ ਕਲਾਸਾਂ ਦੇ ਵਜ਼ੀਫੇ ਦੇਣ ਵੇਲੇ ਇਹ ਨਹੀਂ ਮੰਗਿਆ ਜਾਂਦਾ, ਇਸ ਦੇ ਕੀ ਕਾਰਨ ਹਨ, ਅਤੇ ਇਹ ਡਿਸਕ੍ਰਿਮੀਨੇਸ਼ਨ ਕਿਉਂ ਹੈ ?

ਮੰਤਰੀ : ਵਜ਼ੀਫੇ ਤਾਂ ਮੈਰਿਟ ਨਾਲ ਆਉਂਦੇ ਹਨ ਅਤੇ ਆਮਦਨ ਵੀ ਦੇਖੀ ਜਾਂਦੀ ਹੈ।

चौधरी बलबीर सिंह : क्या मंत्री महोदय बताएँगे कि जो लड़के मेरिट पर आ जाते हैं तो उन को स्कालरशिप देने में आमदन को भी देखा जाता है?

ਮੰਤਰੀ : ਵੱਖ ਵੱਖ ਕਰਾਈਟੇਰੀਆ ਮੁਕੱਰਰ ਕੀਤਾ ਹੋਇਆ ਹੈ। ਬਰਿਲੀਐਂਟ ਬੁਆਏਜ਼ ਲਈ ਅਤੇ ਬਾਕੀਆਂ ਲਈ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਨ੍ਹਾਂ ਨੇ ਪਾਰਟ 'ਬੀ' ਅਤੇ 'ਸੀ' ਵਿੱਚ ਜੋ ਜਵਾਬ ਦਿੱਤਾ ਹੈ ਇਸ ਵਿੱਚ ਮਿਡਲ ਸਕੂਲਾਂ ਅਤੇ ਹਾਇਰ ਸਕੰਡਰੀ ਸਕੂਲਾਂ ਤੇ ਇਕੋ ਜਿਹੀਆਂ ਸ਼ਰਤਾਂ ਲਾਗੂ ਨਹੀਂ ਹੁੰਦੀਆਂ; ਇਸ ਡਿਸਪੈਰੇਟੀ ਦੀ ਕੀ ਵਜ੍ਹਾ ਹੈ ?

ਮੰਤਰੀ : ਡਿਸਪੈਰਿਟੀ ਕੋਈ ਨਹੀਂ ਹੈ ਜੀ।

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਹਾਇਰ ਸੈਕਡਰੀ ਸਕੂਲਾਂ ਵਿੱਚ ਵਜ਼ੀਫੇ ਦੇਣ ਲਈ ਆਮਦਨ ਦਾ ਗੋਸ਼ਵਾਰਾ ਨਹੀਂ ਲਿਆ ਜਾਂਦਾ ਅਤੇ ਮਿਡਲ ਸਟੈਂਡਰਡ ਵਾਲਿਆਂ ਪਾਸੋਂ ਲਿਆ ਜਾਂਦਾ ਹੈ ਅਤੇ ਇਸ ਦੇ ਕੀ ਕਾਰਣ ਹਨ ?

ਮੰਤਰੀ : ਇਹ ਸਾਰਿਆਂ ਪਾਸੋਂ ਲਿਆ ਜਾਂਦਾ ਹੈ ਜਿਨ੍ਹਾਂ ਨੂੰ ਵਜ਼ੀਫਾ ਦਿੱਤਾ ਜਾਂਦਾ ਹੈ।

Mr. Speaker : Question hour is over. The remaining questions on the order paper will be deemed to have been answered under Rule 45 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE UNDER RULE 45

STARRED QUESTION No. 1682*

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 1682, ਜੋ ਮਿਤੀ 19 ਮਾਰਚ, 1970 ਲਈ ਸਵਾਲਾਂ ਦੀ ਸੂਚੀ ਵਿੱਚ ਸ੍ਰੀ ਬਾਲ ਮੁਕੰਦ ਸ਼ਰਮਾ ਅਤੇ ਚੌਧਰੀ ਸਤਿਆ ਦੇਵ, ਐਮ. ਐਲ. ਏਜ਼. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ। ਕਿਉਂਕਿ ਇਸ ਲਈ ਨੋਟਸ ਦਾ ਘਟ ਸਮਾਂ ਮਿਲਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਨੂੰ ਮਿਤੀ 30 ਮਾਰਚ, 1970 ਤੋਂ ਪਿੱਛੋਂ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸਪਾਤਰ
ਸਹੀ/-
(ਮਨਮੋਹਨ ਕਾਲੀਆ)

ਸ. ਦਰਬਾਰਾ ਸਿੰਘ, ਸਪੀਕਰ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ

---

*Note : For Starred Question No. 1682 and reply thereto, please see Appendix to this Debate.

STARRED QUESTION No. 1630*

Mr. Speaker : Extension has been asked for in respect of Starred Question No. 1630.

CONVEYANCE FACILITY TO SHAMSHAN BHUMI DURGIANA TO POST-MORTEM HOUSE, AMRITSAR

*1083. **Shri Gian Chand Kharbanda :** Will the Minister of State for Industries and Health be pleased to state—

(a) the distance from Shamshan Bhumi Durgiana to Post-Mortem House, Amritsar;

(b) whether there is any conveyance facility provided by the Health Department to the relatives of the deceased to carry the corpse to Shamshan Bhumi on payment basis;

(c) the time generally taken to return the dead body to their relatives, after it is sent to the Post-Mortem House for Post Mortem by the competent authority;

(d) whether any seating arrangements exist for the public who go there to receive the corpse after Post-Mortem ?

ਸਰਦਾਰ ਰਵੇਲ ਸਿੰਘ : (ੲ) ਲਗ ਭਗ $1\frac{1}{2}$ ਮੀਲ ।

(ਬੀ) ਨਹੀਂ ਜੀ ।

(ਸੀ) ਪੋਸਟ-ਮਾਰਟਮ ਹੋਣ ਉਪਰੰਤ ਲਾਸ਼ ਪੰਜਾਂ ਮਿੰਟਾਂ ਵਿੱਚ ਪੁਲੀਸ ਦੇ ਸਪੁਰਦ ਕਰ ਦਿੱਤੀ ਜਾਂਦੀ ਹੈ ਜੀ ।

(ਡੀ) ਪੋਸਟ–ਮਾਰਟਮ ਹਾਊਸ ਦੇ ਨੇੜੇ ਇਕ ਬਰਾਂਡਾ ਬਣਿਆ ਹੋਇਆ ਹੈ, ਜਿੱਥੇ ਆਮ ਤੌਰ ਤੇ ਮਰਨ ਵਾਲੇ ਦੇ ਸਬੰਧੀ ਆਦਿ ਬੈਠਦੇ ਹਨ ।

RECONSTRUCTION OF COLLAPSED ROOMS OF THE DISPENSARY AT VILLAGE LOHAT BADDI, DISTRICT SANGRUR

*1437. **Giani Kundan Singh Patang :** Will the Minister of State for Industries and Health be pleased to state whether the Government propose to reconstruct the rooms of dispensary at village Lohat Baddi, district Sangrur, which have collapsed and there is no place even for storing the medicines; if so, when ?

ਸਰਦਾਰ ਰਵੇਲ ਸਿੰਘ : ਮਾਮਲੇ ਤੇ ਵਿਚਾਰ ਕੀਤਾ ਜਾ ਰਿਹਾ ਹੈ ।

DIRECTOR, HEALTH SERVICES, PUNJAB

*1573. **Doctor Sadhu Ram :** Will the Minister of State for Industries and Health be pleased to state—

(a) whether according to the past practice Directors, Health Services are appointed only from amongst the Principals

*Starred Question No, 1630 and reply thereto appear in the Punjab Vidhbnha Debate dated 30-3-70.

[Doctor Sadhu Ram]

of the Medical Colleges and not from the District Chief Medical Officers directly;

(b) if the reply to part (a) above be in the affirmative; the reasons why the present Director, Health Services, Punjab has been appointed as such when he has not served as Principal of any Medical College in the State ?

Sardar Ravel Singh : (a) No. For appointment to the post of Director, Health Services the names of the senior most doctors on the general side and on the teaching side are considered.

(b) Question does not arise.

(ਏ) ਨਹੀਂ ਜੀ । ਡਾਇਰੈਕਟਰ ਸਿਹਤ ਵਿਭਾਗ ਦੀ ਆਸਾਮੀ ਤੇ ਨਿਯੁਕਤੀ ਲਈ ਜਨਰਲ ਸਾਈਡ ਅਤੇ ਟੀਚਿੰਗ ਸਾਈਡ ਦੇ ਸੀਨੀਅਰ ਮੋਸਟ ਡਾਕਟਰਾਂ ਦੇ ਨਾਵਾਂ ਤੇ ਵਿਚਾਰ ਕੀਤੀ ਜਾਂਦੀ ਹੈ ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ ।]

STARRED QUESTION No. 1701

ਨੰ: 2702–4ਸਿਹਤ (2)70।
ਰਾਜ ਮੰਤਰੀ ਉਦਯੋਗ ਅਤੇ ਸਿਹਤ,
ਮਿਤੀ 18 ਮਾਰਚ, 1970

ਵਿਸ਼ਾ : ਵਿਧਾਨ ਸਭਾ ਸਟਾਰਡ ਸਵਾਲ ਨੰ: 1701

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 1701, ਜੋ ਮਿਤੀ 19 ਮਾਰਚ, 1970 ਲਈ ਸਵਾਲਾਂ ਦੀ ਸੂਚੀ ਵਿੱਚ ਸਰਦਾਰ ਸੰਤੋਖ ਸਿੰਘ ਰੰਧਾਵਾ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਉਤਰ ਅਜੇ ਤਿਆਰ ਨਹੀਂ ਹੋ ਸਕਿਆ, ਕਿਉਂਕਿ ਇਸ ਸਬੰਧ ਵਿੱਚ ਲੋੜੀਂਦੀ ਸੂਚਨਾ ਮੁੱਖ ਮੈਡੀਕਲ ਅਫਸਰ, ਫਿਰੋਜ਼ਪੁਰ ਵਲੋਂ ਇਕਠੀ ਕੀਤੀ ਜਾ ਰਹੀ ਹੈ, ਇਸ ਲਈ ਸਵਾਲ ਦਾ ਉਤਰ ਤਿਆਰ ਕਰਨ ਲਈ ਸਮਾਂ ਲਗਣ ਦੀ ਸੰਭਾਵਨਾ ਹੈ ।

2. ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿੱਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 3 ਅਪ੍ਰੈਲ, 1970 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਕਿਰਪਾਲਤਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
ਸਹੀ/–
(ਰਵੇਲ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

CERTAIN POWERS DELEGATED TO THE ASSISTANT ACCOUNTS OFFICER, HEALTH DEPARTMENT, FEROZEPUR

*1702. **Sardar Santokh Singh Randhawa** : Will the Minister of State for Industries and Health be pleased to state—

(a) whether it is a fact that Director, Health Services, Punjab delegated certain powers including the signing of bills to the Assistant Accounts Officer in the Health Department at Ferozepur; if so, a copy of the orders in respect of delegation of powers so issued be laid on the Table of the House;

(b) whether it is also a fact that the relevant letter delegating the said powers was subsequently withdrawn by the Director, Health Services; if so a copy of the relevant orders be laid on the Table of the House;

(c) whether any other Assistant Accounts Officer in the offices of the Chief Medical Officers have been authorised to sign the bills; if so, details thereof;

(d) whether the Director Health Services, Punjab was competent to issue such delegation of powers ?

Sardar Ravel Singh: (a) Yes please. A copy of order No.1 spl. dated 26th November 1969 issued by Director, Health Services, Punjab in this behalf is attached.

(b) No please.

(c) The Chief Medical Officer Amritsar/Jullundur/Kapurthala/ Hoshiarpur/Ludhiana/Rupar/Patiala/Bhatinda and Sangrur have authorised their Assistant Accounts Officers to sign the bills under rule 4.7 of Punjab Subsidiary Treasury Rules, Volume I.

(d) No please.

[(ੲ) ਹਾਂ ਜੀ। ਇਸ ਸਬੰਧ ਵਿੱਚ ਡਾਇਰੈਕਟਰ, ਸਿਹਤ ਵਿਭਾਗ, ਪੰਜਾਬ ਵਲੋਂ ਜਾਰੀ ਕੀਤੇ ਗਏ ਪੱਤਰ ਨੰ: 1 ਐਸ. ਪੀ. ਐਲ., ਮਿਤੀ 26 ਨਵੰਬਰ, 1969 ਦੀ ਇਕ ਕਾਪੀ ਨੱਥੀ ਕੀਤੀ ਜਾਂਦੀ ਹੈ।

(ਬ) ਨਹੀਂ ਜੀ।

(ਸੀ) ਮੁੱਖ ਮੈਡੀਕਲ ਅਫਸਰ, ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਲੁਧਿਆਣਾ, ਰੋਪੜ, ਪਟਿਆਲਾ, ਬਠਿੰਡਾ ਅਤੇ ਸੰਗਰੂਰ ਨੇ ਨਿਯਮ 4.7 ਐਫ. ਐਸ. ਟੀ. ਆਰ. ਅਨੁਸਾਰ ਆਪਣੇ ਦਫਤਰ ਦੇ ਸਹਾਇਕ ਲੇਖਾ ਅਫਸਰ ਨੂੰ ਬਿਲ ਦਸਖਤ ਕਰਨ ਦੀ ਪਰਵਾਨਗੀ ਦਿੱਤੀ ਹੋਈ ਹੈ।

(ਡੀ) ਨਹੀਂ ਜੀ।]

[Minister of State for Industries & Health]

COPY

OFFICE OF THE DIRECTOR HEALTH AND FAMILY PLANNING PUNJAB.

No 1—Spl. Dated 26th Nov., 1969

OFFICE ORDER

As required under rule 1.18 and 1.24 of Punjab Finaucial Rules, Vol. I, Sh. O. P. Madan Administrative-cum-Assistant Accounts Offfcer, Office of the Chief Medical Officer, Ferozepur is hereby declared as Drawing and Disbursing Officer in respect of all the payments and receipts.

Sd/-

Director, Health & Family Planning
Punjab, Chandigarh.

No. 2—Spl. Dated 26th Nov., 1969.

Copy forwarded to the :—

1. The Chief Medical Officer, Ferozepur.
2. The Treasury Officer, Ferozepur.
3. Shri O. P. Madan, Administrative-cum-Assistant Accounts Officer/ O/O C.M.O., Ferozepur.
4. Policy Branch, Director of Health Services, Punjab for information.

Sd/-

Director, Health & Family Planning,
Punjab.

QUESTION OF PRIVILEGE

Mr. Speaker : There is a Question of Privilege....

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਤੁਸੀਂ ਕੋਈ ਫੈਸਲਾ ਦਿਓ ਮੈਂ ਆਪ ਨੂੰ ਕਹਾਂਗਾ ਕਿ ਪਹਿਲਾਂ ਤੁਸੀਂ ਸਾਨੂੰ ਸੁਣ ਲਓ, ਪਹਿਲਾਂ ਸਾਨੂੰ ਗਲ ਕਹਿ ਲੈਣ ਦਿਓ......

ਸ੍ਰੀ ਸਪੀਕਰ: ਪਹਿਲਾਂ ਮੈਨੂੰ ਇਹ ਪੜ੍ਹ ਲੈਣ ਦਿਓ......(Let me first read out the notice.)

Chaudhri Balbir Singh gave notice of the following privilege motion yesterday.—

चौधरी बलबीर सिंह : अध्यक्ष महोदय, मैं यह बात मानता हूँ कि एक नोटिफिकेशन हुआ जिस में सारे तालीम के ढांचे को बदलने की कोशिश की गई, इस को बिगाड़ने का यत्न किया गया और यहां पर यह कह दिया कि अभी गुरू नानक यूनिवर्सिटी मुकम्मल नहीं हुई ।

श्री अध्यक्ष : आप अपने प्वायंट पर ही सीमित रहें I would request the hon. Member to confine himself to his point).

चौधरी बलबीर सिंह : मैं तो यह अर्ज़ कर रहा था कि यह आज इसी तरह सेल्ज़ टैक्स को बढ़ाने का नोटिस कर देंगे और कल को कोई और नोटीफिकेशन जारी कर देंगे । इस तरह से यह जो हाऊस का हायर इखत्यार है वह बिलकुल ही खत्म हो जायगा । यह इस हाऊस का प्रिविलेज बनता है इस तरह से तो..........

Mr. Speaker : Please resume your seat. The motion reads.

"A news item appearing in the newspapers of to-day that the Punjab Government had issued a notification under which oblieges situated in four districts have been taken out of the jurisdiction of the Punjab University and placed under the jurisdiction of the Guru Nanak University. The Vidhan Sabha is in session and the issuing of the said notification without bringing it to the notice of the Vidhan Sabha is tantamount to breach of privilege of the House. Therefore, this matter may be referred to the Committee of Privileges."

'in the form of a 20 feet high statue of Shahid Darshan Singh Pheruman in front of the Punjab Vidhan Bhawan.'

I have now received notice of an amendment from Sardar Kirpal Singh. So, I call upon the hon. Member Sardar Kirpal Singh to move his amendment.

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਜੋ ਮਤਾ ਪੇਸ਼ ਕੀਤਾ ਗਿਆ ਹੈ......(ਵਿਘਨ)

ਸਰਦਾਰ ਉਮਰਾਓ ਸਿੰਘ : ਪਹਿਲਾਂ ਤੁਸੀਂ ਆਪਣੀ ਅਮੈਂਡਮੈਂਟ ਪੜ੍ਹ ਦਿਉ।

ਸਰਦਾਰ ਕਿਰਪਾਲ ਸਿੰਘ : ਮੇਰੇ ਪਾਸ ਤਾਂ ਕਾਪੀ ਹੀ ਕੋਈ ਨਹੀਂ, ਉਨ੍ਹਾਂ ਪਾਸ ਚਲੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਹੀ ਪੜ੍ਹ ਦਿਉ।

Mr. Deputy Speaker : I will read out the amendment. It reads as follows—

At the end, the following be added—

"and a Committee of the House consisting of representatives of all parties be constituted to advise Government about the raising of suitable memorial or memorials to honour Sardar Pheruman's sacred memory.'

ਸਰਦਾਰ ਕਿਰਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਅੱਜ ਜਿਸ ਟਾਈਮ ਤੇ ਅਸੀਂ ਸ਼ਹੀਦ ਦੀ ਮਹਾਨਤਾ ਬਾਰੇ ਗੱਲ ਕਰ ਰਹੇ ਹਾਂ ਉਸ ਵੇਲੇ ਦੀਆਂ ਤਲਖੀਆਂ ਨੂੰ ਯਾਦ ਕਰਨ ਦੀ ਜ਼ਰੂਰਤ ਨਹੀਂ। ਜਦ ਤਾਰੀਖ ਲਿਖੀ ਜਾਂਵੇਗੀ ਤਾਂ ਹਰ ਇਕ ਦਾ ਕਿਰਦਾਰ ਲਿਖਿਆ ਜਾਵੇਗਾ, ਹਰ ਇਕ ਦਾ ਕੈਰੇਕਟਰ ਉਲੀਕਿਆ ਜਾਵੇਗਾ ਤਾਂ ਪਤਾ ਲੱਗ ਜਾਵੇਗਾ ਕਿ ਕਿਸੇ ਦੇ ਅਮਲ ਤੇ ਸੋਚ ਵਿੱਚ ਕਿੰਨਾ ਫਰਕ ਹੈ ।

"ਅਮਲ ਔਰ ਸੋਚ ਮੇਂ ਹੈ ਫਰਕ ਇਤਨਾ
ਕਿਨਾਰਾ ਚੁਪ ਔਰ ਦਰਿਆ ਰਵਾਂ ਹੈ'

ਤਾਰੀਖ ਫੈਸਲਾ ਲਿਖੇਗੀ ਇਸ ਲਈ ਇਥੇ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਹੁਣ ਨਹੀਂ ਕਰਨਾ ਚਾਹੀਦਾ। ਮੈਂ ਤਾਂ ਇਹ ਸਮਝਦਾ ਹਾਂ ਕਿ ਸ਼ਹਾਦਤ ਬੇਨਾਮੂਦ ਕਦੇ ਨਹੀਂ ਜਾਂਦੀ । ਦੁਨੀਆਂ ਕਦਰ ਕਰਦੀ ਹੈ ਅਤੇ ਇਤਿਹਾਸ ਵਿੱਚ ਨਾਂ ਉਲੀਕਿਆ ਜਾਂਦਾ ਹੈ ਅਤੇ ਕਦੇ ਨਹੀਂ ਮਿਟਾਇਆ ਜਾ ਸਕਦਾ।

ਤਾਰੀਖ ਦੇ ਪੱਤਰੇ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਜਦ ਚਾਂਦਨੀ ਚੌਂਕ ਵਿੱਚ ਇਸ ਦੇਸ਼ ਦੇ ਅਤੇ ਸਾਰੇ ਸੰਸਾਰ ਦੇ, ਜਗਤ ਦੇ ਤਾਰਨ–ਹਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਹੋਈ, ਸੀਸ ਕਤਲ ਕੀਤਾ ਗਿਆ ਕਿਸੇ ਨੂੰ ਜੁਰਤ ਨਾ ਸੀ ਸੀਸ ਚੁਕਣ ਦੀ, ਪਰ ਫਿਰ ਜਿਸ ਨੇ ਸੀਸ ਨੂੰ ਸੰਸਕਾਰ ਕਰਨ ਲਈ ਘਰ ਫੂਕ ਦਿੱਤਾ । ਸੀਸ ਚੁਕ ਕੇ ਲਿਆਏ । ਧੜ ਲਿਆਏ ਤਾਂ ਤਾਰੀਖ ਨੇ ਸਾਰੀ ਸ਼ਹਾਦਤ ਦਾ ਜ਼ਿਕਰ ਕੀਤਾ । ਅਤੇ ਇਸ ਕਾਰਨਾਮੇ ਨਾਲ ਸਾਰੀ ਸ਼ਹਾਦਤ ਅਮਰ ਹੋ ਗਈ।

ਸ਼ਹੀਦੀ ਤਸਵੀਰੇ ਕਾਇਨਾਤ ਨੂੰ ਖੂਬਸੂਰਤ ਬਣਾਂਦੀ ਹੈ ਅਤੇ ਜੇਕਰ ਅਸੀਂ ਜ਼ਿੰਦਾ ਰਹਿਣਾ ਚਾਹੁੰਦੇ ਹਾਂ ਤਾਂ ਅੱਜ ਦੇ ਦੌਰ ਦੇ ਐਡੇ ਵੱਡੇ ਸ਼ਹੀਦ ਦੇ ਯਾਦ ਕਰਨ ਵਿੱਚ ਆਪਣਾ ਨਾਮ ਲਿਖਵਾਣਾ ਚਾਹੀਦਾ ਹੈ । ਜਿਹੜੇ ਜ਼ਿੰਦਾ ਨਹੀਂ ਰਹਿਣਾ ਚਾਹੁੰਦੇ ਨਾ ਰਹਿਣ ਲੇਕਿਨ ਜ਼ਿੰਦਗੀ ਨੇ ਇਕ ਮੌਕਾ ਦਿੱਤਾ ਹੈ, ਰਵਾਨੀ ਵਿੱਚ ਸਾਨੂੰ ਸ਼ਹੀਦ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਕਦਮ ਇਸ ਪਾਸੇ ਰੱਖਣਾ ਚਾਹੀਦਾ ਹੈ ।

ਅਸੀਂ ਇਸ ਜ਼ਿੰਦਗੀ ਦੀ ਰਵਾਨੀ ਵਿੱਚ ਜੋ ਵੀ ਕੰਮ ਕੀਤੇ ਹਨ, ਉਹ ਕੀ ਚੰਗਾ ਹੋਵੇ ਤਾਰੀਖ ਦੇ ਸਫਿਆਂ ਤੇ ਲਿਖਵਾ ਦੇਈਏ । ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਦਾ ਮੁਦਾ ਹੀ ਸ਼ਹਾਦਤ ਹੁੰਦਾ ਹੈ, ਪਰ ਮੁਯਸਰ ਉਨ੍ਹਾਂ ਨੂੰ ਕੀ ਹੁੰਦਾ ਹੈ ਉਹ ਇਹ ਕਿ:—

"ਬਰਸਤਾ ਹੈ ਜੋ ਮਰਤੇ ਦਮ ਸ਼ਹੀਦੋਂ ਕੀ ਜ਼ਬੀਨੋਂ ਪਰ,
ਫਰਿਸ਼ਤੋਂ ਕੇ ਮੁਕੱਦਰ ਮੇਂ ਕਹਾਂ ਵੋਹ ਨੂਰ ਹੋਤਾ ਹੈ ।"

ਇਹ ਨੂਰ ਪਖੰਡੀਆਂ ਨੂੰ ਕਿਥੇ ਮੁਯੱਸਰ ਹੁੰਦਾ ਹੈ । ਵਾਕਿਆਤ ਸਦਾ ਜਿਉਂਦੇ ਰਹਿੰਦੇ ਹਨ ਅਤੇ ਇਨ੍ਹਾਂ ਦੇ ਸਹਾਰੇ ਕੌਮਾਂ ਅਮਰ ਹੋ ਜਾਂਦੀਆਂ ਹਨ । ਇਹ ਹਕੀਕਤ ਹੈ ਕਿ ਜੇਕਰ ਸਰਦਾਰ ਦਰਸ਼ਨ ਸਿੰਘ ਦੀ ਸ਼ਹਾਦਤ ਨੂੰ ਵੇਲੇ ਸਿਰ ਅਪਨਾ ਲਿਆ ਜਾਂਦਾ ਤਾਂ ਏਸ ਮਗਰਲੇ ਡਰਾਮੇ ਦੇ ਕਰਨ ਦੀ ਜ਼ਰੂਰਤ ਹੀ ਨਾ ਪੈਂਦੀ । ਅੱਜ ਇਸ ਡਰਾਮੇ ਨੇ ਜੋ ਕੌਮ ਦੀ ਹਾਲਤ ਕੀਤੀ ਹੈ, ਪੰਜਾਬ ਦੀ ਬਹਾਦਰੀ ਦੇ ਇਤਿਹਾਸ ਨੂੰ ਬੁਲੰਦ ਕਰਨ ਦੀ ਬਜਾਏ ਝੁਠਲਾਣ ਦੀ ਕੋਸ਼ਿਸ਼ ਕੀਤੀ ਹੈ, ਕਾਰੀ ਜ਼ਰਬ ਲਾਣ ਦਾ ਮੂਜਬ ਹੋਈ ਹੈ, ਇਸ ਤਰਾਂ ਦੇ ਵਾਕਿਆਤ ਨਾ ਹੁੰਦੇ ਅੱਜ ਜੇਕਰ ਕੌਮ ਦੇ ਬੁਲਾਂ ਤੇ ਮੁਸਕਰਾਹਟ ਹੈ ਤਾਂ ਇਹ ਉਨ੍ਹਾਂ ਸ਼ਹੀਦਾਂ ਦੀ ਦੇਣ ਦੀ ਬਰਕਤ ਹੈ ਜੋ ਇਸ ਰੂਏ ਜ਼ਮੀਨ ਤੇ ਕੌਮ ਲਈ

[ਸਰਦਾਰ ਕਿਰਪਾਲ ਸਿੰਘ]

ਆਪਣੇ ਆਪ ਨੂੰ ਵਾਰ ਗਏ । ਸਾਨੂੰ ਉਨ੍ਹਾਂ ਦੀ ਦਿੱਤੀ ਹੋਈ ਮੁਸਕਰਾਹਟ ਨੂੰ ਗੁਆਉਣਾ ਨਹੀਂ ਚਾਹੀਦਾ । ਇਹ ਮੁਸਕਰਾਹਟ ਹਰ ਜ਼ਬਾਂ ਤੇ ਹੈ ਅਤੇ ਜਿਸ ਦਾ ਸਦਕਾ ਹੈ ਉਹਦੇ ਲਈ ਇਹ ਕਹਿਣਾ ਨਿਹਾਇਤ ਮੌਜੂੰ ਹੋਵੇਗਾ ਕਿ:—

"ਕਲੀ ਕਲੀ ਤਬਸਮ ਮੇਂ ਆਗਹੀ ਦੇ ਕਰ,
ਖਿਜ਼ਾਂ ਕੀ ਗੋਦ ਸੇ ਪੈਦਾ ਬਹਾਰ ਕਰ ਕੇ ਗਿਆ ,

ਇਕ ਐਸਾ ਇਨਸਾਨ ਜਿਸ ਨੇ ਸਾਨੂੰ ਕੌਮ ਲਈ ਆਪਾ ਵਾਰਨ ਦਾ, ਆਪਣਾ ਫਰਜ਼ ਅਦਾ ਕਰਨ ਦਾ ਸਹੀ ਸਬਕ ਦਿਤਾ ਹੈ, ਅਸੀਂ ਉਸ ਦੇ ਮਸ਼ਕੂਰ ਹਾਂ। ਅਜ ਸਾਡੀ ਜ਼ਰਅਤ ਨਹੀਂ ਇਸ ਤਰ੍ਹਾਂ ਦਾ ਕਦਮ ਚੁਕਣ ਲਈ ਪੈਂਦੀ । ਅਸੀਂ ਇਕੋ ਹੀ ਨੁਕਤਾ ਨਿਗਾਹ ਤੇ ਜਮ੍ਹਾਂ ਹੋਣਾ ਹੈ ਤਦ ਹੀ ਇਤਿਹਾਸ ਦੇ ਦਾਇਰੇ ਵਿਚ ਅਸੀਂ ਕੋਈ ਆਪਣਾ ਕਿਰਦਾਰ ਪੂਰਾ ਕਰ ਸਕਦੇ ਹਾਂ। ਜਿਨ੍ਹਾਂ ਨੇ ਵੀ ਇਸ ਵਕਤ ਨੂੰ ਅਵੇਲ ਕੀਤਾ ਹੈ, ਉਹ ਹੀ ਜਾਣਦੇ ਹਨ ਇਹ ਤਕਦੀਰ ਜਹਾਨ ਦਾ ਇਕ ਰਾਜ਼ ਹੈ :—

"ਰਾਜ਼ ਹੈ ਰਾਜ਼ ਹੈ ਤਕਦੀਰ ਜਹਾਨੇ ਤਗ ਤਾਗ,
ਜੋਸ਼ੇ ਕਿਰਦਾਰ ਸੇ ਖੁਲ ਜਾਤੇ ਹੈਂ ਤਕਦੀਰ ਕੇ ਰਾਜ਼ ।"
ਹੈ ਮਗਰਫੁਰਸਤੇ ਕਿਰਦਾਰ ਨਫਸ ਯਾ ਦੋ ਨਫਸ,
ਇਵਜ਼ੇ ਯਕ ਦੋ ਨਫਸ ਕਬਰ ਕੀ ਸਬਾਏ ਦਰਾਜ਼ ।"

ਕਬਰ ਦੀ ਲੰਬੀ ਰਾਤ, ਇਕ ਦੋ ਨਫਸ ਦੇ ਮੁਕਾਬਲੇ ਇਨਸਾਨ ਨੂੰ ਮਿਲਦੀ ਹੈ, ਇਹ ਦੋ ਨਫਸ ਜਿਹੜੇ ਕਿਰਦਾਰ ਨੂੰ ਨਿਭਾਉਣ ਵਾਸਤੇ ਲਗਾਏ ਜਾਣ ਉਹੀ ਜ਼ਿੰਦਗੀ ਦੀ ਪਰਾਪਤੀ ਹੈ ਜੋ ਆਪਣੇ ਨਿਸ਼ਾਨੇ ਤੋਂ ਚੁਕ ਕੇ ਬੇਜ਼ਾਰ ਹੋ ਜਾਵੇ । ਉਸ ਨੂੰ ਇਸ ਸਖਸ਼ ਦੀ ਤਾਰੀਖ ਪੜ੍ਹਨੀਂ ਚਾਹੀਦਾ ਹੈ ਜਿਹੜੀ ਕਿ ਬੋਲ ਬੋਲ ਕੇ ਕਹਿ ਰਹੀ ਹੈ :—

"ਸ਼ਿਕਸਤਾ ਪਾ ਸਹੀ ਲੇਕਨ ਕਦਮ ਥਮਨੇ ਨਾ ਪਾਏ,
ਮੈਂ ਯੂੰ ਮੰਜ਼ਿਲ ਸੇ ਗੁਜ਼ਰਾ ਹੂੰ ਕਿ ਅਬ ਤਕ ਯਾਦ ਕਰਤੀ ਹੈ ।"

ਸ਼ਹੀਦ ਦੀ ਸ਼ਖਸੀਅਤ ਤਾਰਿਆਂ ਨਾਲੋਂ ਕਿਤੇ ਦੂਰੀ ਤੇ ਪਹੁੰਚ ਚੁਕੀ ਹੈ ਪਰ ਉਸ ਦੀ ਜੀਵਨ ਝਾਂਕੀ ਜੋ ਸਾਡੇ ਸਾਹਮਣੇ ਹੈ ਉਹ ਇਕ ਸਲੀਕਾ ਹੈ :—

"ਜੋ ਜੀਤਾ ਹੈ ਸਲੀਕਾ ਸੇ ਵੁਹ ਮਰਤਾ ਹੈ ਸਲੀਕਾ ਸੇ,
ਕਿ ਮਰਨੇ ਕੇ ਭੀ ਜੀਣੇਂ ਕੀ ਤਰ੍ਹਾਂ ਦਸਤੂਰ ਹੋਤੇ ਹੈਂ।"

ਅਜ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਇਕ ਐਸੇ ਦਸਤੂਰ ਦੇ ਨਾਲ ਮਰ ਗਿਆ ਹੈ, ਜਿਹੜਾ ਦਸਤੂਰ ਕਿ ਉਨ੍ਹਾਂ ਨੂੰ ਜ਼ਿੰਦਾ—ਓ—ਜਾਵੇਦ ਕਰ ਗਿਆ ਹੈ । ਜਿਹੜੀ ਤਜਵੀਜ਼ ਇਸ ਹਾਊਸ ਵਿਚ ਸਰਦਾਰ ਬਸੰਤ ਸਿੰਘ ਨੇ ਯਾਦਗਾਰ ਕਾਇਮ ਕਰਨ ਦੀ ਰਖੀ ਹੈ, ਇਹ ਜਦੋਂ ਤਕ ਕਾਇਮ ਰਹੇਗੀ ਰਹਿੰਦੇ ਦਮ ਤਕ ਸਾਰਿਆਂ ਨੂੰ ਇਨਸਪਾਇਰ ਕਰੇਗੀ। ਸਾਡੇ ਸਾਹਮਣੇ ਜਿਊਂਦੀ ਜਾਗਦੀ ਮਿਸਾਲ, ਜਿਹੜੀ ਹੁਣ ਤਕ ਸਾਨੂੰ ਇਨਸਪੀਰੇਸ਼ਨ ਦਿੰਦੀ ਹੈ, ਉਹ ਸਰਹੰਦ ਵਿਚ ਨੀਹਾਂ ਵਿਚ ਚਿਣੇ ਜਾਣ ਵਾਲੇ ਦੋ ਬੱਚੇ 7 ਤੇ 9 ਸਾਲ ਦੀ ਉਮਰ ਦੇ ਬਚਿਆਂ ਦੀ ਹੈ । ਇਹ ਉਹ ਯਾਦਗਾਰ ਹੈ ਜਿਥੇ ਇਕ ਪਾਸੇ ਤਹਿ ਤੇਗ ਕਰਨ ਦਾ ਅਦਾਲਤ ਦਾ ਹੁਕਮ ਅਤੇ ਦੂਸਰੇ ਪਾਸੇ ਦੁਨੀਆਂ ਭਰ ਦੇ ਐਸ਼ ਤੇ ਹੁਸਨਾਂ ਭਰੀ ਤਾਕਤ ਅਤੇ ਹੋਰ ਐਸੀਆਂ ਬੇਸ਼ੁਮਾਰ ਚੀਜ਼ਾਂ, ਜਿਸ ਦੇ ਲਈ ਇਹ ਇਨਸਾਨ ਹਰ ਜ਼ਾਲਮ ਤੋਂ ਜ਼ਾਲਮ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ, ਆਫਰ ਕੀਤੀਆਂ ਜਾਂਦੀਆਂ ਹਨ। ਪਰ ਇਹ ਬੱਚੇ ਮੁਲਕ ਦੇ ਸੂਬੇ ਦੇ ਅਗੇ ਝੁਕਦੇ ਨਹੀਂ, ਉਸ ਨੂੰ ਸਾਫ ਇਲਫਾਜ਼ ਵਿਚ ਸੱਚ ਤੇ ਅਡੋਲ ਰਹਿੰਦੇ ਹੋਏ ਕਹਿੰਦੇ ਹਨ, "ਇਹ ਹੁਸਨਾਂ ਭਰੀ ਤਾਕਤ ਇਹ ਸ਼ਾਹਾਨਾਂ ਠਾਠ ਇਹ ਦੌਲਤ, ਇਹ ਤਖਤੋ ਤਾਜ ਸਦਾ ਰਹਿਣ ਵਾਲੀਆਂ ਚੀਜ਼ਾਂ ਨਹੀਂ ਹਨ, ਇਹ ਐਂਵੇਂ ਦੋ ਘੜੀ ਦਾ ਮੌਜ ਮੇਲਾ ਹੈ ਇਹ ਹੁਸਨ ਔਰ ਜਵਾਨੀ ਸਦਾ ਨਹੀਂ ਰਹਿਣਾਂ ।"

"ਯੂੰ ਜ਼ਿੰਦਗੀ ਸੇ ਮਿਲ ਕਰ ਜਵਾਨੀ ਜੁਦਾ ਹੁਈ,
ਜੈਸੇ ਕੋਈ ਕਿਸੀ ਸੇ ਸਰੇ ਰਾਹ ਗੁਜ਼ਰ ਮਿਲੇ ।"

ਇਹ ਕਿਹੜੀ ਗਲ ਹੈ ਜੇਕਰ ਜਾਇਜ਼ ਹਕੂਕ ਦੀ ਖਾਤਰ ਜ਼ਿੰਦਗੀ ਕੁਰਬਾਨ ਕਰ ਦਿਤੀ ਜਾਵੇ, ਇਹ ਜੁਆਨੀ ਦਾ ਨਸ਼ਾ, ਮਾਲ ਦੌਲਤ, ਤਖਤ ਅਤੇ ਤਾਜ ਛਿਣ ਭਰ ਰਹਿਣ ਵਾਲੀਆਂ ਤਾਕਤਾਂ ਹਨ । ਇਹ ਸਾਨੂੰ ਪ੍ਰਭਾਵਤ ਨਹੀਂ ਕਰ ਸਕਦੇ :—

"ਨਾ ਤਾਜੋ ਤਖਤ ਮੇਂ ਨਾ ਲਸ਼ਕਰੋ ਸਪਾਹ ਮੇਂ ਹੈ,
ਜੋ ਬਾਤ ਮਰਦੇ ਕਲੰਦਰ ਕੀ ਬਾਰਗਾਹ ਮੇਂ ਹੈ।"

ਡਲੇ ਨੇ ਆਪਣੀ ਤੇ ਆਪਣੇ ਬਹਾਦਰਾਂ ਦੀ ਗੁਰੂ ਮਹਾਰਾਜ ਕੋਲ ਬੜੀ ਤਾਰੀਫ ਕੀਤੀ ਤੇ ਕਿਹਾ ਕਿ ਤੁਸੀਂ ਔਖੀ ਘੜੀ ਵੇਲੇ ਸਾਨੂੰ ਸਦਦੇ। ਉਸੇ ਵੇਲੇ ਇਕ ਸਿਖ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਬੰਦੂਕ ਭੇਂਟ ਕੀਤੀ ਤਾਂ ਉਨ੍ਹਾਂ ਨੇ ਇਕ ਅਜੀਬੋ ਗਰੀਬ ਟੈਸਟ ਰੱਖਿਆ । ਉਨ੍ਹਾਂ ਨੇ ਡਲੇ ਨੂੰ ਕਿਹਾ ਕਿ ਤੂੰ ਜਾਂ ਤੇਰਾ ਕੋਈ ਬਹਾਦੁਰ ਮੇਰੀ ਬੰਦੂਕ ਦਾ ਨਿਸ਼ਾਨਾਂ ਪਰਖਨ ਲਈ ਮੇਰੇ ਸਾਹਮਣੇਂ ਆਵੇ ਡਲੇ ਨੇ ਕਿਹਾ ਹਜ਼ੂਰ ਅਜਾਈਂ ਮੌਤ ਕਾਹਨੂੰ ਮਾਰਦੇ ਹੋ ਕਿਤੇ ਲੜ ਕੈ ਮਰਨ ਦਾ ਮੌਕਾ ਦਿਓ । ਤਾਂ ਗੁਰੂ ਜੀ ਨੇ ਬੁਲੰਦ ਆਵਾਜ਼ ਦੇ ਨਾਲ ਆਪਣੇ ਸਿੰਘਾ ਨੂੰ ਪੁਕਾਰਿਆ ਕਿ ਇਹ ਬੰਦੂਕ ਪਰਖਣੀ ਹੈ ਜੇ ਕੋਈ ਸਿੰਘ ਇਸ ਦੇ ਲਈ ਤਿਆਰ ਹੈ ਤਾਂ ਉਹ ਨਿਸ਼ਾਨੇ ਦੇ ਲਈ ਅਗੇ ਆਵੇ । ਉਸੇ ਵੇਲੇ ਦੋ ਸਿੰਘ ਬੰਦੂਕ ਦਾ ਨਿਸ਼ਾਨਾਂ ਬਨਣ ਲਈ ਅੱਗੇ ਨੂੰ ਭੱਜੇ, ਜਿਨ੍ਹਾਂ ਦੇ ਗਲਾਂ ਵਿਚ ਪੱਗਾਂ ਪੈ ਰਹੀਆਂ ਸਨ । ਦੋਵੇਂ ਪਿਉ ਪੁਤਰ ਸਨ

[ਸਰਦਾਰ ਕਿਰਪਾਲ ਸਿੰਘ]

ਅਤੇ ਇਕ ਦੂਸਰੇ ਤੋਂ ਅਗੇ ਵਧਦੇ ਚਲੇ ਆ ਰਹੇ ਸਨ। ਆਉਂਦੇ ਹੀ ਬੋਲੇ ਹਜ਼ੂਰ ਸਾਨੂੰ ਫਖਰ ਹਾਸਿਲ ਹੋਵੇਗਾ ਜੇ ਕਰ ਇਹ ਨਿਮਾਣੀ ਜਿੰਦੜੀ ਹਜ਼ੂਰ ਦੇ ਹੱਥਾਂ ਵਿਚ ਨਿਕਲੇ। ਫਾਇਰ ਹੋਇਆ ਸਿੰਘਾਂ ਦੇ ਸਿਰ ਤੋਂ ਉਤੇ ਦੀ ਗੋਲੀ ਲੰਘ ਗਈ। ਡਲਾ ਹੈਰਾਨ ਹੋ ਗਿਆ ਹਜ਼ੂਰ ਨੇ ਫਰਮਾਇਆ :—

"ਡੁਲ੍ਹੇ, ਅਣਖ ਤੇ ਆਣ ਦੇ ਬਦਲੇ, ਡਲ੍ਹੇ, ਕੌਮ ਦੀ ਸ਼ਾਨ ਦੇ ਬਦਲੇ।
ਕੁਰਬਾਣੀ ਦੀ ਤਕੜੀ ਉਤੇ, ਸੂਲੀ ਵਾਲੀ ਲਕੜੀ ਉਤੇ।
ਭੇਦ ਸ਼ਹਾਦਤ ਦੇ ਖੁਲ੍ਹਦੇ ਨੇ, ਦੇਹ ਨਹੀਂ ਤੁਲਦੀ, ਦਿਲ ਤੁਲਦੇ ਨੇ।"

ਇਸ ਲਈ ਹੁਣ ਮੌਕਾ ਹੈ ਕਿ ਸ਼ਹੀਦੇ ਆਜ਼ਮ ਦਾ ਦਿਲ ਜਿਹੜਾ ਕਿ ਸ਼ਹਾਦਤ ਦੀ ਤਕੜੀ ਤੇ ਤੁਲ ਗਿਆ ਹੈ, ਇਸ ਬਾਰੇ ਜਿਤਨੇ ਵੀ ਭੁਲੇਖੇ ਹਨ ਹਟਾ ਕੇ ਪਹਿਲਾਂ ਵਕਤ ਸਿਰ ਯਾਦ ਨਹੀਂ ਕੀਤਾ ਤਾਂ ਹੁਣ ਵੇਲਾ ਹੈ, ਇਸ ਵੇਲੇ ਤੋਂ ਨਾ ਖੁੰਜੀਏ। ਇਹ ਕੋਈ ਅਕਲਮੰਦੀ ਦੀ ਬਾਤ ਨਹੀਂ ਹੋਵੇਗੀ ਕਿ ਅਸੀਂ ਐਵੇਂ ਲੋਕਾਂ ਦੀ ਨੁਕਤਾਚੀਨੀ ਦੇ ਵਿਚ ਪੈ ਜਾਈਏ। ਕੋਈ ਕਹੇ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਸੰਤ ਨੇ ਮਰਵਾਇਆ ਹੈ ਕੋਈ ਇਹ ਕਹੇ ਉਹ ਸਟੰਟ ਹੈ ਸੀ, ਕੋਈ ਕਹੇ ਕਿ ਗੌਰਮਿੰਟ ਨੇ ਮਰਵਾਇਆ ਹੈ, ਇਹ ਵੇਲਾ ਇਨ੍ਹਾਂ ਗੱਲਾਂ ਵਿਚ ਪੈਣ ਦਾ ਨਹੀਂ ਹੈ। ਉਹ ਮਰ ਗਿਆ ਹੈ ਇਹ ਠੀਕ ਹੈ ਇਕ ਸ਼ੇਰ ਸੀ ਜੋ ਪੰਜਾਬੀਆਂ ਲਈ ਮਰਕੇ ਅਮਰ ਸ਼ਹੀਦ ਹੋ ਗਿਆ। ਸ਼ਹੀਦ ਕਦੇ ਵੀ ਮਰਦੇ ਨਹੀਂ। ਮਰਦੇ ਉਹ ਨੇ ਜੋ ਸ਼ਹਾਦਤ ਤੋਂ ਨਸਦੇ ਨੇ :—

"ਪਰਵਾਨਾ ਜਲ ਕੇ ਸਾਹਿਬੇ ਕਿਰਦਾਰ ਹੋ ਗਿਆ,
ਨੂਰੇ ਸ਼ਮਾਂ ਮੁਫਤ ਮੇਂ ਗੁਨਾਹਗਾਰ ਹੋ ਗਿਆ।"

ਹੁਣ ਤਾਂ ਇਹੀ ਹੋ ਸਕਦਾ ਹੈ ਕਿ ਅਸੀਂ ਉਸ ਸ਼ਹੀਦੇ ਅਜ਼ੀਮ ਦੀ ਯਾਦ ਵਿਚ ਭਾਵੇਂ ਕੋਈ ਸਟੈਚੂ ਬਣਾ ਦੇਈਏ ਜਾਂ ਕੋਈ ਹੋਰ ਯਾਦਗਾਰ ਤਾਂ ਹੀ ਅਸੀਂ ਕੋਈ ਮਿਸਾਲ ਕਾਇਮ ਕਰ ਸਕਦੇ ਹਾਂ। ਸ਼ਹੀਦ ਆਪਣੀ ਕਰਣੀ ਨਾਲ ਅਮਰ ਹੋ ਗਿਆ। ਉਹ ਕਿਸੇ ਯਾਦਗਾਰ ਦਾ ਮੁਹਤਾਜ ਨਹੀਂ :—

"ਰਹੇ ਨਾ ਏਬਕ ਗੌਰੀ ਕੇ ਮਾਰਕੇ ਬਾਕੀ,
ਹਮੇਸ਼ਾ ਤਾਜ਼ਾ ਓ ਸ਼ੀਰੀਂ ਹੈਂ ਨਗਮਾਏਂ ਖੁਸਰੋ।"

ਹਮੇਸ਼ਾ ਇਕ ਖਿਆਲਾਂ ਦੀ ਲੜੀ ਵਿਚ ਪਿਰੋਈ ਹੋਈ ਤਸ਼ਬੀਹ ਹੀ ਕਾਇਮ ਰਹਿੰਦੀ ਹੈ ਨਾ ਹਕੂਮਤ ਦੇ ਨਸ਼ੇ ਦੀ ਤਾਕਤ ਜਾਂ ਕੋਈ ਹੋਰ ਜਾਹੋ ਜਲਾਲ ਦੀ ਤਾਕਤ ਕਾਇਮ ਰਹਿੰਦੀ ਹੈ। ਹਮੇਸ਼ਾ ਖਿਆਲਾਤ ਹੀ ਹਨ ਜਿਹੜੇ ਕਾਇਮ ਰਹਿੰਦੇ ਹਨ। ਸਾਨੂੰ ਇਕੋ ਨੁਕਤਾ ਨਜ਼ਰ ਦੇ ਇਕੱਠੇ ਹੋ ਕੇ ਚਲਣਾ ਚਾਹੀਦਾ ਹੈ ਇਸ ਬਾਰੇ ਮੈਂ ਇਕ ਤਰਮੀਮ ਦਿਤੀ ਹੈ ਕਿ ਇਸ ਹਾਊਸ ਦੀ ਇਕ ਨੁਮਾਇੰਦਾ ਕਮੇਟੀ ਬਣਾਈ ਜਾਵੇ ਜਿਹੜੀ ਸਾਰਿਆਂ ਦੀ ਸਾਂਝੀ ਹੋਵੇ, ਇਸ ਵਿਚ ਚੌਧਰੀ ਬਲਬੀਰ ਸਿੰਘ ਨੂੰ ਜਾਂ ਹੋਰ ਵੀ ਕਿਸੇ ਨੂੰ ਜੋ ਵੀ ਸ਼ਾਮਲ ਹੋਣਾ ਚਾਹੇ ਲਿਆ ਜਾਵੇ। ਤਾਂ ਜੋ ਜਿਸ ਤਰੀਕੇ ਨਾਲ, ਜਿਸ ਸ਼ਾਨ ਦੇ ਨਾਲ ਉਨ੍ਹਾਂ ਨੇ ਸ਼ਹਾਦਤ ਦਿਤੀ ਹੈ ਸਾਨੂੰ ਵੀ ਉਨ੍ਹਾਂ ਦੀ ਉਤਨੀ ਹੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ —

"ਜਿਸ ਢਬ ਸੇ ਕੋਈ ਮਕਤਲ ਮੇਂ ਗਿਆ, ਵੋਹ ਸ਼ਾਨ ਸਲਾਮਤ ਰਹਿਤੀ ਹੈ,
ਇਸ ਜਾਨ ਕੀ ਕੋਈ ਬਾਤ ਨਹੀਂ, ਯਿਹ ਜਾਨ ਤੋ ਆਨੀ ਜਾਨੀ ਹੈ।

ਉਨ੍ਹਾਂ ਦਾ ਮਕਤਲ ਵਿਚ ਜਾਣਾਂ ਇਹ ਪਰੂਵ ਕਰਦਾ ਹੈ ਕਿ ਇਹ ਸ਼ਹਾਦਤ ਕਿਸੇ ਇਕ ਦੇ ਪਿਆਰ ਲਈ ਜਾਂ ਆਪਣੇ ਨਿਜੀ ਇਗਰਾਜ਼ ਲਈ ਨਹੀਂ, ਸੀ ਇਹ ਉਨ੍ਹਾਂ ਸਾਰਿਆਂ ਪੰਜਾਬੀਆਂ ਦੇ

ਲਈ ਸ਼ਹਾਦਤ ਦੀ ਇਕ ਅਦੁਤੀ ਮਿਸਾਲ ਹੈ । ਇਸ ਲਈ ਇਹ ਯਾਦਗਾਰ ਇਸ ਤਰਾਂ ਦੀ ਹੋਣੀ ਚਾਹੀਦੀ ਹੈ, ਜਿਹੜੀ ਸਾਰਿਆਂ ਲਈ ਇਨਸਪਾਇਰੇਸ਼ਨ ਦਾ ਮੂਜਬ ਹੋਵੇ, ਸਾਨੂੰ ਹਾਊਸ ਦੇ ਨੁਮਾਇੰਦਗਾਨ ਦੀ ਕਮੇਟੀ ਬਣਾਕੇ ਇਕ ਸੁਹਣੇ ਅਤੇ ਸੁਚਜੇ ਢੰਗ ਦੀ ਯਾਦਗਾਰ ਜਿਸ ਦੇ ਨਾਲ ਕਿ ਸਾਡੇ ਵਕਾਰ ਦਾ ਤਅਲੁਕ ਹੈ ਕਾਇਮ ਕਰਨੀ ਚਾਹੀਦੀ ਹੈ । ਇਨ੍ਹਾਂ ਲਫ਼ਜ਼ਾ ਨਾਲ ਮੈਂ ਆਪ ਜੀ ਦਾ ਸ਼ੁਕਰੀਆਂ ਅਦਾ ਕਰਦਾ ਹਾਂ ।

Mr. Deputy Speaker : Motion moved—

At the end the following be added—

"and a Committee of the House consisting of representatives of all parties be constituted to advise Government about the raising of suitable memorial or memorials to honour Sardar Pheruman's sacred memory".

Now before I ask the honourable Members to speak I shall draw their attention to Rule 200, the provisions of which shall be strictly adhered to.

ਮੇਜਰ ਹਰਿੰਦਰ ਸਿੰਘ (ਅਜਨਾਲਾ) : ਡਿਪਟੀ ਸਪੀਕਰ ਸਾਹਿਬ ਇਹ ਰੈਜ਼ੋਲੀਊਸ਼ਨ ਜਿਹੜਾ ਕਿ ਸਰਦਾਰ ਬਸੰਤ ਸਿੰਘ ਜੀ ਨੇ ਇਸ ਹਾਊਸ ਦੇ ਵਿੱਚ ਪੇਸ਼ ਕੀਤਾ ਹੈ ਅਤੇ ਜਿਸ ਵਿੱਚ ਸਰਦਾਰ ਕਿਰਪਾਲ ਸਿੰਘ ਜੀ ਨੇ ਅਮੈਂਡਮੈਂਟ ਦਿੱਤੀ ਹੈ, ਮੈਂ ਪੂਰੇ ਜ਼ੋਰ ਨਾਲ ਇਸ ਦੀ ਤਾਈਦ ਕਰਦਾ ਹਾਂ । ਵੈਸੇ ਤਾਂ ਡਿਪਟੀ ਸਪੀਕਰ ਸਾਹਿਬ ਜਿਸ ਢੰਗ ਨਾਲ, ਜਿਸ ਸ਼ਾਨ ਦੇ ਨਾਲ ਸਰਦਾਰ ਦਰਸ਼ਨ ਸਿੰਘ ਜੀ ਨੇ ਸ਼ਹੀਦੀ ਦਿਤੀ ਹੈ ਉਹ ਲਫ਼ਜ਼ਾਂ ਦੀ ਮੁਹਤਾਜ ਨਹੀਂ, ਰੈਜ਼ੋਲਿਊਸ਼ਨਾਂ ਦੀ ਮੁਹਤਾਜ ਨਹੀਂ । ਪਰ ਕਿਉਂਕਿ ਇਹ ਹਾਊਸ ਇਕ ਆਗਸਟ ਹਾਊਸ ਹੈ, ਸਾਰੇ ਪੰਜਾਬ ਦੀ ਨੁਮਾਇੰਦਗੀ ਕਰਦਾ ਹੈ, ਇਸ ਲਈ ਇਸ ਰੈਜ਼ੋਲਿਊਸ਼ਨ ਦਾ ਇਥੇ ਆਉਣਾ ਅਤੇ ਸਰਬਸੰਮਤੀ ਦੇ ਨਾਲ ਪਾਸ ਹੋਣਾ ਇਕ ਖਾਸ ਅਹਿਮੀਅਤ ਰਖਦਾ ਹੈ ।

ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਦੇ 3, 4 ਪਹਿਲੂ ਹਨ, ਵੈਸੇ ਤਾਂ ਹਿੰਦਸਤਾਨ ਦਾ ਇਤਿਹਾਸ, ਪੰਜਾਬ ਦਾ ਇਤਿਹਾਸ ਖਾਸ ਤੌਰ ਤੇ ਸਿੱਖਾਂ ਦਾ ਇਤਿਹਾਸ ਤਾਂ ਸ਼ਹੀਦਾਂ ਦੇ ਨਾਲ ਭਰਿਆ ਹੋਇਆ ਹੈ, ਪਰ ਇਸ ਸ਼ਹੀਦੀ ਦੇ ਤਿੰਨ ਅੰਗ ਹਨ । ਬਤੌਰ ਹਿੰਦੁਸਤਾਨੀ ਦੇ ਉਸ ਨੇ ਹਿੰਦੁਸਤਾਨ ਦੇ ਸਾਰੇ ਲੋਕਾਂ ਦਾ ਸਿਰ ਉੱਚਾ ਕੀਤਾ ਅਤੇ ਬਤੌਰ ਪੰਜਾਬੀ ਦੇ ਸਾਰੇ ਪੰਜਾਬੀਆਂ ਦਾ ਸਿਰ ਉਚਾ ਕੀਤਾ ਅਤੇ ਬਤੌਰ ਸਿਖ ਦੇ ਉਸ ਨੇ ਸਾਰੇ ਸਿਖਾਂ ਦੇ ਵਿੱਚ ਇਕ ਨਵੀਂ ਰੂਹ ਫੂਕ ਦਿੱਤੀ ਅਤੇ ਉਨ੍ਹਾਂ ਦਾ ਸਿਰ ਸਾਰੇ ਜਗਤ ਦੇ ਵਿੱਚ ਉਚਾ ਕੀਤਾ ਹੈ । ਅਜ ਕਲ੍ਹ ਦੇ ਜ਼ਮਾਨੇ ਦੇ ਵਿੱਚ ਵੀ ਜਦੋਂ ਕਿ ਸਿਖੀ ਦਿਨ-ਬ-ਦਿਨ ਹੇਠਾਂ ਨੂੰ ਜਾ ਰਹੀ ਹੈ, ਅੱਜ ਵੀ ਇਥੇ ਅਜਿਹੇ ਸਿਖ ਮੌਜੂਦ ਹਨ ਜਿਹੜੇ ਕਿ ਗੁਰੂ ਘਰ ਦੇ ਕੂਕਰ ਹਨ, ਗੁਰੂ ਘਰ ਦੇ ਅੰਧ ਵਿਸ਼ਵਾਸੀ ਹਨ । ਡਿਪਟੀ ਸਪੀਕਰ ਸਾਹਿਬ ਜਦੋਂ ਮੈਂ ਛੋਟਾ ਜਿਹਾ ਸੀ ਤਾਂ ਗੁਰੂ ਕੇ ਬਾਗ ਦਾ ਮੋਰਚਾ ਲਗਾ ਸੀ, ਉਸ ਤੇ ਜਾਣ ਵਾਲੇ ਜਥਿਆਂ ਦਾ ਰਸਤਾ ਮੇਰੇ ਘਰ ਦੇ ਸਾਹਮਣੇ ਤੋਂ ਜਾਂਦਾ ਸੀ । ਮੈਂ ਉਨ੍ਹਾਂ ਬਹਾਦਰਾਂ ਅਤੇ ਸ਼ਹੀਦਾਂ ਅੱਗੇ ਸਿਰ ਝੁਕਾਉਂਦਾ ਹਾਂ ਜਿਨ੍ਹਾਂ ਨੇ ਬੀ. ਟੀ. ਦੀਆਂ ਡਾਂਗਾਂ ਹਸ ਹਸ ਕੇ ਖਾਧੀਆਂ । ਘੋੜਿਆਂ ਦੇ ਸੁਮਾਂ ਨਾਲ ਲਿਤਾੜੇ ਗਏ ਸੀ । ਮੈਂ ਉਨ੍ਹਾਂ ਦੀ ਸ਼ਹਾਦਤ ਦੇ ਅੱਗੇ ਵੀ ਸਿਰ ਝੁਕਾਉਂਦਾ ਹਾਂ । ਉਹ ਇਕ ਸ਼ਬਦ ਪੜ੍ਹਦੇ ਸੀ :

"ਮੇਰਾ ਸਿਰ ਜਾਵੇ ਤਾਂ ਜਾਵੇ, ਮੇਰਾ ਸਿਖੀ ਸਿਦਕ ਨਾ ਜਾਵੇ ।"

ਛੋਟਾ ਹੋਣ ਕਰਕੇ ਉਦੋਂ ਸਿਰਫ ਇਸ ਸ਼ਬਦ ਦੇ ਅਰਥ ਹੀ ਜਾਣਦਾ ਸੀ । ਪਰ ਸ਼ਹੀਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਇਨ੍ਹਾਂ ਸ਼ਬਦਾਂ ਨੂੰ ਅਮਲੀ ਸ਼ਕਲ ਪਹਿਨਾ ਗਏ । ਫਿਰ ਡਿਪਟੀ ਸਪੀਕਰ ਸਾਹਿਬ ਇਕ ਹੋਰ ਪੱਖ ਜੋ ਕਿ ਮੇਰੀ ਨਜ਼ਰ ਦੇ ਵਿੱਚ ਸਭ ਤੋਂ ਵੱਡਾ ਹੈ, ਉਹ ਹੈ ਅਰਦਾਸ ਦੀ ਮਹਾਨਤਾ ਸਾਬਤ ਕਰਨੀ : "ਬਿਰਥੀ ਕਦੇ ਨਾ ਹੋਵੀਈ, ਜਨ ਕੀ ਅਰਦਾਸ ।"

[ਮੇਜਰ ਹਰਿੰਦਰ ਸਿੰਘ]

ਇਹ ਗੱਲ, ਡਿਪਟੀ ਸਪੀਕਰ ਸਾਹਿਬ, ਬੜੀ ਲੰਮੀ ਚੌੜੀ ਹੈ । ਜੇ ਦਾਸ ਇਸ ਦੇ ਵਿਸਥਾਰ ਦੇ ਵਿੱਚ ਜਾਵੇ ਤਾਂ ਇਸ ਦੇ ਲਈ ਬਹੁਤ ਸਮਾਂ ਚਾਹੀਦਾ ਹੈ । ਪਰ ਮੈਨੂੰ ਪਤਾ ਹੈ ਕਿ ਹੋਰ ਕਈ ਆਨਰੇਬਲ ਮੈਂਬਰ ਸਾਹਿਬਾਨ ਨੇ ਬੋਲਣਾ ਹੈ । ਇਸ ਲਈ ਸਿਰਫ ਇਤਨਾ ਹੀ ਕਹਾਂਗਾ ਕਿ ਉਨ੍ਹਾਂ ਨੇ ਅਰਦਾਸ ਦੇ ਅਰਥਾਂ ਨੂੰ ਕਾਇਮ ਰੱਖ ਕੇ ਦਸ ਦਿੱਤਾ ਹੈ, ਕਿ ਕਿਸ ਤਰ੍ਹਾਂ ਜਨ ਬਣਿਆ ਜਾ ਸਕਦਾ ਹੈ । ਉਨ੍ਹਾਂ ਨੇ ਦਸਿਆ ਕਿ ਜੇ ਅਰਦਾਸ ਦਿਲੋਂ ਕੀਤੀ ਜਾਵੇ ਤਾਂ ਗੁਰੂ ਆਪ ਕਿਰਪਾ ਕਰਕੇ ਉਹ ਅਰਦਾਸ ਪੂਰੀ ਕਰਵਾ ਦਿੰਦਾ ਹੈ । ਅੱਜ ਜੋ ਸਾਨੂੰ ਚੰਡੀਗੜ੍ਹ ਮਿਲਿਆ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਅਰਦਾਸ ਕਰਕੇ ਹੀ ਮਿਲਿਆ ਹੈ ।

ਡਿਪਟੀ ਸਪੀਕਰ ਸਾਹਿਬ, ਜਿੱਥੇ ਹੋਰ ਵੀ ਕਈ ਸ਼ਹੀਦ ਹੋਏ ਹਨ । ਭਾਈ ਤਾਰੂ ਸਿੰਘ ਜੀ, ਭਾਈ ਮਨੀ ਸਿੰਘ ਜੀ, ਮੈਂ ਉਨ੍ਹਾਂ ਦੇ ਅੱਗੇ ਵੀ ਸਿਰ ਝੁਕਾਂਦਾ ਹਾਂ । ਸਾਰੇ ਸੰਸਾਰ ਦਾ ਸਿਰ ਉਨ੍ਹਾਂ ਦੇ ਸਾਹਮਣੇ ਝੁਕਦਾ ਹੈ । ਪਰ ਮੈਂ ਗੁਰੂ ਘਰ ਦਾ ਕੂਕਰ ਹੁੰਦਾ ਹੋਇਆ ਇਹ ਗੱਲ ਨਿਮਰਤਾ ਦੇ ਨਾਲ ਆਖਦਾ ਹਾਂ ਕਿ ਉਨ੍ਹਾਂ ਦੀ ਸ਼ਹੀਦੀ ਅਤੇ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਦੇ ਵਿੱਚ ਇਕ ਫਰਕ ਸੀ ਭਾਵੇਂ ਉਨ੍ਹਾਂ ਸ਼ਹੀਦਾਂ ਦਾ ਵੀ ਬੜਾ ਮੁਸਮਮ ਇਰਾਦਾ ਸੀ, ਬੜਾ ਦਰਿੜ ਡੀਟਰਮੀਨੇਸ਼ਨ ਸੀ, ਪਰ ਉਨ੍ਹਾਂ ਦੇ ਵਕਤ ਮੁਗਲਾਂ ਦੀ ਹਕੂਮਤ ਸੀ, ਜਿਹੜੀ ਜ਼ੁਲਮੋ ਸਿਤਮ ਕਰਦੀ ਸੀ, ਸਿਖਾਂ ਨੂੰ ਗਰਿਫ਼ਤਾਰ ਕਰਕੇ ਕਹਿੰਦੀ ਸੀ ਕਿ ਜਾਂ ਤਾਂ ਦੀਨ ਕਬੂਲ ਕਰ ਲਓ ਜਾਂ ਚਰਖੜੀਆਂ ਤੇ ਚਾੜ ਦਿਆਂਗੇ, ਖੋਪਰੀਆਂ ਲਾਹ ਦਿਆਂਗੇ, ਬੰਦ ਬੰਦ ਕੱਟ ਦਿਆਂਗੇ । ਉਨ੍ਹਾਂ ਦੇ ਵਾਸਤੇ ਇਕ ਪ੍ਰੀਖਿਆ ਹੁੰਦੀ ਸੀ । ਪਰ ਸਰਦਾਰ ਦਰਸ਼ਨ ਸਿੰਘ ਦੇ ਅੱਗੇ ਕੋਈ ਪ੍ਰੀਖਿਆ ਨਹੀਂ ਸੀ, ਕੋਈ ਦਬਾ ਨਹੀਂ ਸੀ । ਕਿਸੇ ਨੇ ਉਨ੍ਹਾਂ ਨੂੰ ਇਹ ਨਹੀਂ ਸੀ ਕਿਹਾ ਕਿ ਤੂੰ ਸ਼ਹੀਦੀ ਦੇ ਨਹੀਂ ਤਾਂ ਤੇਰੇ ਨਾਲ ਇਹ ਸਲੂਕ ਕੀਤਾ ਜਾਵੇਗਾ । ਇਸ ਸ਼ੇਰ ਨੇ, ਇਸ ਸ਼ਹੀਦੇ ਆਜ਼ਮ ਨੇ ਆਪਣੇ ਆਪ ਨੂੰ ਵਲੰਟੈਰੇਲੀ ਸ਼ਹੀਦੀ ਦੇ ਲਈ ਪੇਸ਼ ਕੀਤਾ । ਪਹਿਲੇ ਇਸ ਤਰ੍ਹਾਂ ਕਿਸੇ ਨੇ ਸ਼ਹੀਦੀ ਨਹੀਂ ਦਿੱਤੀ ਸੀ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਸ਼ਹੀਦੀ ਸਾਰੀਆਂ ਸ਼ਹੀਦੀਆਂ ਵਿੱਚੋਂ ਅਜ਼ੀਮ ਸੀ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਕਰਨਾ ਚਾਹੁੰਦਾ ਹਾਂ । ਮੇਰੇ ਬਹੁਤ ਸਾਰੇ ਦੋਸਤਾਂ ਨੂੰ ਇਹ ਨਹੀਂ ਪਤਾ, ਕਈ ਆਨਰੇਬਲ ਮੈਂਬਰ ਵੀ ਇਹ ਗੱਲ ਨਹੀਂ ਜਾਣਦੇ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ 18 ਸਾਲ ਕੈਦ ਕੱਟੀ ਸੀ । ਅੱਜ ਹਿੰਦੁਸਤਾਨ ਵਿੱਚ ਕੋਈ ਆਦਮੀ ਭਾਵੇਂ ਕਾਂਗਰਸ ਦੇ ਨਾਲ ਤਾਲੁਕ ਰਖਣ ਵਾਲਾ ਹੋਵੇ, ਜਾਂ ਕੋਈ ਹੋਰ ਪਾਰਟੀ ਦਾ ਬੰਦਾ ਹੋਵੇ, ਇਸ ਸ਼ਹੀਦ ਦਾ ਮੁਕਾਬਲਾ ਕਰਨ ਵਾਲਾ ਟਾਵਾਂ ਹੀ ਹੋਵੇਗਾ ।

"ਕੋਟਨ ਮੇਂ ਕੋਊ" ਵਾਂਗ ਕੋਈ ਟਾਵਾਂ ਹੀ ਇਸ ਤਰ੍ਹਾਂ ਦਾ ਹੋ ਸਕਦਾ ਸੀ । ਡਿਪਟੀ ਸਪੀਕਰ ਸਾਹਿਬ, ਵਜ਼ੀਰੀ ਲੈ ਲੈਣੀ ਜਾਂ ਸਿਆਸੀ ਅਹੁਦੇ ਲੈ ਲੈਣੇ ਕਿਸਮਤ ਦੀਆਂ ਗੱਲਾਂ ਹਨ । ਕੁਰਬਾਨੀ ਹੋਰ ਚੀਜ਼ ਹੁੰਦੀ ਹੈ । ਕੁਰਬਾਨੀਆਂ ਕਰਨ ਵਾਲੇ ਗਿਣਤੀਆਂ ਮਿਣਤੀਆਂ ਵਿੱਚ ਨਹੀਂ ਰਹਿੰਦੇ । ਦਰਸ਼ਨ ਸਿੰਘ ਫੇਰੂਮਾਨ ਬੜੇ ਮੁਸਮਮ ਇਰਾਦੇ ਵਾਲੇ ਅਤੇ ਬੜੇ ਕਰੜੇ ਮਨ ਵਾਲੇ ਸ਼ਹੀਦ ਸੀ । ਇਨ੍ਹਾਂ ਦੇ ਨਾਲ ਕੈਦ ਕੱਟਣ ਵਾਲਿਆਂ ਨੇ ਮੈਨੂੰ ਦਸਿਆ ਹੈ ਕਿ ਜਦੋਂ ਉਨ੍ਹਾਂ ਨੂੰ ਕੋਠੜੀ ਦੇ ਵਿੱਚ ਬੰਦ ਕੀਤਾ ਜਾਂਦਾ ਸੀ ਤਾਂ ਉਹ ਦਰਵਾਜ਼ੇ ਦੇ ਵਲ ਪਿਠ ਕਰਕੇ ਬੈਠਦੇ ਸੀ । ਕਿਸੇ ਨੇ ਪੁਛਿਆ ਕਿ ਦਰਸ਼ਨ ਸਿੰਘ ਇਹ ਤੂੰ ਕਿਉਂ ਕਰਦਾ ਏਂ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ "ਇਨਸਾਨ ਵਿੱਚ ਆਖਿਰ ਕਮਜ਼ੋਰੀ ਆ ਹੀ ਜਾਂਦੀ ਹੈ । ਜੇ ਦਰਵਾਜ਼ੇ ਦੇ ਵਲ ਮੂੰਹ ਹੋਵੇ ਤਾਂ ਬਾਹਰ ਚਲਦੇ ਫਿਰਦੇ ਬੰਦਿਆਂ ਨੂੰ ਦੇਖੀਏ ਤਾਂ ਮਨ ਕਈ ਵਾਰੀ ਡੋਲ ਜਾਂਦਾ ਹੈ ਇਸ ਲਈ ਦਰਵਾਜ਼ੇ ਦੇ ਵਲ ਪਿਠ ਕਰ ਲਈਦੀ ਹੈ ਕਿ ਨਾ ਕੋਈ ਦਿਸੇ ਅਤੇ ਨਾ ਮਨ ਡੋਲੇ ।" ਇਸ ਤਰ੍ਹਾਂ ਸ਼ਾਨ ਦੇ ਨਾਲ ਕੈਦ ਕਟਣੀ ਉਨ੍ਹਾਂ ਦਾ ਹੀ ਕੰਮ ਸੀ । ਇਹ ਕਿਸੇ ਕਿਸੇ ਦੇ

ਹਿੱਸੇ ਆਉਂਦਾ ਹੈ । ਇਹ ਦੇਖਣ ਵਾਲੀ ਗੱਲ ਹੈ ਕਿ ਸਿਆਸਤਦਾਨ ਅਤੇ ਹਿਸਟੋਰੀਅਨ ਉਨ੍ਹਾਂ ਨੂੰ ਕੀ ਦਰਜਾ ਦਿੰਦੇ ਹਨ। ਉਨ੍ਹਾਂ ਨੇ ਆਪਣੀ ਜਗ੍ਹਾ ਆਪ ਬਣਾਈ ਹੈ । ਇਸੇ ਕਰਕੇ ਹੀ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਸ਼ਹੀਦੀ ਕਿਸੇ ਦੇ ਕਹਿਣ ਦੀ ਜਾਂ ਕਿਸੇ ਰੈਜੋਲੀਊਸ਼ਨ ਦੀ ਮੁਹਤਾਜ ਨਹੀਂ ਹੈ । ਮੈਨੂੰ ਖੁਸ਼ੀ ਹੁੰਦੀ ਕਿ ਇਹ ਰੈਜੋਲਿਊਸ਼ਨ ਜੋ ਸਰਦਾਰ ਬਸੰਤ ਸਿੰਘ ਜੀ ਨੇ ਪੇਸ਼ ਕੀਤਾ ਹੈ, ਇਹ ਗੌਰਮਿੰਟ ਪੇਸ਼ ਕਰਦੀ ਤਾਂ ਮੈਂ ਇਨ੍ਹਾਂ ਦੇ ਅੱਗੇ ਵੀ ਸਿਰ ਝੁਕਾਂਦਾ।ਕਿਉਂਕਿ ਇਹ ਗੌਰਮਿੰਟ ਜੋ ਸਿਖੀ ਦੇ ਵਾਸਤੇ ਪਾਕੇ, ਪੰਥ ਦੇ ਵਾਸਤੇ ਪਾਕੇ, ਗੁਰੂ ਘਰ ਦੇ ਵਾਸ਼ਤੇ ਪਾਕੇ, ਝੋਲੀਆਂ ਅੱਡ ਕੇ ਵੋਟਾਂ ਲੈ ਕੇ ਆਈ ਅਤੇ ਗੱਦੀਆਂ ਸਾਂਭੀ ਬੈਠੀ ਹੈ, ਇਸ ਨੂੰ ਉਸ ਸ਼ਹੀਦੇ ਆਜ਼ਮ ਲਈ ਕੋਈ ਯਾਦਗਾਰ ਕਾਇਮ ਕਰਨੀ ਚਾਹੀਦੀ ਸੀ ਜਿਸ ਨੇ ਸਿਖੀ ਦਾ ਨਮੂਨਾ ਲੋਕਾਂ ਦੇ ਸਾਹਮਣੇ ਸਾਰੇ ਜਗਤ ਦੇ ਸਾਹਮਣੇ ਰਖਿਆ ਹੈ । ਫਿਰ ਵੀ ਮੈਂ ਸਰਦਾਰ ਬਸੰਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਹ ਰੈਜੋਲਿਊਸ਼ਨ ਲਿਆਂਦਾ ਹੈ।

ਡਿਪਟੀ ਸਪੀਕਰ ਸਾਹਿਬ, ਇਹ ਸਰੀਰ, ਜਿਸ ਦੇ ਵਾਸਤੇ ਦੁਨੀਆਂ ਦੇ ਸਾਰੇ ਪਾਪੜ ਵੇਲੇ ਜਾਂਦੇ ਹਨ, ਇਸ ਨੇ ਵੀ ਗੁਡ ਬਾਈ ਕਹਿ ਜਾਣਾ ਹੈ ।

"ਜੋ ਆਇਆ ਸੋ ਚਲਸੀ ।"

ਦੇ ਮੁਤਾਬਕ ਇਸ ਨੇ ਚਲੇ ਹੀ ਜਾਣਾ ਹੈ। ਗੱਦੀਆਂ ਸਾਂਭੀ ਬੈਠੇ ਕਈ ਇਹ ਸਮਝਦੇ ਹਨ ਕਿ ਉਹ ਤਾਂ ਸਾਰਿਆਂ ਨੂੰ ਗੁਡ ਬਾਈ ਕਹਿ ਜਾਂਦੇ ਹਨ ਪਰ ਉਨ੍ਹਾਂ ਦੇ ਸਰੀਰ ਨੇ ਕਦੇ ਉਨ੍ਹਾਂ ਨੂੰ ਗੁਡ ਬਾਈ ਨਹੀਂ ਕਹਿਣਾ। ਪਰ ਇਹ ਸ਼ਰੀਰ ਤਾਂ ਨਾਸ਼ਵਾਨ ਹੈ। ਇਸ ਨੂੰ ਨਾਸ਼ਵਾਨ ਨਾ ਮੰਨਣਾ ਬੜੀ ਭਾਰੀ ਗਲਤੀ ਹੈ । ਪਰ, ਡਿਪਟੀ ਸਪੀਕਰ ਸਾਹਿਬ ਜਿਹੜੇ ਆਦਮੀ ਕਿਸੇ ਕਾਜ਼ ਲਈ ਕੁਰਬਾਨੀ ਦਿੰਦੇ ਹਨ ਉਹ ਮਰਦੇ ਨਹੀਂ ਹਨ । ਇਕ ਸ਼ਾਇਰ ਦੀਆਂ ਕੁਝ ਲਾਈਨਾਂ ਮੈਨੂੰ ਯਾਦ ਆਉਂਦੀਆਂ ਹਨ ।

"ਗੁਰਮੁਖ ਸਦਾ ਜੀਤੇ, ਮਰਤੇ ਕਭੀ ਨਹੀਂ,
ਜਿਨ ਕੀ ਜ਼ਬਾਂ ਪਰ ਹਰ ਵਕਤ,
ਸਤਿਨਾਮ ਵਾਹਿਗੁਰੂ ਰਹਿਤਾ ਹੈ ।"

ਡਿਪਟੀ ਸਪੀਕਰ ਸਾਹਿਬ, ਮੈਂ ਅਖਰੀਲੇ ਦਿਨਾਂ ਵਿੱਚ ਕਈ ਵਾਰੀ ਸਰਦਾਰ ਦਰਸ਼ਨ ਸਿੰਘ ਜੀ ਫੇਰੂਮਾਨ ਨੂੰ ਮਿਲਣ ਲਈ ਗਿਆ । ਮੇਰੇ ਉਨ੍ਹਾਂ ਨਾਲ ਪਿਛਲੇ 30, 40 ਸਾਲਾਂ ਤੋਂ ਜ਼ਾਤੀ ਸਬੰਧ ਸਨ । ਉਹ ਮੇਰੇ ਨਾਲ ਦਿੱਡ ਦੀਆਂ ਗੱਲਾਂ ਕਰ ਲੈਂਦੇ ਸੀ। ਉਨ੍ਹਾਂ ਨੂੰ ਕਈ ਸੱਜਣਾਂ ਨੇ ਕਹਿਣਾ, ਮੇਰੇ ਬੈਠੇ ਹੁੰਦੇ ਹੋਏ ਕਹਿਣਾ, "ਦਰਸ਼ਨ ਸਿੰਘ ਜੀ ਕੋਈ ਰਸਤਾ ਨਹੀਂ ?" ਤਾਂ ਉਨ੍ਹਾਂ ਨੇ ਹਸ ਕੇ ਕਹਿਣਾ, "ਮੈਨੂੰ ਤਾਂ ਰਸਤਾ ਸਿਧਾ ਨਜ਼ਰ ਆ ਰਿਹਾ ਹੈ। ਤੁਹਾਨੂੰ ਇਸ ਲਈ ਨਜ਼ਰ ਨਹੀਂ ਆਉਂਦਾ ਕਿਉਂਕਿ ਤੁਸੀਂ ਮਾਇਆ ਵਿੱਚ ਫਸੇ ਹੋਏ ਹੋ । ਮੈਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਰੋਜ਼ ਰਸਤਾ ਦਿੰਦੇ ਹਨ, ਵਾਰ ਵਾਰ ਥਾਪੀਆਂ ਅਤੇ ਅਸੀਸਾਂ ਮੈਨੂੰ ਉਨ੍ਹਾਂ ਦੇ ਕੋਲੋਂ ਮਿਲਦੀਆਂ ਹਨ, ਇਸ ਲਈ ਰਸਤਾ ਤੁਹਾਨੂੰ ਬੇਸ਼ਕ ਨਹੀਂ ਦਿਸਦਾ ਮੈਨੂੰ ਤਾਂ ਖੁਲ੍ਹਾ ਦਿਸਦਾ ਹੈ ।"

ਮੌਤ ਨੂੰ, ਡਿਪਟੀ ਸਪੀਕਰ ਸਾਹਿਬ, ਬਿਲੀ ਨਾਲ ਤਸ਼ਬੀਹ ਦਿੱਤੀ ਗਈ ਹੈ, ਭਾਵ ਕਾਲ ਰੂਪੀ ਬਿਲੀ ਅਤੇ ਇਨਸਾਨ ਨੂੰ ਚੂਹੇ ਨਾਲ ਤਸਬੀਹ ਦਿੱਤੀ ਗਈ ਹੈ । ਇਹ ਕਾਲ ਰੂਪੀ ਬਿਲੀ ਜਿਸ ਵੇਲੇ ਇਨਸਾਨ ਮਰਦਾ ਹੈ, ਇਹ ਉਸ ਨੂੰ ਚੂਹੇ ਵਾਂਗ ਚਬਦੀ ਹੈ ਅਤੇ ਉਸ ਦਾ ਕੜਾਕਾ ਕਢਦੀ ਹੈ । ਲੇਕਿਨ ਕਿਨ੍ਹਾਂ ਦਾ ਕੜਾਕਾ ਕੱਢਦੀ ਹੈ, ਉਨ੍ਹਾਂ ਦਾ, ਜਿਹੜੇ ਕੁਕਰਮੀ ਹਨ। ਜਿਹੜੇ ਕਦੇ ਕੁਝ ਹੋਰ ਹਨ ਅਤੇ

[ਮੇਜਰ ਹਰਿੰਦਰ ਸਿੰਘ]

ਕਦੇ ਕੁਝ ਹੋਰ ਹਨ । ਬਿਲੀ ਦੇ ਦੋ ਕੰਮ ਹੁੰਦੇ ਹਨ; ਚੂਹੇ ਨੂੰ ਖਾਣਾ ਅਤੇ ਇਕ ਹੋਰ ਕੰਮ ਹੁੰਦਾ ਹੈ ਜਿਸ ਤਰ੍ਹਾਂ ਕਿ ਆਮ ਮਸਾਲ ਮਸ਼ਹੂਰ ਹੈ ਕਿ ਇਹ ਆਪਣੇ ਬੱਚਿਆਂ ਨੂੰ ਆਪਣੇ ਮੂੰਹ ਵਿੱਚ ਲੈਕੇ ਸਤ ਘਰਾਂ ਵਿੱਚ ਫਿਰਦੀ ਹੈ, ਭਾਵ ਜਗ੍ਹਾ ਬਦਲ ਕਰਦੀ ਹੈ । ਜਿਹੜੇ ਗੁਰਮੁਖ ਸੱਜਣ ਹਨ, ਕਿਸੇ ਰੂਲ ਵਾਸਤੇ ਜ਼ਿੰਦਾ ਹਨ, ਜਾਂ ਆਪਣੀ ਕੁਰਬਾਨੀ ਦਿੰਦੇ ਹਨ, ਇਹ ਕਾਲ ਰੂਪੀ ਬਿਲੀ ਉਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਆਪਣੇ ਮੂੰਹ ਵਿੱਚ ਫੜ ਕੇ ਸਿਰਫ ਸਥਾਨ ਬਦਲ ਕਰਦੀ ਹੈ। ਲੇਕਿਨ ਜਿਹੜੇ ਚੰਗੇ ਕੰਮ ਨਹੀਂ ਕਰਦੇ, ਇਹ ਕਾਲ ਰੂਪੀ ਬਿਲੀ ਉਨ੍ਹਾਂ ਨੂੰ ਚੂਹਿਆਂ ਵਾਂਗ ਚਬਦੀ ਹੈ ਅਤੇ ਉਨ੍ਹਾਂ ਦੇ ਅੜਾਟ ਕਢਾਉਂਦੀ ਹੈ । ਜਿਹੜੇ ਸੱਚੇ ਅਤੇ ਸੁੱਚੇ ਸ਼ਹੀਦ ਹਨ ਉਨ੍ਹਾਂ ਦਾ ਸਿਰਫ ਚੋਲਾ ਹੀ ਬਦਲ ਹੁੰਦਾ ਹੈ । (ਥੰਪਿੰਗ) ਸ਼ਹੀਦ ਮਰਿਆ ਨਹੀਂ ਕਰਦੇ ਔਰ ਨਾ ਹੀ ਉਨ੍ਹਾਂ ਨੂੰ ਕੋਈ ਮਾਰ ਸਕਦਾ ਹੈ ।

ਇਕ ਮੈਂ ਸ਼ਬਦ ਦੀ ਤੁਕ ਹੋਰ ਸੁਣਾਉਂਦਾ ਹਾਂ ਫੇਰ ਮੈਂ ਆਪ ਕੋਲੋਂ ਖਿਮਾਂ ਮੰਗਾਂਗਾ ਕਿਉਂਕਿ ਤੁਹਾਡੀ ਅੱਖ ਗਹਿਰੀ ਹੋ ਗਈ ਹੈ ।

ਸ੍ਰੀ ਡਿਪਟੀ ਸਪੀਕਰ : ਹਾਲੇ ਤਾਂ ਟਾਈਮ ਹੈਗਾ । (Time is still there)

ਮੇਜਰ ਹਰਿੰਦਰ ਸਿੰਘ : ਤੁਕ ਹੈ :

"ਗੁਰਮੁਖ ਜਨਮ ਸੰਵਾਰੁ ਦਰਗਹਿ ਚਲਿਆ
ਸਚੀ ਦਰਗਾਹ ਜਾਏ ਸਚਾ ਪਿੜ ਮਲਿਆ ।"

ਇਸ ਦੇ ਵਿਸਥਾਰ ਵਿੱਚ ਮੈਂ ਨਹੀਂ ਜਾਂਦਾ । ਜਿਨ੍ਹਾਂ ਨੂੰ ਬਾਣੀ ਨਾਲ ਸ਼ਰਧਾ ਹੈ, ਮੈਂ ਡਿਪਟੀ ਸਪੀਕਰ ਸਾਹਿਬ, ਅਰਜ਼ ਕਰਾਂ ਕਿ, ਬਾਣੀ ਪੜ੍ਹਨੀ ਹੋਰ ਚੀਜ਼ ਹੈ ਅਤੇ ਇਸ ਨੂੰ ਸਮਝਣਾ ਹੋਰ ਚੀਜ਼ ਹੈ। ਜਿਹੜੇ ਇਸ ਨੂੰ ਸਮਝਦੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਇਹ ਸ਼ਬਦ ਕਿਥੋਂ ਤਕ ਠੀਕ ਹੈ । ਇਸ ਦੇ ਵਿਸਥਾਰ ਵਿੱਚ ਮੈਂ ਨਹੀਂ ਜਾਣਾ ਚਾਹੁੰਦਾ ਹਾਂ ।

ਮੈਂ ਸ਼ਹੀਦੇ ਆਜ਼ਮ ਜਿਨ੍ਹਾਂ ਦੀ ਸਾਡੇ ਦਿਲੋ ਦਿਮਾਗ ਵਿੱਚ ਬੜੀ ਕਦਰ ਹੈ, (ਵਿਘਨ) ਜਿਨ੍ਹਾਂ ਦੀ ਵਜ੍ਹਾ ਕਰਕੇ (ਘੰਟੀ) (ਵਿਘਨ) ਮੈਂ ਉਨ੍ਹਾਂ ਕੁਰਸੀਆਂ ਤੇ ਵੀ ਬੈਠਾ ਰਿਹਾ ਹਾਂ (ਟ੍ਰੇਜ਼ਰੀ ਬੈਂਚਿਜ਼ ਵਲ ਇਸ਼ਾਰਾ) ਅਤੇ ਅੱਜ ਇਸ ਕੁਰਸੀ ਤੇ ਬੈਠਾ ਹਾਂ, ਇਹ ਅੱਜ ਸਾਡੇ ਵਿੱਚ ਨਹੀਂ ਹਨ, ਮੈਂ ਇਨ੍ਹਾਂ ਨੂੰ ਹਾਰਦਿਕ ਸ਼ਰਧਾਂਜਲੀ ਪੇਸ਼ ਕਰਦਾ ਹਾਂ । ਜੋ ਸਰਦਾਰ ਕਿਰਪਾਲ ਸਿੰਘ ਨੇ ਅਮੈਂਡਮੈਂਟ ਦਿੱਤੀ ਹੈ, ਉਸ ਦੀ ਵੀ ਪੁਰਜ਼ੋਰ ਸ਼ਬਦਾਂ ਨਾਲ ਤਾਈਦ ਕਰਦਾ ਹਾਂ। (ਘੰਟੀ) ਇੰਨਾਂ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹੋਇਆ ਬੈਠਦਾ ਹਾਂ ।

ਕਾਮਰੇਡ ਦਰਸ਼ਨ ਸਿੰਘ ਝਬਾਲ: (ਅਟਾਰੀ ਐਸ.ਸੀ.):ਹਾਊਸ ਦੇ ਸਾਹਮਣੇ ਇਹ ਜਿਹੜਾ ਮਤਾ ਸਰਦਾਰ ਦਰਸ਼ਨ ਸਿੰਘ ਸ਼ਹੀਦ ਦੀ ਯਾਦਗਾਰ ਬਨਾਉਣ ਬਾਰੇ ਹੈ, ਇਸ ਦੇ ਮੂਵਰ ਨਾਲ ਭਾਵੇਂ ਸਾਡੇ ਖਿਆਲਾਂ ਵਿੱਚ ਖ਼ਲਾਫਤ ਹੋਵੇ, ਪਰ ਇਹ ਜਿਹੜੀ ਸਿਫਾਰਸ਼ ਉਨ੍ਹਾਂ ਨੇ ਹਾਊਸ ਨੂੰ ਕੀਤੀ ਹੈ, ਇਹ ਬੜੀ ਜਾਇਜ਼ ਔਰ ਹਾਲਾਤ ਦੇ ਮੁਤਾਬਿਕ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਸਰਦਾਰ ਦਰਸ਼ਨ ਸਿੰਘ ਨੇ ਮਰਨ ਵਰਤ ਰਖਿਆ ਸੀ ਉਸ ਵੇਲੇ ਕਈ ਕਿਸਮ ਦੀਆਂ ਗੱਲਾਂ ਚਲਦੀਆਂ ਸਨ। ਇਕ ਤੌਖਲਾ ਵੀ ਸਾਹਮਣੇ ਆਉਂਦਾ ਸੀ । ਜਦੋਂ ਸ਼ੁਰੂ ਵਿੱਚ ਉਨ੍ਹਾਂ ਨੇ ਆਪਣਾ ਇਲਾਨ ਛਾਪਿਆ ਸੀ ਕਿ ਕੁੰਡਾਂ ਵਿੱਚ ਜਾ ਕੇ ਉਨ੍ਹਾਂ ਨੇ ਸੜਨਾ ਹੈ, ਹੋਰ ਵੀ ਐਸੀਆਂ ਗੱਲਾਂ ਸਨ ਜਿਹੜੀਆਂ ਕਿ ਇਹ ਤੌਖਲਾ ਪਦਾ ਕਰਦੀਆਂ ਸਨ ਕਿ ਪੰਜਾਬ ਵਿੱਚ ਐਸੇ ਹਾਲਾਤ ਨਾ ਬਣਾਏ ਜਾਣ ਜਿਸ ਨਾਲ ਕਿ ਪੰਜਾਬ ਨੂੰ ਮੁੜ

ਕੇ ਫੇਰ ਭੈੜੀ ਮੁਸੀਬਤ ਦਾ ਸਾਹਮਣਾ ਕਰਨਾ ਪਵੇ । ਪਰ ਜਦ ਕਾਫੀ ਦਿਨ ਹੋ ਗਏ ਤਾਂ ਸਾਰੀਆਂ ਸਿਆਸੀ ਪਾਰਟੀਆਂ ਇਹ ਮਹਿਸੂਸ ਕਰਦੀਆਂ ਸਨ ਕਿ ਜੋ ਉਨ੍ਹਾਂ ਨੇ ਕਦਮ ਚੁਕੇ ਹਨ । ਉਸ ਤੇ ਉਨ੍ਹਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਔਰ ਇਨ੍ਹਾਂ ਨੇ ਇਸ ਹਾਲਾਤ ਨੂੰ ਮੁੱਖ ਰਖਦੇ ਹੋਏ ਇਹ ਫੈਸਲਾ ਕੀਤਾ ਮੇਰੇ ਮਰਨ ਵਰਤ ਦਾ ਸਬੰਧ ਸਿਰਫ ਚੰਡੀਗੜ੍ਹ ਨਾਲ ਹੈ ਅਤੇ ਮੇਰੀ ਕੇਂਦਰ ਨਾਲ ਲੜਾਈ ਹੈ । ਇਸ ਤੇ ਸਾਰੀਆਂ ਪਾਰਟੀਆਂ ਨੇ ਕੇਂਦਰ ਤੇ ਜ਼ੋਰ ਦਿੱਤਾ ਕਿ ਕੇਂਦਰ ਨੂੰ ਉਨ੍ਹਾਂ ਦੀ ਮੰਗ ਮੰਨ ਲੈਣੀ ਚਾਹੀਦੀ ਹੈ ਔਰ ਉਨ੍ਹਾਂ ਨੂੰ ਇਸ ਹਾਲਤ ਤਕ ਨਹੀਂ ਪਹੁੰਚਣ ਦੇਣਾ ਚਾਹੀਦਾ ਕਿ ਉਹ ਸ਼ਹਾਦਤ ਦੇਣ ਤਕ ਪਹੁੰਚ ਜਾਣ । ਪਰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੀ ਗੱਲ ਬਾਅਦ ਵਿੱਚ ਹੋਈ ਹੈ ਜੇ ਇਹ ਗੱਲ ਪਹਿਲਾਂ ਹੋ ਜਾਂਦੀ ਤਾਂ ਉਨਾਂ ਦੀ ਸ਼ਹੀਦੀ ਹੋਣ ਤੋਂ ਬਚ ਜਾਂਦੀ ।

(ਇਸ ਸਮੇਂ ਸਰਦਾਰ ਸ਼ਸ਼ਪਾਲ ਸਿੰਘ ਜੀ ਨੇ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਇਹ ਮਸਲਾ ਨਿਰਾ ਪੰਜਾਬ ਵਿੱਚ ਨਹੀਂ ਹੈ ਬਲਕਿ ਇਹ ਹਿੰਦੁਸਤਾਨ ਦੇ ਹੋਰ ਸੂਬਿਆਂ ਵਿੱਚ ਵੀ ਹੈ ਕਿ ਬੋਲੀ ਦੇ ਆਧਾਰ ਤੇ ਇਲਾਕੇ ਵੰਡੇ ਜਾਣੇ ਚਾਹੀਦੇ ਹਨ । ਇਸ ਚੀਜ਼ ਦੀ ਕਾਂਗਰਸ ਪਹਿਲਾਂ ਮੰਗ ਕਰਦੀ ਰਹੀ ਸੀ ਕਿ ਬੋਲੀ ਦੇ ਆਧਾਰ ਤੇ ਸੂਬੇ ਬਣਨੇ ਚਾਹੀਦੇ ਹਨ । ਇਸ ਸਬੰਧ ਵਿੱਚ ਆਂਧਰਾ ਵਿੱਚ ਅਤੇ ਕਈ ਹੋਰ ਸੂਬਿਆਂ ਵਿੱਚ ਸ਼ਹੀਦੀਆਂ ਹੋਈਆਂ । ਇਸ ਕਰਕੇ ਸਾਡੇ ਪੰਜਾਬ ਵਿੱਚ ਵੀ ਇਕ ਫਿਰਕੂ ਪਾਲਿਸੀ ਨੂੰ ਸਾਹਮਣੇ ਰਖ ਕੇ ਬੋਲੀ ਦੇ ਅਧਾਰ ਤੇ ਸੂਬਾ ਨਾ ਬਨਾਉਣ ਕਰਕੇ ਇਹ ਹਲਾਤ ਪੈਦਾ ਹੋਏ, ਜਿਸ ਕਰਕੇ ਸਰਦਾਰ ਦਰਸ਼ਨ ਸਿੰਘ ਹੋਰਾਂ ਨੂੰ ਇਹ ਕਦਮ ਚੁਕਣੇ ਪਏ । ਅਖੀਰ ਉਹ ਸ਼ਹੀਦ ਹੋਏ । ਇਹ ਠੀਕ ਹੈ ਹੁਣ ਮੇਜਰ ਸਾਹਿਬ ਵੀ ਇਸ ਮਤੇ ਦੀ ਹਮਾਇਤ ਕਰਦੇ ਹਨ ਅਤੇ ਇਸ ਮਤੇ ਤੇ ਫੇਵਰ ਵਿੱਚ ਬੋਲੇ ਹਨ। ਇਕ ਸਵਾਲ ਹੈ ਕਿ ਕੀ ਇਹ ਕੇਂਦਰ ਦੀ ਜ਼ਿੰਮੇਵਾਰੀ ਨਹੀਂ ਬਣਦੀ ਸੀ ਕਿ ਜਿੱਥੇ ਹੁਣ ਫੈਸਲਾ ਹੋਇਆ ਹੈ ਇਹ ਫੈਸਲਾ ਪਹਿਲਾਂ ਵੀ ਹੋ ਸਕਦਾ ਸੀ । ਪਰ ਇਹ ਜਾਣ ਕੇ ਨਹੀਂ ਕੀਤਾ ਗਿਆ । ਇਨ੍ਹਾਂ ਦੀ (ਵਿਘਨ) ਜਾਇਜ਼ ਮੰਗ ਨੂੰ ਠੁਕਰਾਇਆ ਗਿਆ ।

ਚੇਅਰਮੈਨ ਸਾਹਿਬ, ਮੈਨੂੰ ਇਹ ਵੀ ਯਾਦ ਹੈ ਕਿ ਜਦੋਂ ਮਰਨ ਵਰਤ ਸ਼ੁਰੂ ਸੀ ਉਸ ਵੇਲੇ ਕਈ ਕਿਸਮ ਦੀਆਂ ਗੱਲਾਂ ਚਲਦੀਆਂ ਸਨ, ਜਿੱਥੇ ਕਾਂਗਰਸੀਆਂ ਨੇ ਇਹ ਕੁਝ ਕੀਤਾ ਉਥੇ ਅਕਾਲੀ ਪਾਰਟੀ ਨੇ ਆਪਣੇ ਲਾਭਾਂ ਨੂੰ ਮੁੱਖ ਰਖਦਿਆਂ ਉਹਦੀ ਮੰਗ ਨੂੰ ਇਸ ਗੱਲ ਨਾਲ ਜੋੜ ਲਿਆ ਕਿ ਇਹ ਉਨ੍ਹਾਂ ਦੇ ਖਿਲਾਫ਼ ਪਰਚਾਰ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੇ ਜਨਰਲ ਸੈਕਟਰੀ ਸਰਦਾਰ ਜੀਵਨ ਸਿੰਘ ਉਮਰਾਨੰਗਲ ਨੇ ਐਸੀਆਂ ਤਕਰੀਰਾਂ ਕੀਤੀਆਂ ਜਿਸ ਦਾ ਕਿ ਸਭ ਨੂੰ ਪਤਾ ਹੈ । ਪਰ ਉਹ ਮਰਨਾ ਚਾਹੁੰਦੇ ਸਨ । ਜਥੇਦਾਰ ਮੋਹਣ ਸਿੰਘ ਤੁੜ ਨੇ ਕਿਹਾ ਕਿ ਉਨ੍ਹਾਂ ਨੇ ਕਿਹਾ ਸੀ ਕਿ ਮੈਨੂੰ ਮਰਨਾ ਪੈ ਰਿਹਾ,ਇਨ੍ਹਾਂ ਨੇ ਇਰਾਦਾ ਕੀਤਾ ਹੈ ਮੈਨੂੰ ਮਾਰਨ ਦਾ। ਇਹ ਇਕ ਜਾਇਜ਼ ਮੰਗ, ਜਿਹੜੀ ਕਿ ਸਾਰੇ ਪੰਜਾਬੀਆਂ ਦੀ ਮੰਗ ਸੀ ਉਸ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਮੇਰੇ ਕਹਿਣ ਦਾ ਮਤਲਬ ਕਿ ਉਨ੍ਹਾਂ ਨੇ ਆਪਣੇ ਲਾਭਾਂ ਨੂੰ ਮੁੱਖ ਰਖਿਆ ਅਤੇ ਜੇ ਇਹ ਇਸ ਨੂੰ ਅਪਣਾ ਲੈਂਦੇ ਤਾਂ ਫੇਰ ਇਹ ਨੌਬਤ ਨਹੀਂ ਆਉਣੀ ਸੀ । ਪਰ ਇਸ ਦੇ ਨਾਲ ਹਾਲਾਤ ਨੇ ਹੋਰ ਮੋੜ ਖਾਧਾ । ਜਿਹੜੀ ਸਾਰੀ ਪਾਰਟੀਆਂ ਦੀ ਕਮੇਟੀ ਬਣੀ ਸੀ, ਉਸ ਨੇ ਦਿੱਲੀ ਦੀ ਕੇਂਦਰ ਦੀ ਸਰਕਾਰ ਤੇ ਜ਼ੋਰ ਦਿੱਤਾ। ਇਥੇ ਮੁਜ਼ਾਹਿਰਾ ਹੋਇਆ ਸੀ। ਭਾਵ ਜਿਨਾਂ ਪੰਜਾਬੀ ਬੋਲਦਾ ਇਲਾਕਾ ਪੰਜਾਬ ਤੋਂ ਬਾਹਰ ਹੈ, ਚੰਡੀਗੜ ਹੈ ਉਸ ਨੂੰ ਪੰਜਾਬ ਵਿੱਚ ਮਿਲਾਇਆ ਜਾਵੇ । ਇਹ ਜਿਹੜੀ ਲੜਾਈ ਜਾਰੀ ਸੀ, ਚੰਡੀਗੜ੍ਹ ਜਿਹੜਾ ਮਿਲਿਆ ਹੈ, ਇਹ ਉਸ ਦੀ ਇਕ ਪਰਾਪਤੀ ਹੈ। ਸਾਰੀਆਂ ਪਾਰਟੀਆਂ ਜਿਹੜੀਆਂ

[ਕਾਮਰੇਡ ਦਰਸ਼ਨ ਸਿੰਘ ਝਬਾਲ]

ਇਸ ਵਾਸਤੇ ਲੜੀਆਂ ਚਾਹੇ ਉਨ੍ਹਾਂ ਦਾ ਸਿਆਸੀ ਮਕਸਦ ਕੁਝ ਹੋਰ ਸੀ, ਪਰ ਸਰਦਾਰ ਦਰਸ਼ਨ ਸਿੰਘ ਪੰਜਾਬੀਆਂ ਵਾਸਤੇ ਲੜਿਆ । ਇਨ੍ਹਾਂ ਦੀ ਸ਼ਹੀਦੀ ਨੂੰ ਸਾਰੇ ਪੰਜਾਬੀ ਮੰਨਦੇ ਸਨ ।

ਇਹ ਜਿਹੜਾ ਮਤਾ ਸਰਦਾਰ ਬਸੰਤ ਸਿੰਘ ਹੋਰਾਂ ਲਿਆਂਦਾ ਹੈ ਕਿ ਇਨ੍ਹਾਂ ਦਾ ਮੈਮੋਰੀਅਲ ਬਨਾਉਣਾ ਚਾਹੀਦਾ ਹੈ, ਇਸ ਬਾਰੇ ਮੈਂ ਸਮਝਦਾ ਹਾਂ ਕਿ ਇਸ ਨੂੰ ਸਰਵਸੰਮਤੀ ਨਾਲ ਪਰਵਾਨ ਕਰ ਲੈਣਾ ਚਾਹੀਦਾ ਹੈ । ਸ਼ਹੀਦਾਂ ਦੀ ਯਾਦਗਾਰ ਬਣਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੀ ਨਸਲ ਇਸ ਤੋਂ ਉਤਸ਼ਾਹ ਲਵੇ ਅਤੇ ਪੰਜਾਬ ਦੇ ਭਲੇ ਲਈ ਕੰਮ ਕਰ ਸਕੇ । ਇਨ੍ਹਾਂ ਲਫਜ਼ਾਂ ਨਾਲ ਮੈਂ ਚੇਅਰਮੈਨ ਸਾਹਿਬ, ਆਪ ਦਾ ਧੰਨਵਾਦ ਕਰਦਾ ਹੋਇਆ ਅਤੇ ਮਤੇ ਦੀ ਪਰੋੜਤਾ ਕਰਦਾ ਹੋਇਆ ਬੈਠਦਾ ਹਾਂ ।

ਜਥੇਦਾਰ ਮੋਹਨ ਸਿੰਘ ਤੁੜ (ਰਾਜ ਮੰਤਰੀ) : ਚੇਅਰਮੈਨ ਸਾਹਿਬ, ਸਾਨੂੰ ਸਮੁੱਚੇ ਪੰਜਾਬ ਵਿਚ ਰਹਿਣ ਵਾਲਿਆਂ ਨੂੰ, ਪੰਜਾਬ ਦਿਆਂ ਗੁੰਝਲਦਾਰ ਮਸਲਿਆਂ ਨੂੰ ਹੱਲ ਕਰਨ ਵਾਲਿਆਂ ਨੂੰ, ਬੜੀ ਕਰੜੀ ਮਿਹਨਤ ਵਿੱਚੋਂ ਲੰਘਣਾ ਪਿਆ ਹੈ । ਜਦ ਇਹ ਮਸਲਾ ਬੋਲੀਆਂ ਦਾ ਚਲ ਰਿਹਾ ਸੀ ਤਾਂ ਉਸ ਵੇਲੇ ਪੰਜਾਬ ਦੇ ਵਿੱਚ ਕਾਂਗਰਸ ਦਾ ਰਾਜ ਸੀ । ਅਗਰ ਇਹ ਇਨ੍ਹਾਂ ਮਸਲਿਆਂ ਨੂੰ ਸੈਂਟਰ ਤੇ ਜ਼ੋਰ ਦੇ ਕੇ ਸੁਲਝਾਉਂਦੀ ਤਾਂ ਅੱਜ ਇਹ ਪੰਜਾਬ ਤੇ ਮੁਸੀਬਤ ਨਾ ਆਉਂਦੀ । (ਤਾੜੀਆਂ) ਪੰਜਾਬ ਵਿੱਚ ਅਮਨ ਰਹਿੰਦਾ । ਲੋਕਾਂ ਨੂੰ ਜੇਲ੍ਹਾਂ ਵਿੱਚ ਨਾ ਜਾਣਾ ਪੈਂਦਾ । ਨਾ ਲੋਕਾਂ ਦੇ ਘਰ ਉਜਾੜੇ ਜਾਂਦੇ ਅਤੇ ਨਾ ਜੇਲ੍ਹਾਂ ਵਿੱਚ ਗੋਲੀਆਂ ਚਲਦੀਆਂ । ਇਹ ਸਭ ਇਨਾਂ ਦੀ ਜ਼ਿੰਮੇਵਾਰੀ ਸੀ । ਲੇਕਿਨ ਉਸ ਜ਼ਿਮੇਵਾਰੀ ਨੂੰ ਨਾ ਨਿਭਾਉਂਦਿਆਂ ਹੋਇਆਂ,ਫਿਰ ਆਣ ਕੇ ਇਸ ਅਕਾਲੀ ਪਾਰਟੀ ਤੇ ਦੂਸ਼ਨ ਲਾਉਣੇ ਅਤੇ ਇਸ ਨੂੰ ਬਦਨਾਮ ਕਰਨਾ, ਇਹ ਚੰਗੀ ਗੱਲ ਨਹੀਂ । ਮੈਂ ਕਹਿੰਦਾ ਹਾਂ ਕਿ ਇਕ ਪੰਜਾਬੀ ਹੋਣ ਦੇ ਨਾਤੇ, ਆਪਣੀ ਮਾਤ ਬੋਲੀ ਦਾ ਸਤਿਕਾਰ ਕਾਇਮ ਰੱਖਣ ਵਾਸਤੇ, ਮਾਂ ਬੋਲੀ ਨੂੰ ਸਿੰਘਾਸਣ ਤੇ ਬਿਠਾਉਣ ਵਾਸਤੇ, ਸਭ ਨੇ ਇਕ ਹੋ ਕੇ ਕੁਰਬਾਨੀਆਂ ਦਿੱਤੀਆਂ ਅਤੇ ਦੁਖ ਝਲ ਕੇ ਇਸ ਮਾਤ ਬੋਲੀ ਨੂੰ ਸਤਿਕਾਰ ਦੇਣ ਦਾ ਮਸਲਾ ਹੱਲ ਕੀਤਾ ਹੈ । ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਜਿਹੜੇ ਸਾਥੋਂ ਖੋਹ ਕੇ ਬਾਹਰ ਰਖੇ ਗਏ ਜਿਸ ਤਰਾਂ ਕਿ ਸਾਡੇ ਬਹੁਤ ਸਾਰੇ ਇਲਾਕੇ ਪੰਜਾਬੀ ਬੋਲਦੇ ਬਾਹਰ ਰਖੇ ਗਏ, ਭਾਖੜਾ ਅਤੇ ਬਿਆਸ ਪ੍ਰਾਜੈਕਟ ਦਾ ਪ੍ਰੋਗਰਾਮ ਸਾਡੇ ਤੋਂ ਖੋਹ ਲਿਆ ਗਿਆ, ਇਨ੍ਹਾਂ ਵਾਸਤੇ ਅਸੀਂ, ਤੁਹਾਨੂੰ ਪਤਾ ਹੈ ਕਿ ਜਦੋ ਜਹਿਦ ਕੀਤੀ । ਜਿਸ ਦੇ ਬਾਅਦ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਨੇ ਆਪਣਾ ਸਾਲਸੀ ਫੈਸਲਾ ਦੇਣ ਲਈ ਜ਼ਿੰਮੇਵਾਰੀ ਸੰਭਾਲੀ । ਇਸ ਤਰ੍ਹਾਂ ਕਰਕੇ 3 ਸਾਲ ਲੰਘ ਗਏ । ਫੈਸਲਾ ਕੋਈ ਨਾ ਦਿੱਤਾ ਸਗੋਂ ਹਰਿਆਣਾ ਨੂੰ ਸ਼ਹਿ ਦਿੱਤੀ ਗਈ ਤਾਂਕਿ ਇਹ ਦੋਵੇਂ ਸਟੇਟਾਂ ਆਪਸ ਵਿੱਚ ਲੜਦੀਆਂ ਰਹਿਣ । ਸਾਲਸੀ ਫੈਸਲਾ ਦੇਣਾ ਤਾਂ ਕਿਧਰੇ ਰਿਹਾ ਇਸ ਤਰ੍ਹਾਂ ਦੋਨਾਂ ਸਟੇਟਾਂ ਨੂੰ ਆਪਸ ਵਿੱਚ ਲੜਾਇਆ ਗਿਆ। ਇਸ ਤਰ੍ਹਾਂ ਕਈ ਸਾਲ ਲੰਘਾ ਦਿੱਤੇ । ਇਹ ਫੇਰੂਮਾਨ ਦੀ ਬਹਾਦਰੀ ਸੀ ਕਿ ਉਸ ਨੇ ਫਿਰ ਇਸ ਨਾਹਰੇ ਨੂੰ ਬੁਲੰਦ ਕੀਤਾ । ਉਸ ਨੇ ਕਿਹਾ ਕਿ ਪੰਜਾਬੀਆਂ ਦਾ ਹੱਕ ਪੰਜਾਬ ਨੂੰ ਮਿਲਣਾ ਚਾਹੀਦਾ ਹੈ।ਉਨ੍ਹਾਂ ਨੇ ਭਾਰਤੀਆਂ ਦਾ ਰਾਜ ਸਿੰਘਾਸਨ ਕਾਇਮ ਕਰਨ ਦੀ ਖਾਤਰ ਅੰਗ੍ਰੇਜ਼ਾਂ ਦੀਆਂ ਜੇਲ੍ਹਾਂ ਕੱਟੀਆਂ । (ਵਿਘਨ) ਇਹ ਜਿਹੜੇ ਮੇਰੇ ਕਾਂਗਰਸੀ ਵੀਰ ਹਨ, ਇਹ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੇ ਵਰਤ ਨੂੰ ਹੋਰ ਪਾਸੇ ਲੈ ਜਾ ਕੇ ਆਪਣਾ ਮਤਲਬ ਹੱਲ ਕਰਨਾ ਚਾਹੁੰਦੇ ਸਨ ।ਇਸੇ ਕਰਕੇ ਇਹ ਸਪੋਰਟ ਕਰਦੇ ਰਹੇ । ਇਹ ਆਪ ਹੀ ਕਹਿੰਦੇ ਹਨ ਕਿ ਉਨ੍ਹਾਂ ਦੀ ਇਹ ਮੰਗ ਸੀ, ਉਨ੍ਹਾਂ ਦੀ ਆਹ ਮੰਗ ਸੀ। ਜਦ ਫੇਰੂਮਾਨ ਨੂੰ 23 ਨੰਬਰ ਕਮਰੇ ਵਿੱਚ ਲਿਆਂਦਾ ਤਾਂ ਮੈਂ 22 ਨੰਬਰ ਦੇ ਕਮਰੇ ਵਿੱਚ ਬੀਮਾਰ ਸੀ । ਮੈਂ ਅਕਸਰ ਉਨ੍ਹਾਂ ਨੂੰ ਮਿਲਦਾ ਰਹਿੰਦਾ ਸੀ। ਹਾਰੇ ਹੋਏ ਲੋਕ ਉਨ੍ਹਾਂ ਕੋਲ ਜਾਂਦੇ ਸਨ । ਉਨ੍ਹਾਂ ਕੋਲ ਲੋਕੀਂ ਬਹੁਤ ਸਾਰੇ ਅਕਸਰ ਮਿਲਣ ਆਉਂਦੇ ਸਨ । ਚੇਅਰਮੈਨ ਸਾਹਿਬ, ਮੇਰੇ ਪਾਸ ਇਸ਼ਤਿਹਾਰ ਮੌਜੂਦ ਹੈ, ਉਸ ਦੇ ਵਿੱਚ ਚੰਡੀਗੜ੍ਹ ਦਾ ਜ਼ਿਕਰ ਨਹੀਂ ਕੀਤਾ ਗਿਆ (ਵਿਘਨ) ਜਦ ਵਰਤ ਸ਼ੁਰੂ ਹੋਇਆ ਉਸ ਦੇ ਵਿੱਚ ਖਾਨਾ ਜੰਗੀ ਪੰਜਾਬ

ਵਿੱਚ ਕਰਨ ਅਤੇ ਆਪੋ ਵਿੱਚ ਲੜਨ ਦੀਆਂ ਗੱਲਾਂ ਸਨ । (ਵਿਘਨ) ਮੈਂ ਫੇਰੂਮਾਨ ਨੂੰ ਕਮਰੇ ਵਿਚ ਮਿਲਦਾ ਰਿਹਾ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਲੋਕ ਜਿਹੜੇ ਉਮੀਦ ਵਿੱਚ ਹਾਰੇ ਹੋਏ ਹਨ, ਇਹ ਤੁਹਾਨੂੰ ਗਲਤ ਰਾਹ ਤੇ ਲਿਆਉਣਾ ਚਾਹੁੰਦੇ ਹਨ ਅਤੇ ਇਹ ਤੁਹਾਨੂੰ ਗਲਤ ਪਾਸੇ ਲੈ ਜਾ ਰਹੇ ਹਨ । ਜੇ ਤੁਸੀਂ ਚੰਡੀਗੜ੍ਹ ਦੇ ਸਵਾਲ ਤੇ ਲੜਾਈ ਲੜਨੀ ਹੈ ਤਾਂ ਦੱਸੋ ਤਾਕਿ ਗੱਲ ਕਲੀਅਰ ਹੋ ਜਾਵੇ । ਉਹ ਕਹਿਣ ਲੱਗੇ ਕਿ ਮੈਂ ਜਾਲ ਵਿੱਚ ਫਸ ਗਿਆ ਹਾਂ । ਮੈ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਸ ਜਾਲ ਨੂੰ ਤੋੜ ਦਿਓ । ਫਿਰ ਉਸ ਆਦਮੀ ਨੇ ਉਸ ਜਾਲ ਨੂੰ ਤੋੜਿਆ। (ਤਾੜੀਆਂ) ਅਤੇ ਫਿਰ ਉਹ ਚੰਡੀਗੜ੍ਹ ਦੇ ਸਵਾਲ ਉੱਤੇ ਆਏ । ਇਸ ਤੋਂ ਬਾਅਦ ਪਰਾਈਮ ਮਨਿਸਟਰ ਵਲੋਂ ਸਾਡੇ ਪਾਰਲੀਮੈਂਟ ਦੇ ਮੈਂਬਰ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਦੇ ਰਾਹੀਂ ਪਰੇਰਨਾ ਕਰਕੇ ਫੇਰੂਮਾਨ ਨੂੰ ਚਿੱਠੀਆਂ ਭੇਜੀਆਂ ਗਈਆਂ । ਠੰਡੀਆਂ ਤਤੀਆਂ ਅਪੀਲਾਂ ਕੀਤੀਆਂ ਗਈਆਂ । ਇਸ ਤੇ ਫੇਰੂਮਾਨ ਨੇ ਕਿਹਾ ਕਿ ਜੇਕਰ ਚੰਡੀਗੜ੍ਹ ਨਾ ਮਿਲਿਆ ਤਾਂ ਮੈਂ ਵਰਤ ਨਹੀਂ ਛਡਾਂਗਾ । ਅੱਜ ਇਹ ਉਨ੍ਹਾਂ ਦੇ ਦਰਦੀ ਬਣੇ ਫਿਰਦੇ ਹਨ ਅਤੇ ਉਨ੍ਹਾਂ ਦੀ ਅੱਜ ਇਨ੍ਹਾਂ ਨੂੰ ਬਹਾਦਰੀ ਯਾਦ ਆਉਂਦੀ ਹੈ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਸੈਂਟਰਲ ਗੌਰਮਿੰਟ ਤੇ,ਆਪਣੀ ਸਰਕਾਰ ਤੇ ਕਿਉਂ ਨਾ ਜ਼ੋਰ ਪਾਇਆ ਕਿ ਫੇਰੂਮਾਨ ਦੀ ਜ਼ਿੰਦਗੀ ਬਚਾਓ ? ਕਿਉਂ ਉਨ੍ਹਾਂ ਨੂੰ ਸ਼ਹੀਦ ਹੋਣ ਦਿੱਤਾ ਗਿਆ ? ਇਸ ਵਾਸਤੇ 74 ਦਿਨ ਇਨ੍ਹਾਂ ਦੇ ਸਾਹਮਣੇ......(ਵਿਘਨ) (ਸ਼ੋਰ)

Mr. Chairman: Order please,

ਜਥੇਦਾਰ ਮੋਹਨ ਸਿੰਘ ਤੁੜ : ਮੈਂ ਇਹ ਕਹਿ ਰਿਹਾ ਸੀ ਕਿ ਉਸ ਵੇਲੇ ਜ਼ਿੰਮੇਵਾਰੀ ਇਨ੍ਹਾਂ ਨੇ ਨਿਭਾਉਣੀ ਸੀ, ਇਨ੍ਹਾਂ ਦੀ ਸੈਂਟਰਲ ਗੌਰਮੈਂਟ ਨੇ ਨਿਭਾਉਣੀ ਸੀ । ਲੇਕਿਨ ਇਨ੍ਹਾਂ ਦੀ ਕੋਤਾਹੀ ਦੇ ਕਾਰਨ ਉਹ ਦੇਸ਼ ਭਗਤ 74 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋਇਆ । ਉਸ ਦਾ ਕਲੰਕ ਸੈਂਟਰਲ ਗੌਰਮਿੰਟ ਉੱਤੇ ਅਤੇ ਇਨ੍ਹਾਂ ਦੇ ਸਿਰ ਤੇ ਹੈ । ਇਹ ਕਲੰਕ ਦਾ ਧੱਬਾ ਇਨ੍ਹਾਂ ਦੇ ਸਿਰ ਤੇ ਹੈ । (ਵਿਘਨ) ਅੱਜ ਇਹ ਸਾਨੂੰ ਕਹਿੰਦੇ ਹਨ । ਜਦ ਉਹ ਸ਼ਹੀਦ ਹੋ ਗਿਆ ਤਾਂ ਅੱਜ ਇਹ ਉਸ ਦੇ ਹਮਾਇਤੀ ਬਣੀ ਫਿਰਦੇ ਹਨ ਅਤੇ ਉਨ੍ਹਾਂ ਦੀਆਂ ਅਰਥੀਆਂ ਲਈ ਫਿਰਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਜਦ ਸ਼ਹੀਦ ਹੋਏ ਤਾਂ ਤੁਹਾਡੇ ਵਿੱਚੋਂ ਕਿਸੇ ਨੇ ਕਿਹਾ ਕਿ ਤੁਹਾਡੇ ਤੋਂ ਬਾਅਦ ਮੈਂ ਦੋ ਨੰਬਰ ਤੇ ਮਰਾਂਗਾ ? ਕਿਸੇ ਨੇ ਬਹਾਦਰੀ ਵਿਖਾਈ ਕਿ ਉਹ ਦੂਸਰੇ ਨੰਬਰ ਤੇ ਆਏਗਾ ? ਨਹੀਂ ਲੇਕਿਨ ਉਹ ਵਿਚਾਰਾ ਸ਼ਹਾਦਤ ਦੇ ਗਿਆ ਔਰ ਇਹ ਉਸ ਦਾ ਪੁਲੀਟੀਕਲ ਤੌਰ ਤੇ ਪਰਚਾਰ ਕਰਦੇ ਹਨ ਅਤੇ ਇਹ ਸਿਰਫ ਆਪਣੀਆਂ ਲੀਡਰੀਆਂ ਚਮਕਾਉਣ ਦੀ ਖਾਤਰ ਹੀ ਕਰਦੇ ਰਹੇ । ਉਨ੍ਹਾਂ ਦੇ ਬਾਅਦ ਕੋਈ ਵੀ ਦੂਸਰੇ ਨੰਬਰ ਤੇ ਨਹੀਂ ਆਇਆ। ਅੰਤ ਵਿੱਚ ਅਕਾਲੀ ਦਲ ਦੇ ਪਰਧਾਨ ਨੇ ਕਿਹਾ ਕਿ ਚੰਡੀਗੜ੍ਹ ਦਾ ਸਵਾਲ ਪੂਰਾ ਨਹੀਂ ਹੋਇਆ, ਇਸ ਨੂੰ ਪੂਰਾ ਕਰਕੇ ਰਹਿਣਾ ਹੈ । ਫਿਰ ਉਨ੍ਹਾਂ ਨੇ ਪਰਣ ਕੀਤਾ ਅਤੇ ਵਰਤ ਰਖਿਆ, ਅਸੀਂ ਸਾਰਿਆਂ ਨੇ ਵਾਰੀ ਵਾਰੀ ਆਪਣੇ ਆਪਣੇ ਨੰਬਰ ਸੰਭਾਲੇ ਕਿ ਜੇਕਰ ਉਹ ਸ਼ਹੀਦ ਹੋ ਗਏ ਤਾਂ ਅਸੀਂ ਲੜੀ ਬੰਨ੍ਹ ਦਿਆਂਗੇ । ਫਿਰ ਜਾਕੇ ਇਹ ਮਸਲਾ ਹੱਲ ਹੋਇਆ ਅਤੇ ਚੰਡੀਗੜ੍ਹ ਪੰਜਾਬ ਨੂੰ ਮਿਲਿਆ । (ਤਾੜੀਆਂ) ਅਸੀਂ ਫੇਰੂਮਾਨ ਦੀ ਮੰਗ ਨੂੰ ਪੂਰਾ ਕੀਤਾ ਹੈ ਜਿਹੜੀ ਕਿ ਉਹ ਨਹੀਂ ਕਰ ਸਕੇ । ਇਸ ਲਈ ਸ਼੍ਰੋਮਣੀ ਅਕਾਲੀ ਦਲ ਨੇ ਸਾਰੀਆਂ ਪਾਰਟੀਆਂ ਨੂੰ ਆਪਣੇ ਨਾਲ ਜੋੜ ਕੇ, ਅਤੇ ਚੰਡੀਗੜ੍ਹ ਦੇ ਸਵਾਲ ਤੇ ਇਕ ਅਵਾਜ਼ ਉਠਾਕੇ ਇਸ ਮਸਲੇ ਨੂੰ ਹੱਲ ਕਰਾਇਆ ਹੈ। ਜਦ ਇਹ ਮਸਲਾ ਹੱਲ ਹੋਇਆ ਤਾਂ ਸਾਰੀਆਂ ਪਾਰਟੀਆਂ ਦੇ ਦਸਖਤ ਸਾਡੇ ਕੋਲ ਹਨ, ਸਾਰਿਆਂ ਨੇ ਕਿਹਾ ਕਿ ਇਹ ਸਾਨੂੰ ਮਨਜ਼ੂਰ ਹੈ । ਇਹ ਠੀਕ ਹੈ ਕਿ ਫਾਜ਼ਿਲਕਾ ਅਤੇ ਅਬੋਹਰ ਵਾਸਤੇ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਰਲਕੇ ਲੜਨਾ ਹੈ। ਅਸੀਂ ਸਮਝਦੇ ਹਾਂ ਕਿ ਅਬੋਹਰ ਅਤੇ ਫਾਜ਼ਿਲਕਾ

(ਜਥੇਦਾਰ ਮੋਹਨ ਸਿੰਘ ਤੁੜ)

ਦੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਜਾਣ ਅਤੇ ਜੋ ਪੰਜਾਬੀ ਬੋਲਦੇ ਇਲਾਕੇ ਹਨ, ਉਹ ਪੰਜਾਬ ਨੂੰ ਜਾਣ । ਇਸ ਵਾਸਤੇ ਅਸੀਂ ਲੜਾਂਗੇ । ਅਸੀਂ ਸਟੇਜ ਬਾਈ ਸਟੇਜ ਪੰਜਾਬ ਦਿਆਂ ਹੱਕਾਂ ਵਾਸਤੇ ਲੜਦੇ ਰਹੇ ਹਾਂ ਔਰ ਪੰਜਾਬ ਦੇ ਇਤਿਹਾਸ ਨੂੰ ਚਮਕੀਲਾ ਬਣਾਇਆ ਹੈ । ਪੰਜਾਬ ਦੀ ਸ਼ਾਨ ਨੂੰ ਉੱਚਾ ਕਰਨ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਜੋ ਹਿੱਸਾ ਪਾਇਆ ਹੈ (ਵਿਘਨ) ਅਤੇ ਜੋ ਹਿੱਸਾ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਪਾਇਆ ਹੈ, ਉਸ ਦੀ ਯਾਦਗਾਰ ਬਣਾਵਾਂਗੇ । ਇਤਨਾ ਕੁਝ ਕਹਿੰਦਾ ਹੋਇਆ ਮੈਂ ਉਨ੍ਹਾਂ ਦੇ ਚਰਨਾਂ ਵਿੱਚ ਸ਼ਰਧਾ ਦੇ ਫੁਲ ਭੇਟ ਕਰਦਾ ਹੋਇਆ ਬੈਠ ਜਾਂਦਾ ਹਾਂ । (ਤਾੜੀਆਂ)

ਭਗਤ ਗੁਰਾਂ ਦਾਸ ਹੰਸ (ਸ਼ਾਮ ਚੁਰਾਸੀ-ਐਸ. ਸੀ.) : ਇਹ ਜਿਹੜਾ ਸਰਦਾਰ ਬਸੰਤ ਸਿੰਘ ਨੇ ਮਤਾ ਲਿਆਂਦਾ ਹੈ, ਇਹ ਬੜਾ ਅੱਛਾ ਕੀਤਾ ਹੈ । ਸਾਡਾ ਦੇਸ਼ ਰਿਸ਼ੀਆਂ, ਗੁਰੂਆਂ ਦਾ ਦੇਸ਼ ਹੈ, ਪਰ ਅਸੀਂ ਤਾਂ ਹੀ ਉਪਰ ਉਠਾਂਗੇ ਜੇ ਅਸੀਂ ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚਲਾਂਗੇ । ਜਦ ਕਿਸੇ ਮਾਲੀ ਦਾ ਬਾਗ ਖਿੜਿਆ ਹੋਵੇ ਤਾਂ ਉਹ ਬਹੁਤ ਖੁਸ਼ ਹੁੰਦਾ ਹੈ । ਅਸੀਂ ਪੁਛੀਏ ਕਿ ਉਹ ਕਿਉਂ ਖੁਸ਼ ਹੈ ਤਾਂ ਉਹ ਕਹੇਗਾ ਕਿ ਇਸ ਨਾਲ ਮੇਰਾ ਮਾਲਕ ਖੁਸ਼ ਹੋਵੇਗਾ । ਜੇ ਬਾਗ ਨੂੰ ਪਾਣੀ ਲਾਵਾਂਗੇ ਤਾਂ ਉਹ ਖਿੜੇਗਾ ਅਤੇ ਖੁਸ਼ ਹੋਵੇਗਾ । ਇਸੇ ਬਾਗ਼ ਦੀ ਤਰ੍ਹਾਂ ਹੀ ਇਹ ਦੁਨੀਆਂ ਹੈ । ਜਿਹੜਾ ਪਰ-ਮਾਤਮਾ ਦੀ ਸੇਵਾ ਕਰਦਾ ਹੈ, ਜਾਂ ਵਾਹਿਗੁਰੂ ਦਾ ਨਾਮ ਜਪਦਾ ਹੈ, ਉਹ ਖੁਸ਼ ਰਹਿੰਦਾ ਹੈ । ਜਿਹੜੀ ਫੇਰੂਮਾਨ ਨੇ ਪਰਤਿਗਿਆ ਕੀਤੀ ਸੀ, ਉਹ ਇਸ ਭਾਵਨਾ ਨਾਲ ਨਹੀਂ ਸੀ ਕੀਤੀ ਕਿ ਉਹ ਵਿੱਚ ਹੀ ਛੱਡ ਜਾਣਾ ਹੈ । ਉਨ੍ਹਾਂ ਨੇ ਕਿਹਾ ਸੀ ਕਿ ਮੈਂ ਚੰਡੀਗੜ੍ਹ ਆਪਣੀ ਖਾਤਰ ਨਹੀਂ ਲੈਣਾ, ਇਹ ਸਾਰੇ ਦੇਸ਼ ਦੀ ਖਾਤਰ ਲੈਣਾ ਹੈ । ਆਪਣੀ ਖਾਤਰ ਤਾਂ ਸਾਰੇ ਹੀ ਕਰਦੇ ਹਨ ਪਰ ਉਸ ਨੇ ਸਾਰਿਆਂ ਦੀ ਖਾਤਰ 74 ਦਿਨ ਦਾ ਵਰਤ ਰੱਖਕੇ ਕੁਰਬਾਨੀ ਦਿੱਤੀ। ਪਰ ਉਨ੍ਹਾਂ ਦੀ ਕੁਰਬਾਨੀ ਰੰਗਤ ਵਿੱਚ ਨਹੀਂ ਲਿਆਂਦੀ ਗਈ । ਉਨ੍ਹਾਂ ਦੀ ਕੁਰਬਾਨੀ ਨੂੰ ਨਜ਼ਰ ਅੰਦਾਜ਼ ਕਰਨ ਦਾ ਯਤਨ ਕੀਤਾ ਗਿਆ । ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਦੀ ਕੁਰਬਾਨੀ ਅਸੀਂ ਅਪਣਾਉਂਦੇ । ਇਨ੍ਹਾਂ ਨੇ ਕਾਂਗਰਸ ਤੇ ਐਲੀਗੇਸ਼ਨ ਲਾਉਣੇ ਸ਼ੁਰੂ ਕੀਤੇ । ਜਿਸ ਵੇਲੇ ਫੇਰੂਮਾਨ ਨੇ ਵਰਤ ਰੱਖਿਆ ਸੀ ਉਸ ਵੇਲੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਧਾਰਮਿਕ ਪਾਰਟੀਆਂ ਨੇ, ਸਾਰਿਆਂ ਨੇ ਮਤਾ ਪਾਸ ਕੀਤਾ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ ਔਰ ਸਾਡੇ ਪੰਜਾਬ ਕਾਂਗਰਸ ਪਾਰਟੀ ਦੇ ਲੈਜਿਸਲੇਟਰ ਦਿੱਲੀ ਗਏ ਅਤੇ ਉਥੇ ਪ੍ਰਾਈਮ ਮਨਿਸਟਰ ਨੂੰ ਮਿਲੇ । ਆਪਣੀ ਪਾਰਟੀ ਨੂੰ ਅਸਤੀਫੇ ਦਿੱਤੇ ਗਏ ਕਿ ਅਸੀਂ ਚੰਡੀਗੜ੍ਹ ਲੈਣਾ ਹੈ ਔਰ ਅੱਜ ਇਨ੍ਹਾਂ ਨੇ ਕਹਿ ਦਿੱਤਾ ਕਿ ਇਸ ਦੇ ਵਿੱਚ ਤੁਹਾਡਾ ਹਿੱਸਾ ਕੋਈ ਨਹੀਂ ਹੈ ਇਹ ਸਾਡਾ ਇਕੱਲਿਆਂ ਦਾ ਹਿੱਸਾ ਹੈ ।

ਚੇਅਰਮੈਨ ਸਾਹਿਬ, ਅਜ ਪੰਜਾਬ ਵਿੱਚ ਜਿਹੜਾ ਵੀ ਰਹਿੰਦਾ ਹੈ ਚਾਹੇ ਉਹ ਕਿਸੇ ਵੀ ਭਾਵ ਦਾ ਹੈ ਜਾਂ ਕਿਸੇ ਮਰਜ਼ੀ ਸ਼ਰਧਾ ਦਾ ਹੈ ਜੇ ਉਹ ਗੁਰੂਆਂ ਨੂੰ ਮੰਨਦਾ ਹੈ, ਜੇ ਉਹ ਪੀਰਾਂ ਪੈਗੰਬਰਾਂ ਨੂੰ ਮੰਨਦਾ ਹੈ ਤਾਂ ਉਸ ਦਾ ਹੱਕ ਬਣਦਾ ਹੈ ਕਿ ਉਨ੍ਹਾਂ ਦੇ ਪਾਏ ਨਕਸ਼ਿਆਂ ਤੇ ਚਲੇ ਔਰ ਲੋਕਾਂ ਨੂੰ ਦਸੇ । ਅੱਜ ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਜੀ ਦਾ ਜਿਹੜਾ ਵਰਤ ਹੈ ਇਹ ਸਾਡੀ ਲੀਡਰੀ ਖੋਹਣ ਵਾਸਤੇ ਆ ਗਿਆ ਹੈ । ਸੰਤ ਫਤਿਹ ਸਿੰਘ ਜੀ ਨੇ ਕਿਹਾ ਕਿ ਇਸ ਦੇ ਵਰਤ ਨਾਲ ਮੇਰੀ ਲੀਡਰੀ ਵਿੱਚ ਫਰਕ ਪਵੇਗਾ । (ਵਿਘਨ) ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਵੇਦ ਵਿੱਚ ਇਕ ਮੰਤਰ ਆਉਂਦਾ ਹੈ ਉਹ ਮੰਤਰ ਹੈ ।

"ਓਮ ਵਿਸ਼ਵਾਨੀ ਦੇਵ ਸਵੀਤਰ ਦੁਰਤਾਨੀ ਪ੍ਰਾਸੁਵ ਯਦਭਦਰੰਨ ਤੰਨ ਆਸੁਵ'

ਹੇ ਵਾਹਿਗੁਰੂ ਮੇਰੀਆਂ ਬੁਰਾਈਆਂ ਦੂਰ ਕਰ ਔਰ ਮੇਰੇ ਵਿੱਚ ਅੱਛੀਆਂ ਚੀਜ਼ਾਂ ਆ ਜਾਣ । ਇਹ ਮੰਤਰ ਸਿਰਫ ਪੜ੍ਹਨ ਨਾਲ ਬੁਰਾਈਆਂ ਦੂਰ ਨਹੀਂ ਹੋ ਸਕਦੀਆਂ। ਜੇ ਮੰਤਰ ਸਿਰਫ ਪੜ੍ਹਨ ਨਾਲ

ਹੀ ਬੁਰਾਈਆਂ ਦੂਰ ਹੋ ਜਾਣ ਔਰ ਅਛਾਈਆਂ ਆ ਜਾਣ ਤਾਂ ਹਰ ਕੋਈ ਮੰਤਰ ਪੜ੍ਹ ਕੇ ਆਪਣੀਆ ਬੁਰਾਈਆਂ ਦੂਰ ਕਰ ਲਵੇ । ਚੇਅਰਮੈਨ ਸਾਹਿਬ, ਇਹ ਬੁਰਾਈਆਂ ਤਾਂ ਹੀ ਦੂਰ ਹੋ ਸਕਦੀਆਂ ਹਨ ਜੇ ਅਮਲੀ ਰੂਪ ਵਿੱਚ ਕੋਈ ਅਛਾਈਆਂ ਕਰੇ ਔਰ ਬੁਰਾਈਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ । ਜੇ ਕੰਮ ਬੁਰੇ ਕਰਦਾ ਰਹੇ ਔਰ ਇਹ ਮੰਤਰ ਪੜ੍ਹਦਾ ਰਹੇ ਤਾਂ ਉਸ ਵਿੱਚ ਬੁਰਾਈਆਂ ਦੂਰ ਨਹੀਂ ਹੋ ਸਕਦੀਆਂ । ਅੱਛੇ ਕੰਮ ਕਰਨ ਨਾਲ, ਗਰੀਬਾਂ ਦੀ ਮਦਦ ਕਰਨ ਨਾਲ ਹੀ ਇਹ ਦੂਰ ਹੋ ਸਕਦੀਆਂ ਹਨ। (ਵਿਘਨ) ਚੇਅਰਮੈਨ ਸਾਹਿਬ, ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਬੈਠੇ 22 ਘਾਟ ਰਾਜਿਆਂ ਦੇ ਖਿਲਾਫ ਲੜਾਈ ਕਰ ਰਹੇ ਸਨ ਤਾਂ ਉਥੇ ਉਸ ਵਕਤ ਇਕ ਅਮੀਰ ਆਦਮੀ ਗਾਗਰਾਂ ਵਿੱਚ ਰੁਪਏ ਆਦਿ ਭਰ ਕੇ ਗੁਰੂ ਜੀ ਕੋਲ ਪਹੁੰਚਿਆ ਔਰ ਗੁਰੂ ਜੀ ਨੂੰ ਕਹਿਣ ਲੱਗਾ ਮਹਾਰਾਜ ਇਹ ਮੇਰੇ ਬਜ਼ੁਰਗਾਂ ਦੀ ਕਮਾਈ ਹੈ, ਇਹ ਮੇਰਾ ਧਨ ਤੁਸੀਂ ਸਵੀਕਾਰ ਕਰੋ ਔਰ ਮੇਰਾ ਜੀਵਨ ਸਫਲ ਹੋ ਜਾਵੇਗਾ । ਗੁਰੂ ਜੀ ਨੇ ਕਿਹਾ ਕਿ ਤੈਨੂੰ ਇਥੇ ਆਉਣ ਦੀ ਕੀ ਲੋੜ ਸੀ ਇਹ ਧਨ ਮੇਰੀ ਗੋਲਕ ਵਿੱਚ ਜਮ੍ਹਾਂ ਕਰਵਾ ਦੇਣਾ ਸੀ। ਉਸ ਅਮੀਰ ਆਦਮੀ ਨੇ ਕਿਹਾ ਮਹਾਰਾਜ ਮੈਨੂੰ ਤੁਹਾਡੀ ਗੋਲਕ ਦਾ ਪਤਾ ਨਹੀਂ ਕਿ ਤੁਹਾਡੀ ਗੋਲਕ ਕਿਹੜੀ ਹੈ । ਤਾਂ ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਹਰ ਥਾਂ ਤੇ ਮੇਰੀ ਗੋਲਕ ਹੈ । ਉਸ ਨੇ ਕਿਹਾ ਕਿ ਮਹਾਰਾਜ ਮੈਨੂੰ ਸਮਝ ਨਹੀਂ ਆਈ ਤਾਂ ਗੁਰੂ ਜੀ ਨੇ ਕਿਹਾ ਕਿ ਭਾਈ ਹਰ ਗਰੀਬ ਦਾ ਮੂੰਹ ਮੇਰੀ ਗੋਲਕ ਹੈ। ਜੇ ਇਹ ਧਨ ਤੂੰ ਗਰੀਬਾਂ ਦੇ ਮੂੰਹ ਵਿੱਚ ਪਾ ਦਿੰਦਾ ਜਾਂ ਇਹ ਧਨ ਤੂੰ ਗਰੀਬਾਂ ਵਿੱਚ ਵੰਡ ਦੇਵੇਂ ਤਾਂ ਸਮਝ ਮੈਨੂੰ ਆਪੇ ਪਹੁੰਚ ਗਿਆ । ਸੋ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਉਸ ਮਾਲਕ ਦਾ ਨਾਮ ਲੈਂਦੇ ਹਨ ਜਿਹੜੇ ਉਨ੍ਹਾਂ ਦੀ ਸ਼ਿਕਸ਼ਾ ਤੇ ਚਲਦੇ ਹਨ ਸਾਨੂੰ ਉਨ੍ਹਾਂ ਵਿਅਕਤੀਆਂ ਨੂੰ ਯਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਚਰਨਾਂ ਵਿੱਚ ਪਰਤਿਗਿਆ ਕੀਤੀ ਹੈ ਔਰ ਉਸ ਪਰਤਿਗਿਆ ਨੂੰ ਪਾਲਿਆ ਹੈ :

"ਨਰ ਤਨ ਪਾਏ ਯਤਨ ਕਰ, ਐਸਾ ਜਿਸੇ ਕਰਤਾ ਮਿਲੇ......
ਐਸੀ ਉਤਮ ਜੂਨ ਪ੍ਰਾਪਤ ਫਿਰ ਨਹੀਂ ਬਾਰੰਮ ਬਾਰ ਮਿਲੇ ।"

ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਇਕ ਇਤਿਹਾਸ ਕਾਇਮ ਕਰ ਦਿੱਤਾ ਹੈ । ਉਨ੍ਹਾਂ ਨੇ ਜੋ ਪਰਤਿਗਿਆ ਕੀਤੀ ਸੀ ਜੋ ਵਚਨ ਕੀਤਾ ਸੀ ਉਸ ਨੂੰ ਪੂਰਾ ਕਰਕੇ ਵਿਖਾਇਆ ਹੈ । ਰਾਮ ਚੰਦਰ ਜੀ ਨੇ ਜਿਸ ਤਰ੍ਹਾਂ ਕਿਹਾ ਹੈ,

"ਰਘੂਕੁਲ ਰੀਤ ਸਦਾ ਚਲੀ ਆਈ, ਪਰਾਣ ਜਾਏਂ ਪਰ ਵਚਨ ਨਾ ਜਾਈ ।"

ਉਨਾਂ ਨੇ, ਚੇਅਰਮੈਨ ਸਾਹਿਬ, ਆਪਣੇ ਵਚਨਾਂ ਦਾ ਪਾਲਣ ਕਰਦੇ ਹੋਏ ਆਪਣੇ ਜੀਵਨ ਦੀ ਅਹੂਤੀ ਦਿੱਤੀ ਹੈ । ਸਾਨੂੰ ਵੀ ਉਨਾਂ ਦੇ ਨਕਸ਼ਿਆਂ ਤੇ ਚਲਣਾ ਚਾਹੀਦਾ ਹੈ ਔਰ ਉਨ੍ਹਾਂ ਦੀ ਕਦਰ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਵੀ ਵਾਹਿਗੁਰੂ ਦੇ ਦਰਬਾਰ ਵਿੱਚ ਸਤਿਕਾਰੇ ਜਾ ਸਕੀਏ । ਚੇਅਰਮੈਨ ਸਾਹਿਬ, ਇਤਨਾ ਕਹਿ ਕੇ ਮੈਂ ਉਸ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਔਰ ਆਸ ਕਰਦਾ ਹਾਂ ਕਿ ਜਿਹੜੀ ਉਨ੍ਹਾਂ ਦੀ ਯਾਦਗਾਰ ਬਣਾਈ ਜਾਵੇਗੀ ਉਹ ਇਸ ਤਰ੍ਹਾਂ ਬਣਾਈ ਜਾਵੇਗੀ ਕਿ ਉਸ ਨਾਲ ਗਰੀਬਾਂ ਨੂੰ ਫਾਇਦਾ ਪਹੁੰਚੇਗਾ । (ਵਿਘਨ) ਗ਼ਰੀਬ ਤੋਂ ਮੇਰਾ ਭਾਵ ਹਰੀਜਨ ਹੀ ਨਹੀਂ ਸਗੋਂ ਮਜ਼ਦੂਰ, ਛੋਟਾ ਦੁਕਾਨਦਾਰ ਜਾਂ ਹੋਰ ਕੋਈ ਜੋ ਗਰੀਬ ਆਦਮੀ ਹੈ ਉਸ ਨੂੰ ਲਾਭ ਪਹੁੰਚੇਗਾ। ਇਤਨਾ ਕਹਿਕੇ, ਚੇਅਰਮੈਨ ਸਾਹਿਬ, ਮੈਂ ਆਪਦਾ ਧੰਨਵਾਦ ਕਰਦਾ ਹਾਂ ।

ਚੀਫ਼ ਪਾਰਲੀਮੈਂਟਰੀ ਸੈਕਟਰੀ (ਸਰਦਾਰ ਗੁਰਮੀਤ ਸਿੰਘ) : ਚੇਅਰਮੈਨ ਸਾਹਿਬ, ਅੱਜ ਹਿੰਦੁਸਤਾਨ ਦੀ ਧਰਤੀ ਔਰ ਪੰਜਾਬ ਦੀ ਸਰ ਜ਼ਮੀਨ ਤੇ ਮਹਾਨ ਸ਼ਹੀਦ ਸਰਦਾਰ ਦਰਸ਼ਨ ਸਿੰਘ ਜੀ ਫੇਰੂਮਾਨ ਦੀ ਯਾਦਗਾਰ ਕਾਇਮ ਕਰਨ ਲਈ ਸਰਦਾਰ ਬਸੰਤ ਜੀ ਨੇ ਮਤਾ ਲਿਆਂਦਾ ਹੈ । ਮੈਂ ਸਾਰੇ ਮੈਂਬਰਾਂ ਵਲੋਂ ਔਰ ਸਾਰੇ ਹਾਊਸ ਵਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਹਾਊਸ ਦਾ ਧਿਆਨ ਇਸ ਪਾਸੇ ਵਲ ਦੁਆਇਆ ਹੈ । ਚੇਅਰਮੈਨ ਸਾਹਿਬ, ਪਿਛਵਾੜੇ ਨੂੰ ਜਾਂਦੇ ਹੋਏ ਮੈਂ ਦਸਣਾ ਚਾਹੁੰਦਾ ਹਾਂ ਔਰ ਤੁਹਾਡੇ ਧਿਆਨ ਵਿੱਚ ਹੋਵੇਗਾ ਕਿ 1927 ਵਿੱਚ ਕਰਾਚੀ ਕਾਂਗਰਸ ਸੈਸ਼ਨ ਵਿੱਚ ਸੂਬਿਆਂ ਦੀ ਬੋਲੀ ਦੇ ਆਧਾਰ ਤੇ ਹੱਦ ਬੰਦੀ ਦਾ ਮਤਾ ਪਾਸ ਹੋਇਆ ਸੀ ਉਸ ਵਿੱਚ ਮਹਾਤਮਾਂ ਗਾਂਧੀ ਦੀ ਉਸ ਵਕਤ ਦੀ ਹਾਜ਼ਰੀ ਵਿਚ ਇਹ ਵੀ ਮੰਨਿਆ ਗਿਆ ਕਿ ਪੰਜਾਬੀ ਬੋਲੀ ਦੇ ਅਧਾਰ ਤੇ ਪੰਜਾਬੀ ਦਾ ਸੂਬਾ ਬਣਾਇਆ ਜਾਵੇਗਾ । ਕਾਂਗਰਸ ਦੇ ਹਰ ਦੂਸਰੇ ਤੀਸਰੇ ਸੈਸ਼ਨ ਵਿੱਚ ਜ਼ਬਾਨ ਦੇ ਆਧਾਰ ਤੇ ਸੂਬਿਆਂ ਦੀ ਹੱਦ ਬੰਦੀ ਲਈ ਫੈਸਲੇ ਹੁੰਦੇ ਰਹੇ 1929 ਵਿੱਚ ਮਹਾਤਮਾਂ ਗਾਂਧੀ ਜੀ ਦੀ ਅਗਵਾਈ ਵਿੱਚ ਔਰ ਪੰਡਤ ਜਵਾਹਰ ਲਾਲ ਜੀ ਦੀ ਪਰਧਾਨਗੀ ਹੇਠ ਪੂਰਨ ਸਵਤੰਤਰਤਾ ਦਾ ਮਤਾ ਪਾਸ ਹੋਇਆ । ਉਸ ਵੇਲੇ ਬਾਬਾ ਖੜਗ ਸਿੰਘ ਤੇ ਮਾਸਟਰ ਤਾਰਾ ਸਿੰਘ ਨੂੰ ਸ਼ਰੋਮਣੀ ਅਕਾਲੀ ਦਲ ਦੇ ਦਫਤਰ ਵਿੱਚ ਮਹਾਤਮਾ ਗਾਂਧੀ ਜੀ ਨੇ ਆ ਕੇ ਇਹ ਵਚਨ ਦਿੱਤੇ ਸੀ ਕਿ ਤੁਹਾਡੀ ਰਾਏ ਲੈਣ ਤੋਂ ਬਿਨਾਂ ਹਿੰਦੁ-ਸਤਾਨ ਦਾ ਵਿਧਾਨ ਨਹੀਂ ਬਣਾਇਆ ਜਾਵੇਗਾ । ਜਿਸ ਨਾਲ ਤੁਹਾਡੀ ਸਮੁੱਚੀ ਤਸੱਲੀ ਨਾ ਹੋਵੇ ਉਹ ਵਿਧਾਨ ਨਹੀਂ ਬਣੇਗਾ । ਉਸ ਤੋਂ ਬਾਦ, ਚੇਅਰਮੈਨ ਸਾਹਿਬ, ਹਿੰਦੁਸਤਾਨ ਆਜ਼ਾਦ ਹੋ ਗਿਆ । ਫਿਰ ਇਸ ਧਰਤੀ ਪੰਜਾਬ ਤੇ ਪੰਜਾਬੀ ਬੋਲਣ ਵਾਲੇ ਲੋਕਾਂ ਨਾਲ ਵਿਤਕਰਾ ਸ਼ੁਰੂ ਹੋ ਗਿਆ । ਚੇਅਰਮੈਨ ਸਾਹਿਬ, ਭਾਰਤ ਪ੍ਰਧਾਨ ਆਰਡਰ ਥੱਲੇ 36 ਜਾਤੀਆਂ ਹਨ ਜਿਨ੍ਹਾਂ ਨੂੰ ਸ਼ਡੂਲਡ ਜਾਤੀਆਂ ਆਖਦੇ ਹਨ। ਉਨ੍ਹਾਂ ਵਿੱਚ ਜੇ ਇਕ ਮਾਂ ਦੇ ਤਿੰਨ ਪੁਤਰ ਹਨ ਔਰ ਇਕ ਭਰਾ ਸਿਖ ਲਿਖਾ ਦੇਵੇ ਤਾਂ ਉਸ ਦੀ ਫੀਸ ਮਾਫ ਨਹੀਂ ਹੁੰਦੀ ਜੇ ਇਕ ਭਰਾ ਇਸਾਈ ਲਿਖਾ ਦੇਵੇ ਤਾਂ ਉਸ ਦੀ ਫੀਸ ਮਾਫ ਨਹੀਂ ਹੁੰਦੀ ਜੇ ਉਹ ਇਕ ਭਰਾ ਰਾਮਦਾਸੀਆ ਹਿੰਦੂ ਜਾਂ ਬਾਲਮੀਕ ਹਿੰਦੂ ਲਿਖਾ ਦੇਵੇ ਤਾਂ ਉਸ ਦੀ ਫੀਸ ਮਾਫ ਹੋ ਜਾਵੇਗੀ ਤੇ ਨੌਕਰੀ ਵੀ ਰਾਖਵੀਂ ਮਿਲਦੀ ਹੈ ਜੇ ਉਹ ਵਿਚਾਰਾ ਇਸਾਈ ਜਾਂ ਸਿਖ ਲਿਖਾ ਦੇਵੇ ਤਾਂ ਉਸ ਦੀ ਫੀਸ ਮਾਫ ਹੋਣੀ ਬੰਦ ਹੋ ਜਾਂਦੀ ਹੈ ਤੇ ਨੌਕਰੀ ਰਾਖਵੀਂ ਦਾ ਹੱਕਦਾਰ ਨਹੀਂ । ਇਸ ਦੇ ਖਿਲਾਫ ਫਿਰ ਸ਼ਰੋਮਣੀ ਅਕਾਲੀ ਦਲ ਨੇ ਆਵਾਜ਼ ਉਠਾਈ । ਚੇਅਰਮੈਨ ਸਾਹਿਬ, ਨਤੀਜਾ ਇਹ ਨਿਕਲਿਆ ਕਿ ਸਰਦਾਰ ਪਟੇਲ ਨੇ ਮੰਨਿਆ ਔਰ ਮੌਲਾਨਾ ਆਜ਼ਾਦ ਵੀ ਉਥੇ ਸੀ ਕਿ ਚਾਰ ਜਾਤੀਆਂ ਇਹ ਅਗਰ ਸਿੱਖ ਲਿਖਾ ਦੇਣਗੇ ਤਾਂ ਉਨ੍ਹਾਂ ਨੂੰ ਫੀਸ ਮਾਫੀ,ਨੌਕਰੀ ਆਦਿ ਦੀਆਂ ਸਹੂਲਤਾਂ ਮਿਲਣਗੀਆਂ ਬਾਕੀ ਦੀਆਂ 32 ਜਾਤੀਆਂ ਨੂੰ ਜੇ ਉਹ ਸਿੱਖ ਲਿਖਾ ਦੇਵੇ ਤਾਂ ਨਹੀਂ ਮਿਲਣਗੀਆਂ । ਚੇਅਰਮੈਨ ਸਾਹਿਬ, ਹਿੰਦੁਸਤਾਨ ਦੇ ਵਿਧਾਨ ਤੇ ਇਹ ਇਕ ਧੱਬਾ ਲਾਉਣ ਵਾਲੀ ਗੱਲ ਸੀ । ਇਹ ਅਫਸੋਸਨਾਕ ਗਲ ਚਾਲੂ ਰਹੀ ਔਰ ਸ਼ਰੋਮਣੀ ਅਕਾਲੀ ਦਲ ਨੇ ਪੰਜਾਬ ਦੀ ਸਰਕਾਰ ਨੇ ਫਿਰ ਇਹ ਉਦਮ ਕੀਤਾ ਔਰ ਉਸਨੇ ਵਿਤਕਰੇ ਨੂੰ ਦੂਰ ਕਰਨ ਲਈ ਦਿੱਲੀ ਦੀ ਸਰਕਾਰ ਨੂੰ ਕਿਹਾ ਕਿ ਕੋਈ ਮਜ਼ਹਬੀ ਆਪਣੇ ਆਪ ਨੂੰ ਈਸਾਈ ਲਿਖਾ ਦੇਵੇ, ਜਾਂ ਹਿੰਦੂ ਲਿਖਾ ਦੇਵੇ ਉਸ ਦੀ ਫੀਸ ਮਾਫ ਕਰਨ ਲਈ ਵਿਤਕਰਾ ਨਹੀਂ ਹੋਣਾ ਚਾਹੀਦਾ । ਇਹ ਵਿਤਕਰਾ ਖ਼ਤਮ ਕਰਨ ਲਈ ਸ਼ਰੋਮਣੀ ਅਕਾਲੀ ਦਲ ਨੇ ਆਵਾਜ਼ ਉਠਾਈ ਹੈ । (ਥੰਪਿੰਗ) (ਵਿਘਨ)

ਚੇਅਰਮੈਨ ਸਾਹਿਬ, ਫਿਰ ਮੈਂ ਅਰਜ਼ ਕਰਦਾ ਹਾਂ ਕਿ ਜੈਪੁਰ ਕਾਂਗਰਸ ਸੈਸ਼ਨ 1951 ਵਿੱਚ ਬੈਠਾ । 1951 ਕਾਂਗਰਸ ਸੈਸ਼ਨ ਵਿੱਚ ਕੁਝ ਆਦਮੀਆਂ ਪਟੇਲ, ਸੀਤਾ ਰਾਮਈਆ ਆਦਿ ਦੀ ਕਮੇਟੀ ਬਣੀ । ਉਸ ਨੇ ਕਿਹਾ ਕਿ ਸਾਰੇ ਦੇਸ਼ ਦੇ ਸੂਬੇ ਬੋਲੀ ਦੇ ਆਧਾਰ ਤੇ ਬਣ ਜਾਣ ਪਰ ਪੰਜਾਬ ਔਰ ਉਤਰੀ ਹਿੰਦੁਸਤਾਨ ਬਿਲਕੁਲ ਨਹੀਂ ਬਣਨੇ ਚਾਹੀਦੇ । (ਵਿਘਨ) ਫਿਰ ਡਾਰ ਕਮਿਸ਼ਨ ਬੈਠਾ ਉਸ ਨੇ ਕਿਹਾ ਕਿ ਨਾਰਥ ਇੰਡੀਆ ਵਿਚ ਸੂਬੇ ਨਹੀਂ ਬਣਨੇ ਚਾਹੀਦੇ ਇਸ ਨਾਲ ਸਿਖਸਤਾਨ ਤੇ

ਜਾਟਸਤਾਨ ਦੀ ਮੰਗ ਉਭਰੇਗੀ । ਫਿਰ 1956 ਵਿੱਚ ਰੀਆਰਗੇਨਾਈਜ਼ੇਸ਼ਨ ਕਮਿਸ਼ਨ ਬਣਿਆ, ਉਸ ਨੇ ਫਿਰ ਵਿਤਕਰਾ ਕੀਤਾ ਔਰ ਇਹ ਆਖਿਆ ਕਿ ਪੰਜਾਬੀ ਸੂਬਾ ਨਹੀਂ ਬਣਨਾ ਚਾਹੀਦਾ ਹੈ ।

ਲੇਕਿਨ ਫਿਰ, ਚੇਅਰਮੈਨ ਸਾਹਿਬ 10 ਸਾਲ ਬਾਦ ਸਰਦਾਰ ਹੁਕਮ ਸਿੰਘ ਕਮੇਟੀ ਬਣੀ ਜਦੋਂ ਕਿ ਲਾਲ ਬਹਾਦਰ ਸ਼ਾਸਤਰੀ ਜੀ ਮਰਹੂਮ ਜਿੰਦਾ ਸਨ । ਉਸ ਕਮੇਟੀ ਨੇ ਫੈਸਲਾ ਕੀਤਾ ਕਿ ਬੋਲੀ ਦੇ ਅਧਾਰ ਤੇ ਸੂਬਾ ਬਣਾਇਆ ਜਾਏ। ਪੰਜਾਬੀ ਸੂਬਾ ਬਣਨ ਤੋਂ ਬਾਦ ਫਿਰ ਕਾਣੀ ਵੰਡ ਕੀਤੀ ਗਈ ਅਤੇ ਫਿਰ ਵਿਤਕਰਾ ਕੀਤਾ ਗਿਆ। ਸ੍ਰੀ ਗੁਲਜ਼ਾਰੀ ਲਾਲ ਨੰਦਾ ਉਸ ਵੇਲੇ ਗ੍ਰਿਹ ਮੰਤਰੀ ਸਨ। ਇਹ ਸਿਖਾਂ ਨੂੰ ਸਜ਼ਾ ਦੇਣ ਲਈ ਤੇ ਕਾਰਨਰ ਕਰਨ ਲਈ ਕਿ ਇਹ ਸੂਬਾ ਫਿਰ ਐਕਸਪੈਂਡ ਨਾ ਹੋ ਸਕੇ ਵਧੇਰੇ ਛੋਟੇ ਤੋਂ ਛੋਟਾ ਕਰਨ ਦੀ ਕੋਸ਼ਿਸ਼ ਕੀਤੀ।ਇਸ ਤੇ ਜਿਹੜੀ ਪੱਗ ਸੀ ਜਿਹੜਾ ਤਾਜ ਸੀ, ਅਤੇ ਇਸ ਸੂਬੇ ਦੀ ਜਿਹੜੀ ਸਭ ਤੋਂ ਜ਼ਿਆਦਾ ਖੂਬਸੂਰਤ ਵਾਲੀ ਚੀਜ਼ ਸੀ, ਚੰਡੀਗੜ੍ਹ ਉਹ ਆਪਣੇ ਕੋਲ ਰਖ ਲਿਆ ਜਿਸ ਦੇ ਕਾਰਨ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਜਾਨ ਦੀ ਬਾਜ਼ੀ ਲਗਾਉਣੀ ਪਈ।

ਚੇਅਰਮੈਨ ਸਾਹਿਬ, ਮੈਂ ਉਨ੍ਹਾਂ ਸੱਜਨਾਂ ਵਿਚੋਂ ਰਿਹਾ ਹਾਂ ਜਿਨ੍ਹਾਂ ਦਾ ਇਹ ਸਟੈਂਡ ਰਿਹਾ ਹੈ ਕਿ ਸਰਦਾਰ ਦਰਸ਼ਨ ਸਿੰਘ ਇਕ ਮਹਾਨ ਵਿਅੱਕਤੀ ਸਨ ਅਤੇ ਜਿਹੜੇ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਮਹਾਨ ਅਤੇ ਬਹਾਦਰ ਸਪੂਤ ਸਮਝਦੇ ਰਹੇ ਹਨ ਅਤੇ ਉਨ੍ਹਾਂ ਦੀ ਮਹਾਨ ਸ਼ਹੀਦੀ ਅਤੇ ਇਰਾਦੇ ਦੀ ਪ੍ਰਸ਼ੰਸਾ ਕਰਦੇ ਰਹੇ ਹਨ। ਮੇਰੀ ਹਮੇਸ਼ਾ ਪ੍ਰੈਸ ਵਿਚ ਅਤੇ ਦੂਸਰੀ ਥਾਂਵਾਂ ਤੇ ਇਹੀ ਪਾਲਸੀ ਰਹੀ ਹੈ ।

ਚੇਅਰਮੈਨ ਸਾਹਿਬ, 10 ਤਾਰੀਖ ਨੂੰ ਅੰਮ੍ਰਿਤਸਰ ਵਿਚ ਕਨਵੈਨਸ਼ਨ ਹੋਈ ਅਤੇ ਆਲ-ਵਰਲਡ ਸ਼੍ਰੋਮਣੀ ਅਕਾਲੀ ਦਲ ਦੀ ਕਨਵੈਨਸ਼ਨ ਹੋਈ ਵਿਦਿਆਰਥੀ ਸਭਾਵਾਂ ਤੇ ਸਿੰਘ ਸਭਾਵਾਂ ਦੀ ਇਕਤਰਤਾ ਹੋਈ ਅਤੇ ਉਨ੍ਹਾਂ ਨੇ ਪਾਸ ਕੀਤਾ ਅਤੇ ਉਸ ਮਹਾਨ ਸ਼ਹੀਦ ਦੀ ਸ਼ਹਾਦਤ ਦੀ ਪ੍ਰਸ਼ੰਸਾ ਕੀਤੀ। ਅਤੇ ਕਿਹਾ ਕਿ ਉਸ ਬਹਾਦਰ ਨੇ ਪੰਜਾਬ ਦਾ ਸਿਰ ਉਚਾ ਕੀਤਾ ਹੈ ਅਤੇ ਪੰਜਾਬ ਦੀ ਸ਼ਾਨ ਰਖੀ ਹੈ। ਸ੍ਰੀ ਟੌਹੜਾ ਐਮ.ਪੀ. ਨੇ ਉਨ੍ਹਾਂ ਦੀ ਯਾਦਗਾਰ ਬਣਾਉਣ ਲਈ ਮਤਾ ਪੇਸ਼ ਕੀਤਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਪਾਸ ਕਰ ਦਿੱਤਾ।

ਗਵਰਨਰ ਸਾਹਿਬ ਨੇ ਵੀ ਆਪਣੇ ਐਡਰਸ ਵਿਚ ਇਸ ਗੱਲ ਦੀ ਪ੍ਰਸ਼ੰਸਾ ਕੀਤੀ ਹੈ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਸ਼ਹਾਦਤ ਦੇ ਕੇ ਪੁਰਾਤਨ ਪੰਜਾਬੀਆਂ ਦੀਂ ਸ਼ਹਾਦਤ ਦੀ ਪਰੰਪਰਾ ਜਿਹੜੀ ਬੰਦ ਬੰਦ ਕਟਾਉਣ ਦੀ ਸੀ, ਤੱਪ ਦੀ, ਹੱਠ ਦੀ ਅਤੇ ਦੇਗ ਵਿਚ ਉਬਲਣ ਦੀ ਸ਼ਹਾਦਤ ਅਤੇ ਆਰੇ ਨਾਲ ਕਟਣ ਦੀ ਸ਼ਹਾਦਤ ਦੀ ਰੀਤੀ ਹੈ ਜਿਸ ਤਰ੍ਹਾਂ ਭਗਤ ਕਬੀਰ ਜੀ ਨੇ ਲਿਖਿਆ ਹੈ :—

ਸੂਰਾ ਸੋ ਪਹਿਚਾਨੀਏ, ਜੋ ਲੜੇ ਦੀਨ ਕੇ ਹੇਤ,

ਪੁਰਜ਼ਾ ਪੁਰਜ਼ਾ ਕਟ ਮਰੇ, ਕਬਹੂ ਨਾ ਛਾਡੇ ਖੇਤ ।"

ਪੁਰਜ਼ਾ ਪੁਰਜ਼ਾ ਕੱਟ ਮਰੇ ਸੂਰਮੇਂ ਦੀ ਜਿਹੜੀ ਡੈਫੀਨੇਸ਼ਨ ਭਗਤ ਕਬੀਰ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਲੀਕੀ ਹੋਈ ਹੈ ਉਸ ਦਾ ਨਕਸ਼ਾ ਸਰਦਾਰ ਦਰਸ਼ਨ ਸਿੰਘ ਨੇ ਪੂਰਾ ਕੀਤਾ ਹੈ। ਪੁਰਜ਼ਾ ਪੁਰਜ਼ਾ ਨਹੀਂ ਬਲਕਿ ਮੈਂ ਤਾਂ ਕਹਾਂਗਾ ਕਿ ਰੋਮ ਰੋਮ ਅਤੇ ਸਵਾਸ ਸਵਾਸ ਕਟ ਕੇ ਉਸ ਨੇ ਕੁਰਬਾਨੀ ਦਿਤੀ । ਇਸ ਲਈ, ਚੇਅਰਮੈਨ ਸਾਹਿਬ, ਸਰਦਾਰ ਬਸੰਤ ਸਿੰਘ ਨੇ ਜਿਹੜਾ ਮਤਾ ਲਿਆਂਦਾ ਹੈ ਅਸੀਂ ਉਸ ਦੀ ਪ੍ਰਸ਼ੰਸਾ ਅਤੇ ਤਾਈਦ ਕਰਦੇ ਹਾਂ । ਮੈਂ ਸਰਕਾਰ ਵਲੋਂ ਅਤੇ ਟਰੇਜ਼ਰੀ ਬੈਂਚਾਂ ਵਲੋਂ ਹਾਊਸ ਨੂੰ ਯਕੀਨ ਦਿਲਾਉਂਦਾ ਹਾਂ ਕਿ ਉਨ੍ਹਾਂ ਦੀ ਆਨ ਔਰ ਇਜ਼ਤ ਨੂੰ ਮੁੱਖ ਰਖਦੇ ਹੋਏ ਉਸ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਮੁੱਖ ਰਖਦੇ ਹੋਏ ਜੋ ਮੁਨਾਸਬ ਕਾਰਵਾਈ ਹੋ ਸਕੇਗੀ, ਜਿਸ ਢੰਗ ਔਰ ਤਰੀਕੇ ਨਾਲ ਹੋ ਸਕੇਗੀ ਅਤੇ ਜੋ ਭੀ ਸਰਕਾਰੀ ਲੈਵਲ ਤੇ ਫੈਸਲਾ ਹੋਵੇਗਾ ਉਹ

(ਚੀਫ ਪਾਰਲੀਮੈਂਟਰੀ ਸੈਕਟਰੀ)

ਕੀਤਾ ਜਾਵੇਗਾ। ਇਸ ਗੱਲ ਨਾਲ ਅਸੀਂ ਸਾਰੇ ਸਹਿਮਤ ਹਾਂ ਕਿ ਉਸਦੀ ਸ਼ਹਾਦਤ ਨੇ ਪੰਜਾਬ ਦੀ ਤਾਰੀਖ ਨੂੰ ਮੁੜ ਕੇ ਜ਼ਿੰਦਾ ਕਰ ਦਿਤਾ ਹੈ । ਅਤੇ ਅਰਦਾਸ ਦਾ ਜਿਹੜਾ ਮਹੱਤਵ ਸਰਦਾਰ ਫੂਲਾ ਸਿੰਘ ਨੇ ਦੱਸਿਆ ਸੀ ਉਹ ਮੁੜ ਕੇ ਦੁਹਰਾਇਆ ਹੈ। ਸਰਦਾਰ ਫੂਲਾ ਸਿੰਘ ਨੇ ਅਰਦਾਸ ਕੀਤੀ ਸੀ, ਅਤੇ ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਫੂਲਾ ਸਿੰਘ ਜੀ ਇਕ ਦਿਨ ਠਹਿਰ ਜਾਵੋ ਤੋਪਖਾਨਾਂ ਪਿਛੋਂ ਆ ਰਿਹਾ ਹੈ ਫਿਰ ਹਮਲਾ ਕਰਾਂਗੇ। ਇਤਿਹਾਸ ਦਸਦਾ ਹੈ ਕਿ ਫੂਲਾ ਸਿੰਘ ਨੇ ਆਖਿਆ ਰਣਜੀਤ ਸਿੰਘ ਤੇਰਾ ਤੋਪ ਖਾਨਾ ਆਵੇ ਜਾਂ ਨਾ ਆਵੇ ਅਸੀਂ ਅਰਦਾਸ ਕੀਤੀ ਹੈ ਅਤੇ ਉਸ ਦੀ ਪੂਰਤੀ ਸਿਰ ਨਾਲ ਹੀ ਨਿਭਾਵਾਂਗੇ । ਉਨ੍ਹਾਂ ਨੇ ਜਿਹੜੀ ਅਰਦਾਸ ਕੀਤੀ ਉਸ ਨੂੰ ਪੂਰਾ ਕੀਤਾ ਅਤੇ ਅਰਦਾਸ ਦੀ ਮਹੱਤਤਾ ਦਰਸਾਈ ।

ਆਖ਼ਿਰ ਵਿੱਚ ਮੈਂ ਇਹ ਕਹਾਂਗਾ ਕਿ ਸਾਨੂੰ ਇਸ ਸਬੰਧ ਵਿਚ ਪੂਰੇ ਉੱਦਮ ਨਾਲ ਉਨ੍ਹਾਂ ਦੀ ਯਾਦਗਾਰ ਬਣਾਉਣ ਲਈ ਵੱਧ ਤੋਂ ਵੱਧ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਵੱਧ ਤੋਂ ਵੱਧ ਸ਼ਾਨਦਾਰ ਢੰਗ ਨਾਲ ਉਸ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰ ਸਕੀਏ ।

ਮੁੱਖ ਮੰਤਰੀ : ਚੇਅਰਮੈਨ ਸਾਹਿਬ, ਮੈਂ ਖੁਦ ਜੋ ਹਾਊਸ ਦੇ ਸੈਂਟੀਮੈਂਟਸ ਹਨ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੇ ਮੁਤੱਅਲਕ ਉਨ੍ਹਾਂ ਦੇ ਨਾਲ ਸਹਿਮਤ ਹਾਂ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਬੜੀ ਭਾਰੀ ਕੁਰਬਾਨੀ ਦਿਤੀ ਹੈ। ਪੰਜਾਬ ਦੀ ਖ਼ਾਤਰ ਐਸੇ ਬੜੇ ਘੱਟ ਆਦਮੀ ਹਨ ਜਿਹੜੇ ਇਸ ਹੌਂਸਲੇ ਨਾਲ ਔਰ ਇਸ ਖੁਸ਼ੀ ਦੇ ਨਾਲ ਇਸ ਕਿਸਮ ਦੀ ਕੁਰਬਾਨੀ ਦੇ ਸਕਦੇ/ਹਨ । ਇਸ ਕਰਕੇ ਮੈਂ ਜ਼ਿਆਦਾ ਨਾ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਇਹੀ ਕਹਿੰਦਾ ਹਾਂ ਕਿ ਇਹ ਜੋ ਮਤਾ ਪੇਸ਼ ਕੀਤਾ ਹੈ ਸਰਦਾਰ ਬਸੰਤ ਸਿੰਘ ਨੇ ਅਸੀਂ ਉਸਦੇ ਨਾਲ ਸਹਿਮਤ ਹਾਂ। ਇਸ ਸਿਲਸਿਲੇ ਵਿਚ 2, 3 ਅਮੈਂਡਮੈਂਟਾਂ ਆਈਆਂ ਹਨ, ਮੈਂ ਉਨ੍ਹਾਂ ਬਾਰੇ ਪੋਜ਼ੀਸ਼ਨ ਕਲੀਅਰ ਕਰ ਦਿੰਦਾ ਹਾਂ ।

ਇਕ ਅਮੈਂਡਮੈਂਟ ਆਈ ਹੈ ਕਿ ਸਟੈਚੂ ਬਣਾਇਆ ਜਾਵੇ ਵਿਧਾਨ ਸਭਾ ਦੇ ਸਾਹਮਣੇ । ਜੇਕਰ ਇਹ ਰੈਜ਼ੋਲਿਊਸ਼ਨ ਸਦਨ ਨੇ ਪਾਸ ਕਰ ਦਿਤਾ ਤਾਂ ਗੌਰਮਿੰਟ ਐਗਜ਼ੀਕਿਊਟ ਨਹੀਂ ਕਰ ਸਕੇਗੀ । ਇਸ ਗੱਲ ਦਾ ਹਠ ਨਹੀਂ ਹੋਣਾ ਚਾਹੀਦਾ ਕਿ ਜਿਹੜੀ ਚੀਜ਼ ਐਗਜ਼ੀਕਿਊਟ ਨਾ ਹੋ ਸਕੇ ਉਹ ਪਾਸ ਕੀਤੀ ਜਾਏ, ਉਹ ਇਕ ਹਾਸੋਹੀਣੀ ਗੱਲ ਹੋ ਜਾਏਗੀ। ਉਸ ਦਾ ਨਤੀਜਾ ਇਹ ਨਿਕਲੇਗਾ ਕਿ ਉਹ ਇਕ ਰਕਮੈਂਡੇਟਰੀ ਰੈਜ਼ੋਲਿਊਸ਼ਨ ਹੋ ਜਾਏਗਾ ਜਿਸ ਨੂੰ ਅਸੀਂ ਐਗਜ਼ੀਕਿਊਟ ਨਹੀਂ ਕਰ ਸਕਦੇ। ਮੈਂ ਕਹਾਂਗਾ ਕਿ ਇਹ ਚੰਗੀ ਗਲ ਹੋਵੇਗੀ ਜੇਕਰ ਉਸ ਦੇ ਮੂਵਰ ਇਸ ਨੂੰ ਵਾਪਸ ਲੈ ਲੈਣ।

ਦੂਸਰੀ ਅਮੈਂਡਮੈਂਟ ਆਈ ਹੈ ਕਿ ਇਸ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਈ ਜਾਵੇ। ਮੈਂ ਕਹਿੰਦਾ ਹਾਂ ਕਿ ਇਕ ਕਮੇਟੀ ਇਸ ਸਿਲਸਿਲੇ ਵਿਚ ਪਹਿਲੋਂ ਬਣੀ ਹੋਈ ਹੈ ਜਿਸ ਵਿਚ ਪਲੀਟੀਕਲ ਸਫ਼ਰੱਰ ਅਤੇ ਹੋਰ ਵੀ ਕਈ ਸਜਣ ਉਸ ਦੇ ਮੈਂਬਰ ਹਨ। ਮੈਂ ਕਹਿੰਦਾ ਹਾਂ ਕਿ ਇਸ ਚੀਜ਼ ਨੂੰ ਉਸ ਕਮੇਟੀ ਨੂੰ ਦੇ ਦਿਆਂਗੇ ਅਤੇ ਜੋ ਉਹ ਫੈਸਲਾ ਕਰੇਗੀ ਕਿ ਇਸ ਕਿਸਮ ਦਾ ਮੈਮੋਰੀਅਲ ਹੋਣਾ ਚਾਹੀਦਾ ਹੈ ਦੇਖ ਲਵਾਂਗੇ ।

ਤੀਸਰੀ ਚੀਜ਼ ਇਹ ਹੈ ਕਿ ਸਰਦਾਰ ਫੇਰੂਮਾਨ ਨੇ ਮਰਨ ਤੋਂ ਪਹਿਲਾਂ ਕਈ ਗੱਲਾਂ ਕਹੀਆਂ ਸਨ। ਮਰਨ ਤੋਂ ਪਹਿਲਾਂ ਉਨ੍ਹਾਂ ਨੇ ਮੈਨੂੰ ਵੀ ਕਿਹਾ ਸੀ ਅਤੇ ਉਥੇ ਦੇ ਐਸ.ਪੀ. ਅਤੇ ਡਿਪਟੀ ਕਮਿਸ਼ਨਰ ਨੂੰ ਵੀ ਦੱਸਿਆ ਸੀ ਕਿ ਉਸ ਦੇ ਪਿੰਡ ਵਿਚ ਸਕੂਲ ਹੋਵੇ, ਹਸਪਤਾਲ ਹੋਵੇ, ਹੈਲਥ ਸੈਂਟਰ ਆਦਿ ਹੋਣੇ ਚਾਹੀਦੇ ਹਨ । ਅਸੀਂ ਉਨ੍ਹਾਂ ਦਾ ਫ਼ੈਸਲਾ ਕਰ ਰਹੇ ਹਾਂ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਵਿਚ ਕੋਈ ਐਸੀ ਗੱਲ ਨਹੀਂ । ਮੈਂ ਕਹਾਂਗਾ ਕਿ ਸਾਰੇ ਮੈਂਬਰਾਂ ਨੂੰ ਮੁਤਫਿਕ ਤੌਰ ਤੇ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰ ਦੇਣਾ ਚਾਹੀਦਾ ਹੈ । ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਆਪਣੇ ਆਪ ਨੂੰ ਅਤੇ ਸਰਕਾਰ ਨੂੰ ਹਾਊਸ ਦੇ ਸੈਂਟੀਮੈਂਟਸ ਨਾਲ ਸ਼ਾਮਿਲ ਕਰਦਾ ਹੋਇਆ ਬਠ ਜਾਂਦਾ ਹਾਂ ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ) : ਚੇਅਰਮਨ ਸਾਹਿਬ, ਅੱਜ ਸਾਡੇ ਇਥੇ ਹਾਊਸ ਵਿੱਚ ਸਾਨੂੰ ਮਾਨ ਪ੍ਰਾਪਤ ਹੈ ਕਿ ਅਸੀਂ ਉਸ ਮਹਾਨ ਸ਼ਹੀਦ, ਜਿਸ ਦੀ ਸ਼ਹਾਦਤ ਨੇ ਕੁਰਬਾਨੀ ਦੀ ਪੁਰਾਣੀ ਰੀਤ, ਜਿਹੜੀ ਪੰਜਾਬ ਦੀ ਧਰਤੀ ਵਿੱਚੋਂ ਪੈਦਾ ਹੋਈ ਸੀ ਉਸ ਨੂੰ ਕਾਇਮ ਕੀਤਾ । ਕਲ੍ਹ ਇਕ ਸੱਜਨ ਨੇ ਇਥੇ ਕੁਝ ਲਫਜ਼ ਵਰਤੇ ਸੀ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਉਹ ਮਹਾਨ ਪੁਰਸ਼ ਸਨ ਜਿਨ੍ਹਾਂ ਤੋਂ ਮੌਤ ਵੀ ਡਰਦੀ ਸੀ । 74 ਦਿਨਾਂ ਦਾ ਜਿਹੜਾ ਰਿਕਾਰਡ ਹੈ ਇਹ ਦੁਨੀਆ ਦੇ ਕਿਸੇ ਇਤਿਹਾਸ ਵਿੱਚ ਨਹੀਂ ਮਿਲਦਾ । ਉਨ੍ਹਾਂ ਨੇ ਪੰਜਾਬੀਆਂ ਦਾ ਅਤੇ ਹਿੰਦੁਸਤਾਨੀਆਂ ਦਾ ਸਿਰ ਦੁਨੀਆ ਵਿੱਚ ਉੱਚਾ ਕਰ ਦਿੱਤਾ ਹੈ । 74 ਦਿਨਾਂ ਵਿੱਚ ਮੌਤ ਨੂੰ ਵੀ ਉਨ੍ਹਾਂ ਦਾ ਇਰਾਦਾ ਪਲਟਣ ਦੀ ਜੁਰਤ ਨਹੀਂ ਪਈ । ਆਖ਼ੀਰਲੇ ਦਿਨ ਉਨ੍ਹਾਂ ਨੇ ਮੌਤ ਨੂੰ ਲਲਕਾਰਿਆ ਅਤੇ ਕਿਹਾ ਜੇ ਕਰ ਤੈਨੂੰ ਸ਼ਰਮ ਆਉਂਦੀ ਹੈ ਤਾਂ ਮੈਂ ਮੂੰਹ ਉਧਰ ਕਰ ਲੈਂਦਾ ਹਾਂ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਉਸ ਦੀ ਮੌਤ ਇਕ ਅਮਰ ਸ਼ਹੀਦ ਦੀ ਮੌਤ ਹੋਈ ਹੈ । ਇਸ ਹਾਊਸ ਵਿੱਚ ਆਪਣੇ ਆਪਣੇ ਢੰਗ ਨਾਲ ਹਰ ਇਕ ਨੇ ਆਪਣਾ ਆਪਣਾ ਡਿਫੈਂਸ ਲਿਆ ਹੈ । ਮੈਂ ਸਮਝਦਾ ਹਾਂ ਕਿ ਚੰਗਾ ਹੁੰਦਾ ਕਿ ਉਨ੍ਹਾਂ ਦਿਨਾਂ ਵਿੱਚ ਹੀ ਕੋਈ ਪੰਜਾਬੀ ਕੌਮ ਲਹਿਰ ਕਾਇਮ ਕਰ ਲੈਂਦੀ ਜਿਸ ਨਾਲ ਉਨ੍ਹਾਂ ਨੂੰ ਸ਼ਹਾਦਤ ਦਾ ਮੌਕਾ ਨਾ ਮਿਲਦਾ।ਮੈਂ ਕਹਿੰਦਾ ਹਾਂ ਕਿ ਜਿਹੜੀ ਫੈਸਲੇ ਵਿੱਚ ਦੇਰ ਹੋਈ ਹੈ,ਮੈਂ ਉਸ ਦੇ ਬਾਰੇ ਵਿੱਚ ਬਹੁਤਾ ਨਾ ਜਾਂਦਾ ਹੋਇਆ ਕਿ ਇਹ ਕਿਸ ਤਰ੍ਹਾਂ ਹੋਈ ਕਿਸ ਤਰ੍ਹਾਂ ਨਹੀਂ ਹੋਈ,ਇਹੀ ਕਹਿੰਦਾ ਹਾਂ ਕਿ ਅਗਰ ਇਹ ਫੈਸਲਾ ਪਹਿਲੋਂ ਕਰ ਦਿੱਤਾ ਜਾਂਦਾ ਤਾਂ ਉਨ੍ਹਾਂ ਦੀ ਜਾਨ ਬਚ ਸਕਦੀ ਸੀ । ਉਨ੍ਹਾਂ ਦੀ ਦਰਿੜ੍ਹਤਾ ਅਤੇ ਉਨ੍ਹਾਂ ਦੇ ਇਰਾਦੇ ਦੀ ਦਰਿੜ੍ਹਤਾ ਨੂੰ ਵਡਿੱਤਣ ਦਿੱਤੇ ਬਗੈਰ ਮੈਂ ਰਹਿ ਨਹੀਂ ਸਕਦਾ । ਅਸੀਂ ਵੇਖਿਆ ਹੈ ਕਿ ਹਰਿਆਣਾ ਦੇ ਸਜਣ, ਜਿਨ੍ਹਾਂ ਨੇ ਉਨ੍ਹਾਂ ਦੇ ਮੁਕਾਬਲੇ ਵਿੱਚ ਵਰਤ ਰਖਿਆ ਸੀ, 7 ਦਿਨਾਂ ਦੇ ਅੰਦਰ ਅੰਦਰ ਆਪਣੀ ਟਿੰਡ ਫੌੜੀ ਚੁਕ ਕੇ ਭੱਜ ਗਏ । ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ 74 ਦਿਨ ਇਸ ਤਰ੍ਹਾਂ ਨਿਭਾਏ ।

ਉਨ੍ਹਾਂ ਦਾ ਵੱਡਪਣ ਇਸ ਗੱਲ ਵਿੱਚ ਹੈ ਕਿ ਉਨ੍ਹਾਂ ਨੇ ਜਿਹੜੀ ਪਹਿਲੋਂ ਵਸੀਅਤ ਕੀਤੀ ਸੀ ਮਰਨ ਵਰਤ ਰਖਣ ਵੇਲੇ,ਉਨ੍ਹਾਂ ਨੇ ਇਹ ਦੇਖਿਆ ਕਿ ਇਸ ਨਾਲ ਪੰਜਾਬ ਦੇ ਹਾਲਾਤ ਖ਼ਰਾਬ ਹੋ ਸਕਦੇ ਹਨ, ਉਨ੍ਹਾਂ ਨੇ ਆਪਣੀ ਵਸੀਅਤ ਵਿੱਚ ਤਬਦੀਲੀ ਲਿਆਂਦੀ..ਮੈਂ ਇਸ ਗੱਲ ਵਿੱਚ ਨਹੀਂ ਜਾਂਦਾ ਕਿ ਉਸ ਵਸੀਅਤ ਵਿੱਚ ਕੀ ਸੀ ਜਾਂ ਕੀ ਨਹੀਂ ਸੀ, ਪਰ ਉਨ੍ਹਾਂ ਇਸ ਨੂੰ ਅਗਨ ਕੁੰਡਾਂ ਅਤੇ ਸਿਖ ਹੋਮ ਲੈਂਡ ਤੋਂ ਅਡ ਕਰਕੇ ਇਸ ਵਿੱਚ ਸਿਰਫ ਚੰਡੀਗੜ੍ਹ ਦੀ ਹੀ ਮੰਗ ਰਹਿਣ ਦਿੱਤੀ । ਇਹ ਉਨ੍ਹਾਂ ਦਾ ਵਡਿੱਤਣ ਸੀ ਜਿਸ ਨੂੰ ਅਸੀਂ ਪੰਜਾਬੀਆਂ ਨੇ ਪੂਰਾ ਮਾਨ ਨਹੀਂ ਦਿੱਤਾ । ਬੇਸ਼ਕ ਮੇਰੀ ਪਾਰਟੀ ਮਰਨ ਵਰਤਾਂ ਅਤੇ ਜਲ ਮਰਨ ਦੇ ਖਿਲਾਫ ਹੈ ਅਤੇ ਲੋਕ ਲਹਿਰ ਵਿੱਚ ਯਕੀਨ ਰਖਦੀ ਹੈ ਫਿਰ ਵੀ ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਦੇਖਦੇ ਹੋਏ ਅਤੇ ਜਿਸ ਵਡਿੱਤਣ ਨਾਲ ਉਨ੍ਹਾਂ ਉਸ ਸ਼ਹਾਦਤ ਨੂੰ ਕਾਇਮ ਕੀਤਾ ਅਤੇ ਲੋਕਾਂ ਦੇ ਲਾਭ ਲਈ, ਪੰਜਾਬ ਅਤੇ ਦੇਸ਼ ਦੇ ਭਲੇ ਲਈ ਉਸ ਨੂੰ ਵਰਤਿਆ, ਅਸੀਂ ਉਨ੍ਹਾਂ ਦਾ ਪੂਰਾ ਮਾਣ ਕਰਦੇ ਹਾਂ । ਮੈਂ ਹਾਊਸ ਨੂੰ ਉਨ੍ਹਾਂ ਨੂੰ ਸਹੀ ਸ਼ਰਧਾਂਜਲੀ ਦੇਣ ਲਈ ਬੇਨਤੀ ਕਰਾਂਗਾ। ਉਹ ਚੰਡੀਗੜ੍ਹ ਜਿਸ ਤਰ੍ਹਾਂ ਚਾਹੁੰਦੇ ਸਨ ਉਹ ਅਸੀਂ ਅੱਜ ਤਕ ਹਾਸਲ ਨਹੀਂ ਕਰ ਸਕੇ । ਜਿਵੇਂ ਕਿ ਹੁਣ ਲੀਡਰ ਆਫ ਦੀ ਹਾਊਸ ਨੇ ਕਿਹਾ ਕਿ ਅਸੀਂ ਇਥੇ ਉਨ੍ਹਾਂ ਦਾ ਸਟੈਚੂ ਨਹੀਂ ਲਗਾ ਸਕਦੇ ਕਿਉਂਕਿ ਅਸੀਂ ਹਾਲੇ ਇਸ ਨੂੰ ਹਾਸਲ ਨਹੀਂ ਕੀਤਾ । ਅਸੀਂ ਕੁਝ ਦੇ ਬੈਠੇ ਹਾਂ ਮਿਲਿਆ ਕੁਝ ਨਹੀਂ। ਮੈਂ ਹਾਊਸ ਨੂੰ ਕਹਾਂਗਾ ਕਿ ਸਾਥੋਂ ਪਿਛੇ ਜੋ ਗਲਤੀ ਹੋ ਗਈ ਸੋ ਹੋ ਗਈ, ਇਸੇ ਕਰਕੇ ਉਨ੍ਹਾਂ ਨੂੰ ਚੰਡੀਗੜ੍ਹ ਲਈ ਸ਼ਹਾਦਤ ਦੇਣੀ ਪਈ। ਸਾਡੀ ਸਾਰਿਆਂ ਦੀ ਕੋਸ਼ਿਸ਼ ਹੋਵੇ ਕਿ ਪੰਜਾਬੀ ਸੂਬਾ ਬੋਲੀ ਦੇ ਆਧਾਰ ਤੇ ਬਣੇ ਜੋ ਪੰਜਾਬੀ ਬੋਲਦੇ ਇਲਾਕੇ ਇਸ ਵਿੱਚੋਂ ਬਾਹਰ ਰਹਿ ਗਏ ਹਨ ਉਹ ਸਾਡੇ ਨਾਲ ਧੱਕਾ ਹੈ ਅਤੇ ਉਨ੍ਹਾਂ ਨੂੰ ਪੰਜਾਬ ਵਿੱਚ ਲਿਆ ਕੇ ਹੀ ਅਸੀਂ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਾਂਗੇ । ਇਸ

(ਕਾਮਰੇਡ ਕੁਲਵੰਤ ਸਿਘ)

ਨਾਲ ਉਨ੍ਹਾਂ ਦੀ ਯਾਦਗਾਰ ਪੂਰੀ ਹੋਵੇਗੀ । ਅਗਰ ਇਸ ਤਰ੍ਹਾਂ ਪੰਜਾਬ ਪੂਰਾ ਨਹੀਂ ਕੀਤਾ ਜਾਂਦਾ ਤਾਂ ਸ਼ਹੀਦ ਨੂੰ ਸਹੀ ਸ਼ਰਧਾਂਜਲੀ ਨਹੀਂ ਹੋਵੇਗੀ ।

ਅੰਤ ਵਿੱਚ ਮੈਂ ਸਰਦਾਰ ਬਸੰਤ ਸਿੰਘ ਹੋਰਾਂ ਵਲੋਂ ਪੇਸ਼ ਕੀਤੇ ਮਤੇ ਨਾਲ ਸਹਿਮਤੀ ਪਰਗਟ ਕਰਦਾ ਹੋਇਆ, ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਅਗੇ ਤਾਂ ਵਕਤ ਨਿਕਲ ਗਿਆ ਹੁਣ ਹੋਰ ਵਕਤ ਨਾ ਨਿਕਲੇ ਇਸ ਗਲ ਦੇ ਉਪਰਾਲੇ ਸਾਰਿਆਂ ਨੂੰ ਸਾਂਝੇ ਤੌਰ ਤੇ ਕਰਨੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਦੀ ਯਾਦਗਾਰ ਨਾਲ ਪੰਜਾਬ ਦਾ ਸਿਰ ਉੱਚਾ ਹੋਵੇ ।

ਸ੍ਰੀ ਗਿਆਨ ਚੰਦ ਖਰਬੰਦਾ (ਅੰਮ੍ਰਿਤਸਰ, ਪੂਰਬ) : ਚੇਅਰਮੈਨ ਸਾਹਿਬ, ਜਿਸ ਮਰਦੇ ਮੁਜਾਹਿਦ ਦੇ ਚਰਨਾਂ ਵਿੱਚ ਸ਼ਰਧਾਂਜਲੀ ਭੇਂਟ ਕਰਨ ਅਤੇ ਉਨ੍ਹਾਂ ਲਈ ਮੈਮੋਰੀਅਲ ਬਨਾਉਣ ਦਾ ਜੋ ਪਰਸਤਾਵ ਹਾਊਸ ਵਿੱਚ ਪੇਸ਼ ਹੈ ਮੈਂ ਉਸ ਦੀ ਸਪੋਰਟ ਕਰਨ ਲਈ ਖੜਾ ਹੋਇਆ ਹਾਂ । ਉਨ੍ਹਾਂ ਦੀ ਬੇਮਿਸਾਲ ਕੁਰਬਾਨੀ ਨੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਅਤੇ ਉਨ੍ਹਾਂ ਨੇ ਕੁਰਬਾਨੀ ਦਾ ਰਿਕਾਰਡ ਕਾਇਮ ਕੀਤਾ । ਮੈਨੂੰ ਇਸ ਗੱਲ ਦਾ ਮਾਨ ਹੈ ਕਿ ਮੈਨੂੰ ਸੁਤੰਤਰਤਾ ਸੰਗਰਾਮ ਵਿੱਚ ਉਨ੍ਹਾਂ ਦੀ ਰਹਿਨਮਾਈ ਵਿਚ ਬਤੌਰ ਇਕ ਵਾਲੰਟੀਅਰ ਦੇ ਕੰਮ ਕਰਨ ਦਾ ਮੌਕਾ ਮਿਲਿਆ । ਮੈਨੂੰ ਇਹ ਵੀ ਮਾਨ ਹੈ ਕਿ ਮੈਂ ਉਨ੍ਹਾਂ ਦੀ ਅਗਵਾਈ ਹੇਠਾਂ ਕੰਮ ਕੀਤਾ ਉਹ ਡਿਸਟ੍ਰਿਕਟ ਕਾਂਗਰਸ ਕਮੇਟੀ ਦੇ ਪਰਧਾਨ ਸਨ ਅਤੇ ਮੈਂ ਐਡਹਾਕ ਕਮੇਟੀ ਦਾ ਮੈਂਬਰ ਸੀ । ਸ਼ੁਰੂ ਤੋਂ ਹੀ ਅਸੀਂ ਦੇਖਦੇ ਰਹੇ ਕਿ ਉਹ ਬੜੇ ਮਜ਼ਬੂਤ ਇਰਾਦੇ ਦੇ ਇਨਸਾਨ ਸਨ । ਉਹ ਕੁਰਬਾਨੀ ਦੇ ਮੁਜੱਸਮਾ ਸਨ । ਇਸ ਤਰ੍ਹਾਂ ਦੇ ਦੇਸ਼ ਭਗਤ ਘਟ ਹੀ ਹੁੰਦੇ ਹਨ । ਇਸ ਤਰ੍ਹਾਂ ਦੇ ਨੇਤਾ ਲਈ ਮੈਮੋਰੀਅਲ ਬਣਨਾ ਚਾਹੀਦਾ ਹੈ । ਕੀ ਬਣਨਾ ਚਾਹੀਦਾ ਹੈ ਇਸ ਬਾਰੇ ਪਰੋਪੋਜ਼ਲ ਇਹ ਹੈ ਕਿ ਵੀ. ਜੇ. ਹਸਪਤਾਲ ਦਾ ਉਹ ਫੈਮਿਲੀ ਬਲਾਕ ਜਿੱਥੇ ਉਨ੍ਹਾਂ ਨੇ ਕੁਰਬਾਨੀ ਦਿੱਤੀ ਉਸ ਬਲਾਕ ਦਾ ਨਾਂ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਬਲਾਕ ਰਖਿਆ ਜਾਵੇ । (ਤਾੜੀਆਂ) ਇਸੇ ਤਰ੍ਹਾਂ ਜਿੱਥੇ ਉਨ੍ਹਾਂ ਦੀਆਂ ਸਰਗਰਮੀਆਂ ਸ਼ੁਰੂ ਹੋਈਆਂ ਰਈਆ ਦਾ ਉਹ ਇਲਾਕਾ ਜਿੱਥੋਂ ਉਨ੍ਹਾਂ ਦੇ ਇਲਾਕੇ ਨੂੰ ਸੜਕ ਜਾਂਦੀ ਹੈ ਜਿੱਥੇ ਮਾਰਕਿਟ ਵੀ ਬਣ ਰਹੀ ਹੈ ਉਸ ਦਾ ਨਾਮ ਵੀ ਉਨ੍ਹਾਂ ਦੇ ਨਾਮ ਤੇ ਰਖ ਦਿੱਤਾ ਜਾਵੇ । ਇਸ ਤਰ੍ਹਾਂ ਅਸੀਂ ਇਕ ਨੇਕ ਮਿਸਾਲ ਕਾਇਮ ਕਰ ਰਹੇ ਹੋਵਾਂਗੇ ।

ਕੁਝ ਅਕਾਲੀ ਦੋਸਤਾਂ ਨੇ ਇਸ ਗੱਲ ਨੂੰ ਹੋਰ ਹੀ ਰੰਗ ਵਿੱਚ ਪੇਸ਼ ਕੀਤਾ । ਚੰਗਾ ਹੁੰਦਾ ਅਗਰ ਉਹ ਇਸ ਨੂੰ ਦੂਜੀ ਤਰਫ਼ ਨਾ ਲੈ ਜਾਂਦੇ । ਉਨ੍ਹਾਂ ਨੇ ਬੜੇ ਚਾ ਅਤੇ ਮਾਨ ਨਾਲ ਅਕਾਲੀ ਦਲ ਦੇ ਰੋਲ ਦਾ ਜ਼ਿਕਰ ਕੀਤਾ ਅਤੇ ਸੰਤ ਫਤਿਹ ਸਿੰਘ ਹੋਰਾਂ ਦੇ ਮਰਨਵਰਤ ਦਾ ਵੀ ਜ਼ਿਕਰ ਕੀਤਾ । ਮੈਂ ਉਨ੍ਹਾਂ ਦੀ ਇਜ਼ਤ ਕਰਦਾ ਹਾਂ । ਪਰ ਇਹ ਕਹਾਂਗਾ ਕਿ ਜਦੋਂ ਫੇਰੂਮਾਨ ਹੋਰਾਂ ਨੇ ਵਰਤ ਰਖਿਆ ਹੋਇਆ ਸੀ ਤਾਂ ਇਹ ਉਨ੍ਹਾਂ ਪਾਸ ਜਾਣ ਲਈ ਤਿਆਰ ਨਹੀਂ ਹੋਏ । ਇਸ ਤਰ੍ਹਾਂ ਸੰਗਦਿਲੀ ਦੀ ਮਿਸਾਲ ਕਾਇਮ ਕੀਤੀ । (ਵਿਘਨ) ਅਕਾਲੀ ਦਲ ਦੇ ਜਨਰਲ ਸੈਕਰੇਟਰੀ ਸਰਦਾਰ ਜੀਵਨ ਸਿੰਘ ਉਮਰਾਨੰਗਲ ਦੇ ਇਸ ਤਰ੍ਹਾਂ ਦੇ ਬਿਆਨ ਆਏ ਕਿ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ । ਅੱਜ ਅਕਾਲੀ ਦਲ ਇਨ੍ਹਾਂ ਤੇ ਫਖਰ ਕਰਦਾ ਹੈ । ਇਕ ਆਦਮੀ ਜਿਸ ਨੇ ਕੌਂਸਲ ਦੇ ਖਤਮ ਹੋਣ ਤੇ ਵੀ ਵਜ਼ਾਰਤ ਤੋਂ ਅਸਤੀਫਾ ਨਹੀਂ ਦਿੱਤਾ, ਜਿਸ ਨੇ ਮਾਰੈਲਿਟੀ ਦਾ ਸਟੈਂਡਰਡ ਇਤਨਾ ਲੋ ਕਰ ਦਿੱਤਾ ਹੋਵੇ ਉਹ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਜਿਹੇ ਸ਼ਹੀਦ ਬਾਰੇ ਕੀ ਗੱਲ ਕਰ ਸਕਦਾ ਹੈ ? ਕਿਥੇ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਅਤੇ ਕਿਥੇ ਸਰਦਾਰ ਜੀਵਨ ਸਿੰਘ ਉਮਰਾਨੰਗਲ । ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੇ ਪੰਜਾਬੀ ਸੂਬੇ ਦਾ ਜ਼ਿਕਰ ਕਰਦੇ ਹੋਏ ਇਨ੍ਹਾਂ ਨੇ ਭਾਰਤ ਸਰਕਾਰ ਤੇ ਵਿਤਕਰੇ ਦਾ ਇਲਜ਼ਾਮ ਲਾਇਆ । ਪਰ ਇਨ੍ਹਾਂ ਦੀਆਂ ਤਕਰੀਰਾਂ ਅਤੇ ਇਨ੍ਹਾਂ ਦੇ ਅਮਲ ਨੇ ਪੰਜਾਬ

ਦੇ ਵਾਯੂਮੰਡਲ ਨੂੰ ਖਰਾਬ ਕੀਤਾ ਹੈ, ਵਿਤਕਰਾ ਇਹ ਆਪ ਕਰਦੇ ਹਨ, ਪੰਜਾਬ ਦੇ ਲੋਕ ਅੱਜ ਇਨ੍ਹਾਂ ਦੀਆਂ ਗੱਲਾਂ ਸੁਣ ਸੁਣ ਕੇ ਸੋਚਣ ਲੱਗ ਪਏ ਹਨ ਕਿ ਇਹ ਕੀ ਬਣ ਰਿਹਾ ਹੈ । ਅਗਰ ਬੋਲੀ ਦੇ ਆਧਾਰ ਤੇ ਹੀ ਸੂਬਾ ਕਾਇਮ ਕਰਨਾ ਚਾਹੁੰਦੇ ਸੀ ਤਾਂ ਦਰਬਾਰ ਸਾਹਿਬ ਵਿੱਚ ਪੋਲੀਟੀਕਲ ਐਜੀਟੇਸ਼ਨਾਂ ਨਾ ਚਲਾਉਂਦੇ । ਜਦ ਸਾਰੀਆਂ ਪਾਰਟੀਆਂ ਦੀ ਕਮੇਟੀ ਬਣੀ ਹੋਈ ਸੀ ਤਾਂ ਫਿਰ ਉਸ ਤੋਂ ਲਾਂਭੇ ਜਾ ਕੇ ਮਰਨਵਰਤ ਅਤੇ ਜਲਮਰਨ ਦਾ ਐਲਾਨ ਕਰਨਾ ਜਦ ਦੇਖਿਆ ਕਿ ਚੰਡੀਗੜ੍ਹ ਮਿਲ ਰਿਹਾ ਹੈ, ਉਹ ਸਿਲਸਿਲਾ ਜਾਰੀ ਕਰਨ ਨਾਲ ਪੰਜਾਬ ਦੀ ਫਿਜ਼ਾ ਖਰਾਬ ਹੋਈ । ਮਸਲਾ ਪੇਚੀਦਾ ਹੋਇਆ । ਇਨ੍ਹਾਂ ਗੱਲਾਂ ਤੇ ਫਖਰ ਕਰਨ ਵਾਲੇ ਦੋਸਤਾਂ ਨੂੰ ਮੈਂ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਅਕਾਲ ਤਖਤ ਤੇ ਪਥਰਾਉ ਹੋਇਆ, ਫਾਇਰਿੰਗ ਹੋਈ । ਇਨ੍ਹਾਂ ਨੇ ਮਾਹੌਲ ਖਰਾਬ ਕੀਤਾ ਹੈ । ਹਾਊਸ ਵਿੱਚ ਭਾਵੇਂ ਇਸ ਤਰ੍ਹਾਂ ਦੀਆਂ ਗੱਲਾਂ ਕਰ ਲਓ ਅੰਮ੍ਰਿਤਸਰ ਵਿੱਚ ਤੁਸੀਂ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕੀਤੀਆਂ। ਠੀਕ ਪੰਜਾਬੀ ਬੋਲੀ ਵਾਲੀ ਸਟੇਟ ਸਾਨੂੰ ਮਿਲਣੀ ਚਾਹੀਦੀ ਹੈ ਪਰ ਉਸ ਲਈ ਫਿਜ਼ਾ ਕਾਇਮ ਕਰਨੀ ਚਾਹੀਦੀ ਹੈ ਤਾਂਕਿ ਸਭ ਮਿਲਕੇ ਇਸ ਨੂੰ ਹਾਸਲ ਕਰਨ ਦੇ ਯਤਨ ਕਰਨ, ਮਿਲ ਕੇ ਚਲਣ । ਫਿਰਕਾਦਾਰਾਨਾ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ । ਪੰਜਾਬੀ ਦੀ ਮੈਂ ਕਦਰ ਕਰਦਾ ਹਾਂ । ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਵਿੱਚ ਏਕਤਾ ਕਾਇਮ ਕੀਤੀ ਹੈ, ਜਨ ਸੰਘ ਅਤੇ ਅਕਾਲੀ ਦਲ ਦਾ ਮਿਲਾਪ ਹਿੰਦੂ ਸਿਖ ਏਕਤਾ ਨਹੀਂ ਇਹ ਫਰਾਡ ਹੈ । ਇਹ ਦੋਵੇਂ ਹੀ ਫਿਰਕਾਦਾਰਾਨਾ ਪਾਲਸੀਆਂ ਤੇ ਚਲਦੇ ਹਨ ਹਿੰਦੂ ਸਿਖ ਏਕਤਾ ਕਿਸ ਤਰ੍ਹਾਂ ਹੋ ਜਾਵੇਗੀ । ਏਕਤਾ ਤਾਂ ਹੋ ਸਕਦੀ ਹੈ ਅਗਰ ਇਸ ਗੱਲ ਦਾ ਖ਼ਿਆਲ ਛਡਕੇ ਕਿ ਕੌਣ ਹਿੰਦੂ ਹੈ ਤੇ ਕੌਣ ਸਿਖ ਹੈ ਸਾਰੇ ਹੀ ਪੰਜਾਬੀ ਦੇ ਤੌਰ ਤੇ ਚਲਣ ਤਾਂ ਹਿੰਦੂ ਸਿਖ ਏਕਤਾ ਹੋਵੇਗੀ । ਜਿਸ ਤਰ੍ਹਾਂ ਦੀ ਏਕਤਾ ਇਨ੍ਹਾਂ ਨੇ ਕਾਇਮ ਕੀਤੀ ਹੋਈ ਹੈ ਇਹ ਫਰਾਡ ਹੈ । ਅੰਤ ਵਿੱਚ ਕਹਾਂਗਾ ਕਿ ਅਗਰ ਅਸੀਂ ਸਾਰੇ ਹਿੰਦੂ ਸਿਖ ਏਕਤਾ ਦੀ ਤਮੀਜ਼ ਭੁਲ ਕੇ ਸਾਰੇ ਇਕ ਮੁਠ ਹੋ ਕੇ ਬਤੌਰ ਪੰਜਾਬੀ ਦੇ ਚਲੀਏ ਅਤੇ ਪੰਜਾਬ ਦੀ ਸੇਵਾ ਕਰੀਏ ਤਾਂ ਇਹ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਸਭ ਤੋਂ ਵੱਡੀ ਯਾਦਗਾਰ ਹੋਵੇਗੀ । ਜੈ ਹਿੰਦ ।

ਜਥੇਦਾਰ ਗੁਰਬਚਨ ਸਿੰਘ (ਸੁਨਾਮ) : ਚੇਅਰਮੈਨ ਸਾਹਿਬ, ਮੈਂ ਆਪ ਦਾ ਸ਼ੁਕਰਗੁਜ਼ਾਰ ਹਾਂ ਕਿ ਆਪ ਨੇ ਮੈਨੂੰ ਬੋਲਣ ਲਈ ਸਮਾਂ ਦਿੱਤਾ । ਅੱਜ ਅਸੀਂ ਇਕ ਸ਼ਹੀਦ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰ ਰਹੇ ਹਾਂ । ਇਸ ਤੋਂ ਕਿਸੇ ਨੂੰ ਨਾਂਹ ਨਹੀਂ ਕਿ ਸ਼ਹੀਦ ਦੀ ਜੋ ਜ਼ਿੰਦਗੀ ਹੁੰਦੀ ਹੈ ਉਹ ਦੇਸ਼ ਦੀ ਸ਼ਾਨ ਹੁੰਦੀ ਹੈ । ਪਰ ਜੋ ਗੱਲਾਂ ਅੱਜ ਇਥੇ ਕੀਤੀਆਂ ਗਈਆਂ ਹਨ ਅਤੇ ਜਿਸ ਤਰ੍ਹਾਂ ਸਾਹਮਣੇ ਆਈਆਂ ਹਨ ਉਨ੍ਹਾਂ ਤੋਂ ਦੁਖ ਹੁੰਦਾ ਹੈ । ਆਪ ਨੇ ਦੇਖਿਆ ਹੈ ਕਿ ਇਨ੍ਹਾਂ ਵੀਰਾਂ ਨੇ ਲਤ ਮਾਰਨ ਦੀ ਕੋਸ਼ਿਸ਼ ਕੀਤੀ ਹੈ ਚਾਹੇ ਉਪਰੋਂ ਤੇ ਚਾਹੇ ਚਲਾਕੀ ਨਾਲ ਹੇਠੋਂ । ਆਪ ਨੇ ਦੇਖਿਆ ਕਿ ਸਰਦਾਰ ਬਸੰਤ ਸਿੰਘ, ਜਿਨ੍ਹਾਂ ਦਾ ਇਹ ਮਤਾ ਹੈ ਉਨ੍ਹਾਂ ਦੇ ਸਜੇ ਪਾਸੇ ਬੈਠੇ ਮੈਂਬਰ ਤੋਂ ਇਹ ਗੱਲਾਂ ਚਲੀਆਂ ਕਿ ਇਧਰ ਵੀ ਬੁਰੇ ਹੀ ਬੈਠੇ ਹਨ ਤੇ ਉਧਰ ਵੀ ਬੁਰੇ ਹਨ । (ਵਿਘਨ) ਸਾਨੂੰ ਸ਼ਹੀਦ ਤੇ ਫਖਰ ਹੈ ਉਸ ਦੀ ਯਾਦਗਾਰ ਹਰ ਥਾਂ ਹੋਣੀ ਚਾਹੀਦੀ ਹੈ ਬਲਕਿ ਜਿੰਨੇ ਖੁਲ੍ਹੇ ਦਿਲ ਨਾਲ ਸਰਦਾਰ ਬਸੰਤ ਸਿੰਘ ਹੋਰਾਂ ਨੇ ਰਾਏ ਦਿੱਤੀ ਹੈ ਅਸੀਂ ਤਾਂ ਉਸ ਤੋਂ ਵੀ ਵਧਕੇ ਸ਼ਹੀਦ ਦਾ ਮਾਨ ਕਰਨਾ ਚਾਹੁੰਦੇ ਹਾਂ। (ਤਾੜੀਆਂ) ਆਪ ਨੇ ਦੇਖਿਆ ਕਿ ਇਸ ਮਤੇ ਤੇ ਗੱਲਾਂ ਕਰਦੇ ਹੋਏ ਇਨ੍ਹਾਂ ਦੋਸਤਾਂ ਨੇ ਕਿਸ ਤਰ੍ਹਾਂ ਕਦੇ ਕਿਸੇ ਤਰ੍ਹਾਂ ਕਦੇ ਕਿਸੇ ਤਰਾਂ ਮਿਹਣੇ ਦੇਣ ਵਾਲੀਆਂ ਗੱਲਾਂ ਕੀਤੀਆਂ। ਸ਼ਹੀਦ ਨੂੰ ਸ਼ਰਧਾਂਜਲੀ ਦੇਣ ਵੇਲੇ ਇਸ ਨਾਲ ਉਸ ਦੀ ਸ਼ਾਨ ਨਹੀਂ ਬਣਦੀ । ਇਨ੍ਹਾਂ ਦੀਆਂ ਗੱਲਾਂ ਤੋਂ ਮਜਬੂਰ ਹੋ ਕੇ ਸਾਨੂੰ ਇਨ੍ਹਾਂ ਗੱਲਾਂ ਦਾ ਜਵਾਬ ਦੇਣਾ ਪੈਂਦਾ ਹੈ । ਜਿੱਥੇ ਤਕ ਹਰਿਮੰਦਰ ਸਾਹਿਬ ਮੱਥਾ ਟੇਕਣ ਦਾ ਸਵਾਲ ਹੈ ਜਦ ਦਾ ਹਰਿਮੰਦਰ ਸਾਹਿਬ ਬਣਿਆ ਹੈ ਕੀ ਕਿਸੇ ਸ਼ਹੀਦ ਨੂੰ ਉਥੇ ਮਥਾ ਟੇਕਣ ਲਈ ਇਸ ਤਰ੍ਹਾਂ ਲਿਜਾਇਆ ਗਿਆ ਹੈ ? ਹੈ ਸੀ ਨਾ ਇਨ੍ਹਾਂ ਦਾ ਇਹ ਪੁਠਾ ਕੰਮ । ਇਨ੍ਹਾਂ ਨੇ ਜਾਣ ਬੁਝਕੇ ਇਸ ਗੱਲ ਨੂੰ ਦੂਜੀਆਂ ਗੱਲਾਂ ਨਾਲ ਜੋੜਿਆ ਚੇਅਰਮੈਨ ਸਾਹਿਬ, ਮੈਨੂੰ ਸਈਆਂ ਵਾਲ ਬਾਰਡਰ ਤੇ ਜਾਣ ਦਾ ਮੌਕਾ

(ਜਥੇਦਾਰ ਗੁਰਬਚਨ ਸਿੰਘ)

ਮਿਲਿਆ ਹੈ। ਜਿੰਨੇ ਵੀ ਸ਼ਹੀਦ ਹੋਏ ਹਨ ਜਾਂ ਸਰਦਾਰ ਊਧਮ ਸਿੰਘ ਸੁਨਾਮ ਜਿਸ ਨੇ ਇੰਗਲੈਂਡ ਵਿੱਚ ਜਾ ਕੇ ਜਲ੍ਹਿਆਂ ਵਾਲੇ ਬਾਗ਼ ਦਾ ਬਦਲਾ ਲਿਆ ਸੀ, ਕਿਸੇ ਦੀ ਯਾਦਗਾਰ ਵਿੱਚ ਕਾਂਗਰਸ ਦੀ ਸਰਕਾਰ ਨੇ ਇਕ ਇਟ ਨਹੀਂ ਸੀ ਲਾਈ।

ਅੱਜ ਤਕ ਜਿਹੜੀ ਸਰਕਾਰ ਇਥੇ ਆਈ ਇਕ ਇੱਟ ਤਕ ਨਾ ਲਾ ਸਕੀ, ਇਸ ਲਈ ਮੈਂ ਕਹਾਂਗਾ ਕਿ ਸਾਨੂੰ ਇਸ ਪੱਧਰ ਤੋਂ ਉਪਰ ਉਠਣਾ ਚਾਹੀਦਾ ਹੈ, ਨਾ ਉਧਰ ਨੂੰ ਤਾਹਨਾ ਦੇਣਾ ਚਾਹੀਦਾ ਹੈ ਨਾ ਇਧਰ ਨੂੰ ਅਤੇ ਇਸ ਤਰ੍ਹਾਂ ਦਿਆਂ ਤਾਹਨੇ ਮਿਹਣਿਆਂ ਵਿਚ ਨਹੀਂ ਪੈਣਾ ਚਾਹੀਦਾ, ਜੋ ਸ਼ਹਾਦਤ ਕਰ ਗਿਆ ਉਹ ਦੇਸ਼ ਦਾ ਬਣ ਗਿਆ। ਉਹ ਕਿਸੇ ਪਖ ਦਾ ਨਹੀਂ ਰਿਹਾ ਸਭ ਦਾ ਸਾਂਝਾ ਬਣ ਗਿਆ (ਪ੍ਰਸ਼ੰਸਾ) ਇਸ ਕਰਕੇ ਮੈਂ ਕਹਾਂਗਾ ਕਿ ਉਨ੍ਹਾਂ ਦੀ ਆਤਮਾ ਦੀ ਖਾਤਰ ਸਾਨੂੰ ਸਾਰਿਆਂ ਨੂੰ ਸਤਿਕਾਰ ਹੋਣਾ ਚਾਹੀਦਾ ਹੈ। ਸਤਿਕਾਰ ਲਈ ਸਿਰ ਝੁਕਾਈਦਾ ਹੈ। ਪਰ ਇਹ ਤਾਂ ਹੋਰ ਕੰਮ ਲਈ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਅਤੇ ਇਹ ਜੋ ਮਰੀਆਂ ਹੋਈਆਂ ਲਾਸ਼ਾਂ ਹਨ, ਇਹ ਉਨ੍ਹਾਂ ਵਿਚ ਜਾਨ ਪਾਣਾ ਚਾਹੁਦੇ ਨੇ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿੰਨੇ ਵੀ ਦੇਸ਼ ਭਗਤ ਹੋਏ ਹਨ ਉਨ੍ਹਾਂ ਦੀ ਸ਼ਹੀਦੀ ਦੀ ਸ਼ਾਨ ਉਚੀ ਹੋਣੀ ਚਾਹੀਦੀ ਹੈ, ਪਿਛੋਂ ਇਸ ਤਰ੍ਹਾਂ ਦੀ ਗੱਲ ਕਰਨੀ ਚਾਹੀਦੀ ਹੈ। ਬਾਕੀ ਗੱਲਾਂ ਕਰਨ ਦਾ ਜੋ ਭਾਵ ਹੈ ਉਹ ਸਭ ਜਾਣਦੇ ਹਨ ਨਾ ਇਧਰ ਕੋਈ ਅਨਜਾਣ ਹੈ ਨਾ ਉਧਰ ਕੋਈ ਅਨਜਾਣ ਹੈ। ਜਲਦੀ ਦੀ ਗਲ ਨਹੀਂ ਕਰਨੀ ਚਾਹੀਦੀ। ਆਤਮਾ ਨੂੰ ਸਾਫ ਕਰੋ। ਜਿੰਨੇ ਬਜ਼ੁਰਗ ਹਨ ਉਨ੍ਹਾਂ ਦੀ ਅਸੀਂ ਇਜ਼ਤ ਕਰਦੇ ਹਾਂ। ਗੁਰਬਾਣੀ ਦਾ ਸ਼ਬਦ ਪੜਿਆਂ ਮਨ ਦੀ ਮੈਲ ਉਤਰ ਜਾਂਦੀ ਹੈ ਅਤੇ ਸਾਰਿਆਂ ਲਈ ਸਤਿਕਾਰ ਭਾਵਨਾ ਆ ਜਾਂਦੀ ਹੈ। ਕੀ ਉਹ ਇਹੀ ਢੰਗ ਹੈ ਜਿਸ ਤਰੀਕੇ ਨਾਲ ਅਸੀਂ ਲੜਾਈ ਲੜ ਰਹੇ ਹਾਂ ? ਨਹੀਂ, ਇਸ ਲਈ ਬੇਨਤੀ ਕਰਾਂਗਾ ਕਿ ਪਿਛਲੇ ਸਾਰੇ ਝਗੜੇ ਛਡ ਕੇ ਸਹੀ ਰਾਹ ਤੇ ਤੁਰੀਏ ਤਾਂ ਕਿ ਸ਼ਹੀਦ ਦੀ ਆਤਮਾ ਨੂੰ ਸ਼ਾਂਤੀ ਮਿਲੇ। ਮੈਂ ਆਪ ਦਾ ਸ਼ੁਕਰਗੁਜ਼ਾਰ ਹਾਂ ਅਤੇ ਸਰਦਾਰ ਬਸੰਤ ਸਿੰਘ ਜੀ ਦਾ ਵੀ ਜਿਨ੍ਹਾਂ ਮਤਾ ਲਿਆਂਦਾ ਹੈ। ਜਿਥੋਂ ਤਕ ਸ਼ਹੀਦ ਦੀ ਆਤਮਾ ਦਾ ਸਬੰਧ ਹੈ ਕੰਮ ਉਹ ਕਰੀਏ ਜਿਸ ਨਾਲ ਉਸ ਨੂੰ ਸ਼ਾਂਤੀ ਮਿਲੇ ਅਤੇ ਜਿਥੇ ਤਕ ਕੁਰਬਾਨੀ ਦਾ ਤੁਅੱਲਕ ਹੈ ਅਸੀਂ ਇਕ ਖੂਨ ਦੇ ਕਤਰੇ ਪਿਛੇ ਜਾਨ ਤਕ ਹਾਜ਼ਰ ਕਰਨ ਨੂੰ ਤਿਆਰ ਹਾਂ। ਇੰਨਾਂ ਕਹਿਕੇ ਮੈਂ ਆਪ ਪਾਸੋਂ ਖਿਮਾ ਦਾ ਯਾਚਕ ਹਾਂ।

ਸਾਥੀ ਰੂਪ ਲਾਲ (ਮੋਗਾ) : ਚੇਅਰਮੈਨ ਸਾਹਿਬ, ਜੋ ਮਤਾ ਸਰਦਾਰ ਬਸੰਤ ਸਿੰਘ ਜੀ ਨੇ ਪੇਸ਼ ਕੀਤਾ ਹੈ ਸੰਤ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਦੇ ਸਬੰਧ ਵਿਚ ਮੈਮੋਰੀਅਲ ਕਾਇਮ ਕਰਨ ਦਾ, ਇਸ ਦੀ ਮੈਂ ਤਾਈਦ ਕਰਨ ਲਈ ਖੜਾ ਹੋਇਆ ਹਾਂ। ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਮੈਂ ਕੋਈ ਖਾਸ ਗੱਲ ਨਹੀਂ ਸੀ ਕਹਿਣਾ ਚਾਹੁੰਦਾ ਪਰ ਹਾਊਸ ਵਿਚ ਹੋਈ ਬਹਿਸ ਨੂੰ ਸੁਣ ਕੇ ਮਨ ਅਦਰ ਖਿਆਲ ਆਇਆ ਕਿ ਸਰਦਾਰ ਗੁਰਮੀਤ ਸਿੰਘ ਹੋਰਾਂ ਕੁਝ ਗੱਲਾਂ ਕਹੀਆਂ ਉਨ੍ਹਾਂ ਨੇ ਕਾਂਗਰਸ ਵਾਲਿਆਂ ਨੂੰ ਸਿਆਪੇ ਦੀ ਨੈਣ ਕਿਹਾ ਕਿ ਉਹ ਵਿਤਕਰੇ ਵਿਚ ਪਈ ਸੀ ਪਰ ਉਹ ਆਪ ਭੁਲ ਗਏ ਯਾਰਾਂ ਦੀ ਬੋਲੀ ਨੂੰ ਕਿ ਉਨ੍ਹਾਂ ਕੀ ਕੀਤਾ ਸੀ। ਜੋ ਅਗਵਾਈ ਇਸ ਗਲ ਦੀ ਕਰਨ ਵਿਚ ਉਨ੍ਹਾਂ ਦੇ ਸਾਥੀਆਂ ਨੇ ਰੋਲ ਅਦਾ ਕੀਤਾ ਉਹ ਉਨ੍ਹਾਂ ਨੂੰ ਯਾਦ ਹੋਣਾ ਚਾਹੀਦਾ ਸੀ। ਭੁਲ ਗਏ ਉਹ ਜਨ ਸੰਘ ਦੇ ਰੋਲ ਨੂੰ ਕਿ ਜਨ ਸੰਘ ਨੇ ਪੰਜਾਬੀ ਸੂਬੇ ਦੇ ਵਿਰੁਧ ਫਸਾਦ ਕਰਵਾਏ, ਲੜਾਈਆਂ ਕਰਵਾਈਆਂ ਅਤੇ ਬੰਦੇ ਮਰਵਾਏ। ਮੈਂ ਉਨ੍ਹਾਂ ਨੂੰ ਯਾਦ ਦਿਵਾਣਾ ਚਾਹੁੰਦਾ ਹਾਂ ਕਿ ਇਹ ਇਕ ਪਾਸੇ ਦੀ ਗੱਲ ਨਹੀਂ ਇਹ ਜਦ ਦੂਜੇ ਦੇ ਬਾਰੇ ਵਿਚ ਕੁਝ ਕਹਿਣ ਤਾਂ ਆਪਣੇ ਗਵਾਂਢੀ ਵੀਰਾਂ ਦਾ ਵੀ ਖਿਆਲ ਕਰ ਲਿਆ ਕਰਨ।

ਜਿਥੋਂ ਤਕ ਸ਼ਹੀਦ ਦਾ ਤੁਅੱਲਕ ਹੈ ਉਸ ਮਹਾਨ ਸ਼ਹੀਦ ਨੇ ਇਹ ਦੁਨੀਆਂ ਨੂੰ ਉਜਾਗਰ ਕਰ ਦਿੱਤਾ ਹੈ ਕਿ ਦਸਵੀਂ ਪਾਦਸ਼ਾਹੀ ਗੁਰੂ ਗੋਬਿੰਦ ਸਿੰਘ ਨੇ ਜੋ ਸਿਖ ਕੌਮ ਸਾਜੀ ਸੀ ਉਨ੍ਹਾਂ ਦੇ ਹੁਕਮ

ਅਨੁਸਾਰ ਸੱਚਾ ਸਿੱਖ ਕੌਣ ਬਣ ਸਕਦਾ ਹੈ। ਸਿੱਖ ਦੇ ਗੁਰੂ ਨਾਲ ਅਤੇ ਦੇਸ਼ ਨਾਲ ਕੀ ਨਾਤੇ ਹਨ। ਗੁਰੂ ਮਰਯਾਦਾ ਤੋਂ ਕੀ ਭਾਵ ਹੈ। ਗੁਰਸਿਖ ਦੀ ਅਰਦਾਸ ਦੀ ਕੀ ਮਹਾਨਤਾ ਹੈ ਅਤੇ ਅਰਦਾਸ ਦੀ ਉਲੰਘਨਾ ਦੀ ਕੀ ਸਜ਼ਾ ਹੈ। ਇਕ ਮਜ਼ਬੂਤ ਇਰਾਦਾ ਰਖਣਾ, ਸਿੱਖ ਦਾ ਨਾ ਡੋਲਣਾ ਅਤੇ ਕੁਰਬਾਨੀ ਦੇਣੀ ਅਣਖ ਨੂੰ ਕਾਇਮ ਰਖਣਾ ਇਹ ਸ਼ਹੀਦ ਫੇਰੂਮਾਨ ਨੇ ਆਪਣੀ ਸ਼ਹੀਦੀ ਦੇ ਕੇ ਸਾਬਤ ਕਰ ਦਿੱਤਾ ਹੈ। ਪੰਜਾਬ ਦੀ ਅਣਖ ਨੂੰ ਸਾਹਮਣੇ ਰਖਿਆ ਹੈ। ਲੋਕ ਪੁਰਾਣੀਆਂ ਸ਼ਹੀਦੀਆਂ ਨੂੰ ਭੁਲ ਗਏ ਸਨ ਅਤੇ ਸ਼ਹੀਦੀ ਦੀ ਮਹਾਨਤਾ ਨੂੰ ਨਹੀਂ ਸਨ ਜਾਣਦੇ। ਪਰ ਅਜ ਦੇ ਜ਼ਮਾਨੇ ਵਿਚ ਫੇਰੂਮਾਨ ਨੇ ਸ਼ਹੀਦੀ ਦੇ ਕੇ ਸਾਬਤ ਕਰ ਦਿੱਤਾ ਕਿ ਇਸ ਜ਼ਮਾਨੇ ਵਿਚ, ਇਸ ਭੈੜੇ ਜ਼ਮਾਨੇ ਵਿਚ ਵੀ ਅਜੇਹੀਆਂ ਉਚੀਆਂ ਰੂਹਾਂ ਹਨ ਜੋ ਪਖੰਡ ਨਹੀਂ ਕਰਦੀਆਂ ਜੋ ਪਖੰਡ ਦੇ ਖਿਲਾਫ ਲੜਦੀਆਂ ਹਨ। ਸੱਚੀ ਆਤਮਾ ਨਾਲ ਪਖੰਡ ਦੇ ਖਿਲਾਫ ਕੁਰਬਾਨੀ ਤਕ ਦੇ ਸਕਦੀਆਂ ਹਨ। ਗੁਰ ਨਾਨਕ ਦੇਵ ਜੀ ਨੇ ਪਖੰਡੀ ਦੀ ਕਿੰਨੀ ਹੀ ਨਿੰਦਾ ਆਪਣੀ ਬਾਣੀ ਵਿਚ ਕੀਤੀ ਹੈ। ਇਸ ਫੇਰੂਮਾਨ ਨੇ ਪਖੰਡ ਦੇ ਖਿਲਾਫ ਸ਼ਹਾਦਤ ਦਿੱਤੀ ਪਰ ਇਸ ਦੀ ਸ਼ਹਾਦਤ ਤੇ ਵੀ ਪਖੰਡੀ ਨਹੀਂ ਟਲੇ। ਸ਼ਹਾਦਤ ਤੋਂ ਬਾਦ ਵੀ ਪਾਖੰਡੀਆਂ ਨੇ ਰਜ ਕੇ ਪਖੰਡ ਕੀਤਾ। ਸਾਨੂੰ ਹਾਲਾਂਕਿ ਮਾਨਤਾ ਸ਼ਹੀਦ ਦੀ ਕਰਨੀ ਚਾਹੀਦੀ ਸੀ, ਪਰ ਪਖੰਡੀਆਂ ਨੇ ਕਿਹਾ ਕਿ ਮਾਨਤਾ ਸਾਡੀ ਹੀ ਹੋਣੀ ਚਾਹੀਦੀ ਹੈ ਉਸ ਪਖੰਡੀ ਦੀ ਜਿਸ ਨੇ ਪੰਜਾਬ ਦੇ ਨਾਮ ਤੇ ਸੱਟ ਮਾਰੀ ਪੰਜਾਬ ਦੇ ਮਾਣ ਨੂੰ ਜਿਸ ਨੇ ਘਟਾਇਆ ਪਰ ਉਹ ਕਹਿੰਦੇ ਹਨ—

"ਕਊਆ ਚਲਿਆ ਹੰਸ ਕੀ ਚਾਲ"

ਜਿਸ ਸ਼ਹੀਦ ਨੇ ਸ਼ਹੀਦੀ ਦਿੱਤੀ ਉਸ ਨੇ ਮਿਸਾਲ ਪੈਦਾ ਕੀਤੀ ਉਸ ਨੂੰ ਦੇਖ ਕੇ ਹੀ ਪਖੰਡ ਛੱਡ ਦੇਣਾ ਚਾਹੀਦਾ ਸੀ ਪਰ ਇਥੇ ਹੋਰ ਮਸਲੇ ਪੈਦਾ ਕਰ ਦਿੱਤੇ। ਕੌਮ ਲਈ ਹੋਏ ਸ਼ਹੀਦ ਦੇ ਜੀਵਨ ਤੋਂ ਮਿਸਾਲ ਨਾ ਲਈ। ਦੂਜੇ ਪਾਸੇ ਜੋ ਸਿਖ ਧਰਮ ਦੇ ਨਾਂ ਤੇ ਜਾਂ ਗੁਰੂ ਸਾਹਿਬਾਨ ਦੇ ਦਸੇ ਨਿਸ਼ਾਨਾਂ ਤੇ ਨਾ ਤੁਰੇ ਅਤੇ ਪਖੰਡ ਕਰਕੇ ਜੋ ਨੁਕਸਾਨ ਧਰਮ ਨੂੰ ਅਤੇ ਧਰਮ ਅਸਥਾਨ ਦੀ ਪਵਿਤ੍ਰਤਾ ਨੂੰ ਪਹੁੰਚਾਇਆ ਉਸ ਦਾ ਜ਼ਿਕਰ ਨਹੀਂ ਕੀਤਾ। ਇਹ ਗਲ ਪਰੇ ਨਹੀਂ ਰਖਣੀ ਚਾਹੀਦੀ! ਮੇਰੇ ਵੀਰ ਹਾਲੇ ਵੀ ਸੋਚ ਲੈਣ ਕਿ ਇਨ੍ਹਾਂ ਦਾ ਆਪਣਾ ਅਮਲ ਕਿਹੋ ਜਿਹਾ ਹੈ। ਜੋ ਬੇਹੁਰਮਤੀ ਕੌਮ ਦੀ ਹੋਈ ਹੈ ਉਸ ਦਰਬਾਰ ਸਾਹਿਬ ਦੇ ਪਵਿਤਰ ਅਸਥਾਨ ਜਿਸ ਲਈ ਹਰ ਇਨਸਾਨ ਵਿਚ ਅਕੀਦਤ ਹੈ ਸ੍ਰੀ ਅਕਾਲ ਤਖਤ ਸਾਹਿਬ ਦੀ ਜੋ ਬੇਹੁਰਮਤੀ ਹੋਈ ਹੈ, ਉਹ ਅਜ ਤਕ ਕਦੇ ਨਹੀਂ ਸੀ ਹੋਈ ਅਤੇ ਕਦੇ ਵੀ ਕੋਈ ਮਿਸਾਲ ਇਸ ਤਰ੍ਹਾਂ ਦੀ ਨਹੀਂ ਮਿਲਦੀ। ਹਾਲਤ ਵੇਖ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਹ ਉਹ ਸ੍ਰੀ ਅਕਾਲ ਤਖਤ ਹੈ ਜਿਥੇ ਇਹ ਫੈਸਲੇ ਕੀਤੇ ਜਾਂਦੇ ਸਨ ਕਿ ਜਮਰੌਦ ਦਾ ਕਿਲਾ ਫਤਹ ਕਰਨਾ ਹੈ, ਕਿਵੇਂ ਕੀਤਾ ਜਾਵੇ। ਅਤੇ ਅਰਦਾਸੇ ਸੋਧ ਕੇ ਜਾਂਦੇ ਸਨ ਮੋਰਚੇ ਫਤਿਹ ਕਰਨ ਲਈ ਪਰ ਇਥੇ ਪਖੰਡੀਆਂ ਨੇ ਝੂਠ ਨੂੰ ਸਚ ਤੇ ਸਚ ਨੂੰ ਝੂਠ ਦੀ ਪਰੇਰਨਾ ਦਿੱਤੀ। ਇਹ ਵੇਖ ਕੇ ਮਨ ਦੁਖੀ ਹੁੰਦਾ ਹੈ। ਚੇਅਰਮੈਨ ਸਾਹਿਬ, ਇਸ ਗਲ ਨੂੰ ਹਾਲੇ ਤਕ ਨਹੀਂ ਛਡਿਆ ਗਿਆ ਅਤੇ ਹਾਲੇ ਤਕ ਅਜੇਹਾ ਵਾਤਾਵਰਨ ਪੈਦਾ ਕੀਤਾ ਹੋਇਆ ਹੈ ਕਿ ਹਰ ਪੰਜਾਬੀ ਦਾ ਮਨ ਦੁਖੀ ਹੈ। ਮਨ ਨੂੰ ਢਾਰਸ ਬਨ੍ਹਾਣ ਵਾਲੀ ਕੋਈ ਗਲ ਨਹੀਂ ਕੀਤੀ ਜਾਂਦੀ ਐਨੀ ਇਨਾਂ ਨੇ ਦੁਰਦਸ਼ਾ ਕਰ ਦਿੱਤੀ ਹੈ ਪੰਜਾਬ ਦੀ। ਪੰਜਾਬ ਦੇ ਵਾਤਾਵਰਨ ਨੂੰ ਤਬਾਹ ਕਰ ਦਿੱਤਾ ਹੈ। ਇਸ ਲਈ ਮੈਂ ਕਹਾਂਗਾ ਕਿ ਫੇਰੂਮਾਨ ਸ਼ਹੀਦ ਦਾ ਮੈਮੋਰੀਅਲ ਬਣਨਾ ਚਾਹੀਦਾ ਹੈ ਤਾਂਕਿ ਇਹ ਇਕ ਚਾਨਣ ਮੁਨਾਰਾ ਬਣੇ ਪੰਜਾਬੀ ਕੌਮ ਲਈ ਅਤੇ ਖਾਸ ਤੌਰ ਤੇ ਸਿਖ ਕੌਮ ਲਈ ਅਤੇ ਸਚੀ ਸਿਖਿਆ ਕੁਰਬਾਨੀ ਦੀ, ਸ਼ਹੀਦੀ ਦੀ, ਆਪਾ ਵਾਰਨ ਦੀ, ਅਣਖ ਦੀ, ਅਰਦਾਸ ਦੀ ਮਹਤਤਾ ਦੀ, ਇਸ ਚਾਨਣ ਮੁਨਾਰੇ ਤੋਂ ਹਰ ਕੋਈ ਲੈ ਸਕੇ ਅਤੇ ਉਨ੍ਹਾਂ ਲੋਕਾਂ ਨੂੰ ਵੀ ਆਪਣੇ ਪਖੰਡ ਤੋਂ ਬਾਜ਼ ਰਹਿਣ ਦੀ ਪਰੇਰਨਾ ਮਿਲ ਸਕੇ। ਪਾਖੰਡੀ ਮਝ ਸਕਣ ਕਿ ਪਖੰਡ ਤੋਂ ਬਾਜ਼ ਆਣਾ ਚਾਹੀਦਾ ਹੈ। ਪੰਜਾਬੀ ਕੌਮ ਸਮਝ ਸਕੇ ਕਿ ਪੰਜਾਬ ਵਿਚ ਸਚੇ

(ਸਾਥੀ ਰੂਪ ਲਾਲ)

ਸ਼ਹੀਦਾਂ ਦੀ ਲੋੜ ਹੈ ਅਤੇ ਉਸ ਸ਼ਹੀਦ ਦੇ ਪੂਰਨਿਆਂ ਤੇ ਤੁਰਨ ਦੀ ਲੋੜ ਹੈ । ਪਾਖੰਡੀਆਂ ਨੂੰ ਵੀ ਪਤਾ ਲਗ ਜਾਵੇ ਕਿ ਪੰਜਾਬ ਵਿਚ ਉਨ੍ਹਾਂ ਲਈ ਕੋਈ ਥਾਂ ਨਹੀਂ । ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਮੈਮੋਰੀਅਲ ਜ਼ਰੂਰ ਬਣਨਾ ਚਾਹੀਦਾ ਹੈ ਤਾਂ ਕਿ ਆਉਣ ਵਾਲੀ ਔਲਾਦ ਨੂੰ ਪ੍ਰੇਰਨਾ ਮਿਲੇ, ਕੁਰਬਾਨੀ ਕਰਨ ਦੀ ਜਾਚ ਆਵੇ ਅਤੇ ਪੰਜਾਬੀ ਦਾ ਸਿਰ ਉਚਾ ਉਠ ਸਕੇ ਅਤੇ ਪਖੰਡ ਤੋਂ ਦੂਰ ਰਿਹਾ ਜਾ ਸਕੇ ਅਤੇ ਝੂਠ ਸਚ ਦਾ ਨਿਸਤਾਰਾ ਹੋ ਸਕੇ ।

ਕੂੜ ਦੀ ਫਕੀਰੀ ਨਾਲੋਂ ਚੋਰੀ ਚੰਗੀ ਸਾਧੂਆ ।

ਮੈਂ ਇੰਨਾ ਕਹਿਕੇ ਆਪ ਪਾਸੋਂ ਖਿਮਾ ਮੰਗਦਾ ਹਾਂ ।

ਸਰਦਾਰ ਨਰਿੰਦਰ ਸਿੰਘ (ਨਾਭਾ) : ਚੇਅਰਮੈਨ ਸਾਹਿਬ, ਜਿਹੜਾ ਰੈਜ਼ੂਲੇਸ਼ਨ ਹਾਊਸ ਦੇ ਸਾਹਮਣੇ ਹੈ ਉਸ ਦੇ ਲਫਜ਼ ਇਹ ਹਨ :—

> This House recommends to the Government to raise suitable Memorial/ Memorials to perpetuate the memory of the late Sardar Darshan Singh Pheruman who, after a heroic struggle with life lasting not less than 74 days, laid down his precious life for securing Chandigarh for Punjab.

ਸਾਨੂੰ ਆਪਣੇ ਖਿਆਲਾਤ ਨੂੰ ਇਸ ਰੈਜ਼ੂਲੇਸ਼ਨ ਦੀ ਹਦ ਦੇ ਅੰਦਰ ਅੰਦਰ ਹੀ ਕਨਫਾਈਨ ਕਰਨਾ ਚਾਹੀਦਾ ਸੀ । ਇਨਸਾਨ ਇਕ ਖਾਕੀ ਇਨਸਾਨ ਹੈ ਅਤੇ ਇਸ ਤੋਂ ਗਲਤੀਆਂ ਵੀ ਹੁੰਦੀਆਂ ਹਨ । ਗਲਤੀ ਤੋਂ ਬਿਨਾ ਇਨਸਾਨ ਕੋਈ ਨਹੀਂ । ਖੁਦਾ ਦੀ ਹਸਤੀ ਹੀ ਇਕੋ ਪਾਕ ਅਤੇ ਗਲਤੀ ਤੋਂ ਰਹਿਤ ਮੰਨੀ ਜਾਂਦੀ ਹੈ । ਇਨਸਾਨ ਦੀ ਹਸਤੀ ਪਾਕ ਨਹੀਂ । ਇਨਸਾਨ ਗਲਤੀਆਂ ਕਰਦਾ ਹੈ । ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਕੋਲੋਂ ਗਲਤੀ ਨਹੀਂ ਹੋਈ ਪਰ ਜੋ ਲਫਜ਼ ਇਥੇ ਕਹੇ ਗਏ ਹਨ ਉਹ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਾਨ ਦੇ ਸ਼ਾਇਆਂ ਨਹੀਂ ।

ਅਸੀਂ ਹੁਣ ਫੈਸਲਾ ਸਿਰਫ ਇਕ ਕਰਨਾ ਹੈ । ਲੀਡਰ ਆਫ਼ ਦੀ ਹਾਊਸ ਦੇ ਬਿਆਨ ਤੋਂ ਬਾਅਦ, ਉਨ੍ਹਾਂ ਦੀ ਐਸ਼ੋਅਰੈਂਸ ਤੋਂ ਬਾਅਦ, ਮੈਂ ਕਹਿਣਾ ਤਾਂ ਨਹੀਂ ਸਾਂ ਚਾਹੁੰਦਾ ਕੁਝ, ਪਰ ਫੇਰ ਵੀ ਇਹੋ ਹੀ ਅਰਜ਼ ਕਰਾਂਗਾ ਕਿ ਇਕ ਕਮੇਟੀ ਇਸ ਹਾਊਸ ਦੀ ਬਨਣੀ ਚਾਹੀਦੀ ਹੈ । ਉਸ ਦਾ ਕਾਰਨ ਇਹ ਹੈ ਜੋ ਆਲਰੇਡੀ ਇਕ ਕਮੇਟੀ ਹੈ ਉਸ ਦੇ ਪਾਸ ਅਗੇ ਹੀ ਬਹੁਤ ਕੰਮ ਹੈ New brooms sweep clean,

ਇਸ ਰੈਜ਼ੋਲਯੂਸ਼ਨ ਅਨੁਸਾਰ ਇਕ ਸਾਂਝੇ ਵਿਊਜ਼ ਦਾ ਮਾਨੂਮੈਂਟ ਜਿਹੜਾ ਤਿਆਰ ਹੋਵੇਗਾ, ਕਿਸ ਤਰ੍ਹਾਂ ਦਾ ਹੋਵੇਗਾ, ਇਸ ਬਾਰੇ ਅਸੀਂ ਸਾਰੇ ਰਲ ਕੇ ਫੈਸਲਾ ਕਰ ਲਈਏ ਅਤੇ ਇਹ ਇਸ ਤਰ੍ਹਾਂ ਦਾ ਮਾਨੂਮੈਂਟ ਤਿਆਰ ਹੋਵੇ ਜਿਸ ਦੇ ਅਗੇ, ਜਿਸ ਤਰ੍ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ, ਕਿ ਸਾਰਿਆਂ ਦਾ ਸਿਰ ਝੁਕ ਜਾਵੇ । ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਮੈਂ ਸੰਤ ਕਹਾਂ ਯਾ ਸਾਧੂ ਕਹਾਂ ਯਾ ਕੋਈ ਹੋਰ ਇਸ ਤੋਂ ਵੀ ਵੱਡਾ ਸ਼ਬਦ ਡਿਕਸ਼ਨਰੀ ਵਿਚੋਂ ਫੋਲ ਕੇ ਕਹਾਂ ਉਹ ਸਾਰੇ ਇਨ੍ਹਾਂ ਦੇ ਨਾਲ ਢੁਕਦੇ ਹਨ । ਇਹ ਇਕ ਦੇਣ ਹੈ ਪੰਜਾਬੀਆਂ ਦੇ ਲਈ ਸ਼ਹਾਦਤ ਦੀ, ਜਿਹੜੀ ਕਿ ਭੁਲਾਈ ਨਹੀਂ ਜਾ ਸਕਦੀ । ਉਨ੍ਹਾਂ ਦੀ ਸ਼ਹਾਦਤ ਨੇ ਪੁਰਾਣੀਆਂ ਸ਼ਹਾਦਤ ਦੀਆਂ ਯਾਦਾਂ ਨੂੰ ਤਾਜ਼ਾ ਕਰ ਦਿੱਤਾ ਹੈ । ਇਥੇ ਬੜੇ ਬੜੇ ਸ਼ਹੀਦ ਆਏ, ਗੁਰੂ ਆਏ ਕੁਰਬਾਨੀਆਂ ਦੇ ਪੁੰਜ ਆਏ । ਅਜ ਇਹ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਇਕ ਭਾਰੀ ਦੇਣ ਹੈ ਕਿ ਉਨ੍ਹਾਂ ਨੇ ਮੁੜ ਇਸ ਧਰਤੀ ਤੇ ਹੋਈਆਂ ਕੁਰਬਾਨੀਆਂ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ । ਜੋ ਕੁਰਬਾਨੀ ਉਨ੍ਹਾਂ ਨੇ ਦਿੱਤੀ ਇਹ ਉਨ੍ਹਾਂ ਦੇ ਨਾ ਆਪਣੇ

ਬਚਿਆਂ ਲਈ ਹੈ, ਨਾ ਇਸ ਦਾ ਲਾਭ ਉਨ੍ਹਾਂ ਦੇ ਕਿਸੇ ਲਵਾਹਕੀਨ ਨੂੰ ਹੀ ਹੈ, ਨਾ ਇਹ ਹਿੰਦੂ ਸਿਖ ਦੇ ਵਿਤਕਰੇ ਨੂੰ ਹੀ ਮੁੱਖ ਰਖਕੇ ਦਿੱਤੀ ਹੈ, ਇਹ ਕੁਰਬਾਨੀ ਜੋ ਉਨ੍ਹਾਂ ਨੇ ਦਿੱਤੀ ਹੈ ਤਾਂ ਉਨ੍ਹਾਂ ਨੇ ਆਪਣੀ ਜਾਨ ਵਾਰੀ ਹੈ ਪੰਜਾਬੀਅਤ ਦੇ ਲਈ। ਇਹ ਉਨ੍ਹਾਂ ਦੇ ਅਖੀਰਲੇ ਦਿਨਾਂ ਦੇ ਵਿਚ ਵੇਖਣ ਵਿਚ ਆਇਆ ਕਿ ਜਿਉਂ ਜਿਉਂ ਉਨ੍ਹਾਂ ਦਾ ਅੰਤਮ ਸਮਾਂ ਨਜ਼ਦੀਕ ਆਉਂਦਾ ਗਿਆ ਉਨ੍ਹਾਂ ਦੀ ਬੁਧੀ ਰੌਸ਼ਨ ਹੁੰਦੀ ਗਈ, ਉਹ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਸਨ ਜਿਹੜੀਆਂ ਕਿ ਇਕ ਸੁਪਰ ਹਿਊਮਨ ਇਨਸਾਨ ਦੇ ਵਿਚ ਹੁੰਦੀਆਂ ਹਨ। ਅਜ ਜਦੋਂ ਮਾਨੂਮੈਂਟ ਦੀਆਂ ਗਲਾਂ ਹੁੰਦੀਆਂ ਹਨ ਸਾਨੂੰ ਇਹ ਭੁਲਣਾ ਨਹੀਂ ਚਾਹੀਦਾ ਕਿ ਉਨ੍ਹਾਂ ਨੇ ਕੌਮ ਨੂੰ ਸ਼ਕਤੀ ਦਿੱਤੀ ।

Lives of great men all remind us, we can make our lives sublime;
and departing leave behind us foot prints on the sands of time.

Sardar Darshan Singh Pheruman has left befitting principles on the sands, of time.

ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਸ਼ਹਾਦਤ ਦੇ ਕੇ ਪੁਰਾਣੇ ਸ਼ਹੀਦਾਂ ਦੀ ਯਾਦ ਤਾਜ਼ਾ ਕੀਤੀ ਹੈ । ਜੇਕਰ ਹੁਣ ਵੀਂ ਅਸੀਂ ਕੋਈ ਚੰਗਾ ਮਾਨੂਮੈਂਟ ਰੇਜ਼ ਨਾ ਕਰੀਏ ਤਾਂ ਅਸੀਂ ਭੁਲ ਜਾਵਾਂਗੇ ਉਨ੍ਹਾਂ ਸਾਰੇ ਸ਼ਹੀਦਾਂ ਨੂੰ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਅਤੇ ਉਨ੍ਹਾਂ ਦੇ ਕੀਤੇ ਕਾਰਨਾਮਿਆਂ ਨੂੰ ਅਤੇ ਸਾਡੀ ਆਤਮਾ ਸਦਾ ਲਈ ਕਮਜ਼ੋਰ ਹੋ ਜਾਵੇਗੀ। ਬਿਹਤਰ ਇਹੋ ਹੋਵੇਗਾ ਕਿ ਜੋ ਵੀ ਕਮੇਟੀ ਬਣੇ, ਐਸੀ ਕਮੇਟੀ ਜਿਸ ਨੂੰ ਸਾਰਿਆਂ ਦਾ ਸਹਿਯੋਗ ਪ੍ਰਾਪਤ ਹੋਵੇ, ਇਕ ਬਿਫਿਟਿੰਗ ਮੈਮੋਰੀਅਲ ਕਾਇਮ ਕਰੇ । ਹੋਰ ਬੋਲਣ ਵਾਲੇ ਮੈਂਬਰ ਸਾਹਿਬਾਨ ਨੂੰ ਮੈਂ ਤਾਂ ਇਹੋ ਕਹਾਂਗਾ ਕਿ ਇਸ ਮੌਕੇ ਉਹ ਐਸੀਆਂ ਗੱਲਾਂ ਨਾ ਕਰਨ ਜੋ ਇਕ ਦੂਸਰੀ ਪਾਰਟੀ ਦੇ ਬਰਖਿਲਾਫ ਜਾਂਦੀਆਂ ਹੋਣ। ਸਰਦਾਰ ਦਰਸ਼ਨ ਸਿੰਘ ਜੀ ਫੇਰੂਮਾਨ ਇਕ ਉਚੇ ਸੁਚੇ ਅਤੇ ਨੇਕ ਇਰਾਦਿਆਂ ਵਾਲੇ ਮਹਾਨ ਇਨਸਾਨ ਸਨ ਜੋ ਕੌਮ ਦੀ ਸ਼ਾਨ ਦੇ ਲਈ ਅਮਰ ਸ਼ਹੀਦ ਹੋ ਗਏ ਹਨ। ਇਸ ਮੌਕੇ ਅਸੀਂ ਕੋਈ ਵੀ ਐਸੀ ਗੱਲ ਨਾ ਕਰੀਏ ਜੋ ਉਨ੍ਹਾਂ ਦੇ ਨੇਕ ਆਸ਼ਿਆਂ ਦੇ ਖਿਲਾਫ ਜਾਂਦੀ ਹੋਵੇ। ਵਰਤ ਕਿਉਂ ਰੱਖਿਆ, ਕਿਵੇਂ ਰਖਿਆ ਅਤੇ ਕੀ ਉਸ ਦੀ ਬੈਕ-ਗਰਾਊਂਡ ਸੀ, ਅਸੀਂ ਇਨ੍ਹਾਂ ਗੱਲਾਂ ਦੇ ਵਿਚ ਨਾ ਜਾਈਏ,ਇਹ ਸਾਨੂੰ ਬਲਵਾਨ ਬਨਾਉਣ ਦੀ ਬਜਾਏ ਕਮਜ਼ੋਰ ਕਰਨਗੀਆਂ। ਕਲ ਜੋ ਸਰਦਾਰ ਫੇਰੂਮਾਨ ਜੀ ਦੀਆਂ ਅਸਥੀਆਂ ਇਥੇ ਆਉਣ ਦੇ ਮੌਕੇ ਤਕਰੀਰਾਂ ਹੋਈਆਂ ਉਥੇ ਸਾਰੇ ਹੀ ਮੁਨਾਸਿਬ ਬੋਲੇ ਹਨ,ਹਿਟ ਕਰਨ ਵਾਲੇ ਹੋਰ ਮੌਕੇ ਹੋਇਆ ਕਰਦੇ ਹਨ। ਇਥੇ ਗਵਰਮੈਂਟ ਦੇ ਵਕਾਰ ਯਾ ਪੁਜ਼ੀਸ਼ਨ ਦਾ ਕੋਈ ਸਵਾਲ ਨਹੀਂ,ਇਹ ਤਾਂ ਸਾਰੀਆਂ ਪਾਰਟੀਆਂ ਦਾ ਸਾਂਝਾ ਪਰਪਜ਼ ਹੈ। ਇਸ ਲਈ ਅੰਤ ਵਿਚ ਮੈਂ ਤਾਂ ਇਹੋ ਕਹਾਂਗਾ ਕਿ ਅਸੀਂ ਹੋਰ ਕਿਸੇ ਕੰਟਰੋ-ਵਰਸੀ ਦੇ ਵਿਚ ਨਾ ਪਈਏ, ਹਾਊਸ ਦੇ ਸਾਂਝੇ ਮੈਂਬਰਾਂ ਦੀ ਕਮੇਟੀ ਇਕ ਬਿਫਿਟਿੰਗ ਮੈਮੋਰੀਅਲ ਬਨਾਉਣ ਦਾ ਕੋਈ ਉਪਰਾਲਾ ਕਰੇ ।

ਸ੍ਰੀ. ਗੁਰਦਿਆਲ ਸੈਣੀ (ਜਲੰਧਰ ਉਤਰ) : ਇਹ ਜਿਹੜਾ ਰੈਜ਼ੋਲਿਊਸ਼ਨ ਚੇਅਰਮੈਨ ਸਾਹਿਬ ਹਾਊਸ ਦੇ ਸਾਹਮਣੇ ਬਹਿਸ ਵਿਚ ਆਇਆ ਹੈ, ਜਿਸ ਦਿਨ ਇਹ ਬੈਲਟ-ਬਾਕਸ ਵਿੱਚ ਨਿਕਲਿਆ ਸੀ ਉਸ ਦਿਨ 135 ਰੈਜ਼ੋਲੀਊਸ਼ਨ ਇਸ ਦੇ ਮੁਕਾਬਲੇ ਵਿੱਚ ਸਨ, ਸਾਰਿਆਂ ਦੀ ਇਹੋ ਰਾਏ ਸੀ ਕਿ ਦਰਸ਼ਨ ਸਿੰਘ ਫੇਰੂਮਾਨ ਦਾ ਰੈਜ਼ੋਲੀਊਸ਼ਨ ਆਉਣਾ ਚਾਹੀਦਾ ਹੈ, ਸਰਦਾਰ ਬਲਵੰਤ ਸਿੰਘ ਦੀ ਮਿਹਨਤ ਦਾ ਇਹ ਨਤੀਜਾ ਹੈ ਕਿ ਇਹ ਰੈਜ਼ੋਲੀਊਸ਼ਨ ਨਿਕਲਿਆ ਮੈਂ ਉਨਾਂ ਵੱਲੋਂ ਕੀਤੀ ਗਈ ਮੇਹਨਤ ਦੇ ਲਈ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਇਹ ਇਕ ਸਾਂਝਾ ਜਿਹਾ ਰੈਜ਼ੋਲੀਊਸ਼ਨ ਸੀ ਇਸ ਲਈ ਕਿਸੇ ਪਾਰਟੀ ਵੱਲੋਂ ਕੋਈ ਗੱਲ ਨਹੀਂ ਸੀ ਆਉਣੀ ਚਾਹੀਦੀ ਪਰ ਇਸ ਤਰ੍ਹਾਂ ਦੀਆਂ ਗੱਲਾਂ ਪਹਿਲਾਂ ਜਥੇਦਾਰਾਂ ਦੇ ਵੱਲੋਂ ਹੋਈਆਂ ਹਨ। ਇਨ੍ਹਾਂ ਨੇ ਇਸ ਤਰ੍ਹਾਂ ਦੀ ਪਾਲੀਸੀ ਹੀ ਬਣਾ ਲਈ ਹੈ ਕਿ ਪਹਿਲਾਂ ਇਕ ਬੰਦਾ

(ਸ੍ਰੀ ਗੁਰਦਿਆਲ ਸੈਣੀ)

ਕਾਂਗਰਸ ਦੇ ਖਿਲਾਫ਼ ਬੋਲਦਾ ਹੈ ਅਤੇ ਦੂਸਰਾ ਉਸ ਨੂੰ ਦਬਾਉਣ ਲਈ ਕਹਿ ਦੇਂਦਾ ਹੈ ਕਿ ਅਸੀਂ ਨਹੀਂ ਕਾਂਗਰਸ ਦੇ ਖਿਲਾਫ਼ ਬੋਲਣਾ, ਅਸੀਂ ਨਹੀਂ ਚਾਹੁੰਦੇ ਕਿਸੇ ਦੇ ਖਿਲਾਫ਼ ਕੋਈ ਰੈਜ਼ੋਲੀਊਸ਼ਨ ਲਿਆਂਦਾ ਜਾਵੇ (ਇਕ ਮਾਨਯੋਗ ਮੈਂਬਰ — ਤੁਸੀਂ ਜ਼ਰੂਰ ਅੱਛੀ ਮਿਸਾਲ ਕਾਇਮ ਕਰੋ) ਮੈਂ ਤਾਂ ਅੱਛੀ ਮਿਸਾਲ ਕਾਇਮ ਕਰ ਦੇਵਾਂ ਪਰ ਉਹ ਕਰਨ ਨਹੀਂ ਦਿੰਦੇ। ਪਹਿਲੀ ਗਲ ਤਾਂ ਇਹ ਹੈ ਕਿ ਇਨ੍ਹਾਂ ਦਾ ਕਹਿਣਾ ਕਿ ਪੰਜਾਬੀ ਸੂਬਾ ਜਦੋਂ ਬਣਿਆ ਅਸੀਂ ਇਨ੍ਹਾਂ ਦੀ ਮੁਖ਼ਾਲਫ਼ਤ ਕੀਤੀ, ਇਹ ਗੱਲ ਮੈਂ ਆਪਣੇ ਵੀਰਾਂ ਨੂੰ ਦੱਸ ਦੇਣੀ ਚਾਹੁੰਦਾ ਹਾਂ ਕਿ ਇਲੈਕਸ਼ਨ ਦੇ ਵਕਤ ਜਦੋਂ ਪਿੰਡਾਂ ਵਿਚੋਂ ਵੋਟ ਮੰਗਣ ਜਾਂਦੇ ਸੀ ਤਾਂ ਉਸ ਵੇਲੇ ਇਹ ਪਹਿਲਾਂ ਇਹ ਕਿਹਾ ਕਰਦੇ ਸੀ ਕਿ ਕਾਂਗਰਸੀ ਪੰਜਾਬੀ ਸੂਬੇ ਦੇ ਮੁਖ਼ਾਲਫ਼ ਹਨ ਤੁਸੀਂ ਵੋਟ ਸਾਨੂੰ ਪਾਉਣੀ, ਪੰਜਾਬੀ ਸੂਬਾ ਅਸੀਂ ਲੈਕੇ ਦਿੱਤਾ ਹੈ, ਇਸ ਤਰ੍ਹਾਂ ਦੀਆਂ ਗੱਲਾਂ ਇਨ੍ਹਾਂ ਅਕਾਲੀ ਭਾਈਆਂ ਦੇ ਜਥੇਦਾਰ ਕਿਹਾ ਕਰਦੇ ਸੀ। ਇਸੇ ਤਰ੍ਹਾਂ ਦੀਆਂ ਗੱਲਾਂ ਮੇਰੇ ਜਨ ਸੰਘੀ ਭਾਈ ਸ਼ਹਿਰਾਂ ਦੇ ਵਿੱਚ ਕਿਹਾ ਕਰਦੇ ਸੀ ਕਿ ਵੋਟ ਸਾਨੂੰ ਦੇਓ ਕਾਂਗਰਸ ਬੜੀ ਮਾੜੀ ਹੈ। ਇਸ ਤਰ੍ਹਾਂ ਦੀਆਂ ਮੈਂ ਆਪ ਆਪਣੀ ਕੰਸਟੀਚੂਐਂਸੀ ਦੇ ਵਿੱਚ ਗੱਲਾਂ ਸੁਣੀਆਂ ਹਨ। ਪਰ ਫੇਰ ਵੀ ਮੈਂ ਇਨ੍ਹਾਂ ਦੇ ਸੱਤ ਅਕਾਲੀਆਂ ਨੂੰ ਉਥੋਂ ਹਰਾ ਕੇ ਆਇਆ ਹਾਂ ਅਤੇ ਕਈ ਜਨ ਸੰਘੀਆਂ ਨੂੰ ਪਛਾੜ ਕੇ ਆਇਆ ਹਾਂ ਜਦੋਂ ਪੰਜਾਬੀ ਦੀ ਬਣਤਰ ਦਾ ਸਵਾਲ ਆਇਆ ਤਾਂ ਮੈਂ ਇਸ ਦੇ ਵਿਚ ਪੂਰਾ ਪੂਰਾ ਹਿਸਾ ਪਾਇਆ। ਇਹ ਤਾਂ ਇਸ ਤਰਾਂ ਦੀਆਂ ਗੱਲਾਂ ਹਨ ਜਿਹੜੀਆਂ ਕਿ ਮੈਂ ਇਸ ਵੇਲੇ ਛੇੜਨੀਆਂ ਮੁਨਾਸਿਬ ਨਹੀਂ ਸਮਝਦਾ ਸੀ, ਪਰ ਇਨ੍ਹਾਂ ਨੇ ਇਸ ਤਰ੍ਹਾਂ ਦੀਆਂ ਆਪ ਪਹਿਲਾਂ ਗੱਲਾਂ ਸ਼ੁਰੂ ਕੀਤੀਆਂ ਮੈਨੂੰ ਕਹਿਣਾ ਪਿਆ। ਇਨ੍ਹਾਂ ਨੇ ਏਥੇ ਜਦੋਂ ਇਸ ਤਰ੍ਹਾਂ ਦੀਆਂ ਗੱਲਾਂ ਕਹੀਆਂ, ਜਿਨ੍ਹਾਂ ਤੋਂ ਜ਼ਾਹਰ ਹੁੰਦਾ ਹੈ ਕਿ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਵਰਤ ਇਸ ਲਈ ਰੱਖਿਆ ਸੀ ਕਿ ਪੰਜਾਬ ਨੂੰ ਚੰਡੀਗੜ੍ਹ ਦਿੱਤਾ ਜਾਵੇ, ਪਰ ਇਹ ਗੱਲ ਪੰਜਾਬੀਆਂ ਨੂੰ ਗੁਮਰਾਹ ਕਰਨ ਵਾਲੀ ਹੈ। ਉਨ੍ਹਾਂ ਨੇ ਚੰਡੀਗੜ੍ਹ ਦੇ ਲਈ ਅਰਦਾਸ ਨਹੀਂ ਕੀਤੀ, ਉਨ੍ਹਾਂ ਨੇ ਅਰਦਾਸ ਕੀਤੀ ਸੀ ਕਿ ਜਿਹੜੀ ਸੰਤ ਫਤਿਹ ਸਿੰਘ ਨੇ 1966 ਦੇ ਵਿੱਚ ਅਰਦਾਸ ਕੀਤੀ ਸੀ, ਕਿ ਉਸ ਨੂੰ ਪੂਰਾ ਕੀਤਾ ਜਾਵੇ, ਉਨ੍ਹਾਂ ਦਾ ਕਹਿਣਾ ਸੀ ਕਿ ਸਿੱਖ ਦੀ ਅਰਦਾਸ ਜੋ ਉਸ ਮਹਾਨ ਪਵਿਤਰ ਥਾਂ, ਅਕਾਲ ਤਖਤ ਵਰਗੀ ਜਗ੍ਹਾ ਹੋਵੇ ਉਹ ਪੂਰੀ ਹੋਣੀ ਚਾਹੀਦੀ ਹੈ ਯਾ ਤਾਂ ਸੰਤ ਜੀ, ਉਸ ਅਰਦਾਸ ਦੀਆਂ ਭਾਵਨਾਵਾਂ ਨੂੰ ਪੂਰਾ ਕਰਨ ਨਹੀਂ ਤਾਂ ਮੈਂ ਭੁਖ — ਹੜਤਾਲ ਕਰਾਂਗਾ, ਮਰਨ ਵਰਤ ਰਖਾਂਗਾ। ਇਕ ਮੰਗ ਤਾਂ ਉਨ੍ਹਾਂ ਦੀ ਇਹ ਸੀ। ਦੂਸਰੀ ਅਗਨ ਕੁੰਡਾਂ ਦੇ ਮੁਤੱਲਿਕ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਸ੍ਰੀ ਅਕਾਲ ਤਖਤ ਇਕ ਪਵਿਤਰ ਅਸਥਾਨ ਹੈ, ਇਸ ਦੀ ਨਾ ਸਿਰਫ ਸਿੱਖ ਧਰਮ ਵਿਚ ਹੀ ਮਹਾਨਤਾ ਹੈ ਸਗੋਂ ਇਸ ਦੀ ਮਹਾਨਤਾ ਹਿੰਦੂਆਂ ਦੇ ਵਿਚ ਵੀ ਉਤਨੀ ਹੀ ਹੈ। ਇਸ ਜਗਾਂ ਇਸ ਤਰਾਂ ਦੀ ਜਲ ਮਰਨ ਵਾਲੀ ਸਮੱਗਰੀ ਦਾ ਇਕੱਠਾ ਕਰਨਾ ਇਕ ਬਹੁਤ ਹੀ ਸ਼ਰਮਨਾਕ ਗਲ ਹੋਵੇਗੀ, ਇਹ ਨਹੀਂ ਹੋਣਾ ਚਾਹੀਦਾ। ਇਹ ਧਰਮ ਅਸਥਾਨ ਹਿੰਦੂ—ਸਿੱਖਾਂ ਸਾਰਿਆਂ ਦਾ ਸਾਂਝਾ ਹੈ।

ਤੀਸਰੀ ਗੱਲ ਉਨ੍ਹਾਂ ਦੀ ਇਹ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਇਹ ਤਿੰਨ ਮੰਗਾਂ ਪੂਰੀਆਂ ਕਰਨ ਵਾਸਤੇ ਅਰਦਾਸ ਕੀਤੀ ਸੀ, ਇਕਲੇ ਚੰਡੀਗੜ੍ਹ ਦੇ ਵਾਸਤੇ ਨਹੀਂ ਸੀ ਕੀਤੀ। ਉਨਾਂ ਨੇ ਸਿੱਖੀ ਦੇ ਉਤੇ ਜਿਹੜੀ ਤੁਹਮਤ ਲੱਗੀ ਸੀ ਅਰਦਾਸ ਭੰਗ ਹੋਣ ਦੀ, ਉਸ ਨੂੰ ਦੂਰ ਕਰਕੇ ਵਿਖਾਇਆ ਤੇ ਇਸ ਅਰਦਾਸ ਦੀ ਮਹਤਤਾ ਨੂੰ ਕਾਇਮ ਰੱਖਿਆ।

ਫੇਰ ਇਨ੍ਹਾਂ ਜਥੇਦਾਰਾਂ ਨੇ ਇਹ ਵੀ ਕਿਹਾ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਮੌਤ ਸੈਂਟਰਲ ਗਵਰਨਮੈਂਟ ਨੇ ਕਰਾਈ ਕਿਉਂਕਿ ਉਨ੍ਹਾਂ ਨੇ ਜੋ ਫ਼ੈਸਲਾ ਇਤਨਾ ਲੇਟ ਦਿੱਤਾ। ਪਰ ਮੈਂ ਕਹਾਂਗਾ ਕਿ ਇਹ ਲੇਟ ਫੈਸਲੇ ਦੀ ਜ਼ਿਮੇਵਾਰੀ ਅਕਾਲੀ ਭਾਈਆਂ ਤੇ ਆਉਂਦੀ ਹੈ ਜਿਨ੍ਹਾਂ ਨੇ ਪੰਜਾਬ ਵਿੱਚ ਇਸ ਤਰ੍ਹਾਂ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜੋ ਸੈਂਟਰਲ ਗਵਰਨਮੈਂਟ ਦੇ ਮਨ ਵਿੱਚ ਸ਼ੱਕ ਪੈਦਾ ਕਰਦੀ ਸੀ,

ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਹਦ ਵਿਚ ਨੰਗੀਆਂ ਤਲਵਾਰਾਂ ਕਰਕੇ ਨਾਹਰੇ ਲਗਾਏ ਕਿ ਅਸੀਂ ਤਲਵਾਰ ਦੇ ਜ਼ੋਰ ਨਾਲ ਚੰਡੀਗੜ੍ਹ ਲੈਣਾ ਹੈ। (ਸ਼ੋਰ)

ਜਦੋਂ ਮੈਂ ਤੁਹਾਡੀ ਵਾਰੀ ਤੇ ਨਹੀਂ ਬੋਲਿਆ ਹੁਣ ਕਮ ਅਜ਼ ਕਮ ਮੇਰੀ ਵਾਰੀ ਸੁਣ ਤਾਂ ਲਓ (ਸ਼ੋਰ) ਮੈਂ ਬੇਨਤੀ ਕਰਾਂਗਾ, ਚੇਅਰਮੈਨ ਸਾਹਿਬ, ਇਨ੍ਹਾਂ ਮੈਂਬਰਾਂ ਨੂੰ ਤਾਂ ਸਮਝਾਓ। ਅੱਜ ਉਹ ਆਪਣੀਆਂ ਗੱਲਾਂ ਭੁਲ ਗਏ ਹਨ। 1960 ਦਾ ਜਿਹੜਾ ਮੋਰਚਾ ਲੱਗਾ ਕੀ ਉਹ ਭੁਲ ਗਏ, 12 ਜੂਨ ਦਾ ਮੁਆਮਲਾ ਉਨ੍ਹਾਂ ਦੇ ਸਾਹਮਣੇ ਹੈ ਅਜ ਉਹ ਦੇਸ਼ ਭਗਤ ਬਣੇ ਫਿਰਦੇ ਹਨ। ਇਸ ਲਈ ਕਿ ਉਹ (ਸ਼ੋਰ) ਵੇਲੇ ਦੇ ਹਾਕਮ ਨੇ। ਇਹ ਸਾਰੀ ਦੀ ਸਾਰੀ ... (ਸ਼ੋਰ–ਵਿਘਨ)

ਸ੍ਰੀ ਸਭਾਪਤੀ : ਸਪੀਚ ਨਾਨ-ਕੰਟਰੋਵਰਸ਼ਲ ਕਰੋ ਜੀ। (The hon. Member should make a non-controversial speech.)

ਸ੍ਰੀ ਗੁਰਦਿਆਲ ਸੈਣੀ : ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਜੇ ਮਾਰਨ ਦੀ ਜ਼ਿਮੇਵਾਰੀ ਆਉਂਦੀ ਹੈ ਤਾਂ ਉਹ ਪੰਜਾਬ ਦੇ ਚੀਫ ਮਨਿਸਟਰ ਤੇ ਹੈ, ਜਥੇਦਾਰ ਉਮਰਾ ਨੰਗਲ ਜਾਂ ਸੰਤ ਬਾਬਾ ਫਤਿਹ ਸਿੰਘ ਤੇ ਹੈ। ਇਨ੍ਹਾਂ ਨੇ ਨਹੀਂ ਸੀ ਮਰਨਾ ਜੇ ਉਹ ਨੰਗੀਆਂ ਤਲਵਾਰਾਂ ਨਾ ਕਰਦੇ (ਵਿਘਨ)

ਉਥੇ ਸੈਂਟਰ ਦੀ ਸਰਕਾਰ ਦਾ ਰਾਜ ਨਹੀਂ ਸੀ ਉਥੇ ਅਕਾਲੀਆਂ ਦਾ ਰਾਜ ਸੀ। ਉਹ ਬੀਮਾਰ ਰਹੇ ਅਤੇ ਬੀਮਾਰੀ ਦੀ ਹਾਲਤ ਦੇ ਵਿਚ ਉਨ੍ਹਾਂ ਨੂੰ 34–35 ਦਿਨ ਕੈਦ ਰਖਿਆ ਗਿਆ ਸੀ (ਸ਼ੇਮ, ਸ਼ੇਮ) ਹੋਰ ਤੇ ਹੋਰ ਸ਼ਹਾਦਤ ਦੇ ਬਾਦ ਵੀ ਉਨ੍ਹਾਂ ਦੇ ਸਰੀਰ ਨੂੰ ਤਿੰਨ ਵਾਰੀ ਧਰਤੀ ਤੇ ਸੁਟਿਆ। ਇਹ ਸਭ ਇਨ੍ਹਾਂ ਦੀ ਪੁਲੀਸ ਨੇ ਕੀਤਾ ਜਿਹੜੇ ਅਜ ਸ਼ਰਧਾਂਜਲੀਆਂ ਦੇ ਰਹੇ ਹਨ।

ਸ੍ਰੀ ਸਭਾਪਤੀ : ਹੁਣ ਵਾਈਂਡ ਅਪ ਕਰੋ। (Please wind up now.)

ਸ੍ਰੀ ਗੁਰਦਿਆਲ ਸੈਣੀ : ਮੈਂ ਜ਼ਿਆਦਾ ਵਕਤ ਨਹੀਂ ਲਵਾਂਗਾ ਜੀ। ਮੈਂ ਅਰਜ਼ ਕਰਦਾ ਹਾਂ ਕਿ ਇਸ ਮਹਾਨ ਸ਼ਹੀਦ ਨੇ ਲਭੂ ਰਾਮ ਦੁਆਬਾ ਹਾਈ ਸਕੂਲ ਜਲੰਧਰ ਦੇ ਵਿਚ ਤਾਲੀਮ ਹਾਸਲ ਕੀਤੀ ਸੀ। ਇਸ ਲਈ ਮੈਂ ਸਰਕਾਰ ਨੂੰ ਇਹ ਸੁਝਾ ਦਿੰਦਾ ਹਾਂ ਕਿ ਉਹ ਉਸ ਸਕੂਲ ਦੇ ਵਿਚ, ਜਿਸ ਸਕੂਲ ਨੇ ਕਿ ਇਤਨਾ ਮਹਾਨ ਸ਼ਹੀਦ ਪੈਦਾ ਕੀਤਾ ਹੈ, ਇਕ ਹਾਲ ਬਣਾਇਆ ਜਾਵੇ ਜਿਸ ਦਾ ਨਾਂ ਕਿ ਦਰਸ਼ਨ ਸਿੰਘ ਫੇਰੂਮਾਨ ਹਾਲ ਰਖਿਆ ਜਾਵੇ। ਜੇ ਇਹ ਦੋ ਲਖ ਰੁਪਿਆ ਉਹ ਹਾਲ ਦੇ ਵਾਸਤੇ ਦੇਣ ਤਾਂ ਮੈਂ 50 ਹਜ਼ਾਰ ਰੁਪਿਆ ਆਪਣੇ ਸ਼ਹਿਰ ਤੋਂ ਇਕੱਠਾ ਕਰਕੇ ਦੇਵਾਂਗਾ। (ਥੰਪਿੰਗ) ਫਿਰ, ਚੇਅਰਮੈਨ ਸਾਹਿਬ, ਸਰਦਾਰ ਗੁਰਨਾਮ ਸਿੰਘ ਜੀ ਨੇ ਇਥੇ ਕਿਹਾ ਕਿ ਅਸੀਂ ਵਿਧਾਨ ਸਭਾ ਦੇ ਸਾਹਮਣੇ ਉਸ ਦਾ ਬੁਤ ਨਹੀਂ ਲਾ ਸਕਦੇ, ਕਿਉਂਕਿ ਸਾਨੂੰ ਅਜੇ ਚੰਡੀਗੜ੍ਹ ਦਾ ਕਬਜ਼ਾ ਨਹੀਂ ਮਿਲਿਆ। ਪਰ ਮੈਂ ਪੁੱਛਦਾ ਹਾਂ ਕਿ ਚੰਡੀਗੜ੍ਹ ਦਾ ਕਬਜ਼ਾ ਨਹੀਂ ਮਿਲਿਆ ਤਾਂ ਸੰਤ ਫਤਿਹ ਸਿੰਘ ਜੀ ਨੇ ਆਪਣਾ ਵਰਤ ਕਿਸ ਚੀਜ਼ ਤੇ ਛੱਡਿਆ (ਸ਼ੋਰ)

ਸ੍ਰੀ ਸਭਾਪਤੀ : ਹੁਣ ਤੁਸੀਂ ਬੈਠ ਜਾਓ। (The hon. Member may resume his seat now.)

ਸੰਤ ਲਖਾ ਸਿੰਘ (ਮਾਨਸਾ) : ਚੇਅਰਮੈਨ ਸਾਹਿਬ, ਅਜ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੇ ਸਬੰਧ ਦੇ ਵਿਚ ਜੋ ਮਤਾ ਹਾਊਸ ਦੇ ਵਿਚ ਪੇਸ਼ ਹੋਇਆ ਹੈ, ਮੈਂ ਇਸ ਦੀ ਤਾਈਦ ਕਰਦਾ ਹਾਂ ਅਤੇ ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਚੇਅਰਮੈਨ ਸਾਹਿਬ, ਇਸ ਸੰਸਾਰ ਦੇ ਵਿਚ ਕਿਸੇ ਨੇ

(ਸੰਤ ਲਖਾ ਸਿੰਘ)

ਨਹੀਂ ਰਹਿਣਾ, ਕਿਉਂਕਿ ਗੁਰੂ ਸਾਹਿਬ ਜੀ ਦਾ ਇਸ ਦੇ ਪ੍ਰਥਾਏ ਮਹਾਂ ਵਾਕ ਹੈ :—

"ਰਾਣਾ ਰਾਓ ਨਾ ਕੋਇ ਰਹੈ,
ਰੰਕ ਨਾ ਤੁੰਗ ਫ਼ਕੀਰ
ਵਾਰੀ ਆਪੋ ਆਪਣੀ,
ਕੋਈ ਨਾ ਬਨ੍ਹੇ ਧੀਰ।"

ਪਰ ਜਿਹੜੇ ਲੋਕ ਸੰਸਾਰ ਦੇ ਵਿਚ ਕੌਮਾਂ ਲਈ ਜਾਂ ਦੇਸ਼ ਲਈ ਅਥਵਾ ਧਰਮ ਦੇ ਲਈ ਆਪਣੀਆਂ ਪਿਆਰੀਆਂ ਜ਼ਿੰਦਗੀਆਂ ਵਾਰ ਦਿੰਦੇ ਹਨ ਉਹ ਕਦੇ ਮਰਦੇ ਨਹੀਂ ਹਨ। ਕਿਉਂਕਿ ਜਦ ਉਨ੍ਹਾਂ ਦੇ ਇਤਹਾਸ ਵਲ ਆਪਣੀਆਂ ਨਸਲਾਂ ਤਕਦੀਆਂ ਹਨ ਤਾਂ ਫਿਰ ਉਹ ਅਮਰ ਹੀ ਸਮਝੇ ਜਾਂਦੇ ਹਨ। ਇਸ ਦੇ ਪਰਥਾਏ ਭਗਤ ਕਬੀਰ ਜੀ ਵੀ ਕਹਿੰਦੇ ਹਨ :

"ਸੰਤ ਮੁਏ ਕਿਆ ਰੋਈਐ, ਜੋ ਆਪਣੇ ਗ੍ਰਿਹ ਜਾਏ।
ਰੋਵੇ ਸਾਕਤ ਬਾਪਰੇ, ਜੋ ਹਾਟੋ ਹਾਟ ਬਿਕਾਏ।"

ਇਸ ਤਰ੍ਹਾਂ ਦੀ ਸ਼ਹੀਦੀ ਇਕ ਨੇਕ ਕੰਮ ਹੁੰਦੀ ਹੈ। ਲੋਕ ਝੂਠੀਆਂ ਸ਼ਹਾਦਤਾਂ ਅਦਾਲਤਾਂ ਦੇ ਵਿਚ ਦਿੰਦੇ ਹਨ। ਉਥੇ ਸੌਂਹਾਂ ਖਾ ਕੇ ਝੂਠ ਬੋਲਦੇ ਹਨ। ਸ਼ਹਾਦਤ ਫਾਰਸੀ ਦਾ ਸ਼ਬਦ ਹੈ। ਇਸ ਦਾ ਮਤਲਬ ਹੈ, ਸੁਚੀ, ਸਚੀ ਗਵਾਹੀ ਦੇਣਾ। ਸ਼ਹਾਦਤ ਤਾਂ ਦਰਸ਼ਨ ਸਿੰਘ ਫੇਰੂਮਾਨ ਦੀ ਹੈ। ਉਨ੍ਹਾਂ ਨੇ ਕੌਮ ਦੀ ਖਾਤਰ ਆਪਣੀ ਕੁਰਬਾਨੀ ਦਿੱਤੀ। ਚੇਅਰਮੈਨ ਸਾਹਿਬ, ਅਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਹਾਂ, ਸਾਨੂੰ ਕੋਈ ਨੋਕ ਝੋਕ ਨਹੀਂ ਕਰਨੀ ਚਾਹੀਦੀ। ਇਸ ਦੇ ਨਾਲ ਉਨ੍ਹਾਂ ਦੀ ਪਵਿਤਰ ਆਤਮਾ ਨੂੰ ਦੁਖ ਹੁੰਦਾ ਹੈ ਤੇ ਲੋਕਾਂ ਤੇ ਬੁਰਾ ਅਸਰ ਪੈਂਦਾ ਹੈ ਪਰ ਫਿਰ ਵੀ ਮੈਂ ਸਾਹਮਣੇ ਬੈਠੇ ਵੀਰਾਂ ਨੂੰ ਕਹਾਂ ਕਿ ਤੁਸੀਂ ਪਹਿਲਾਂ ਆਪਣੀ ਪੀੜ੍ਹੀ ਹੇਠਾਂ ਤਾਂ ਸੋਟਾ ਮਾਰ ਕੇ ਦੇਖੋ। ਪੰਜਾਬੀ ਸੂਬੇ ਨੂੰ ਬਣਨ ਸਬੰਧੀ ਰੋਕਣ ਵਾਸਤੇ 57 ਹਜ਼ਾਰ ਜੋ ਕੈਦ ਕੀਤੇ ਸੀ ਉਹ ਕਿਸ ਨੇ ਕੀਤੇ ਸੀ ? ਬਠਿੰਡਾ ਦੇ ਵਿਚ ਹਾਲਾਂਕਿ ਦੇਸ਼ ਦਾ ਕਾਨੂੰਨ ਆਗਿਆ ਨਹੀਂ ਦਿੰਦਾ ਪਰ ਨਹਥਿਆਂ ਤੇ ਗੋਲੀਆਂ ਚਲਾ ਕੇ ਸ਼ਹੀਦ ਕਰਨ ਵਾਲੇ ਕੌਣ ਸੀ ? (ਸ਼ੋਰ) ਉਥੇ ਚੈਂਚਲ ਸਿੰਘ ਅਤੇ ਰਣਜੀਤ ਸਿੰਘ ਦੋ ਸ਼ਹੀਦ ਹੋਏ ਹਨ। (ਅਵਾਜ਼: ਫਿਰੋਜ਼ਪੁਰ ਦਾ ਨਾਂ ਵੀ ਲੈ ਲਓ।)

ਉਥੇ ਕਾਂਗਰਸੀਆਂ ਨੇ ਸ਼ਹਾਦਤਾਂ ਦਿੱਤੀਆਂ। (ਵਿਘਨ) (ਸ਼ੋਰ) ਤੁਸੀਂ ਰਿਕਾਰਡ ਪੜ੍ਹ ਕੇ ਦੇਖ ਲਓ। ਉਹ ਤੁਹਾਡੀ ਕਾਂਗਰਸ ਸਰਕਾਰ ਹੀ ਸੀ ਜਿਨ੍ਹਾਂ ਨੇ ਬਠਿੰਡਾ ਜੇਲ੍ਹ ਵਿਚ ਅੰਨੇਵਾਹ ਗੋਲੀ ਚਲਾ ਕੇ ਚੰਚਲ ਸਿੰਘ ਰਣਜੀਤ ਸਿੰਘ ਆਦਿ ਸ਼ਹੀਦ ਕੀਤੇ ਅਤੇ ਬੇਅੰਤ ਹੀ ਜ਼ਖਮੀ ਕੀਤੇ। ਜਦ ਸ਼੍ਰੋਮਣੀ ਅਕਾਲੀ ਦਲ ਨੇ ਜਦੋਜਹਿਦ ਕਰਕੇ ਪੜਤਾਲ ਕਰਵਾਈ ਤਾਂ ਫਿਰ ਤੁਸੀਂ ਹੀ ਉਲਟਾ ਸ਼ਹੀਦ ਤੇ ਘਾਇਲ ਹੋਏ ਸਿੰਘਾਂ ਦੇ ਖਿਲਾਫ਼ ਸ਼ਹਾਦਤਾਂ ਦਿੱਤੀਆਂ। ਫਿਰ, ਚੇਅਰਮੈਨ ਸਾਹਿਬ, ਇਹ ਗਰੀਬਾਂ ਦੀ ਗਲ ਕਰਦੇ ਹਨ। ਮੈਂ ਇਨਾਂ ਨੂੰ ਪੁਛਦਾ ਹਾਂ ਕਿ 20 ਸਾਲ ਤੁਸੀਂ ਗਰੀਬਾਂ ਲਈ ਕੀ ਕੀਤਾ ਹੈ ? ਸਿਰਫ ਗਰੀਬਾਂ ਨੂੰ ਹਰੀਜਨ ਸ਼ਬਦ ਦੇ ਵਿਚ ਹੀ ਬੰਦ ਕੀਤਾ ਹੈ।

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਸੰਤ ਜੀ ਨੇ ਬੋਲਦੇ ਹੋਏ ਕਿਹਾ ਹੈ ਕਿ ਕਾਂਗਰਸੀਆ ਨੇ ਬਠਿੰਡੇ ਜੇਲ੍ਹ ਦੀ ਗੋਲੀ ਚਲਣ ਬਾਰੇ ਸ਼ਹਾਦਤ ਦਿੱਤੀ ਸੀ, ਇਹ ਗਲ ਬਿਲਕੁਲ ਗਲਤ ਹੈ ਅਤੇ ਇਕ ਪਾਰਟੀ ਤੇ ਇਲਜ਼ਾਮ ਹੈ ਇਸ ਲਈ ਇਸ ਨੂੰ ਕਾਰਵਾਈ ਵਿਚੋਂ ਕਢ ਦਿੱਤਾ ਜਾਵੇ।

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (It is no point of order.)

ਸੰਤ ਲਖਾ ਸਿੰਘ : ਜਿਹੜਾ ਗੌਰਮਿੰਟ ਦਾ ਰਿਕਾਰਡ ਹੈ, ਬਠਿੰਡੇ ਦੀ ਜੇਲ੍ਹ ਵਿਚ ਗੋਲੀ ਚਲਣ ਦੇ ਬਾਰੇ ਉਸ ਨੂੰ ਪੜ੍ਹ ਲਓ। ਇਸ ਵਿਚ ਲਿਖਿਆ ਹੈ ਕਿ ਕਾਂਗਰਸੀਆਂ ਨੇ ਸ਼ਹਾਦਤਾਂ ਦਿੱਤੀਆਂ। ਇਹ ਆਪਣੇ ਆਪ ਨੂੰ ਗਰੀਬਾਂ ਦੇ ਹਿਤਕਾਰੀ ਕਹਿੰਦੇ ਹਨ, ਕੀ ਇਨ੍ਹਾਂ ਨੇ ਪਟਿਆਲੇ ਵਿਚ ਮੁਜ਼ਾਰਿਆਂ ਤੇ ਕਿਸ਼ਨਗੜ੍ਹ ਆਦਿ ਪਿੰਡਾਂ ਵਿਚ ਗੋਲੀ ਨਹੀਂ ਸੀ ਚਲਾਈ, ਉਨ੍ਹਾਂ ਨਿਹਥਿਆਂ ਨੂੰ ਮਾਰ ਨਹੀਂ ਦਿੱਤਾ ਗਿਆ ਸੀ ? ਕੀ ਤੁਸੀਂ——

ਸ੍ਰੀ ਸਭਾਪਤੀ : ਤੁਸੀਂ ਮੇਰੇ ਨਾਲ ਗਲ ਕਰੋ, ਉਨ੍ਹਾਂ ਨਾਲ ਸਿੱਧੀ ਗਲ ਨਾ ਕਰੋ। (Please address the Chair.)

ਸੰਤ ਲਖਾ ਸਿੰਘ : ਚੇਅਰਮੈਨ ਸਾਹਿਬ ਮੈਂ ਸਰਦਾਰ ਦਰਸ਼ਨ ਸਿੰਘ ਜੀ ਫੇਰੂਮਾਨ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਪਰ ਨਾਲ ਹੀ ਅਰਜ਼ ਕਰਦਾ ਹਾਂ ਕਿ ਜਿਹੜੇ ਸਿਖ ਅਜ ਉਨਾਂ ਦੀਆਂ ਅਸਥੀਆਂ ਲਈ ਫਿਰਦੇ ਹਨ, ਤਾਹਨੇ ਦਿੰਦੇ ਹਨ, ਨੋਕਾਂ ਝੋਕਾਂ ਕਰਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪ ਹੀ ਕੁਝ ਕਰਕੇ ਦਿਖਾਣ। ਜਦੋਂ ਫੇਰੂਮਾਨ ਸ਼ਹੀਦੀ ਪ੍ਰਾਪਤ ਕਰ ਗਏ ਸੀ ਤਾਂ ਚਾਹੀਦਾ ਇਹ ਸੀ ਕਿ ਡਾਕਟਰ ਸਾਹਿਬ ਆਪ ਵਰਤ ਰਖ ਲੈਂਦੇ ਅਤੇ ਸੰਤ ਫਤਿਹ ਸਿੰਘ ਜੀ ਨੂੰ ਵਰਤ ਰਖਣ ਦੀ ਲੋੜ ਹੀ ਨਾ ਪੈਂਦੀ।

ਫਿਰ, ਚੇਅਰਮੈਨ ਸਾਹਿਬ, ਇਥੇ ਅਗਨਕੁੰਡਾਂ ਬਾਰੇ ਕਿਹਾ ਗਿਆ ਹੈ। ਉਹ ਦਰਬਾਰ ਸਾਹਿਬ ਤੇ ਅਕਾਲ ਤਖਤ ਦੇ ਉਪਰ ਹੀ ਨਹੀਂ ਹਨ। ਇਹ ਗਲ ਗਲਤ ਹੈ। ਉਹ ਕੁੰਡ ਦਰਬਾਰ ਸਾਹਿਬ ਵਿਚ ਨਹੀਂ ਹਨ, ਸਗੋਂ ਇਕ ਰਿਹਾਇਸ਼ੀ ਮਕਾਨ ਦੇ ਉਤੇ ਹਨ। ਅਸੀਂ ਉਸ ਮਕਾਨ ਦਾ ਮਾਲ ਦੇ ਰਿਕਾਰਡ ਵਿਚੋਂ ਸ਼ਜਰਾ ਦੇਖਿਆ ਹੈ, ਪੂਰੀ ਤਹਿਕੀਕਾਤ ਕੀਤੀ ਹੈ। ਉਹ ਮਕਾਨ ਅਕਾਲ ਤਖਤ ਸਾਹਿਬ ਤੋਂ ਵਖਰਾ ਹੈ। ਇਨ੍ਹਾਂ ਦੀ ਹਾਲਤ ਤਾਂ, ਚੇਅਰਮੈਨ ਸਾਹਿਬ, ਇਹ ਹੈ ਕਿ "ਜੰਞ ਕੁਪਤੀ, ਸੁਥਰਾ ਭਲਾਮਾਣਸ।" (ਹਾਸਾ) ਅਜ ਇਹ ਆਪ ਹੀ ਭਲੇਮਾਣਸ ਬਣ ਬੈਠੇ ਹਨ। (ਘੰਟੀ) ਇਨ੍ਹਾਂ ਸ਼ਬਦਾਂ ਦੇ ਨਾਲ, ਚੇਅਰਮੈਨ ਸਾਹਿਬ, ਮੈਂ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਔਰ ਆਪ ਤੋਂ ਖਿਮਾ ਦਾ ਜਾਚਕ ਹਾਂ।

ਸਰਦਾਰ ਪਰੀਤਮ ਸਿੰਘ (ਸਮਾਣਾ) : ਚੇਅਰਮੈਨ ਸਾਹਿਬ, ਸਰਦਾਰ ਬਸੰਤ ਸਿੰਘ ਜੀ ਨੇ ਜਿਹੜਾ ਰੈਜ਼ੋਲੀਊਸ਼ਨ ਇਸ ਹਾਊਸ ਦੇ ਵਿਚ ਪੇਸ਼ ਕੀਤਾ ਹੈ ਮੈਂ ਉਸ ਦੀ ਪੁਰਜ਼ੋਰ ਤਾਈਦ ਕਰਦਾ ਹਾਂ। ਉਨ੍ਹਾਂ ਦਾ ਇਹ ਮਤਾ ਬੜਾ ਹੀ ਸ਼ਲਾਘਾ ਯੋਗ ਹੈ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਇਕ ਉਚੇ ਕਰੈਕਟਰ ਦੇ ਆਦਮੀ ਸੀ। ਉਨਾਂ ਨੇ ਆਪਣੀ ਕੌਮ ਦੀ ਖਾਤਰ, ਪੰਜਾਬ ਦੀ ਖਾਤਰ, ਦੇਸ਼ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ ਹੈ। ਦੂਜੀ ਗਲ, ਚੇਅਰਮੈਨ ਸਾਹਿਬ, ਇਹ ਹੈ ਕਿ ਮੈਂ ਸਮਝਦਾ ਹਾਂ ਕਿ ਸਾਰਾ ਹਾਊਸ ਇਸ ਗਲ ਨਾਲ ਸਹਿਮਤ ਹੈ ਕਿ ਸਰਕਾਰ ਨੂੰ ਇਸ ਦੀ ਯਾਦਗਾਰ ਜ਼ਰੂਰ ਬਣਾਉਣੀ ਚਾਹੀਦੀ ਹੈ। ਇਥੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਚੰਡੀਗੜ੍ਹ ਉਨ੍ਹਾਂ ਦੀ ਯਾਦਗਾਰ ਨਹੀਂ ਬਣਾ ਸਕਦੇ। ਕਿਉਂਕਿ ਜਦੋਂ ਤਕ ਚੰਡੀਗੜ੍ਹ ਦਾ ਕਬਜ਼ਾ ਨਹੀਂ ਮਿਲ ਜਾਂਦਾ ਅਸੀਂ ਕੁਝ ਨਹੀਂ ਬਣਾ ਸਕਦੇ। ਪਰ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਵਿਚ ਮਹਾਤਮਾਂ ਗਾਂਧੀ ਜੀ ਦੇ ਸਜੇ ਪਾਸੇ ਉਨ੍ਹਾਂ ਦਾ ਇਕ ਫੋਟੋ ਜ਼ਰੂਰ ਲਗਾਉਣਾ ਚਾਹੀਦਾ ਹੈ, ਉਨ੍ਹਾਂ ਦੀ ਸ਼ਹੀਦੀ ਲਈ ਚੰਡੀਗੜ੍ਹ ਇਕ ਕਾਰਨ ਬਣਿਆ ਸੀ, ਇਸ ਕਰਕੇ ਮੈਂ ਪੂਰੇ ਜ਼ੋਰ ਦੇ ਨਾਲ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਇਹ ਹਾਊਸ ਚੀਫ਼ ਮਨਿਸਟਰ ਨੂੰ ਦਰਖਾਸਤ ਕਰੇ ਕਿ ਉਨ੍ਹਾਂ ਦੀ ਇਕ ਫੋਟੋ ਇਸ ਹਾਊਸ ਦੇ ਵਿਚ ਜ਼ਰੂਰ ਲਗ ਜਾਣੀ ਚਾਹੀਦੀ ਹੈ।

ਸ੍ਰੀ ਸਭਾਪਤੀ : ਕਿਉਂਕਿ ਅਜ ਸਭਾ ਦੀ ਦੂਜੀ ਮੀਟਿੰਗ 2-30 ਵਜੇ ਸ਼ਾਮ ਹੋਣੀ ਹੈ ਇਸ ਲਈ ਹਾਊਸ 2-30 ਸ਼ਾਮ ਤਕ ਉਠ ਜਾਂਦਾ ਹੈ। (As there is going to be a second sitting to-day the House stands adjourned till 2.30 p.m.)

1.00 p.m.

The Sabha then adjourned till 2.30 p.m.

APPENDIX

to

Punjab Vidhan Sabha Debates

Dated 19th March 1970

Vol. 1—No. 19

Enquiry into the Affairs of Morinda Municipal Committee.

1682. Shri Balmukand Sharma
Chaudhri Satya Dev | Will the Minister for Local Government be pleased to state :—

(a) whether it is a fact that an enquiry held into the affairs of Municipal Committee. Morinda reveald that the said Committee had failed to finalise the House Tax assessmen's for the years 1964-65, 1965-66, 1966-67, 1967-68, 1968-69 and 1969-70 till May 2, 1969 and that this failure has rendered that tax illegal and irrecoverable, if so, the amount involved;

(b) the action, the Government has taken or propose to take against the said Municipal Committee for its failure to finalise the tax assessments and the consequent loss to the Municipal funds ?

ਸਰਦਾਰ ਪਰਕਾਸ਼ ਸਿੰਘ ਬਾਦਲ : (ੲ) ਨਗਰ ਪਾਲਿਕਾ, ਮੋਰਿੰਡਾ ਵਿਰੁਧ ਪੜਤਾਲ ਕਰਦਿਆਂ ਇਹ ਪਤਾ ਲਗਾਂ ਸੀ ਕਿ ਇਸ ਨਗਰ ਪਾਲਿਕਾ ਨੇ ਹਾਊਸ ਟੈਕਸ ਬਾਰੇ ਸਾਲ 1964-65, 1965-66, 1966-67, 1967-68 ਦੀਆਂ ਨਿਰਧਾਰਨ ਸੂਚੀਆਂ ਨੂੰ ਮਿਤੀ 2 ਮਈ 1969 ਤਕ ਅੰਤਿਮ ਰੂਪ ਨਹੀਂ ਦਿਤਾ ਸੀ । ਪ੍ਰਧਾਨ, ਨਗਰ ਪਾਲਿਕਾ ਮੋਰਿੰਡਾ ਤੋਂ ਇਹ ਵੀ ਪਤਾ ਲਗਾ ਹੈ ਕਿ ਸਾਲ 1968-69 ਅਤੇ 1969-70 ਦੇ ਹਾਊਸ ਟੈਕਸ ਦੀਆਂ ਲਿਸਟਾਂ ਦਾ ਪ੍ਰਕਾਸ਼ਨ ਮਿਤੀ 1-6-1969 ਨੂੰ ਕੀਤਾ ਗਿਆ ਸੀ । ਪੰਜਾਬ ਮਿਉਂਸਿਪਲ ਐਕਟ, 1911 ਦੀ ਧਾਰਾ 66 ਅਧੀਨ ਕੋਈ ਨਗਰ ਪਾਲਿਕਾ ਅਗਲਾ ਸਾਲ ਆਰੰਭ ਹੋਣ ਤੋਂ ਪਹਿਲਾਂ ਇਨ੍ਹਾਂ ਸੂਚੀਆਂ ਨੂੰ ਅੰਤਿਮ ਰੂਪ ਨਾਂ ਦੇ ਸਕੇ, ਤਦ ਉਹ ਟੈਕਸ ਅਣਵਸੂਲੀਯੋਗ ਅਤੇ ਨਾਜਾਇਜ਼ ਹੋ ਜਾਂਦਾ ਹੈ । ਨਗਰਪਾਲਿਕਾ ਮੋਰਿੰਡਾ ਦੇ ਕੇਸ ਵਿਚ ਮੁਤੱਅਲਕਾ ਰਾਸ਼ੀ ਸਾਲ ਵਾਰ ਹੇਠਾਂ ਦਰਜ ਹੈ :—

1964-65	14142 ਰੁਪਏ
1965-66	14142 ,,
1966-67	16584 ,,
1967-68	16716 ,,
1968-69	18225 ,,
1969-70	18225 ,,

(ਬੀ) ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

1908—15-10-70—278 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

19th March, 1970

(Afternoon Sitting)

Vol. I —No. 20

OFFICIAL REPORT

CONTENTS

Thursday, the 19th March, 1970

Punjab Vidhan Sabha Secretariat, Chandigarh.

Price : Rs. 7.55

ERRATA

To

Punjab Vidhan Sabha Debates

Vol. 1 No. 20.

Dated 19th March, 1970. (Afternoon Sitting)

Read	For	Page	Line
ਸਰਕਾਰ	ਸਰਦਾਰ	(20)7	10
ਹਨ	ਹਾਂ	(20)8	3rd from below
ਡਾਕਟਰ ਅਮੀਰ ਸਿੰਘ ਕਲਕਟ	ਡਾਕਟਰ ਅਮੀਰ ਲਕਟ	(20)11	10th from below
ਸਰਦਾਰ ਨਰਿੰਦਰ ਸਿੰਘ	ਸਰਦਾਰ ਨਰਿਦਰ ਸਿੰਘ	(20)12	3
1971	1911	(20)13	8
Department	Separtment	(20)37	6
importance	rimportance	(20)44	13
represent	epresent	(20)44	14
Chief Minister	Chief nister	(20)48	1
Congress	Congrese	(20)50	6th from below
Business	Busines	(20)51	18
granted	graned	(20)54	6th from below
respect	respete	(20)54	4th from below
ਸਿਲਸਿਲੇ ਵਿਚ	ਸਿਲਸਿਲੇ	(20)57	3
चौधरी बलबीर सिंह	योधरी बलबीर सिंह	(20)60	6th from below
ਕਰਾਂਗਾ	ਕਰਗਾਂ	(20)63	1

ਫਰਟ	ਫਰਟ	(20)67	12th from below
के रहने	केर हन	(20)72	7th from below
ਲਈ	ਲਇ	(20)75	last
ਵੇਲੇ	ਵੇਲ	(20)77	1
ਡਿਪਟੀ	ਡਪਟੀ	(20)77	6th from below
ਪਠਾਨਕੋਟ	ਪਨਾਨਕੋਟ	(20)78	17
ਸਪੇਅਰਿੰਗਲੀ	ਸਪੇਅਰਸਲੀ	(20)80	15
ਲੋਕਾਂ	ਲੋਕ	(20)84	6th from below
ਕੋਈ	ਕਈ	(20)87	7
A special	As e ial	ii	8
welfare	wefare	iii	5
Shri Dyal Singh	Shri Dyal Slng3	lii	3
Director	Diector	lvi	2

PUNJAB VIDHAN SABHA

Thurstday, the 19th March, 1970.

(Afternoon Sitting)

The Vidhan Sabha met in the Hall of the Punjab Vidhan Bhavan, Sector, Chandigarh at 2. 30 P.M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

Industrial Co-operative Societies, Jullundur

*1681. **Sardar Sarup Singh** : Will the Minister for Iudustries be pleased to state :

(a) the number of Industrial Co-operative Societies established in Jullundur during the period from 1st April, 1969 to 31st December, 1969;

(b) the amount of loans granted to the said societies by the Industrial Co-operative Bank, Jullundur together with their names ?

Sardar Gurnam Singh (Chief Minister) : (a) 12.

(b) Rs. 5,000.00 only. One Society got the loan viz.; Sat Kartar. Weavers Production-cum-Sale Co-operative Industrial Society Ltd. as no other applied for loan to the bank.

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਵੈਸੇ ਤਾਂ ਮੇਰੇ ਸਵਾਲ ਦਾ ਜਵਾਬ ਗਲਤ ਦਿਤਾ ਗਿਆ ਹੈ। ਪਰ ਜੇ ਇਨ੍ਹਾਂ ਦੇ ਇਸ ਜਵਾਬ ਨੂੰ ਠੀਕ ਵੀ ਮੰਨ ਲਿਆ ਜਾਵੇ ਤਾਂ ਕੀ ਨੌਂ ਮਹੀਨਿਆਂ ਵਿਚ ਸਿਰਫ 12 ਸੋਸਾਇਟੀਆਂ ਹੀ ਰਜਿਸਟਰ ਕੀਤੀਆਂ ਬੈਂਕ ਗਈਆਂ ਹਨ ? ਅਤੇ ਸਿਰਫ ਇਕ ਸੋਸਾਇਟੀ ਨੂੰ ਹੀ ਕਰਜ਼ਾ ਦਿਤਾ ਗਿਆ ਬੈਂਕ ਵਲੋਂ ਦੇ ਐਨੇ ਕਰਮਚਾਰੀ ਹਨ ਕੀ ਸਿਰਫ ਇਕ ਨੂੰ ਲੋਨ ਦੇਣ ਨਾਲ ਬੈਂਕ ਦਾ ਕੰਮ ਚਲ ਸਕਦਾ ਹੈ ?

ਮੁੱਖ ਮੰਤਰੀ : ਮੈਂ ਨਹੀਂ ਕਹਿ ਸਕਦਾ ਕਿ ਕੰਮ ਚਲ ਸਕਦਾ ਹੈ ਕਿ ਨਹੀਂ। ਉਹ ਅਜੇ ਬੈਂਕ ਹੈ ਵੀ ਕਿ ਨਹੀਂ।

ਸਰਦਾਰ ਉਮਰਾਓ ਸਿੰਘ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਜਦੋਂ ਬੈਂਕ ਵਲੋਂ ਕੇਵਲ ਇਕ ਸੋਸਾਇਟੀ ਨੂੰ ਹੀ ਲੋਨ ਦਿਤਾ ਗਿਆ ਹੈ ਕੀ ਇਸ ਬੈਂਕ ਦੀ ਉਥੇ ਲੋੜ ਵੀ ਹੈ ਕਿ ਨਹੀ ?

ਮੁੱਖ ਮੰਤਰੀ : ਇਸ ਸਵਾਲ ਵਿਚ ਸੋਸਾਇਟੀਆਂ ਨੂੰ ਲੋਨ ਦੇਣ ਬਾਰੇ ਪੁਛਿਆ ਗਿਆ ਹੈ, ਉਸ ਬਾਰੇ ਦਸਿਆ ਹੈ ।

ਸਰਦਾਰ ਸਰੂਪ ਸਿੰਘ : ਐਨਾਂ ਥੋੜ੍ਹਾ ਲੋਨ ਐਨੀਆਂ ਸੋਸਾਇਟੀਆਂ ਨੂੰ ਦਿਤਾ ਗਿਆ ਹੈ, ਕੀ ਇਸ ਬਾਰੇ ਕੋਈ ਇਨਕੁਆਇਰੀ ਕਰਾਈ ਜਾਵੇਗੀ ਅਫ਼ਸਰਾਂ ਦੇ ਖਿਲਾਫ਼ ?

ਮੁੱਖ ਮੰਤਰੀ : ਜਿਨਾਂ ਲੋਨ ਮਿਲਣਾ ਚਾਹੀਦਾ ਹੈ ਉਨਾਂ ਹੀ ਦਿਤਾ ਗਿਆ ਹੈ ।

ਸ਼੍ਰੀ ਗਿਆਨ ਚੰਦ ਖਰਬੰਦਾ : ਖਾਦੀ ਬੋਰਡ ਨੂੰ ਇਸ ਸਾਲ ਵਿਚ ਕਿੰਨਾ ਕਰਜ਼ਾ ਦਿਤਾ ਗਿਆ ?

ਮੁੱਖ ਮੰਤਰੀ : ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ ।

ਸਰਦਾਰ ਸਰੂਪ ਸਿੰਘ : ਇਨ੍ਹਾਂ ਨੇ ਦਸਿਆ ਹੈ ਕਿ 12 ਸੋਸਾਇਟੀਆਂ ਰਜਿਸਟਰ ਹੋਈਆਂ ਹਨ ਅਤੇ ਇਨ੍ਹਾਂ ਵਿਚੋਂ ਇਕ ਸੋਸਾਇਟੀ ਨੂੰ ਲੋਨ ਦਿਤਾ ਗਿਆ ਹੈ । ਇਨ੍ਹਾਂ ਨੂੰ ਨਾਲ ਗਰਾਂਟਾ ਵੀ ਮਿਲੀਆਂ ਹਨ । ਕੀ ਇਹ ਦਸਣਗੇ ਕਿ ਇਹ ਗਰਾਂਟਾਂ ਕਿਹੜੀਆਂ ਕਿਹੜੀਆਂ ਸੋਸਾਇਟੀਆਂ ਨੂੰ ਮਿਲੀਆਂ ਹਨ ?

ਮੁੱਖ ਮੰਤਰੀ : ਇਸ ਬਾਰੇ ਨੋਟਿਸ ਦੇ ਦਿਤਾ ਜਾਵੇ ।

ਚੌਧਰੀ ਰਾਮ ਸਿੰਘ : ਇਹ ਕਰਜ਼ਾ ਘਟ ਸੋਸਾਇਟੀਆਂ ਨੂੰ ਦਿਤਾ ਗਿਆ ਹੈ, ਕੀ ਇਹ ਇਸ ਕਰਕੇ ਤਾਂ ਨਹੀਂ ਹੈ ਕਿ ਇਸ ਵਿਚ ਜਨ ਸੰਘੀ ਨਹੀਂ ਹਨ ?

ਮੁੱਖ ਮੰਤਰੀ : ਜਦੋਂ ਕਰਜ਼ਾ ਦਿਤਾ ਜਾਂਦਾ ਹੈ ਤਾਂ ਉਸ ਵਿਚ ਕੋਈ ਇਮਤਿਆਜ਼ ਨਹੀਂ ਕੀਤਾ ਜਾਂਦਾ ਕਿ ਕੋਈ ਕਾਂਗਰਸੀ ਹੈ ਜਾਂ ਕਿ ਜਨ ਸੰਘੀ ਹੈ ।

Damage by rain water to certain villages of Tehsil Mansa.

*1589. **Comrade Babu Singh Master** : Will the Minister for Irrigation and Power be pleased to state :—

(a) whether the Government is aware of the fact that considerable damage/harm is done by rain water etc., every year to a number of villages in Mansa Tehsil, such as Joga, Ralla, Anupgarh, Makha, Burjittan, etc;

(b) whether there is any proposal under the consideration of the Government to dig a new link drain called Kharak Singh Wala Drain about 28 miles in length, if so, the present stage of this proposal and the time by which it is likely to be implemented ?

Sardar Sohan Singh Bassi : (a) Yes.

(b) Yes, this drain is a tributory of Lissara Nallah which has its outfall in river Ghaggar. The issue regarding execution of tributory drains of Lissara Nallah is under consideration of the Ghaggar Technical Committee constituted by the Government of India. Work can be taken up after clearance from the Government of India, subject to availability of funds.

[(ੳ) ਹਾਂ ਜੀ।

(ਅ) ਹਾਂ ਜੀ, ਇਹ ਲਿਸਾੜੇ ਨਾਲੇ ਦੀ ਇਕ ਟ੍ਰਿਬਿਊਟਰੀ (Tributory) ਹੈ ਜੋ ਕਿ ਘੱਗਰ ਦਰਿਆ ਵਿਚ ਪੈਂਦੀ ਹੈ। ਲਿਸਾੜੇ ਨਾਲੇ ਦੀਆਂ ਟ੍ਰਿਬਿਊਟਰੀ ਡਰੇਨੇਜ਼ ਖੋਦਨ ਬਾਰੇ ਮਾਮਲਾ ਘੱਗਰ ਟੈਕਨੀਕਲ ਕਮੇਟੀ ਦੇ ਵਿਚਾਰ ਅਧੀਨ ਹੈ, ਜੋ ਕਿ ਕੇਂਦਰੀ ਸਰਕਾਰ ਦੀ ਬਣਾਈ ਹੋਈ ਹੈ। ਇਹ ਕੰਮ ਕੇਂਦਰੀ ਸਰਕਾਰ ਦੀ ਇਜ਼ਾਜਤ ਤੋਂ ਬਾਦ ਅਤੇ ਫੰਡਜ਼ ਹੋਣ ਤੇ ਹੀ ਹੱਥ ਵਿਚ ਲਿਆ ਜਾ ਸਕਦਾ ਹੈ।

ਕਾਮਰੇਡ ਬਾਬੂ ਸਿੰਘ ਮਾਸਟਰ: ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਕਿੰਨੇ ਪਿੰਡਾਂ ਨੂੰ ਮੀਂਹ ਦੇ ਪਾਣੀ ਨਾਲ ਕਿੰਨਾ ਨੁਕਸਾਨ ਹੋਇਆ ਹੈ ?

ਮੰਤਰੀ : ਮੈਂ ਕਿਹਾ ਹੈ ਕਿ ਨੁਕਸਾਨ ਹੁੰਦਾ ਹੈ ਪਾਣੀ ਨਾਲ । ਪਰ ਇਹ ਕਿੰਨਾਂ ਨੁਕਸਾਨ ਹੁੰਦਾ ਹੈ, ਇਸ ਬਾਰੇ ਕੋਈ ਮੀਟਰ ਨਹੀਂ ਜਾਂ ਫੇਰ ਥਰਮਾਮੀਟਰ ਨਹੀਂ ਜਿਸ ਨਾਲ ਕਿ ਇਸ ਨੁਕਸਾਨ ਨੂੰ ਮਾਪਿਆ ਜਾ ਸਕੇ ।

चौधरी बलबीर सिंह : इन्होंने कहा है कि नापने के लिये कोई थरमामीटर नही है लेकिन पटवारी तो हैं जो रिपोर्ट दे सकते हैं कि कितना नुकसान हुआ हैं। क्या उन से पूछ कर बताएंगे ?

ਸ਼੍ਰੀ ਸਪੀਕਰ : ਕੀ ਡੈਮੇਜ ਮੀਟਰ ਇਨ੍ਹਾਂ ਨੂੰ ਲਗਾਉਣੇ ਚਾਹੀਦੇ ਹਨ ? (Should they provide damage meters ?)

ਕਾਮਰੇਡ ਬਾਬੂ ਸਿੰਘ ਮਾਸਟਰ : ਪਟਵਾਰੀ ਨਹਿਰਾਂ ਦੇ ਸਿਲਸਿਲੇ ਵਿਚ ਕਿੰਨਾ ਨੁਕਸਾਨ ਹੋਇਆ ਹੈ, ਬਾਕਾਇਦਾ ਦਸਦੇ ਹਨ। ਹੁਣ ਵੀ ਇਸ ਨੁਕਸਾਨ ਬਾਰੇ ਇਨ੍ਹਾਂ ਨੂੰ ਪਟਵਾਰੀ ਦੀ ਰਿਪੋਰਟ ਅਨੁਸਾਰ ਦਸਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਉਹ ਤਾਂ ਰੈਵੀਨੀਊ ਡਿਪਾਰਟਮੈਂਟ ਦਾ ਕੰਮ ਹੈ। (That is the job of the Revenue Deptt.)

ਕਾਮਰੇਡ ਬਾਬੂ ਸਿੰਘ ਮਾਸਟਰ : ਰੈਵੀਨਿਊ ਡਿਪਾਰਟਮੈਂਟ ਵਾਲੇ ਜਵਾਬ ਦੇ ਦੇਣ।

ਸ਼੍ਰੀ ਸਪੀਕਰ : ਸਵਾਲ ਤਾਂ ਇਕ ਡਿਪਾਰਟਮੈਂਟ ਬਾਰੇ ਪੁਛ ਸਕਦੇ ਹੋ । (Question can be asked in respect of one Department only.)

Pay scales of Mates and Beldars in the Irrigation Department.

*1113. **Comrade Dana Ram** : Will the Minister for Irrigation and Power be pleased to state—

(a) whether it is a fact that regular mates and beldars in the Irrigation Department were in different grades before the introduction of revised pay scale ; if so, whether the categories have been placed in the revised grade of Rs. 70—95 ;

(b) whether the Class IV Employees Union has represented to the Government/Authorities concerned for higher grade for equating with Jamadars ; if so, the steps taken in this regard ?

Sardar Sohan Singh Bassi :

(a) Yes. The Mates and Regulation Beldars have been placed in the revised grade of Rs. 70—95 by the Government as a result of recommendation of Pay Commission.

(b) Yes. The matter for higher grade to the Mates and Regulation Beldars is under consideration of the Government.

[(ੳ) ਹਾਂ ਜੀ। ਪੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੇ ਸਰਕਾਰ ਨੇ ਮੇਟਾਂ ਅਤੇ ਰੈਗੂਲੇਸ਼ਨ ਬੇਲਦਾਰਾਂ ਨੂੰ 70-95 ਦੇ ਗਰੇਡ ਵਿਚ ਰਖਿਆ ਹੈ।

(ਅ) ਹਾਂ ਜੀ। ਮੇਟਾਂ ਅਤੇ ਰੈਗੂਲੇਸ਼ਨ ਬੇਲਦਾਰਾਂ ਲਈ ਉਚੇ ਗਰੇਡਾਂ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।]

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਰੀਗੇਸ਼ਨ ਮਹਿਕਮੇ ਵਿਚ ਜਿਹੜਾ ਵਰਕ ਚਾਰਜਡ ਸਟਾਫ ਹੈ, ਉਨ੍ਹਾਂ ਦੇ ਪੇ ਸਕੇਲ ਰੈਗੂਲਰ ਐਂਪਲਾਈਜ਼ ਦੇ ਹਿਸਾਬ ਨਾਲ ਰਿਵਾਈਜ਼ ਕਰਨ ਦਾ ਕੋਈ ਵਿਚਾਰ ਹੈ ?

ਮੰਤਰੀ : ਵਰਕ ਚਾਰਜਡ ਐਂਪਲਾਈਜ਼ ਅਲਗ ਅਲਗ ਹਨ ਅਤੇ ਉਨ੍ਹਾਂ ਦੀਆਂ ਟਰੇਡਜ਼ ਵੀ ਅਲਗ ਅਲਗ ਹਨ ਅਤੇ ਉਸ ਹਿਸਾਬ ਨਾਲ ਉਨ੍ਹਾਂ ਦੇ ਰੇਟਸ ਇਕੋ ਜੈਸੇ ਨਹੀਂ ਕੀਤੇ ਜਾ ਸਕਦੇ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦਸਣਗੇ ਕਿ ਰਵੀਜ਼ਨ ਤੋਂ ਪਹਿਲਾਂ ਮੇਟਸ ਦੇ ਗਰੇਡ ਬੇਲਦਾਰਾਂ ਨਾਲੋਂ ਜ਼ਿਆਦਾ ਸੀ ? ਮੇਟ ਬੇਲਦਾਰਾਂ ਦੀ ਸੁਪਰਵੀਜ਼ਨ ਕਰਦੇ ਹਨ, ਇਸ ਲਈ ਇਹ ਗਰੇਡ ਹੁਣ ਇਕ ਕਿਓਂ ਹੋ ਗਏ ਹਨ ?

ਮੰਤਰੀ : ਜਿਸ ਤਰ੍ਹਾਂ ਪੇ ਕਮਿਸ਼ਨ ਨੇ ਰਿਕੁਮੈਂਡ ਕੀਤਾ ਹੈ, ਉਸ ਦੇ ਮੁਤਾਬਕ ਇਨ੍ਹਾਂ ਦੀ ਪੇ ਮੁਕਰੱਰ ਕੀਤੀ ਗਈ ਹੈ ।

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਤੋਂ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਆਬਵੀਅਸ ਅਨਾਮਲੀ ਨਹੀਂ ਬਣਦੀ । ਜਿਸ ਨੂੰ ਸੁਪਰਵੀਜ਼ਨ ਕਰਨਾ ਉਸ ਦਾ ਗਰੇਡ ਜਿਸ ਦੀ ਉਸ ਸੁਪਰਵੀਜ਼ਨ ਕਰਨੀ ਹੈ, ਉਸ ਦੇ ਬਰਾਬਰ ਹੋਵੇ ; ਕੀ ਇਸ ਅਨੌਮਲੀ ਨੂੰ ਠੀਕ ਕੀਤਾ ਜਾਵੇਗਾ ?

ਮੰਤਰੀ : ਇਸ ਦੀ ਅਨੌਮਲੀ ਬਾਰੇ ਅਸੀਂ ਸੋਚ ਰਹੇ ਹਾਂ । ਅਗਰ ਇਹ ਵਾਕਿਆ ਹੀ ਅਨੌਮਲੀ ਹੋਈ ਤਾਂ ਵਿਚਾਰ ਕਰਾਂਗੇ ।

ਡਾਕਟਰ ਅਮੀਰ ਸਿੰਘ ਕਲਕਟ : ਆਇਆ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣਗੇ ਕਿ ਪਿੰਡਾਂ ਵਿਚ ਵੇਜਿਜ਼ ਪੰਜ ਰੁਪਏ ਫੀ ਦਿਹਾੜੀ ਦੇ ਹਿਸਾਬ ਨਾਲ ਦਿਤੀ ਜਾਂਦੀ ਹੈ । ਕੀ ਇਸ ਰੇਟ ਤੇ ਕੋਈ ਬੇਲਦਾਰ ਜਾਂ ਮੇਟ ਮਿਲਦੇ ਹਨ ?

ਮੰਤਰੀ : ਇਸ ਚੀਜ਼ ਦਾ ਇਥੇ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ ।

ਸ੍ਰੀ ਸਪੀਕਰ : ਡਾਕਟਰ ਸਾਹਿਬ ਇਹ ਤਨਖਾਹ 200 ਰੁਪਏ ਬਣ ਜਾਂਦੀ ਹੈ । (Addressing Dr. Amir Singh Kalkat : The salary comes to Rs. 200/-)

ਚੌਧਰੀ ਤੁਲਸੀ ਰਾਮ ਚੌਹਾਨ : ਮਨਿਸਟਰ ਸਾਹਿਬ ਨੇ ਹੁਣੇ ਕਿਹਾ ਹੈ ਕਿ ਜੇ ਅਨੌਮਲੀ ਹੋਈ ਤਾਂ ਵਿਚਾਰ ਕੀਤਾ ਜਾਏਗਾ । ਇਹ ਆਇਆ ਵਿਚਾਰ ਹੀ ਕੀਤਾ ਜਾਵੇਗਾ ਜਾ ਕਿ ਅਨੌਮਲੀ ਨੂੰ ਦੂਰ ਕੀਤਾ ਜਾਵੇਗਾ ?

ਮੰਤਰੀ : ਮੈਂ ਜੋ ਪਹਿਲਾਂ ਜਵਾਬ ਦਿਤਾ ਹੈ, ਉਹ ਕਲੀਅਰ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ : ਪਹਿਲਾਂ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਇਹ ਦੀ ਪਰੋਪੋਜ਼ਲ ਹੈ, ਅਸੀਂ ਦੇਖ ਰਹੇ ਹਾਂ, ਕਰਾਂਗੇ । ਦੂਜੇ ਵਿਚ ਜਵਾਬ ਦੇਣ ਲਗਿਆ ਇਨ੍ਹਾਂ ਨੇ ਕਿਹਾ ਹੈ ਕਿ ਜੇ ਕੋਈ ਫਰਕ ਹੋਇਆਂ ਤਾਂ ਕਰਾਂਗੇ । ਇਨ੍ਹਾਂ ਦੋਵਾਂ ਜਵਾਬਾਂ ਵਿਚੋਂ ਕਿਹੜਾ ਜਵਾਬ ਠੀਕ ਹੈ ?

ਮੰਤਰੀ : ਦੋਵੇਂ ਜਵਾਬ ਠੀਕ ਹਨ । ਐਗਜ਼ਾਮੀਨੇਸ਼ਨ ਹੋਕੇ ਜੋ ਕੁਝ ਫੈਸਲਾ ਹੋਏਗਾ, ਉਸ ਦੇ ਹਿਸਾਬ ਨਾਲ ਠੀਕ ਹੋ ਜਾਵੇਗਾ ।

Charges of corruption against the Employees of Irrigation Branch

*1614. **Shri Sardari Lal Kapur :** Will the Minister for Irrigation and Power be pleased to state —

(a) the number of Class I, Class II and Class III Government employees in the Irrigation Department in the State who were charged with corruption during 1968-69 ;

[Shri Sardari Lal Kapur]

(b) the action departmental or otherwise taken against them and the result thereof ?

Sardar Sohan Singh Bassi :

(a) Class I .. 1

Class II .. 1

Class III .. 17

(b) (i) A departmental Inquiry against five employees (Class I, Class II, one each and Class III, three) mentioned at (a) above is being conducted.

(ii) The action taken against the remaining 12 Class III officials is as follows :—

Enquiry against Class I officer is going on.

One Class II officer has been suspended.

Out of 17 Class III officials five Officials have been placed under suspension. The position of the remaining 12 is as under :—

Two cases were detected by Vigilance Department and the concerned employees were challaned in the Court. In one case the official has been exonerated by the Court while the second case is still subjudice.

Seven officials have been charged with corruption. In three cases the officials were convicted by the Court and they were dismissed by the Department. In other four cases the officials are under suspension. Their cases are under trial with the Courts/Vigilance Department.

Other three officials have been charged with corruption. One was convicted by the Court and was dismissed from Government service. Two were under trial in the Courts and the cases have not been decided yet. They were, however, placed under suspension.

[(ੳ) ਕਲਾਸ 1=1

ਕਲਾਸ 2=1

ਕਲਾਸ 3=17

(ਅ) (1) ਪੰਜਾਂ ਸਰਕਾਰੀ ਕਰਮਚਾਰੀਆਂ (ਕਲਾਸ 1 ਦਾ ਇਕ ਅਤੇ ਕਲਾਸ 2 ਦਾ ਇਕ ਅਤੇ ਕਲਾਸ 3 ਦੇ ਤਿਨ) ਦੇ ਵਿਰੁੱਧ ਵਿਭਾਗੀ ਇਨਕੁਆਰੀ ਕੀਤੀ ਜਾ ਰਹੀ ਹੈ ।

(2) ਕੀਤੀ ਗਈ ਬਾਕੀ ਦੀ ਕਾਰਵਾਈ ਹੇਠ ਲਿਖੇ ਅਨੁਸਾਰ ਹੈ :–
ਇਕ ਕਲਾਸ 1 ਅਫ਼ਸਰ ਦੇ ਵਿਰੁੱਧ ਇਨਕੁਆਰੀ ਚਲ ਰਹੀ ਹੈ ।
ਇਕ ਕਲਾਸ 2 ਅਫ਼ਸਰ ਮੁਅੱਤਲ ਕੀਤਾ ਗਿਆ ਹੈ ।

17 ਕਲਾਸ 3 ਕਰਮਚਾਰੀਆਂ ਵਿੱਚੋਂ ਪੰਜ ਕਲਾਸ 3 ਕਰਮਚਾਰੀ ਮੁਅੱਤਲ ਕੀਤੇ ਗਏ ਹਨ ਬਾਕੀ 12 ਕਰਮਚਾਰੀਆਂ ਸਬੰਧੀ ਪੁਜ਼ੀਸ਼ਨ ਇੰਜ ਹੈ :–

ਦੋ ਕੇਸਾਂ ਬਾਰੇ ਚੌਕਸੀ ਵਿਭਾਗ ਨੇ ਖੋਜ ਕੱਢੀ ਅਤੇ ਸਬੰਧਤ ਕਰਮਚਾਰੀਆਂ ਦੇ ਕੋਰਟ ਵਿਚ ਚਲਾਨ ਕੀਤੇ ਗਏ । ਇਕ ਕੇਸ ਦੇ ਵਿੱਚ ਕਰਮਚਾਰੀ ਨੂੰ ਕੋਰਟ ਨੇ ਦੋਸ਼ ਮੁਕਤ ਕਰ ਦਿੱਤਾ ਅਤੇ ਦੂਸਰਾ ਕੇਸ ਅਜੇ ਕੋਰਟ ਦੇ ਵਿੱਚ ਹੈ ।

ਸੱਤ ਕਰਮਚਾਰੀਆਂ ਤੇ ਭ੍ਰਿਸ਼ਟਾਚਾਰ ਦਾ ਦੋਸ਼ ਹੈ । ਤਿੰਨਾਂ ਕੇਸਾਂ ਦੇ ਵਿੱਚ ਕਰਮਚਾਰੀਆਂ ਨੂੰ ਕੋਰਟ ਨੇ ਦੋਸ਼ੀ ਕਰਾਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਸਰਦਾਰ ਨੇ ਨੌਕਰੀ ਤੋਂ ਡਿਸਮਿਸ ਕਰ ਦਿੱਤਾ । ਬਾਕੀ ਦੇ ਚਾਰ ਕੇਸਾਂ ਵਿੱਚ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ । ਉਹਨਾਂ ਦੇ ਕੇਸ ਕੋਰਟ ਚੌਕਸੀ ਵਿਭਾਗ ਵਿਚ ਚਲ ਰਹੇ ਹਨ ।

ਦੂਸਰੇ ਤਿੰਨ ਕਰਮਚਾਰੀਆਂ ਤੇ ਭ੍ਰਿਸ਼ਟਾਚਾਰ ਦਾ ਦੋਸ਼ ਹੈ । ਇਕ ਨੂੰ ਕੋਰਟ ਨੇ ਦੋਸ਼ੀ ਕਰਾਰ ਦਿੱਤਾ ਅਤੇ ਉਸ ਨੂੰ ਸਰਕਾਰ ਨੇ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਸੀ । ਦੋ ਕਰਮਚਾਰੀਆਂ ਦੇ ਕੇਸ ਅਜੇ ਕਚਹਿਰੀਆਂ ਦੇ ਵਿੱਚ ਚਲ ਰਹੇ ਹਨ ਅਤੇ ਕੇਸਾਂ ਦੇ ਫ਼ੈਸਲੇ ਅਜੇ ਨਹੀਂ ਹੋਏ ਹਨ । ਉਹ ਕਰਮਚਾਰੀ ਮੁਅੱਤਲ ਕੀਤੇ ਗਏ ਸਨ ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੇ ਬੰਦੇ ਸਸਪੈਂਡ ਕੀਤੇ ਗਏ ਹਨ ਔਰ ਜਿਨ੍ਹਾਂ ਦੇ ਮੁਤਲਕ ਇਨਕੁਆਇਰੀ ਹੋ ਰਹੀ ਹੈ, ਉਹ ਕਦ ਤੋਂ ਹੋ ਰਹੀ ਹੈ ?

ਮੰਤਰੀ : ਮੈਂ ਤਾਂ ਬਿਲਕੁਲ ਕਲੀਅਰ ਜਵਾਬ ਦਿੱਤਾ ਹੈ, ਇਸ ਦੇ ਬਾਰੇ ਸਭ ਕੁਝ ਇਸ ਵਿਚ ਆ ਗਿਆ ਹੈ । ਇਸ ਤੋਂ ਇਲਾਵਾ ਜੇ ਤੁਸੀਂ ਅਜਿਹੀ ਕੋਈ ਡਿਟੇਲ ਪੁੱਛਣਾ ਚਾਹੁੰਦੇ ਹੋ ਕਿ ਉਹ ਕਦ ਹੋਇਆ ਕਦ ਨਹੀਂ ਹੋਇਆ ਤਾਂ, ਇਸ ਵਾਸਤੇ ਨੋਟਿਸ ਦੇ ਦਿਓ ਜਾਂ ਤੁਸੀਂ ਆਪ ਆ ਜਾਣਾ ।

चौधरी बलबीर सिंह : मैं वजीर साहिब से पूछना चाहता हूं कि क्या इन्हो ने महकमा को कोई हिदायत की हैं कि कोई आदमी जो ससपैंड होता है उसको इतने असें के अन्दर २ चार्ज शीट करके उस पर कार्यवाही शुरु हो जाए ?

ਮੰਤਰੀ : ਇਹ ਤਾਂ ਜਨਰਲ ਕੇਸ ਹੈ । ਕੋਈ ਵੀ ਆਦਮੀ ਜਿਹੜਾ ਸਸਪੈਂਡ ਕੀਤਾ ਜਾਂਦਾ ਹੈ, ਉਸ ਦੇ ਵਿੱਚ ਇਹੀ ਹੁੰਦਾ ਹੈ ਕਿ ਇਸ ਕੇਸ ਨੂੰ ਜਲਦੀ ਤੋਂ ਜਲਦੀ ਸੈਟਲ ਕੀਤਾ ਜਾਵੇ ।

ਸਰਦਾਰ ਉਮਰਾਓ ਸਿੰਘ : ਇਹ ਜਿਹੜਾ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ, ਇਸ ਦੇ ਵਿਚ ਉਨ੍ਹਾਂ ਨੇ ਦਸਿਆ ਹੈ ਕਿ ਕੁਝ ਕੈਟੇਗਰੀਜ਼ ਦੇ ਖਿਲਾਫ ਕੁਰੱਪਸ਼ਨ ਦੇ ਚਾਰਜ ਸਨ, ਉਨ੍ਹਾਂ ਵਿਚੋਂ ਕੁਝ ਨੂੰ ਉਨ੍ਹਾਂ ਨੇ ਦੱਸਿਆ ਹੈ ਕਿ ਸਸਪੈਂਡ ਕੀਤਾ ਹੈ ਅਤੇ ਕੁਝ ਐਸੇ ਹਨ ਜਿਨ੍ਹਾਂ ਨੂੰ ਸਸਪੈਂਡ ਨਹੀਂ ਕੀਤਾ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਸਸਪੈਂਡ ਨਹੀਂ ਕੀਤੇ ਔਰ ਉਨ੍ਹਾਂ ਦੇ ਖਿਲਾਫ ਕੁਰੱਪਸ਼ਨ ਦੇ ਚਾਰਜ ਹਨ। ਇਸ ਲਈ ਉਨ੍ਹਾਂ ਨੂੰ ਕਿਓਂ ਸਸਪੈਂਡ ਨਹੀਂ ਕੀਤਾ ਗਿਆ ਜਦ ਕਿ ਰੂਲਜ਼ ਪਰੋਵਾਈਡ ਕਰਦੇ ਹਨ ?

ਮੰਤਰੀ : ਜਿਸ ਦੇ ਖਿਲਾਫ ਕੋਈ ਉਸ ਕੁਰੱਪਸ਼ਨ ਦਾ ਕੇਸ ਸਾਬਤ ਹੋ ਜਾਵੇ ਤਾਂ ਫਿਰ ਉਸ ਨੂੰ ਸਸਪੈਂਡ ਕਰਦੇ ਹਾਂ।

ਸਰਦਾਰ ਉਮਰਾਓ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਹੀ ਨਹੀਂ ਹੈ ਕਿ ਅਗਰ ਕਿਸੇ ਦੇ ਖਿਲਾਫ ਕੁਰੱਪਸ਼ਨ ਦਾ ਕੇਸ ਫਰੇਮ ਹੋ ਜਾਵੇ ਤਾਂ ਰੂਲਜ਼ ਦੇ ਮੁਤਾਬਿਕ ਉਹ ਇੰਪਲਾਈ ਸਸਪੈਂਡ ਹੋ ਜਾਣਾ ਚਾਹੀਦਾ ਹੈ ? ਲੇਕਿਨ ਇਨ੍ਹਾਂ ਕੇਸਜ਼ ਵਿਚ ਬਹੁਤ ਸਾਰੇ ਇਸ ਤਰ੍ਹਾਂ ਦੇ ਇੰਪਲਾਈਜ਼ ਸਸਪੈਂਡ ਨਹੀਂ ਹੋਏ। ਇਸ ਦੀ ਕੀ ਵਜ੍ਹਾ ਹੈ ?

ਮੰਤਰੀ : ਮੈਂ ਤਾਂ ਇਹ ਪਹਿਲਾਂ ਹੀ ਦੱਸ ਦਿਤਾ ਹੈ ਕਿ ਜਿਨ੍ਹਾਂ ਦੇ ਖਿਲਾਫ ਕੁਰੱਪਸ਼ਨ ਦਾ ਕੇਸ ਸਾਬਤ ਹੋ ਗਿਆ ਹੈ ਉਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਹੈ ਅਤੇ ਦੂਸਰਿਆਂ ਦੇ ਖਿਲਾਫ ਕੋਰਟ ਵਿਚ ਇੰਨਕੁਆਇਰੀ ਹੋ ਰਹੀ ਹੈ।

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਠੀਕ ਹੈ ਕਿ ਜਿਹੜੇ ਅਫ਼ਸਰਾਂ ਦੇ ਖਿਲਾਫ ਇਨਕੁਆਇਰੀ ਹੋ ਰਹੀ ਹੈ, ਉਨ੍ਹਾਂ ਵਿਚ ਐਕਸ.ਈ.ਐਨ. ਵੀ ਹੈ ? ਉਨ੍ਹਾਂ ਦੇ ਖਿਲਾਫ ਜਿਹੜੇ ਚਾਰਜ਼ ਲੱਗੇ ਹਨ ਉਹ ਉਥੋਂ ਦੇ ਮੁਲਾਜ਼ਮਾਂ ਨੇ ਦੱਸੇ ਸਨ। ਇਕ ਵਰਿਆਮ ਸਿੰਘ ਹੈ, ਜਿਸ ਨੇ ਇਸ ਬਾਰੇ ਦੱਸਿਆ ਸੀ ਔਰ ਇਨ੍ਹਾਂ ਅਫਸਰਾਂ ਨੇ ਉਸ ਦੇ ਖਿਲਾਫ ਝੂਠਾ ਕੇਸ ਬਣਾਕੇ ਉਸ ਨੂੰ ਮੁਅੱਤਲ ਕਰ ਦਿੱਤਾ। ਇਸ ਲਈ ਕੀ ਸਰਕਾਰ ਉਨ੍ਹਾਂ ਨੂੰ ਕੋਈ ਪਰੋਟੈਕਸ਼ਨ ਦੇਵੇਗੀ ?

ਮੰਤਰੀ : ਪਰੋਟੈਕਸ਼ਨ ਜ਼ਰੂਰ ਦਿਆਂਗੇ। ਪਰ ਮੈਂ ਇਹ ਦੱਸ ਦਿੰਦਾ ਹਾਂ ਕਿ ਜਿਹੜੇ ਇਸ ਵਿਚ ਅਫਸਰ ਹਨ, ਉਨ੍ਹਾਂ ਵਿਚ ਇਕ ਐਸ. ਈ ਅਤੇ ਇਕ ਐਸ. ਡੀ. ਓ. ਹੈ, ਅਤੇ ਐਕਸ. ਈ. ਐਨ. ਕੋਈ ਨਹੀਂ ਹੈ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਵਜ਼ੀਰ ਸਾਹਿਬ ਦੱਸਣਗੇ ਕਿ, ਜਿਸ ਤਰ੍ਹਾਂ ਉਨ੍ਹਾਂ ਨੇ ਹੀ ਕਿਹਾ ਹੈ ਕਿ ਕਈ ਅਫਸਰਾਂ ਦੇ ਖਿਲਾਫ਼ ਰਿਸ਼ਵਤ ਦੇ ਮੁਕੱਦਮੇ ਚਲ ਰਹੇ ਹਨ ਅਤੇ ਕੇਸ ਕੋਰਟ ਵਿਚ ਹਨ। ਮੈਂ ਦੱਸਦਾ ਹਾਂ ਕਿ ਅੱਗੇ ਵੀ ਇਸ ਮਹਿਕਮੇ ਵਿਚ ਰਿਸ਼ਵਤ ਦੇ ਖਿਲਾਫ ਕਾਫੀ ਰੌਲਾ ਪਿਆ ਸੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦ ਇਨ੍ਹਾਂ ਨੂੰ ਪਤਾ ਹੈ ਕਿ ਵੱਡੇ ਵੱਡੇ ਅਫਸਰ ਕੁਰੱਪਸ਼ਨ ਕਰਦੇ ਹਾਂ ਤਾਂ ਕੀ ਇਹ ਇਸ ਕੁਰੱਪਸ਼ਨ ਨੂੰ ਰੋਕਣ ਲਈ ਕੋਈ ਕਦਮ ਉਠਾਉਣਗੇ ?

ਮੰਤਰੀ : ਅਜੇ ਥੋੜ੍ਹੇ ਦਿਨ ਹੋਏ ਹਨ, ਇਕ ਐਸ. ਈ. ਨੂੰ ਸਸਪੈਂਡ ਕੀਤਾ ਹੈ।

(**ਅਵਾਜ਼ਾਂ :** ਉਸ ਐਸ. ਈ. ਦਾ ਨਾਮ ਦੱਸ ਦਿਓ ?)

ਸਰਦਾਰ ਦਲੀਪ ਸਿੰਘ ਪਾਂਧੀ : ਵਜ਼ੀਰ ਸਾਹਿਬ ਨੇ ਇਥੇ ਕਲਾਸ 1, ਕਲਾਸ 2 ਅਤੇ ਕਲਾਸ 3 ਦੇ ਆਫੀਸਰਜ਼/ਆਫੀਸ਼ਲਜ਼ ਦਾ ਜ਼ਿਕਰ ਕੀਤਾ ਹੈ ਕਿ ਇਨ੍ਹਾਂ ਦੇ ਖਿਲਾਫ ਕੁਰਪਸ਼ਨ ਦੇ ਕੇਸਜ਼ ਹਨ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਵਿਚ ਐਸ. ਈ. ਪਟਿਆਲਾ ਮਿਸਟਰ ਗੁਪਤਾ ਵੀ ਹੈ ਅਤੇ ਉਸ ਦੇ ਖਿਲਾਫ ਕੀ ਐਕਸ਼ਨ ਲਿਆ ਹੈ ?

ਮੰਤਰੀ: ਮੈਂ ਸਾਰਿਆਂ ਦਾ ਦੱਸ ਦਿਤਾ ਹੈ ਕਿ ਕਿਸ ਕਿਸ ਦੇ ਖਿਲਾਫ ਐਕਸ਼ਨ ਲਿਆ ਹੈ ? (ਵਿਘਨ)

Mr. Speaker : Next question. (interruption)

ਚੌਧਰੀ ਤੁਲਸੀ ਰਾਮ ਚੌਹਾਨ : ਲੱਖਾਂ ਰੁਪਿਆਂ ਦਾ ਗ਼ਬਨ ਇਸ ਮਹਿਕਮੇ ਵਿਚ ਹੋਇਆ ਹੈ.........(ਵਿਘਨ)

ਸ੍ਰੀ ਸਪੀਕਰ : ਉਨ੍ਹਾਂ ਨੇ ਦੱਸ ਦਿਤਾ ਹੈ ਕਿ ਅਸੀਂ ਐਕਸ਼ਨ ਲਿਆ ਹੈ ਅਤੇ ਸਸਪੈਂਡ ਆਦਿ ਕੀਤੇ ਹਨ (ਵਿਘਨ) (He has stated that action has been taken by them and those found guilty have been suspended.)

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਮੈਂ ਰੂਲਜ਼ ਦੀ ਗੱਲ ਕਰਦਾ ਹਾਂ। ਬਹੁਤ ਸਾਰੇ ਆਦਮੀ ਰੂਲਜ਼ ਦੇ ਮੁਤਾਬਿਕ ਜੋ ਸਸਪੈਂਡ ਹੋਣੇ ਚਾਹੀਦੇ ਹਨ, ਉਹ ਕਿਉਂ ਨਹੀਂ ਕੀਤੇ ਗਏ। (ਵਿਘਨ)

Mr. Speaker : Please resume your seat.

Demands of Union of Irrigation Branch Booking Clerks

*1675. **Sardar Dalip Singh Pandhi** : Will the Minister for Irrigation and Power be pleased to state—

(a) whether the Union of Irrigation Branch Clerks of the Canal Department during the last six years has submitted in writing their demand that they may be given pay equal to the Patwaris in the Revenue Department, if so, the action taken thereon, if not, the reason therefor ;

(b) whether any action has been taken on the application of the said Union submitted during the years from 1962 to 1965 to grant them three increments so as to bring them at par with the Revenue Patwaris, if so, the details thereof ?

Sardar Sohan Singh Bassi :(a) Yes. Pay scales of Irrigation Booking Clerks are already at par with the Pay Scales of Revenue Patwaris i.e., 110—4—130—6—200.

[Minister for Irrigation and Power]

(b) Yes. The proposal to grant three increments to Irrigation Booking Clerks was considered by Government and rejected.

[(ਏ) ਹਾਂ ਜੀ। ਪਟਵਾਰੀਆਂ ਦੀ ਤਨਖ਼ਾਹ ਦੇ ਸਕੇਲ ਤੇ ਮਾਲ ਪਟਵਾਰੀਆਂ ਦੀ ਤਨਖਾਹ ਦੇ ਸਕੇਲ ਪਹਿਲਾਂ ਹੀ ਬਰਾਬਰ ਹਨ=110–4–130–5—200.

(ਬੀ) ਨਹਿਰੀ ਪਟਵਾਰੀਆਂ ਨੂੰ ਤਿੰਨ ਤਰੱਕੀਆਂ ਦੇਣ ਦੀ ਤਜ਼ਵੀਜ਼ ਤੇ ਸਰਕਾਰ ਨੇ ਸੋਚ ਵਿਚਾਰ ਕੀਤਾ ਸੀ ਪਰ ਇਹ ਰੱਦ ਕਰ ਦਿੱਤੀ ਗਈ ਸੀ ।]

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਸ ਸਬੰਧੀ 3 ਇੰਕਰੀਮੈਂਟਸ ਦੇਣ ਦਾ ਫੈਸਲਾ ਹੋ ਗਿਆ ਸੀ, ਕਿਉਂਕਿ ਪਟਵਾਰੀਆਂ ਨੂੰ 1962 ਵਿਚ ਗਰੇਡ ਮਿਲਿਆ ਸੀ ਅਤੇ ਦੂਸਰਿਆਂ ਨੂੰ 1965 ਵਿਚ ਮਿਲਿਆ ਸੀ ਅਤੇ ਉਨ੍ਹਾਂ ਨਾਲ ਫੈਸਲਾ ਹੋ ਚੁੱਕਿਆ ਸੀ ਕਿ ਉਹਨ੍ਹਾਂ ਨੂੰ 3 ਇੰਕਰੀਮੈਂਟਸ ਦਿਤੀਆਂ ਜਾਣਗੀਆਂ। ਕੀ ਵਜ਼ੀਰ ਸਾਹਿਬ ਇਸ ਦੇ ਬਾਰੇ ਕੁਝ ਦੱਸਣਗੇ ?

ਮੰਤਰੀ : ਮਾਲ ਪਟਵਾਰੀਆਂ ਦਾ ਗਰੇਡ 1-4-1962 ਤੋਂ ਵਧਾਇਆ ਸੀ, ਇਰੀਗੇਸ਼ਨ ਵਾਲਿਆਂ ਦਾ 1965 ਵਿਚ ਵਧਾਇਆ ਸੀ। ਇਹ ਜਿਹੜਾ ਤੁਸੀਂ ਇਨਕਰੀਮੈਂਟਸ ਦੇਣ ਦਾ ਸਵਾਲ ਪੁੱਛਿਆ ਹੈ, ਇਸ ਗਲ ਤੇ ਕੈਬਨਿਟ ਨੇ ਸੋਚ ਵਿਚਾਰ ਕੀਤੀ ਸੀ ਪਰ ਇਹ ਰੱਦ ਕਰ ਦਿੱਤੀ ਗਈ ਸੀ। ਉਨ੍ਹਾਂ ਨੇ ਆਪਣਾ ਮੈਮੋਰੰਡਮ ਦਿਤਾ ਸੀ, ਪਰ ਉਸ ਵੇਲੇ ਦੀ ਸਰਕਾਰ ਨੇ ਰੱਦ ਕਰ ਦਿਤਾ ਸੀ।

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਠੀਕ ਹੈ ਕਿ ਸਰਕਾਰ ਨੇ ਉਨ੍ਹਾਂ ਦੀ ਯੂਨੀਅਨ ਔਰ ਐਸੋਸੀਏਸ਼ਨ ਨੂੰ ਇਹ ਐਸ਼ੋਰੈਂਸ ਦਿਤੀ ਸੀ ਕਿ ਤੁਹਾਨੂੰ 1962 ਤੋਂ ਦੂਸਰਿਆਂ ਦੇ ਬਰਾਬਰ ਗਰੇਡ ਦੇ ਦਿਆਂਗੇ ਔਰ ਏਰੀਅਰਜ਼ ਵੀ ਦੇ ਦਿਆਂਗੇ ?

ਮੰਤਰੀ : ਮੈਂ ਤਾਂ ਤੁਹਾਨੂੰ ਪਹਿਲਾਂ ਵੀ ਜਵਾਬ ਦੇ ਦਿਤਾ ਹੈ। ਮੇਰੇ ਪਾਸ ਜੋ ਇਨਫਰਮੇਸ਼ਨ ਆਈ ਹੈ, ਉਹ ਮੈਂ ਤੁਹਾਨੂੰ ਪੜ੍ਹਕੇ ਦੱਸ ਦਿਤੀ ਹੈ ਕਿ ਉਸ ਵੇਲੇ ਦੀ ਕੈਬਨਿਟ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ ਸੀ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ, ਇਸ ਮਾਮਲੇ ਤੇ ਸੋਚ ਵਿਚਾਰ ਕਰਨ ਲਈ ਤਿਆਰ ਹਨ ਅਤੇ ਜਿਹੜਾ ਉਨ੍ਹਾਂ ਦੀ 3 ਸਾਲਾਂ ਦੀ ਇਨਕਰੀਮੈਂਟਸ ਦਾ ਬਕਾਇਆ ਹੈ, ਉਹ ਸਰਕਾਰ ਉਨ੍ਹਾਂ ਨੂੰ ਦੇਣ ਲਈ ਤਿਆਰ ਹੈ ?

ਮੰਤਰੀ : 1962 ਦੇ ਕੇਸ ਨੂੰ 1970 ਵਿਚ ? 8 ਸਾਲਾਂ ਦੇ ਬਾਅਦ ਤਾਂ ਇਨਕਮ ਟੈਕਸ ਵੀ ਮੁਆਫ ਹੋ ਜਾਂਦਾ ਹੈ। (ਹਾਸਾ)

चौधरी बलबीर सिंह : अगर किसी श्रेणी के साथ कोई डिस्क्रिमीनेशन हो गई हो और बाद में सरकार महसूस करे कि यह गलत बात हुई है, तो क्या उस को ठीक करने के लिए सरकार सोच विचार करेगी ?

ਮੰਤਰੀ : ਅਗਰ ਸਾਰੇ ਹਾਊਸ ਦੀ ਮਰਜ਼ੀ ਹੋਵੇ ਤਾਂ ਮੈਂ ਇਸ ਕਮਿਸ਼ਨ ਨੂੰ ਹਾਊਸ ਵਿਚ ਦੁਬਾਰਾ ਰੱਖਣ ਲਈ ਤਿਆਰ ਹਾਂ।

ਕਾਮਰੇਡ ਬਾਬੂ ਸਿੰਘ ਮਾਸਟਰ : ਇਸ ਰੀਪਰੀਜ਼ੈਂਟੇਸ਼ਨ ਵਿਚ ਤਾ ਇਹ ਵੀ ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜਿਹੜੀ ਅਸੀਂ ਸ਼ਤਾਬਦੀ ਮਨਾ ਰਹੇ ਹਾਂ, ਜਿਹੜੇ ਸਾਡੇ ਏਰੀਅਰਜ਼ ਹਨ ਉਹ ਉਧਰ ਐਡਜਸਟ ਕੀਤੇ ਜਾਣ ਅਤੇ ਸਾਨੂੰ ਰੈਵੇਨਿਊ ਦੇ ਪਟਵਾਰੀਆਂ ਦੇ ਬਰਾਬਰ ਪੇ ਦਿਤੀ ਜਾਵੇ। ਕੀ ਇਹ ਇਸ ਬਾਰੇ ਦੱਸਣਗੇ ?

(ਕੋਈ ਜਵਾਬ ਨਹੀਂ ਆਇਆ।)

Development of Roads falling in 'A' Class Municipal Committees.

*1200. **Chaudhri Ram Singh :** Will the Minister for Irrigation and Power be pleased to state whether Government propose to undertake any project for the development of roads falling in Class 'A' Municipal Committees in the State as was done in Amritsar ?

Sardar Sohan Singh Bassi : Yes, depending upon the availability of funds.

[ਹਾਂ ਜੀ, ਇਹ ਫੰਡਜ਼ (Funds) ਦੀ ਪਰਾਪਤੀ ਤੇ ਨਿਰਭਰ ਹੈ।]

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਨੂੰ ਇਹ ਪਤਾ ਹੈ ਕਿ ਪਠਾਨਕਟ ਸ਼ਹਿਰ ਇਕ ਬੜਾ ਅਹਿਮ ਸ਼ਹਿਰ ਹੈ ਔਰ ਉਥੇ ਇਕ ਏ. ਪੀ. ਕੇ. ਰੋਡ ਹੈ ਜਿਹੜੀ ਕਿ ਸਰਕਾਰ ਦੀ ਰੋਡ ਹੈ, ਕੀ ਉਸ ਨੂੰ ਇਸ ਪਰੋਜੈਕਟ ਦੇ ਤਹਿਤ ਲਿਆਉਣਗੇ ?

ਮੰਤਰੀ : ਸਪੀਕਰ ਸਾਹਿਬ, ਹਾਲੀਂ ਤਾਂ ਕੋਈ ਪਰੋਗਰਾਮ ਨਹੀਂ ਹੈ। ਇਹ ਅਸੀਂ ਦੇਖ ਲਵਾਂਗੇ।

ਡਾਕਟਰ ਅਮੀਰ ਸਿੰਘ ਲਕਟ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕਈ ਜਗ੍ਹਾ ਤੇ ਪੀ. ਡਬਲਿਯੂ. ਡੀ. ਦੀਆਂ ਸੜਕਾਂ ਮਿਊਨਿਸਪਲ ਲਿਮਿਟ ਵਿਚੋਂ ਲੰਘਦੀਆਂ ਹਨ ਖਾਸ ਤੌਰ ਤੇ ਟਾਂਡਾ ਵਿਚ, ਉਹ ਕਦੋਂ ਤਕ ਠੀਕ ਕਰਨ ਦਾ ਯਤਨ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਸੜਕਾਂ ਮਿਊਨਿਸਪਲ ਏਰੀਆ ਵਿਚ ਲੰਘਦੀਆਂ ਹਨ ਉਨ੍ਹਾਂ ਨੂੰ ਮੇਨਟੇਨ ਕਰਨਾ ਵਿਦਇਨ ਦੀ ਮਿਊਨਿਸਪਲ ਲਿਮਿਟ, ਮਿਊਨਿਸਪਲ ਕਮੇਟੀ ਦਾ ਕੰਮ ਹੈ।

ਸਰਦਾਰ ਸਰੂਪ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਕਿਹਾ ਹੈ ਕਿ ਜਿਹੜੀਆਂ ਸੜਕਾਂ ਮਿਉਨਿਸਪਲ ਏਰੀਆ ਵਿਚ ਹਨ ਉਨ੍ਹਾਂ ਦੀ ਮੇਨਟੀਨੈਂਸ ਮਿਉਨਿਸਪਲ ਕਮੇਟੀ ਕਰੇਗੀ। ਜੀ. ਟੀ. ਰੋਡਜ਼ ਨੂੰ ਛਡ ਕੇ ਦੂਸਰਿਆਂ ਰੋਡਜ਼ ਵਾਸਤੇ ਮਿਊਨਸਪੈਲਟੀ ਨੇ 20 ਵਾਰੀ ਲਿਖਿਆ ਹੈ, ਕੀ ਇਹ ਉਨ੍ਹਾਂ ਨੂੰ ਇਜ਼ਾਜ਼ਤ ਦੇ ਦੇਣਗੇ ?

ਮੰਤਰੀ : ਜਿਥੇ ਜਿਥੇ ਇਹ ਮਿਊਂਸਪਲ ਲਿਮਿਟ ਵਿਚ ਇਹ ਕਰਨਾ ਚਾਹੁੰਦੀ ਹੈ, they are welcome to do this work.

ਸਰਦਾਰ ਨਰਿੰਦਰ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੀਆਂ 'ਬੀ' ਐਂਰ 'ਸੀ' ਕਲਾਸ ਦੀਆਂ ਮਿਊਂਸਪਲ ਕਮੇਟੀਆਂ ਹਨ ਜਿਨ੍ਹਾਂ ਦੀ ਪੋਜ਼ੀਸ਼ਨ ਸਾਊਂਡ ਨਹੀਂ ਐਂਰ ਰੋਡਜ਼ ਨੂੰ ਮੇਨਟੇਨ ਨਹੀਂ ਕਰ ਸਕਦੀਆਂ, ਕੀ ਉਥੇ ਪੀ. ਡਬਲਿਯੂ. ਡੀ. ਕੋਈ ਸਹਾਇਤਾ ਦੇਵੇਗੀ ?

ਸ੍ਰੀ ਸਪੀਕਰ : ਸਵਾਲ ਤਾਂ ਇਹ 'ਏ' ਕਲਾਸ ਮਿਊਂਸਪਲ ਕਮੇਟੀਜ਼ ਦਾ ਹੈ। (The question relates to 'A' class Municipal Committees.)

ਮੰਤਰੀ : ਇਸ ਕੰਮ ਦੇ ਲਈ ਫੋਰਥ ਪਲਾਨ ਵਿਚ ਪੰਜ ਲੱਖ ਰੁਪਿਆ ਰੱਖਿਆ ਹੈ। ਪੰਜ ਲੱਖ ਰੁਪਏ ਦੇ ਨਾਲ ਜਿਥੇ ਜਿਥੇ ਰੋਡਜ਼ ਰਿਪੇਅਰ ਹੋ ਸਕਦੀਆਂ ਹਨ, ਉਹ ਕਰਾਂਗੇ। (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮਿਊਂਸਪਲ ਕਮੇਟੀ ਦੇ ਹਦੂਦ ਵਿਚ ਜਿਹੜੀਆਂ ਪੀ. ਡਬਲਿਯੂ. ਡੀ. ਦੀਆਂ ਰੋਡਜ਼ ਹਨ ਉਹਨਾਂ ਦੀ ਮੇਨਟੀਨੈਂਸ ਮਿਊਂਸਪਲ ਕਮੇਟੀ ਦੇ ਜ਼ਿਮੇ ਹੈ। ਇਨ੍ਹਾਂ ਨੇ ਇਕ ਰੌਂਗ ਇਨਫਾਰਮੇਸ਼ਨ ਦਿਤੀ ਹੈ। ਕੀ ਇਹ ਆਪਣੇ ਦਫ਼ਤਰ ਨੂੰ ਕਨਸਲਟ ਕਰਕੇ ਸਹੀ ਇਨਫ਼ਰਮੇਸ਼ਨ ਦੇਣਗੇ ਕਿ ਉਨ੍ਹਾਂ ਸੜਕਾਂ ਦਾ ਕੰਮ ਕਿਉਂ ਨਹੀਂ ਹੁੰਦਾ ਰਿਹਾ ? ਜੇ ਗਲਤ-ਫਹਿਮੀ ਵਿਚ ਨਹੀਂ ਹੁੰਦਾ ਰਿਹਾ ਤਾਂ ਉਸ ਨੂੰ ਹੁਣ ਸਹੀ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜੋ ਇਨਫਾਰਮੇਸ਼ਨ ਮੈਂ ਦਿਤੀ ਹੈ ਉਹ ਮੈਂ ਕੋਸ਼ਿਸ਼ ਕੀਤੀ ਹੈ ਕਿ ਠੀਕ ਦੇਵਾਂ। (ਵਿਘਨ)

Merger of Consolidation Staff in the Revenue Department.

*1594. **Chaudhri Balbir Singh** : Will the Minister for Revenue and Rehabilitation be pleased to state—

(a) whether it is a fact that Government have decided to reserve with effect from 3rd April, 1961 all the posts in the Revenue Department for the employees working in the Consolidation of Holdings Department ;

(b) if the reply to part (a) above be in the affirmative the action taken by the authorities for the amendment of rules for the appointment of patwaris, Kanungos, A. C. Os, C. Os. and other staff of the Department as Patwaris, Kanungos, Naib-Tehsildars, Tehsildars etc. respectively in the Revenue Department ;

(c) if the rules have not been amended up to this period, the name of the official (s) responsible for the delay ;

(d) the action taken against the defaulters for not implementing the Government's decision for such a long period ;

(e) the time by which the retrenchment in the Consolidation Department is being effected.

(f) whether it is a fact that reduction in the said department is to be effected in the year 1971 ; if so, the scheme ; if any, formulated by the Government to absorb the consolidation staff, well in advance, who have put in several years service in the Consolidation Department ?

Sardar Atma Singh :

(a) Government had decided in 1961 to reserve 100% vacancies in Revenue Department for absorption of Consolidation staff, but the decision was quashed by the High Court in two writ petitions.

(b) In view of the observations made by the High Court the Service Rules of Patwaris, Kanungos, Naib-Tehsildars and Tehsildars are being amended in a way to make provision for the absorption of Consolidation staff in the Revenue Department.

(c) The amendment of rules, being a lengthy and cumbersome process, as such there is no delay on the part of any official.

(d) In view of the reply given at 'c' above, question does not arise.

(e) On 1-3-1971.

(f) Yes ; the absorption scheme will be formulated after the service rules have been amended.

[(ੳ) ਸਰਕਾਰ ਨੇ ਸਾਲ 1961 ਵਿਚ ਫ਼ੈਸਲਾ ਕੀਤਾ ਸੀ ਕਿ 100% ਖਾਲੀ ਪੋਸਟਾਂ ਮਾਲ ਵਿਭਾਗ ਵਿਚ ਚੱਕਬੰਦੀ ਸਟਾਫ ਨੂੰ ਖਪਤ ਕਰਨ ਲਈ ਰਾਖਵੀਆਂ ਰਖੀਆਂ ਜਾਣ, ਪਰ ਹਾਈ ਕੋਰਟ ਨੇ ਦੋ ਰਿਟ ਅਰਜ਼ੀਆਂ ਵਿਚ ਇਸ ਫੈਸਲੇ ਨੂੰ ਰਦ ਕਰ ਦਿੱਤਾ ਹੈ ।

(ਅ) ਹਾਈ ਕੋਰਟ ਦੀ ਪ੍ਰੇਖਣਾ ਦੇ ਅਨੁਸਾਰ ਪਟਵਾਰੀਆਂ, ਕਾਨੂੰਨਗੋਆਂ, ਨਾਇਬ-ਤਹਿਸੀਲਦਾਰਾਂ ਅਤੇ ਤਹਿਸੀਲਦਾਰਾਂ ਦੇ ਰੂਲਾਂ ਵਿਚ ਇਸ ਪ੍ਰਕਾਰ ਦੀ ਸੋਧ ਕੀਤੀ ਜਾ ਰਹੀ ਹੈ ਜਿਸ ਨਾਲ ਚੱਕਬੰਦੀ ਦੇ ਸਟਾਫ਼ ਨੂੰ ਮਾਲ ਵਿਭਾਗ ਵਿਚ ਖਪਤ ਕੀਤਾ ਜਾ ਸਕੇ ।

[Minister for Revenue and Rehabilitation]

(ੲ) ਰੂਲਾਂ ਦੀ ਸੋਧ ਦਾ ਕੰਮ ਲੰਬਾ ਅਤੇ ਕਠਿਨ ਹੋਣ ਕਾਰਨ, ਕਿਸੇ ਤੇ ਵੀ ਦੇਰੀ ਕਰਨ ਦਾ ਜ਼ੁਮਾ ਨਹੀਂ ਲਾਇਆ ਜਾ ਸਕਦਾ ।

(ਸ) ਉਪਰ 'ੲ' ਦੇ ਉਤਰ ਅਨੁਸਾਰ ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

(ਹ) 1-3-71 ਨੂੰ ।

(ਕ) ਹਾਂ ਜੀ, ਖਪਤ ਕਰਨ ਸਬੰਧੀ ਸਕੀਮ ਉਸ ਵੇਲੇ ਬਣਾਈ ਜਾਵੇਗੀ ਜਦੋਂ ਸਰਵਿਸ ਰੂਲਾਂ ਵਿਚ ਸੋਧ ਹੋ ਜਾਵੇਗੀ ।]

चौधरी बलबीर सिंह : क्या मिनिस्टर साहिब बतायेंगे कि हाई कोर्ट का फैसला किस डेट को हुआ था और हाई कोर्ट के फैसले के बाद इन को ऐब्जार्ब करने के लिए सरकार ने कोई रुल बनायें हैं ? (विघन)

ਮੰਤਰੀ : ਸਪੀਕਰ ਸਾਹਿਬ, 1966 ਵਿਚ ਹਾਈ ਕੋਰਟ ਵਿਚ ਰਿਟ ਦਾਇਰ ਹੋਈ ਸੀ । (ਵਿਘਨ) ਰੂਲਾਂ ਦੇ ਵਿਚ ਸੋਧ ਦਾ ਕੰਮ ਲੰਮਾ ਅਤੇ ਕਠਨ ਹੈ । ਰੂਲਾਂ ਵਿਚ ਸੋਧ ਕਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਮੁੱਖ ਸਕਤਰ, ਮੁੱਖ ਲੇਖਾਕਾਰ ਅਤੇ ਵਿੱਤ ਵਿਭਾਗ ਦੀ ਪਰਵਾਨਗੀ ਲੈਣੀ ਪੈਂਦੀ ਹੈ। ਉਸ ਦੇ ਬਾਦ ਖਰੜਾ ਕਾਨੂੰਨੀ ਮਸ਼ੀਰ ਤੋਂ ਸਿਧਵਾ ਕੇ ਮੰਤਰੀ ਮੰਡਲ ਦੀ ਪਰਵਾਨਗੀ ਲਈ ਜਾਂਦੀ ਹੈ । ਇਸ ਵੇਲੇ ਪੋਜ਼ੀਸ਼ਨ ਇਹ ਹੈ ਕਿ ਰੂਲਾਂ ਦੀ ਸੋਧ ਬਾਰੇ ਕੇਸ ਵਿਚ ਲੋਕ ਸੇਵਾ ਕਮਿਸ਼ਨ, ਮੁੱਖ ਸਕੱਤਰ, ਮੁੱਖ ਲੇਖਾਕਾਰ ਦੀ ਪਰਵਾਨਗੀ ਲਈ ਹੈ ਅਤੇ ਸਰਕਾਰ ਦਾ ਹੁਕਮ ਲੈ ਕੇ ਖਰੜਾ ਕਾਨੂੰਨੀ ਮਸ਼ੀਰ ਨੂੰ ਸੋਧਣ ਲਈ ਭੇਜ ਦਿਤਾ ਹੈ । ਕਾਨੂੰਨੀ ਮਸ਼ੀਰ ਨੇ ਇਕ ਵਾਰ ਕੁਝ ਇਤਰਾਜ਼ ਕਰਕੇ ਕੇਸ ਮੋੜ ਦਿਤਾ ਹੈ ਅਤੇ ਉਸ ਇਤਰਾਜ਼ ਦਾ ਉਤਰ ਦੇ ਕੇ ਕੇਸ ਮੁੜ ਕਾਨੂੰਨੀ ਮਸ਼ੀਰ ਨੂੰ ਭੇਜਿਆ ਜਾ ਚੁਕਾ ਹੈ। ਖਰੜੇ ਦੀ ਸੋਧ ਮਗਰੋਂ ਮੰਤਰੀ ਮੰਡਲ ਦੀ ਪਰਵਾਨਗੀ ਲੈ ਕੇ ਰੂਲਾਂ ਨੂੰ ਨੋਟੀਫਾਈ ਕੀਤਾ ਜਾਵੇਗਾ । ਇਸ ਤੋਂ ਬਾਦ ਨਵੀਂ ਚਿਠੀ ਜਾਰੀ ਕਰਕੇ ਚੱਕਬੰਦੀ ਦੇ ਸਟਾਫ ਲਈ ਮਾਲ ਵਿਭਾਗ ਦੀਆਂ ਸਾਰੀਆਂ ਪੋਸਟਾਂ ਰਿਜ਼ਰਵ ਕਰ ਲਈਆਂ ਜਾਣਗੀਆਂ ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਪਿਛੇ ਜਿਹੇ ਚੀਫ ਸੈਕਟਰੀ ਸਾਹਿਬ ਨੇ ਡੀ. ਸੀਜ਼ ਨੂੰ ਇਕ ਚਿਠੀ ਲਿਖੀ ਸੀ ਕਿ ਕਨਸਾਲੀਡੇਸ਼ਨ ਦੇ ਰੀਟਰੈਂਚਡ ਸਟਾਫ ਨੂੰ ਰੈਵੇਨਿਊ ਦੇ ਥਲੇ ਐਡਜਸਟ ਕੀਤਾ ਜਾਏ । ਉਸ ਦੇ ਉਤੇ ਕੋਈ ਅਮਲ ਹੋਇਆ ?

ਮੰਤਰੀ : ਇਹ ਤਾਂ ਸੁਆਲ ਇਸ ਵਿਚੋਂ ਪੈਦਾ ਹੀ ਨਹੀਂ ਹੁੰਦਾ ।

ਸਰਦਾਰ ਉਮਰਾਓ ਸਿੰਘ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿੰਨੇ ਦਿਨਾਂ ਤਕ ਚਕਬੰਦੀ ਦਾ ਕੰਮ ਖ਼ਤਮ ਕਰਨ ਦਾ ਵਿਚਾਰ ਇਨ੍ਹਾਂ ਦਾ ਹੈ ?

ਮੰਤਰੀ : ਮੈਂ ਪਹਿਲਾਂ ਜਵਾਬ ਵਿਚ ਦਸ ਦਿਤਾ ਹੈ 1-3-71 ਤਕ।

ਡਾਕਟਰ ਅਮੀਰ ਸਿੰਘ ਕਲਕੱਟ : ਸਪੀਕਰ ਸਾਹਿਬ ਪਾਰਟ 'ਸੀ' ਵਿਚ ਜਵਾਬ ਦਿਤਾ ਹੈ ਕਿ ਕੋਈ ਅਫ਼ਸਰ ਜ਼ਿਮੇਂਦਾਰ ਨਹੀਂ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਆਪਣੀ ਤਸੱਲੀ ਵੀ ਕੀਤੀ ਸੀ ਜਾਂ ਜਿਸ ਤਰ੍ਹਾਂ ਹੇਠੋਂ ਉਤਰ ਆ ਗਿਆ ਉਸੇ ਤਰ੍ਹਾਂ ਹੀ ਕਹਿ ਦਿਤਾ ਹੈ।

ਮੰਤਰੀ : ਮੈਂ ਤਸੱਲੀ ਕਰਕੇ ਹੀ ਕਿਹਾ ਹੈ।

चौधरी बलबीर सिंह : अध्यक्ष महोदय मं यह पूछना चाहता हूं मन्त्री साहिब से कि इनका फंसला 1969 में हुआ था लेकिन कोर्ट ने फैसला 1966 में दिया। इन पांच सालों मे कोई स्कीम न बनाने के लिये कौन जिम्मेदार है ?

ਮੰਤਰੀ : ਮੈਂ ਪਹਿਲਾਂ ਜਵਾਬ ਦੇ ਚੁਕਾ ਹਾਂ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਕਿਉਂ ਗੜ੍ਹੇ ਮੁਰਦੇ ਉਖੇੜਦੇ ਹੋ। (Let by gones be by gones.)

चौधरी बलबीर सिंह : अध्यक्ष महोदय, लोगों को बड़ी मुश्किल हो जाती है। पांच साल तक कोई कार्यवाही नहीं की। अब हाई कोर्ट के फैसले की आड़ लेकर सारा काम रोक दिया (विघन)

ਚੌਧਰੀ ਤੁਲਸੀ ਰਾਮ ਚੌਹਾਨ : ਕੀ ਮੰਤਰੀ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਅਗਰ 1-3-71 ਤਕ ਕੰਨਸਾਲੀਡੇਸ਼ਨ ਦਾ ਕੰਮ ਖ਼ਤਮ ਨਾ ਹੋਇਆ, ਕਿਉਂਕਿ ਜ਼ਿਲਾ ਹੁਸ਼ਿਆਰਪੁਰ ਦੀ ਤਹਿਸੀਲ ਬਲਾਚੌਰ ਦੇ ਅਜੇ 52 ਪਿੰਡ ਰਹਿ ਗਏ ਹਨ ਤਾਂ ਇਹ ਕੀ ਕਰਨਗੇ ?

ਮੰਤਰੀ : ਥੋੜਾ ਜਿਹਾ ਸਟਾਫ਼ ਰਖ ਕੇ ਕੰਮ ਪੂਰਾ ਕਰ ਲਵਾਂਗੇ।

ਡਾਕਟਰ ਅਮੀਰ ਸਿੰਘ ਕੰਲਕਟ : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਬਾਲ ਦੀ ਖਾਲ ਉਤਾਰਦੇ ਹੋ, ਮੈਂ ਕਹਿੰਦਾ ਹਾਂ ਕਿ ਜੇਕਰ ਬਾਲ ਦੀ ਖਾਲ ਨਾ ਉਤਾਰੀ ਜਾਏ ਤਾਂ ਇਹ ਕੁਐਸਚਨ ਆਵਰ ਕਿਸ ਤਰ੍ਹਾਂ ਇਫ਼ੈਕਟਿਵ ਹੋ ਸਕਦਾ ਹੈ ?

ਸ੍ਰੀ ਸ਼ਪੀਕਰ : ਮੈਂ ਬਾਲ ਦੀ ਖਾਲ ਨਹੀਂ ਕਿਹਾ ਮੈਂ ਕਿਹਾ ਸੀ ਕਿ ਦਬੇ ਮੁਰਦੇ ਨਾ ਉਖਾੜੋ। (I had not said that there should be no hair splitting; what I had said was " let by gones be by gones."

TREATING PART OF D. A. OF GOVERNMENT EMPLOYEES AS DEARNESS PAY

*1193. **Comrade Satya Pal Dang :** Will the Minister for Finance be pleased to state—

(a) whether in November, 1969 or thereabout, the Government took a decision to treat a part of the D. A. paid

[Comrade Satya Pal Dang]

to the State Government employees as Dearness Pay ; if so, the details of the said decision ;

(b) whether this decision affected adversely any section of the employees ; if so, to what extent together with the categories of the employees involved ;

(c) whether the Government received any representation from the Employees Organisations in this connection ;

(d) whether the Chief Minister received any letter from any legislator in the first or second week of December, 1969 in this connection ; if so, the action, if any taken thereon ?

Sardar Balwant Singh : (a) Yes. Details of the decision are, contained in the Government letter, dated 18th November 1969, a copy of which is laid on the table of the House.

(b) Yes. It adversely affected a few hundred employees stationed at Chandigarh in the pay range of Rs. 273--370 to the extent of Rs. 0.87 Paise to Rs. 46.25 Paise at different pay stages.

(c) Yes.

(d) Yes. The points raised are under consideration.

[(ੳ) ਹਾਂ ਜੀ, ਫੈਸਲੇ ਦਾ ਵਿਵਰਣ ਪੰਜਾਬ ਸਰਕਾਰ ਦੇ ਪੱਤਰ, ਮਿਤੀ 18-11-1969 ਵਿਚ ਦਿੱਤਾ ਹੋਇਆ ਹੈ, ਜਿਸਦੀ ਨਕਲ ਸਭਾ (ਸਦਨ) ਦੇ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਹਾਂ ਜੀ, ਇਸ ਫੈਸਲੇ ਨਾਲ ਚੰਡੀਗੜ੍ਹ ਵਿਚ ਰਹਿਣ ਵਾਲੇ ਕੁਝ ਸੈਂਕੜੇ ਕਰਮਚਾਰੀਆਂ ਤੇ ਜਿਨ੍ਹਾਂ ਦੀ ਤਨਖਾਹ 273 ਰੁ. ਤੋਂ ਲੈਕੇ 370 ਰੁ. ਤਕ ਹੈ 87 ਪੈਸੇ ਤੋਂ ਲੈਕੇ 46 ਰੁ.–25 ਪੈਸੇ ਵੱਖ ਵੱਖ ਸਟੇਜਾਂ ਤੇ ਉਲਟ ਅਸਰ ਪਿਆ ।

(ੲ) ਹਾਂ ਜੀ

(ਸ) ਹਾਂ ਜੀ, ਉਠਾਏ ਗਏ ਨੁਕਤੇ ਵਿਚਾਰ ਅਧੀਨ ਹਨ ।]

No. 7558-(3)FR-69-25550

From

THE COMMISSIONER FOR FINANCE AND
Secretary to Government, Punjab, Finance Department.

To

ALL HEADS OF DEPARTMENTS, REGISTRAR, PUNJAB AND HARYANA HIGH COURT, COMMISSIONERS OF DIVISIONS, DISTRICT AND SESSIONS JUDGES AND DEPUTY COMMISSIONERS IN THE PUNJAB

Dated Chandigarh, the 18th November, 1969

Finance

Regulations

Subject :— Treatment of a portion of Dearness Allowance as Dearness Pay.

Sir,

I am directed to say that the Punjab Govenment have had under consideration the question of treating a portion of Dearness Allowance as 'Pay' for certain purposes. The Governor of Punjab has now been pleased to decide that, in modification of the existing rules and orders the amount of Dearness Allowance indicated in para 2 below shall be treated as Dearness Pay, for the purposes and to the extent specified hereinafter, in respect of Punjab Government employees in the various pay groups up to a pay of Rs. 999, with marginal adjustment upto Rs. 1, 119.

2. While there will be no change in the scales of pay attached to the various posts and the basis on which the Dearness Allowance is calculated, out of the Dearness Allowance admissible, the following amounts shall be treated as "Dearness Pay" in relation to pay in the different ranges specified below :—

Pay Range	*Amount of Dearness Pay* Rs,
Below Rs. 110	47
Rs. 110 and above but below Rs. 150	70
Rs. 150 and above but below Rs. 210	90
Rs. 210 and above but below Rs. 400	110
Rs. 400 and above but upto 999	120
Above Rs. 999	Amount by which pay falls short of Rs. 1.119

[Minister for Finance]

Pensions and Gratuities

3. The Dearness Pay shall count as "emoluments" for pension and gratuity and for this purpose the emoluments as reckoned under rule 6 19 (C) of Punjab Civil Services Rules, Volume II read with rule 2.44 (a) (iii) of Punjab Civil Services Rules, Volume I, Part I, shall be increased by the Dearness Pay appropriate to the Pay equal to such emoluments for working out pension, gratuity/death-cum-retirement gratuity, family pension and extraordinary pension.

4. However, persons who are eligible for the benefits under para 3 above, will not be entitled to the *ad hoc* increase in pension sanctioned in Punjab Government Circular Letter No. 8:0[illegible]-6FRI-64/7668, dated the 13th August, 1964. If however the pension admissible without taking into account the dearness pay *plus* the *ad hoc* increase in pension is more favourable than the benefits laid down in this letter, the person concerned may be granted the former. The dearness pay will be taken into acccount for the purpose of death-cum-retirement gratuity only if it is taken into account for calculating the pension. The pe sicn and gratuity should be worked out in both the manners, viz, without dearness pay benefit *plus ad hoc* increase in small pensions, and with the dearness pay benefit, and then the employee concernd may be allowed an option to make a choice between the two.

This concession will take effect from 1st December, 1968 and the pensions, gratuities, etc, of persons retiring or expiring on or after that date may be calculated on the above basis.

Contributory Provident Fund and General Provident Fund

5. For the purpose of calculating the amount of subscriptions by Government employees and Government contributions to the Contributory Provident Fund and Genral Provident Fund, as the case may be, the dearness pay, appropriate to the pay, on which these contributions are based, shall be treated as part of such pay. For this purpose these orders will have effect from the 1st August, 1969, provided however, that where the Government employees concerned desire to pay the arrears of subscriptions from 1st December, 1968, the concession will have effect from that date.

Compensatory Allowance including House-rent Allowance

6. The dearness pay will also be treated as pay for the following purpose :—

(a) Allowances granted to compensate for expenses incidental to service in remote localities like Nurpur Bedi Block of Rupar District, Hajipur Block of Hoshiarpur District and Dhar Kalan Block of Gurdaspur District ;

(b) Compensatory Allowance ;

(c) Non-Practising Allowance.

(d) House-rent Allowance granted in lieu of rent-free Accommodation ; and

(e) House-rent Allowance.

This will take effect from 1st August, 1969. The following method shall be adopted for the calculation of non-practising allowance :-

(i) First determine the amount of Dearness Allowance as at present admissible on pay *plus* existing Non-Practising Allowance.

(ii) Out of the amount admissible as Dearness Allowance at present determine the dearness pay in accordance with the orders contained in para 2 of this letter.

(iii) Next determine the revised Non-Practising Allowance on the basis of pay plus Dearness Pay as arrived at in (ii) above.

(iv) Next determine the final Dearness Pay on the basis of pay plus revised Non-Parctising Allowance (ceiling being enforced when applicable). The difference between the amount of D.A. at present and the final Dearness Pay, if any, will be Dearness Allowance.


(ii) Their appointments are purely temporary and their services are terminable without assigning reasons and without any notice ;

(iii) For conducting civil cases only, they will be paid two third of the prescribed fee ;

(iv) If on any particular day, they have no criminal case to conduct in the High Court, fees payable to them in civil cases will be reduced by the amount of their salaries for that day ;

(v) In the matter of leave and travelling allowances, they will be governed by Punjab Civil Services Rules ; and

(vi) They will be entitled to House Rent/Dearness Allowance sanctioned by Government from time to time.

Shri Dhanraj Singh, Assistant Advocate General.

Shri Dhanraj Singh, District Attorney Grade (I) on his appointment as temporary Assistant Advocate General, Punjab in the scale of Rs. 1,300—50—1600 is entitled to usual allowances attached to the post.

Advisory Committees for Punjab Roadways.

*1199. **Chaudhri Ram Singh** : Will the Chief Minister be pleased to state whether there is any proposal under the consideration of the Government to form Advisory Committees at the Depots of Punjab Road-

[Chaudhri Ram Singh]

ways consisting of employees, local persons and officials in order to improve the utility of transport services ?

Sardar Gurnam Singh : No sir. (ਤਾੜੀਆਂ ਜੀ ।)

FOURTH REPORT OF THE BUSINESS ADVISORY COMMITTEE

Mr. Speaker : I have to report the time table of the Punjab Vidhan Sabha fixed by the Business Advisory Committee as contained in its Fourth Report. The report reads as under :—

The Committee, after some discussion, recommended that the business on the 30th and 31st March, 1970 be transacted as under :—

BUSINESS	DATE.
1. The Punjab Special Powers (Press) Amendment Bill, 1970. 2. The Punjab Urban Immovable Property Tax (Amendment) Bill. 1970. 3. The Punjab Entertainments Duty (Amendment) Bill, 1970. 4. The Punjab Entertainments Tax (Cinematograph Show) Amendment Bill, 1970.	Monday the 30th March, 1970.
1. The Punjab Legislative Assembly (Allowances of Members) Amendment Bill, 1970, 2. Discussion of the Reports of the Committee of Privileges regarding. (i) the hand-cuffing of Comrade Kulwant Singh, M.L.A. (ii) the pressure exerted on Sardar Bachan Singh Pakho, M.L.A., to leave the Congrese Party. (Notwithstanding rule 283) 3. Motion regarding discussion of the Annual Report on the working of the Punjab Public Service Commission for the year 1967-68 given notices of by-	Thursday, the 31st March, 1970.

(1) Comrade Satya Pal Dang,
Comrade Dana Ram, and
Comrade Babu Singh.

(2) Sardar Umrao Singh, and

(3) Shri Gian Chand Kharbanda,
Shri Gurdial Saini.

4. Motion regarding Repeal of Punjab Public Service Commission (Limitation of Functions) Regulations (two notifications)- given notice of by sardar Umrao Singh

The business, if any, left over on the 31st March, 1970 will be taken up on the following day.

Minister for Industries (Shri Balram Dass Tandon) : Sir, I beg to move-

> That this House agrees with the recommendations contained in the Fourth Report of the Busines Advisory Committee.

Mr. Speaker : Motion moved –

> That this House agrees with the recommendations contained in the Fourth Report of the Business Advisory Committee.

चौधरी बलबीर सिंह : अध्यक्ष महोदय, इस हाउस में, जितनी बार भी बिज़नैस ऐडवाइज़री कमेटी की रिपोर्टस पेश हुई है, हर बार इस तरह का तरीका इखत्यार किया जाता है कि जिन बातों पर मैंबरज़ को बहस के लिये वक्त मिलना चाहिये वह दिया नहीं जाता । आप इस से ही अंदाजा लगा लें कि अभी 4 बिल्ज़ पास होने हैं और दो रिपोर्टस पर बहस होनी है । इस के इलावा और भी काफी बिज़नैस है । इनके लिये सारे ही तीन दिन हैं । दूसरे सैशन जो होते हैं उनमें तो वक्त कम होता है ; जब बजट सैशन मे आप टाइम् नहीं देंगे तो फिर कब देंगे । इस तरह से हेस्टी लैजिसलेशन लाने के कोई अच्छे नतीजे नहीं निकल सकते । हमें हर बात सोच समझ कर करनी चाहिये अगर दो दिन ज्यादा भी लग जायें तो इस से कोई अंधेर नहीं आ जायेगा । मैं इस लिये आप से यही इल्तिजा करुंगा कि यह जो हेस्टी लैजिसलेशन लाने का तरीका है, यह बंद होना चाहिये और हाउस के मैंबरान को पूरा वक्त मिलना चाहिये ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਜਿਹੜੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਸਾਨੂੰ ਪੜ੍ਹ ਕੇ ਸੁਣਾਈ ਗਈ ਹੈ ਇਹ ਪਹਿਲਾਂ ਸਾਨੂੰ ਮਿਲਣੀ ਚਾਹੀਦੀ ਸੀ। ਮੈਂ ਵੀ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦਾ ਮੈਂਬਰ ਹਾਂ ਜਦੋਂ ਇਸ Sharp action ਦਾ ਫੈਸਲਾ ਹੋਇਆ ਮੈਂ ਉਥੇ ਨਹੀਂ ਸੀ। ਇਹ ਸਾਡੇ ਆਪਣੇ ਰਿਕਾਰਡ ਦੀ ਚੀਜ਼ ਹੈ, ਇਹ ਰਿਪੋਰਟ ਸਾਨੂੰ ਮਿਲਣੀ ਚਾਹੀਦੀ ਸੀ।

ਸ਼੍ਰੀ ਸਪੀਕਰ : ਜਦ ਤਕ ਇਹ ਹਾਊਸ ਦੇ ਵਿਚ ਪੇਸ਼ ਨਾ ਹੋਵੇ ਇਹ ਭੇਜੀ ਨਹੀਂ ਜਾ ਸਕਦੀ । (It cannot be supplied to the Members until it is placed before the House).

ਕਾਮਰੇਡ ਸੱਤਪਾਲ ਡਾਂਗ : ਮੈਂ ਇਹੋ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਆਬਜੈਕਟਿਵ ਦੇ ਲਈ ਕੋਈ ਬਿਲ ਆਵੇ ਸਾਡਾ ਫਰਜ਼ ਹੈ ਕਿ ਉਸ ਬਾਰੇ ਅਸੀਂ ਹਰ ਪਹਿਲੂ ਤੋਂ ਸੋਚੀਏ ਕਿ ਆਇਆ ਜੋ ਕੁਝ ਵੀ ਪ੍ਰੋਵਾਈਡਿਡ ਹੈ ਉਹ ਠੀਕ ਵੀ ਹੈ ਜਾਂ ਨਹੀਂ । ਇਸ ਦੇ ਹਰ ਪਹਿਲੂ ਤੇ ਸੋਚਣ ਲਈ ਪੂਰਾ ਟਾਈਮ ਮਿਲਣਾ ਚਾਹੀਦਾ ਸੀ। ਉਸੇ ਵੇਲੇ ਜੇ ਇਹ ਗਲ ਕਲੀਅਰ ਕਰ ਦਿੱਤੀ ਜਾਂਦੀ ਤਾਂ ਅਸੀਂ ਕਹਿ ਦਿੰਦੇ ਕਿ ਅਸੀਂ ਮੰਨਣ ਨੂੰ ਤਿਆਰ ਨਹੀਂ। ਅਸੀਂ ਕਿਹਾ ਸੀ ਕਿ ਇਸ ਦੇ ਲਈ ਸਾਨੂੰ ਤਿੰਨ ਦਿਨ ਦਿੱਤੇ ਜਾਣ। ਸਰਦਾਰ ਉਮਰਾਓ ਸਿੰਘ ਜੋ ਬਤੌਰ ਸਪੈਸ਼ਲ ਇਨਵਾਈਟੀ ਦੇ ਉਥੇ ਮੌਜੂਦ ਸਨ , ਇਨ੍ਹਾਂ ਨੇ ਕਲੀਅਰਲੀ ਕਿਹਾ ਸੀ ਕਿ ਜੇ ਇਸ ਦੇ ਲਈ ਦੋ-ਤਿੰਨ ਦਿਨ ਜਾਂ ਹੋਰ ਜਿਤਨੇ ਵੀ ਦਿਨ ਲਗਣ, ਦਿੱਤੇ ਜਾਣ.........

ਸ਼੍ਰੀ ਸਪੀਕਰ : ਇਹਦੇ ਵਿਚ ਕੀ ਹੈ, ਜੇ ਹੋਰ ਵਕਤ ਚਾਹੀਦਾ ਹੋਵੇਗਾ ਤਾਂ ਬਿਜ਼ਨੈਸ ਅਗਲੇ ਦਿਨ ਤੇ ਚਲਾ ਜਾਵੇਗਾ । (The business can be transacted on the following day if it is not completed within the time allotted for the purpose. There is nothing to worry.

ਸਰਦਾਰ ਉਮਰਾਓ ਸਿੰਘ : ਮੈਂ ਇਹ ਗਲ ਪੁਛਣਾ ਚਾਹੁੰਦਾ ਹਾਂ ਕਿ ਜੇ ਯੂਨਾਨੀਮਸਲੀ ਸਾਰਾ ਹਾਊਸ ਵਕਤ ਨੂੰ ਐਕਸਟੈਂਡ ਕਰਨ ਲਈ ਐਗਰੀ ਕਰਦਾ ਹੈ ਤਾਂ ਤੁਸੀਂ ਐਗਰੀ ਕਰੋਗੇ ਜਾਂ ਨਹੀਂ ? ਡੈਮੋਕਰੇਸੀ ਵਿਚ ਮੇਜਾਰਟੀ ਨਾਲ ਹੀ ਸਾਰਾ ਕੁਝ ਹੁਦਾ ਹੈ। ਤੁਸੀਂ.........

Mr. Speaker : It is not in the sphere of the Business Advisory Committee to............

ਸਰਦਾਰ ਉਮਰਾਓ ਸਿੰਘ : ਹਾਊਸ ਦੀ ਸੈਂਸ ਇਹ ਹੈ ਕਿ ਇਹ ਬਿਜ਼ਨੈਸ ਤਿੰਨ ਦਿਨ ਵਿਚ ਖਤਮ ਹੋਣਾ ਚਾਹੀਦਾ ਹੈ। ਸੈਸ਼ਨ ਇਕ ਦਿਨ ਹੋਰ ਐਕਸਟੈਂਡ ਹੋਣਾ ਚਾਹੀਦਾ ਹੈ।

ਚੌਧਰੀ ਬਲਬੀਰ ਸਿੰਘ ; ਆਨ ਏ ਪੁਆਇੰਟ ਆਫ਼ ਆਰਡਰਸਰ। ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾ ਕਿ ਜਿਹੜੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਹਨ ਅਤੇ

ਅੰਦਰ ਫੈਸਲਾ ਕਰਵਾ ਕੇ ਆਏ ਹਨ, ਕੀ ਉਹ ਇਥੇ ਵੀ ਬੋਲ ਸਕਦੇ ਹਨ ਜਾਂ ਇਥੇ ਬਾਕੀ ਮੈਂਬਰਾਂ ਨੂੰ ਬੋਲਣ ਦਾ ਹੱਕ ਮਿਲਣਾ ਚਾਹੀਦਾ ਹੈ ?

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਪੱਛਮ) : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਰਿਪੋਰਟ ਤੁਸੀਂ ਹੁਣੇ ਹਾਊਸ ਦੇ ਵਿਚ ਪੜ੍ਹੀ ਹੈ, ਇਹ ਮੈਂਬਰਾਂ ਨੂੰ ਕਲ ਮਿਲ ਜਾਣੀ ਚਾਹੀਦੀ ਸੀ ਤਾਂਕਿ ਉਨ੍ਹਾਂ ਨੂੰ ਸਮਝ ਪੈ ਗਈ ਹੁੰਦੀ ਕਿ ਕਿਹੜਾ ਬਿਲ ਕਿਤਨਾ ਵਕਤ ਲਏਗਾ। ਕਿਹੜਾ ਬਿਲ ਕਿਤਨਾ ਮਹੱਤਵ ਪੂਰਨ ਹੈ। ਇਹ ਕੋਈ ਫਿਲਮ ਦੀ ਸ਼ੋਇਰੀ ਤਾਂ ਨਹੀਂ ਕਿ ਕਾਫੀਆ ਮਿਸਰਾ ਰਖ ਦਿਤਾ ਅਤੇ ਕਿਹਾ ਕਿ ਤਰਹਾ ਲਗਾ ਦਿਓ। ਇਹ ਰਿਪੋਰਟ ਕਲ ਹੀ ਸਰਕੂਲੇਟ ਹੋ ਜਾਣੀ ਚਾਹੀਦੀ ਸੀ।

ਸ਼੍ਰੀ ਸਪੀਕਰ : ਪਰ ਇਹ ਰਿਪੋਰਟ ਤਾਂ ਹਾਊਸ ਵਿਚ ਪ੍ਰੈਜ਼ੈਂਟ ਕਰਨ ਤੋਂ ਬਾਦ ਹੀ ਮੈਂਬਰਾਂ ਨੂੰ ਅਵੇਲੇਬਲ ਹੋ ਸਕਦੀ ਹੈ। (But this report can be made available to the hon. Members only after it has been presented in the House.)

ਸਰਦਾਰ ਕਿਰਪਾਲ ਸਿੰਘ : ਤਾਂ ਫਿਰ ਅਜ ਮੰਜ਼ੂਰੀ ਨਾ ਲਓ। ਕਲ ਨੂੰ ਹਾਊਸ ਤੋਂ ਮੰਜ਼ੂਰੀ ਲੈ ਲੈਣਾ।

(Interruptions in the House).

Mr. Speaker : Question is—

That this House agrees with the recommendations contained in the Fourth Report (Interruptions) of the Business Advisory Committee.

After ascertaining the votes of the Members by voices Mr. Speaker said 'I think the Ayes have it'. This opinion was challenged and division was claimed. Mr. Speaker after calling upon those Members who were for 'Aye' and those who were for 'No'. respectively, to rise in their places and on a count having been taken, declared that the motion was carried.

The motion was declared carried.

ਸ਼੍ਰੀ ਸਪੀਕਰ : ਮੈਂ ਸਮਝਦਾ ਹਾਂ ਉਥੇ ਇਕ ਘੰਟਾ ਬਹਿਸ ਹੁੰਦੀ ਰਹੀ ਅਤੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੇ ਆਪਣੀਆਂ ਸਾਰੀਆਂ ਗਲਾਂ ਮੰਨਵਾ ਲਈਆਂ ਪਰ ਫਿਰ ਵੀ ਇਥੇ ਇਸ ਤਰ੍ਹਾਂ ਜੋ ਕੀਤਾ ਗਿਆ ਹੈ ਇਹ ਚੰਗੀ ਗਲ ਨਹੀਂ ਹੈ। (I think the discussion in the Business Advisory Committee lasted for about one hour and all the demands of the Members of the Opposition were conceded. So, whatever they have said here in the House is not fair, (Interruption).

ਕੈਪਟਨ ਰਤਨ ਸਿੰਘ : ਅਪੋਜ਼ੀਨ ਦਾ ਤੁਹਾਡਾ ਕੀ ਮਤਲਬ ਹੈ ਜੀ। ਅਸੀਂ ਤਾਂ ਰਿਪੋਰਟ ਨੂੰ ਸਪੋਰਟ ਕੀਤਾ ਹੈ।

Mr. Speaker: My observation was with due apologies to the Legislature Congress Party.

PERSONAL EXPLANATION

ਕਾਮਰੇਡ ਸੱਤਪਾਲ ਡਾਂਗ : ਆਨ ਏ ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਤੁਹਾਨੂੰ ਪਤਾ ਹੈ ਕਿ ਮੀਟਿੰਗ ਦੇ ਵਿਚ ਘੰਟਾ ਡੇਢ ਘੰਟਾ ਇਸ ਗਲ ਤੇ ਝਗੜਾ ਹੁੰਦਾ ਰਿਹਾ। ਮੈਂ ਇਹ ਇਲਜ਼ਾਮ ਲਾਇਆ ਸੀ ਕਿ ਰੂਲਿੰਗ ਪਾਰਟੀ ਫ਼ੈਸਲਾ ਨਹੀਂ ਕਰਵਾਉਣਾ ਚਾਹੁੰਦੀ। ਫਿਰ ਮੈਂ ਉਠ ਕੇ ਆ ਗਿਆ ਸੀ। ਫਿਰ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ ਆਪੋਜ਼ੀਸ਼ਨ ਦੇ ਮੈਂਬਰ ਉਥੇ ਮੰਨ ਕੇ ਆਏ ਸੀ ?

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਇਕ ਗਲਤ ਫਹਿਮੀ ਦੂਰ ਕਰ ਦੇਵਾਂ ਕਿ ਇਹ ਠੀਕ ਹੈ ਕਿ ਸਾਡਾ ਸਟੈਂਡ ਇਹ ਸੀ ਕਿ 3 ਦਿਨ ਮਿਲਣੇ ਚਾਹੀਦੇ ਹਨ ਪਰ ਗੌਰਮਿੰਟ ਦੋ ਦਿਨ ਮੰਨਦੀ ਸੀ। ਫਿਰ ਡਾਂਗ ਸਾਹਿਬ ਉਥੋਂ ਉਠ ਆਏ ਤੇ ਕਹਿ ਆਏ ਕਿ ਜੋ ਵੀ ਕੈਪਟਨ ਸਾਹਿਬ ਮੰਨ ਲੈਣਗੇ ਮੈਨੂੰ ਮਨਜ਼ੂਰ ਹੋਵੇਗਾ। ਅਸੀਂ ਉਸ ਵਿਚ ਇਹ ਮੰਨਿਆ ਹੈ ਕਿ ਜੇ ਲੋੜ ਪਈ ਤਾਂ ਇਕ ਦਿਨ ਹੋਰ ਸੈਸ਼ਨ ਵਧਾਇਆ ਜਾਵੇਗਾ।

ਸ਼੍ਰੀ ਸਪੀਕਰ : ਇਹ ਤੇ ਤੁਹਾਡਾ ਪ੍ਰਿਵਿਲਜ ਹੈ। (That is the hon. Members privilege.)

ਕੈਪਟਨ ਰਤਨ ਸਿੰਘ : ਇਹ ਪ੍ਰਿਵਿਲਜ ਦੀ ਗਲ ਨਹੀਂ ਹੈ। ਇਹ ਰਿਪੋਰਟ ਦੇ ਵਿਚ ਲਿਖਿਆ ਹੋਇਆ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਡਾਂਗ ਸਾਹਿਬ ਨੇ ਮਿਸ-ਅੰਡਰਸਟੈਂਡ ਕੀਤਾ ਹੈ। ਟਾਈਮ ਜੇ ਲੋੜ ਪਈ ਤਾਂ ਐਕਸਟੈਂਡ ਕੀਤਾ ਜਾ ਸਕਦਾ ਹੈ।

DEMANDS FOR GRANTS

Mr. Speaker: There are six Demands for Grants on the Order Paper which are to be discussed and voted by the House to-day. If the hon. Members will agree, all these Demands will be moved and discussed together.

Voices: Yes, Yes.

Chief Minister: Sir, I beg to move—

Demand No. 3. That a sum not exceeding Rs. 7,70,020 be granted to the Governor to defray the charges that will come in course of payment for the year 1970-71 in respect of 11-Taxes on Vehicles.

Demand No. 32. That a sum not exceeding Rs. 7,46,30,740 be granted to the Governor to defray the charges that will come

in course of payment for the year 1970-71 in respect of 57-Road and Water Transport Schemes.

Demand No. 47 That a sum not exceeding Rs. 97,55,000 be granted to the Governor to defray the charges that will come in course of payment for the year 1970-71 in respect of 114-Capital Outlay on Road and Water Transport Schemes.

Demand No. 2 That a sum not exceeding Rs. 56,94,900 be granted to the Governor to defray the charges that will come in course of payment for the year 1970-71 in respect of 10-State Excise Duties.

Demand No. 4 That a sum not exceeding Rs. 49,46,500 be granted to the Governor to defray the charges that will come in course of payment for the year 1970-71 in respect of 12-Sales Tax.

Demand No. 5 That a sum not exceeding Rs. 32,89,800 be granted to the Governor to defray the charges that will come in course of payment for the year 1970-71 in respect of 13-Other Taxes and Duties.

Mr. Speaker: Motions moved—

Demand No. 3. That a sum not exceeding Rs. 7,70,020 be granted to the Governor to defray the charges that will come in course of payment for the year 1970–71 in respect of 11-Taxes on Vehicles.

Demand No. 32 That a sum not exceeding Rs. 7,46,30, 740 be granted to the Governor to defray the charges that will come in course of payment for the year 1970–71 in respect of 57—Road and Water Transport Schemes.

Demand No. 47 That a sum not exceeding Rs. 97,55,000 be granted to the Governor to defray the charges that will come in course of payment for the year 1970-71 in respect of 114-Capital Outlay on Road and Water Transport Schemes.

Demand No. 2 That a sum not exceeding Rs. 56, 94, 900 be granted to the Governor to defray the charges that will come in course of payment for the year 1970—71 in respect of 10-State Excise Duties.

Demand No. 4 That a sum not exceeding Rs. 49, 46, 500 be granted to the Governor to defray the charges that will come in course of payment for the year 1970—71 in respect of 12-Sales Tax.

[Mr. Speaker]

Demand No. 5 That a sum not exceeding Rs. 32,89,800 be granted to the Governor to defray the charges that will come in course of payment for the year 1970-71 in respect of 13-Other Taxes and Duties.

There are some notices of cut-motions to these Demands. These will be deemed to have been read and moved and can be discussed alongwith the Demands. The hon. Members, while speaking, may indicate the Demand No. on which they would like to raise discussion. At the end I shall put cut-motions and Demands, one by one, to the vote of the House.

DEMAND NO. 3.

1. **Shri Gian Chand Kharbanda :**
That the demand be reduced by Re. 1/-.

DEMAND NO. 32.

1. **Comrade Satya Pal Dang :**
2. **Comrade Babu Singh :**

That the demand be reduced by Re. 1/-.

3. **Shri Gian Chand Kharbanda :**

That the demand be reduced by Re. 1/-.

DEMAND NO. 47

1. **Shri Gian Chand Kharbanda :**

That the demand be reduced by Re. 1/-.

DEMAND NO. 2.

1. **Shri Gian Chand Kharbanda :**

That the demand be reduced by Re. 1/-.

DEMAND NO. 4

1. **Comrade Satya Pal Dang :**

That the demand be reduced by Rs. 10/-.

2. **Chaudhri Balbir Singh :**

That the demand be reduced by Re. 1/-.

3. **Shri Gian Chand Kharbanda :**

That the demand be reduced by Re. 1/-.

DEMAND NO. 5.

1. **Shri Gian Chand Kharbanda :**

That the demand be reduced by Re. 1/-.

ਸ਼੍ਰੀ ਗਿਆਨ ਚੰਦ ਖਰਬੰਦਾ (ਅੰਮ੍ਰਿਤਸਰ ਪੂਰਬੀ) : ਮੈਂ ਡਿਮਾਂਡਜ਼ ਨੰਬਰ 4, 5, 32, 47,3 ਔਰ 2 ਤੇ ਬੋਲਣ ਲਈ ਖੜਾ ਹੋਇਆ ਹਾਂ। ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾ ਸੇਲਜ਼ ਟਕਸ ਬਾਰੇ ਬੋਲਾਂਗਾ। ਇਸ ਸਿਲਸਿਲੇ ਜਿਸ ਤਰੀਕੇ ਨਾਲ ਇਥੇ ਧਾਂਧਲੀ ਮਚਾਈ ਹੋਈ ਹੈ ਉਸ ਨੂੰ ਦੇਖ ਕੇ ਮੈਂ ਇਹ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਇਥੇ ਵਡੇ ਵਡੇ ਜ਼ਿਮੀਦਾਰਾਂ ਦੀ ਹਕੂਮਤ ਹੈ। ਇਥੇ ਵਡੇ ਵਡੇ ਇੰਡਸਟ੍ਰੀਲਿਸਟਸ ਦਾ, ਵਡੇ ਵਡੇ ਵਪਾਰੀਆਂ ਦਾ ਖਿਆਲ ਰਖਿਆ ਜਾਂਦਾ ਹੈ। ਇਹੀ ਹਕੂਮਤ ਅਜ ਜਦੋਂ ਕਿ ਭਾਰਤ ਸਰਕਾਰ ਨੇ ਵੈਲਥ ਟੈਕਸ ਲਗਾਇਆ ਹੈ ਵਡੇ ਜ਼ਿਮੀਂਦਾਰਾਂ ਤੇ, ਤਾਂ ਉਸ ਦੇ ਮਗਰ ਲਠ ਲਈ ਫਿਰਦੀ ਹੈ। ਇਹ ਇਥੇ ਦੀ ਸਰਕਾਰ ਕਹਿੰਦੀ ਹੈ ਕਿ ਇਹ ਵੈਲਥ ਟੈਕਸ ਵਸੂਲ ਕਰਨ ਵਾਸਤੇ ਸਰਕਾਰੀ ਮਸ਼ੀਨਰੀ ਇਸਤੇਮਾਲ ਨਹੀਂ ਕੀਤੀ ਜਾਵੇਗੀ। ਇਸ ਸਿਲਸਿਲੇ ਵਿਚ ਚੀਫ ਮਨਿਸਟਰ ਸਾਹਿਬ ਡਿਕਲੇਅਰ ਕਰਦੇ ਹਨ (ਵਿਘਨ) ਇਹ ਸੋਨੇ ਦੇਣ ਵਾਲੀ ਮੁਰਗੀ ਨੂੰ ਜ਼ਬਾ ਕਰਨਾ ਚਾਹੁੰਦੇ ਹਨ। ਇਹ ਚਾਹੁੰਦੇ ਹਨ ਕਿ ਪੰਜਾਬ ਤਬਾਹ ਹੋਵੇ ਅਤੇ ਵਪਾਰੀ ਉਜੜਨ। ਇਸ ਤਰ੍ਹਾਂ ਨਾਲ ਧਾਂਧਲੀ ਮਚੀ ਹੋਈ ਹੈ। ਨਤੀਜੇ ਦੇ ਤੌਰ ਤੇ ਪੰਜਾਬ ਦਾ ਵਪਾਰੀ ਸੇਲਜ਼ ਟੈਕਸ ਦੇ ਹਥੋਂ ਦੁਖੀ ਹੈ। ਇਕ ਪਾਸੇ ਇਹ ਸਰਕਾਰ ਕਹਿੰਦੀ ਹੈ ਕਿ ਪੰਜਾਬ ਤੋਂ ਬਾਹਰ ਜਿਹੜੇ ਇੰਡਟ੍ਰੀਲਿਸਟ ਰਹਿੰਦੇ ਹਨ ਉਹ ਪੰਜਾਬ ਵਿਚ ਆ ਕੇ ਵਸਣ, ਆਪਣਾ ਕਾਰੋਬਾਰ ਇਥੇ ਲਗਾਉਣ। ਦੂਜੇ ਪਾਸੇ ਸੇਲਜ਼ ਟੈਕਸ ਦਾ ਢੰਗ ਇਸ ਤਰੀਕੇ ਦਾ ਕੀਤਾ ਜਾ ਰਿਹਾ ਹੈ ਕਿ ਇਥੇ ਦੀ ਇੰਡਸਟਰੀ ਜਾਂ ਵਪਾਰੀ ਇਸ ਨੂੰ ਬਰਦਾਸ਼ਤ ਨਾ ਕਰ ਸਕਣ। ਦਿਲੀ ਔਰ ਹਰਿਆਣਾ ਵਿਚ ਇਥੇ ਨਾਲੋਂ ਸੇਲਜ਼ ਟੈਕਸ ਵਿਚ ਫਰਕ ਹੈ। ਇਹ ਹੈ ਇਨ੍ਹਾਂ ਦੀ ਪਾਲੇਸੀ। (ਵਿਘਨ) ਇਥੇ ਵਪਾਰੀਆਂ ਦੀ ਮੰਗ ਹੈ ਕਿ ਸੇਲਜ਼ ਟੈਕਸ ਨੂੰ ਦਿਲੀ ਔਰ ਹਰਿਆਣਾ ਦੇ ਬਰਾਬਰ ਕੀਤਾ ਜਾਵੇ। ਸਾਡੀ ਗੌਰਮਿੰਟ ਇਕ ਪਾਸੇ ਦਿਲੀ ਸਰਕਾਰ ਨਾਲ ਟਕੱਰ ਲੈਣ ਵਾਸਤੇ ਤਿਆਰ ਹੁੰਦੀ ਹੈ ਲੇਕਿਨ ਵਪਾਰੀਆਂ ਦੇ ਇਸ ਸਿਲਸਿਲੇ ਵਿਚ ਇਹ ਕਹਿੰਦੀ ਹੈ ਕਿ ਦਿਲੀ ਦੀ ਰੀਜਨਲ ਕੌਂਸਲ (ਸ਼ਮਾਲੀ) ਬਣੀ ਹੋਈ ਹੈ, ਉਹਦੇ ਵਿਚ ਕਿਹਾ ਗਿਆ ਹੈ ਕਿ ਦਿਲੀ ਨੇ ਵੀ ਵਧਾ ਦੇਣਾ ਹੈ। ਇਸ ਕਰਕੇ ਇਹ ਜੋ ਪੰਜਾਬ ਵਿਚ ਹੁਣ ਵਧ ਟੈਕਸ ਲਗਿਆ ਹੋਇਆ ਹੈ ਇਸ ਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ। ਮੈਂ ਹੈਰਾਨ ਹਾਂ ਕਿ ਜਦ ਇਹ ਟੈਕਸ ਦਿਲੀ ਵਿਚ ਘਟ ਹੈ, ਹਰਿਆਣਾ ਵਿਚ ਘਟ ਹੈ ਤਾਂ ਇਥੇ ਇਹ ਜ਼ਿਆਦਾ ਕਿਉਂ ਹੈ। ਇਥੇ ਦਾ ਸੇਲਜ਼ ਟੈਕਸ ਦਾ ਮਹਿਕਮਾ ਰੁਪਿਆ ਵਸੂਲ ਕਰਨ ਵਿਚ ਮਸਰੂਫ ਹੈ। ਹੋਰ ਦੇਖੋ। ਇਕ ਨੰਬਰਦਾਰ ਹੈ, ਉਸਨੇ ਮਾਲੀਆ ਦੇਣਾ ਹੈ। ਉਸ ਨੂੰ ਤਾਂ ਇਜ਼ਤ ਮਿਲਦੀ ਹੈ ਪਰ ਦੂਜੇ ਪਾਸੇ ਵਪਾਰੀ ਹੈ ਜਿਸ ਨੇ ਟੈਕਸ ਦੇਣਾ ਹੈ ਕਰੋੜਾਂ ਰੁਪਏ ਦਾ, ਉਸ ਦੀਆਂ ਜਦੋਂ ਪੇਸ਼ੀਆਂ ਹੁੰਦੀਆ ਹਨ ਤਾਂ ਉਸ ਨਾਲ ਉਥੇ ਗੰਦਾ ਸਲੂਕ ਕੀਤਾ ਜਾਂਦਾ ਹੈ।

(ਇਸ ਵੇਲੇ ਡਿਪਟੀ ਸਪੀਕਰ ਸਾਹਿਬ ਕੁਰਸੀ ਤੇ ਬੈਠੇ)

ਇਥੇ ਇਕ ਟੈਕਸੇਸ਼ਨ ਇਨਕੁਆਇਰੀ ਕਮੇਟੀ ਬਣੀ ਹੋਈ ਹੈ, ਜਿਸ ਦੇ ਚੇਅਰਮੈਨ ਡਾਕਟਰ ਬਲਦੇਵ ਪ੍ਰਕਾਸ਼ ਹਨ। ਉਸ ਕਮੇਟੀ ਦੀ ਇਕ ਅੰਤਿਮ ਰਿਪੋਰਟ ਆ ਚੁਕੀ ਹੈ। ਇਸ ਕਮੇਟੀ ਦੇ ਪ੍ਰਧਾਨ ਜਨਸੰਘ ਦੇ ਪ੍ਰਧਾਨ ਹਨ, ਇਨ੍ਹਾਂ ਨੇ ਟੈਕਸ ਲਗਾਉਣ ਬਾਰੇ ਤਾਂ ਆਪਣੀ ਰਿਪੋਰਟ ਭੇਜ ਦਿਤੀ ਹੈ ਲੇਕਿਨ ਜਿਹੜੀ ਚੀਜ਼ ਸਾਨੂੰ ਚਾਹੀਦੀ ਹੈ, ਉਹ ਰਿਪੋਰਟ ਦਾ ਹਿਸਾ ਹਾਲੇ ਤਕ ਪੈਂਡਿੰਗ ਰਖਿਆ ਹੋਇਆ ਹੈ। ਇਸ ਸਬੰਧੀ ਮੇਰੇ ਸਵਾਲ ਦੇ ਜਵਾਬ ਵਿਚ ਇਥੇ ਕਿਹਾ ਗਿਆ ਸੀ ਕਿ ਹਾਲੇ ਇੰਤਜ਼ਾਰ ਕਰੋ ਇਸ ਰਿਪੋਰਟ ਦਾ।

[ਸ਼੍ਰੀ ਗਿਆਨ ਚੰਦ ਖਰਬੰਦਾ]

ਸੇਲਜ਼ ਟੈਕਸ ਦੇ ਮੁਤਲਕ ਮੈਂ ਅਰਜ਼ ਕਰਾਂ ਕਿ ਇਨ੍ਹਾਂ ਨੇ ਐਨੀ ਧਾਂਧਲੀ ਮਚਾਈ ਹੋਈ ਹੈ ਕਿ ਇਨ੍ਹਾਂ ਨੇ ਜਾਣ ਕੇ ਮਹਿਕਮੇ ਨੂੰ ਦੋ ਹਿਸਿਆਂ ਵਿਚ ਡਿਵਾਈਡ ਕਰ ਦਿਤਾ ਹੈ। ਇਨਸਪੈਕਟਰਾਂ ਦੀ ਕੁਰੱਪਸ਼ਨ ਦਾ ਰਾਸਤਾ ਖੋਲ ਦਿਤਾ ਹੈ । ਜਿਸ ਤਰ੍ਹਾਂ ਕਿ ਨਿਟਿੰਗ ਵੂਲ ਵਾਸਤੇ ਜਿਹੜੀ ਇਹ ਵੂਲ ਗਰੀਬਾਂ ਦੇ ਕੰਮ ਆਉਂਦੀ ਹੈ ਉਹਦਾ ਟੈਕਸ ਵਧਾ ਕੇ 6% ਕਰ ਦਿਤਾ ਹੈ ਅਤੇ ਜਿਹੜੀ ਅਮੀਰਾਂ ਵਾਸਤੇ ਕੰਮ ਆਉਂਦੀ ਹੈ ਉਹਦਾ ਟੈਕਸ 3% ਹੈ। ਇਨ੍ਹਾਂ ਦੋਵਾਂ ਵੂਲਾ ਵਿਚ ਤਕਰੀਬਨ ਕੋਈ ਫਰਕ ਨਹੀਂ ਹੈ (ਵਿਘਨ) ਨਮੂਨੇ ਮੇਰੇ ਪਾਸ ਹਨ । ਇਹ ਸਿਰਫ ਕੁਰੱਪਸ਼ਨ ਦਾ ਸਾਧਨ ਪੈਦਾ ਕੀਤਾ ਗਿਆ ਹੈ। ਇਸ ਨਾਲ ਇਨਸਪੈਕਟਰਾਂ ਨੂੰ ਪਾਵਰਜ਼ ਦੇ ਦਿਤੀਆਂ ਗਈਆਂ ਹਨ ਕਿ ਜਿਹੜੇ ਵਪਾਰੀ ਉਨ੍ਹਾਂ ਨਾਲ ਚਲਣ ਉਨ੍ਹਾਂ ਤੋਂ 3% ਟੈਕਸ ਲੈ ਲਿਆ ਜਾਵੇ ਅਤੇ ਜਿਹੜੇ ਉਨ੍ਹਾਂ ਨਾਲ ਨਾ ਚਲਣ ਉਨ੍ਹਾਂ ਤੋਂ 6% ਲਿਆ ਜਾਵੇ।

ਫਿਰ ਸੂਤੀ ਧਾਗਾ ਹੈ। ਇਹ ਸੂਤੀ ਯਾਰਨ ਅਤੇ ਸੂਤੀ ਥਰੈਡ ਦੋ ਕਿਸਮ ਦੇ ਕਰ ਦਿਤੇ ਹਨ। ਇਸ ਤੇ ਦਿਲੀ ਵਿਚ ਕੋਈ ਟੈਕਸ ਨਹੀਂ ਹੈ। ਹਰਿਆਣਾ ਵਿਚ 1% ਹੈ ਅਤੇ ਪੰਜਾਬ ਵਿਚ 6% ਹੈ। ਹਾਲਾਂ ਕਿ ਭਾਰਤ ਸਰਕਾਰ ਨੇ ਇਸ ਨੂੰ ਡਿਕਲੇਅਰ ਗੁਡਜ਼ ਕੀਤਾ ਹੋਇਆ ਹੈ। ਇਸ ਬਾਰੇ ਇਹ ਪਾਲਿਸੀ ਹੈ ਕਿ ਡਿਕਲੇਅਰਡ ਗੁਡਜ਼ ਉਤੇ ਟੈਕਸ 3% ਤੋਂ ਵਧ ਨਹੀਂ ਹੁੰਦਾ ਲੇਕਿਨ ਉਸ ਨੂੰ ਵਧਾ ਕੇ 6% ਕਰ ਦਿਤਾ ਹੈ। ਮੈਂ ਮਨੰਦਾ ਹਾਂ ਕਿ ਹੁਣ ਦੋ ਮਹੀਨੇ ਵਾਸਤੇ ਸਟੇ ਆਰਡਰਜ਼ ਕਰ ਦਿਤੇ ਹਨ। ਪਰ ਪਹਿਲਾਂ ਕਿਉਂ ਨਹੀਂ ਇਨ੍ਹਾਂ ਚੀਜ਼ਾ ਦਾ ਖਿਆਲ ਰਖਿਆ ਜਾਣਾ, ਹੁਣ ਵੀ ਇਹ ਸਟੇ ਆਰਡਰਜ਼ ਆਰਜ਼ੀ ਨਹੀਂ ਰਹਿਣੇ ਚਾਹੀਦੇ। ਅਗਰ ਪੰਜਾਬ ਵਿਚ ਗੋਲੀ ਧਾਗੇ ਦੀ ਸੱਨਅਤ ਨੂੰ ਬਚਾਉਣਾ ਹੈ ਤਾਂ ਇਸ ਦਾ ਇਕੋ ਹੀ ਤਰੀਕਾ ਹੈ ਕਿ ਇਥੇ ਉਹ ਸੇਲਜ਼ ਟੈਕਸ ਲਗਾ ਦਿਤਾ ਜਾਵੇ ਜਿਹੜਾ ਕਿ ਚਾਰ ਸਾਲ ਪਹਿਲਾਂ ਸੀ। ਕਰੋਂ ਸਾਹਿਬ ਵੇਲੇ ਇਹ 1% ਸੀ, ਯੂਨਾਈਟਿਡ ਫਰੰਟ ਵੇਲੇ ਇਹ 3% ਸੀ ਅਤੇ ਮੌਜੂਦਾ ਹਕੂਮਤ ਵੇਲੇ ਇਹ 6% ਹੈ। ਇਸ ਤਰ੍ਹਾਂ ਕਰਨ ਨਾਲ ਅੰਮ੍ਰਿਤਸਰ ਅਤੇ ਲੁਧਿਆਣਾ ਦੀ ਮਾਰਕੀਟਾਂ ਤਬਾਹ ਹੋ ਰਹੀਆਂ ਹਨ। ਇਹ ਟਰੇਡ ਉਥੋਂ ਸ਼ਿਫਟ ਹੋਕੇ ਦਿਲੀ ਜਾ ਰਹੀ ਹੈ ਜਦ ਕਿ ਸਾਨੂੰ ਚਾਹੀਦਾ ਹੈ ਕਿ ਅਸੀਂ ਪੰਜਾਬ ਦੀ ਤਰਕੀ ਕਰੀਏ।

ਟਰੇਡ ਡਿਸਕਾਊਂਟ ਇਕ ਨਵੀਂ ਟਰਮ ਨਿਕਲੀ ਹੈ। ਕੈਸ਼ ਡਿਸਕਾਊਂਟ ਤੇ ਸੇਲਸ ਟੈਕਸ ਨਾ ਲਗਾਇਆ ਜਾਵੇ ਲੇਕਿਨ ਟਰੇਡ ਡਿਸਕਾਊਂਟ ਤੇ ਸੇਲਜ਼ ਟੈਕਸ ਚਾਰਜ ਹੋਵੇਗਾ। ਟਰੇਡ ਡਿਸ-ਕਾਊਂਟ ਜਿਹੜੀਆਂ ਵਡੀਆਂ ਵਡੀਆਂ ਫਰਮਾਂ ਹਨ ਉਨ੍ਹਾਂ ਨੇ ਪਰਾਈਸ ਲਿਸਟਾਂ ਛਪਾਈਆਂ ਹੁੰਦੀਆਂ ਹਨ। ਉਥੇ ਲਿਖਿਆ ਹੁੰਦਾ ਹੈ ਕਿ ਐਨੇ ਪਰਸੈਂਟ ਡਿਸਕਾਊਂਟ ਦਿਆਂਗੇ। ਕੁਝ ਵਪਾਰੀਆਂ ਮਾਲਕਾਂ ਦਾ ਉਥੇ ਮਾਲ ਵਿਕ ਜਾਂਦਾ ਹੈ। ਪਰਚੂਨ ਨੂੰ ਟਰੇਡ ਡਿਸਕਾਊਂਟ ਅਲਾਊਡ ਕਰ ਦਿਤਾ ਹੈ। ਲੇਕਿਨ ਸਾਡੀ ਗੌਰਮਿੰਟ ਨੇ ਮੇਰੀ ਕਾਲ ਅਟੈਨਸ਼ਨ ਦੇ ਜਵਾਬ ਵਿਚ ਫਰਮਾਇਆ ਸੀ ਕਿ ਇਹ ਪਰਮਿਸੇਬਲ ਨਹੀਂ ਹੈ, ਲਾਅ ਦੇ ਮੁਤਾਬਿਕ। ਪਤਾ ਨਹੀਂ ਪੰਜਾਬ ਵਿਚ ਇਹ ਨਵਾਂ ਲਾਅ ਕਿਥੋਂ ਬਣ ਗਿਆ। ਮੇਰੇ ਪਾਸ ਬੰਬੇ ਦੇ ਫਰਮਾਂ ਦੇ 5/6 ਬਿਲ ਹਨ ਉਹਦੇ ਵਿਚ ਇਹ ਡਿਸਕਾਊਂਟ ਅਲਾਊਡ ਹੈ। ਇਹ ਇਕ, ਦੋ, ਤਿੰਨ, ਚਾਰ, ਪੰਜ ਅਤੇ ਛੇ ਬਿਲ ਹਨ। ਲੇਕਿਨ

ਸਾਡੀ ਗੌਰਮਿੰਟ ਕਹਿੰਦੀ ਹੈ "ਨਹੀਂ"। ਜਿਹੜਾ ਪੰਜਾਬ ਇੰਡਸਟਰੀਜ਼ ਫੈਕਟਰੀਜ਼ ਐਸੋਸੀਏਸ਼ਨ ਜਲੰਧਰ ਨੇ ਇਸ ਬਾਰੇ ਅਰਜ਼ੀ ਭੇਜੀ ਹੈ, ਉਸ ਵਿਚ ਸੁਪਰੀਮ ਕੋਰਟ ਅਤੇ ਆਂਧਰਾ ਪਰਦੇਸ਼ ਦਾ ਹਵਾਲਾ ਦਿਤਾ ਹੈ, ਜਿਥੇ ਕਿ ਟਰੇਡ ਡਿਸਕਾਊਂਟ ਐਲਾਊਡ ਹੈ। ਮੈਂ ਅਰਜ਼ ਕਰਾਂਗਾ ਜੇ ਪੰਜਾਬ ਦੇ ਲੋਕਾਂ ਨੂੰ ਬਚਾਉਣਾ ਹੈ, ਇਨ੍ਹਾਂ ਨੂੰ ਦਿਲੀ ਦਾ ਮੁਕਾਬਲਾ ਕਰਨ ਦੇਣਾ ਹੈ, ਤਾਂ ਜਿਹੜੀ ਟਰੇਡ ਡਿਸਕਾਊਂਟ ਤੇ ਪਾਬੰਦੀ ਹੈ, ਉਸ ਨੂੰ ਖਤਮ ਕੀਤਾ ਜਾਵੇ। ਟਰੇਡ ਡਿਸਕਾਊਂਟ ਦੀ ਡੈਫੀਨੀਸ਼ਨ ਨੂੰ ਧਿਆਨ ਵਿਚ ਰਖਿਆ ਜਾਵੇ (ਵਿਘਨ) ਮੈਂ ਸਮਝਦਾ ਹਾਂ ਕਿ ਇਸ ਬੇਇਨਸਾਫੀ ਨੂੰ ਖਤਮ ਕਰਨ ਵਾਸਤੇ ਕਾਰਵਾਈ ਕਰਨੀ ਚਾਹੀਦੀ ਹੈ ਨਹੀਂ ਤਾਂ ਫੇਰ ਇਸ ਸੋਨੇ ਦੀ ਮੁਰਗੀ ਨੂੰ ਜਿਬਾਹ ਕਰਨ ਵਾਲਾ ਕੰਮ ਹੋਵੇਗਾ।

ਹੁਣ ਮੈਂ ਅਨਾਜ ਦੀ ਗੱਲ ਕਰਦਾ ਹਾਂ ਉਸ ਅਨਾਜ ਦੇ ਮੁਤਲੱਕ ਜਿਹੜਾ ਕਿ ਅਸੀਂ ਖਾਣਾ ਹੈ। ਅਨਾਜ ਤੇ ਸਰਕਾਰ ਨੇ 3% ਸੇਲਜ਼ ਟੈਕਸ ਲਗਾ ਦਿਤਾ ਹੈ। ਇਹ ਅਖ਼ਬਾਰਾਂ ਵਿਚ ਵੀ ਆ ਗਿਆ ਹੈ ਕਿ ਅਨਾਜ ਦੀਆਂ ਕੀਮਤਾਂ ਵਧਾ ਦਿਤੀਆਂ ਜਾਣ, ਤਾਕਿ ਗਰੀਬਾਂ ਤੇ ਬੋਝ ਪਾਇਆ ਜਾਵੇ। ਇਨ੍ਹਾਂ ਨੇ 3% ਸੇਲਜ਼ ਟੈਕਸ ਕਰ ਦਿਤਾ ਹੈ। ਇਸੇ ਤਰ੍ਹਾਂ ਮਾਰਕੀਟਿੰਗ ਫੀਸ ਵਧਾ ਦਿਤੀ ਹੈ ਅਤੇ ਇਹ 1% ਕਰ ਦਿਤੀ ਹੈ। ਇਸ ਤੋਂ ਇਲਾਵਾ ਹੋਰ ਵੀ ਖਰਚ ਹਨ। ਇਸ ਦਾ ਮਤਲਬ ਇਹ ਹੋਇਆ ਕਿ ਜਿਸਨੇ ਸੌ ਰੁਪਏ ਦਾ ਅਨਾਜ ਖਰੀਦਣਾ ਹੋਵੇ ਉਸ ਨੂੰ ਸਾਢੇ ਪੰਜ ਰੁਪਏ ਐਕਸਟਰ ਦੇਣੇ ਪੈਂਦੇ ਹਨ। ਇਸ ਤਰ੍ਹਾਂ ਇਹ ਗਰੀਬਾਂ ਨੂੰ ਮਾਰ ਰਹੇ ਹਨ। ਤੁਸੀਂ ਛੋਲੇ ਹੀ ਲੈ ਲਵੋ। ਅੱਗੇ ਤਾਂ ਗਰੀਬ ਇਹ ਸੋਚਦਾ ਸੀ ਕਿ ਚਲੋ ਛੋਲੇ ਚੱਬ ਕੇ ਹੀ ਗੁਜ਼ਾਰਾ ਕਰ ਲਵਾਂਗੇ, ਪਰ ਉਸ ਦਾ ਵੀ 200 ਰੁਪਿਆ ਕੁਇੰਟਲ ਭਾਅ ਕਰ ਦਿਤਾ ਹੈ ਅਤੇ ਇਸ ਤਰ੍ਹਾਂ ਜੇਕਰ ਇਕ ਕੁਇੰਟਲ ਇਹ ਖਰੀਦਣੇ ਹੋਣ ਤਾਂ ਇਸ ਦੇ ਉਤੇ ਵੀ 11 ਰੁਪਏ ਐਕਸਟਰਾ ਲੱਗ ਜਾਣਗੇ। ਇਸ ਤਰ੍ਹਾਂ ਦਾ ਇਹ ਸਰਕਾਰ ਜਨਤਾ ਨਾਲ ਸਲੂਕ ਕਰ ਰਹੀ ਹੈ ਕਿਉਂਕਿ 3 ਰੁਪਏ ਸੇਲਜ਼ ਟੈਕਸ, 1 ਰੁਪਿਆ ਮਾਰਕੀਟਿੰਗ ਫ਼ੀਸ ਅਤੇ ਡੇਢ ਰੁਪਿਆ ਇਸੇ ਤਰ੍ਹਾਂ ਹੋਰ ਫ਼ੀਸ। ਇਸ ਲਈ ਮੈਂ ਸੀ. ਐਮ. ਨੂੰ ਅਤੇ ਗੌਰਮਿੰਟ ਨੂੰ ਬੇਨਤੀ ਕਰਾਂਗਾ ਕਿ ਇਸ ਤੇ ਗੌਰ ਕਰਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੀ ਬੇਇਨਸਾਫੀ ਨੂੰ ਦੂਰ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਤੁਸੀਂ ਢਾਬੇ ਵਾਲਿਆਂ ਨੂੰ ਹੀ ਲੈ ਲਵੋ। ਉਨ੍ਹਾਂ ਤੇ ਸਖਤੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਾਡੇ ਤੇ ਟੈਕਸ ਨਾ ਲਗਾਓ। ਜਦ ਉਨ੍ਹਾਂ ਤੇ ਟੈਕਸ ਹੁੰਦਾ ਸੀ ਤਾਂ ਇਨਸਪੈਕਟਰ ਅਤੇ ਹੋਰ ਇਨ੍ਹਾਂ ਦਾ ਅਮਲਾ ਉਥੋਂ ਹੀ ਰੋਟੀਆਂ ਆਦਿ ਖਾਂਦੇ ਪੀਂਦੇ ਸਨ ਪਰ ਜਦੋਂ ਦੀ ਟੈਕਸ ਮੁਆਫ ਕਰਨ ਦੀ ਗੱਲ ਆਈ ਹੈ ਉਦੋਂ ਤੋਂ ਛੋਟੀਆਂ ਛੋਟੀਆਂ ਰੇਹੜੀਆਂ ਵਾਲਿਆਂ ਨੂੰ ਨੋਟਿਸ ਦੇਣੇ ਸ਼ੁਰੂ ਕਰ ਦਿਤੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਸਾਡੇ ਉਥੇ ਇਕ ਰੇਹੜੀ ਵਾਲਾ ਹੈ, ਜਿਸ ਦੀ ਰੇਹੜੀ ਦਾ ਨਾਮ ਹੈ "ਚਾਚੇ ਦੀ ਰੇਹੜੀ" ਉਸ ਨੂੰ ਹੁਣ ਕਿਹਾ ਗਿਆ ਹੈ ਕਿ ਉਹ ਆਪਣਾ ਹਿਸਾਬ ਕਿਤਾਬ ਦੇਵੇ। ਸੋ ਇਸ ਤਰ੍ਹਾਂ ਦੀਆਂ ਇਹ ਗੱਲਾਂ ਕਰ ਰਹੇ ਹਨ। ਮੈਂ ਸੇਲਜ਼ ਟੈਕਸ ਬਾਰੇ ਦੱਸ ਰਿਹਾ ਹਾਂ, ਮੈਂ ਕਹਿੰਦਾ ਹਾਂ ਕਿ 10 ਹਜ਼ਾਰ ਦੀ ਵਿਕਰੀ ਕਿਸ ਦੀ ਨਹੀਂ ਹੈ? ਜਿਹੜਾ ਵੀ ਕਿਸਾਨ 100 ਰੁਪਏ ਕੁਇੰਟਲ ਅਨਾਜ ਵੇਚਦਾ ਹੈ, ਉਸ ਨੂੰ ਆਮਦਨੀ ਕਾਫੀ ਹੋ ਜਾਂਦੀ ਹੈ। ਇਸ ਲਈ ਮੈਂ

[ਸ਼੍ਰੀ ਗਿਆਨ ਚੰਦ ਖਰਬੰਦਾ]

ਕਹਿੰਦਾ ਹਾਂ ਕਿ ਅਗਰ ਕੁਰਪਸ਼ਨ ਨੂੰ ਦੂਰ ਕਰਨਾ ਹੈ ਅਤੇ ਇਨ੍ਹਾਂ ਇਨਸਪੈਕਟਰਾਂ ਅਤੇ ਸਬ ਇਨਸਪੈਕਟਰਾਂ ਆਦਿ ਤੋਂ ਲੋਕਾਂ ਨੂੰ ਬਚਾਉਣਾ ਹੈ ਅਤੇ ਸਰਕਾਰ ਦੀ ਆਮਦਨ ਵਿਚ ਇਜ਼ਾਫ਼ਾ ਕਰਨਾ ਹੈ ਤਾਂ ਸੇਲਜ਼ ਟੈਕਸ ਦੀ ਐਗਜ਼ੇਂਪਸ਼ਨ 10 ਹਜ਼ਾਰ ਤੋਂ ਵਧਾ ਕੇ 50 ਹਜ਼ਾਰ ਕਰ ਦਿਤੀ ਜਾਵੇ।

ਇਸ ਤੋਂ ਅੱਗੇ ਮੈਂ ਦੱਸਦਾ ਹਾਂ ਕਿ ਜਿਹੜੇ ਸੇਲਜ਼ ਟੈਕਸ ਦੇਣ ਵਾਸਤੇ ਸੇਲਜ਼ ਟੈਕਸ ਦੇ ਦਫ਼ਤਰ ਵਿਚ ਜਾਂਦੇ ਹਨ, ਉਹਨਾਂ ਦੀ ਸਵੇਰ ਦੇ ਗਿਆਂ ਹੋਇਆਂ ਕਿਤੇ ਸ਼ਾਮ ਨੂੰ ਵਾਰੀ ਆਉਂਦੀ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਕਿਉਂ ਨਾ ਅਜਿਹਾ ਕੀਤਾ ਜਾਵੇ ਕਿ ਕੁਝ ਆਦਮੀਆਂ ਨੂੰ ਸਵੇਰੇ 9 ਵਜੇ ਸੱਦ ਲਿਆ ਜਾਵੇ ਅਤੇ ਕਿਸੇ ਨੂੰ ਲੰਚ ਟਾਈਮ ਦੇ ਬਾਅਦ ਸੱਦ ਲਿਆ ਜਾਵੇ। ਇਸ ਤਰ੍ਹਾਂ ਉਨ੍ਹਾਂ ਦਾ ਟਾਈਮ ਵੀ ਬਚ ਜਾਵੇਗਾ। ਇਸ ਤੋਂ ਅੱਗੇ ਮੈਂ ਇਹ ਵੀ ਕਹਿੰਦਾ ਹਾਂ ਕਿ ਸੇਲਜ਼ ਟੈਕਸ ਦੇ ਦਫ਼ਤਰ ਵਿਚ ਉਸ ਵਿਉਪਾਰੀ ਵਾਸਤੇ, ਜਿਹੜਾ ਕਿ ਕੋਈ ਪੈਸਾ ਨਹੀਂ ਲੈਂਦਾ ਉਸ ਦੇ ਬੈਠਣ ਦਾ ਜ਼ਰੂਰ ਇੰਤਜ਼ਾਮ ਹੋਣਾ ਚਾਹੀਦਾ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ 20 ਮਿੰਟ ਦੇਣੇ ਸਨ।

Mr. Deputy Speaker : What I promised was that I will distribute the time evenly between the two speakers.

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਇਕ ਘੰਟਾ 50 ਮਿੰਟ ਟਾਈਮ ਕਿਹਾ ਸੀ। ਇਸ ਲਈ 1/3 ਤਾਂ ਸਾਨੂੰ ਦੇਣਾ ਹੀ ਚਾਹੀਦਾ ਹੈ।

Mr. Deputy Speaker : You are not entitled to 1/3rd time.

ਸ਼੍ਰੀ ਗਿਆਨ ਚੰਦ ਖਰਬੰਦਾ : ਜਨਾਬ, ਮੈਂ ਕਿੰਨਾ ਟਾਈਮ ਹੋਰ ਬੋਲਾਂ, ਮੈਨੂੰ ਦੱਸ ਦਿਓ। ਡਿਪਟੀ ਸਪੀਕਰ ਸਾਹਿਬ, ਮੈਂ ਸੇਲਜ਼ ਟੈਕਸ ਦੇ ਮੁਤੱਲਕ ਅਰਜ਼ ਕਰ ਰਿਹਾ ਸੀ। ਮੈਂ ਕਹਿੰਦਾ ਹਾਂ ਕਿ ਸੇਲਜ਼ ਟੈਕਸ ਦੇ ਮੁਤੱਲਕ ਵਿਉਪਾਰੀਆਂ ਨੂੰ ਡੰਫੀਡੈਂਸ ਵਿਚ ਲੈ ਲਵੋ ਅਤੇ ਜਿਹੜਾ ਉਨ੍ਹਾਂ ਨੂੰ ਸੀ. ਟੀ. ਫ਼ਾਰਮ ਦੇਣਾ ਪੈਂਦਾ ਹੈ, ਉਹ ਨਾ ਲਵੋ।

ਹੁਣ ਮੈਂ ਟਰਾਂਸਪੋਰਟ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਕਿਉਂਕਿ ਟਾਈਮ ਥੋੜਾ ਹੈ ਇਸ ਲਈ ਮੈਂ ਜਲਦੀ ਹੀ ਕਹਿ ਦਿੰਦਾ ਹਾਂ। ਟਰਾਂਸਪੋਰਟ ਦੇ ਸਿਲਸਿਲੇ ਵਿਚ ਮੈਨੂੰ ਇਹ ਸ਼ਿਕਾਇਤ ਹੈ ਕਿ ਇਕ ਪਾਸੇ ਤਾਂ ਪੰਜਾਬ ਸਰਕਾਰ ਕਹਿੰਦੀ ਹੈ ਕਿ ਇਥੇ ਟੂਰਿਸਟ ਜ਼ਿਆਦਾ ਆਉਣ ਅਤੇ ਦੂਜੇ ਪਾਸੇ (ਵਿਘਨ)

चौधरी बलबीर सिंह : प्वांयट आफ आर्डर, सर। अध्यक्ष महोदय, इस वक्त हाउस में कोई मिनिस्टर नहीं है।

Mr. Deputy Speaker : Sardar Satnam Singh Bajwa, Minister of State is sitting in the House.

Chaudhri Balbir Singh : He is not a Cabinet Minister. यह बजट पर बहस हो रही है इस लिए हाउस में मिनिस्टर ज़रूर होना चाहिए। (विघ्न) (शोर)

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਬੜੀ ਕਲੀਅਰ ਰੂਲਿੰਗ ਹੈ ਕਿ ਜਿਸ ਡੀਪਾਰਟਮੈਂਟ ਦੀਆਂ ਡੀਮਾਂਡਜ਼ ਹਾਊਸ ਵਿਚ ਡਿਸਕੱਸ ਹੋ ਰਹੀਆਂ ਹੋਣ ਤਾਂ ਉਸ ਸਮੇਂ ਮਨਿਸਟਰ ਇੰਚਾਰਜ ਹਾਊਸ ਵਿਚ ਹਾਜ਼ਰ ਹੋਣਾ ਜ਼ਰੂਰੀ ਹੈ । (ਵਿਘਨ)

(ਇਸ ਸਮੇਂ ਚੀਫ਼ ਮਨਿਸਟਰ ਹਾਊਸ ਵਿਚ ਆ ਗਏ ।)

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਕੀ ਗੱਲ ਹੈ ?

Mr. Deputy Speaker : The point raised by the hon. Members is that atleast one Cabinet Minister should be present when the Demands are being discussed.

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਵੈਸੇ ਤਾਂ ਮਨਿਸਟਰ ਆਫ਼ ਸਟੇਟ ਵੀ ਹਾਊਸ ਵਿਚ ਹੋਵੇ ਤਾਂ ਕਾਫ਼ੀ ਹੈ । ਕਿਉਂ ਕਿ ਗੌਰਮਿੰਟ ਦੀ ਕੁਲੈਕਟਿਵ ਰਿਸਪਾਂਸੀਬਿਲਟੀ ਹੁੰਦੀ ਹੈ । ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਹਮੇਸ਼ਾ ਹੀ ਹਾਊਸ ਵਿਚ ਬੈਠਾ ਰਹਿੰਦਾ ਹਾਂ, ਮਗਰ ਮੈਨੂੰ ਕੋਈ ਡੈਪੂਟੇਸ਼ਨ ਬਾਹਰ ਮਿਲਣ ਵਾਸਤੇ ਆ ਗਿਆ ਸੀ ਜਿਸ ਕਰਕੇ ਮੈਂ ਉਥੇ ਚਲਾ ਗਿਆ ਸੀ । ਮਨਿਸਟਰ ਆਫ਼ ਸਟੇਟ ਤਾਂ ਹਾਊਸ ਵਿਚ ਬੈਠਾ ਹੀ ਸੀ । ਮਗਰ ਇਹ ਠੀਕ ਹੈ ਕਿ ਜਿਸ ਵੇਲੇ ਡੀਮਾਂਡਜ਼ ਤੇ ਡਿਸਕਸ਼ਨ ਹੋ ਰਹੀ ਹੋਵੇ ਤਾਂ ਮਨਿਸਟਰ ਇੰਚਾਰਜ ਇਥੇ ਹਾਜ਼ਰ ਹੋਣਾ ਚਾਹੀਦਾ ਹੈ । ਮੈਂ ਤਾਂ ਸਰਦਾਰ ਗੁਰਮੀਤ ਸਿਘ ਨੂੰ ਕਹਿ ਗਿਆ ਸੀ ਕਿ ਉਹ ਨੋਟ ਲਈ ਜਾਣ ।

चौधरी बलबीर सिंह : इस सदन में स्पीकर साहिब ने भी एक ऐसा फैसला दिया था जबकि स्टेट मिनिस्टर भी यहां मौजूद थे। स्पीकर साहिब ने कहा था कि जब हाउस में कैबनिट रैंक का मिनिस्टर न बैठा हो तब इस तरह की कार्यवाही नहीं चलेगी ।

Mr. Deputy Speaker : We will have it checked up. I think propriety demands that a Minister of Cabinet rank should be present when the Demands are being discussed.

ਸ੍ਰੀ ਗਿਆਨ ਚੰਦ ਖਰਬੰਦਾ : ਮੈਂ ਕਹਿ ਰਿਹਾ ਸੀ ਕਿ ਜਿਸ ਤਰ੍ਹਾਂ ਹਰਿਆਣੇ ਵਿਚ ਸੇਲਜ਼ ਟੈਕਸ ਤੇ ਗੋਸ਼ਵਾਰੇ ਦੇ ਭੇਜਣ ਦੀ ਇਜਾਜ਼ਤ ਹੈ, ਇਸੇ ਤਰ੍ਹਾਂ ਪੰਜਾਬ ਦੇ ਵਿਚ ਵੀ ਹੋਣਾ ਚਾਹੀਦਾ ਹੈ। ਪੰਜਾਬ ਵਿਚੋਂ ਅਗਰ ਕੋਈ ਮਾਲ ਬਾਹਰ ਭੇਜਿਆ ਜਾਵੇ ਤਾਂ ਉਸ ਤੇ ਸੇਲਜ਼ ਟੈਕਸ ਲੱਗਦਾ ਹੈ ਅਗਰ ਦਿੱਲੀ ਵਗੈਰਾ ਤੋਂ ਮਾਲ ਆਵੇ ਤਾਂ ਉਸ ਤੇ ਨਹੀਂ ਲੱਗਦਾ । ਇਹ ਵੀ ਹੈ ਕਿ ਇਥੇ ਸੇਲਜ਼ ਟੈਕਸ ਜ਼ਿਆਦਾ ਹੈ ਅਤੇ ਹੋਰ ਸੂਬਿਆਂ ਵਿਚ ਇਸ ਨਾਲੋਂ ਘਟ ਹੈ । ਇਸ ਲਈ ਇਹ ਇਕ ਹੀ ਹੋਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਟਰਾਂਸਪੋਰਟ ਵਲ ਆਉਂਦਾ ਹੈ। ਟਰਾਂਸਪੋਰਟ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਾਲੀ ਤਕ ਪੰਜਾਬ ਗੌਰਮਿੰਟ ਇਹ ਫੈਸਲਾ ਨਹੀਂ ਕਰ ਸਕੀ ਕਿ ਬਾਹਰ ਤੋਂ ਆਉਣ ਵਾਲੇ ਲੋਕਾਂ ਨੂੰ ਜਿਨ੍ਹਾਂ ਨੂੰ ਟਾਈਮ ਟੇਬਲ ਆਦਿ ਪੜ੍ਹਨ ਵਿਚ

[ਸ੍ਰੀ ਗਿਆਨ ਚੰਦ ਖਰਬੰਦਾ]

ਔਰ ਸਾਈਨ ਬੋਰਡ ਪੜ੍ਹਨ ਵਿਚ ਦਿਕਤ ਆਉਂਦੀ ਹੈ ਉਹ ਟਾਈਮਟੇਬਲ ਔਰ ਨਾਮ ਵਗੈਰਾ ਹਿੰਦੀ ਵਿਚ ਲਿਖਵਾ ਦਿਤੇ ਜਾਣ। ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਡਿਆਂ ਵਾਸਤੇ ਪੈਸਾ ਰਖਿਆ ਹੈ। ਇਸ ਦੇ ਬਾਰੇ ਮੇਰੀ ਅਰਜ਼ ਹੈ ਕਿ ਉਹੋ ਜਿਹਾ ਅੱਡਾ ਨਾ ਬਣਾਇਆ ਜਾਵੇ ਜਿਸ ਤਰ੍ਹਾਂ ਕਿ ਲੁਧਿਆਣੇ ਵਿਚ ਅੱਡਾ ਬਣਾਇਆ ਹੈ। ਮੈਂ ਸਮਝਦਾ ਹਾਂ ਕਿ ਜਿਸ ਅਫ਼ਸਰ ਨੇ ਅੱਡਾ ਬਣਾਉਣ ਦੀ ਤਜ਼ਵੀਜ਼ ਔਰ ਮਨਜ਼ੂਰੀ ਦਿੱਤੀ ਹੈ ਜੇ ਉਸ ਵਿਚ ਕੋਈ ਪੁਲੀਟੀਕਲ ਗਲ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਉਸ ਅਫ਼ਸਰ ਨੂੰ ਸਿਧਾ ਅੰਮ੍ਰਿਤਸਰ ਦੇ ਮੈਂਟਲ ਹਸਪਤਾਲ ਵਿਚ ਜਾਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੇ ਰਸਤੇ ਵਿਚ ਤਿੰਨ ਫਾਟਕ ਆਉਂਦੇ ਹਨ ਔਰ ਉਨ੍ਹਾਂ ਨੂੰ ਕਰਾਸ ਕਰਨ ਵੇਲੇ ਕਈ ਵਾਰੀ ਅੱਧਾ ਅੱਧਾ ਘੰਟਾ ਇੰਤਜ਼ਾਰ ਕਰਨੀ ਪੈਂਦੀ ਹੈ। ਫਿਰ ਉਸ ਅੱਡੇ ਵਿਚ ਲੋਕਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ ਗਈ, ਕੋਈ ਪੇਸ਼ਾਬ ਕਰਨ ਵਾਸਤੇ ਜਗ੍ਹਾ ਨਹੀਂ ਕੋਈ ਟੱਟੀ ਵਾਸਤੇ ਜਗ੍ਹਾਂ ਨਹੀਂ ਬਣਾਈ ਗਈ ਔਰ ਇਸੇ ਤਰ੍ਹਾਂ ਹੋਰ ਕੋਈ ਸਹੂਲਤ ਲੋਕਾਂ ਨੂੰ ਉਥੇ ਨਹੀਂ ਦਿਤੀ ਗਈ। ਅਗਰ ਮੁੱਖ ਮੰਤਰੀ ਸਾਹਿਬ ਜਾਂ ਕੋਈ ਮਨਿਸਟਰ ਸਾਹਿਬ ਉਥੇ ਟਰੈਵਲ ਕਰਨ ਤਾਂ ਉਨ੍ਹਾਂ ਨੂੰ ਪਤਾ ਲਗੇਗਾ ਕਿ ਲੋਕਾਂ ਨੂੰ ਉਥੇ ਕਿੰਨੀਆਂ ਦਿਕਤਾਂ ਆਉਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਜਲੰਧਰ ਜੋ ਅੱਡਾ ਬਣਨਾ ਹੈ ਉਹ ਲੁਧਿਆਣੇ ਦੇ ਅੱਡੇ ਦਾ ਤਜਰਬਾ ਸਾਹਮਣੇ ਰਖ ਕੇ ਉਹੋ ਜਿਹਾ ਨਹੀਂ ਬਣਾਉਣਾ ਚਾਹੀਦਾ। ਫਿਰ ਜਿਥੇ ਅੱਡਾ ਬਣਨਾ ਹੈ। ਉਸ ਵਾਸਤੇ ਤਾਂ ਮੇਰਾ ਖਿਆਲ ਹੈ ਕਿ ਰਿਕਸ਼ਾ ਔਰ ਟਾਂਗੇ ਦਾ ਇਤਨਾ ਖਰਚ ਆ ਜਾਵੇਗਾ ਜਿਤਨਾ ਬਸ ਦੇ ਕਿਰਾਏ ਦਾ ਨਹੀਂ ਆਉਣਾ। ਇਸ ਲਈ ਮੇਰੀ ਅਰਜ਼ ਹੈ ਕਿ ਮੌਜੂਦਾ ਜਗ੍ਹਾਂ ਤੋਂ ਇਲਾਂਵਾ ਹੋਰ ਕੋਈ ਜਗ੍ਹਾਂ ਸੋਚੋ ਔਰ ਐਸਾ ਅੱਡਾ ਬਣਾਓ ਜਿਸ ਨਾਲ ਕਿ ਲੋਕਾਂ ਨੂੰ ਸਹੂਲਤ ਹੋ ਸਕੇ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪ੍ਰਾਪਰਟੀ ਟੈਕਸ ਨੂੰ ਘਟਾਉਣ ਦਾ ਯਤਨ ਕੀਤਾ ਗਿਆ ਹੈ, ਇਹ ਇਕ ਬੜੀ ਚੰਗੀ ਗਲ ਹੈ। (ਵਿਘਨ) (ਘੰਟੀ)

ਸੜਕਾਂ ਬਾਰੇ ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ। ਚਡੀਗੜ੍ਹ ਤੋਂ ਅੰਮ੍ਰਿਤਸਰ ਜਾਣ ਵਾਸਤੇ ਦੋ ਰਸਤੇ ਹਨ। ਵਾਇਆ ਰੋਪੜ ਜੋ ਰਸਤਾ ਹੈ ਉਹ ਸੜਕ ਨਹਿਰ ਦੇ ਨਾਲ ਨਾਲ ਹੈ ਔਰ ਸੜਕ ਬਹੁਤ ਘਟ ਚੌੜੀ ਹੈ। ਕਈ ਵਾਰੀ ਦੋ ਬਸਾਂ ਆਪਸ ਵਿਚ ਕਰਾਸ ਨਹੀਂ ਕਰ ਸਕਦੀਆਂ, ਮੇਰੀ ਅਰਜ਼ ਹੈ ਕਿ ਅਜੇਹੀਆਂ ਸੜਕਾਂ ਵਲ ਧਿਆਨ ਦਿਤਾ ਜਾਵੇ ਔਰ ਸੜਕਾਂ ਨੂੰ ਚੌੜਾ ਕੀਤਾ ਜਾਵੇ। (ਘੰਟੀ) ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਾਂਗਾ ਕਿ ਜਿਹੜੇ ਦੂਰ ਦੇ ਰੂਟਸ ਹਨ ਉਥੇ ਵੀ ਨਾਨ ਸਟਾਪ ਔਰ ਐਕਸਪਰੈਸ ਬਸਾਂ ਚਲਾਉਣੀਆਂ ਚਾਹੀਦੀਆਂ ਹਨ। ਅੰਮ੍ਰਿਤਸਰ ਪਠਾਨਕੋਟ ਰੂਟ ਤੇ ਕੋਈ ਨਾਨ ਸਟਾਪ ਜਾਂ ਐਕਸਪਰੈਸ ਬਸ ਨਹੀਂ ਚਲਦੀ, ਉਸ ਵਲ ਵੀ ਧਿਆਨ ਦਿਤਾ ਜਾਵੇ ਔਰ ਉਥੇ ਕੋਈ ਅਜਿਹੀ ਬਸ ਚਲਾਈ ਜਾਵੇ। ਇਤਨਾ ਕਹਿ ਕੇ ਮੈਂ ਆਪਦਾ ਸ਼ੁਕਰੀਆ ਅਦਾ ਕਰਦਾ ਹਾਂ।

ਕਾਮਰੇਡ ਸੱਤਪਾਲ ਡਾਂਗ : (ਅੰਮ੍ਰਿਤਸਰ ਪੱਛਮ) ਡਿਪਟੀ ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਤੋਂ ਕਰੋੜ ਰੁਪਏ ਨਾਲੋਂ ਘੱਟ ਆਮਦਨੀ ਦੀ ਤਵੱਕੋ ਹੈ ਪਰ ਪੈਪਸੂ ਰੋਡਵੇਜ਼ ਦੀ ਜ਼ਿਆਦਾ ਆਮਦਨੀ

ਹੈ । ਮੈਂ ਬੇਨਤੀ ਕਰਗਾਂ ਕਿ ਇਹ ਆਮਦਨੀ ਵੱਧ ਸਕਦੀ ਹੈ । ਪਹਿਲੀ ਗਲ ਤਾਂ ਮੈਂ ਇਹ ਕਹਾਂਗਾ ਕਿ ਹਾਈ ਲੈਵਲ ਤੇ ਕਰਪਸ਼ਨ ਬੰਦ ਕਰਨ ਦੀ ਜ਼ਰੂਰਤ ਹੈ । ਚੀਫ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ 1967 ਵਿਚ ਇਕ ਟਿਕਟ ਸਕੈਂਡਲ ਫੜਿਆ ਗਿਆ ਸੀ ਔਰ ਜਾਲੀ ਟਿਕਟਾਂ ਦੀ ਪ੍ਰੈਸ ਫੜੀ ਗਈ ਔਰ ਲੱਖਾਂ ਰੁਪਏ ਦੀ ਇਸ ਵਿਚ ਹੇਰਾ ਫੇਰੀ ਹੋਈ ਸੀ । ਉਸ ਦੇ ਵਿਚ ਇਕ ਜੇਨਰਲ ਮੈਨੇਜਰ ਇਨਵਾਲਵਡ ਸੀ, ਇਸ ਕਰਕੇ ਉਹ ਕੇਸ ਦਬਾ ਦਿਤਾ । ਹੁਣ ਇਕ ਸਮਰਾਲਾ ਤੋਂ ਲੁਧਿਆਣਾ ਕੇਸ ਫੜਿਆ ਮੈਂ ਉਸ ਦੇ ਬਾਰੇ ਫ਼ੋਟੋਗਰਾਫਿਕ ਪਰੂਫ ਵੀ ਦਿਤੇ ਪਰ ਮੈਨੂੰ ਹਾਲੀਂ ਤਕ ਜਵਾਬ ਨਹੀਂ ਮਿਲਿਆ ਕਿ ਇਸ ਦਾ ਸਿਟਾ ਕੀ ਨਿਕਲਿਆ ਔਰ ਕੀ ਐਕਸ਼ਨ ਲਿਆ ਗਿਆ ਹੈ । ਇਸੇ ਤਰੀਕੇ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਰੋਡਵੇਜ਼ ਦੀ ਵਹੀਕਲ ਬਾਰੇ ਲਿਖ ਕੇ ਦਿਤਾ ਸੀ ਅਤੇ ਜਿਸ ਦਾ ਨੰਬਰ ਵੀ ਲਿਖਿਆ ਸੀ ਉਸਨੂੰ ਰੂਲਿੰਗ ਪਾਰਟੀ ਦੇ ਕੁਝ ਲੀਡਰ ਅੰਮ੍ਰਿਤਸਰ ਤੋਂ ਲੈ ਗਏ ਔਰ ਗਲਤ ਐਨਟਰੀ ਕਰਵਾ ਕੇ ਵਰਤਦੇ ਰਹੇ, ਉਸ ਦੇ ਬਾਰੇ ਵੀ ਹਾਲੀਂ ਤਕ ਕੋਈ ਜਵਾਬ ਨਹੀਂ ਮਿਲਿਆ । ਮੇਰੀ ਬੇਨਤੀ ਹੈ ਕਿ ਜੇ ਇਹੋ ਜਿਹੀਆਂ ਚੀਜ਼ਾਂ ਬੰਦ ਕੀਤੀਆਂ ਜਾਣ ਤਾਂ ਇਸ ਟਰਾਂਸਪੋਰਟ ਦੀ ਕਾਫੀ ਆਮਦਨੀ ਵੱਧ ਸਕਦੀ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਲੋਕਲ ਬਸਾਂ ਦੇ ਵਿਚ ਘਾਟਾ ਪੈਂਦਾ ਹੈ । ਜਿਥੇ ਟਿਕਟਲੈਸ ਪੈਸੰਜਰ ਬਹੁਤ ਸਫਰ ਕਰਦੇ ਹਨ । ਮੇਰੀ ਅਰਜ਼ ਹੈ ਕਿ ਟਿਕਟਲੈਸ ਟਰੈਵਲਿੰਗ ਪੈਸੰਜ਼ਰ ਦੇ ਉਤੇ ਜ਼ਿਮੇਵਾਰੀ ਪੈਣੀ ਚਾਹੀਦੀ ਹੈ । ਇਕ ਤਾਂ ਇਸ ਨਾਲ ਸਰਕਾਰ ਦੀ ਆਮਦਨੀ ਵੱਧ ਜਾਵੇਗੀ ਔਰ ਦੂਸਰੇ ਰੋਜ਼ ਦੇ ਜੋ ਝਗੜੇ ਹਨ ਉਹ ਹਟ ਜਾਣਗੇ । (ਵਿਘਨ)

ਦੂਸਰੀ ਗਲ ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਵਿਦਿਆਰਥੀਆਂ ਦੀ ਮੰਗ ਬੜੀ ਵਾਜਿਬ ਹੈ । ਇਸ ਵੇਲੇ ਰੋਡਵੇਜ਼ 40 ਸਿੰਗਲ ਫੇਅਰ ਮੰਥਲੀ ਲੈਂਦੀ ਹੈ ਔਰ ਇਹ ਸਟੂਡੈਂਟਸ ਤੋਂ 35 ਸਿੰਗਲ ਫੇਅਰ ਮੰਥਲੀ ਚਾਰਜ ਕੀਤੇ ਜਾਂਦੇ ਹਨ ਪਰ ਰੇਲਵੇ ਵਿਚ ਵਿਦਿਆਰਥੀਆਂ ਤੋਂ 24 ਸਿੰਗਲ ਫੇਅਰ ਮੰਥਲੀ ਪੈਸੇ ਲੈਂਦੇ ਹਨ । ਵਿਦਿਆਰਥੀਆਂ ਦੀ ਇਹ ਮੰਗ ਜਾਇਜ਼ ਹੈ ਕਿ ਉਨ੍ਹਾਂ ਦਾ ਕਰਾਇਆ ਰੇਲਵੇ ਦੇ ਬਰਾਬਰ ਕੀਤਾ ਜਾਵੇ । ਮੇਰੀ ਅਰਜ਼ ਹੈ ਕਿ ਇਹ ਵਿਦਿਆਰਥੀਆਂ ਵਾਸਤੇ ਰੇਲਵੇ ਵਾਂਗ 24 ਸਿੰਗਲ ਫੇਅਰ ਕਰ ਦਿਤਾ ਜਾਵੇ । ਔਰ ਜੇ ਟਿਕਟਲੈਸ ਟਰੈਵਲ ਦੀ ਜ਼ਿਮੇਵਾਰੀ ਉਸੇ ਬੰਦੇ ਤੇ ਪਾਈ ਜਾਵੇ ਤਾਂ ਇਸ ਨਾਲ ਕਾਫੀ ਆਮਦਨੀ ਵੱਧ ਸਕਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਆਮਦਨੀ ਵਧਾਉਣ ਦੇ ਸਿਲਸਿਲੇ ਵਿਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸਾਲ ਪੈਸੰਜ਼ਰ ਟੈਕਸ 25 ਤੋਂ 35% ਕੀਤਾ ਗਿਆ ਸੀ ਔਰ ਇਸ ਦੇ ਨਾਲ 69 ਲੱਖ ਰੁਪਏ ਦੀ ਆਮਦਨੀ ਵਧੀ ਸੀ । ਮੈਂ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਲੋਕਲ ਬਸਿਜ਼ ਦੇ ਕਿਰਾਏ ਵਿਚ ਜੋ ਇਜ਼ਾਫਾ ਹੋਇਆ ਹੈ, ਮੈਂ ਇਸ ਗਲ ਵਲ ਨਹੀਂ ਜਾਣਾ ਚਾਹੁੰਦਾ ਕਿ ਇਹ ਕਿਸ ਤਰ੍ਹਾਂ ਹੋਇਆ ਹੈ ਲੇਕਿਨ ਅਸਲੀਅਤ ਇਹ ਹੈ ਕਿ ਘੱਟ ਤੋਂ ਘੱਟ ਕਰਾਇਆ 8 ਪੈਸੇ ਜੋ ਸੀ ਉਹ 8 ਪੈਸੇ ਦੀ ਥਾਂ 15 ਪੈਸੇ ਹੋ ਗਿਆ ਹੈ । ਇਸ ਨਾਲ ਆਰਡਿਨਰੀ ਵਰਕਰ ਨੂੰ, ਕਾਮੇ ਨੂੰ ਮਜ਼ਦੂਰ ਨੂੰ ਕਾਫੀ ਹਿਟ ਹੋਈ ਹੈ । ਮੈਂ ਅਰਜ਼ ਕਰਦਾ ਹਾਂ ਕਿ ਘੱਟ ਤੋਂ ਘੱਟ ਇਹ ਰਿਲੀਫ ਲੋਕਾਂ ਨੂੰ ਦੇਣਗੇ ਕਿ ਇਹ ਕਰਾਇਆ 15 ਪੈਸੇ ਦੀ ਥਾਂ ਤੇ 10 ਪੈਸੇ ਹੋ ਜਾਵੇ ।

ਦੂਜੀ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਆਮਦਨੀ ਵਧਾਉਣ ਦੇ ਲਈ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਹੋਣੀ ਚਾਹੀਦੀ ਹੈ । ਇਹ ਜਿਹੜਾ ਇਨ੍ਹਾਂ ਨੇ ਇਹ ਕੰਮ ਸੌਂਤ

[ਕਾਮਰੇਡ ਸੱਤਪਾਲ ਡਾਂਗ]

ਸਾਲ ਪਿਛੇ ਪਾ ਦਿਤਾ ਹੈ ਇਸ ਦੇ ਨਾਲ ਪੰਜਾਬ ਦਾ ਕਾਫੀ ਨੁਕਸਾਨ ਹੈ। ਇਸ ਨੂੰ ਜਲਦੀ ਤੋਂ ਜਲਦੀ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਮੈਂ ਹੋਰ ਕਰਨੀ ਚਾਹੁੰਦਾ ਹਾਂ ਕਿ ਹਰ ਇਕ ਰੂਟ ਵਿਚ ਨਫਾ ਦੇਖਿਆ ਜਾਂਦਾ ਹੈ ਕਿ ਇਸ ਵਿਚ ਕਿਨਾ ਨਫਾ ਹੁੰਦਾ ਹੈ ।ਠੀਕ ਹੈ ਪਰਾਫਟ ਵੀ ਦੇਖਣਾ ਹੁੰਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਨਿਰਾ ਪਰਾਫਿਟ ਹੀ ਦੇਖਿਆ ਜਾਵੇ, ਲੋਕਾਂ ਦੀਆਂ ਸਹੂਲਤਾਂ ਨੂੰ ਵੀ ਦੇਖਣਾ ਚਾਹੀਦਾ ਹੈ। ਸਰਕਾਰ ਨੂੰ ਇਕਲੇ ਇਕਲੇ ਰੂਟ ਤੇ ਪਰਾਫਿਟ ਨਹੀਂ ਦੇਖਣਾ ਚਾਹੀਦਾ, ਲੋਕਾਂ ਦੀਆਂ ਸਹੂਲਤਾਂ ਨੂੰ ਵੀ ਸਾਹਮਣੇ ਰਖਣਾ ਚਾਹੀਦਾ ਹੈ।

ਐਕਸੀਡੈਂਟ ਦੇ ਵਲ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧਿਆਨ ਦੁਆਵਾਂਗਾ ਕਿ ਕਿਤਨੇ ਐਕਸੀਡੈਂਟ ਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, 1967-68 ਦੇ ਵਿਚ 447 ਐਕਸੀਡੈਂਟ ਹੋਏ। 1967-68 ਵਿਚ 202 ਐਕਸੀਡੈਂਟ ਹੋਏ ਔਰ ਇਸੇ ਤਰ੍ਹਾਂ 1968–69 ਵਿਚ 334 ਐਕਸੀਡੈਂਟ ਹੋਏ । ਇਸ ਤਰ੍ਹਾਂ ਡਿਪਟੀ ਸਪੀਕਰ ਸਾਹਿਬ, 1967–68 ਵਿਚ 381 ਜ਼ਖਮੀ ਹੋਏ ਔਰ 1968-69 ਵਿਚ 502 ਜ਼ਖਮੀ ਹੋਏ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੁਲਾਜ਼ਮਾਂ ਨੂੰ ਅੱਛੀ ਹਾਲਤ ਵਿਚ ਰਖਣਾ ਚਾਹੀਦਾ ਹੈ । ਉਨ੍ਹਾਂ ਨੂੰ ਐਕਸੀਡੈਂਟ ਤੋਂ ਬਚਣ ਲਈ ਸਰਕਾਰ ਨੂੰ ਮਦਦ ਕਰਨੀ ਚਾਹੀਦੀ ਹੈ । ਇਸ ਵੇਲੇ ਪੰਜਾਬ ਰੋਡਵੇਜ਼ ਵਿਚ ਡਰਾਈਵਰਾਂ ਨੂੰ ਕਿਧਰੇ ਰਾਤ ਰਹਿਣ ਵਿਚ ਕਾਫੀ ਦਿਕਤਾਂ ਹਨ । ਉਨ੍ਹਾਂ ਦੇ ਲਈ ਰੈਸਟ ਹਾਊਸ ਔਰ ਕੁਆਟਰਾਂ ਦੇ ਬਣਾਉਣ ਲਈ ਸਕੀਮਾਂ ਜਲਦੀ ਇਮਪਲੀਮੈਂਟ ਕਰਵਾਈਆਂ ਜਾਣ । ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਵਿਚ ਇਕ ਹੋਰ ਵੀ ਬੈਚੈਨੀ ਹੈ । ਪਿਛਲੀ ਹੜਤਾਲ ਵਿਚ 51 ਡਰਾਈਵਰ ਕਢੇ ਗਏ; ਉਨ੍ਹਾਂ ਨੂੰ ਹਾਲੀ ਤਕ ਫਿਰ ਕਿਧਰੇ ਨਹੀਂ ਲਾਇਆ ਗਿਆ । ਉਨ੍ਹਾਂ ਨਾਲ ਬੜੀ ਜ਼ਿਆਦਤੀ ਹੋ ਰਹੀ ਹੈ ਔਰ ਹੜਤਾਲ ਕਰਨ ਕਰਕੇ ਉਨ੍ਹਾਂ ਮੁਲਾਜ਼ਮਾਂ ਨਾਲ ਪਰੋਮੋਸ਼ਨਾਂ ਵਿਚ ਜ਼ਿਆਦਤੀ ਹੋ ਰਹੀ ਹੈ। ਦੂਸਰਾ ਪਰਾਈਵੇਟ ਟਰਾਂਸਪੋਰਟ ਵਿਚ ਡਰਾਈਵਰਾਂ ਨੂੰ ਤਨਖਾਹ ਬੜੀ ਘੱਟ ਮਿਲਦੀ ਹੈ । ਚੀਫ਼ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਪ੍ਰਾਈਵੇਟ ਟਰਾਂਸਪੋਰਟ ਵਿਚ ਕਾਫੀ ਨਫਾ ਹੈ ਪਰ ਉਨ੍ਹਾਂ ਲੋਕਾਂ ਨੂੰ ਤਨਖਾਹਾ ਘੱਟ ਮਿਲਦੀਆਂ ਹਨ । ਉਨ੍ਹਾਂ ਦੀ ਤਨਖਾਹ ਘੱਟ ਨਹੀਂ ਹੋਣੀ ਚਾਹੀਦੀ।

ਐਕਸਾਈਜ਼ ਐਂਡ ਟੈਕਸੇਸ਼ਨ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਮੈਂ ਅੱਜ ਉਨ੍ਹਾਂ ਗਲਾਂ ਵਿਚ ਨਹੀਂ ਜਾਣਾ ਚਾਹੁੰਦਾ ਜਿਹੜੀਆਂ ਜਨਰਲ ਡੀਬੇਟ ਵਿਚ ਕਹੀਆਂ ਗਈਆਂ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਚੀਫ਼ ਮਨਿਸਟਰ ਸਾਹਿਬ ਪਹਿਲਾਂ ਬੜੇ ਚੰਗੇ ਸਟੈਂਡ ਲੈਂਦੇ ਹੁੰਦੇ ਸੀ ਅਤੇ ਕਹਿੰਦੇ ਹੁੰਦੇ ਸੀ ਕਿ ਪੰਜਾਬ ਵਿਚ 10 : 12 ਮਨਿਸਟਰਾਂ ਤੋਂ ਵੱਧ ਮਨਿਸਟਰਜ਼ ਨਹੀਂ ਹੋਣੇ ਚਾਹੀਦੇ ਅਤੇ ਹੁਣ ਮਨਿਸਟਰੀ ਐਕਸਪੈਂਡ ਕਰਨ ਲਈ ਸੋਚ ਰਹੇ ਹਨ। ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਦੇ ਵਿਚ ਟੋਟਲ ਮਨਿਸਟਰ 11 ਤੋਂ ਵਧ ਨਾ ਹੋਣ ਅਤੇ ਇਤਨੇ ਮਨਿਸਟਰ ਪੰਜਾਬ ਦਾ ਕੰਮ ਚਲਾ ਸਕਦੇ ਹਨ, ਇਸ ਲਿਹਾਜ਼ ਨਾਲ ਇਹ ਹੈ ਵੀ ਠੀਕ । ਕਿਉਂਕਿ ਮਨਿਸਟਰ ਬਹੁਤ ਮਹਿੰਗੇ ਪੈਂਦੇ ਹਨ ਉਨ੍ਹਾਂ ਦਾ ਬਹੁਤ ਹੀ ਫਾਲਤੂ ਖ਼ਰਚ ਪੈਂਦਾ

ਹੈ। ਮਿਸਾਲ ਦੇ ਤੌਰ ਤੇ ਤੁਸੀਂ ਇਕ ਮਨਿਸਟਰ ਦੇ ਟੈਲੀਫੂਨ ਦਾ ਖ਼ਰਚ ਤਾਂ ਵੇਖ ਹੀ ਲਿਆ ਹੈ ਕਿ 2 ਹਜ਼ਾਰ ਰੁਪਏ ਮਾਹਵਾਰ ਹੋਇਆ ਹੈ।

ਹੁਣ ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਟੈਕਸ ਲਗੇ ਹਨ ਉਨ੍ਹਾਂ ਵਿਚ ਜਿਹੜਾ ਸ਼ੋ ਟੈਕਸ ਤੇ ਵਾਧਾ ਕੀਤਾ ਹੈ ਉਹ ਠੀਕ ਹੈ, ਪਰ ਮੈਂ ਉਸ ਦੇ ਨਾਲ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਸਿਨਮੇ ਵਾਲਿਆਂ ਨੂੰ ਟਿਕਟਾਂ ਦੀਆਂ ਕੀਮਤਾਂ ਨਹੀਂ ਵਧਾਣ ਦੇਣੀਆਂ ਚਾਹੀਦੀਆਂ। ਇਸ ਤੋਂ ਇਲਾਵਾ ਐਂਟਰਟੇਨਮੈਂਟ ਟੈਕਸ ਵਿਚ ਜਿਹੜਾ ਵਾਧਾ ਕੀਤਾ ਗਿਆ ਹੈ ਮੈਂ ਉਸ ਦੇ ਖਿਲਾਫ਼ ਹਾਂ। ਮੈਂ ਕਹਿੰਦਾ ਹਾਂ ਕਿ ਜੇਕਰ ਤੁਸੀਂ ਐਂਟਰਟੇਨਮੈਂਟ ਟੈਕਸ ਵਧਾਉਣਾ ਹੈ ਵਧਾਉ, ਪਰ ਹੇਠਲੀ ਜਿਹੜੀ ਕੈਟੇਗਰੀ ਹੈ, ਉਸ ਤੇ ਨਾ ਲਾਇਆ ਜਾਵੇ ਅਤੇ ਜਿਹੜੀ ਉਪਰਲੀ ਕਲਾਸ ਹੈ, ਉਸ ਤੇ ਬੇਸ਼ਕ ਵੱਧਾ ਦਿਤਾ ਜਾਏ।

ਦੂਸਰੀ ਗਲ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਟੈਕਸਾਂ ਦੀ ਬੜੀ ਆਮਦਨ ਵਧਣੀ ਹੈ। ਇਨ੍ਹਾਂ ਨੇ ਲਾਟਰੀ ਹਫ਼ਤਾਵਾਰ ਕਰ ਦਿਤੀ ਹੈ ਉਥੋਂ ਵੀ ਕਾਫੀ ਆਮਦਨ ਵਧੇਗੀ। ਇਵੇਕੁਈ ਲੈਂਡ ਹੈ, ਉਸ ਦੀ ਵੀ ਕਾਫ਼ੀ ਆਮਦਨ ਆਏਗੀ। ਕਿੰਨੀ ਆਮਦਨ ਵੱਧੇਗੀ, ਜਾਂ ਨਹੀਂ ਵਧੇਗੀ ਇਹ ਕਿਧਰ ਖਰਚ ਕਰਨਗੇ ਕਿਧਰ ਨਹੀਂ ਕਰਨਗੇ ਮੈਂ ਇਸ ਝਗੜੇ ਵਿਚ ਨਹੀਂ ਪੈਂਦਾ। ਮੈਂ ਅਰਜ਼ ਕਰਾਂ ਕਿ ਜਨਰਲ ਡਿਬੇਟ ਦਾ ਜਵਾਬ ਦਿੰਦਿਆਂ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਜਿਹੜਾ ਡਾਂਗ ਸਾਹਿਬ ਨੇ ਕਿਹਾ ਹੈ ਕਿ ਗੁਰੂ ਨਾਨਕ ਯੂਨੀਵਰਸਟੀ ਲਈ ਟੈਕਸ ਲਾਇਆ ਹੈ ਉਨ੍ਹਾਂ ਵਾਸਤੇ ਇਹ ਕਹਿਣਾ ਠੀਕ ਨਹੀਂ ਸੀ। ਮੈਂ ਕਹਿੰਦਾ ਹਾਂ ਕਿ ਸੁਆਲ ਅਸੂਲ ਦਾ ਹੈ। ਸੁਆਲ ਇਹ ਨਹੀਂ ਕਿ ਟੈਕਸ ਜਿਹੜਾ ਲਾਇਆ ਗਿਆ ਹੈ ਇਹ ਗੁਰੂ ਨਾਨਕ ਯੂਨੀਵਰਸਟੀ ਵਾਸਤੇ ਹੈ ਜਾਂ ਕਿਸੇ ਹੋਰ ਯੂਨੀਵਰਸਟੀ ਵਾਸਤੇ, ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜਾ ਟੈਕਸ ਲਾਉਣਾ ਚਾਹੀਦਾ ਹੈ ਉਹ ਅਮੀਰ ਤੇ ਲਗੇ ਗਰੀਬ ਨੂੰ ਟੈਕਸਾਂ ਦੇ ਬੋਝ ਥਲੇ ਨਹੀਂ ਦਬਾਉਣਾ ਚਾਹੀਦਾ। ਮੈਂ ਕਹਿੰਦਾ ਹਾਂ ਕਿ ਤੁਸੀਂ ਆਬੀਆਨਾ ਤੇ ਟੈਕਸ ਵਧਾਇਆ ਹੈ, ਪਰ ਇਹ ਟੈਕਸ ਇਸ ਤਰੀਕੇ ਨਾਲ ਅਤੇ ਇਸ ਢੰਗ ਨਾਲ ਲਗਣਾ ਚਾਹੀਦਾ ਹੈ ਕਿ ਇਹ ਛੋਟੇ ਕਿਸਾਨ ਤੇ ਨਾ ਲਗੇ, ਵਡੇ ਕਿਸਾਨ ਤੇ ਲਗਣਾ ਚਾਹੀਦਾ ਹੈ, ਔਰ ਉਹ ਪੇ ਕਰ ਸਕਦਾ ਹੈ। ਭਾਵੇਂ ਗੁਰੂ ਨਾਨਕ ਯੂਨੀਵਰਸਟੀ ਹੋਵੇ ਤੇ ਭਾਵੇਂ ਕੋਈ ਹੋਰ। ਮੈਂ ਤਾਂ ਟੈਕਸੇਸ਼ਨ ਬਾਰੇ ਆਪਣੀ ਰਾਏ ਸਪਸ਼ਟ ਰਖਦਾ ਹਾਂ। ਮੈਂ ਸਮਝਦਾ ਹਾਂ ਕਿ ਅਜ ਕਲ ਸਰਕਾਰ ਦੀ ਨੀਤੀ ਅਤੇ ਸਵਤੰਤਰ ਪਾਰਟੀ ਦੀ ਨੀਤੀ ਵਿਚ ਕੋਈ ਫ਼ਰਕ ਨਹੀਂ ਅਤੇ ਨਾ ਹੀ ਮੈਨੂੰ ਕੋਈ ਫ਼ਰਕ ਨਜ਼ਰ ਆਉਂਦਾ ਹੈ। ਅਸੀਂ ਕਿਹਾ ਕਿ ਪ੍ਰਿਵੀ ਪਰਸਿਜ਼ ਨਹੀਂ ਹੋਣੇ ਚਾਹੀਦੇ। ਸਾਡੇ ਚੀਫ਼ ਮਨਿਸਟਰ ਸਾਹਿਬ ਜਿਹੜੇ ਸੋਸ਼ਲਿਜ਼ਮ ਦਾ ਦਾਵਾ ਕਰਦੇ ਹਨ, ਕਹਿੰਦੇ ਹਨ ਕਿ ਇਹ ਅਗਰ ਉਨ੍ਹਾਂ ਦੀ ਮਰਜ਼ੀ ਤੋਂ ਬਗੈਰ ਖ਼ਤਮ ਕਰ ਦਿਤੇ ਤਾਂ ਇਹ ਉਨ੍ਹਾਂ ਨਾਲ ਇਕ ਅੰਧੇਰਗਰਦੀ ਹੋਵੇਗੀ। ਇਹ ਕਹਿੰਦੇ ਹਨ ਕਿ ਉਨ੍ਹਾਂ ਦੀ ਮਰਜ਼ੀ ਨਾਲ ਬੰਦ ਕਰੋ। ਮੈਂ ਕਹਿੰਦਾ ਹਾਂ ਕਿ ਉਹ ਕਦੋਂ ਕਹਿਣ ਲਗੇ ਹਨ ਬੰਦ ਕਰਨ ਲਈ? ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕਿਤਾਬ 'ਪ੍ਰਿੰਸਿਜ਼' ਛਪੀ ਹੈ ਉਸ ਦੇ ਵਿਚ ਕਾਫ਼ੀ ਰਾਜਿਆਂ ਅਤੇ ਪ੍ਰਿੰਸਾਂ ਦਾ ਜ਼ਿਕਰ ਆਇਆ ਹੈ ਅਤੇ ਮਹਾਰਾਜਾ ਯਾਦਵਿੰਦਰਾ ਸਿੰਘ ਦਾ ਵੀ ਉਸ ਵਿਚ ਜ਼ਿਕਰ ਆਇਆ ਹੈ। ਉਸ ਦੇ ਵਿਚ ਲਿਖਿਆ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਰਾਜਿਆਂ ਮਹਾਰਾਜਿਆਂ ਨੇ ਜਨਤਾ ਤੇ ਅਤਿਆਚਾਰ ਕੀਤੇ ਅਤੇ ਕਿਸ ਤਰ੍ਹਾਂ ਜਦੋਂ ਅੰਗਰੇਜ਼ ਆਏ ਉਨ੍ਹਾਂ ਨਾਲ ਰਲ ਕੇ ਦੇਸ਼ ਦੇ ਲੋਕਾਂ ਦੀਆਂ ਧਜੀਆਂ

[ਕਾਮਰੇਡ ਸੱਤਪਾਲ ਡਾਂਗ]

ਉਡਾਰੀਆਂ । ਉਨ੍ਹਾਂ ਲੋਕਾਂ ਦੀ ਹਿਮਾਇਤ ਕਰਦੇ ਹਨ ਜਿਨ੍ਹਾਂ ਨੇ ਜਨਤਾ ਨੂੰ ਕੁਚਲ ਕੇ ਰਖ ਦਿਤਾ । ਜਿਨਾਂਹ ਨੇ ਦੇਸ਼ ਧਰੋਹੀ ਦਾ ਕੰਮ ਕੀਤਾ । ਮੈਂ ਕਹਿੰਦਾ ਹਾਂ ਕਿ ਅਗਰ ਚੀਫ਼ ਮਨਿਸਟਰ ਸਾਹਿਬ ਸੋਸ਼ਲਿਜ਼ਮ ਦਾ ਦਮ ਭਰਦੇ ਹਨ ਤਾਂ ਇਨ੍ਹਾਂ ਨੂੰ ਪਿਵੀ ਪੱਰਸਿਜ਼ ਬੰਦ ਕਰਣ ਲਈ ਹਾਂ ਵਿਚ ਹਾਂ ਮਿਲਾਣੀ ਚਾਹੀਦੀ ਹੈ ।

ਵੈਲਥ ਟੈਕਸ ਦੀ ਗਲ ਆਈ । ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਕਿ ਇਹ ਕਿਸਾਨ ਤੇ ਪੈਂਦਾ ਹੈ ਇਸ ਵਾਸਤੇ ਇਸ ਟੈਕਸ ਨੂੰ ਨਹੀਂ ਲਗਾਉਣਾ ਚਾਹੀਦਾ । ਮੈਂ ਕਹਿੰਦਾ ਹਾਂ ਕਿ ਇਹ ਕੋਈ ਜ਼ਰੂਰੀ ਨਹੀਂ ਕਿ ਇਹ ਟੈਕਸ ਹਰ ਕਿਸਾਨ ਤੇ ਲਗੇ ਅਤੇ ਹਰ ਕਿਸਾਨ ਇਸ ਦੀ ਰਿਟਰਨ ਭਰਿਆ ਕਰੇ । ਮੈਂ ਕਹਿੰਦਾ ਹਾਂ ਕਿ ਜਿਹੜਾ ਜ਼ਿਮੀਂਦਾਰ ਹੈ ਅਤੇ ਜਿਹੜਾ ਇਸ ਲਈ ਲਾਇਬਲ ਹੈ ਉਸ ਨੂੰ ਦੇਣਾ ਚਾਹੀਦਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਅਜ ਬਹੁਤ ਰਿਚ ਅਤੇ ਸੋ-ਕਾਲਡ ਪ੍ਰੋਗਰੈਸਿਵ ਲੈਂਡ ਲਾਰਡ ਹੈ, ਜਿਹੜਾ ਅਜ ਸ਼ਹਿਰ ਦੇ ਅਮੀਰਾਂ ਵਾਂਗ ਅਮੀਰ ਹੈ, ਉਸ ਤੇ ਇਹ ਟੈਕਸ ਲਾ ਦਿਤਾ ਜਾਏ, ਇਸ ਵਿਚ ਕਿਹੜੀ ਹਰਜ ਵਾਲੀ ਗਲ ਹੈ । ਹਾਂ ਇਹ ਹੱਦ ਮੁਕਰਰ ਕਰ ਲੈਣ ਅਸੀਂ ਇਨ੍ਹਾਂ ਦੇ ਨਾਲ ਹਾਂ । ਮੈਂ ਕਹਿੰਦਾ ਹਾਂ ਕਿ ਇਹ ਢਾਈ ਲੱਖ ਦੀ ਹਦ ਮੁਕਰੱਰ ਕਰ ਲੈਣ ਉਸ ਦੀ ਰੈਜ਼ੀਡੈਂਸ਼ਲ ਬਿਲਡਿੰਗਜ਼ ਨੂੰ ਛੱਡ ਕੇ ਉਸ ਦੀ ਲੈਂਡ ਅਤੇ ਬਾਕੀ ਜਿਹੜੇ ਸੋਰਸਿਜ਼ ਹਨ ਉਨ੍ਹਾਂ ਤੇ ਵੈਲਥ ਟੈਕਸ ਲਾ ਦਿਤਾ ਜਾਏ । ਮੈਂ ਕਹਿੰਦਾ ਹਾਂ ਕਿ ਇਕਮ ਟੈਕਸ ਦਾ ਸਾਨੂੰ ਸੈਂਟਰ ਗੌਰਮੈਂਟ ਤੋਂ ਜਿਹੜਾ ਹਿੱਸਾ ਮਿਲਦਾ ਹੈ ਉਹ 8 ਕਰੋੜ ਰੁਪਏ ਹੈ । ਇਹ ਕਹਿੰਦੇ ਹਨ ਕਿ ਐਗਰੀਕਲਚਰ ਵੈਲਥ ਤੇ ਟੈਕਸ ਨਾ ਲਗੇ । ਮੈਂ ਕਹਿੰਦਾ ਹਾਂ ਕਿ ਇਹ ਅਪੋਜ਼ ਨਹੀਂ ਕਰਨਾ ਚਾਹੀਦਾ ਹੈ ਇਹ ਵੇਖਣ ਕਿ ਇਵੈਲੂਏਸ਼ਨ ਦਾ ਕੀ ਤਰੀਕਾ ਹੋਣਾ ਚਾਹੀਦਾ ਹੈ, ਅਸੀਂ ਇਨ੍ਹਾਂ ਦੇ ਨਾਲ ਹਾਂ । ਹਰ ਕਿਸਾਨ ਨੂੰ ਰੀਟਰਨ ਨਹੀਂ ਭਰਨੀ ਚਾਹੀਦੀ. ਅਸੀਂ ਇਸ ਲਈ ਇਨ੍ਹਾਂ ਦੇ ਨਾਲ ਹਾਂ, ਪਰ ਇਹ ਟੈਕਸ ਲਗਣਾ ਹੀ ਨਹੀਂ ਚਾਹੀਦਾ, ਇਹ ਗਲ ਗ਼ਲਤ ਹੈ । ਮੈਂ ਕਹਿੰਦਾ ਹਾਂ ਕਿ ਜਿਹੜਾ ਦੇ ਸਕਦਾ ਹੈ ਉਹ ਕਿਉਂ ਨਾ ਦੇਵੇ । ਲੇਕਿਨ ਰੂਰਲ ਵੈਸਟਿਡ ਇੰਟਰੈਸਟ ਹੈ । ਉਸ ਨੂੰ ਮੁੱਖ ਰਖਦੇ ਹੋਏ ਇਹ ਵੈਲਥ ਟੈਕਸ ਲਗਾਉਣ ਵਿਚ ਗੁਰੇਜ਼ ਕਰਦੇ ਹਨ । ਅਤੇ ਫਿਰ ਸੁਆਲ ਪੈਦਾ ਕਰ ਦਿੰਦੇ ਹਨ ਕਿ ਇਹ ਸੈਂਟਰ ਗੌਰਮੈਂਟ ਦੀ ਜਿਉਰਿਸਡਿਕਸ਼ਨ ਵਿਚ ਆਉਂਦਾ ਹੈ । ਸੁਆਲ ਜਿਉਰਿਸਡਿਕਸ਼ਨ ਦਾ ਨਹੀਂ ਸੁਆਲ ਹੈ ਅਸੂਲਾਂ ਦਾ, ਇਨ੍ਹਾਂ ਨੇ ਦਾਵੇ ਕੀਤੇ ਹਨ ਸ਼ੋਸਲਇਜ਼ਮ ਦੇ ਉਸ ਦੇ ਮੁਤਾਬਕ ਇਨ੍ਹਾਂ ਨੂੰ ਵੈਲਥ ਟੈਕਸ ਦੀ ਸੁਪੋਰਟ ਕਰਨੀ ਚਾਹੀਦੀ ਹੈ । ਇਹ ਸੋਸ਼ਲਇਜ਼ਮ ਦਾ ਨਾ ਲੈਂਦੇ ਹਨ ਅਰਜ਼ ਕਰਾਂ ਕਿ ਜਿਹੜੀ ਇਨ੍ਹਾਂ ਨੇ ਫ਼ੋਰਥ ਫਾਈਵ ਯੀਅਰ ਪਲਾਨ ਬਣਾਈ ਹੈ ਅਤੇ ਜਿਸ ਦੀ ਡਿਸਕਸ਼ਨ ਇਹਨਾਂ ਅਲਾਊ ਨਹੀਂ ਕੀਤਾ ਹਾਊਸ ਵਿਚ, ਉਸ ਦੇ ਸਫ਼ਾ 5 ਵਿਚ ਲਿਖਿਆ ਹੈ ਕਿ ਰੂਰਲ ਏਰੀਆ ਵਿਚ ਗਰੀਬ ਅਤੇ ਅਮੀਰ ਦਾ ਜਿਹੜਾ ਫ਼ਰਕ ਹੈ ਉਹ ਅਗੇ ਨਾਲੋਂ ਬਹੁਤ ਜ਼ਿਆਦਾ ਵਧਿਆ ਹੈ । ਮੈਂ ਕਹਿੰਦਾ ਹਾਂ ਕਿ ਰੂਰਲ ਏਰੀਆ ਵਿਚ ਛੋਟੇ ਕਿਸਾਨ ਬਹੁਤ ਜ਼ਿਆਦਾ ਹਨ ਜਿਨ੍ਹਾਂ ਦੇ ਕੋਲ 20 ਏਕੜ ਤੋਂ ਘਟ ਜ਼ਮੀਨ ਹੈ । ਲੇਕਿਨ ਕੁਝ ਐਸੇ ਵੀ ਹਨ ਜਿਨ੍ਹਾਂ ਦੇ ਕੋਲ ਸੌ ਸੌ ਏਕੜ ਤਕ ਜ਼ਮੀਨ ਹੈ । ਮੈਂ ਕਹਿੰਦਾ ਹਾਂ ਕਿ ਜਿਥੋਂ ਤਕ ਅਸੂਲ ਦਾ ਸੁਆਲ ਹੈ ਇਹ ਜਿਹੜੇ ਆਪਣੀ ਪਾਰਟੀ ਸੋਸ਼ਲਿਸਟਿਕ ਪਾਰਟੀ ਕਹਾਉਣ ਦਾ ਦਾਵਾ ਕਰਦੇ ਹਨ ਉਹਨਾਂ ਦਾ ਇਸ ਵੈਲਥ ਟੈਕਸ ਦੀ ਵਿਰੋਧਤਾ ਕਰਨੀ, ਗ਼ਲਤ ਚੀਜ਼ ਹੈ । ਸੋਸ਼ਲਿਸਟਿਕ ਪੈਟਰਨ ਦੇ ਮੁਤਾਬਕ ਜਿਹੜੇ ਬੇ ਜ਼ਮੀਨੇ ਕਿਸਾਨ ਹਨ ਉਨ੍ਹਾਂ ਨੂੰ ਜ਼ਮੀਨਾਂ ਮਿਲਣੀਆਂ ਚਾਹੀਦੀਆਂ ਹਨ ਅਤੇ

ਉਨ੍ਹਾਂ ਨੂੰ ਹਰ ਕਿਸਮ ਦੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਅਤੇ ਉਸ ਦੇ ਮੁਕਾਬਲੇ ਵਿਚ ਜਿਹੜਾ ਵਡੀਆਂ ਵਡੀਆਂ ਫ਼ਾਰਮਾਂ ਵਾਲਾ ਨਵਾਂ ਕੈਪੀਟਲਿਸਟ ਪੈਦਾ ਹੋ ਰਿਹਾ ਹੈ ਉਸ ਉਤੇ ਇਹ ਟੈਕਸ ਜ਼ਰੂਰ ਲਗਣਾ ਚਾਹੀਦਾ ਹੈ।

ਮੈਂ, ਡਿਪਟੀ ਸਪੀਕਰ ਸਾਹਿਬ, ਆਖ਼ੀਰ ਵਿਚ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਕਣਕ ਦੀ ਕੀਮਤ ਮੁਕਰੱਰ ਹੋਣੀ ਹੈ ਅਤੇ ਜ਼ੋਨਾਂ ਦੀ ਗਲ ਸ਼ੁਰੂ ਹੋਣੀ ਹੈ। ਮੈਂ ਕਹਿੰਦਾ ਹਾਂ ਕਿ 1967 ਦੀ ਯੂਨਾਇਟਿਡ ਫਰੰਟ ਨੇ ਇਸ ਦੇ ਲਈ ਜਿਹੜਾ ਅਸੂਲ ਅਪਣਾਇਆ ਸੀ ਉਹ ਐਕਡੈਮਿਕ ਅਸੂਲ ਸੀ। ਰੂਰਲ ਏਰੀਆ ਵਿਚ ਪੀਜ਼ੈਂਟ ਨੂੰ ਭਾ ਠੀਕ ਮਿਲੇ ਅਤੇ ਕੰਨਜ਼ਿਊਮਰ ਨੂੰ ਸਾਰਾ ਸਾਲ ਠੀਕ ਅਤੇ ਇਕੋ ਭਾ ਤੇ ਕਣਕ ਮਿਲੇ। ਅਗਰ ਜ਼ੋਨ ਤੋੜ ਦਿਤੇ ਗਏ ਤਾਂ ਜਿਹੜੇ ਵਿਚੋਲੇ ਹਨ ਉਹ ਵਿਚੋਂ ਸਭ ਕੁਝ ਖਾ ਜਾਣਗੇ। ਮੈਂ ਕਹਿੰਦਾ ਹਾਂ ਕਿ ਇਹ ਜਿਹੜੀ ਟਰੇਡ ਹੈ ਅਗਰ ਫੂਡ ਗਰੇਨ ਡੀਲਰਜ਼ ਐਸੋਸੀਏਸ਼ਨਜ਼ ਦੇ ਹਥਾਂ ਵਿਚ ਦੇ ਦਿਤੀ ਗਈ ਤਾਂ ਇਸ ਵਿਚ ਨਾ ਤਾਂ ਗੌਰਮੈਂਟ ਦੀ ਕੋਈ ਭਲਾਈ ਹੋ ਸਕੇਗੀ ਅਤੇ ਨਾ ਹੀ ਕਿਸਾਨ ਦਾ ਭਲਾ ਅਤੇ ਨਾ ਹੀ ਕਨਜ਼ਿਊਮਰ ਨੂੰ 12 ਮਹੀਨੇ ਇਕੋ ਭਾ ਤੇ ਕਣਕ ਮਿਲ ਸਕੇਗੀ। ਜਿਹੜੀ ਫੂਡ ਗਰੇਨ ਡੀਲਰਜ਼ ਐਸੋਸੀਏਸ਼ਨ ਹੋਵੇਗੀ ਉਹ ਆਪਣੇ ਮਨਾਫ਼ੇ ਤਾਂਈਂ ਹੀ ਮਤਲਬ ਰਖੇਗੀ ਅਤੇ ਮਨਾਫ਼ਾ ਵੀ ਤਕਰੀਬਨ ਤਕਰੀਬਨ ਸਾਰਾ ਆਪ ਹੀ ਖਾ ਜਾਏਗੀ ਅਤੇ ਸ਼ਾਇਦ ਗੌਰਮੈਂਟ ਦੇ ਹੱਥ ਵਿਚ ਵੀ ਕੁਝ ਨਾ ਆਵੇ। ਇਸ ਲਈ ਮੈਂ ਕਹਾਂਗਾ ਕਿ ਸਟੇਟ ਟਰੇਡਿੰਗ ਹੋਣੀ ਚਾਹੀਦੀ ਹੈ ਤਾਂ ਕਿ ਜਿਹੜਾ ਥੋੜ੍ਹਾ ਬਹੁਤਾ ਨਫ਼ਾ ਹੋਏ ਉਹ ਵੀ ਸਟੇਟ ਦੇ ਕੋਲ ਰਹੇ। ਸਟੇਟ ਟਰੇਡਿੰਗ ਨਾਲ ਕਿਸਾਨ ਅਤੇ ਕਨਜ਼ਿਊਮਰ ਦੋਹਾਂ ਦਾ ਭਲਾ ਹੋ ਸਕਦਾ ਹੈ। ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਸਰਕਾਰ ਨੂੰ ਇਹ ਗਾਰੰਟੀ ਦੇਣੀ ਚਾਹੀਦੀ ਹੈ ਕਿ ਕਿਸਾਨ ਨੂੰ ਉਸ ਦੀ ਖੇਤੀ ਦੀ ਵਾਜਬ ਕੀਮਤ ਮਿਲੇਗੀ ਅਤੇ ਕਨਜ਼ਿਊਮਰ ਨੂੰ ਸਾਰਾ ਸਾਲ ਵਾਜਬ ਅਤੇ ਇਕੋ ਪ੍ਰਾਈਸ ਤੇ ਕਣਕ ਮੁਹਈਆ ਕੀਤੀ ਜਾਏਗੀ।

ਇਨ੍ਹਾਂ ਸ਼ਬਦਾਂ ਨਾਲ ਮੈਂ ਚੀਫ਼ ਮਨਿਸਟਰ ਸਾਹਿਬ ਕੋਲ ਅਰਜ਼ ਕਰਾਂਗਾ ਕਿ ਜੇ ਤਰ ਉਹ 1967 ਦੀ ਯੂਨਾਈਟਿਡ ਫ਼ਰਟ ਨਾਲ ਸਹਿਮਤ ਹਨ ਤਾਂ ਉਨ੍ਹਾਂ ਨੂੰ ਇਹ ਐਂਟਰਟੇਨਮੈਂਟ ਟੈਕਸ ਵਾਪਸ ਲੈ ਲੈਣਾ ਚਾਹੀਦਾ ਹੈ। ਆਮਦਨ ਵਧਾਉਣ ਲਈ ਅਸੀਂ ਹੋਰ ਕਈ ਚੀਜ਼ਾਂ ਸੁਜੈਸਟ ਕਰ ਸਕਦੇ ਹਾਂ। ਜਿਸ ਤਰ੍ਹਾਂ ਪਿਛੇ ਜਿਹੇ ਪ੍ਰੋਫੈਸ਼ਨਲ ਟੈਕਸ ਹਟਾਇਆ ਹੈ ਅਗਰ ਉਹ ਹਜ਼ਾਰ ਰੁਪਏ ਪਰ ਮਾਹ ਵਾਲੇ ਦੀ ਇੰਕਮ ਤੇ ਲਾ ਦਿਤਾ ਜਾਏ ਤਾਂ ਇਸ ਵਿਚ ਕੋਈ ਹਰਜ ਨਹੀਂ, ਉਹ ਦੇ ਸਕਦੇ ਹਨ। ਮੈਂ ਬਹੁਤ ਸਮਾਂ ਨਾ ਲੈਂਦਾ ਹੋਇਆ ਇਹ ਅਰਜ਼ ਕਰਾਂਗਾ ਕਿ ਜਿਹੜੀਆਂ ਡਿਮਾਂਡਜ਼ ਸਾਡੇ ਸਾਮ੍ਹਣੇ ਹਨ ਉਨ੍ਹਾਂ ਦੀਆਂ ਜਿਹੜੀਆਂ ਨੀਤੀਆਂ ਹਨ, ਉਹ ਕੋਈ ਅੱਛੀ ਨੀਤੀ ਰਿਫ਼ਲੈਕਟ ਨਹੀਂ ਕਰਦੀਆਂ ਹਨ ਅਤੇ ਨਾ ਇਹ ਕੋਈ ਚੰਗੀਆਂ ਲਗਦੀਆਂ ਹਨ। ਪਰ ਇਕ ਗਲ ਮੈਂ ਜ਼ਰੂਰ ਕਹਾਂਗਾ ਕਿ ਸਾਡੇ ਮੁੱਖ ਮੰਤਰੀ ਸਾਹਿਬ ਦਾ ਝੁਕਾ ਤਾਂ ਸਵਤੰਤਰ ਪਾਰਟੀ ਦੀਆਂ ਨੀਤੀਆਂ ਵੱਲ ਵੱਧਦਾ ਜਾ ਰਿਹਾ ਹੈ ਅਤੇ ਸੰਤ ਫ਼ਤਿਹ ਸਿੰਘ ਜੀ ਦੀ ਜਿਹੜੀ ਨੀਤੀ ਹੈ ਉਸ ਮੁਤਾਬਕ ਉਹ ਪੈਰੋਕਿਯੂਲਿਜ਼ਮ ਦਾ ਲੀਡਰ ਹੁੰਦਾ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਜੋ ਪਾਲਿਸੀ ਹੈ ਉਹ ਸਾਫ਼ ਸਾਫ਼ ਦਸਣ ਅਤੇ ਪੰਜਾਬ ਦੀ ਜਨਤਾ ਨੂੰ ਆਪਣੀ ਪਾਲੀਸੀਆਂ ਦੇ ਸਿਲਸਲੇ ਵਿਚ ਅੰਧੇਰੇ ਵਿਚ ਨਾ ਰਖਣ। ਇੰਨੇ ਸ਼ਬਦ ਕਹਿ ਕੇ ਮੈਂ ਬੈਠ ਜਾਂਦਾ ਹਾਂ।

ਸਰਦਾਰ ਨਰਿੰਦਰ ਸਿੰਘ (ਨਾਭਾ) : ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰ : 3, 32, 47, ਔਰ 4 ਦੇ ਉਤੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । (ਵਿਘਨ) ਪੇਸ਼ਤਰ ਇਸ ਦੇ ਕਿ ਮੈਂ ਸ਼ੁਰੂ ਕਰਾਂ ਮੈਂ ਦਸਣਾ ਚਾਹੁੰਦਾ ਹਾਂ ਕਿ (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਦਰਅਸਲ ਜਦੋਂ ਬਜਟ ਤੇ ਬਹਿਸ ਹੋਈ ਉਥੇ ਇਕ ਪ੍ਰੋਫੈਸ਼ਨ ਨੇ ਦੂਸਰੇ ਪ੍ਰੋਫ਼ੈਸ਼ਨ ਦੇ ਖਿਲਾਫ਼ ਲੜਾਈ ਸ਼ੁਰੂ ਕਰ ਦਿਤੀ ਜੇ ਵੈਲਥ ਟੈਕਸ ਦਾ ਜ਼ਿਕਰ ਆਇਆ ਤਾਂ ਸੇਲਜ਼ ਟੈਕਸ ਨੇ ਕਿਹਾ ਕਿ ਅਸੀਂ ਅਗਰ ਆਪੋਜ਼ ਨਾ ਕੀਤਾ ਤਾਂ ਇਹ ਸਾਡੇ ਧਰਮ ਦੇ ਵਿਰੁਧ ਹੋਵੇਗਾ । ਕੌਣ ਕਹਿੰਦਾ ਹੈ ਸੇਲਜ਼ ਟੈਕਸ ਗਰੀਬਾਂ ਤੇ ਵਧਾਇਆ ਜਾਏ ? ਇਹ ਤਾਂ ਲਗਣਾ ਹੀ ਪ੍ਰਚੇਜ਼ਰ ਤੇ ਹੈ। ਇਸ ਦਾ ਮਤਲਬ ਇਹ ਤਾਂ ਨਹੀਂ ਕਿ ਇਹ ਲਗੇ ਹੀ ਕਿਸੇ ਤੇ ਨਾ । ਐਸੀ ਗਲ ਨਹੀਂ । ਇਹ ਅੰਗਰੇਜ਼ਾਂ ਦੇ ਸਮੇਂ ਵੀ ਆਇਆ ਸੀ (ਵਿਘਨ) ਇਸ ਨੂੰ ਸੇਲਜ਼ ਟੈਕਸ ਕਹਿ ਦਿੰਦੇ ਹਨ ਪਰ ਇਹ ਦੇਣਾ ਤਾਂ ਪਰਚੇਜ਼ਰ ਨੇ ਹੈ । ਮੈਂ ਅਗਰ ਕੋਈ ਚੀਜ਼ ਖਰੀਦਣ ਜਾਵਾਂ ਤਾਂ ਟੈਕਸ ਜੋ ਲਗੇਗਾ ਉਸ ਦਾ ਨਾਂ ਸੇਲ ਟੈਕਸ ਹੈ ਪਰ ਦੇਵਾਂਗਾ ਮੈਂ ; ਜੋ ਖਰੀਦਾਰ ਹਾਂ । ਅਗਰ ਸਿਧੀ ਗਲ ਕਹਿਣ ਕਿ ਹਿਸਾਬ ਕਿਤਾਬ ਨਹੀਂ ਰਖਿਆ ਜਾਂਦਾ ਤਾਂ ਤੇ ਗਲ ਸਮਝ ਆਉਂਦੀ ਹੈ । ਇਹ ਸੋਰਸ ਤੇ ਲਗਣਾ ਚਾਹੀਦਾ ਹੈ ਇਹੀ ਰਾਏ ਇਸ ਸਰਕਾਰ ਦੀ ਵੀ ਹੈ ਅਤੇ ਅਗਰ ਇਹ ਲਾਉਣਾ ਸੰਭਵ ਹੋਇਆ ਤਾਂ ਸੋਰਸ ਤੇ ਲਾ ਦਿਤਾ ਜਾਏਗਾ । ਪਰ ਇਸ ਨੂੰ ਵੈਲਥ ਟੈਕਸ ਦੇ ਨਾਲ ਮਿਕਸ ਅਪ ਨਹੀਂ ਕਰਨਾ ਚਾਹੀਦਾ । ਡਾਂਗ ਸਾਹਿਬ ਬੜੇ ਪਰਾਗਰੈਸਿਵ ਵੀਊਜ਼ ਦੇ ਹਨ ਬਹੁਤ ਸਾਰੀਆਂ ਗਲਾਂ ਵਿਚ ਮੈਂ ਇਨ੍ਹਾਂ ਦੇ ਨਾਲ ਸਹਿਮਤ ਹਾਂ । ਮੈਂ ਅਗਰ ਪ੍ਰਿੰਸਿਜ਼ ਦੀ ਗਲ ਕਰਦਾ ਹਾਂ ਉਹ ਮੇਰੇ ਕੋਈ ਰਿਸ਼ਤੇਦਾਰ ਨਹੀਂ ਹਨ। (ਵਿਘਨ) ਪਰ ਇਕ ਮਾਰਲ ਅਤੇ ਇਕ ਲੀਗਲ ਗਰਾਂਊਂਡ ਹੁੰਦੀ ਹੈ । ਸਰਦਾਰ ਪਰਤਾਪ ਸਿੰਘ ਦੇ ਸਮੇਂ ਦੀ ਗਲ ਹੈ– ਮੈਂ ਨਾਮ ਨਹੀਂ ਲਵਾਂਗਾ– ਇਕ ਪਰਾਸਟੀਚਯੂਟ ਰੇਪ ਹੋ ਗਈ । ਉਸ ਨੇ ਕੇਸ ਰਜਿਸਟਰ ਕਰਨ ਤੋਂ ਇਨਕਾਰ ਕਰ ਦਿਤਾ ਕਿ ਉਹ ਤਾਂ ਪਹਿਲਾਂ ਹੀ ਪਰਾਸਟੀਚਯੂਟ ਹੈ, ਕੇਸ ਕੀ ਰਜਿਸਟਰ ਕੀਤਾ ਜਾਵੇ । ਸੋ ਇਕ ਮਾਰਲ ਅਤੇ ਇਕ ਲੀਗਲ ਗਰਾਊਂਡ ਹੁੰਦੀ ਹੈ। ਇਸੇ ਤਰ੍ਹਾਂ ਕਲ ਨੂੰ ਕਿਹਾ ਜਾ ਸਕਦਾ ਹੈ ਕਿ ਫੌਜੀਆਂ ਦੀਆਂ ਪੈਨਸ਼ਨਾਂ ਬੰਦ ਕਰ ਦਿਉ, ਸਰਕਾਰੀ ਕਰਮਚਾਰੀਆਂ ਦੀਆਂ ਪੈਨਸ਼ਨਾਂ ਬੰਦ ਕਰ ਦਿਉ । ਤਾਂ ਕੀ ਉਸਦੀ ਇਜਾਜ਼ਤ ਦਿਉਗੇ ? ਮੇਰਾ ਭਾਵ ਕਿਸੇ ਨੂੰ ਡੀਫੈਂਡ ਕਰਨ ਦਾ ਨਹੀਂ ਹੈ ਪਰ ਮੈਂ ਕਹਾਂਗਾ ਕਿ ਇਸ ਕੇਸ ਵਿਚ ਮਾਰਲ ਵੀਉ ਲੈਣਾ ਚਾਹੀਦਾ ਹੈ । ਸਰਕਾਰ ਇਕ ਕਨਟੀਨਿਊਟਿ ਹੈ । ਇਹ ਕਿਸੇ ਦੀ ਜਦੀ ਜਾਇਦਾਦ ਨਹੀਂ ਹੈ, ਡਿਮਾਕਰੇਸੀ ਵਿਚ ਇਹ ਬਦਲਦੀ ਰਹਿੰਦੀ ਹੈ । (ਚੌਧਰੀ ਸਾਧੂ ਰਾਮ ਵਲੋਂ ਵਿਘਨ) ਮੈਂ ਤੇਰੇ ਪੋਤੜਿਆਂ ਤੋਂ ਵਾਕਫ ਹਾਂ, ਮੈਂ ਕੁਝ ਕਹਿ ਦਿਆਂਗਾ, ਚੁਪ ਰਹਿ । (ਵਿਘਨ) ਅਸੀ ਦੋਵੇਂ ਹੀ ਹਮਾਮ ਵਿਚ ਇਕਠੇ ਹੀ ਨੰਗੇ ਰਹੇ ਹਾਂ ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਵਿਚ ਟਰਾਂਸਪੋਰਟ ਦਾ ਜ਼ਿਕਰ ਆਇਆ ਹੈ। ਸਰਕਾਰ ਨੇ ਬੜੀ ਦੇਰ ਤੋਂ ਇਸ ਵਿਚ ਇਕ ਪਾਲਸੀ ਅਪਣਾਈ ਹੋਈ ਹੈ। ਪਰਾਈਵੇਟ ਅਪਰੇਟਰਾਂ ਨੇ ਸਰਕਾਰ ਨੂੰ ਇਕ ਸੁਝਾ ਦਿਤਾ ਸੀ ਕਿ ਸਾਨੂੰ ਡੀਲਕਸ ਬਸਾਂ ਚਲਾਉਣ ਦੀ ਇਜਾਜ਼ਤ ਦੇ ਦਿਉ ਇਸੇ ਕਿਰਾਏ ਤੇ ਜਿਸ ਤੇ ਕਿ ਸਰਕਾਰੀ ਆਮ ਬਸਾਂ ਚਲਦੀਆਂ ਹਨ। ਪਰ ਸਰਕਾਰ ਇਸ ਗਲ

ਲਈ ਤਿਆਰ ਨਹੀਂ ਹੋਈ ਅਤੇ ਇਸ ਤਰ੍ਹਾਂ ਇਸ ਨੇ ਫ਼ੇਅਰ ਕਮਪੀਟੀਸ਼ਨ ਤੋਂ ਜਵਾਬ ਦੇ ਦਿਤਾ ਜੋ ਮੁਨਾਸਬ ਗਲ ਨਹੀਂ ਸੀ। ਅਜ ਸਾਡੀਆਂ ਟਰਾਂਸਪੋਰਟ ਸਰਵਿਸਿਜ਼ ਵਿਚ ਬੜੀ ਇਨਐਫੀਸ਼ੈਂਸੀ ਹੈ। ਮੈਂ ਨੈਸ਼ਨਲਾਈਜ਼ੇਸ਼ਨ ਦੇ ਖਿਲਾਫ ਨਹੀਂ ਹਾਂ, ਹੋ ਜਾਣੀ ਚਾਹੀਦੀ ਹੈ ਪਰ ਇਹ ਤਦ ਹੀ ਤਾਂ ਹੋਵੇਗੀ ਜਦੋਂ ਸਰਕਾਰ ਦੇ ਪਾਸ ਕਾਫ਼ੀ ਪੈਸਾ ਹੋਵੇਗਾ। ਹੁਣੇ ਖਰਬੰਦਾ ਸਾਹਿਬ ਨੇ ਕਿਹਾ ਸੀ ਕਿ ਅਡਿਆਂ ਦੀ ਹਾਲਤ ਖਰਾਬ ਹੈ, ਬਸਾਂ ਠੀਕ ਨਹੀਂ ਹਨ, ਬਰੇਕ ਡਾਊਨ ਬਹੁਤ ਹੁੰਦੇ ਹਨ। ਇਸ ਲਈ ਅਗਰ ਹਾਲਤ ਸਰਕਾਰੀ ਬਸਾਂ ਦੀ ਚੰਗੀ ਹੋਵੇਗੀ ਤਾਂ ਨੈਸ਼ਨਲਾਈਜ਼ੇਸ਼ਨ ਕਰ ਲਉ ਕੋਈ ਰੌਲਾ ਨਹੀਂ ਹੈ। (ਵਿਘਨ)

ਐਕਸੀਡੈਂਟਸ ਦੀ ਗਲ ਹੋਈ। ਡਾਂਗ ਸਾਹਿਬ ਨੇ ਫਿਗਰਜ਼ ਪੜ੍ਹ ਕੇ ਦਸੀਆਂ ਇਨ੍ਹਾਂ ਗਲਾਂ ਦਾ ਮੈਂ ਵੀ ਵਿਕਟਮ ਰਿਹਾ ਹਾਂ। ਮੈਂ ਸਮਝਦਾ ਹਾਂ ਕਿ ਸਾਨੂੰ ਪਹਿਲਾਂ ਇਸ ਸਿਲਸਿਲੇ ਵਿਚ ਆਮ ਲੋਕਾਂ ਨੂੰ ਐਜੂਕੇਟ ਕਰਨ ਦੀ ਲੋੜ ਹੈ। ਦੇਹਾਤੀ ਪਰੋਗਰਾਮ ਵਿਚ ਇਸ ਗਲ ਨੂੰ ਲੋਕਾਂ ਤਾਈ ਪਹੁੰਚਾ ਕੇ ਅਸੀਂ ਐਕਸੀਡੈਂਟਸ ਦੀ ਤਾਦਾਦ ਨੂੰ ਮਿਨੀਮਾਈਜ਼ ਕਰ ਸਕਦੇ ਹਾਂ, ਬਿਲਕੁਲ ਤਾਂ ਬੰਦ ਨਹੀਂ ਕਰ ਸਕਦੇ, ਐਕਸੀਡੈਂਟ ਇਜ਼ ਐਨ ਐਕਸੀਡੈਂਟ, ਮਗਰ ਇਨ੍ਹਾਂ ਨੂੰ ਘਟਾਉਣ ਦੇ ਤਰੀਕੇ ਇਖਤਿਆਰ ਕੀਤੇ ਜਾ ਸਕਦੇ ਹਨ ਅਤੇ ਕਿੰਨੀਆਂ ਹੀ ਵੈਲਯੂਏਬਲ ਲਾਈਵਜ਼ ਬਚਾਈਆਂ ਜਾ ਸਕਦੀਆਂ ਹਨ। ਅਸੀਂ ਲੋਕਾਂ ਨੂੰ ਐਜੂਕੇਟ ਨਹੀਂ ਕਰ ਸਕੇ। ਡਿਪਟੀ ਸਪੀਕਰ ਸਾਹਿਬ, ਆਪ ਨੂੰ ਯਾਦ ਹੋਣਾ ਹੈ ਕਿ ਅੰਗਰੇਜ਼ ਦੇ ਸਮੇਂ ਹਰ ਗਡੇ ਵਾਲਾ ਗਡੇ ਦੇ ਹੇਠਾਂ ਲਾਲਟੈਨ ਜਲਾ ਕੇ ਸਫਰ ਕਰਦਾ ਸੀ, ਹਰ ਆਦਮੀ ਰਾਤ ਨੂੰ ਸੜਕ ਤੇ ਬਤੀ ਜਲਾ ਕੇ ਨਿਕਲਦਾ ਸੀ। ਪਰ ਅਜ ਕੋਈ ਨਹੀਂ ਪੁਛਦਾ। ਅਸੀਂ ਨਾਈਟ ਪੈਟਰੋਲਿੰਗ ਬੰਦ ਕਰ ਦਿਤੀ ਹੈ। ਹੁਣ ਵੀ ਇਕ ਸੁਕਏਡ ਇੰਟਰੋਡਯੂਸ ਕਰਨਾ ਚਾਹੀਦਾ ਹੈ ਜੋ ਰਾਤ ਨੂੰ ਚੈਕ ਕਰੇ ਡਰਾਈਵਰਾਂ ਨੂੰ ਖੜਾ ਕਰਕੇ ਦੇਖੇ, ਇਸ ਨੇ ਕਿੰਨੀ ਪੀਤੀ ਹੋਈ ਹੈ, ਇਸ ਦੀਆਂ ਲਾਈਟਾਂ ਠੀਕ ਹਨ ਜਾਂ ਨਹੀਂ, ਗਡੀ ਪਾਸ ਕਰਾਉਣ ਲਗਾ ਡਿਪਰ ਮਾਰਦਾ ਹੈ ਜਾਂ ਨਹੀਂ। ਫਿਰ ਗਡੇ ਤੇ ਤੂੜੀ ਇਸ ਤਰ੍ਹਾਂ ਫੁਲਾ ਕੇ ਲਦੀ ਹੋਈ ਹੁੰਦੀ ਹੈ ਕਿ ਨਾਲ ਦੀ ਹੋਰ ਕੋਈ ਪਾਸ ਹੀ ਨਹੀਂ ਕਰ ਸਕਦਾ। ਇਸ ਨਾਲ ਵੀ ਕਈ ਐਕਸੀਡੈਂਟਸ ਹੋ ਜਾਂਦੇ ਹਨ ਖਾਸ ਕਰਕੇ ਪੁਲਾਂ ਆਦਿ ਤੇ। ਮੈਂ ਵੀ ਇਸ ਤਰ੍ਹਾਂ ਦਾ ਇਕ ਐਕਸੀਡੈਂਟ ਦੇਖਿਆ ਕਾਰ ਅਤੇ ਤੂੜੀ ਦੇ ਗਡੇ ਦਾ। ਇਹ ਤੂੜੀ ਦਾ ਫੁਲਾ ਟਰੈਫਿਕ ਵਿਚ ਹਿੰਡਰੈਂਸ ਪੈਦਾ ਕਰਦਾ ਹੈ। ਇਸ ਗਲ ਦਾ ਵੀ ਇਲਾਜ ਹੋਣਾ ਚਾਹੀਦਾ ਹੈ। ਪਹਿਲਾਂ ਜਨਤਾ ਨੂੰ ਇਸ ਬਾਰੇ ਐਜੂਕੇਟ ਕਰਨਾ ਚਾਹੀਦਾ ਹੈ ਕਿ ਸਰਕਾਰ ਇਹ ਗਲ ਕਰਨ ਲਗੀ ਹੈ ਅਤੇ ਫਿਰ ਉਸ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। (ਵਿਘਨ) ਪੀ ਕੇ ਸੈਂਸ ਵਿਚ ਰਹੇ ਤਾਂ ਠੀਕ ਹੈ। ਵੈਸਟਰਨ ਕੰਟਰੀਜ਼ ਵਿਚ ਸਾਰੇ ਹੀ ਪੀਂਦੇ ਹਨ। (ਵਿਘਨ) ਸਰਦਾਰ ਕਿਰਪਾਲ ਸਿੰਘ ਹੋਰੀਂ ਹੈਂ ਨਹੀਂ, ਉਹ ਮੈਨੂੰ ਦਰੁਸਤ ਕਰ ਦਿੰਦੇ :

ਜੋ ਪਾਕਬਾਜ਼ ਹੈਂ ਪੀਤੇ ਹੈਂ ਛੁਪ ਛੁਪ ਕਰ

ਮੈਂ ਪਾਕ ਦਿਲ ਹੂੰ ਸਰੇ ਰਾਹ ਗੁਜ਼ਰ ਪੀ ਲੂੰਗਾ।

ਮੈਂ ਕਾਂਗਰਸ ਵਿਚ ਰਿਹਾ ਹਾਂ। ਅਲਮਾਰੀ ਵਿਚ ਬੋਤਲ ਬੰਦ ਹੁੰਦੀ ਸੀ, ਦੋ ਆਦਮੀ ਆ ਗਏ ਤਾਂ ਗੁਸਲਖਾਨੇ ਵਿਚ ਲੁਕ ਕੇ ਪੀ ਲੈਣੀ। ਇਹ ਗਲ ਮਾੜੀ ਸੀ। (ਵਿਘਨ)

Mr. Deputy Speaker : Dr. Sadhu Ram if you go on interrupting like this then I will not be able to give time to your party which I propose to give.

Shri Balmukand Sharma : * xx xx xx

Mr. Deputy Speaker : This is not to be taken down.

(ਡਾਕਟਰ ਸਾਧੂ ਰਾਮ ਵਲੋਂ ਵਿਘਨ)

ਸਰਦਾਰ ਨਰਿੰਦਰ ਸਿੰਘ : ਛੱਜ ਤਾਂ ਬੋਲੇ ਛਾਨਨੀ ਨੂੰ ਨਹੀਂ ਬੋਲਣਾ ਚਾਹੀਦਾ। ਹੁਣ ਮੈਂ ਕੁਝ ਐਕਸਾਈਜ਼ ਦੀ ਪਾਲਸੀ ਬਾਰੇ ਕਹਿਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਝਗਾ ਚੁਕਿਆ ਢਿਡ ਤਾਂ ਨੰਗਾ ਹੁੰਦਾ ਹੀ ਹੈ। ਐਕਸਾਈਜ਼ ਦੀਆਂ ਦੁਕਾਨਾਂ ਖੋਲਣ ਦੀ ਪਾਲਸੀ ਬਾਰੇ ਕਈ ਮੈਂਬਰਾਂ ਨੇ ਬੜਾ ਇਤਰਾਜ਼ ਕੀਤਾ ਹੈ। ਚੌਧਰੀ ਬਲਬੀਰ ਸਿੰਘ ਹੋਰਾਂ ਨੇ ਵੀ ਪੁਆਇੰਟ ਆਊਟ ਕੀਤਾ ਸੀ ਕਿ ਕਿਸ ਤਰ੍ਹਾਂ ਗਰਲਜ਼ ਸਕੂਲਾਂ ਪਾਸ, ਵਿਮੈਨ ਜਾਂ ਕੋਐਜੂਕੇਸ਼ਨਲ ਇੰਸਟੀਚੂਸ਼ਨਜ਼ ਦੇ ਨੇੜੇ ਠੇਕਿਆਂ ਦਾ ਹੋਣਾ ਨਾ ਮੁਨਾਸਿਬ ਹੈ। ਉਨ੍ਹਾਂ ਦੀ ਸਾਈਟ ਬਦਲਣੀ ਚਾਹੀਦੀ ਹੈ। ਮੈਂ ਅਰਜ਼ ਕਰਾਂ ਕਿ ਮੇਰੇ ਇਲਾਕੇ ਵਿਚ ਇਕ ਪਿੰਡ ਵਿਚ ਇਕ ਗੁਰਦੁਆਰੇ ਦੇ ਕਮਰੇ ਵਿਚ ਠੇਕਾ ਖੁਲਿਆ ਹੋਇਆ ਹੈ ....(ਵਿਘਨ)

ਇਕ ਆਵਾਜ਼ : ਯਾ ਵੁਹ ਜਗ੍ਹਾ ਬਤਾ ਦੇ ਜਹਾਂ ਖੁਦਾ ਨਾ ਹੋ (ਹਾਸਾ)

ਸਰਦਾਰ ਨਰਿੰਦਰ ਸਿੰਘ : ਧਨੀਵਾਲ ਪਿੰਡ ਦੇ ਗੁਰਦੁਆਰੇ ਵਿਚ ਠੇਕਾ ਖੁਲਿਆ ਹੋਇਆ ਹੈ। ਕਹਿੰਦੇ ਹਨ ਕਿ ਆਮਦਨ ਬੜੀ ਹੁੰਦੀ ਹੈ। ਇਸ ਤਰ੍ਹਾਂ ਇਹ ਦੁਕਾਨਾਂ ਪਬਲਿਕ ਨੀਊਸੈਂਸ ਬਣ ਜਾਂਦੀਆਂ ਹਨ। ਸਵੇਰੇ ਸ਼ਾਮ ਕੀਰਤਨ ਹੁੰਦਾ ਹੈ ਬੀਬੀਆਂ ਬਚੀਆਂ ਆਉਂਦੀਆਂ ਜਾਂਦੀਆਂ ਹਨ, ਨਾਲ ਹੀ ਸ਼ਰਾਬ ਵਿਕਦੀ ਹੈ। ਸਰਕਾਰ ਨੂੰ ਇਸ ਪਖ ਵਲ ਧਿਆਨ ਦੇਣਾ ਚਾਹੀਦਾ ਹੈ, ਜਦੋਂ ਵੀ ਕੋਈ ਦੁਕਾਨ ਖੋਲਣੀ ਹੋਵੇ ਤਾਂ ਉਸਦੀ ਸਾਈਟ ਨੂੰ ਚੰਗੀ ਤਰ੍ਹਾਂ ਦੇਖ ਕੇ ਇਜਾਜ਼ਤ ਦੇਣੀ ਚਾਹੀਦੀ ਹੈ। (ਵਿਘਨ)

ਬਾਕੀ ਵੈਲਥ ਟੈਕਸ ਅਤੇ ਸੇਲਜ਼ ਟੈਕਸ ਦੇ ਬਾਰੇ ਵਿਚ ਡਾਂਗ ਸਾਹਿਬ ਨੇ ਫਰਮਾਇਆ ਹੈ, ਉਸ ਬਾਰੇ ਲੈਜਿਸਲੇਸ਼ਨ ਆ ਰਹੀ ਹੈ, ਉਸ ਵੇਲੇ ਗਲ ਕਹਾਂਗਾ ਇਸ ਵੇਲੇ ਕਿਉਂ ਹਾਊਸ ਦਾ ਵਕਤ ਜ਼ਾਇਆ ਕਰਾਂ। ਆਪ ਦਾ ਸ਼ੁਕਰੀਆ।

चौधरी बलबीर सिंह : (हुशियारपुर) उपाध्यक्ष महोदय, आज सदन के सामने सेल्ज़ टैक्स के बारे में मांग पेश है। पोज़ीशन यह है कि मर्ज बढ़ता गया जूं जूं दवा की आप जानते हैं कि सर सिकन्दर के वक्त में जब यह टैक्स लगाया गया था तो चार आना फी सैंकड़ा लगाया गया था। और 53 दिन की हड़ताल हुई थी। आज यह 6/-रु. और 10/-रु. फी सैंकड़ा है। और फिर सारे टैक्स इस ढंग से लगे हुए हैं कि इन में सुधार करने के लिए कितनी बार कहा

xxNot recorded under orders of the Chair.

गया है पर सरकार ने इस ओर कोई कोशिश नहीं की। चाहे इस के ठीक कराने के लिए धरने लगे और भूख हड़तालें भी हुई। कामरेड राम कृष्ण के ज़माना में चन्डीगढ़ में धरना लगा कि सेल्ज़ टैक्स पहली स्टेज पर लगाया जाए और फिर दोबारा धरना लुधियाना में लगा, जहां पर कि प्रधान व्यापार मण्डल और मैं भी धरने पर बैठा था। ज्ञानी गुरमुख सिंह मुसाफिर चीफ मिनिस्टर थे। उन्हों ने भी कहा था कि सेल्ज़ टैक्स फस्ट स्टेज पर लगाया जायेगा। फिर उस के बाद यूनाइटिड फ्रंट की सरकार आई और उस ने 10 सूत्री प्रोग्राम पेश किया। उस का तीसरा नुक्ता यह था कि सेल्ज़ टैक्स पहली स्टेज पर लगाया जाएगा। और व्यापारियों से वादा किया गया लेकिन, आज सन 1967 से 1970 तक तीन वर्ष और गुज़र गये हैं और गिल साहिब ने दस सूत्री से बढ़ा कर तेरह सूत्री प्रोग्राम कर दिया लेकिन सेल्ज़ टैक्स का मसला हल नहीं हुआ। फिर अकाली जन संघ सरकार आई तो व्यापारियों को कहा गया कि हम ट्रेडर्ज़ की मुश्किल को दूर करेंगें लेकिन ऐसा नहीं किया गया। डाक्टर बलदेव प्रकाश के नेतृत्व में रिसोर्सिज़ कमेटी बनाई गई तो भी अब तक कुछ नहीं किया गया। कांग्रेस सरकार ने भी स्टेट लेवल पर सेल्ज़ टैक्स की एक कमेटी बनाई थी जिस ने व्यापार मण्डल के नुमायंदों से बातचीत की थी मैं भी मण्डल का प्रधान होने के नाते गया था। और बात चीत हुई थी और वहां पर माना गया था कि यह जायज़ मांग है और इस का हल होना चाहिए। इस के साथ ही ज़िला लैवल पर भी कमेटियां थी। और यूनाइटिड फ्रंट गवर्नमैंट की तरफ से भी आश्वासन दिया गया था और व्यापार मंडल के नुमायन्दों से बात चीत कर के यह नतीजा निकाला गया था कि इस टैक्स में बुनियादी तौर पर तबदीली करने की ज़रुरत है। और इस के बारे में डिसीजन लिया गया था और सरकार इस को खुद मान चुकी है कि साथ वाली यानी ऐडजायनिंग स्टेट में जो सेल्ज टैक्स हो वही यहां पर हो यानी साथ लगने वाली स्टेट्स में एक जैसा हो। अगर आप देखो तो पता चलेगा कि पठानकोट से हुश्यारपुर और रोपड़ तक बहुत बड़ा बार्डर हिमाचल के साथ मिलता है और हिमाचल में 3 परसैंट टैक्स है और पंजाब में 6 परसैंट। इस से कारोबार को नुकसान होता है। और हो रहा है। लेकिन इस की परवाह नहीं की जाती और मुख्यमन्त्री जलाल में आ कर कह तो जाते हैं कि मैं किसी का हाथ पकड़ कर रोक तो नहीं सकता लेकिन यह बात सही है कि कारोबार को नुकसान हो रहा है और इस के बारे में कार्यवाही जल्दी की जानी चाहिये बाद में की गई तो उस का क्या फ़ायदा होगा।

[चौधरी बलबीर सिंह]

यह कहा जाता है कि सरकार ने बार्डर एरिया में सहूलतें दी हैं लेकिन यह जो मुस्तकिल सहूलत है यह नहीं दी गई। जितना बार्डर का एरिया है इस में एक मील पर तीन परसैंट टैक्स हैं और दूसरे मील पर 6 परसैंट है तो कारोबार किस ढंग से चल सकता है। इस फर्क की वजह से कारोबार को नुकसान हो रहा है। होश्यारपुर की तहसील ऊना का तीन चौथाई हिस्सा हिमाचल में चला गया है और जो कांगड़ा के साथ ट्रेड थी जिस पर हुश्यारपुर पठानकोट और रोपड़ का गुज़ारा था और जो नार्मल चैनल चलता था व्यापार का वह बंद हो गया है और सेल्ज़ टैक्स की दर के बदलने से चैनल भी बदल गया है। वह लोग पंजाब से माल खरीद नहीं करते, हिमाचल से खरीदते हैं इस से इलाके का कारोबार खत्म हो गया है। इलाका तबाह हो रहा है। यहां पर ही नहीं ज़ोनल कौंसल में भी यह फैसला किया गया था कि राजस्थान, दिल्ली, हरियाणा पंजाब में टैक्स एक जैसा हो। बावजूद इस फैसले के कोई कार्यवाही नहीं की गई, हालांकि टैक्सों को एक जैसा करने की जरुरत है क्योंकि इस के बिना व्यापार को नुकसान हो रहा है।

इन्डस्ट्री के बारे में मैं यह कहना चाहता हूं कि लुधियाना वालों ने कोशिश की है कि उन का माल ऐक्सपोर्ट हो। उन की कोशिशें छोटे स्केल पर है कि पंजाब से माल बाहर जाए। मगर इस टैक्स की वजह से काफी दिक्कत आ रही है। और नुकसान हो रहा है। एक किस्म के धागे पर टैक्स 3 परसैंट है और दूसरी किस्म के धागे पर 6 परसैंट है। इस तरह दो ढंग से टैक्स लगाने के कारण कुरप्शन बढ़ती है। सेल्ज़ टैक्स आफिसर क्योंकि खुद मौके पर नहीं जाता इस लिये वह तो चैक कर नहीं सकता कि कौन सा धागा लगाया गया है उस के पास टैक्नीकल समझ नहीं होती और इस तरह कुरप्शन बढ़ती है। फिर यह कहा जाता है कि टैक्स दुकानदार देता नहीं है और कनज्युमर देता है। मगर इस का नतीजा तो यह लाज़मी है कि सूबे की तजारत इस तरह की सरकारी पालेसी से तबाह हो जाएगी। इस तरह टैक्स की बढ़ी हुई शरह से खास तौर पर बुरा असर पड़ता है।

जरनल बात कही जाती है कि दुकानदार टैक्स की चोरी करता है। मैं यह कहता हूं कि दुकानदार टैक्स की चोरी को छोड़ने को तैयार है अगर आप टैक्स के इस ढांचे को बदल दें। क्योंकि इस तरह के ढांचे के रहने से ट्रेडर को भी नुकसान और दिक्कत उठानी पड़ती है इस ढांचे को बदलने की कोशिश करनी चाहिए और जल्दी करनी चाहिए। जितनी भी पिछली सरकारें थी उन के पास भी यही मुतालबा किया गया था कामरेड राम किशन, सरदार प्रताप सिंह कैरों ज्ञानी गुरमुख सिंह मुसाफिर और गिल सरकार और अब सरदार गुरनाम सिंह की सरकार से भी मुतालबा किया गया हैं कि सैल्ज़ टैक्स पहिली स्टेज पर ही लगाया जाये और यह कहा गया कि ऐसा ही कर दिया जाए लेकिन अफसर इस

फैसला को लागू नही करना चाहते क्योंकि डिपार्टमैंट यह समझता है कि उन के हाथ से यह व्यापारियों की सोने का अंडा देने वाली मुर्गी चली जाएगी उन से कई बार बातचीत हुई है और पूछा भी है कि आप को क्या तकलीफ है तो वह टाल जाते हैं। साफ ज़ाहिर है कि वह नहीं चाहते कि टैक्स को एक जैसा करने के बारे में कदम उठाए जाए क्योंकि इस से ही इन्सपैक्टर राज के खत्म होने का डर उन को बन जाएगा।

मैं भी पंजाब व्यापार मंडल का प्रधान रहा हूं और उस नाते से सरकार के साथ की गई हर बातचीत में शामिल हुआ हूं और हर बार कहा है कि आप बताएं कि आप की तकलीफ क्या है कि टैक्स अगर एक ही ढंग से लग जाए। इस में सरकार को पैसा भी ज्यादा आएगा और व्यापारी को भी बचत होगी। कपड़े से अगर सेल्ज़ टैक्स के मौजूदा तरीके को हटा दिया जाए तो बजाजों की तरफ से जो मुर्गे इस डिपार्टमैंट को मिलते हैं यह बंद हो जाएंगे।

इसी तरह प्योर सिल्क पर टैक्स है। जो टैक्स के बारे में लिस्ट मुहैईया की गई हैं इस में कहा गया है प्योर सिल्क पर टैक्स ज्यादा है। लेकिन इस असैसमैंट को करने के लिए अगर सारे दुकानदारों को बुला कर पूछा जाए तो पता चलेगा कि इस पर खर्चा ज्यादा आता है और टैक्स जो वसूल होगा वह कम होगा। लेकिन सरकार इस तरह सोचती है कि लोगों को शिकजे में किस तरह से लिया जा सकता है। यह जो सरकार के सोचने का ढंग है इस में तबदीलियां की जानी चाहिए ताकि लोगों को फायदा हो सके।

डिप्टी स्पीकर साहिब, जब सरदार बलवंत सिंह 1966-67 में सेल्ज़ टैक्स के मिनिस्टर थे तो उस वक्त अमृतसर में एक कान्फ्रेंस हुई। उस वक्त हम ने सारी बातें इन के नोटिस में ला दी थीं। और यह एग्री कर गए थे कि मैं ने यह मसला समझ लिया है इस में जल्दी से जल्दी सुधार करने की कोशिश करूंगा। मगर आज इस बात को पूरे तीन साल हो गए हैं। इन्हों ने जो माशूक वाला वायदा किया था वह आज तक पूरा नहीं किया। एक और नई बात मैं सरदार बलवंत सिंह के नोटिस में जो लानी चाहता हूं वह यह है कि वह चीफ मिनिस्टर साहिब को यह बात समझाने की कोशिश करें कि यह एक बहुत बड़ा मसला हो गया है। यह गुरु नानक युनीवर्सिटी या पंजाबी युनिवर्सिटी जैसा सवाल नहीं है, यह तो हमेशा के लिए मुश्किल का सवाल बन जाएगा। इस में एक गलत रास्ता पड़ जाएगा। इस तरह से सेल्ज़ टैक्स लगाने का जब सवाल आएगा तो यह डिस्काऊंट काट कर लगाया जाएगा। हर आदमी जो दुकान से माल खरीदेगा। अगर 10/- रु. पर सेल्ज़ टैक्स लगाना चाहिए। तो वह 9/-रु. पर

[चौधरी बलबीर सिंह]

ही देगा आज हर व्यापारी के सामने यहमसला खड़ा हो गया है कि वह टैक्स न लगाए। जब से यह कानून लागू हुआ है पंजाब के व्यापारी डिस्कांऊंट काट कर सेल्ज़ टैक्स लगा रहे हैं। मगर जो फैसला सेल्ज़ टैक्स ट्रिब्यूनल का हुआ वह यह है कि सेल्ज टैकस डिस्कांऊंट इनकलूड कर के वसूल किया जाये। मैं अब भी वज़ीर साहिब को कहूंगा कि मेरी बात को ज़रा समझे इस सेशन के खत्म होते ही वह ट्रेडर्ज़ को बुला कर इस के मुतालिक अपना कोई फ़ैसला दें। यह मौका है कि इस बात को संभाल लिया जाए नहीं तो व्यापारियों की किताबें सब सेल्ज़ टैक्स वाले मंगवा लेंगे और वह इन को उस तारीख से टैक्स को रक्म पे करने को कहेंगे जिस से यह डिसकाँउंट काट कर ग्राहक से लेते चले आ रहे हैं। पिछले तीन चार साल का टैक्स व्यापारियों को देना होगा। आप ज़रा सोचें (विघ्न) और इस मसले का हल निकाले।

ਸਰਦਾਰ ਪ੍ਰੀਤਮ ਸਿੰਘ : (ਸਮਾਣਾ, ਐਸ.ਸੀ.) ਮੈਂ ਡਿਪਟੀ ਸਪੀਕਰ ਸਾਹਿਬ, ਆਪ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਇਹ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਮੇਰਾ ਹਲਕਾ ਇਕ ਤਾਂ ਪਛੜਿਆ ਹੋਇਆ ਹੈ ਦੂਸਰੇ ਹਰਿਆਣੇ ਦੀ ਹੱਦ ਦੇ ਨਾਲ ਲਗਦਾ ਹੈ। ਏਥੇ ਸਰਕਾਰ ਅਤੇ ਉਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਵੱਲੋਂ ਇਹ ਦਾਵੇ ਕੀਤੇ ਗਏ ਹਨ ਕਿ ਅਸੀਂ ਲਿੰਕ ਰੋਡਜ਼ ਬਣਾ ਦਿੱਤੀਆਂ ਹਨ ਅਤੇ ਹੋਰ ਪੁਲ ਵਗੈਰਾ ਬਣਾਏ ਹਨ। ਪਰ ਮੇਰੇ ਹਲਕੇ ਵਿੱਚ ਸੰਨ 58 ਦੀ ਇਕ ਸੜਕ ਖਨੌਰੀ ਤੋਂ ਕਢਣੀ ਮਨਜ਼ੂਰ ਹੋਈ ਹੈ, ਹਰ ਸਾਲ ਲੋਕ ਮਿਟੀ ਪਾਉਂਦੇ ਹਨ ਪਰ ਬਾਰਸ਼ਾਂ ਪੈਣ ਕਾਰਣ ਇਹ ਹਰ ਸਾਲ ਹੀ ਰੁੜ੍ਹ ਜਾਂਦੀ ਹੈ, ਇਸ ਪਾਸੇ ਕੋਈ ਧਿਆਨ ਨਹੀਂ ਦਿਤਾ ਗਿਆ। ਮੈਂ ਵਜ਼ੀਰ ਸਾਹਿਬ ਨੂੰ ਇਹ ਸੜਕ ਵਖਾਉਣ ਦੇ ਵਾਸਤੇ ਵੀ ਤਿਆਰ ਹਾਂ। ਇਤਨੇ ਕਰੈਸ਼ਪ੍ਰੋਗਰਾਮ ਇਨ੍ਹਾਂ ਵੱਲੋਂ ਤਿਆਰ ਹੁੰਦੇ ਹਨ ਇਸ ਤੀਸਰੇ ਪੰਜ ਸਾਲਾ ਪਲੈਨ ਦੇ ਵਿੱਚ, ਪਰ ਮੇਰੇ ਪਛੜੇ ਹੋਏ ਹਲਕੇ ਵਿੱਚ ਇਹ ਹੁਣ ਤਕ ਇਕ ਟੋਟਾ ਵੀ ਨਹੀਂ ਬਣਾ ਸਕੇ ਹਨ। ਸਰਕਾਰ ਹੁਣ ਤੱਕ ਹਰੀਜਨਾਂ ਦੇ ਨਾਲ ਇਹੋ ਵਾਇਦੇ ਕਰਦੀ ਚਲੀ ਹੈ ਕਿ ਅਸੀਂ ਹਰੀਜਨਾਂ ਨੂੰ ਆਪਣੇ ਬਰਾਬਰ ਲਿਆਉਣਾ ਹੈ ਪਛੜੇ ਹੋਏ ਲੋਕਾਂ ਨੂੰ ਬਰਾਬਰ ਕਰਨਾ ਹੈ। ਪਰ ਸਾਡੇ ਹਲਕੇ ਵਿੱਚ ਟਰਾਂਸਪੋਰਟ ਦੀਆਂ ਬਸਾਂ ਵੀ ਪੂਰੀਆਂ ਨਹੀਂ ਚਲਦੀਆਂ ਇਨ੍ਹਾਂ ਲੋਕਾਂ ਨੂੰ 60-60 ਮੀਲ ਤੋਂ ਪੈਦਲ ਤੁਰ ਕੇ ਆਉਣਾ ਪੈਂਦਾ ਹੈ ਇਤਨੀ ਤਕਲੀਫ ਹੈ ਕਿ ਉਹ ਆਪਣੀਆਂ ਤਰੀਕਾਂ ਵੀ ਭੁਗਤ ਨਹੀਂ ਸਕਦੇ। ਮੈਂ ਏਥੇ ਇਹ ਵੀ ਕਹਾਂਗਾ ਕਿ ਬਸਾਂ ਜਿਹੜੀਆਂ ਵੀ ਚਲਾਈਆਂ ਜਾਣ ਇਸ ਵਿਚ 50% ਬੇਸਿਜ਼ ਤੇ ਪ੍ਰਾਈਵੇਟ ਬਸਾਂ ਚਲਾਈਆਂ ਜਾਣ ਤਾਂ ਜੋ ਲੋਕਾਂ ਦੀ ਤਕਲੀਫ ਦੂਰ ਹੋ ਸਕੇ। ਮੈਂ, ਡਿਪਟੀ ਸਪੀਕਰ ਸਾਹਿਬ, ਆਪ ਦੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਗਲ ਦੱਸ ਦੇਣੀ ਚਾਹੁੰਦਾ ਹਾਂ ਕਿ ਜਿਹੜੇ ਠੇਕੇ ਨੀਲਾਮ ਕੀਤੇ ਜਾਂਦੇ ਹਨ ਉਨ੍ਹਾਂ ਦੇ ਵਿੱਚ ਕਿਸੇ ਵੀ ਕਾਇਦੇ ਕਾਨੂੰਨ ਦਾ ਖਿਆਲ ਰਖਿਆ ਨਹੀਂ ਜਾਂਦਾ। ਏਥੋਂ ਤਕ ਕਿ ਜੇ ਇਕ 60 ਹਜ਼ਾਰ ਦਾ ਨੀਲਾਮ ਹੋਇਆ ਹੈ ਅਤੇ ਦੂਸਰਾ 70 ਹਜ਼ਾਰ ਦਾ ਹੋਇਆ ਹੈ ਤਾਂ ਠੇਕਾ ਦਿੱਤਾ ਜਾਂਦਾ ਹੈ 60 ਹਜ਼ਾਰ ਵਾਲੇ ਨੂੰ ਭਾਵੇਂ ਵਧ ਬੋਲੀ ਵਾਲਾ ਨਕਦ ਪੈਸੇ ਦਿੰਦਾ ਹੋਵੇ। ਇਹ ਤਰੀਕਾ ਠੀਕ ਨਹੀਂ ਜਿਹੜਾ ਵੀ ਸਭ ਤੋਂ ਵਧ ਬੋਲੀ ਦੇਵੇ ਉਸ ਨੂੰ ਠੇਕਾ ਮਿਲਣਾ ਚਾਹੀਦਾ ਹੈ।

ਜਿਥੋਂ ਤਕ ਟੈਕਸਾਂ ਦੇ ਲਗਣ ਦਾ ਸਵਾਲ ਹੈ, ਇਹ ਜਿਥੇ ਵੀ ਕੋਈ ਚੀਜ਼ ਤਿਆਰ ਹੁੰਦੀ ਹੈ ਉਥੇ ਹੀ ਲਗਣਾ ਚਾਹੀਦਾ ਹੈ। ਪਰ ਇਕ ਚੀਜ਼ ਜਿਥੇ ਤਿਆਰ ਹੁੰਦੀ ਹੈ ਉਥੇ ਵੀ ਟੈਕਸ ਲਗਦਾ ਹੈ ਫੇਰ 10 ਹੋਰ ਥਾਵਾਂ ਤੇ ਟੈਕਸ ਲਗਦਾ ਹੈ, ਇਹ ਖਾਹਮਖਾਹ ਦਾ ਬੋਝ ਖਰੀਦਣ ਵਾਲੇ ਤੇ ਪੈਂਦਾ ਹੈ। ਹੋਰ ਕੋਈ ਟੈਕਸ ਦੇਣ ਵਾਲਾ ਇਸ ਨੂੰ ਝਲਦਾ ਨਹੀਂ। ਟੈਕਸ ਇਕ ਦਫਾ ਲਗੇ ਅਤੇ ਉਥੇ ਹੀ ਲਗੇ ਜਿਥੇ ਕਿ ਕੋਈ ਚੀਜ਼ ਤਿਆਰ ਹੁੰਦੀ ਹੈ।

ਏਥੇ ਹਰੀਜਨਾਂ ਦੇ ਮਸਲੇ ਤੇ ਬੋਲਦਿਆਂ ਹੋਇਆਂ ਡਾਂਗ ਸਾਹਿਬ ਨੇ ਕਿਹਾ ਕਿ ਹਰੀਜਨ ਮੁਜ਼ਾਰਿਆ ਦਾ ਮਸਲਾ ਹਲ ਹੋਣਾ ਚਾਹੀਦਾ ਹੈ। ਪਰ ਉਹ ਦਿਲੋਂ ਨਹੀਂ ਚਾਹੁੰਦੇ ਐਵੇਂ ਰੌਲਾ ਪਾਉਂਦੇ ਰਹਿੰਦੇ ਹਨ, ਉਨ੍ਹਾਂ ਨੂੰ ਹਰੀਜਨਾਂ ਦੇ ਨਾਲ ਕੋਈ ਹਮਦਰਦੀ ਨਹੀਂ, ਮਨਿਸਟਰੀ ਵਿੱਚ ਵੇਖ ਲਉ ਪੂਰਾ ਹਿਸਾ ਪਹਿਲਾਂ ਏਥੇ ਹੀ ਨਹੀਂ ਇਹ ਦਵਾ ਸਕੇ ਹੋਰ ਤਾਂ ਕੀ ਕਰਨਾ ਸੀ। ਦਰਅਸਲ ਗੱਲ ਇਹ ਹੈ ਕਿ ਇਹ ਦਿਖਾਉਂਦੇ ਕੁਝ ਹੋਰ ਸਨ ਅਤੇ ਕਹਿੰਦੇ ਕੁਝ ਹੋਰ ਹਨ। ਮੈਂ ਇਸ ਮੁਆਮਲੇ ਤੇ ਬਹੁਤਾ ਨਹੀਂ ਕਹਿੰਦਾ ਇਕ ਮਿਸਾਲ ਦੇ ਕੇ ਹੀ ਡਾਂਗ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਉਨ੍ਹਾਂ ਨੂੰ ਵੀ ਸ਼ਾਇਦ ਇਹ ਗੱਲ ਯਾਦ ਹੋਵੇ ਕਿ ਮੇਰੇ ਹਲਕੇ ਵਿੱਚ ਮੁਜ਼ਾਰੇ ਅਤੇ ਬਿਸਵੇਦਾਰਾਂ ਦਾ 35 ਦਿਨ ਤੱਕ ਲਗਾਤਾਰ ਝਗੜਾ ਰਿਹਾ, ਜਿਸ ਦੇ ਵਿੱਚ ਸੈਂਕੜੇ ਬੰਦੇ ਮਾਰੇ ਗਏ। ਉਥੇ ਕਾਮਰੇਡ ਜੰਗੀਰ ਸਿੰਘ ਜੋਗਾ ਅਤੇ ਕਾਮਰੇਡ ਧਰਮ ਸਿੰਘ ਫੱਕਰ ਜੇਲ੍ਹ ਵਿੱਚ ਮੁਜ਼ਾਰਿਆਂ ਦੇ ਹੱਕ ਵਿੱਚ ਫੜੇ ਗਏ। ਮੈਂ ਵੀ ਉਨ੍ਹਾਂ ਦੀਆਂ ਕਮਿਊਨਿਸਟ ਸਟੇਜਾਂ ਤੋਂ ਬੋਲਦਾ ਰਿਹਾ ਹਾਂ। ਇਕ ਸਮਝੌਤਾ ਕਰਾਉਣ ਦੀ ਕੋਸ਼ਿਸ਼ ਉਸ ਵੇਲੇ ਸੁਰਿੰਦਰ ਨਾਥ ਖੋਸਲਾ ਸਾਹਿਬ ਨੇ ਮੁਜ਼ਾਰਿਆਂ ਅਤੇ ਬਿਸਵੇਦਾਰ ਦੇ ਵਿਚਕਾਰ ਕਰਾਉਣ ਦੀ ਕੀਤੀ ਸੀ ਏਥੋਂ ਤੱਕ ਕਿ 20 ਵਿਘੇ ਜ਼ਮੀਨ ਦੇਣ ਵਾਸਤੇ ਉਹ ਤਿਆਰ ਵੀ ਕਰ ਲਏ ਸਨ ਪਰ ਇਨ੍ਹਾਂ ਨੇ ਕਿਹਾ ਕਿ ਅਸੀਂ ਇਹ 20 ਵਿਘੇ ਵੀ ਨਹੀਂ ਲੈਣੀ ਕਿਉਂ ਜੋ ਜੇ ਇਹ ਸਮਝੌਤਾ ਹੋ ਜਾਂਦਾ ਤਾਂ ਫੇਰ ਜਿਹੜਾ ਇਨ੍ਹਾਂ ਲੋਕਾਂ ਦੀ ਆਮਦਨੀ ਦਾ ਇਕੋ ਇਕ ਤਰੀਕਾ ਸੀ ਉਹ ਵੀ ਖਤਮ ਹੋ ਜਾਣਾ ਸੀ, ਕਿਉਂਜੋ ਇਹ ਪਿੰਡਾਂ ਵਿੱਚ ਜਾਂਦੇ ਹਨ ਅਤੇ ਉਨ੍ਹਾਂ ਦੇ ਲਈ ਲੜਨ ਵਾਸਤੇ ਉਗਰਾਹੀ ਲਈ ਦੌੜਾ ਵਿਚਾ ਦਿੰਦੇ ਹਨ, ਪਰ ਐਵੇਂ ਮੁਜ਼ਾਰਿਆ ਦਾ ਨਾਉਂ ਲੈ ਲੈ ਕੇ ਚਾਂਗਰਾ ਮਾਰਦੇ ਹਨ ਅਸਲੋਂ ਇਹ ਮੁਜ਼ਾਰਿਆਂ ਨੂੰ ਉਜਾੜਨ ਵਾਲੇ ਹਨ। ਮੇਰੀ ਗਲ ਨਹੀਂ ਮੰਨਦੇ ਤਾਂ ਜਥੇਦਾਰ ਹਰਦਿਤ ਸਿੰਘ ਭਠਲ ਨੂੰ ਪੁਛ ਲਓ ਕਿ ਕੀ ਕੁਝ ਹੋਇਆ ਉਹ ਤਾਂ ਇਨ੍ਹਾਂ ਦੀ ਸਾਰੀ ਗਲ ਜਾਣਦੇ ਹਨ।

ਦੂਜੀ ਗਲ ਡਿਪਟੀ ਸਪੀਕਰ ਸਾਹਿਬ, ਵੈਲਥ ਟੈਕਸ ਬਾਰੇ ਕਹੀ ਗਈ ਹੈ ਕਿ ਇਹ ਢਾਈ ਲਖ ਦੀ ਜਾਇਦਾਦ ਤੇ ਲਗਣਾ ਚਾਹੀਦਾ ਹੈ ਜਾਂ ਨਹੀਂ। ਪਰ ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਅਗੇ ਹੀ ਪੰਜਾਬ ਅਤੇ ਪੈਪਸੂ ਦੇ ਵਿਚ ਐਕਟ ਬਣਿਆ ਹੋਇਆ ਹੈ ਕਿ ਕੋਈ 30 ਸਟੈਂਡਰਡ ਏਕੜ ਤੋਂ ਵਧ ਜ਼ਮੀਨ ਨਹੀਂ ਰਖ ਸਕਦਾ ਤਾਂ ਜ਼ਿਆਦਾ ਜ਼ਮੀਨਾਂ ਅਤੇ ਵਡੇ ਵਡੇ ਫਾਰਮ ਕਿਥੇ ਮਿਲਣਗੇ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੂੰ ਇਸ ਲਈ ਇਸ ਟੈਕਸ ਦੀ ਵਿਰੋਧਤਾ ਕਰਨੀ ਚਾਹੀਦੀ ਹੈ ਅਤੇ ਸੈਂਟਰ ਨਾਲ ਇਸ ਇਸ਼ੂ ਤੇ ਲੜਨਾ ਚਾਹੀਦਾ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਅਗਲੀ ਗਲ ਮੈਂ ਕਣਕ ਦੀਆਂ ਕੀਮਤਾਂ ਬਾਰੇ ਕਰਨੀ ਚਾਹੁੰਦਾ ਹਾਂ। ਇਸ ਵੇਲੇ ਕਿਸੇ ਜ਼ਿਮੀਦਾਰ ਦਾ ਕੋਈ ਬਜਟ ਨਹੀਂ ਹੈ। ਕਿਸੇ ਨੂੰ ਨਹੀਂ ਪਤਾ ਕਿ ਕਣਕ ਦਾ ਕੀ ਭਾਅ ਹੋਵੇਗਾ, ਕਿੰਨੇ ਦਾਣੇ ਵੇਚਾਂ ਤਾਂ ਕਿੰਨੇ ਪੈਸੇ ਮਿਲਣਗੇ। ਇਸ ਲਏ

[ਸਰਦਾਰ ਪ੍ਰੀਤਮ ਸਿੰਘ]

ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਕਣਕ ਦਾ ਭਾਅ 100 ਰੁਪਏ ਕੁਇੰਟਲ ਤੋਂ ਘਟ ਨਹੀਂ ਹੋਣਾ ਚਾਹੀਦਾ। ਇਤਨੀਆਂ ਗਲਾਂ ਕਹਿ ਕੇ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ।

ਸਰਦਾਰ ਸਰੂਪ ਸਿੰਘ (ਜਲੰਧਰ, ਛਾਉਣੀ) : ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰ : 2, 4, 5, 32 ਅਤੇ 47 ਤੇ ਬੋਲਾਂਗਾ।

ਡਿਪਟੀ ਸਪੀਕਰ ਸਾਹਿਬ, ਇਹ ਦੋਨੋਂ ਮਹਿਕਮੇ ਸਾਡੇ ਚੀਫ਼ ਮਨਿਸਟਰ ਕੋਲ ਹਨ। ਪੰਜਾਬ ਦੇ ਸ਼ਹਿਰੀ ਇਹ ਮਹਿਸੂਸ ਕਰਦੇ ਹਨ ਕਿ ਸਾਡੇ ਚੀਫ਼ ਮਨਿਸਟਰ ਵਿਚ ਪਤਾ ਨਹੀਂ ਮਰਹੂਮ ਸਿਕੰਦਰ ਹਿਯਾਤ ਦਾ ਸਾਇਆ ਆ ਗਿਆ ਹੈ ਜਾਂ ਉਨ੍ਹਾਂ ਦੀ ਰੂਹ ਇਨ੍ਹਾਂ ਦੇ ਵਿਚ ਆ ਵੜੀ ਹੈ। (ਹਾਸਾ) ਇਨ੍ਹਾਂ ਨੇ ਟੈਕਸ ਨੂੰ ਇਤਨਾ ਗੁੰਝਲਦਾਰ ਬਣਾ ਦਿਤਾ ਹੈ ਕਿ ਆਮ ਸ਼ਹਿਰੀ ਮਹਿਸੂਸ ਕਰਦਾ ਹੈ ਕਿ ਉਸ ਦਾ ਗਲਾ ਘੁਟਿਆ ਜਾ ਰਿਹਾ ਹੈ। ਮੇਰੇ ਕਈ ਸਾਥੀਆਂ ਨੇ ਇਸ ਬਾਰੇ ਜ਼ਿਕਰ ਕੀਤਾ ਹੈ ਇਸ ਲਈ ਮੈਂ ਕੋਈ ਚੀਜ਼ ਦੁਹਰਾਉਣਾ ਨਹੀਂ ਚਾਹੁੰਦਾ। ਮੈਂ ਸਿਰਫ਼ ਇਨ੍ਹਾਂ ਨੇ ਸੇਲਜ਼ ਟੈਕਸ ਦੀ ਜੋ ਨਵੀਂ ਅਸੈਸਮੈਂਟ ਕਰਨੀ ਸ਼ੁਰੂ ਕੀਤੀ ਹੈ ਉਹ ਆਪ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪਹਿਲਾਂ ਜਿਹੜਾ ਡਿਸਕਾਊਂਟ ਹੁੰਦਾ ਸੀ ਉਸ ਤੇ ਟ੍ਰੇਡਰ ਨੂੰ ਸੇਲਜ਼ ਟੈਕਸ ਨਹੀਂ ਸੀ ਦੇਣਾ ਪੈਂਦਾ। ਪਰ ਹੁਣ ਉਸ ਤੇ ਵੀ ਉਸ ਤੋਂ ਟੈਕਸ ਮੰਗਿਆ ਜਾ ਰਿਹਾ ਹੈ ਇਸ ਦੇ ਨਾਲ ਟ੍ਰੇਡਰਜ਼ ਨੂੰ ਭਾਰੀ ਤਕਲੀਫ਼ ਹੋ ਰਹੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਪਿਛਲੇ ਸਾਲ ਤੋਂ ਕਹਿ ਰਹੇ ਸੀ ਕਿ ਉਹ ਸੇਲਜ਼ ਟੈਕਸ ਨੂੰ ਸਰਲ ਬਣਾ ਦੇਣਗੇ ਅਤੇ ਸਾਨੂੰ ਇੰਸਪੈਕਟਰਾਂ ਤੋਂ ਛੁਟਕਾਰਾ ਦਿਵਾਉਣਗੇ। ਪਰ ਛੁਟਕਾਰਾ ਤਾਂ ਇਕ ਪਾਸੇ ਰਿਹਾ ਸਗੋਂ ਇਹ ਦੁਕਾਨਦਾਰਾਂ ਨੂੰ ਦਾਇਮੀ ਗੁਲਾਮ ਬਣਾਉਣ ਦੀ ਕਾਰਵਾਈ ਕੀਤੀ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਚੀਜ਼ਾਂ ਤੇ ਪਹਿਲੀ ਸਟੇਜ ਤੇ ਸੇਲਜ਼ ਟੈਕਸ ਲਗ ਸਕਦਾ ਹੈ ਉਸ ਤੇ ਲਾ ਲੈਣ ਵਿਚ ਸਰਕਾਰ ਨੂੰ ਕੀ ਇਤਰਾਜ਼ ਹੈ। ਜਿਵੇਂ ਕਿ ਪੈਟਰੋਲ। ਇਸ ਦੇ ਕੋਈ ਜ਼ਿਆਦਾ ਡਿਪੂ ਵੀ ਨਹੀਂ ਹਨ। ਇਸ ਲਈ ਪਟਰੋਲ ਤੇ ਪਹਿਲੀ ਸਟਜ ਤੇ ਸੇਲਜ਼ ਟੈਕਸ ਲਗ ਸਕਦਾ ਹੈ। ਫਿਰ ਦੂਜੀ ਮਿਸਾਲ ਮੈਂ ਟਾਇਰਾਂ ਦੀ ਦਿੰਦਾ ਹਾਂ। ਪੰਜਾਬ ਦੇ ਵਿਚ ਟਾਇਰਾਂ ਦੀਆਂ ਕੁਲ 6 ਕੰਪਨੀਆਂ ਹਨ। 5 ਜਲੰਧਰ ਦੇ ਵਿਚ ਅਤੇ ਇਕ ਲੁਧਿਆਣੇ ਦੇ ਵਿਚ। ਬਜਾਏ ਇਸਦੇ ਕਿ ਇਨ੍ਹਾਂ 6 ਕੰਪਨੀਆਂ ਤੋਂ ਉਹ ਸਿਧਾ ਟੈਕਸ ਵਸੂਲ ਕਰ ਲੈਣ, ਉਹ 400 ਡੀਲਰਾਂ ਨੂੰ ਤੰਗ ਕਰਦੇ ਹਨ। 2,4 ਵਾਰ ਇਨ੍ਹਾਂ ਨੂੰ ਇਹ ਗਲ ਜ਼ਬਾਨੀ ਕਹੀ ਸੀ ਅਤੇ ਡੈਪੂਟੈਸ਼ਨ ਵੀ ਲੈ ਕੇ ਗਏ ਪਰ ਪਤਾ ਨਹੀਂ ਕਿਉਂ ਇਨ੍ਹਾਂ ਦੇ ਦਿਮਾਗ ਦੇ ਵਿਚ ਇਹ ਗਲ ਕਿਉਂ ਨਹੀਂ ਵੜਦੀ। ਇਨ੍ਹਾਂ ਨੂੰ ਫਸਟ ਸਟੇਜ ਤੇ ਸੇਲਜ਼ ਟੈਕਸ ਲਾਉਣਾ ਚਾਹੀਦਾ ਹੈ। ਇਨ੍ਹਾਂ ਨੇ ਬਜਾਏ ਇਸ ਦੇ ਕਿ 6 ਕੰਪਨੀਆਂ ਤੋਂ ਸੇਲਜ਼ ਟੈਕਸ ਦੇ ਟਾਇਰਾਂ ਦੀਆਂ ਸਾਰੀਆਂ ਦੁਕਾਨਾਂ ਤੇ ਛਾਪੇ ਮਾਰਣ ਦਾ ਹੁਕਮ ਦੇ ਦਿਤਾ। ਜਦੋਂ ਅਸੀਂ ਇਸ ਬਾਰੇ ਆਪਣੀ ਸਫ਼ਾਈ ਦੇ ਰਹੇ ਹਾਂ ਕਿ ਸਾਨੂੰ ਸੇਲਜ਼ ਟੈਕਸ ਤੇ ਕੋਈ ਇਤਰਾਜ਼ ਨਹੀਂ ਜੇ ਇਹ ਪਹਿਲੀ ਸਟੇਜ ਤੇ ਲਗਾ ਦਿਤਾ ਜਾਵੇ ਤਾਂ ਫਿਰ ਛਾਪੇ ਮਾਰਨ ਦੀ ਕੀ ਲੋੜ ਸੀ। ਇਸ ਤਰ੍ਹਾਂ ਇਹ ਟੈਕਸਾਂ ਵਿਚ ਗੁੰਝਲਾਂ ਪਾਈ ਜਾ ਰਹੇ ਹਨ। ਫਿਰ ਡਿਪਟੀ ਸਪੀਕਰ ਸਾਹਿਬ, ਸਾਡੇ ਮੰਤਰੀ ਸਰਦਾਰ ਬਲਵੰਤ ਸਿੰਘ ਜੀ ਨੇ ਇਹ ਕਿਹਾ ਕਿ ਇਹ ਚਾਹੁੰਦੇ ਹਨ ਕਿ ਸਾਰੇ ਨਾਰਦਰਨ ਜ਼ੋਨ ਦੇ ਵਿਚ ਟੈਕਸ

ਇਕੋ ਜਿਹਾ ਹੋ ਜਾਵੇ। ਪਰ ਇਸ ਵੇਲ ਹਾਲਤ ਇਹ ਹੈ ਕਿ ਪੰਜਾਬ ਵਿਚ ਬਾਕੀ ਸਾਰਿਆਂ ਸੂਬਿਆਂ ਦੇ ਨਾਲੋਂ ਵਧ ਟੈਕਸ ਲਗੇ ਹੋਏ ਹਨ। ਇਸ ਦੇ ਨਾਲ ਸਾਡੀ ਟ੍ਰੇਡ ਨੂੰ ਧਕਾ ਲਗਦਾ ਹੈ। ਮਿਸਾਲ ਦੇ ਤੌਰ ਤੇ ਜਨਰਲ ਗੁਡਜ਼ ਤੇ ਦਿਲੀ ਦੇ ਵਿਚ 3% ਸੇਲਜ਼ ਟੈਕਸ ਹੈ ਅਤੇ ਪੰਜਾਬ ਦੇ ਵਿਚ 6% ਹੈ ਹੁਣ ਜਿਸ ਨੇ ਮਾਲ ਖਰੀਦਣਾ ਹੋਵੇ ਤਾਂ ਉਹ ਸਿਧਾ ਦਿਲੀ ਤੋਂ ਹੀ ਖਰੀਦੇਗਾ। ਇਸ ਤਰ੍ਹਾਂ ਪੰਜਾਬ ਦੀ ਟ੍ਰੇਡ ਤਬਾਹ ਹੋ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਹੋ ਸਕਦਾ ਹੈ ਇਹ ਵਪਾਰੀਆਂ ਨੂੰ ਛੋਟ ਦੇਣਾ ਚਾਹੁੰਦੇ ਹੋਣ ਪਰ ਇਨ੍ਹਾਂ ਦਾ ਡਿਪਾਰਟਮੈਂਟ ਇਨ੍ਹਾਂ ਨੂੰ ਗਲਤ ਸਲਾਹ ਦੇ ਦਿੰਦਾ ਹੈ ਤਾਂ ਕਿ ਵਪਾਰੀ ਉਨ੍ਹਾਂ ਦੇ ਦਾਇਮੀ ਗੁਲਾਮ ਬਣੇ ਰਹਿਣ। ਕਿਉਂਕਿ ਜੇ ਰਾਜ ਵਿਚ ਲਾਟਰੀ ਦੀ ਟਿਕਟ ਵੇਚਣੀ ਹੋਵੇ ਤਾ ਵੀ ਇਹ ਇੰਸਪੈਕਟਰਾਂ ਦੇ ਹਵਾਲੇ ਕਰ ਦਿੰਦੇ ਹਨ ਅਤੇ ਉਹ ਅਗੇ ਵਪਾਰੀਆਂ ਦੇ ਕੋਲ ਵੇਚ ਜਾਂਦੇ ਹਨ ਅਤੇ ਜੇ ਕੋਈ ਹੋਰ ਚੀਜ਼ ਹੋਵੇ ਤਾਂ ਵੀ ਇੰਸਪੈਕਟਰਾਂ ਦੇ ਜ਼ਿੰਮੇ ਲਾਈ ਜਾਂਦੀ ਹੈ ਤੇ ਉਹ ਵਪਾਰੀਆਂ ਤੋਂ ਪੂਰਾ ਕਰਵਾ ਲੈਂਦੇ ਹਨ। ਇਸ ਲਈ ਉਹ ਵਪਾਰੀਆਂ ਨੂੰ ਆਪਣਾ ਦਾਇਮੀ ਗੁਲਾਮ ਰਖਣਾ ਚਾਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਤਾਂ ਇਕ ਬਾਰਡਰ ਸਟੇਟ ਹੈ! ਇਥੇ ਇਨ੍ਹਾਂ ਨੂੰ ਟੈਕਸਾਂ ਦੇ ਵਿਚ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਵਪਾਰੀ ਇਥੇ ਟਿਕੇ ਰਹਿਣ ਅਤੇ ਆਪਣਾ ਕਾਰੋਬਾਰ ਬਦਲਾਉਣ ਦੀ ਕੋਸ਼ਿਸ਼ ਨਾ ਕਰਨ।

ਫਿਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪਿਛਲੇ ਸਾਲ ਸਾਢੇ 4 ਕਰੋੜ ਰੁਪਿਆ ਸ਼ਰਾਬ ਦੇ ਠੇਕੇਦਾਰਾਂ ਨੂੰ ਛਡ ਦਿਤਾ ਸੀ। ਹੁਣ ਵੀ ਮਨਿਸਟਰਾਂ ਦੇ ਚੇਲੇ ਚਾਟੇ ਇਹ ਕਹਿੰਦੇ ਫਿਰਦੇ ਹਨ ਠੇਕੇਦਾਰਾਂ ਨੂੰ ਕਿ ਉਹ ਠੇਕੇ ਨਾ ਲੈਣ ਤਾਂ ਉਹ ਫਿਰ ਕੁਝ ਨਾ ਕੁਝ ਛਡਵਾ ਦੇਣਗੇ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀ ਰਿਸ਼ਵਤ ਉਹ ਬਿਲਕੁਲ ਨਾ ਦੇਣ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਗਲਾਂ ਟਰਾਂਸਪੋਰਟ ਦੇ ਬਾਰੇ ਕਹਿਣੀਆਂ ਚਾਹੁੰਦਾ ਹਾਂ। ਟਰਾਂਸਪੋਰਟ ਨਿਰੇ ਫਾਇਦੇ ਲਈ ਨਹੀਂ ਚਲਾਈ ਜਾਣੀ ਚਾਹੀਦੀ। ਪੰਜਾਬ ਰੋਡਵੇਜ਼ ਨੂੰ ਤਾਂ ਕੁਝ ਖਾਸ ਫਾਇਦਾ ਵੀ ਨਹੀਂ ਹੁੰਦਾ। ਟਰਾਂਸਪੋਰਟ ਦੇ ਵਿਚ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਫਿਰ ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਦੂਜੀਆਂ ਸਟੇਟਾਂ ਦੇ ਨਾਲ ਜੋ ਮੁਆਹਿਦਾ ਸੀ ਉਹ ਇਹ ਸੀ ਕਿ ਦਿਲੀ ਅਤੇ ਜੰਮੂ ਕਸ਼ਮੀਰ ਦੇ ਰੂਟਾਂ ਵਿਚੋਂ 49% ਪੰਜਾਬ ਨੂੰ ਮਿਲਣਗੇ ਅਤੇ ਬਾਕੀ ਦੇ 51% ਦੂਜੀਆਂ ਸਟੇਟਾਂ ਨੂੰ ਪਰ ਹੁਣ ਦਿਲੀ ਵਾਲਿਆਂ ਨੇ 100 ਰੂਟ ਅਤੇ ਜੰਮੂ ਕਸ਼ਮੀਰ ਵਾਲਿਆਂ ਨੇ 200 ਰੂਟ ਸਿਧੇ ਚਲਾ ਦਿਤੇ ਹਨ ਅਤੇ 49% ਦੇ ਹਿਸਾਬ ਦੇ ਨਾਲ ਪੰਜਾਬ ਨੂੰ ਉਨ੍ਹਾਂ ਦੇ ਵਿਚੋਂ ਲਗ ਪਗ 150 ਰੂਟ ਮਿਲਣੇ ਚਾਹੀਦੇ ਸੀ। ਇਸ ਦੇ ਨਾਲ ਜਿਥੇ ਸਾਨੂੰ ਟੈਕਸ ਦਾ ਘਾਟਾ ਹੋਇਆ ਹੈ ਉਥੇ ਗੁਡਜ਼ ਟੈਕਸ ਅਤੇ ਟੋਕਨ ਟੈਕਸ ਦਾ ਵੀ ਘਾਟਾ ਪਿਆ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਜੰਮੂ ਕਸ਼ਮੀਰ ਸਰਕਾਰ ਨੇ ਮਾਧੋ ਪੁਰ ਤੋਂ ਪਠਾਨਕੋਟ ਤਕ ਦਾ 32 ਹਜ਼ਾਰ ਰੁਪਿਆ ਪੈਸੰਜਰ ਟੈਕਸ ਦਾ ਇਕਠਾ ਕੀਤਾ ਹੈ ਅਤੇ ਉਸ ਨੂੰ ਸਸਪੈਂਸ ਅਕਾਊਂਟ ਵਿਚ ਰਖਿਆ ਹੈ, ਪਰ ਸਾਡੀ ਸਰਕਾਰ ਨੇ ਕਦੇ ਅਜ ਤਕ ਇਸ ਦੇ ਬਾਰੇ ਪੁਛਿਆ ਤਕ ਨਹੀਂ। ਫਿਰ ਡਿਪਟੀ ਸਪੀਕਰ ਸਾਹਿਬ, ਸਾਡੇ ਤੇ ਹਿਮਾਚਲ ਦੇ ਵਿਚਕਾਰ ਇਕ ਟਰੱਕਾਂ ਦੇ ਬਾਰੇ ਫੈਸਲਾ ਹੋਇਆ ਸੀ ਹਿਮਾਂਚਲ ਦੇ ਟਰੱਕਾਂ ਤੇ "ਹਿਮ" ਲਿਖਿਆ ਹੁੰਦਾ ਹੈ ਅਤੇ ਪਜਾਬ ਦੇ ਟਰਕਾਂ ਤੇ "ਪੀ. ਐਨ." ਲਿਖਿਆ ਹੋਇਆ ਹੁੰਦਾ ਹੈ। ਹੁਣ ਕੋਈ ਕਲੈਸ਼ ਪੈਦਾ ਹੋ ਗਿਆ ਹੈ ਅਤੇ ਇਸ ਲਈ ਹਿਮਾਚਲ

[ਸਰਦਾਰ ਸਰੂਪ ਸਿੰਘ]

ਸਰਕਾਰ ਸਿਰਫ "ਹਿਮ" ਵਾਲਿਆਂ ਟਰਕਾਂ ਨੂੰ ਪਰਮਿਟ ਦਿੰਦੀ ਹੈ। ਜਿਹੜੇ ਪੰਜਾਬ ਦੇ ਟਰਕ ਹਨ ਉਨ੍ਹਾਂ ਨੂੰ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਵੀ ਪਰਮਿਟ ਮਿਲ ਸਕਦੇ ਹਨ ਜੇ ਉਹ ਆਪਣੇ ਮੇਨ ਆਫਿਸ ਪੰਜਾਬ ਵਿਚੋਂ ਹਿਮਾਚਲ ਵਿਚ ਲੈ ਜਾਣ। ਇਸ ਦੇ ਨਾਲ ਪੰਜਾਬ ਦੀ ਆਮਦਨ ਘਟ ਜਾਵੇਗੀ। ਅਤੇ ਜਿਹੜੀ ਆਮਦਨ ਇਨਕਮ ਟੈਕਸ ਤੋਂ ਹੁੰਦੀ ਸੀ ਉਹ ਵੀ ਖਤਮ ਹੋ ਜਾਵੇਗੀ ਇਸ ਪਾਸੇ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਫਿਰ ਡਿਪਟੀ ਸਪੀਕਰ ਸਾਹਿਬ, ਟਰਕਾਂ ਵਾਲਿਆਂ ਨੂੰ ਤਿੰਨ ਕਿਸਮ ਦੀ ਪੁਲਿਸ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਸਟੇਟ ਲੈਵਲ ਦੀ ਪੁਲਿਸ ਅਤੇ ਦੂਜੀ ਡਿਸਟ੍ਰਕਟ ਲੈਵਲ ਦੀ ਪੁਲਿਸ ਅਤੇ ਤੀਸਰੀ ਲੋਕਲ ਪੁਲਿਸ। ਜਦੋਂ ਵੀ ਕਿਸੇ ਪੁਲਿਸ ਵਾਲੇ ਦਾ ਦਿਲ ਕਰਦਾ ਹੈ ਉਹ ਟਰਕ ਨੂੰ ਖੜਾ ਕਰਕੇ ਚਲਾਨ ਕਰ ਦਿੰਦਾ ਹੈ।

ਔਰ ਜਿੰਨੇ ਵੀ ਚਲਾਨ ਹੁੰਦੇ ਹਨ, ਉਹ 99% ਮਾਈਨਰ ਚਾਲਾਨ ਹੁੰਦੇ ਹਨ। ਇਹ ਜਿਹੜੇ ਵਡੇ ਰੂਟਸ ਹਨ ਇਨ੍ਹਾਂ ਲਈ ਖਾਤੇ ਖੁਲ੍ਹੇ ਹੋਏ ਹਨ। ਜਿਹੜਾ ਖਾਤਾ ਚੁਕਾ ਦਿੰਦਾ ਹੈ ਉਹਨੂੰ ਕੁਝ ਨਹੀਂ ਕਿਹਾ ਜਾਂਦਾ ਅਤੇ ਜਿਹੜਾ ਖਾਤਾ ਨਹੀਂ ਚੁਕਾਉਂਦਾ ਉਹਨੂੰ ਤੰਗ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਇਹ ਕੁਰੱਪਸ਼ਨ ਕੀਤੀ ਜਾਂਦੀ ਹੈ।

ਪੰਜਾਬ ਰੋਡਵੇਜ਼ ਵਿਚ ਕਈ ਸਕੈਂਡਲ ਹਨ। ਪਿਛੇ ਜਿਹੇ ਕਈ ਟਾਇਰਜ਼ ਰੀਟਰੇਡਿਡ ਸਪਲਾਈ ਕਰਦੇ ਹੋਏ ਪਕੜੇ ਗਏ। ਉਨ੍ਹਾਂ ਟਾਇਰਾਂ ਤੇ ਮੋਹਰਾਂ ਬਦਲ ਕੇ ਸੇਲ ਕੀਤੇ ਜਾਂਦੇ ਹਨ। ਮੋਗੇ ਵਿਚ ਅਜਿਹੇ ਟਾਇਰ ਵਿਕਦੇ ਪਕੜੇ ਗਏ। ਪਠਾਨਕੋਟ ਵਰਕਸ਼ਾਪ ਵਿਚ ਪਕੜੇ ਗਏ (ਵਿਘਨ) ਇਸ ਤਰ੍ਹਾਂ ਨਾਲ ਚੀਫ਼ ਮਨਿਸਟਰ ਸਾਹਿਬ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ।

ਪਠਾਨਕੋਟ ਡਿਪੋ ਵਿਚ ਸਕੈਂਡਲ ਹੁੰਦੇ ਹਨ। ਡਾਂਗ ਸਾਹਿਬ ਨੇ ਦਸਿਆ ਉਥੋਂ ਪਰਾਈਵੇਟ ਕਾਰਾਂ ਵੀ ਮੁਰੰਮਤ ਹੁੰਦੀਆ ਫੜੀਆ ਗਈਆਂ ਹਨ ਪਰ ਕੋਈ ਪਰਵਾਹ ਨਹੀਂ ਕੀਤੀ ਗਈ।

ਜਿਹੜਾ ਹੁਸ਼ਿਆਰਪੁਰ ਡਿਪੂ ਖੁਲਿਆ ਉਥੇ ਟੈਂਪਰੇਰੀ ਬੰਦਿਆਂ ਨੂੰ ਪਰਮਾਨੈਂਟ ਕਰ ਦਿਤਾ ਗਿਆ ਹੈ।

ਐਸਟੀਮੇਟ ਕਮੇਟੀ ਦੇ ਚੇਅਰਮੈਨ ਸਾਹਿਬ ਸਰਦਾਰ ਤੇਜਾ ਸਿੰਘ ਨੇ ਹਜ਼ਾਰਾਂ ਰੁਪਏ ਦਾ ਗੋਲ ਮਾਲ ਹੁੰਦਾ ਫੜਿਆ ਹੈ। ਬਸ ਸਟੈਂਡਾਂ ਅਤੇ ਗਡੀਆ ਦੀ ਬੜੀ ਮਾੜੀ ਹਾਲਤ ਪਾਈ ਗਈ ਹੈ ਅਤੇ ਵਰਕਰਜ਼ ਨੂੰ ਨਾਜਾਇਜ਼ ਤੌਰ ਤੇ ਮੁਅਤਲ ਕੀਤਾ ਜਾ ਰਿਹਾ ਹੈ। ਇਥੇ ਹੀ ਨਹੀਂ ਇਕ ਸਟੈਨੋ ਨੇ ਜਿਸ ਨੂੰ ਕਿ ਨਾਜਾਇਜ਼ ਤੌਰ ਤੇ ਹਟਾਇਆ ਗਿਆ ਉਸ ਨੇ ਕਿਹਾ ਹੈ "ਕੀ ਮੈਨੂੰ ਇਹ ਪੁਛਣ ਦਾ ਹਕ ਨਹੀਂ ਕਿ ਇਸ ਰੋਡਵੇਜ਼ ਵਿਚ ਕੰਮ ਕਰਨ ਵਾਲਿਆਂ ਦੀ ਕੋਈ ਇਜ਼ਤ ਨਹੀਂ ਹੁੰਦੀ?" ਜੇਕਰ ਤੁਹਾਡੇ ਕੋਲ ਇਸਦਾ ਜਵਾਬ ਇਹ ਹੈ ਕਿ ਕੋਈ ਇਜ਼ਤ ਨਹੀਂ ਹੁੰਦੀ ਤਾਂ ਮੈਂ ਇਹ ਸੋਚ ਕੇ ਚੁਪ ਕਰ ਰਹਾਂਗੀ ਕਿ ਮੇਰਾ ਕੰਮ ਠੀਕ ਹੀ ਉਨ੍ਹਾਂ ਨੂੰ ਚੰਗਾ ਨਹੀਂ ਲਗਾ ਹੋਣਾ। ਪਰ ਜੇਕਰ ਤੁਹਾਡਾ ਜਵਾਬ ਇਹ ਹੈ ਕਿ ਸਾਡੀ ਵੀ ਇਜ਼ਤ ਹੁੰਦੀ ਹੈ ਤਾਂ ਫਿਰ ਮੈਂ ਬੇਨਤੀ ਕਰਦੀ ਹਾਂ ਕਿ ਮੈਨੂੰ ਨੌਕਰੀ ਤੋਂ ਇਸ ਲਈ ਕੱਢਿਆ ਗਿਆ ਕਿ ਮੈਂ ਆਪਣੀ ਇਜ਼ਤ ਨੂੰ ਕੌਡੀਆਂ ਦੇ ਭਾਅ ਨਹੀਂ ਵੇਚਿਆ ਅਤੇ ਨਾ ਹੀ ਕਦੀ ਸੋਚਿਆ ਵੀ ਸੀ ਕਿ ਅਜ ਦੇ ਜ਼ਮਾਨੇ ਵਿਚ ਦੇਖਣ ਵਾਲੇ ਸਾਊ (ਬੀਬੀਆਂ) ਨਜ਼ਰ ਆਉਣ ਵਾਲੇ ਵੀ ਆਪਣੀਆਂ ਕੋਠੀਆਂ ਦੇ ਵਿਚ ਕਈ ਮਾਸੂਮਾਂ ਤੇ ਜ਼ੁਲਮ ਢਾਅ ਰਹੇ ਹੋਣਗੇ।"

ਤੁਹਾਡੇ ਨੋਟਿਸ ਵਿਚ ਇਹ ਆਇਆ ਹੋਵੇਗਾ ਪਰ ਹੁਣ ਤਕ ਕੋਈ ਐਕਸ਼ਨ ਨਹੀਂ ਲਿਆ ਗਿਆ ਹੈ ਜਿਹੜੀ ਕਿ ਬੜੀ ਮਾੜੀ ਗਲ ਹੈ।

ਪਿਛਲੇ ਸਾਲ ਪੈਪਸੂ ਰੋਡਵੇਜ਼ ਵਿਚ ਬੈਟਰੀ ਸਕੈਂਡਲ ਦਸਿਆ ਗਿਆ ਸੀ। ਪਰ ਇਸ ਬਾਰੇ ਹੁਣ ਤਕ ਕੁਝ ਨਹੀਂ ਪਤਾ ਲਗ ਸਕਿਆ। ਇਸ ਦੀ ਇਨਕੁਆਇਰੀ ਕਰਾਉਣੀ ਚਾਹੀਦੀ ਹੈ।

ਟਿਕਟਾਂ ਦਾ ਜਿਹੜਾ ਸਕੈਂਡਲ ਸੀ ਉਹਦੀ ਜਲਦੀ ਤੋਂ ਜਲਦੀ ਇਨਕੁਆਇਰੀ ਕਰਾਉਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ ਇਹ ਇੱਲ-ਲੀਗਲ ਰਿਕਰੂਟਮੈਂਟ ਜਿਹੜੀ ਕਿ ਬਗੈਰ ਐਂਪਲਾਇ-ਮੈਂਟ ਐਕਸਚੇਂਜ ਤੋਂ ਐਪਲੀਕੇਸ਼ਨਜ਼ ਲੈਣ ਤੋਂ ਪਠਾਨਕੋਟ ਡਿਪੋ ਵਿਚ ਹੋਈ ਹੈ, ਇਸ ਪਾਸੇ ਵੀ ਚੀਫ਼ ਮਨਿਸਟਰ ਸਾਹਿਬ ਨੂੰ ਧਿਆਨ ਕਰਨਾ ਚਾਹੀਦਾ ਹੈ।

ਸਰਦਾਰ ਬਸੰਤ ਸਿੰਘ (ਡਕਾਲਾ) : ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਦੀ ਡਿਮਾਂਡ ਦੇ ਮੁਤਲਕ ਜ਼ਿਕਰ ਕਰਦਿਆਂ ਹੋਇਆ ਡਾਂਗ ਸਾਹਿਬ ਮੇਰੇ ਫਾਜ਼ਲ ਦੋਸਤ ਨੇ ਨੈਸ਼ਨਲਾਈਜ਼ੇਸ਼ਨ ਦੇ ਮੁਤਲਕ ਕਿਹਾ। ਇਸ ਬਾਰੇ ਵਿਚ ਮੈਂ ਐਨੀ ਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨੈਸ਼ਨਲਾਈ-ਜ਼ੇਸ਼ਨ ਇਜ਼ ਨੋਟ ਸੋਸ਼ਲਿਜ਼ਮ ਐਂਡ ਸੋਸ਼ਲਿਜ਼ਮ ਸੈਲਡਮ ਨੀਡਜ਼ ਨੈਸ਼ਨਾਲਾਈਜ਼ੇਸ਼ਨ।

ਪਬਲਿਕ ਸੈਕਟਰ ਵਿਚ ਪਿਛਲੇ 15/16 ਸਾਲਾਂ ਵਿਚ 38 ਕਰੋੜ ਰੁਪਏ ਦਾ ਨੈੱਟ ਲਾਸ ਹੋਇਆ ਹੈ ਜਿਥੇ ਕਿ ਪਰਾਫ਼ਿਟ ਹੋਣਾ ਚਾਹੀਦਾ ਸੀ। ਕਲ ਹੀ ਟਰੀਬਿਊਨ ਵਿਚ ਪੜ੍ਹਿਆ ਹੈ ਕਿ ਪਬਲਿਕ ਸੈਕਟਰ ਵਿਚ ਇੰਡਸਟਰੀਜ਼ ਵਿਚ ਇਕ ਥਾਂ 91 ਮਿਲੀਅੱਨ ਦਾ ਲਾਸ ਹੋਇਆ ਹੈ। ਲੁਧਿਆਨਾ ਵਿਚ ਸੁਪਰ ਬਾਜ਼ਾਰ ਵਿਚ 3 ਲਖ ਰੁਪਏ ਦਾ ਨੁਕਸਾਨ ਹੋਇਆ ਹੈ। ਪਟਿਆਲਾ ਸੁਪਰ ਬਾਜ਼ਾਰ ਵਿਚ 15 ਹਜ਼ਾਰ ਰੁਪਏ ਤਾਂ ਤਨਖਾਹਾਂ ਤੇ ਹੀ ਖਰਚੇ ਜਾਂਦੇ ਹਨ। ਮੈਂ ਅਰਜ਼ ਕਰਾਂ ਕਿ ਗੌਰਮਿੰਟ ਇਜ਼ ਨੋਟ ਮੈਂਟ ਫਾਰ ਰਨਿੰਗ ਬਿਜ਼ਨੈਸ। ਅਜੇ ਦੇਖ ਲਵੋ ਇਥੇ ਜ਼ਿਕਰ ਆਇਆ ਹੈ ਕਿ ਇਥੇ ਟਿਕਟ, ਬੈਟਰੀ ਅਤੇ ਟਾਇਰਾਂ ਦੇ ਸਕੈਂਡਲ ਫੜੇ ਗਏ ਹਨ। ਕੀ ਪਰਾਈਵੇਟ ਇੰਟਰਪਰਿ-ਨਿਉਰਜ਼ ਇਸ ਤਰ੍ਹਾਂ ਕਰਨ ਦੇਣਗੇ। ਜਿਥੇ ਬਿਉਰਾਕ੍ਰੇਸੀ ਹੋਵੇ, ਕੁਰਪਸ਼ਨ ਹੋਵੇ, ਉਥੇ ਇਹ ਚੀਜ਼ ਨਹੀਂ ਚਲ ਸਕਦੀ।

ਸਟੇਟ ਦਾ ਇਹ ਫਰਜ਼ ਹੈ ਕਿ ਟਰਾਂਸਪੋਰਟ ਲੋਕਾਂ ਨੂੰ ਚੀਪ ਅਤੇ ਐਫੀਸ਼ੈਂਟ ਸਰਵਿਸ ਦੇਵੇ ਜਿਥੇ ਗੌਰਮਿੰਟ ਅਤੇ ਪਰਾਈਵੇਟ ਦੋਵੇਂ ਬਸਾਂ ਚਲਦੀਆਂ ਹਨ, ਉਥੇ ਲੋਕ ਪਰਾਈਵੇਟ ਬਸ ਵਿਚ ਸਫਰ ਕਰਨਾ ਪਸੰਦ ਕਰਦੇ ਹਨ। ਗੌਰਮਿੰਟ ਬਸ ਵਿਚ ਲੋਕ ਸਫਰ ਕਰਨ ਤੋਂ ਗੁਰੇਜ਼ ਕਰਦੇ ਹਨ। ਇਹ ਜਿਹੜੀਆਂ ਬਸਾਂ ਸੋ ਕਾਲਡ ਪਰੋਗਰੈਸਿਵ ਨੈਸ਼ਨਲਾਈਜ਼ੇਸ਼ਨ ਹੇਠ ਸਰਕਾਰੀ ਬਸਾਂ ਚਲਦੀਆਂ ਹਨ, ਉਨ੍ਹਾਂ ਦੀ ਹਾਲਤ ਵੇਖੋ। ਮੇਨ ਰੋਡ ਤੇ ਜਾਂ ਬ੍ਰਾਂਚ ਰੋਡ ਤੇ ਕਿਤੇ ਵੀ ਦੇਖੋ ਸੌ ਸੌ ਆਦਮੀ ਖੜੇ ਹਨ, ਔਰਤਾਂ ਖੜੀਆਂ ਹਨ, ਬੱਚੇ ਖੜੇ ਹਨ, ਉਨ੍ਹਾਂ ਨੂੰ ਬਸਾਂ ਵਿਚ ਬੈਠਣ ਨੂੰ ਸੀਟਾਂ ਨਹੀਂ ਮਿਲਦੀਆਂ ਹਨ। ਜੇ ਗੌਰਮੈਂਟ ਚੰਗੀ ਤਰ੍ਹਾਂ ਨਾਲ ਇਸ ਬਾਰੇ ਵਿਚ ਇੰਤਜ਼ਾਮ ਨਹੀਂ ਕਰ ਸਕਦੀ ਤਾਂ ਫੇਰ ਕਿਉਂ ਨਹੀਂ ਪਰਾਈਵੇਟ ਐਂਟਰਪਰਾਈਜ਼ਿਜ਼ ਨੂੰ ਪਰਮਿਟ ਦਿਤੇ ਜਾਂਦੇ।

[ਸਰਦਾਰ ਬਸੰਤ ਸਿੰਘ]

ਲਿੰਕ ਰੋਡਜ਼ ਦਾ ਜਿਥੋਂ ਤਕ ਸਬੰਧ ਹੈ। ਸਾਰੀ ਰੋਡ ਬਣ ਜਾਂਦੀ ਹੈ ਪਰ ਇਕ ਮੀਲ ਦਾ ਟੋਟਾ ਰਹਿ ਜਾਂਦਾ ਹੈ। ਜਿਸ ਕਾਰਨ ਉਥੇ ਟਰਾਂਸਪੋਰਟ ਚਲ ਨਹੀਂ ਸਕਦੀ। ਅਜਿਹੀਆਂ ਲਿੰਕ ਰੋਡਜ਼ ਬਣਾਉਣ ਦਾ ਕੀ ਫਾਇਦਾ ਹੈ।

ਪਰਾਈਵੇਟ ਕੰਪਨੀਆਂ ਨੂੰ ਪਰਮਿਟ ਦਿੰਦੇ ਹੋਇਆਂ ਸਰਕਾਰ ਨੂੰ ਇਸ ਵਲ ਖਿਆਲ ਨਹੀਂ ਕਰਨਾ ਚਾਹੀਦਾ ਕਿ ਇਸ ਤੇ ਕਰਿਟੇਸਿਜ਼ਮ ਹੋਏਗਾ।

ਸਾਡੀ ਪਾਰਟੀ ਸਾਊਂਡ ਇਕਨਾਮਿਕ ਪਾਲੀਸੀ ਤੇ ਚਲ ਰਹੀ ਹੈ। ਫਰੀ ਵੇ ਆਫ ਲਾਈਫ ਵਿਚ ਬਿਲੀਵ ਕਰਦੀ ਹੈ। ਕੰਪੀਟੀਸ਼ਨ ਇਨ ਦੀ ਮਾਰਕਿਟ ਵਿਚ ਬਲੀਵ ਕਰਦੀ ਹੈ। ਇਕ ਗਲ ਦੀ ਖੁਸ਼ੀ ਜ਼ਰੂਰ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਪੰਜਾਬ ਨੂੰ ਬੰਗਾਲ ਅਤੇ ਕੇਰੇਲਾ ਨਹੀਂ ਬਣਨ ਦਿਤਾ ਹੈ। ਪੰਜਾਬ ਨੂੰ ਉਸ ਤੋਂ ਬਚਾ ਕੇ ਰਖਿਆ ਹੈ। ਪੰਜਾਬ ਨੂੰ ਸਾਊਂਡ ਐਡਮਨਿਸਟ-ਰਸ਼ਨ ਦਿਤੀ ਹੈ। ਬਾਹਰਲੀ ਕਰੰਸੀ ਦਾ ਫੈਲ੍ਹਾ ਇਥੇ ਨਹੀਂ ਹੋਣ ਦਿਤਾ ਹੈ।

ਮੈਂ ਅਰਜ਼ ਕਰਾਂ ਕਿ ਚੀਪ ਸਲੋਗਨ ਲਗਾਉਣ ਵਾਸਤੇ ਇਥੇ ਵੈਲਥ ਟੈਕਸ ਲਗਾਉਣ ਦੀ ਗਲ ਕੀਤੀ ਗਈ ਹੈ। ਮੈਂ ਮੁਬਾਰਕ ਦਾ ਲਫਜ਼ ਬਹੁਤ ਘਟ ਇਸਤੇਮਾਲ ਕਰਦਾ ਹਾਂ। ਮੈਂ ਇਸ ਲਫਜ਼ ਦੀ ਵਰਤੋਂ ਹਾਊਸ ਵਿਚ ਪਹਿਲੀ ਵਾਰੀ ਕਰਨ ਲਗਿਆਂ ਹਾਂ। ਆਈ ਯੂਜ਼ ਇਟ ਵੈਰੀ ਸਪੇਅਰਸਲੀ ਐਂਡ ਸੈਲਡਮਲੀ। ਡਿਪਟੀ ਸਪੀਕਰ ਸਾਹਿਬ, ਵੈਲਥ ਟੈਕਸ ਬਾਰੇ ਜੋ ਸਟੈਂਡ ਚੀਫ ਮਨਿਸਟਰ ਸਾਹਿਬ ਨੇ ਲਿਤਾ ਹੈ, ਉਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਇਸ ਬਾਰੇ ਜੋ ਕੁਝ ਇਨ੍ਹਾਂ ਨੇ ਕਿਹਾ ਹੈ, ਉਹ ਬੜਾ ਕਾਬਲੇ ਡਾਰੀਫ ਹੈ। (ਸ਼ੋਰ) (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਕਿਸਾਨ ਤੇ ਇਹ ਗਲਤ ਟੈਕਸ ਲਗਣ ਨਾਲ ਪੰਜਾਬ ਦਾ ਕਿਸਾਨ ਲੁਟਿਆ ਜਾਵੇਗਾ। ਇਸ ਟੈਕਸ ਵਾਸਤੇ ਜਿਹੜਾ ਫ਼ਾਰਮ 10/12 ਸਫ਼ਿਆਂ ਦਾ ਹੈ, ਉਸ ਨੂੰ ਕੌਣ ਭਰੇਗਾ। ਇਸ ਨੂੰ ਭਰਵਾਉਣ ਲਈ ਉਹ ਵਿਚਾਰਾ ਅਰਜ਼ੀ ਨਵੀਸ ਅਤੇ ਵਕੀਲਾਂ ਕੋਲ ਭਜਦਾ ਫਿਰੇਗਾ। (ਸ਼ੋਰ) (ਵਿਘਨ) ਜੇ ਵੈਲਥ ਟੈਕਸ ਲਗਾਉਣਾ ਹੀ ਹੈ ਤਾਂ ਇਹ ਉਨ੍ਹਾਂ ਲੋਕਾਂ ਤੇ ਲਗਾਉ ਜਿਹੜੇ ਇਨਕਮਟੈਕਸ ਪੇ ਕਰਦੇ ਹਨ। (ਸ਼ੋਰ) (ਵਿਘਨ) ਜਿਸ ਕੋਲ ਰੂਰਲ ਲੀਡਰਸ਼ਿਪ ਹੈ, ਜਿਹੜਾ ਸੋਸਾਇਟੀ ਵਾਸਤੇ ਲੜ ਸਕਦਾ ਹੈ (ਸ਼ੋਰ) ਵਿਘਨ)

ਸ੍ਰੀ ਗੁਰਦਿਆਲ ਸੈਣੀ : ਆਨ ਏ ਪੁਆਇੰਟ ਆਫ ਆਰਡਰ, ਸਰ। ਇਹ ਕਿਸ ਡਿਮਾਂਡ ਤੇ ਬੋਲ ਰਹੇ ਹਨ।

ਸਰਦਾਰ ਬਸੰਤ ਸਿੰਘ (ਡੌਕਾਲਾ) ਮੈਂ ਵੈਲਥ ਟੈਕਸ ਤੇ ਬੋਲ ਰਿਹਾ ਹਾਂ।

ਹੁਣ ਮੈਂ ਜ਼ਰਈ ਪੈਦਾਵਾਰ ਦੇ ਰੇਟਸ ਦੇ ਮੁਤੱਲਕ ਅਰਜ਼ ਕਰਦਾ ਹਾਂ। ਜਿਹੜੇ ਪੰਜਾਬ ਦੇ ਕਿਸਾਨ ਨੂੰ ਰੇਟ ਮਿਲਦੇ ਹਨ, ਉਹ ਬਹੁਤ ਘੱਟ ਹਨ। ਗੌਰਮਿੰਟ ਨੇ ਕਦੇ ਉਨ੍ਹਾਂ ਨਾਲ ਸਲਾਹ ਨਹੀਂ ਕੀਤੀ ਕਿ ਕੀ ਅਨਾਜ ਦੇ ਰੇਟ ਚਾਹੀਦੇ ਹਨ। ਉਨ੍ਹਾਂ ਦੇ ਰੇਟ ਘੱਟ ਹਨ, ਇਹ ਮੁਨਾਸਿਬ ਹੋਣੇ ਚਾਹੀਦੇ ਹਨ। ਜੇ ਤੁਸੀਂ ਉਨ੍ਹਾਂ ਦੀ ਮੱਦਦ ਨਾ ਕਰੋਗੇ ਤਾਂ ਇਸ ਦੇਸ਼ ਵਿਚ ਜਿਹੜਾ ਤੁਸੀਂ ਕਹਿੰਦੇ ਹੋ ਕਿ ਸੋਸ਼ਲਿਜ਼ਮ ਲਿਆਉਣਾ ਹੈ, ਉਹ ਕਿਸ ਤਰ੍ਹਾਂ ਆਵੇਗਾ ? ਇਸ ਲਈ ਮੈਂ ਕਹਿੰਦਾ

ਹਾਂ ਕਿ ਚੀਫ਼ ਮਨਿਸਟਰ ਸਾਹਿਬ ਨੂੰ ਕਿਸਾਨਾਂ ਨੂੰ ਡਟ ਕੇ ਰੇਟ ਦਿਵਾਉਣੇ ਚਾਹੀਦੇ ਹਨ। ਉਨ੍ਹਾਂ ਨੂੰ ਮੁਨਾਸਬ ਰੇਟ ਦਿਤੇ ਜਾਣ। ਇਸ ਤੋਂ ਅੱਗੇ ਮੈਂ ਕਹਿੰਦਾ ਹਾਂ ਕਿ ਅੱਜ ਸੀਮਿੰਟ ਕਿਥੇ ਗਿਆ ਹੈ ਲੋਹਾ ....(ਵਿਘਨ)

ਸਰਦਾਰ ਸਰੂਪ ਸਿੰਘ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਕੀ ਇਹ ਸਵਤੰਤਰ ਪਾਰਟੀ ਦੀ ਪਾਲਿਸੀ ਤੇ ਬੋਲ ਰਹੇ ਹਨ ਜਾਂ ਡੀਮਾਂਡ ਤੇ ਬੋਲ ਰਹੇ ਹਨ ?

ਸ਼੍ਰੀ ਡਿਪਟੀ ਸਪੀਕਰ : ਅਗਰ ਡਾਂਗ ਸਾਹਿਬ, ਆਪਣੀ ਪਾਰਟੀ ਦੀ ਪਾਲਿਸੀ ਤੇ ਬੋਲ ਸਕਦੇ ਹਨ ਤਾਂ ਇਹ ਵੀ ਬੋਲ ਸਕਦੇ ਹਨ। (If Comrade Dang can speak on the policy of his Party then he too can do it.)

ਸਰਦਾਰ ਬਸੰਤ ਸਿੰਘ : ਇਥੇ ਪ੍ਰਿਵੀ ਪਰਸਿਜ਼ ਦੀ ਐਬੋਲੀਸ਼ਨ ਦੀ ਗੱਲ ਆਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਟ ਇਜ਼ ਨਾਈਦਰ ਲੀਗਲ, ਨਾਰ ਪੁਲਿਟੀਕਲ ਮਾਰਲ। ਇਸ ਤੋਂ ਅੱਗੇ ਮੈਂ ਸੇਲਜ਼ ਟੈਕਸ ਦੇ ਮੁਤਲੱਕ ਅਰਜ਼ ਕਰਦਾ ਹਾਂ। ਮੈਂ ਚੌਧਰੀ ਬਲਬੀਰ ਸਿੰਘ ਨੂੰ ਇਨਡੋਰਸ ਕਰਦਾ ਹਾਂ। ਉਹ ਠੀਕ ਕਹਿੰਦੇ ਹਨ ਕਿ ਗੌਰਮਿੰਟ ਨੂੰ ਰੈਵਿਨਿਊ ਵਿਚ ਕੋਈ ਫਰਕ ਨਹੀਂ ਪੈਂਦਾ। ਤਾਂ ਫਿਰ ਗੌਰਮਿੰਟ ਨੂੰ ਮੰਨਣ ਵਿਚ ਕੀ ਇਨਕਾਰੀ ਹੈ।

ਇਸ ਤੋਂ ਅਗੇ ਮੈਂ ਵਪਾਰੀਆਂ ਦੀ ਗੱਲ ਕਰਦਾ ਹਾਂ। ਉਨ੍ਹਾਂ ਦੀ ਪੂਰੀ ਇਜ਼ਤ ਹੋਣੀ ਚਾਹੀਦੀ ਹੈ। ਜਦ ਉਹ ਦਫਤਰ ਜਾਂਦੇ ਹਨ ਤਾਂ ਉਹ ਖੜੇ ਰਹਿੰਦੇ ਹਨ, ਉਨ੍ਹਾਂ ਦੇ ਬੈਠਣ ਲਈ ਇੰਤਜ਼ਾਮ ਹੋਣਾ ਚਾਹੀਦਾ ਹੈ। ਉਨ੍ਹਾਂ ਨਾਲ ਅੱਛਾ ਸਲੂਕ ਹੋਣਾ ਚਾਹੀਦਾ ਹੈ। ਇਤਨਾ ਕੁਝ ਕਹਿੰਦਾ ਹੋਇਆ ਮੈਂ ਆਪਣੀ ਸੀਟ ਲੈਂਦਾ ਹਾਂ ਅਤੇ ਆਪਦਾ ਧੰਨਵਾਦ ਕਰਦਾ ਹਾਂ।

ਬਾਵਾ ਹਰਨਾਮ ਸਿੰਘ (ਕਪੂਰਥਲਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜੀਆਂ ਟਰਾਂਸਪੋਰਟ ਸਬੰਧੀ ਡੀਮਾਂਡਜ਼ ਪੇਸ਼ ਹੋਈਆਂ ਹਨ, ਉਨ੍ਹਾਂ ਦਾ ਹਵਾਲਾ ਦਿੰਦੇ ਹੋਏ ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਵਿਚ ਟੈਂਪੂ ਚਲ ਰਹੇ ਹਨ, ਸਕੂਟਰ ਚੱਲ ਰਹੇ ਹਨ। ਜਿਥੇ ਟੈਂਪੂ 15 ਹਾਰਸ ਪਾਵਰ ਦੇ ਚਲ ਰਹੇ ਹਨ, ਉਨ੍ਹਾਂ ਨੂੰ 6 ਸਵਾਰੀਆਂ ਬਿਠਾਉਣ ਦੀ ਆਗਿਆ ਹੈ। ਕਈ ਵਾਰੀ ਉਹ ਪੈਂਤੀ ਪੈਂਤੀ ਸਵਾਰੀਆਂ ਵੀ ਬਿਠਾ ਲੈਂਦੇ ਹਨ ਅਤੇ ਫਿਰ ਉਨ੍ਹਾਂ ਦੇ ਚਲਾਨ ਕੀਤੇ ਜਾਂਦੇ ਹਨ। ਉਹ ਇਸ ਤਰ੍ਹਾਂ ਚਲਾਨ ਦੇ ਪੈਸੇ ਚਲਾਨ ਕਰਨ ਵਾਲੇ ਆਪਣੀ ਜੇਬ ਵਿਚ ਪਾ ਲੈਂਦੇ ਹਨ। ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਰੈਵਿਨਿਊ ਜਿਹੜਾ ਖਜ਼ਾਨੇ ਵਿਚ ਜਾਣਾ ਹੁੰਦਾ ਹੈ, ਉਹ ਚਲਾਨ ਕਰਨ ਵਾਲਾ ਆਪਣੇ ਬੋਝੇ ਵਿਚ ਹੀ ਪਾ ਲੈਂਦਾ ਹੈ। ਇਸ ਤਰ੍ਹਾਂ ਖਜ਼ਾਨੇ ਨੂੰ ਕਾਫੀ ਘਾਟਾ ਪੈਂਦਾ ਹੈ, ਮੇਰਾ ਮਤਲਬ ਇਸ ਤਰ੍ਹਾਂ ਹੋਰਨੀ ਪਾਸੀਂ ਵੀ ਸਮਾਜ ਵਿਚ ਬਹੁਤ ਗੰਦ ਹੈ, ਜੇ ਇਸ ਨੂੰ ਦੂਰ ਨਾ ਕੀਤਾ ਗਿਆ, ਜੇ ਇਸ ਨੂੰ ਹਟਾਇਆ ਨਾ ਗਿਆ ਤਾਂ ਸਮਾਜ ਸੁਧਾਰ ਨਹੀਂ ਹੋਵੇਗਾ। ਇਸ ਲਈ ਅਜਿਹੀਆਂ ਬੀਮਾਰੀਆਂ ਨੂੰ ਹਟਾਉਣਾ ਚਾਹੀਦਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿਹੜੇ 15 ਹਾਰਸ ਪਾਵਰ ਦੇ ਟੈਂਪੂ ਚਲਦੇ ਹਨ, ਉਨ੍ਹਾਂ ਨੂੰ ਜ਼ਿਆਦਾ ਸਵਾਰੀਆਂ ਬਿਠਾਉਣ ਦਾ ਪਾਸ ਮਿਲਣਾ ਚਾਹੀਦਾ ਹੈ, ਭਾਵ ਕਿ ਉਹ ਜ਼ਿਆਦਾ ਸਵਾਰੀਆਂ ਬਿਠਾ ਸਕਣ। ਇਸ ਤਰ੍ਹਾਂ ਕਰਨ ਨਾਲ ਚਲਾਨ ਵੀ ਘੱਟ ਹੋਣਗੇ। ਟੈਂਪੂ ਜ਼ਿਆਦਾ ਚਲਾਉਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਜਿਥੇ ਨਵੀਆਂ ਸੜਕਾਂ ਨਿਕਲੀਆਂ ਹਨ, ਉਥੇ ਟਰਾਂਸਪੋਰਟ ਜ਼ਿਆਦਾ ਚਲਣੀ ਚਾਹੀਦੀ ਹੈ। ਕਾਰਾਂ ਸ਼ਹਿਰਾ ਵਿਚ

[ਬਾਵਾ ਹਰਨਾਮ ਸਿੰਘ]

ਚਲਦੀਆਂ ਹਨ। ਪਰਾਈਵੇਟ ਗੱਡੀਆਂ ਹਰਦੁਆਰ, ਦਿੱਲੀ ਆਦਿ ਜਾਂਦੀਆਂ ਹਨ, ਮੈਂ ਕਹਿੰਦਾ ਹਾਂ ਕਿ ਉਸ ਪਾਸੇ ਕਾਰਾਂ ਨੂੰ ਵੀ ਜਾਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਅਤੇ ਜਿੰਨੀਆਂ ਮਰਜ਼ੀ ਹੈ ਸਵਾਰੀਆਂ ਬਿਠਾਉਣ। ਉਥੇ ਇਕੱਲੇ ਆਦਮੀ ਨੂੰ ਕਾਰ ਲੈ ਕੇ ਜਾਣਾ ਪੈ ਜਾਵੇ ਤਾਂ ਬੜਾ ਮੁਸ਼ਕਲ ਹੈ। ਅੱਡਿਆਂ ਉਤੇ ਜਿਥੇ ਬੱਸਾਂ ਚਲਦੀਆਂ ਹਨ, ਉਥੇ ਕਾਰਾਂ ਨੂੰ ਵੀ ਇਜਾਜ਼ਤ ਹੋਣੀ ਚਾਹੀਦੀ ਹੈ। ਉਹ ਕਾਰਾਂ ਅੱਡਿਆਂ ਤੇ ਖੜੀਆਂ ਕਰ ਸਕਣ, ਇਸ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਲਾਈਸੈਂਸ, ਪਰਮਿਟ ਆਦਿ ਮਿਲੇ ਹੋਣ। ਹਾਲਾਂ ਕਿ ਇਹ ਜਿਹੜੇ ਪ੍ਰਾਈਵੇਟ ਗੱਡੀਆਂ ਜਾਂ ਟੈਕਸੀਆਂ ਹੁੰਦੀਆਂ ਹਨ, ਉਨ੍ਹਾਂ ਕੋਲ ਟੈਕਸੀ ਆਦਿ ਦਾ ਲਾਈਸੈਂਸ ਨਹੀਂ ਹੁੰਦਾ। ਇਸ ਤਰ੍ਹਾਂ ਇਹ ਵੀ ਰੈਵੇਨਿਊ ਦੀ ਚੋਰੀ ਹੁੰਦੀ ਹੈ। ਉਹ ਸਵਾਰੀਆਂ ਚੜ੍ਹਾਈ ਜਾਂਦੇ ਹਨ ਅਤੇ ਕਮਾਈ ਕਰੀ ਜਾਂਦੇ ਹਨ, ਕੋਈ ਉਨ੍ਹਾਂ ਨੂੰ ਪੁੱਛਣ ਵਾਲਾ ਨਹੀਂ ਹੈ। ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਜੇ ਸਰਕਾਰ ਨੇ ਇਸ ਪਾਸੇ ਧਿਆਨ ਨਾ ਦਿਤਾ ਤਾਂ ਸਾਡੇ ਖਜ਼ਾਨੇ ਨੂੰ ਬਹੁਤ ਘਾਟਾ ਪਵੇਗਾ ਅਤੇ ਪੈ ਰਿਹਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਸਟਰਿਕਟਲੀ ਇਨਸਟਰਕਸ਼ਨਜ਼ ਹੋਣੀਆਂ ਚਾਹੀਦੀਆਂ ਹਨ ਕਿ ਕਾਰਾਂ ਚਲਾਉਣ, ਅਤੇ ਜ਼ਿਆਦਾ ਸਵਾਰੀਆਂ ਬਿਠਾਉਣ ਉਨ੍ਹਾਂ ਕੋਲ ਲਾਈਸੈਂਸ ਹੋਣ ਅਤੇ ਉਨ੍ਹਾਂ ਤੇ ਪੂਰੀ ਚੈਕਿੰਗ ਹੋਵੇ ਅਤੇ ਇਹ ਜਿਹੜੀ ਰਿਸ਼ਵਤ ਹੈ ਜਿਸ ਤਰ੍ਹਾਂ ਕਿ ਚਲਾਨ ਆਦਿ ਕਰਕੇ ਆਪਣੇ ਬੋਝੇ ਵਿਚ ਪੈਸੇ ਪਾਏ ਜਾਂਦੇ ਹਨ, ਇਹ ਨਾ ਹੋਵੇ। ਇਸ ਤੋਂ ਅਗੇ ਸੇਲਜ਼ ਟੈਕਸ ਔਰ ਐਕਸਾਈਜ਼ ਦੀ ਗੱਲ ਹੈ। ਮਿਲਕ ਇਨਸਪੈਕਟਰ ਜਾਂ ਫੂਡ ਇਨਸਪੈਕਟਰ ਜਿਹੜੇ ਹਨ ਇਹ ਬੜੀ ਹੇਰਾਫੇਰੀ ਕਰਦੇ ਹਨ। ਇਸੇ ਤਰ੍ਹਾਂ ਪੈਸੈਂਜਰ ਟੈਕਸ ਵਾਲੇ ਜਿਹੜੇ ਹਨ, ਉਹ ਟਿਕਟਾਂ ਵਿਚ ਕਾਫੀ ਹੇਰਾਫੇਰੀ ਅਤੇ ਟੈਕਸ ਦੀ ਚੋਰੀ ਕਰਦੇ ਹਨ। ਕਾਫੀ ਬੜੇ ਬੜੇ ਸਕੈਂਡਲ ਵੀ ਹੋਏ ਹਨ, ਲੇਕਿਨ ਜਦੋਂ ਇਥੇ ਕੋਈ ਐਮ. ਐਲ. ਏਜ਼ ਦੀ ਕਮੇਟੀ ਬਨਾਉਣ ਬਾਰੇ ਕਿਹਾ ਜਾਵੇ ਤਾਂ ਪਤਾ ਨਹੀਂ ਇਨ੍ਹਾਂ ਨੂੰ ਕੀ ਹੋ ਜਾਂਦਾ ਹੈ, ਇਹ ਮੰਨਦੇ ਹੀ ਨਹੀਂ। (ਆਪੋਜ਼ੀਸ਼ਨ ਵੱਲੋਂ ਤਾੜੀਆਂ) ਪਤਾ ਨਹੀਂ ਇਹ ਤਾਂ ਕਹਿੰਦੇ ਹਨ ਕਿ ਐਮ. ਐਲ. ਏਜ਼ ਨੂੰ ਕੋਈ ਤਾਕਤ ਨਹੀਂ ਦੇਣੀ। ਪੁਲਿਸ ਜੋ ਮਰਜ਼ੀ ਪਈ ਕਰੇ। ਪੁਲਿਸ ਦੇ ਬਾਰੇ ਮੈਂ ਦੱਸਦਾ ਹਾਂ ਕਿ ਥਾਣੇਦਾਰ ਪਿੰਡਾਂ ਵਿਚੋਂ ਸ਼ਰਾਬ ਦੇ ਮੱਟਾਂ ਦੇ ਮੱਟ ਫੜਦੇ ਹਨ। ਪਰਾਈਵੇਟ ਡਿਸਟਿਲਰੀਆਂ ਵੀ ਕੱਢਦੀਆਂ ਹਨ। ਮੈਂ ਕਹਿੰਦਾ ਹਾਂ ਕਿ ਜੇ ਪੁਲਿਸ ਉਨ੍ਹਾਂ ਨੂੰ ਫੜਨ ਜਾਂਦੀ ਹੈ ਤਾਂ ਉਹ ਸ਼ਰਾਬ ਵਾਲੇ ਡਰੱਮ ਤਾਂ ਉਥੇ ਹੀ ਛੱਡ ਆਉਂਦੇ ਹਨ ਅਤੇ ਲੋਕਾਂ ਤੋਂ ਪੈਸੇ ਆਦਿ ਲੈ ਕੇ ਵਾਪਿਸ ਆ ਜਾਂਦੇ ਹਨ। ਕਿਉਂਕਿ ਉਨ੍ਹਾਂ ਨੂੰ ਨਾ ਕੋਈ ਕਹਿਣ ਵਾਲਾ ਹੈ ਅਤੇ ਨਾ ਹੀ ਕੋਈ ਪੁੱਛਣ ਵਾਲਾ ਹੈ। ਫਿਰ ਇਸ ਦੀ ਸ਼ਿਕਾਇਤ ਵੀ ਕੌਣ ਕਰੇ ਅਤੇ ਕਿਸ ਨੂੰ ਕੀਤੀ ਜਾਵੇ। ਇਸ ਲਈ ਮੈਂ ਕਹਿੰਦਾ ਹਾਂ ਕਿ ਐਮ. ਐਲ. ਏਜ਼ ਨੂੰ ਕੋਈ ਐਥਾਰਿਟੀ ਮਿਲਣੀ ਚਾਹੀਦੀ ਹੈ। ਕਿਉਂ ਕਿ ਇਹ ਲੋਕਾਂ ਦੇ ਨੁਮਾਇੰਦੇ ਹੁੰਦੇ ਹਨ, ਇਸ ਲਈ ਇਨ੍ਹਾਂ ਨੂੰ ਐਥਾਰਿਟੀ ਮਿਲਣੀ ਚਾਹੀਦੀ ਹੈ ਤਾਂਕਿ ਇਹ ਇਨਵੈਸਟੀਗੇਸ਼ਨ ਕਰਕੇ ਰਿਪੋਰਟ ਕਰਨ। ਇਸ ਲਈ ਇਨ੍ਹਾਂ ਨੂੰ ਕੋਈ ਅਧਿਕਾਰ ਮਿਲਣੇ ਚਾਹੀਦੇ ਹਨ। ਇਸੇ ਤਰ੍ਹਾਂ ਹੀ ਕੁਰੱਪਸ਼ਨ ਘਟੇਗੀ। ਮੈਂ ਦਸਦਾ ਹਾਂ ਕਿ ਦਫ਼ਤਰਾਂ ਦਾ ਟਾਈਮ ਕਿਨਾ ਜ਼ਾਇਆ ਹੁੰਦਾ ਹੈ ਇਸ ਲਈ ਮੈਂ ਕਹਿੰਦਾ ਹਾਂ ਕਿ ਸ਼ਨਿਚਰਵਾਰ ਦੀ ਛੁੱਟੀ ਬੰਦ ਹੋ ਜਾਣੀ ਚਾਹੀਦੀ ਹੈ। (ਆਪੋਜ਼ੀਸ਼ਨ ਵੱਲੋਂ (ਪਰਸ਼ੰਸਾ) ਕਈ ਅਫ਼ਸਰ ਸ਼ੁਕਰਵਾਰ ਦਫ਼ਤਰ ਤੋਂ 12 ਵਜੇ ਚਲੇ ਜਾਂਦੇ ਹਨ ਅਤੇ ਸੋਮਵਾਰ ਨੂੰ ਵਾਪਿਸ 12 ਵਜੇ ਦਫ਼ਤਰ ਆਉਂਦੇ ਹਨ। ਜੇ ਕਿਧਰੇ ਨਾ ਹੀ ਹੋਵੇ ਤਾਂ ਉਹ ਕਿਸੇ ਤਹਿਸੀਲ ਆਦਿ ਦਾ ਦੌਰਾ ਹੀ ਪਾ ਲੈਂਦੇ ਹਨ। ਇਸ ਲਈ ਜੇ ਇਨ੍ਹਾਂ ਨੂੰ ਰੋਕਣਾ ਹੈ ਤਾਂ ਇਨ੍ਹਾਂ ਐਮ. ਐਲ. ਏਜ਼. ਨੂੰ ਕਈ ਪਾਵਰ

ਮਿਲਣੀ ਚਾਹੀਦੀ ਹੈ ਤਾਂ ਹੀ ਇਹ ਸਾਰੀਆਂ ਚੀਜ਼ਾਂ ਰੁਕ ਸਕਦੀਆਂ ਹਨ । ਲੇਕਿਨ ਮੈਂ ਕਹਿੰਦਾ ਹਾਂ ਕਿ ਮੈਂਬਰਾਂ ਕੋਲ ਤਾਂ ਟੁੱਟੀਆਂ ਸਾਈਕਲਾਂ ਵੀ ਨਹੀਂ ਹਨ । ਇਨ੍ਹਾਂ ਨੂੰ ਨਿਰੋਲ ਖਾਲੀ ਕਰਕੇ ਘਰੀਂ ਬਿਠਾਇਆ ਹੈ । ਇਸ ਲਈ ਇਨ੍ਹਾਂ ਨੂੰ ਕੁਝ ਪਾਵਰਜ਼ ਚਾਹੀਦੀਆਂ ਹਨ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਕਿਸ ਡੀਮਾਂਡ ਤੇ ਬੋਲਦੇ ਹੋ ? (On which Demand, the hon. Member is speaking ?)

ਬਾਵਾ ਹਰਨਾਮ ਸਿੰਘ : ਮੈਂ ਟਰਾਂਸਪੋਰਟ ਤੇ ਬੋਲਦਾ ਪਿਆ ਹਾਂ ਜੀ। (ਵਿਘਨ) (ਸ਼ੋਰ(

ਜਿਹੜੇ ਸ਼ਰਾਬ ਦੇ ਠੇਕੇਦਾਰ ਹਨ, ਉਨ੍ਹਾਂ ਕੋਲੋਂ ਪੂਰੇ ਪੈਸੇ ਲੈਣੇ ਚਾਹੀਦੇ ਹਨ । ਠੇਕੇ ਠੀਕ ਠੀਕ ਥਾਂ ਤੇ ਖੋਲ੍ਹਣੇ ਚਾਹੀਦੇ ਹਨ । (ਵਿਘਨ) ਮੈਂ ਤੁਹਾਨੂੰ ਦੂਧ ਦੀ ਗੱਲ ਦੱਸਦਾ ਹਾਂ ਕਿ ਕਿਸ ਕਦਰ ਹਰ ਇਕ ਚੀਜ਼ ਵਿਚ ਮਿਲਾਵਟ ਹੁੰਦੀ ਹੈ । ਕੋਈ ਚੀਜ਼ ਲੈ ਲਵੋ ਵਿਚ ਮਿਲਾਵਟ ਜ਼ਰੂਰ ਹੁੰਦੀ ਹੈ । ਇਸ ਲਈ ਸਾਨੂੰ ਕੁਝ ਅਖਤਿਆਰ ਮਿਲਣੇ ਚਾਹੀਦੇ ਹਨ (ਵਿਘਨ) ਇਹ ਸਾਰਾ ਢਾਂਚਾ ਅੰਗ੍ਰੇਜ਼ਾਂ ਨੇ ਬਣਾਇਆ ਸੀ ਅਤੇ ਇਹ ਉਸੀ ਤਰ੍ਹਾਂ ਹੀ ਚੱਲ ਰਿਹਾ ਹੈ । ਉਸੇ ਤਰਾਂ ਹੀ ਵੱਡੇ ਵੱਡੇ ਅਫਸਰਾਂ ਦੀਆਂ ਅਤੇ ਕਮਿਸ਼ਨਰਾਂ ਦੀਆਂ ਕੋਠੀਆਂ ਹਨ । ਲੇਕਿਨ ਇਹ ਲੋਕਾਂ ਦੇ ਨੁਮਾਇੰਦੇ ਉਸੇ ਤਰ੍ਹਾਂ ਹੀ ਬੈਠੇ ਹਨ । ਇਨ੍ਹਾਂ ਨੂੰ ਤਾਕਤ ਜ਼ਰੂਰ ਮਿਲਣੀ ਚਾਹੀਦੀ ਹੈ । ਜਿਹੜੀਆਂ ਬੀ. ਡੀ. ਓਜ਼. ਕੋਲ ਜੀਪਾਂ ਹਨ, ਉਹ ਐਮ. ਐਲ. ਏਜ਼. ਨੂੰ ਵਰਤਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਤਾਕਿ ਇਹ ਵੀ ਬੀ. ਡੀ. ਓਜ਼. ਦੇ ਨਾਲ ਜਾ ਕੇ ਟੂਰ ਕਰ ਸਕਣ ਅਤੇ ਕੁਝ ਨਾ ਕੁਝ ਇੰਤਜ਼ਾਮ ਕਰਨ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਬੇਗੋਵਾਲ ਔਰ ਟਾਂਡਾ ਦਾ ਤੱਲਕ ਹੈ ਮੇਰੀ ਅਰਜ਼ ਹੈ ਕਿ ਜੋ ਬਸਾਂ ਪਠਾਨਕੋਟ ਚੰਡੀਗੜ੍ਹ ਰੂਟ ਤੇ ਚਲਦੀਆਂ ਹਨ ਉਹ ਵਾਇਆ ਬੇਗੋਵਾਲ ਔਰ ਟਾਂਡਾ ਚਲਣੀਆਂ ਚਾਹੀਦੀਆਂ ਹਨ ਤਾਂ ਕਿ ਸਫਰ ਕਰਨ ਦੀ ਸਾਡੀ ਦਿਕਤ ਖ਼ਤਮ ਹੋ ਸਕੇ ਔਰ ਸਿਧੇ ਰੂਟ ਦੀ ਬਸ ਮਿਲੇ । ਡਿਪਟੀ ਸਪੀਕਰ ਸਾਹਿਬ, ਜਿਥੇ ਸੜਕਾਂ ਦੀ ਡਿਵੈਲਪਮੈਂਟ ਹੋ ਰਹੀ ਹੈ, ਟਰਾਂਸ-ਪੋਰਟ ਦੇ ਕੰਮ ਵਿਚ ਕਾਫੀ ਤਰੱਕੀ ਹੋ ਰਹੀ ਹੈ ਉਥੇ ਇਸ ਗਲ ਵਲ ਧਿਆਨ ਦਿਤਾ ਜਾਵੇ ਕਿ ਜਿਹੜੇ ਇਹੋ ਜਿਹੇ ਪਲੇਸਿਜ਼ ਹਨ ਜਿਥੋਂ ਸਫਰ ਕਰਨ ਦੀ ਬੜੀ ਦਿਕਤ ਹੁੰਦੀ ਹੈ ਉਥੇ ਵੀ ਬਸ ਰੂਟ ਦਾ ਖਿਆਲ ਰਖਿਆ ਜਾਵੇ । (ਵਿਘਨ) ਡਿਪਟੀ ਸਪੀਕਰ ਸਾਹਿਬ, ਅਸੀਂ ਡੈਮੋਕਰੇਸੀ ਦਾ ਢਾਂਚਾ ਬਣਾ ਲਿਆ ਹੈ ਪਰ ਮੇਰੀ ਅਰਜ਼ ਹੈ ਕਿ ਕੁਰੱਪਸ਼ਨ ਨੂੰ ਘਟਾਉਣਾ ਚਾਹੀਦਾ ਹੈ । (ਵਿਘਨ) ਮੈਂ ਕਹਿੰਦਾ ਹਾ ਕਿ ਸਾਡੀ ਸਰਕਾਰ ਸ਼ਾਨਦਾਰ ਹੈ, ਇਸ ਦੇ ਕੰਮ ਬੜੇ ਸ਼ਾਨਦਾਰ ਹਨ ਔਰ ਇਸ ਦੀ ਹਰ ਇਕ ਚੀਜ਼ ਬੜੀ ਸ਼ਾਨਦਾਰ ਹੈ ਪਰ ਇਸ ਸਰਕਾਰ ਨੂੰ ਐਮ. ਐਲ. ਏਜ਼ ਦਾ ਵੀ ਖਿਆਲ ਰਖਣਾ ਚਾਹੀਦਾ ਹੈ, ਉਸ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੀ ਗਲ ਕਰ ਰਿਹਾ ਸੀ । ਮੇਰੀ ਅਰਜ਼ ਹੈ ਕਿ ਇਕ ਤਾਂ ਟਿਕਟਾਂ ਦਾ ਸਕੈਂਡਲ ਹੈ ਇਸ ਨੂੰ ਬੰਦ ਕਰਨਾ ਚਾਹੀਦਾ ਹੈ ਔਰ ਦੂਸਰਾ ਬਸਾਂ ਦੇ ਪਾਰਟਸ ਜੋ ਹਨ ਉਨ੍ਹਾਂ ਦਾ ਇਕ ਸਕੈਂਡਲ ਬਣਿਆ ਹੋਇਆ ਹੈ । ਕੰਡਕਟਰ ਔਰ ਡਰਾਈਵਰ ਤੋਂ ਲੈਕੇ ਉਪਰ ਤਕ ਸਾਰੇ ਇਸ ਵਿਚ ਮਿਲੇ ਹੋਏ ਹਨ । ਖਾਸ ਤੌਰ ਤੇ ਪੁਰਾਣੇ ਪਾਰਟਸ ਖਰੀਦ ਕੇ ਔਰ ਨਵਿਆਂ ਪਾਰਟਸ ਦਾ ਬਿਲ ਦਿਖਾ ਕੇ ਪੈਸੇ ਵਸੂਲ ਕੀਤੇ ਜਾਂਦੇ ਹਨ ਔਰ ਇਸ ਤਰੀਕੇ ਨਾਲ ਕੁਰੱਪਸ਼ਨ ਕੀਤੀ ਜਾ ਰਹੀ ਹੈ ।

[ਬਾਵਾ ਹਰਨਾਮ ਸਿੰਘ]

ਇਹੋ ਜਿਹੀਆਂ ਚੀਜ਼ਾਂ ਹਨ ਇਨ੍ਹਾਂ ਵਲ ਸਰਕਾਰ ਨੂੰ ਚੈਕ ਰਖਣਾ ਚਾਹੀਦਾ ਹੈ। ਇਹ ਠੀਕ ਹੈ ਸਰਦਾਰ ਗੁਰਨਾਮ ਸਿੰਘ ਚੀਫ਼ ਮਨਿਸਟਰ ਸਾਹਿਬ ਨੇ ਇਕਲਿਆਂ ਹੀ ਸਾਰੇ ਕੰਮ ਨਹੀਂ ਕਰਨੇ ਜਾਂ ਛੜੇ ਵਜ਼ੀਰਾਂ ਨੇ ਇਹ ਚੀਜ਼ਾਂ ਸਾਰੀਆਂ ਨਹੀਂ ਕਰਨੀਆਂ ਸਾਨੂੰ ਸਾਰਿਆਂ ਨੂੰ ਉਨ੍ਹਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। (ਵਿਘਨ)

ਡਿਪਟੀ ਸਪੀਕਰ ਸਾਹਿਬ, ਟੈਕਸ ਦੇ ਬਾਰੇ ਮੇਰੀ ਅਰਜ਼ ਹੈ ਕਿ ਇਨਕਮ ਟੈਕਸ ਦੇ ਲਈ ਖਾਸ ਤੌਰ ਤੇ ਮੁਹਿੰਮ ਚਲਣੀ ਚਾਹੀਦੀ ਹੈ। ਲੋਕਾਂ ਨੇ ਡਬਲ ਖਾਤੇ ਖੋਲ੍ਹੇ ਹੋਏ ਹਨ। ਸਰਕਾਰ ਨੂੰ ਇਸ ਤੇ ਚੈਕ ਰਖਣਾ ਚਾਹੀਦਾ ਹੈ ਔਰ ਟੈਕਸ ਦੀ ਚੋਰੀ ਨੂੰ ਫੜਨਾ ਚਾਹੀਦਾ ਹੈ। ਦੂਸਰਾ ਮੈਂ ਇਸ ਦੇ ਬਾਰੇ ਇਹ ਵੀ ਅਰਜ਼ ਕਰਦਾ ਹਾਂ ਕਿ ਜਿਸ ਵੇਲੇ ਮਿਲ ਵਿਚੋਂ ਮਾਲ ਨਿਕਲਦਾ ਹੈ, ਤਾਂ ਉਸ ਵੇਲੇ ਇਕੋ ਵਾਰੀ ਟੈਕਸ ਲਗ ਜਾਣਾ ਚਾਹੀਦਾ ਹੈ, ਥਾਂ ਥਾਂ ਤੇ ਨਹੀਂ ਲਗਣਾ ਚਾਹੀਦਾ। (ਵਿਘਨ)

Mr. Deputy Speaker : Please take your seat now. (Interruption)

ਸਰਦਾਰ ਕਿਰਪਾਲ ਸਿੰਘ : (ਅੰਮ੍ਰਿਤਸਰ, ਦਖਣ) ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 2, 3, 4, 5, 32 ਔਰ 47 ਦੇ ਬਾਰੇ ਅਰਜ਼ ਕਰਾਂਗਾ। ਮੈਂ ਤੁਹਾਡੀ ਵਸਾਤਤ ਨਾਲ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਟੈਕਸ ਦੇ ਖਰਚ ਦਾ ਹਿਸਾਬ ਹੈ ਇਹ ਜਿੰਨੀਆਂ ਡੀਮਾਂਡਜ਼ ਹਨ ਇਨ੍ਹਾਂ ਡੇਪਾਰਟਮੈਂਟ ਵਿਚ ਜਾਣ ਬੁਝ ਕੇ ਆਮਦਨੀ ਘੱਟ ਦਿਖਾਈ ਗਈ ਹੈ ਔਰ ਇਹ ਸ਼ਾਇਦ ਕੋਈ ਨਵੇਂ ਟੈਕਸ ਵਾਸਤੇ ਗਲ ਪੈਦਾ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ, ਬਜਟ ਵਿਚ ਦੇਖੋ ਤਾਂ ਇਸ ਦੇ ਟਰਾਂਸਪੋਰਟ ਦੇ ਖਾਤੇ ਵਿਚ ਇਕ ਕਰੋੜ ਤੋਂ ਜ਼ਿਆਦਾ ਖਰਚ ਹੈ ਜਿਹੜਾ ਕਿ ਰੀਵਾਈਜ਼ਡ ਬਜਟ ਔਰ ਪ੍ਰੋਪੋਜ਼ਡ ਬਜਟ ਵਿਚ ਹੈ। ਫਿਰ ਟਰਾਂਸਪੋਰਟ ਦੇ ਵਿਚ ਕੋਈ ਐਸੀ ਚੀਜ਼ ਨਹੀਂ ਨਵੀਂ ਕੀਤੀ ਜਿਸ ਕਰਕੇ ਇਹ ਜਿਹੜੇ ਪੈਸਿਆਂ ਦੀ ਮਨਜ਼ੂਰੀ ਵਾਸਤੇ ਡੀਮਾਂਡਜ਼ ਆਈਆਂ ਹਨ ਇਹ ਕੋਈ ਜਸਟੀਫਾਈ ਕਰਨ ਔਰ ਇਹ ਕੋਈ ਕੰਨਵਿਨਸਿੰਗ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਬਜਟ ਔਰ ਬਜਟ ਦੇ ਅੰਕੜੇ ਜਿੰਨੇ ਵੀ ਅਸੀਂ ਦੇਖਦੇ ਹਾਂ ਉਸ ਵਿਚ ਕਮਰਸ਼ੀਅਲ ਕਰਾਪ ਦੀ ਆਮਦਨੀ ਘੱਟ ਸ਼ੋ ਕੀਤੀ ਗਈ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਐਕਸਾਈਜ਼ ਦੀ ਵੀ ਕੁਝ ਛੋਟ ਦਿਤੀ ਹੈ ਪਰ ਇਹ ਛੋਟ ਦਿਤੀ ਹੈ ਸ਼ਰਾਬ ਦੇ ਠੇਕੇਦਾਰਾਂ ਨੂੰ ਜੋ ਨੀਲੀਆਂ ਹਰੀਆਂ ਔਰ ਪੀਲੀਆਂ ਬੋਤਲਾਂ ਸ਼ਰਾਬ ਦੀਆਂ ਵੇਚਦੇ ਹਨ। ਉਨ੍ਹਾਂ ਲੋਕਾਂ ਨੂੰ ਜੋ ਸ਼ਰਾਬ ਵੇਚਦੇ ਹਨ ਉਨ੍ਹਾਂ ਨੂੰ ਲਾਊਡ ਸਪੀਕਰ ਦੀ ਵੀ ਖੁਲ੍ਹੀ ਛੁੱਟੀ ਦਿਤੀ ਹੈ ਕਿ ਖੁਲ੍ਹੇ ਤੌਰ ਤੇ ਇਸ ਦਾ ਪਰਚਾਰ ਕਰੋ। ਇਥੇ ਮੇਰੇ ਕਈ ਦੋਸਤਾਂ ਨੇ ਨਾਮ ਖੁਮਾਰੀ ਦਾ ਜ਼ਿਕਰ ਕੀਤਾ ਸੀ ਪਰ ਇਨ੍ਹਾਂ ਨੇ ਹੁਣ ਸ਼ਰਾਬ/ਅਫੀਮ ਖੁਮਾਰੀ ਦੀ ਗਲ ਕੀਤੀ ਹੋਈ ਹੈ। ਜਿਥੋਂ ਤਕ ਡਿਪਟੀ ਸਪੀਕਰ ਸਾਹਿਬ, ਐਕਸਾਈਜ਼ ਦੀ ਆਮਦਨੀ ਦਾ ਤੱਲਕ ਹੈ ਉਸ ਦੀ ਆਮਦਨੀ ਵਾਸਤੇ ਕਈ ਤਰ੍ਹਾਂ ਦੇ ਠੇਕੇ ਇਕੋ ਜਗ੍ਹਾ ਨਿਲਾਮ ਕਰ ਦਿਤੇ ਜਾਂਦੇ ਹਨ ਔਰ ਉਹ ਠੇਕੇ ਉਨ੍ਹਾਂ ਲੋਕ ਨੂੰ ਨਿਲਾਮ ਕਰ ਦਿਤੇ ਜਾਂਦੇ ਹਨ ਜਿਹੜੇ ਕਿ ਪੈਸੇ ਨਹੀਂ ਮੋੜ ਸਕਦੇ ਔਰ ਮੁੜ ਕੇ ਗੌਰਮਿੰਟ ਨੂੰ ਐਕਸਾਈਜ਼ ਵਿਚ ਛੋਟ ਦੇਣੀ ਪੈਂਦੀ ਹੈ। ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ ਇਨ੍ਹਾਂ ਨੇ ਚਾਰ ਕਰੋੜ ਰੁਪਏ ਦੀ ਛੋਟ ਸ਼ਰਾਬ ਦੇ ਠੇਕੇਦਾਰਾਂ ਨੂੰ ਦਿਤੀ ਸੀ ਪਰ ਛੋਟ ਦਾ ਉਹ ਲੋਕ ਫਾਇਦਾ ਉਠਾ ਗਏ ਜਿਨ੍ਹਾਂ ਪਾਸ ਆਪਣੀ ਜਾਇਦਾਦ ਵਗੈਰਾ ਸਭ ਕੁਝ ਸੀ ਪਰ ਉਨ੍ਹਾਂਨੇ ਉਹ ਸ਼ਰਾਬ ਦੇ ਠੇਕੇ ਕਿਸੇ ਗਰੀਬ ਆਦਮੀ ਦੇ ਨਾਮ ਖਰੀਦ ਕੇ ਚਲਾਉਂਦੇ ਚਲੇ ਆ ਰਹੇ ਸਨ ਔਰ ਗੌਰਮਿੰਟ ਵਲੋਂ ਛੋਟ ਦੇਣ ਤੇ ਉਹ ਲੋਕ ਉਸ ਛੋਟ ਦਾ ਫਾਇਦਾ ਉਠਾ ਗਏ। ਦੀਗਰ

ਲੋਕਾਂ ਨੇ ਛੋਟ ਦੇ ਬਾਵਜੂਦ ਵੀ ਰਕਮ ਨਹੀਂ ਦਿਤੀ। ਇਸ ਲਈ ਮੇਰੀ ਅਰਜ਼ ਹੈ ਕਿ ਸ਼ਰਾਬ ਦੇ ਠਕੇ ਉਨ੍ਹਾਂ ਲੋਕਾਂ ਨੂੰ ਦਿਤੇ ਜਾਣ ਜਿਹੜੇ ਇਨ੍ਹਾਂ ਵਾਸਤੇ ਸਫੀਸ਼ੈਂਟ ਗਰੰਟੀ ਦੇ ਸਕਣ ਤਾਂ ਕਿ ਜਿਹੜਾ ਇਸ ਦਾ ਭੁਗਤਾਨ ਨਾ ਕਰ ਸਕਣ ਤਾਂ ਇਹ ਰਕਮ ਫਿਰ ਉਸ ਗਰੰਟੀ ਦੇਣ ਵਾਲੇ ਪਾਸੋਂ ਵਸੂਲ ਕੀਤੀ ਜਾ ਸਕੇ। ਜੇ ਇਹ ਸ਼ਰਾਬ ਦੇ ਠੇਕੇ ਉਹ ਆਦਮੀ ਖਰੀਦ ਲੈਣ ਜਿਹੜੇ ਕਿ ਭੁਗਤਾਨ ਨਾ ਕਰ ਸਕਣ ਤਾਂ ਗੌਰਮਿੰਟ ਦੇ ਰੈਵਨਿਯੂ ਵਿਚ ਨੁਕਸਾਨ ਹੋਵੇਗਾ। ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਸ਼ਰਾਬ ਪੀਣ ਦੀਆਂ ਵੀ ਬਹੁਤ ਗਲਾਂ ਹੁੰਦੀਆਂ ਹਨ। ਜਿਹੜਾ ਸ਼ਰਾਬ ਨਹੀਂ ਪੀਂਦਾ ਉਨ੍ਹਾਂ ਦੇ ਕਹਿਣ ਮੁਤਾਬਕ ਉਹ ਕਲਚਰਡ ਸੋਸਾਇਟੀ ਵਿਚ ਮੂਵ ਨਹੀਂ ਕਰ ਸਕਦਾ। ਇਸ ਸ਼ਰਾਬ ਨੂੰ ਹੀ ਕਲਚਰਡ ਸੋਸਾਇਟੀ ਦੀ ਨਿਸ਼ਾਨੀ ਉਹ ਮੰਨਦੇ ਹਨ ਭਾਵੇਂ ਇਸ ਦਾ ਪੁਰਾਣੀ ਸਭਿਅਤਾ ਨਾਲ, ਸਿੱਖ ਧਰਮ ਨਾਲ ਜਾਂ ਹਿੰਦੂ ਧਰਮ ਨਾਲ ਜਾਂ ਕਿਸੇ ਹੋਰ ਧਰਮ ਨਾਲ ਇਸ ਦਾ ਕੋਈ ਤੱਲਕ ਨਹੀਂ ਔਰ ਫਿਰ ਇਸ ਦੇ ਬਾਰੇ ਇਤਨਾ ਪਰਚਾਰ ਹੋਣ ਦੇ ਬਾਵਜੂਦ ਵੀ ਗੌਰਮਿੰਟ ਦਾ ਰੈਵਨਿਯੂ ਕੁਝ ਐਸੇ ਹੱਥਾਂ ਵਿਚ ਨੁਕਸਾਨ ਹੁੰਦਾ ਹੈ ਜਿਹੜੇ ਕਿ ਚਾਰ ਸੌ ਬੀਸੀ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਟੈਕਸ ਦੇ ਮਸਲੇ ਤੇ ਮੈਂ ਕੁਝ ਗਲਾਂ ਜਨਰਲ ਬਜਟ ਤੇ ਕਹੀਆਂ ਸਨ। ਇਨ੍ਹਾਂ ਨੇ ਇਕ ਕਮੇਟੀ ਬਣਾਈ ਸੀ ਮੈਂ ਕਿਹਾ ਸੀ ਕਿ ਇਹ ਯਤੀਮਖਾਨਾ ਬਣਾਇਆ ਹੈ ਉਨ੍ਹਾਂ ਲੋਕਾਂ ਵਾਸਤੇ ਜਿਹੜੇ ਕਿ ਸਿਆਸੀ ਤੌਰ ਤੇ ਹਾਰ ਗਏ ਹਨ। ਉਨ੍ਹਾਂ ਨੂੰ ਹੋਰ ਕੋਈ ਮੁਕਾਮ ਨਹੀਂ ਲਭਿਆ ਤਾਂ ਉਨ੍ਹਾਂ ਨੂੰ ਕੁਝ ਪਰੋਵਾਈਡ ਕਰਨ ਲਈ ਇਹ ਵਜੂਦ ਸਥਾਪਤ ਕਰ ਦਿਤਾ। ਉਸ ਕਮੇਟੀ ਨੇ ਕੋਈ ਮਕਸਦ ਆਪਣਾ ਹੱਲ ਨਹੀਂ ਕੀਤਾ, ਇਸ ਲਈ ਮੈਂ ਤਾਂ ਉਸ ਨੂੰ ਯਤੀਮਖਾਨਾ ਹੀ ਕਹਿੰਦਾ ਹਾਂ। ਹੁਣ ਪਤਾ ਨਹੀਂ ਕਿਹੜਾ ਨਵਾਂ ਯਤੀਮਖਾਨਾ ਬਣਾਉਣਗੇ। ਸ੍ਰੀ ਕ੍ਰਿਸ਼ਨ ਲਾਲ ਇਥੋਂ ਹੁਣ ਗਏ ਹਨ ਉਨ੍ਹਾਂ ਵਾਸਤੇ ਪਤਾ ਨਹੀਂ ਕਿਹੜਾ ਯਤੀਮਖਾਨਾ ਬਣਾਉਣਗੇ। (ਵਿਘਨ)

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਹੜੀ ਜਾਇਦਾਦ ਪ੍ਰਿੰਸਿਜ਼ ਨੇ ਬਣਾਈ ਹੈ ਇਸ ਨੂੰ ਇਖਲਾਕੀ ਤੌਰ ਤੇ ਠੀਕ ਮੰਨ ਲਿਆ ਜਾਵੇ ਤਾਂ ਅੱਜ ਤਕ ਜਿਤਨੇ ਵੀ ਜ਼ੁਲਮੋਂ ਸਿਤਮ ਅਤੇ ਲੁਟ ਮਾਰ ਦੇ ਨਾਲ ਜਾਇਦਾਦਾਂ ਬਣੀਆ ਹਨ ਉਹ ਸਾਰੀਆਂ ਹੀ ਠੀਕ ਹਨ। ਸਾਰੇ ਬਾਬਰ ਸਾਰੇ ਚੰਗੇਜ਼ ਖਾਨ ਅਤੇ ਸਾਰੇ ਮਲਕ ਭਾਗੋ ਸਚੇ ਹਨ ਜੇ ਜਾਇਦਾਦ ਨੂੰ ਇਖਲਾਕੀ ਹੱਕ ਮੰਨ ਲਿਆ ਜਾਵੇ ਤਾਂ ਹੁਣ ਤਕ ਜਿੰਨੀਆਂ ਵੀ ਜਾਇਦਾਦਾਂ ਜ਼ੁਲਮੋਂ ਸਿਤਮ ਨਾਲ ਬਣੀਆਂ ਉਹ ਸਾਰੀਆਂ ਇਖਲਾਕੀ ਔਰ ਕਾਨੂੰਨੀ ਹਨ। ਅਸੀਂ ਜਾਣਦੇ ਹਾਂ ਕਿ ਇਹੋ ਜਿਹੀਆਂ ਜਾਇਦਾਦਾਂ ਬਣਾਉਣ ਵਾਲਿਆਂ ਨੇ ਕੀ ਕੀ ਕੀਤਾ ਹੈ ਉਹ ਸਭ ਕੁਝ ਸਾਡੇ ਸਾਹਮਣੇ ਹੈ ਔਰ ਤਵਾਰੀਖ ਇਸ ਗਲ ਦੀ ਗਵਾਹ ਹੈ। ਇਸ ਲਈ ਜਾਇਦਾਦ ਨੂੰ ਇਖਲਾਕੀ ਤੌਰ ਤੇ ਠੀਕ ਮੰਨਣ ਦੀ ਦਲੀਲ ਨਹੀਂ ਬਣਦੀ। (ਵਿਘਨ)

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਬਜਟ ਦੀਆਂ ਦੀਗਰ ਮਦਾਂ ਤੇ ਮੈਂ ਇਹ ਕਹਿਣਾ ਹੈ ਕਿ ਵੈਲਥ ਟੈਕਸ ਦੀਆਂ ਜੋ ਕਾਨੂੰਨੀ ਪੇਚੀਦਗੀਆਂ ਹਨ ਉਹ ਆਮ ਆਦਮੀ ਵਾਸਤੇ ਤਾਂ ਦੂਰ ਕੀਤੀਆਂ ਜਾ ਸਕਦੀਆਂ ਹਨ। ਲੇਕਿਨ ਇਸ ਗਲ ਤੋਂ ਕਿਸ ਤਰ੍ਹਾਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਜਿਹੜੀ ਪ੍ਰਾਪਰਟੀ ਦਿਹਾਤਾਂ ਵਿਚ ਨਵੀਂ ਵਾਹੀ ਨਾਲ ਆਈ ਹੈ ਇਸ ਨਾਲ ਉਨ੍ਹਾਂ ਲੋਕਾਂ ਕੋਲ ਚਾਰ ਪੈਸੇ ਹੋ ਗਏ ਹਨ ਅਤੇ ਉਨ੍ਹਾਂ ਨੇ ਸ਼ਹਿਰਾਂ ਵਿਚ ਜਾਇਦਾਦ ਬਣਾਉਣੀ ਸ਼ੁਰੂ ਕੀਤੀ ਹੈ। ਜਿਹੜੇ ਸ਼ਹਿਰਾਂ ਦੇ ਕਾਰਖਾਨੇਦਾਰ ਹਨ ਉਨ੍ਹਾਂ ਨੇ ਆਪਣੀ ਨਾਜਾਇਜ਼ ਰਕਮ ਨੂੰ ਚੁਕਾਉਣ ਵਾਸਤੇ ਬੜੇ ਬੜੇ ਫਾਰਮ ਲਾਏ ਹੋਏ ਹਨ। ਉਹ ਉਨ੍ਹਾਂ ਦੀ ਮਦਦ ਫੈਕਸ ਲਈ ਲੈਂਦੇ ਹਨ। ਅਸੀਂ

[ਸਰਦਾਰ ਕਿਰਪਾਲ ਸਿੰਘ]

ਕਹਿੰਦੇ ਹਾਂ ਕਿ ਉਹ ਕਾਰਖਾਨੇਦਾਰ ਉਹ ਸਰਮਾਇਆਦਾਰ ਨਾ ਬਚ ਸਕਣ ਜਿਨ੍ਹਾਂ ਨੇ ਆਪਣਾ ਸਰਮਾਇਆ ਜ਼ਰਾਇਤੀ ਖੇਤੀ ਵਿਚ ਲਾ ਦਿਤਾ ਹੈ। ਇਸ ਗੌਰਮਿੰਟ ਦੀ ਪ੍ਰੋਗਰੈਸਿਵ ਪਾਲਿਸੀ ਵਿਚ ਹੁਣ ਤਕ ਸਾਡੇ ਸਾਮ੍ਹਣੇ ਦੋ ਗਲਾਂ ਆਈਆਂ ਹਨ। (ਘੰਟੀ) ਇਕ ਤਾਂ ਧੀ ਦਾ ਹੱਕ ਖੋਹ ਲਵੋ, ਪਹਿਲਾਂ ਧੀਆਂ ਮਾਰ ਦਿੰਦੇ ਸਨ ਹੁਣ ਉਨ੍ਹਾਂ ਦਾ ਹਕ ਖੋਹ ਲਵੋ। ਬੜੀ ਅਜੀਬ ਗਲ ਹੈ ਇਸ ਨੂੰ ਇਹ ਪ੍ਰੋਗਰੈਸਿਵ ਗਲ ਕਹਿੰਦੇ ਹਨ। ਜਿਹੜੀ ਇਨ੍ਹਾਂ ਦੀ ਟੈਕਸਾਂ ਦੀ ਪਾਲਿਸੀ ਦੀ ਗਲ ਹੈ, ਜਿਹੜਾ ਸਿਨੇਮਾ ਸ਼ੋ ਟੈਕਸ ਹੈ ਜਾਂ ਐਂਟਰਟੇਨਮੈਂਟ ਟੈਕਸ ਹੈ ਮੈਂ ਕਹਿੰਦਾ ਹਾਂ ਕਿ ਜਿਹੜੀ ਸੱਸਤੀ ਟਿਕਟ ਹੈ ਉਸਤੇ ਨਹੀਂ ਹੋਣਾ ਚਾਹੀਦਾ ਕਿਉਂਕਿ ਗਰੀਬ ਤਾਂ ਉਹੀ ਹੀ ਖ਼ਰੀਦਦਾ ਹੈ, ਉਸ ਤੋਂ ਉਪਰਲੀ ਤੇ ਲਾ ਦਿਤਾ ਜਾਏ।

ਇਥੇ ਟਰਾਂਸਪੋਰਟ ਦੀ ਗਲ ਹੈ। ਮੈਂ ਕਹਿੰਦਾ ਹਾਂ ਕਿ ਪ੍ਰਾਈਵੇਟ ਸੈਕਟਰ ਅਤੇ ਪਬਲਿਕ ਸੈਕਟਰ ਦੋਹਾਂ ਦਾ ਕੰਪੈਰੇਜ਼ਨ ਕਰਕੇ ਵੇਖ ਲਵੋ ਕਿ ਪ੍ਰਾਈਵੇਟ ਸੈਕਟਰ ਵਾਲੇ ਪਬਲਿਕ ਸੈਕਟਰ ਨਾਲੋਂ ਕਿੰਨੇ ਫਾਇਦੇ ਵਿਚ ਚਲ ਰਹੇ ਹਨ ਅਤੇ ਕਿੰਨੀਆਂ ਸਹੂਲਤਾਂ ਲੋਕਾਂ ਨੂੰ ਦਿੰਦੇ ਹਨ। ਚਾਹੀਦਾ ਤਾਂ ਇਹ ਸੀ ਕਿ ਨੈਸ਼ਨਲਾਈਜ਼ੇਸ਼ਨ ਤੋਂ ਬਾਦ ਲੋਕਾਂ ਨੂੰ ਜ਼ਿਆਦਾ ਸਹੂਲਤਾਂ ਮਿਲਦੀਆਂ, ਜ਼ਿਆਦਾ ਐਫੀਸ਼ੈਂਸੀ ਆਉਂਦੀ ਲੇਕਿਨ ਇਸ ਦੇ ਬਰਖਿਲਾਫ਼ ਹਕੀਕਤ ਇਹ ਹੈ ਕਿ ਅਸੀਂ ਵੇਖ ਰਹੇ ਹਾਂ ਨੈਸ਼ਨਲਾਈਜ਼ਡ ਟਰਾਂਸਪੋਰਟ ਫੇਲ ਹੋ ਰਹੀ ਹੈ, ਉਸ ਦੀ ਐਫੀਸ਼ੈਂਸੀ ਖ਼ਤਮ ਹੋ ਰਹੀ ਹੈ। ਡਿਮਾਂਡਜ਼ ਆਈਆਂ ਹਨ, ਪਾਸ ਹੋ ਜਾਣਗੀਆਂ ਅਤੇ ਨਾਲ ਹੀ ਪੈਸਾ ਵੀ ਖ਼ਰਚ ਹੋ ਜਾਏਗਾ ਪਰ ਐਫੀਸ਼ੈਂਸੀ ਕੋਈ ਨਹੀਂ ਵਧਣੀ। ਮੈਂ ਗੌਰਮਿੰਟ ਨੂੰ ਅਰਜ਼ ਕਰਾਂਗਾ ਕਿ ਟਰਾਂਸਪੋਰਟ ਨੂੰ ਅੱਛਾ ਕਰਨਾ ਚਾਹੀਦਾ ਹੈ ਅਤੇ ਇਸ ਵਿਚ ਐਫੀਸ਼ੈਂਸੀ ਲਿਆਉਣ ਦੇ ਯਤਨ ਕਰਨੇ ਚਾਹੀਦੇ ਹਨ।

ਮੁੱਖ ਮੰਤਰੀ (ਸਰਦਾਰ ਗੁਰਨਾਮ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਮਸ਼ਕੂਰ ਹਾਂ ਆਨਰੇਬਲ ਮੈਂਬਰ ਸਾਹਿਬਾਨ ਦਾ ਜਿਨ੍ਹਾਂ ਨੇ ਇੰਨੀ ਖੇਚਲ ਕੀਤੀ ਕਿ ਜਿਹੜੀਆਂ ਡਿਮਾਂਡਜ਼ ਸਨ ਉਨ੍ਹਾਂ ਤੋਂ ਉਪਰ ਜਾ ਕੇ ਸੁਝਾਉ ਦਿਤੇ ਉਨ੍ਹਾਂ ਦਾ ਖ਼ਾਸ ਖ਼ਿਆਲ ਰਖਿਆ ਜਾਏਗਾ (ਥੰਪਿੰਗ)

ਮੈਂ ਟਰਾਂਸਪੋਰਟ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ। ਟਰਾਂਸਪੋਰਟ ਨੂੰ ਬੜਾ ਇੰਪ੍ਰੂਵ ਕੀਤਾ ਜਾ ਰਿਹਾ ਹੈ। ਇਹ ਠੀਕ ਹੈ ਕਿ ਪਬਲਿਕ ਸੈਕਟਰ ਜਿਹੜਾ ਹੈ ਉਹ ਇੰਨਾ ਅੱਛਾ ਨਹੀਂ ਜਿਨਾਂ ਪ੍ਰਾਈਵੇਟ ਸੈਕਟਰ ਹੈ। ਉਸ ਦੀ ਵਜ੍ਹਾ ਇਹ ਹੈ ਕਿ ਪ੍ਰਾਈਵੇਟ ਸੈਕਟਰ ਵਿਚ ਮਾਲਕਾਂ ਨੂੰ ਖ਼ਾਹਿਸ਼ ਹੁੰਦੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਕਮਾਵੇ। ਇਸ ਲਈ ਜ਼ਿਆਦਾ ਸਹੂਲਤਾਂ ਦਿੰਦਾ ਹੈ ਤਾਂ ਕਿ ਜ਼ਿਆਦਾ ਕਮਾ ਸਕੇ। ਉਹ ਜਿਆਦਾ ਸਹੂਲਤਾਂ ਦਿੰਦਾ ਹੈ ਅਤੇ ਐਫੀਸ਼ੈਂਸੀ ਨਾਲ ਚਲਾਉਂਦਾ ਹੈ। ਪਬਲਿਕ ਸੈਕਟਰ ਵਿਚ ਜੋ ਚੀਜ਼ ਹੈ ਉਹ ਇਹ ਹੈ ਕਿ ਉਹ ਐਂਪਲਾਈਜ਼ ਦੇ ਹੱਥ ਵਿਚ ਹੈ। ਉਹ ਕਈ ਜਗ੍ਹਾ ਖੇਚਲ ਨਹੀਂ ਕਰਦਾ, ਮਗਰ ਅਸੀਂ ਉਸ ਦੇ ਵਿਚ ਇੰਪਰੂਵਮੈਂਟਸ ਲਿਆਂਦੀਆਂ ਹਨ। ਉਹ ਇਹ ਹੈ ਕਿ ਅਸੀਂ ਇਕ ਟਰਾਂਸਪੋਰਟ ਬੋਰਡ ਬਣਾ ਦਿਤਾ ਹੈ ਅਤੇ ਉਸ ਦੇ ਦੋ ਵਿੰਗਜ਼ ਹਨ। ਇਕ ਕਮਰਸ਼ੀਅਲ ਅਤੇ ਦੂਸਰਾ ਐਨਫੋਰਸਮੈਂਟ ਅਗੇ ਇਕ ਟਰਾਂਸਪੋਰਟ ਕੰਟਰੋਲਰ ਹੁੰਦਾ ਸੀ ਉਹ ਇਨ੍ਹਾਂ ਸਾਰੇ ਕੰਮਾਂ ਨੂੰ ਠੀਕ ਨਹੀਂ ਸੀ ਚਲ ਸਕਦਾ। ਇਸ ਤੋਂ ਇਲਾਵਾ ਇਕ ਇਹ ਫ਼ੈਸਲਾ ਕੀਤਾ ਹੈ ਕਿ ਜਿਹੜੇ ਵਰਕਸ਼ਾਪ ਵਿਚ ਐਂਪਲਾਈਜ਼ ਹੋਣੇ ਚਾਹੀਦੇ ਹਨ ਉਨ੍ਹਾਂ ਨੂੰ ਚੰਗੀਆਂ ਤੇ ਵਾਜਬ ਤਨਖਾਹਾਂ ਦਿਤੀਆਂ ਜਾਣ ਤਾਂ ਕਿ ਅੱਛੇ ਆਦਮੀ ਕੰਮ ਕਰਨ ਵਾਲੇ ਮਿਲ ਸਕਣ ਅਤੇ ਕੰਮ ਅਛੀ

ਤਰ੍ਹਾਂ ਨਾਲ ਚਲੇ । ਅਸੀਂ ਵੇਖਿਆ ਹੈ ਕਿ ਵਰਕਸ਼ਾਪਸ ਵਿਚ ਕੋਈ ਐਫੀਸ਼ੈਂਸੀ ਨਹੀਂ ਹੈ । ਕਰੋੜਾਂ ਰੁਪਏ ਦੀਆਂ ਬਸਾਂ ਤੇ ਮੋਟਰਾਂ ਚਲਣ, ਉਨ੍ਹਾਂ ਨੂੰ ਠੀਕ ਕਰਨ ਵਾਸਤੇ ਜਿਹੜੀ ਐਫੀਸ਼ੈਂਸੀ ਚਾਹੀਦੀ ਹੈ ਉਹ ਇਸ ਵਕਤ ਨਹੀਂ ਹੈ, ਅਸੀਂ ਇਸ ਲਈ ਦੋ ਚਾਰ ਕਦਮ ਉਠਾਏ ਹਨ । ਇਸ ਤੋਂ ਇਲਾਵਾ ਰੀਜਨਲ ਐਥਾਰਟੀਜ਼ ਸਨ ਉਹੀ ਰੂਟ ਪ੍ਰਮਿਟਸ ਦਿੰਦੀਆਂ ਸਨ । ਹੁਣ ਅਸੀਂ 11 ਜ਼ਿਲ੍ਹਿਆਂ ਵਿਚ ਉਨ੍ਹਾਂ ਦੀ ਥਾਂ ਤੇ ਡਿਸਟਰਿਕਟ ਟਰਾਂਸਪੋਰਟ ਅਫਸਰ ਬਣਾ ਦਿਤੇ ਹਨ ਉਹ ਹਰ ਇਕ ਜ਼ਿਲ੍ਹੇ ਦੀ ਹਰ ਟਰਾਂਸਪੋਰਟ ਦੀ ਜ਼ਰੂਰਤ ਵੇਖਣਗੇ ਕਿ ਕਿੰਨੀ ਕਿਥੇ ਘੱਟ ਹੈ ਅਤੇ ਕਿਥੇ ਵੱਧ ਹੈ । ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਅੱਗੇ ਜੁਦਾ ਜੁਦਾ ਕੰਮ ਸੀ । ਕੋਈ ਲਾਈਸੈਂਸ ਦਿੰਦਾ ਸੀ ਤੇ ਕਈ ਰੈਜਿਸਟਰੇਸ਼ਨ ਕਰਦਾ ਸੀ ਅਤੇ ਐਗਜ਼ਾਮਿਨ ਕੋਈ ਕਰਦਾ ਸੀ ਯਾਨੀ ਕੋਈ ਕੁਝ ਕਰਦਾ ਸੀ ਤੇ ਕੋਈ ਕੁਝ ਕਰਦਾ ਸੀ । ਇਸ ਤਰ੍ਹਾਂ ਇਹ ਕੰਮ ਪੰਜ ਚਾਰ ਅਫਸਰਾਂ ਦੇ ਹੱਥਾਂ ਵਿਚ ਸੀ । ਉਹ ਵੀ ਅਸੀਂ ਕੰਨਸੈਂਟਰੇਟ ਕਰ ਦਿਤਾ ਹੈ ਡਿਸਟਰਿਕਟ ਟਰਾਂਸਪੋਰਟ ਆਫੀਸਰ ਦੇ ਹੱਥ ਵਿਚ । ਰੀਜਨਲ ਕਮੇਟੀਆਂ ਨੂੰ ਐਬਾਲਿਸ਼ ਕਰਨੀ ਦੀ ਲੋੜ ਹੈ ਤਾਕਿ ਡਿਸਟਰਿਕਟ ਕਮੇਟੀਆਂ ਬਣਾ ਦਿਤੀਆਂ ਜਾਣ । ਜਿਸ ਦੇ ਵਿਚ ਇਕ ਡਿਸਟਰਿਕਟ ਟਰਾਂਸਪੋਰਟ ਆਫੀਸਰ ਹੋਵੇ ਅਤੇ ਹੋਰ ਵੀ ਇਸ ਤਰ੍ਹਾਂ ਦੇ ਮੈਂਬਰਜ਼ ਹੋਣਗੇ ਚਾਹੇ ਐਮ.ਐਲ.ਏ. ਲੈ ਲਵੋ, ਪਰ ਹੋਣਗੇ ਉਹ ਉਸ ਡਿਸਟਰਿਕਟ ਦੇ । ਹੁਣ ਉਨ੍ਹਾਂ ਦੇ ਹੱਥਾਂ ਵਿਚ ਸਾਰਾ ਕੰਮ ਕੰਨਸੰਟਰੇਟ ਕਰ ਰਹੇ ਹਾਂ । ਹੁਣ ਤਾਈਂ ਇਹ ਸੀਗਾ ਕਿ ਜੇਕਰ ਬਾਹਰ ਜਾਣ ਦਾ ਪ੍ਰਮਿਟ ਲੈਣਾ ਹੈ ਤਾਂ ਉਹ ਹੋਰ ਕਿਸੇ ਕੋਲ ਲਾਇਸੈਂਸ ਦਾ ਕੰਮ ਕਿਸੇ ਹੋਰ ਕੋਲ ਰਜਿਸਟਰੇਸ਼ਨ ਦਾ ਕੰਮ ਕਿਸੇ ਹੋਰ ਕੋਲ ਉਹ ਸਾਰੀ ਚੀਜ਼ ਕੰਨਸੈਂਟਰੇਟ ਕਰ ਦਿਤੀ ਹੈ ਤਾਂਕਿ ਇਸ ਵਿਚ ਐਫੀਸ਼ੈਂਸੀ ਆਵੇ ।

ਹੁਣ ਤਕ ਜਿਹੜਾ ਫਿਫਟੀ ਫਿਫਟੀ ਦਾ ਅਰੇਂਜਮੈਂਟ ਸੀ ਉਹ 30 ਜੂਨ ਨੂੰ ਐਕਸਪਾਇਰ ਹੋ ਗਿਆ । ਹੁਣ 60 : 40 ਦਾ ਕਰ ਦਿਤਾ ਹੈ । ਮੇਰੇ ਮਿਤਰ ਡਾਂਗ ਸਾਹਿਬ ਨੇ ਫਰਮਾਇਆ ਸੀ ਕਿ ਵਜਾ ਤਾਂ ਮੈਂ ਟੋਲ ਲਵਾਂਗਾ, ਮੈਂ ਬੋਲ ਵੀ ਲਵਾਂਗਾ, ਜਸਟੀਫਾਈ ਵੀ ਕਰਾਂਗਾ, ਮਗਰ ਹੋਣੀ ਨੈਸ਼ਨਲਾਈਜ਼ੇਸ਼ਨ ਚਾਹੀਦੀ ਹੈ । ਸਰਕਾਰ ਦੀ ਪ੍ਰੋਗਰੈਸਿਵ ਨੈਸ਼ਨਲਾਈਜ਼ੇਸ਼ਨ ਦੀ ਪਾਲੀਸੀ ਜ਼ਰੂਰ ਹੈ, ਮਗਰ ਇਸ ਦੇ ਵਿਚ ਜਿਹੜੀਆਂ ਤਕਲੀਫਾਂ ਆਉਣੀਆਂ ਹਨ, ਉਹ ਵੀ ਵੇਖਣੀਆਂ ਚਾਹੀਦੀਆਂ ਹਨ ।

ਇਕ ਤਾਂ ਇਸ ਟਰੇਡ ਵਿਚ ਕਿੰਨੇ ਹੀ ਸੈਲਫ ਮੇਡ ਆਦਮੀ ਹਨ । ਜਿਨ੍ਹਾਂ ਨੇ ਆਪਣਾ ਪੈਸਾ ਇਸ ਟਰੇਡ ਵਿਚ ਲਾ ਕੇ ਬਸਾਂ ਅਤੇ ਟਰਕ ਬਣਾਏ ਹਨ ਅਤੇ ਜਿਨ੍ਹਾਂ ਨੇ ਕਰੋੜਾਂ ਰੁਪਏ ਦੀ ਇਨਵੈਸਟਮੈਂਟ ਕੀਤੀ ਹੋਈ ਹੈ । ਉਨ੍ਹਾਂ ਨੂੰ ਇਕ ਦਮ ਕੱਢ ਦੇਣਾ ਮੁਸ਼ਕਲ ਹੈ, ਦੂਸਰੀ ਗਲ ਜੇਕਰ ਉਨ੍ਹਾਂ ਨੂੰ ਇਕ ਦਮ ਕੱਢ ਦੇਈਏ ਤਾਂ ਇੰਨਾਂ ਰੁਪਈਆ ਜਿਹੜਾ ਉਨ੍ਹਾਂ ਨੂੰ ਕੰਪਨਸੇਸ਼ਨ ਦੇਣਾ ਹੈ ਉਹ ਕਿਥੋਂ ਆਵੇ ?

ਇਸ ਲਈ ਕਈ ਬੜੀਆਂ ਦਿਕਤਾਂ ਹਨ ਅਤੇ ਮੈਂ ਨਹੀਂ ਚਾਹੁੰਦਾ ਕਿ ਪੰਜਾਬ ਵਿਚ ਨੈਸ਼ਨਲਾਈਜ਼ੇਸ਼ਨ ਐਬਰੱਪਟਲੀ ਕੀਤੀ ਜਾਏ । ਮੈਂ ਨਹੀਂ ਚਾਹੁੰਦਾ ਕਿ ਜਿਹੜੇ ਲੋਕ ਰੋਜ਼ੀ ਕਮਾ ਰਹੇ ਹਨ, ਉਹ ਸੜਕਾਂ ਤੇ ਭੁਖੇ ਮਰਦੇ ਫਿਰਨ । ਜਿਹੜਾ ਉਨ੍ਹਾਂ ਨੇ ਕਰੋੜਾਂ ਰੁਪਏ ਬਸਾਂ ਤੇ ਖ਼ਰਚ ਕੀਤੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਬਾਂਡਜ਼ ਦੇ ਦੇਵੇ ਤੇ ਉਹ ਭੁਖੇ ਮਰਨ । ਮੈਂ ਪ੍ਰੋਗਰੈਸਿਵ

[ਮੁੱਖ ਮੰਤਰੀ]

ਨੈਸ਼ਨਲਾਈਜ਼ੇਸ਼ਨ ਦੇ ਹਕ ਵਿਚ ਹਾਂ। ਅਗੇ 10 ਸਾਲਾਂ ਦੇ ਵਾਸਤੇ ਦਿਤੀ ਸੀ ਹੁਣ 7 ਸਾਲਾਂ ਵਾਸਤੇ ਦੇ ਦਿਤੀ ਹੈ ਅਤੇ ਅਸੀਂ ਰੂਟਸ ਜ਼ਿਆਦਾ ਲੈ ਲਏ ਹਨ। ਉਨ੍ਹਾਂ ਕੋਲੋਂ ਘੱਟ ਰਹਿ ਗਏ, ਇਹ ਅੱਛਾ ਹੈ ਤਾਂ ਕਿ ਉਹ ਆਪਣਾ ਹੋਰ ਰੁਜ਼ਗਾਰ ਦਾ ਪ੍ਰਬੰਧ ਕਰ ਲੈਣ। (ਵਿਘਨ) ਡਿਪਟੀ ਸਪੀਕਰ ਸਾਹਿਬ ਜਲੰਧਰ ਰੀਜਨ ਵਿਚ ਅਸੀਂ 3759 ਮੀਲ ਅਤੇ ਪਟਿਆਲਾ ਵਿਚ 5008 ਮੀਲ ਹੋਰ ਨੈਸ਼ਨ-ਲਾਈਜ਼ ਕੀਤਾ ਹੈ। ਇਸ ਦੇ ਇਲਾਵਾ ਹੋਰ ਅਫ਼ਸਰਾਂ ਨੂੰ ਅਤੇ ਜਨਰਲ ਮੈਨੇਜਰਜ਼ ਵਗੈਰਾ ਨੂੰ ਕਿਹਾ ਹੈ ਕਿ ਉਹ ਵੇਖ ਕੇ ਦਸਣ ਕਿਥੇ ਨਵੇਂ ਰੂਟਸ ਹੋਰ ਆਉਂਦੇ ਹਨ। ਜਿਉਂ ਜਿਉਂ ਸੜਕਾਂ ਜ਼ਿਆਦਾ ਬਣਦੀਆਂ ਜਾਣਗੀਆਂ ਬਸਾਂ ਦੀ ਮੰਗ ਜ਼ਿਆਦਾ ਹੋ ਜਾਂਦੀ ਹੈ। ਇਸ ਹਿਸਾਬ ਨਾਲ ਜਿੰਨੀਆਂ ਸੜਕਾਂ ਅਸੀਂ ਤੇਜ਼ੀ ਨਾਲ ਬਣਾ ਰਹੇ ਹਾਂ ਉਨ੍ਹਾਂ ਬਸਾਂ ਲਈ ਪੈਸਾ ਪ੍ਰੋਵਾਈਡ ਨਹੀਂ ਹੋ ਸਕਦਾ ਇਸ ਹਿਸਾਬ ਨਾਲ ਵੀ ਇਕਦਮ ਨੈਸ਼ਨਲਾਈਜ਼ੇਸ਼ਨ ਅੱਛੀ ਨਹੀਂ ਹੋ ਸਕਦੀ।

ਡਿਪਟੀ ਸਪੀਕਰ ਸਾਹਿਬ, ਜਿਹੜਾ 93 ਲੱਖ ਰੁਪਏ ਅਸੀਂ ਕੈਪੀਟਲ ਆਊਟ ਲੇ ਵਿਚੋਂ ਮੰਗੇ ਹਨ ਉਸ ਵਿਚੋਂ 74.40 ਲੱਖ ਰੁਪਏ 120 ਬਸਾਂ ਦੀ ਨਵੀਂ ਪ੍ਰਚੇਜ਼ ਵਾਸਤੇ ਹਨ। 18.60 ਲੱਖ ਰੁਪਏ ਐਡਮਨਿਸਟਰੇਸ਼ਨ, ਵਰਕਸ਼ਾਪਸ ਡਿਪੋ ਅਤੇ ਮੋਡਰਨ ਮਸ਼ੀਨਰੀ ਆਦਿ ਵਾਸਤੇ ਹਨ।

ਸਰਦਾਰ ਸਰੂਪ ਸਿੰਘ ਨੇ ਕਿਹਾ ਸੀ ਕਿ ਕੁਝ ਟਾਇਰਾਂ ਦੇ ਸਕੈਂਡਲਜ਼ ਹਨ ਜਿਹੜੇ ਬਾਹਰ ਪੰਚ ਵਰਕਸ ਆਦਿ ਲਈ ਜਾਂਦੇ ਹਨ। ਮੈਂ ਇਕ ਮੀਟਿੰਗ ਵਿਚ ਇਹ ਵੀ ਫ਼ੈਸਲਾ ਕੀਤਾ ਹੈ ਕਿ ਆਪਣੀ ਮਸ਼ੀਨਰੀ ਹੀ ਮੰਗਵਾ ਲਈਏ ਉਨ੍ਹਾਂ ਟਾਇਰਾਂ ਵਗੈਰਾ ਨੂੰ ਠੀਕ ਕਰਨ ਲਈ। ਅਸੀਂ ਇੰਨੀ ਮਸ਼ੀਨਰੀਂ ਮੰਗ ਲਈਏ ਕਿ ਅਗਰ ਬਾਹਰ ਦੇ ਲੋਕਾਂ ਨੂੰ ਲੋੜ ਪਵੇ ਤਾਂ ਅਸੀਂ ਉਨ੍ਹਾਂ ਦੀਆਂ ਲੋੜਾਂ ਵੀ ਪੂਰੀਆਂ ਕਰ ਸਕੀਏ। ਇਸ ਤਰ੍ਹਾਂ ਦੀ ਸਕੀਮ ਅਸੀਂ ਬਣਾ ਰਹੇ ਹਾਂ। ਪਲੈਨ ਵਿਚ ਸਾਢੇ 5 ਕਰੋੜ ਰੁਪਿਆ ਰਖਿਆ ਸੀ। 1969–70 ਵਿਚ 162 ਲਖ ਰੁਪਿਆ ਖ਼ਰਚ ਕਰਨਾ ਹੈ ਜਿਸ ਵਿਚੋਂ 225 ਬਸਾਂ ਆਉਣਗੀਆਂ ਅਤੇ 16,00 ਫ਼ਾਲਤੂ ਮੀਲ ਫ਼ਾਸਲਾ ਤਹਿ ਕੀਤਾ ਜਾਇਆ ਕਰੇਗਾ। ਇਸ ਤਰ੍ਹਾਂ 1970–71 ਵਿਚ ਕਰੀਬ 508 ਲਖ ਮੀਲ ਬਸਾਂ ਸਫ਼ਰ ਕਰਨਗੀਆਂ, 120 ਬਸਾਂ ਹੋਰ ਲਈਆਂ ਜਾਣਗੀਆਂ। ਨਫ਼ਾ ਕਰੀਬ ਇਕ ਕਰੋੜ ਹੋਵੇਗਾ। ਮੈਂ ਸਮਝਦਾ ਹਾਂ ਕਿ ਅਗਰ ਐਫੀਸ਼ੈਂਸੀ ਹੋਵੇ ਇੰਤਜ਼ਾਮ ਚੰਗਾ ਹੋਵੇ, ਤਨਖ਼ਾਹ ਭਾਵੇਂ ਵਧ ਦੇਣੀ ਪਵੇ, ਤਾਂ ਆਮਦਨੀ ਵਧੇਗੀ ਜ਼ਰੂਰ। ਦੋ ਵਿੰਗ ਹੋਣ ਨਾਲ ਕਾਫੀ ਫ਼ਾਇਦਾ ਹੋ ਸਕਦਾ ਹੈ। ਐਫੀਸ਼ੈਂਸੀ ਵਧਾਉਣ ਲਈ ਖਰਬੰਦਾ ਸਾਹਿਬ ਨੇ ਜ਼ਿਕਰ ਕੀਤਾ। ਇਨ੍ਹਾਂ ਨੇ ਕਿਹਾ ਕਿ ਜਿਸ ਨੇ ਲੁਧਿਆਣੇ ਦਾ ਅੱਡਾ ਬਨਾਉਣ ਦੀ ਆਗਿਆ ਦਿਤੀ, ਉਸ ਨੂੰ ਮੈਂਟਲ ਹਸਪਤਾਲ ਭੇਜਣਾ ਚਾਹੀਦਾ ਹੈ। ਮੈਂ ਹੁਣ ਉਨ੍ਹਾਂ ਦਾ ਨਾਮ ਨਹੀਂ ਲੈ ਸਕਦਾ ਕਿਉਂਕਿ ਉਨ੍ਹਾਂ ਵਿਚ ਉਨ੍ਹਾਂ ਦੇ ਮਿਤਰ ਵੀ ਨਿਕਲ ਆਉਣੇ ਹਨ। (ਹਾਸਾ) ਆਪ ਨੂੰ ਯਾਦ ਹੋਣਾ ਹੈ ਕਿ ਇਹ ਬਾਈਪਾਸ ਦੇ ਨੇੜੇ ਹੀ ਗਿਲ ਸਰਕਾਰ ਦੇ ਵੇਲੇ ਬਣਿਆ ਸੀ। ਲੁਧਿਆਣਾ ਦੇ ਰੈਸਪੈਕਟੇਬਲ ਆਦਮੀਆਂ ਨੇ ਇਸ ਦਾ ਇਤਰਾਜ਼ ਕੀਤਾ (ਵਿਘਨ) ਗਵਰਨਰ ਦੇ ਰੂਲ ਦੀ ਗਲ ਹੈ ਜਦੋਂ ਇਨਾਂ ਨੇ ਮੈਨੂੰ ਵੀ ਕਿਹਾ ਕਿ ਗਵਰਨਰ ਸਾਹਬ ਨੂੰ ਮਿਲਿਆ ਜਾਵੇ ਕਿ ਇਹ ਜ਼ਮੀਨ ਖਰੀਦੀ ਜਾਵੇ। ਮੈਂ ਉਦੋਂ ਚੀਫ਼ ਮਨਿਸਟਰ ਨਹੀਂ ਸੀ, ਮੈਂਬਰ ਵੀ ਨਹੀਂ ਸੀ। ਇਨ੍ਹਾਂ ਨੇ ਕਿਹਾ ਲੋਕਾਂ ਨੂੰ ਲੁਟਿਆ ਜਾਵੇ ਗਾ, ਜਲੰਧਰੋਂ ਆਉਣ ਦਾ ਕਿਰਾਇਆ ਇਕ ਰੁਪਿਆ ਤੇ ਰਿਕਸ਼ਾ ਦਾ 3 ਰੁਪਏ ਲਗੇਗਾ। ਰਾਤ ਬਰਾਤੇ ਔਰਤਾਂ ਬਚਿਆਂ ਦਾ ਨੁਕਸਾਨ ਹੋਵੇਗਾ। ਲੁਟ ਲੁਟਾਈ ਹੋਵੇਗੀ। ਮੈਂ ਇਨ੍ਹਾਂ ਦੇ ਹੁਕਮ ਦਾ ਬਧਾ ਗਵਰਨਰ ਸਾਹਿਬ

ਪਾਸ ਹਾਜ਼ਰ ਹੋਇਆ। ਇਸ ਤਰ੍ਹਾਂ ਲੁਧਿਆਣਾ ਦੇ ਰਿਸਪੈਕਟੇਬਲ ਸਿਟੀਜ਼ਨਜ਼ ਦੇ ਕਹਿਣ ਤੇ ਜੋ ਅੱਡਾ ਹੁਣ ਬਣਿਆ ਹੈ, ਬਣਾਇਆ। ਖਰਬੰਦਾ ਸਾਹਿਬ ਅੰਮ੍ਰਿਤਸਰ ਰਹਿੰਦੇ ਹਨ, ਇਨ੍ਹਾਂ ਨੂੰ ਕਪੂਰ ਸਾਹਬ ਦੇ ਆਰਾਮ ਦਾ ਧਿਆਨ ਨਹੀਂ। ਭਾਵੇਂ ਉਹ ਇਨ੍ਹਾਂ ਦੇ ਨਾਲ ਹੀ ਬੈਂਚ ਤੇ ਬੈਠੇ ਹਨ। (ਹਾਸਾ) (ਵਿਘਨ) ਲਓ ਜਲੰਧਰ ਦੇ ਅੱਡੇ ਦੀ ਵੀ ਗਲ ਸੁਣ ਲਓ। ਮਾਸਟਰ ਜੀ ਬੈਠੇ ਹਨ, ਪਿਛਲੀ ਦਫਾ ਇਸ ਬਾਰੇ ਬੜਾ ਸ਼ੋਰ ਹੋਇਆ। ਮਾਸਟਰ ਜੀ ਨੇ ਵੀ ਕਿਹਾ ਕਿ ਕਿਸੇ ਮਨਿਸਟਰ ਦਾ ਇਸ ਵਿਚ ਕੋਈ ਰਿਸ਼ਤੇਦਾਰ ਹੈ। ਮੈਨੂੰ ਵੀ ਖਤਰਾ ਹੋ ਗਿਆ ਕਿ ਇਹ ਗਲ ਤਾਂ ਮੇਰੇ ਤੇ ਆਉਂਦੀ ਲਗਦੀ ਹੈ। (ਹਾਸਾ) ਮੈਂ ਸੋਚਿਆ ਕਿ ਮੇਰਾ ਤਾਂ ਐਸਾ ਕੋਈ ਰਿਸ਼ਤੇਦਾਰ ਨਹੀਂ ਜਿਸ ਦੀ ਇਹ ਜ਼ਮੀਨ ਹੋਵੇ। ਕਿਸ ਦੀ ਜ਼ਮੀਨ ਲੈ ਲਈ। ਮੈਂ ਇਨਕੁਆਇਰੀ ਕੀਤੀ। ਪਤਾ ਲਗਾ ਕਿ ਵਾਕਈ ਇਕ ਬਹੁਤ ਦੂਰ ਦਾ ਮੇਰਾ ਰਿਸ਼ਤੇਦਾਰ ਹੈ। ਜਿਸ ਨੇ ਨੋਟੀਫੀਕੇਸ਼ਨ ਤੋਂ ਮਗਰੋਂ ਜ਼ਮੀਨ ਖਰੀਦ ਲਈ। ਮੈਂ ਕਿਹਾ ਕਿ ਇਥੇ ਹੀ ਅਡਾ ਬਣਨਾ ਚਾਹੀਦਾ ਹੈ। ਇਹ ਕਹਿ ਰਹੇ ਸਨ ਕਿ ਜਾਣਕੇ ਬਣਾ ਰਹੇ ਹਨ। (ਵਿਘਨ) ਮੈਂਬਰ ਸਾਹਿਬਾਨ ਨੂੰ ਸੋਚ ਕੇ ਗਲ ਕਰਨੀ ਚਾਹੀਦੀ ਹੈ, ਮੈਂ ਤਾਂ ਕਿਸੇ ਰਿਸ਼ਤੇਦਾਰੀ ਦੀ ਪਰਵਾਹ ਨਹੀਂ ਕਰਦਾ। ਮੈਂ ਕਿਹਾ ਕਿ ਜਿਥੇ ਠੀਕ ਜਗ੍ਹਾ ਹੋਵੇਗੀ ਉਥੇ ਚਲਾ ਜਾਵੇਗਾ। 2–3 ਥਾਂ ਦੇਖੇ। ਚੀਫ ਸੈਕਟਰੀ ਨੂੰ ਭੇਜਿਆ, ਟਰਾਂਸਪੋਰਟ ਕੰਟਰੋਲਰ ਨੂੰ ਭੇਜਿਆ, ਬਾਕਾਇਦਾ ਸਰਚ ਕਰਾਈ। ਨਤੀਜਾ ਇਹ ਨਿਕਲਿਆ ਕਿ ਜਿਥੇ ਜਗ੍ਹਾ ਹੁਣ ਲਈ ਹੈ ਇਹੀ ਸਭ ਤੋਂ ਚੰਗੀ ਹੈ। ਵਰਕਸ਼ਾਪ ਵਾਲਿਆਂ ਦੀ ਸਿਫਾਰਸ਼ ਨੂੰ ਨਹੀਂ ਮੰਨਿਆ। (ਵਿਘਨ) ਹੁਣ ਜਲੰਧਰ ਵਾਲੇ ਇਸ ਤੋਂ ਚੰਗੀ ਜਗ੍ਹਾ ਲਭ ਦੇਣ ਹੁਣ ਥਾਂ ਬਦਲ ਦਿਆਂਗੇ। (ਵਿਘਨ) ਪੁਰਾਣੀ ਅਡੇ ਦੀ ਜਗ੍ਹਾ ਵੀ ਦੇਖੀ। ਉਥੇ ਅਫਸਰਾਂ ਲਈ ਹਾਉਸਿੰਗ ਕਾਲੋਨੀ ਬਣ ਰਹੀ ਸੀ। ਉਸ ਨੂੰ ਬੰਦ ਕਰਾਕੇ ਚੀਫ ਸੈਕਟਰੀ ਨੂੰ ਦੇਖਣ ਲਈ ਭੇਜਿਆ। ਅਗਰ ਕਮਿਸ਼ਨਰ ਦੀ ਸਾਰੀ ਕੋਠੀ ਵੀ ਲੈ ਲਈਏ ਤਾਂ ਵੀ 5–6 ਏਕੜ ਜ਼ਮੀਨ ਬਣਦੀ ਹੈ। ਅਡਾ 11–12 ਏਕੜ ਤੋਂ ਘਟ ਜਗ੍ਹਾ ਵਿਚ ਨਹੀਂ ਬਣ ਸਕਦਾ। ਅਸੀਂ ਫਿਊਚਰ ਟਰੈਫਿਕ ਦੀਆਂ ਲੋੜਾਂ ਨੂੰ ਧਿਆਨ ਵਿਚ ਰਖਣਾ ਹੈ, ਉਸ ਤਰਾਂ ਦੀ ਗਲ ਨਹੀਂ ਕਰਨੀ ਜਿਸ ਤਰ੍ਹਾਂ ਦੀ ਗਲ ਕੈਪਟਨ ਸਾਹਿਬ ਨੇ ਕਹੀ ਕਿ ਬਿਜਲੀ ਦੀ ਪਲੈਨਿੰਗ ਕਰਦੇ ਹੋਏ ਇਨ੍ਹਾਂ ਤੋਂ ਗਲਤੀ ਹੋ ਗਈ। ਉਨਾਂ ਨੂੰ ਬਿਜਲੀ ਦੇ ਬੈਠੇ। ਮੈਂ ਇਸ ਤਰ੍ਹਾਂ ਦੀ ਗਲ ਨਹੀਂ ਕਰਨੀ ਚਾਹੁੰਦਾ, ਮੈਂ ਠੀਕ ਪਲੈਨਿੰਗ ਕਰਨਾ ਚਾਹੁੰਦਾ ਹਾਂ 11–12 ਏਕੜ ਜਗ੍ਹਾ ਲਈ ਹੈ ਜੋ ਸੂਟੇਬਲ ਹੈ। (ਵਿਘਨ) ਡਾਂਗ ਸਾਹਿਬ ਨੇ ਜੋ ਟਿਕਟਲੈਸ ਟਰੈਵਲ ਬਾਰੇ ਸੁਜੇਸ਼ਨ ਦਿਤੀ ਹੈ ਟਿਕਟਲੈਸ ਟਰੈਵਲ ਦਾ ਓਨਸ ਪੈਸੈਂਜਰ ਤੇ ਹੋਣਾ ਚਾਹੀਦਾ ਹੈ, ਇਸ ਨੂੰ ਲੀਗਲੀ ਐਗਜ਼ਾਮਿਨ ਕਰਾ ਲਵਾਂ ਗੇ। ਇਸ ਤਰ੍ਹਾਂ ਅਗਰ ਪੈਸੈਂਜਰ ਕਾਬੂ ਆ ਜਾਵੇਗਾ ਤਾਂ ਰੌਲਾ ਤਾਂ ਪਵਗਾ। ਇਹੀ ਰੇਲਵੇ ਦਾ ਰੂਲ ਹੈ, ਚੰਗਾ ਰੂਲ ਹੈ, ਇਸ ਨੂੰ ਸਵੀਕਾਰ ਕਰਦਾ ਹਾਂ ਅਤੇ ਇਸ ਨੂੰ ਐਗਜ਼ਾਮਿਨ ਕਰਾ ਲਵਾਂਗਾ। (ਵਿਘਨ)

ਜਿਹੜੇ ਪਿੰਡਾਂ ਦੇ ਬਚੇ ਸਕੂਲ ਜਾਂਦੇ ਹਨ, ਉਨ੍ਹਾਂ ਨੂੰ ਚੜ੍ਹਾਉਣ ਦੇ ਹੁਕਮ ਦਿਤੇ ਹੋਏ ਹਨ। ਇੰਸਟਰਕਸ਼ਨਜ਼ ਫਿਰ ਦਿਤੀਆਂ ਹਨ। ਸ਼ਿਕਾਇਤਾਂ ਆਉਂਦੀਆਂ ਹਨ ਕਿ ਕਿਤੇ ਚੜ੍ਹਾਉਂਦੇ ਹਨ ਕਿਤੇ ਨਹੀਂ ਚੜ੍ਹਾਉਂਦੇ। ਮੈਂ ਜਨਰਲ ਮੈਨੇਜਰਾਂ ਨੂੰ ਲਿਖਿਆ ਸੀ ਕਿ ਜਿਸ ਬਸ ਦੀ ਸ਼ਿਕਾਇਤ ਹੋਵੇਗੀ ਉਸ ਦੇ ਖਿਲਾਫ ਐਕਸ਼ਨ ਹੋਵੇਗਾ। ਬਚਿਆਂ ਨਾਲ ਓਵਰ ਲੋਡ ਨਹੀਂ ਸਮਝਿਆ ਜਾਵੇ ਗਾ, ਉਹ ਭਾਵੇਂ ਖੜੇ ਹੀ ਚਲੇ ਜਾਣ, ਉਨ੍ਹਾਂ ਨੂੰ ਗਿਣਿਆਂ ਨਹੀਂ ਜਾਵੇਗਾ। (ਤਾੜੀਆਂ)

ਰੋਡ ਐਕਸੀਡੈਂਟਸ ਬਾਰੇ ਕਿਹਾ ਗਿਆ ਕਿ ਵੱਧ ਰਹੇ ਹਨ, ਠੀਕ ਹੈ। ਜਿਉਂ ਜਿਉਂ ਆਬਾਦੀ ਵਧਦੀ ਜਾਂਦੀ ਹੈ, ਐਕਸੀਡੈਂਟਸ ਵੀ ਵਧਣਗੇ। ਕਈ ਵਾਰੀ ਆਪ ਨੇ ਵੀ ਦੇਖਿਆ ਹੋਵੇਗਾ ਕਿ

[ਮੁੱਖ ਮੰਤਰੀ]

ਮੁੰਡੇ ਨਠ ਕੇ ਕਾਰ ਦੇ ਅਗੇ ਆ ਜਾਂਦੇ ਹਨ। ਇਸ ਦਾ ਇੰਤਜ਼ਾਮ ਜ਼ਰੂਰ ਕਰਨਾ ਚਾਹੀਦਾ ਹੈ। ਇਕ ਗਲ ਇਹ ਵੀ ਹੈ ਕਿ ਚਾਲਾਨਾਂ ਦਾ ਬਹੁਤ ਦੇਰ ਤਕ ਫੈਸਲਾ ਨਹੀਂ ਹੁੰਦਾ, ਜੁਡੀਸ਼ਲ ਮੈਜਿਸਟਰੇਟਸ ਪਾਸ ਹਜ਼ਾਰਾਂ ਚਾਲਾਨ ਇਕਠੇ ਹੋ ਜਾਂਦੇ ਹਨ। ਫਿਰ 5 ਰੁਪਏ ਦੀ ਕਈ ਲੋਕ ਪਰਵਾਹ ਵੀ ਨਹੀਂ ਕਰਦੇ। ਇਸ ਬਾਰੇ ਮੈਂ ਇਕ ਹਾਈਕੋਰਟ ਨੂੰ ਚਿਠੀ ਲਿਖੀ ਹੈ। ਮੈਂ ਤਿੰਨ ਰਿਜਨ ਬਣਾਉਣਾ ਚਾਹੁੰਦਾ ਹਾਂ ਅਤੇ ਜੁਡੀਸ਼ਲ ਮੈਜਿਸਟਰੇਟਸ ਲਈ ਸਮਰੀ ਪਾਵਰਜ਼ ਲੈਣਾ ਚਾਹੁੰਦਾ ਹਾਂ। ਉਹ ਟਰੈਫਿਕ ਵਾਲਿਆਂ ਨਾਲ ਜੀਪ ਜਾਂ ਕਾਰ ਵਿਚ ਜਾਵੇ ਅਤੇ ਸਮਰੀ ਤਰੀਕੇ ਨਾਲ ਉਥੇ ਹੀ ਫੈਸਲਾ ਕਰ ਦੇਵੇ। ਇਸ ਤੋਂ ਅਗਰ ਕੋਈ ਮੈਂਬਰ ਚੰਗਾ ਸੁਝਾ ਦੇਵੇ ਤਾਂ ਉਸ ਤੇ ਵੀ ਗੌਰ ਕਰ ਲਵਾਂਗੇ। (ਤਾੜੀਆਂ) ਇਹ ਠੀਕ ਹੈ ਜਿਸ ਤਰ੍ਹਾਂ ਕਿ ਸਰਦਾਰ ਸਰੂਪ ਸਿੰਘ ਹੋਰਾਂ ਨੇ ਕਿਹਾ ਕਿ ਹਿਮਾਂਚਲ ਵਾਲੇ ਕਹਿੰਦੇ ਹਨ ਕਿ ਹਿਮ ਨੰਬਰ ਲਓ ਨਹੀਂ ਤਾਂ ਟ੍ਰਕ ਨਹੀਂ ਚਲਣ ਦਿਆਂਗੇ। ਇਸ ਤਰ੍ਹਾਂ ਦੀ ਜਿਹੜੀ ਵੀ ਗਲ ਸਾਡੇ ਨੋਟਿਸ ਵਿਚ ਆਉਂਦੀ ਹੈ, ਉਹ ਉਨ੍ਹਾਂ ਨਾਲ ਡਿਸਕਸ ਕਰਦੇ ਹਾਂ, ਉਨ੍ਹਾਂ ਨਾਲ ਕੁੰਨਫਰੈਂਸ ਕਰਦੇ ਰਹਿੰਦੇ ਹਾਂ।

ਰਿਸ਼ਵਤ ਦੀ ਗਲ ਹੋਈ। ਇਸ ਦਾ ਰੋਜ਼ ਜਵਾਬ ਦਿੰਦੇ ਹਾਂ ਭਈ ਇਹ ਆਪਣਾ ਮੁਲਕ ਹੈ, ਲੈਣ ਵਾਲੇ ਵੀ ਆਪਣੇ ਅਤੇ ਦੇਣ ਵਾਲੇ ਵੀ ਆਪਣੇ। ਇਨ੍ਹਾਂ ਦੀ ਸਾਨੂੰ ਕਦਰ ਕਰਨੀ ਚਾਹੀਦੀ ਹੈ। (ਵਿਘਨ) (ਹਾਸਾ) ਸਰਕਾਰ ਇਸ ਵਿਚ 50% ਮਦਦ ਕਰ ਸਕਦੀ ਹੈ, ਅਗਰ ਦੇਣ ਵਾਲੇ ਹਟ ਜਾਣ ਤਾਂ ਸਰਕਾਰ ਦਾ ਧਿਆਨ ਇਕ ਜਗ੍ਹਾ ਸਿਰਫ ਲੈਣ ਵਾਲਿਆਂ ਤੇ ਹੋਵੇਗਾ ਤਾਂ ਚੰਗਾ ਇਲਾਜ ਹੋ ਸਕੇਗਾ। (ਵਿਘਨ)

ਫਿਰ ਬੈਟਰੀਆਂ ਦੇ ਸਕੈਂਡਲ ਦਾ ਜ਼ਿਕਰ ਕੀਤਾ ਗਿਆ। ਇਹ ਬੜੀ ਪੁਰਾਣੀ ਗਲ ਹੈ, ਮੈਂ ਇਨਕੁਆਇਰੀ ਕਰਵਾਈ ਸੀ। ਸਾਨੂੰ ਤਾਂ ਉਦੋਂ ਖਿਆਲ ਵੀ ਨਹੀਂ ਸੀ ਕਿ ਸਾਡੇ ਪਾਸ ਇੰਨੀਆਂ ਬੈਟਰੀਆਂ ਹੁੰਦੀਆਂ ਹਨ। ਇਹ ਪੈਪਸੂ ਰੋਡਵੇਜ਼ ਦੀ ਗਲ ਹੈ, ਫਿਰ ਵੀ ਇਨਕੁਆਇਰੀ ਕਰਵਾ ਰਹੇ ਹਾਂ। (ਵਿਘਨ) ਆਪ ਸਿੱਟਾ ਨਿਕਲਣ ਨਹੀਂ ਦਿੰਦੇ, ਹੜਤਾਲ ਕਰਵਾ ਦਿੰਦੇ ਹੋ। (ਵਿਘਨ)

ਇਕ ਆਵਾਜ਼ : ਅਸੀਂ ਹੁਣ ਮਨਿਸਟਰਾਂ ਦੀ ਕਰਵਾਉਣੀ ਹੈ (ਹਾਸਾ)

ਮੁੱਖ ਮੰਤਰੀ : ਮੈਂ ਤਾਂ ਡਾਂਗ ਸਾਹਿਬ ਦਾ ਖਾਦਮ ਹਾਂ ਜੋ ਕਹੋਗੇ ਕਰਾਂਗਾ (ਹਾਸਾ)

ਡਿਪਟੀ ਸਪੀਕਰ ਸਾਹਿਬ, ਸੇਲਜ਼ ਟੈਕਸ ਦੀਆਂ ਗਲਾਂ ਕਰਦੇ ਕਰਦੇ ਖਰਬੰਦਾ ਸਾਹਿਬ ਐਗਰੀਕਲਚਰ ਵੈਲਥ ਟੈਕਸ ਵਲ ਚਲੇ ਗਏ। ਮੈਂ ਇਸ ਦੇ ਬਾਰੇ ਵਿਚ ਲਭਦਾ ਰਿਹਾ ਪਰ ਇਥੇ ਡੀਮਾਂਡ ਤਾਂ ਕੋਈ ਨਹੀਂ ਸੀ ਰਖੀ ਹੋਈ (ਹਾਸਾ) ਖੈਰ ਉਨ੍ਹਾਂ ਨੂੰ ਰੋਕ ਨਹੀਂ ਸਾਂ ਸਕਦਾ ਫਿਰ ਉਹ ਨੰਬਰਦਾਰਾਂ ਦੇ ਪੰਜੋਤਰੇ ਤਕ ਚਲੇ ਗਏ ਅਤੇ ਉਸ ਦਾ ਮੁਕਾਬਲਾ ਕਰ ਦਿਤਾ ਦੁਕਾਨਦਾਰ ਨਾਲ ਕਿ ਦੁਕਾਨਦਾਰ ਨਾਲ ਜ਼ਿਆਦਤੀ ਨਾ ਕੀਤੀ ਜਾਵੇ ਕਿਉਂਕਿ ਇਹ ਵਿਚਾਰੇ ਗਰੀਬ ਹਨ ਅਤੇ ਭੁਖੇ ਮਰਦੇ ਹਨ। ਮੈਂ ਇਨ੍ਹਾਂ ਤੋਂ ਇਹ ਸਮਝਾਂ ਕਿ ਨੰਬਰਦਾਰ ਪੰਜੋਤਰਾ ਲੈਣ ਵਾਲੇ ਨੇ ਤਾਂ ਸ਼ਹਿਰਾਂ ਵਿਚ ਆਕੇ ਕੋਠੀਆਂ ਬਣਾ ਲਈਆਂ ਹਨ ਅਤੇ ਕਾਰਾਂ ਰਖ ਲਈਆਂ ਹਨ ਅਤੇ ਦੁਕਾਨਦਾਰ ਵਿਚਾਰਾ ਗਰੀਬ ਹੈ ਪਰ ਇਹ ਹਾਲਤ ਨਹੀਂ। ਅਸਲ ਗਲ ਇਹ ਹੈ ਕਿ ਕਿਸਾਨ ਤਾਂ 75% ਕਰਜ਼ੇ ਦੇ ਭਾਰ ਥਲੇ

ਦਬਿਆ ਰਹਿੰਦਾ ਹੈ ਜੇਕਰ ਇਹ ਸੇਲਜ਼ ਟੈਕਸ ਦੀ ਗਲ ਕਰਦੇ ਤਾਂ ਠੀਕ ਸੀ। ਸੂਬੇ ਦੀ ਤਰਕੀ ਤਾਂ ਹੋ ਸਕਦੀ ਹੈ ਕਿ ਜੇਕਰ ਸਨਅਤ ਅਤੇ ਐਗਰੀਕਲਚਰ ਤਰਕੀ ਕਰੇ। ਐਗਰੀਕਲਚਰ ਦੇ ਖੇਤਰ 'ਵਿਚ ਤੁਸੀਂ ਵੇਖ ਹੀ ਸਕਦੇ ਹੋ ਕਿ ਕੀ ਪੰਜਾਬ ਨੇ ਕਮਾਲ ਕਰਕੇ ਨਹੀਂ ਵਿਖਾਈ ? 36 ਲਖ ਟਨ ਸੈਂਟਰ ਨੇ ਪਰਕਿਉਰ ਕਰਨੀ ਸੀ ਪਰ ਉਹ 23 ਲਖ ਟਨ ਪਰਕਿਉਰ ਕਰ ਸਕੀ ਅਤੇ ਇਸ ਵਿਚੋਂ ਪੌਣੇ 19 ਲਖ ਟਨ ਅਸੀਂ ਦਿਤੀ ਹੈ (ਪ੍ਰਸ਼ੰਸਾ) ਅਤੇ ਫਿਰ ਵੀ ਜੇਕਰ ਤੁਸੀਂ ਉਸ ਨੂੰ ਹਕਾਰਤ ਦੀ ਨਜ਼ਰ ਨਾਲ ਵੇਖੋ ਤਾਂ ਅਫਸੋਸ ਹੁੰਦਾ ਹੈ। (ਵਿਘਨ)

ਡਾਂਗ ਸਾਹਿਬ ਨੇ ਵੀ ਇਸ ਦੇ ਬਾਰੇ ਵਿਚ ਗਲ ਕੀਤੀ ਪਰ ਉਹ ਬੜੇ ਸਿਆਣੇ ਹਨ। ਉਨ੍ਹਾਂ ਨੇ ਨਾ ਤਾਂ ਇਸ ਦੇ ਹਕ ਵਿਚ ਕਿਹਾ ਤੇ ਨਾ ਹੀ ਇਸ ਐਗਰੀਕਲਚਰ ਵੈਲਥ ਟੈਕਸ ਦੀ ਵਿਰੋਧਤਾ ਹੀ ਕੀਤੀ (ਹਾਸਾ) ਇਨ੍ਹਾਂ ਦੀ ਪਾਲਿਸੀ ਠੀਕ ਹੈ ਕਿ ਜੇਕਰ ਮੁਜਾਰਾ ਆ ਗਿਆ ਤਾਂ ਕਹਿ ਦਿਤਾ ਕਿ ਮੈਂ ਤਾਂ/ਇਸ ਟੈਕਸ ਦੇ ਹਕ ਵਿਚ ਨਹੀਂ ਕਿਹਾ। ਮੈਂ ਇਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਪ ਇਸ ਦੇ ਹਕ ਵਿਚ ਨਹੀਂ। ਇਸ ਦੇ ਕਈ ਕਾਰਨ ਹਨ ਇਕ ਤਾਂ ਇਹ ਕਿ ਇਥੇ ਕਿਹੜੇ ਵਡੇ ਜ਼ਿਮੀਦਾਰ ਹਨ ਕਿਉਂਕਿ ਜ਼ਮੀਨ ਤੇ ਸੀਲਿੰਗ ਹੈ ਅਤੇ 30 ਸਟੈਂਡਰਡ ਏਕੜ ਤੋਂ ਵਧ ਕਿਸੇ ਪਾਸ ਜ਼ਮੀਨ ਨਹੀਂ। 65% ਫਾਰਮਾਂ ਤਾਂ 10 ਜਾਂ 15 ਏਕੜ ਦੇ ਵਿਚਕਾਰ ਹਨ ਅਤੇ ਇਕ ਜਾਂ ਦੋ ਵਡੀਆਂ ਫਾਰਮਾਂ ਹੋਣ ਗੀਆਂ ਇਸ ਲਈ ਇਸ ਟਕਸ ਦੇ ਬਾਰੇ ਵਿਚ ਕਹਿ ਕੇ ਕਿਉਂ ਭਠਾ ਬਿਠਾਣਾ ਚਾਹੁੰਦੇ ਹਨ। ਇਸ ਟੈਕਸ ਵਿਚ ਖਰਾਬੀਆਂ ਹਨ ਮੈਂ ਇਸ ਟੈਕਸ ਦੇ ਅਸੂਲ ਦੇ ਖਿਲਾਫ ਨਹੀਂ ਜੋ ਦੇ ਸਕਦਾ ਹੈ ਉਸ ਤੇ ਲਗਾਇਆ ਜਾਵੇ ਪਰ ਇਸ ਵਿਚ ਇੰਨੀਆਂ ਕੰਪਲੀਕੇਸ਼ਨਾਂ ਹਨ ਕਿ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਦੂਜਾ ਇਹ ਕਿ ਉਨ੍ਹਾਂ ਨੇ ਕਿਹਾ ਹੈ ਕਿ ਇਸ ਟੈਕਸ ਦਾ ਰੁਪਿਆ ਸਟੇਟਸ ਨੂੰ ਦੇਣਾ ਹੈ ਪਰ ਇਸ ਦੇ ਲੀਗਲ ਐਸਪੈਕਟ ਤੋਂ ਮੈਂ ਸੈਟਿਸਫਾਇਡ ਨਹੀਂ ਕਿਉਂ ਕਿ ਮੈਂ ਇਹ ਸਮਝਦਾ ਹਾਂ ਕਿ ਇਹ ਸਬਜੈਕਟ ਸਟੇਟ ਲਿਸਟ ਦਾ ਹੈ ਇਸ ਲਈ ਇਸ ਟੈਕਸ ਨੂੰ ਸੈਂਟਰ ਨਹੀਂ ਲਗਾ ਸਕਦਾ। ਤੀਜਾ ਇਹ ਕਿ ਇਸ ਦੀਆਂ ਫਾਰਮਾਂ ਅਜੇਹੀਆਂ ਪੇਚੀਦਾ ਹਨ ਕਿ ਕਿਸੇ ਵੀ ਅਨਗਹਿਲੀ ਕਾਰਨ ਜ਼ਿਮੀਦਾਰ ਹਰ ਰੋਜ਼ ਕਚਿਹਿਰੀਆਂ ਵਿਚ ਹੀ ਖਜਲ ਹੁੰਦਾ ਰਹੇਗਾ ਅਤੇ ਪੈਨਲਟੀ ਅਫਸਰ ਪਾ ਦਿਆ ਕਰਨਗੇ। ਕਿਉਂਕਿ ਆਮ ਸਾਧਾਰਨ ਕਿਸਾਨ ਨੂੰ ਪਤਾ ਨਹੀਂ ਕਿ ਕਿਹੜਾ ਫ਼ਾਰਮ ਭਰਨਾ ਹੈ ਅਤੇ ਕਦ ਭਰਨਾ ਹੈ। ਫਿਰ ਇਕ ਹੋਰ ਗਲ ਵੀ ਹੈ ਕਿ ਇਹ ਇੰਨਾਂ ਪੇਚੀਦਾ ਹੈ ਕਿ ਇਸ ਦੀ ਜ਼ਦ ਵਿਚ ਇਕ ਏਕੜ ਵਾਲਾ ਵੀ ਆ ਜਾਵੇਗਾ। ਅਤੇ ਇਸ ਤਰ੍ਹਾਂ ਦਿਹਾਤ ਵਾਲਿਆਂ ਨੂੰ ਬਹੁਤ ਦਿਕਤਾਂ ਪੇਸ਼ ਆਇਆ ਕਰਨਗੀਆਂ। ਇਸ ਦੀ ਥਾਂ ਤੇ ਤਾਂ ਇਹ ਚੰਗਾ ਹੋਵੇ ਕਿ ਰੈਵੇਨਿਊ ਵਧਾ ਕੇ ਵਸੂਲ ਕਰ ਲਿਆ ਜਾਵੇ ਉਸ ਦਾ ਤਰੀਕਾ ਸਿੰਪਲ ਹੈ। ਫਿਰ ਇਸ ਵਿਚ ਇਕ ਹੋਰ ਖਰਾਬੀ ਹੈ ਕਿ ਕਿਸੇ ਪਾਸ ਦੋ ਏਕੜ ਹੈ ਜਾਂ 5 ਏਕੜ ਜ਼ਮੀਨ ਹੈ ਪਰ ਉਹ ਅਜੇਹੀ ਥਾਂ ਤੇ ਹੈ ਜਿਥੇ ਕਿ ਉਸ ਦਾ ਮੁਲ ਕਈ ਲਖ ਹੋ ਸਕਦਾ ਹੈ ਪਰ ਉਸ ਦੀ ਜੇਨੂਅਨ ਆਮਦਨੀ ਇੰਨੀ ਨਹੀਂ ਹੋ ਸਕਦੀ। ਜੇਕਰ 5 ਏਕੜ ਜ਼ਮੀਨ ਹੈ ਤਾਂ ਉਹ ਜ਼ਿਆਦਾ ਤੋਂ ਜ਼ਿਆਦਾ ਉਸ ਵਿਚੋਂ 20 ਹਜ਼ਾਰ ਆਮਦਨੀ ਕਢ ਲਏਗਾ ਪਰ ਜੇਕਰ ਉਸ ਦੇ ਮਹਲ ਬਣਾ ਕੇ ਕੀਮਤ ਕਢੀ ਜਾਵੇ ਕਿਉਂਕਿ ਕਿਸੇ ਸ਼ਹਿਰ ਦੇ ਨਾਲ ਲਗਦੀ ਹੈ ਤਾਂ ਉਸ ਦੀ ਵੈਲਯੂ ਬਹੁਤ ਵਧ ਹੋਵੇਗੀ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਟੈਕਸ ਅਨਫੇਅਰ ਹੈ ਅਤੇ ਇਨਇਕਵੇਟੇਬਲ ਹੈ। ਨਾਲੇ ਇਸ ਦੀਆਂ ਜਿਹੜੀਆਂ ਕੰਪਲੀਕੇਸ਼ਨਾਂ ਹਨ ਉਨ੍ਹਾਂ ਤੇ ਮੈਂ ਚਲਦਾ ਹਾਂ। ਅਗੇ ਹੀ ਅਸਾਨੂੰ ਇਨਕਮ ਟੈਕਸ ਦੇ ਅਫਸਰਾਂ ਦਾ ਤਜਰਬਾ ਹੈ ਇਸ ਲਈ ਮੈਂ ਇਸ ਟੈਕਸ ਨੂੰ ਅਪੋਜ਼ ਕਰਦਾ ਹਾਂ।

[ਮੁੱਖ ਮੰਤਰੀ]

ਫਿਰ ਇਥੇ ਜ਼ਿਕਰ ਕੀਤਾ ਗਿਆ ਸੇਲਜ਼ ਟੈਕਸ ਦਾ ਕਿ ਇਕੋ ਜਿਹਾ ਹੋਣਾ ਚਾਹੀਦਾ ਹੈ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਨਾਲ ਲਗਦੇ ਰਾਜਾਂ ਦੇ ਟੈਕਸ ਦਸੇ ਹਨ ਕਿ ਘਟ ਹਨ ਪਰ ਰਾਜਿਸਥਾਨ ਦਾ ਨਾਂ ਨਹੀਂ ਲਿਆ ਉਥੇ ਸੇਲਜ਼ ਟੈਕਸ 7% ਹੈ। ਅਸੀਂ ਤਾਂ ਰਿਲੀਫ ਵੀ ਦਿਤਾ ਹੈ ਜਿਸ ਤਰ੍ਹਾਂ ਪਠਾਨਕੋਟ ਦੇ ਇਲਾਕੇ ਵਿਚ ਰਿਲੀਫ ਦਿਤਾ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਇਹ ਗਲ ਨਾਰਦਰਨ ਜ਼ੋਨਲ ਕੌਂਸਲ ਵਿਚ ਵੀ ਆਈ ਸੀ ਅਤੇ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਸਾਰੇ ਨਾਰਦਰਨ ਜ਼ੋਨ ਵਿਚ ਇਕੋ ਜਿਹਾ ਸੇਲਜ਼ ਟੈਕਸ ਹੋਣਾ ਚਾਹੀਦਾ ਹੈ। ਇਹ ਅਸੂਲ ਤਹਿ ਹੋਇਆ ਅਤੇ ਦਰੁਸਤ ਹੈ ਪਰ ਸਟੇਟਸ ਨੇ ਨਹੀਂ ਕੀਤਾ ਇਸ ਲਈ ਇਹ ਗਲ ਅੰਡਰ ਐਗਜ਼ਾਮੀਨੇਸ਼ਨ ਹੈ।

ਇਸੇ ਤਰ੍ਹਾਂ ਇਥੇ ਟ੍ਰੇਡ ਡਿਸਕਾਉਂਟ ਦਾ ਜ਼ਿਕਰ ਕੀਤਾ ਗਿਆ ਹੈ ਕਿ ਐਗਜ਼ੈਂਪਸ਼ਨ ਨਹੀਂ ਦਿਤੀ, ਸਟੇ ਕਰ ਦਿਤੀ ਹੈ। ਇਸ ਗਲ ਨੂੰ ਐਗਜ਼ਾਮਿਨ ਕਰ ਰਹੇ ਹਾਂ ਅਤੇ 31 ਮਾਰਚ ਤੋਂ ਪਹਿਲਾਂ ਪਹਿਲਾਂ ਇਸ ਦਾ ਫੈਸਲਾ ਕਰ ਦਿਤਾ ਜਾਵੇਗਾ। ਬਾਕੀ ਇਸ ਅਸੂਲ ਨੂੰ ਮੈਂ ਮੰਨਦਾ ਹਾਂ ਕਿ ਸੇਲਜ਼ ਟੈਕਸ ਸਾਰੀਆਂ ਸਟੇਟਾਂ ਵਿਚ ਇਕੋ ਜਿਹਾ ਚਾਹੀਦਾ ਹੈ ਘਟ ਵਧ ਨਹੀਂ। ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਹਿਮਾਚਲ ਨੇ ਵਧਾ ਦਿਤਾ ਹੈ ਘਟਾਇਆ ਨਹੀਂ।

ਇਥੇ ਢਾਬੇ ਵਾਲਿਆਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਤੰਗ ਕੀਤਾ ਜਾ ਰਿਹਾ ਹੈ ਇਸ ਵਿਚ 25 ਹਜ਼ਾਰ ਦੀ ਸ਼ਰਤ ਹੈ ਐਗਜ਼ੈਂਪਸ਼ਨ ਦੀ ਅਤੇ ਇਸ ਤਰ੍ਹਾਂ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾ ਰਿਹਾ ਅਤੇ 25 ਹਜ਼ਾਰ ਦੀ ਜ਼ਦ ਵਿਚ ਗਰੀਬ ਨਹੀਂ ਫਸ ਸਕਦਾ ਇਸ ਲਈ, ਇਸ ਬਾਰੇ ਮੈਂਬਰ ਸਾਹਿਬ ਨੂੰ ਤੌਖਲਾ ਨਹੀਂ ਹੋਣਾ ਚਾਹੀਦਾ। (ਵਿਘਨ)

ਇਥੇ ਬਾਰਡਰ ਦੇ ਇਲਾਕੇ ਦੀ 10 ਮੀਲ ਦੀ ਪਟੀ ਦਾ ਜ਼ਿਕਰ ਕੀਤਾ ਗਿਆ ਹੈ ਉਸ ਤੇ ਪਹਿਲਾਂ ਹੀ ਰਿਆਇਤ ਦਿਤੀ ਹੋਈ ਹੈ।

ਇਹ ਕਿਹਾ ਗਿਆ ਕਿ ਮਾਲ ਬਾਹਰ ਲੈ ਜਾਉਗੇ ਤਾਂ ਸੇਲਜ਼ ਟੈਕਸ ਲਓਗੇ। ਇਸ ਦੇ ਬਾਰੇ ਵਿਚ ਦਸਣਾ ਚਾਹੁੰਦਾ ਹਾਂ ਕਿ ਇਹ ਇੰਟਰ ਸਟੇਟ ਸੇਲਜ਼ ਟੈਕਸ ਹੈ ਜਿਹੜਾ ਕਿ ਗਰੇਨ ਤੇ ਲਗਦਾ ਹੈ ਜਦ ਵੀ ਉਸ ਨੂੰ ਸਟੇਟ ਤੋਂ ਬਾਹਰ ਲਿਜਾਓਗੇ ਤਾਂ ਦੇਣਾ ਪਏਗਾ ਕਿਉਂਕਿ ਬਾਹਰ ਖਰੀਦ ਕੇ ਲਿਜਾਓਗੇ।

ਡਾਂਗ ਸਾਹਿਬ ਨੇ ਇਹ ਗਲ ਕਹੀ ਕਿ ਅਸੀਂ ਸੋਸ਼ਲਿਜ਼ਮ ਦੇ ਨੇੜੇ ਹਾਂ ਪਰ ਅਕਾਲੀ ਖਰਾਬ ਹਨ। ਪਰ ਇਨ੍ਹਾਂ ਨੂੰ ਮੈਂ ਕਹਾਂਗਾ ਕਿ ਇਹ ਤਾਂ ਸੁਤੰਤਰ ਪਾਰਟੀ ਦੇ ਨੇੜੇ ਚਲੇ ਗਏ ਹਨ (ਹਾਸ਼ਾ) (ਡਾਂਗ ਸਾਹਿਬ ਦੀ ਸੀਟ ਸੁਤੰਤਰ ਪਾਰਟੀ ਦੀ ਸੀਟ ਦੇ ਨੇੜੇ ਹੈ)। ਮੈਂ ਤਾਂ ਫੈਕਟਸ ਦੀ ਗਲ ਕਹੀ ਹੈ ਤੁਸੀਂ ਆਪ ਵੇਖ ਲਓ (ਮੁੜ ਕੇ ਹਾਸਾ) ਇਸ ਲਈ ਮੈਂ ਇਹ ਕਹਾਂਗਾ ਕਿ ਇਸ ਤਰ੍ਹਾਂ ਦੀ ਨੁਕਤਾਚੀਨੀ ਅਨਫੇਅਰ ਹੈ। ਸਾਡਾ ਪ੍ਰੋਗਰਾਮ ਸੋਸ਼ਲਿਸਟ ਹੈ ਪਰ ਅਸੀਂ ਨੇਰ੍ਹੇ ਵਿਚ ਛਾਲ ਨਹੀਂ ਮਾਰਨਾ ਚਾਹੁੰਦੇ ਜਿੰਨਾ ਚਿਰ ਕਿ ਹਰ ਚੀਜ਼ ਦਾ ਬੈਲੈਂਸ ਨਾ ਵੇਖ ਲਈਏ। ਉਹ ਚੀਜ਼ ਅਸੀਂ ਕਰਨੀ ਚਾਹੁੰਦੇ ਹਾਂ ਜੋ ਦਰੁਸਤ ਹੋਵੇ ਅਤੇ ਗਰੀਬ ਦੀ ਮਦਦ ਜਿਸ ਨਾਲ ਹੋ ਸਕੇ। ਸਾਡਾ ਮੁਲਕ ਤਦ ਤਕ ਸੋਸ਼ਲਿਸਟਕ ਪੈਟਰਨ ਆਫ ਸੋਸਾਇਟੀ ਨਹੀਂ ਲਿਆ ਸਕਦਾ ਜਦ ਤਕ ਕਿ ਮੁਲਕ ਵਿਚ ਗਰੀਬੀ ਹੈ। ਸੋਸ਼ਲਿਸਟ ਨਜ਼ਾਮ ਲਿਆਣ ਲਈ ਦੌਲਤ ਦੀ ਜ਼ਰੂਰਤ ਹੈ ਕਿਉਂਕਿ ਕਈ ਚੀਜ਼ਾਂ ਦਾ

ਮੁਫਤ ਪ੍ਰਬੰਧ ਕਰਨਾ ਪੈਂਦਾ ਹੈ। ਕਿਸੇ ਨੇ ਐਨਕ ਲੈਣਾ ਤਾਂ ਮੁਫਤ ਕਿਸੇ ਨੇ ਆਪਰੇਸ਼ਨ ਕਰਾਉਣਾ ਤਾਂ ਮੁਫ਼ਤ (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਹੋਰ ਕਿੰਨਾ ਟਾਇਮ ਲਓਗੇ ? (How much more time will the hon. Chief Minister take ?)

ਮੁੱਖ ਮੰਤਰੀ : ਜਿਸ ਵੇਲੇ ਤੁਸੀਂ ਹੁਕਮ ਕਰੋ ਬੰਦ ਕਰ ਦਿਆਂਗਾ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਜਿਹੜਾ ਇਹ ਸੁਝਾਵ ਹੈ ਕਿ ਸੋਰਸ ਤੇ ਹੀ ਟੈਕਸ ਲਗਾ ਦਿਤਾ ਜਾਵੇ ਜਿਸ ਤਰ੍ਹਾਂ ਕਿ ਇਨਕਮ ਟੈਕਸ ਹੈ ਪਰ ਇਹ ਸੋਰਸ ਦੇ ਇਨਕਮ ਟੈਕਸ ਵਾਂਗ ਹਰ ਚੀਜ਼ ਤੇ ਨਹੀਂ ਲਗਾਇਆ ਜਾ ਸਕਦਾ। ਬਹੁਤ ਸਾਰੀਆਂ ਚੀਜ਼ਾਂ ਐਸੀਆਂ ਹਨ ਜਿਨ੍ਹਾਂ ਤੇ ਇਸ ਤਰ੍ਹਾਂ ਟੈਕਸ ਨਹੀਂ ਲਗ ਸਕਦਾ। ਟੈਕਸੇਸ਼ਨ ਦੇ ਬਾਰੇ ਵਿਚ ਕਮੇਟੀ ਸਰਕਾਰ ਨੇ ਬਣਾਈ ਹੋਈ ਹੈ ਕਿ ਸੋਰਸ ਹੋਰ ਦੱਸੋ ਅਤੇ ਨਾਲ ਇਹ ਵੀ ਕਿ ਟੈਕਸ ਲਗਾਣ ਅਤੇ ਇਸ ਦੇ ਵਖ ਵਖ ਰੂਪਾਂ ਵਿਚ ਕੋਈ ਸਿੰਪਲੀਫਿਕੇਸ਼ਨ ਕਿਤੇ ਹੋ ਸਕਦੀ ਹੈ ਤਾਂ ਕਰ ਦਿਤੀ ਜਾਵੇ ਤਾਂ ਕਿ ਸੇਲਰ ਤੇ ਪਰਚੇਜ਼ਰ ਨੂੰ ਆਰਾਮ ਮਿਲ ਸਕੇ।

ਇਥੇ ਸਟੇਟ ਟ੍ਰੇਡਿੰਗ ਦਾ ਜ਼ਿਕਰ ਕੀਤਾ ਗਿਆ ਪਰ ਇਸ ਦੇ ਬਾਰੇ ਵਿਚ ਮੇਰਾ ਵਿਚਾਰ ਅਗੇ ਵੀ ਹੋਰ ਸੀ ਹੁਣ ਵੀ ਉਹੀ ਹੈ ਕਿ ਪਾਰਸਲ ਹੋ ਸਕਦੀ ਹੈ ਫੁਲ ਸਟੇਟ ਟ੍ਰੇਡਿੰਗ ਨਹੀਂ ਹੋ ਸਕਦੀ। ਜਿਹੜੇ ਆੜ੍ਹਤੀ ਹਨ ਉਨ੍ਹਾਂ ਨੂੰ ਅਸੀਂ ਸੁਟ ਨਹੀਂ ਸਕਦੇ। ਰੈਗੂਲਰ ਮਾਰਕਿਟ ਹੈ ਉਨ੍ਹਾਂ ਦੀ, ਅਤੇ ਸਟੇਟ ਟ੍ਰੇਡਿੰਗ ਤਾਂ ਸਰਕਾਰ ਫਸਲ ਸਮੇਂ ਹੀ ਕਰਦੀ ਹੈ।

ਜਿੱਥੋਂ ਤੱਕ ਜ਼ੋਨ ਦੇ ਤੋੜਨ ਦੇ ਜੋ ਕਿਸੇ ਦਾ ਕੋਈ ਖਿਆਲ ਹੋਵੇ, ਮੇਰੇ ਆਪਣੇ ਵਿਚਾਰ ਅਨੁਸਾਰ ਇਹ ਦਰੁਸਤ ਨਹੀਂ ਹੋਵੇਗਾ। ਮੈਂ ਰਿਸਟਰਿਕਟਿਡ ਜ਼ੋਨ ਦੇ ਹੱਕ ਵਿੱਚ ਹਾਂ। ਜ਼ੋਨਜ਼ ਦੇ ਮੁਤਾਲਿਕ ਆਪ ਨੂੰ ਸ਼ਾਇਦ ਪਤਾ ਨਾ ਹੋਵੇ ਕਿ ਐਗਰੀਕਲਚਰਲ ਪ੍ਰਾਈਸਿਜ਼ ਕਮਿਸ਼ਨ ਨੇ ਇਹ ਫੈਸਲਾ ਕੀਤਾ ਹੈ ਕਿ ਅਨਾਜ ਦੇ ਮੁਤਾਲਿਕ ਜ਼ਿਹੜਾ ਪ੍ਰੈਜ਼ੈਂਟ ਜ਼ੋਨ ਹੈ ਉਹੀ ਰਹਿਣਾ ਚਾਹੀਦਾ ਹੈ। ਅਖਬਾਰਾਂ ਦੇ ਵਿਚ ਇਹ ਖਬਰ ਆਈ ਸੀ ਕਿ ਕੇਂਦਰ ਦੇ ਫੂਡ ਮਨਿਸਟਰ ਸ੍ਰੀ ਜਗਜੀਵਨ ਰਾਮ ਨੇ ਕਿਤੇ ਇਹ ਕਿਹਾ ਕਿ ਇਕ ਜ਼ੋਨ ਕਰ ਦਿਓ। ਪਰ ਮੈਂ ਕਹਾਂਗਾ ਕਿ ਜੇ ਇਸ ਤਰ੍ਹਾਂ ਹੋ ਗਿਆ ਤਾਂ ਪੰਜਾਬ ਦਾ ਹੀ ਨਹੀਂ ਸਗੋਂ ਸਾਰੇ ਮੁਲਕ ਦਾ ਬਹੁਤ ਨੁਕਸਾਨ ਹੋਵੇਗਾ। ਫੂਡ ਗਰੇਨਜ਼ ਦੇ ਮੁਆਮਲੇ ਵਿਚ ਅਜੇ ਤੱਕ ਅਸੀਂ ਡੈਫਿਸਿਟ ਹਾਂ, ਇਸ ਦੇ ਮੁਕਾਬਲੇ ਵਿਚ ਇਸ ਤਰ੍ਹਾਂ ਦੇ ਬਿਉਪਾਰੀ ਬੰਬਈ ਅਤੇ ਕਲਕਤੇ ਵਿਚ ਮੌਜੂਦ ਹਨ ਜਿਹੜੇ ਸਾਡੀ ਸਾਰੀ ਦੀ ਸਾਰੀ ਪੈਦਾਵਾਰ ਖਰੀਦ ਸਕਦੇ ਹਨ। ਸਾਡੇ ਲਈ ਤਾਂ ਇਹ ਰਿਸਟਰਿਕਟਿਡ ਜ਼ੋਨ ਬੈਟਰ ਹੈ। ਮੈਂ ਚਾਹੁੰਦਾ ਸੀ ਕਿ ਮੈਂਬਰ ਸਾਹਿਬਾਨ ਨੂੰ ਫੂਡ ਪ੍ਰਾਬਲਮ ਤੇ ਬੋਲਣ ਦਾ ਮੌਕਾ ਮਿਲਿਆ ਸੀ ਉਹ ਬੋਲਦੇ, ਮੈਂ ਉਨ੍ਹਾਂ ਤੋਂ ਇਹ ਪੁਜ਼ੀਸ਼ਨ ਜਾਨਣੀ ਚਾਹੁੰਦਾ ਸੀ ਕਿ ਉਹ ਇਸ ਚੀਜ਼ ਦੇ ਹੱਕ ਵਿਚ ਹਨ ਕਿ ਪ੍ਰੈਜ਼ੈਂਟ ਜ਼ੋਨ ਰਹਿਣੇ ਚਾਹੀਦੇ ਹਨ ਜਾਂ ਨਹੀਂ, ਪਰ ਕੋਈ ਬੋਲਿਆ ਹੀ ਨਹੀਂ। ਪਰ ਉਨ੍ਹਾਂ ਨੂੰ ਫੇਰ ਦੱਸ ਦਿਆਂ ਕਿ ਜ਼ੋਨਜ਼ ਤੋਂ ਬਗੈਰ ਅਸੀਂ ਫੁਲੀ ਸਟੇਟ ਟ੍ਰੇਡਿੰਗ ਨਹੀਂ ਕਰ ਸਕਦੇ।

ਜਿਥੋਂ ਤੱਕ ਮੌਜੂਦਾ ਪ੍ਰਾਈਸ ਦੀ ਫਿਕਸੇਸ਼ਨ ਦਾ ਤੁਆਲਕ ਹੈ ਕਈ ਖਿਆਲ ਕਰਦੇ ਹਨ ਕਿ ਇਹੋ ਕੀਮਤ ਠੀਕ ਹੈ ਪਰ ਜੇ ਪਿਛਲੇ ਸਾਲ ਤੋਂ ਹੁਣ ਤੱਕ ਦਾ ਅਸੀਂ ਨਾਰਮਲੀ ਰਾਈਜ਼ ਇਨ

[ਮੁੱਖ ਮੰਤਰੀ]

ਪ੍ਰਾਈਸਿਜ਼ ਦਾ ਟੇਬਲ ਵੇਖੀਏ ਤਾਂ ਇਹ ਰਾਈਜ਼ ਇਨ ਲੇਬਰ, ਰਾਈਜ਼ ਇਨ ਅਦਰ ਆਰਟੀਕਲਜ਼ 10% ਤੱਕ ਪਿਛਲੇ ਸਾਲ ਦੀਆਂ ਪ੍ਰਾਈਸਿਜ਼ ਨਾਲੋਂ ਰਾਈਜ਼ ਹੋਇਆ ਹੈ। ਇਹ ਅੰਦਾਜ਼ਨ ਇਸ ਹਿਸਾਬ ਨਾਲ 76/- ਤੋਂ 82/- ਤੱਕ ਫਿਕਸ ਹੋਣੀ ਚਾਹੀਦੀ ਹੈ ਜੋ ਬਹੁਤੀ ਨਹੀਂ। ਗਰੀਬ ਆਦਮੀ ਲਈ ਕਿਸੇ ਸਕੀਮ ਦੇ ਤਹਿਤ ਸਟੇਟ ਰਿਜ਼ਰਵ ਵਿੱਚੋਂ ਮਿਲ ਸਕਦੀ ਹੈ। ਅਸੀਂ ਚਾਹੁੰਦੇ ਹਾਂ ਕਿ ਜਿਥੇ ਗਰੀਬ ਨੂੰ ਫਾਇਦਾ ਹੋਵੇ ਉਥੇ ਪ੍ਰੋਡੀਊਸਰ ਨੂੰ ਵੀ ਉਸ ਦੀ ਮਿਹਨਤ ਦਾ ਪੂਰਾ ਇਵਜ਼ਾਨਾ ਮਿਲੇ ਮਾਰਕਿਟ ਵਿਚ ਜੋ ਜਾਵੇ ਤਾਂ ਉਸ ਨੂੰ ਜਾਇਜ਼ ਮੁਨਾਫਾ ਹੋਵੇ, ਕਿਸੇ ਪਾਸੇ ਵੀ ਕਿਸੇ ਇਕ ਦੀ ਚਾਲਾਕੀ ਨਾਲ ਕਿਸੇ ਇਕ ਨੂੰ ਨਾ ਫਾਇਦਾ ਹੋਵੇ ਅਤੇ ਨਾ ਹੀ ਗਰੀਬ ਨਾਲ ਕਿਸੇ ਤਰ੍ਹਾਂ ਦੀ ਚਾਲਾਕੀ ਹੀ ਹੋਵੇ। (ਵਿਘਨ)

ਸ੍ਰੀ ਗੁਰਦਿਆਲ ਸੈਣੀ : ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜਾ ਡੀ. ਪੀ. ਓਜ਼. ਸੇਲਜ਼ ਟੈਕਸ ਲਗਾਇਆ ਹੋ ਅਤੇ ਦੁਕਾਨਦਾਰਾਂ ਨੂੰ ਕਿਹਾ ਜਾਂਦਾ ਹੈ ਕਿ ਪਿਛਲਾ ਸਾਰਾ ਪੈਸਾ ਜਮਾਂ ਕਰਾਓ, ਉਹ ਇਸ ਦੇ ਬਾਰੇ ਦਸਣ ਕੀ ਕਰਨਗੇ ?

ਮੁੱਖ ਮੰਤਰੀ : ਮੈਂ ਸੈਣੀ ਸਾਹਿਬ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੀਆਂ ਜੋ ਕੋਈ ਗੱਲਾਂ ਹਨ, ਉਹ ਮੇਰੇ ਨਾਲ ਦਫ਼ਤਰ ਵਿਚ ਆਕੇ ਵਿਚਾਰ ਕਰ ਲੈਣ।

Mr. Deputy Speaker : Before putting Demands to the vote of the House, I would like to inform the House that the House will remain in session till I dispose of the business entered on today's list.

DEMAND NO. 3

Mr. Deputy Speaker : Now I will put Cut Motion to Demand No. 3 to the vote of the House. We take up Cut Motion by Shri Gian Chand Kharbanda.

Mr. Deputy Speaker : Question is—

That the demand be reduced by Re. 1/-.

The motion was lost.

Mr. Deputy Speaker : Question is—

That a sum not exceeding Rs. 7,70,020 be granted to the Governor to defray the charges that will come in course of payment for the year 1970-71 in respect of 11-Taxes on Vehicles.

The motion was carried.

DEMAND NO. 32

Mr. Deputy Speaker : Now I will put Cut Motions to Demand No. 32 to the vote of the House. We first take up Cut Motions Nos. 1 and 2 by Comrade Satya Pal Dang and Comrade Babu Singh Master.

Mr. Deputy Speaker : Question is—

That the demand be reduced by Re. 1/-.

The motion was lost.

Mr. Deputy Speaker : Now I put Cut Motion No. 3 by Shri Gian Chand Kharbanda to the vote of the House.

Mr. Deputy Speaker : Question is—

That the demand be reduced by Rs. 1/-.

The motion was lost.

Mr. Deputy Speaker : Question is—

That a sum not exceeding Rs. 7,46,30,740 be granted to the Governor to defray the charges that will come in course of payment for the year 1970-71 in respect of 57-Road and Water Transport Schemes.

The motion was carried.

DEMAND NO. 47

Mr. Deputy Speaker : Now I will put Cut Motion to this Demand by Shri Gian Chand Kharbanda to the vote of the House.

Mr. Deputy Speaker : Question is—

That the demand be reduced by Re. 1/-.

The motion was lost.

Mr. Deputy Speaker : Question is—

That a sum not exceeding Rs. 97,55,000 be granted to the Governor to defray the charges that will come in course of payment for the year 1970-71 in respect of 114—Capital Outlay on Road and Water Transport Schemes.

The motion was carried.

DEMAND NO. 2

Mr. Deputy Speaker : Now I will put Cut Motion to Demand No. 2 by Shri Gian Chand Kharbanda to the vote of the House,

Mr. Deputy Speaker : Question is—

That the demand be reduced by Re. 1/-.

The motion was lost.

Mr. Deputy Speaker : Question is—

That a sum not exceeding Rs. 56,94,900 be granted to the Governor to defray the charges that will come in course of payment for the year 1970-71 in respect of 10—State Excise Duties.

The motion was carried.

DEMAND NO. 4

Mr. Deputy Speaker : Now I will put Cut Motions to Demand No. 4 to the vote of the House. We first take up Cut Motion No. 1 by Comrade Satya Pal Dang.

Mr. Deputy Speaker : Question is—

That the demand be reduced by Rs. 10/-.

The motion was lost.

Mr. Deputy Speaker : Now I put Cut Motion No. 2 by Chaudhri Ba bir Singh, to the vote of the House.
Mr. Deputy Speaker : Question is—

That the demand be reduced by Re. 1/-.

The motion was lost.

Mr. Deputy Speaker : Now I put Cut Motion No. 3 by Shri Gian Chand Kharbanda, to the Vote of the House.

Mr. Deputy Speaker : Question is—

1hat the demand be reduced by Re. 1/-.

The motion was lost.

Mr. Deputy Speaker : Question is—

That a sum not exceeding Rs. 49,46,500 be granted to the Governor to defray the charges that will come in course of payment for the year 1970-71 in respect of 12-Sales Tax.

The motion was carried.

DEMAND NO. 5

Mr. Deputy Speaker : Now I put Cut Motion by Shri Gian Chand Kharbanda, to the Vote of the House.

Mr. Deputy Speaker : Question is—

That the demand be reduced by Re. 1/-.

The motion was lost.

Mr. Deputy Speaker : Question is—

That a sum not exceeding Rs. 32,89,800 be granted to the Governor to defray the charges that will come in course of payment for the year 1970-71 in respect of 13-Other Taxes and Duties.

The motion was carried.

Mr. Deputy Speaker : The House stands adjourned till 9.00 A. M. on Friday the 20th March, 1970.

6.21 P.M. *(The Sabha then adjourned till* 9.00 *A. M. on Friday the 20th March,* 1970).

APPENDIX

To

PUNJAB VIDHAN SABHA DEBATES

Dated the 19th March, 1970.

(Afternoon Sitting)

Vol I—No. 20

STARRED QUESTIONS AND ANSWERS.

Non-payment of salary to the employees of Block Samiti Sailba Majri District Ropar.

*1699. **Comrade Kulwant Singh** : Will the Minister for Development and Animal Husbandry be pleased to state that employees of Block Smiti, Sailba Majri, District Ropar have not been paid their salaries for the last some months; or so; if so, the reasons for the same ?

Sardar Satnam Singh Bajwa : (a) Yes. For the period from October, 1969 to February, 1970.

(b) Due to the weak financial position of the Samiti Sailba Majri.

Absorption of released Military Personnel in Government Service.

*1648. **Chaudhri Tulsi Ram Chauhan** : Will the Chief Minister be pleased to state :—

(a) the details of the steps taken by the Government in absorbing the military personnel released from Army, in the Civil departments of the Government,

(b) whether any military personnel have been absorbed in Government Service during the last two years, if so, their names ?

Bawa Harnam Singh (Minister of State for Agriculture and Forests) : (a) Government have taken following steps to absorb the released military personnel in civil department :

(i) 20% of the non-technical and 50% of the technical posts in all services to be filled through direct recruitment have been reserved for them.

That a sum not exceeding Rs 1,41,13,560 be granted to the Governor to defray the charges that will come in course of payment for the year, 1970-71, in respect of 34—Cooperation.

That a sum not exceeding Rs 2,07,74,700 be granted to the Governor to defray the charges that will come in course of payment for the year, 1970-71, in respect of 37—Community Development Projects, National Extension Services and Local Development Works.

That a sum not exceeding Rs 2,19,58,300 be granted to the Governor to defray the charges that will come in course of payment for the year, 1970-71, in respect of 38—Labour and Employment.

That a sum not exceeding Rs 6,42,66,530 be granted to the Governor to defray the charges that will come in course of payment for the year, 1970-71, in respect of 50—Public Works.

That a sum not exceeding Rs 1,34,85,570 be granted to the Governor to defray the charges that will come in course of payment for the year, 1970-71, in respect of Charges on Buildings and Roads Establishment.

That a sum not exceeding Rs 35,70,000 be granted to the Governor to defray the charges that will come in course of payment for the year, 1970-71, in respect of 52—Capital Outlay on Public Works.

That a sum not exceeding Rs 1,15,68,100 be granted to the Governor to defray the charges that will come in course of payment for the year, 1970-71, in respect of 64—Famine Relief.

That a sum not exceeding Rs 1,51,46,800 be granted to the Governor to defray the charges that will come in course of payment for the year, 1970-71, in respect of 65—Pensions and Other Retirement Benefits.

That a sum not exceeding Rs 6,53,100 be granted to the Governor to defray the charges that will come in course of payment for the year, 1970-71, in respect of 67—Privy Purses in Allowances of Indian Rulers.

That a sum not exceeding Rs 1,39,73,700 be granted to the Governor to defray the charges that will come in course of payment for the year, 1970-71, in respect of 68—Stationery and Printing.

That a sum not exceeding Rs 1,12,70,870 be granted to the Governor to defray the charges that will come in course of payment for the year, 1970-71, in respect of 70—Forests.

That a sum not exceeding Rs 5,14,62,460 be granted to the Governor to defray the charges that will come in course of payment for the year, 1970-71, in respect of 71 —Miscellaneous.

That a sum not exceeding Rs 1,68,400 be granted to the Governor to defray the charges that will come in course of payment for the year, 1970-71, in respect of 76—**Other** Miscellaneous Compensations and Assignments.

That a sum not exceeding Rs 2,000 be granted to the Governor to defray the charges that will come in course of payment for the year, 1970-71, in respect of 78—Prepartition Payments.

That a sum not exceeding Rs. 43,64,800 be granted to the Governor to defray the charges that will come in course of payment for the year, 1970-71, in respect of 95—Capital Outlay on Schemes of Agricultural Improvement and Research.

That a sum not exceeding Rs 7,21,44,090 be granted to the Governor to defray the charges that will come in course of payment for the year, 1970-71, in respect of 103—Capital Outlay on Public Works.

That a sum not exceeding Rs. 16,20,000 be granted to the Governor to defray the charges that will come in course of payment for the year 1970-71, in respect of 109—Capital Outlay on Other Works.

That a sum not exceeding Rs. 2,00,000 be granted to the Governor to defray the charges that will come in course of payment for the year, 1970-71, in respect of 120—Payment of Commuted Value of Pensions.

That a sum not exceeding Rs 1,20,80,98,900 be granted to the Governor to defray the charges that will come in course of payment for the year, 1970-71, in respect of 124—Capital Outlay on Schemes of Government Trading.

Demand No. 16

1. **Comrade Satya Pal Dang :**
2. **Comrade Babu Singh :**

That the Demand be reduced by Rs. 10.

3. **Chaudhri Balbir Singh :**

That the Demand be reduced by Re 1.

Demand No. 25

1. **Comrade Satya Pal Dang :**
2. **Comrade Babu Singh :**

That the Demand be reduced by Re 1.

3. **Chaudhri Balbir Singh :**

That the Demand be reduced by Re 1.

चौधरी बलबीर सिंह (होशियारपुर) : अध्यक्ष महोदय, आज महकमा तालीम की डिमांड जो है वह पेश है । तीस करोड़ रु० से ऊपर इस महकमें का खर्च है । और इत्तफाक से इस महकमा के वज़ीर भी इस वक्त यहां मौजूद हैं और वह चाहते हैं कि इस महकमें को ठीक किया जाए । उसके बारे में जब तक वह इस की बुनियादी बातों को ठीक न करेंगे, उस वक्त तक इस महकमे का सुधार होना मुश्किल है ।

महकमा तालीम में जब तक System of Education को पूरे तौर से ठीक नहीं किया जाएगा, उस वक्त तक सफलता नहीं होगी । इस वक्त इस सिलसिले में इतनी गड़बड़ है कि इस का अन्दाज़ा नहीं लगाया जा सकता ।

जहां तक किताबों का मसला है, इस बारे में एक State Committee of Education बनी थी । यह काम इस कमेटी के सुपुर्द किया गया था । इस

[चौधरी बलबीर सिंह]

कमेटी ने किताबों के बारे में रिपोर्ट भी दी थी कि जो किताबें बनाई गई हैं वह बहुत गलत हैं । बल्कि इस हद तक गलत हैं कि बेशुमार poems और मजमून जो पांचवीं क्लास में हैं, वही आठवीं क्लास की किताबों में भी छपे हुए हैं । इस कमेटी में जो कि पंजाब गवर्नमेंट ने बनाई थी, इस कमेटी में सारे सूबे के Prominent Educationists और Headmasters को तलब किया गया था । उस कमेटी ने सारी बात सोच विचार करने के बाद रिपोर्ट दी थी ।

Examinations के बारे में भी उस कमेटी ने सोच विचार किया और इस नतीजे पर पहुचे कि मौजूदा इम्तिहानों का तरीका ठीक नहीं है और फार्स है । इन examinations की कोई अहमियत नहीं है । इस साल मिनिस्टर साहब, ने इम्तिहानों में छापे मारने की कोशिश की है और छापे मारने का प्रोग्राम बनाया है ।

(At this stage. Sardar Jasdev Singh Sandhu, Member of the Panel of Chairmen, occupied the Chair)

इस प्रोग्राम से जो स्कूल सड़कों के ऊपर हैं या शहरों में है, मैं कह सकता हूं कि उनको कुछ लाभ हुआ है, मगर जो स्कूल सड़कों से दूर हैं, वहां पर यह प्रोग्राम कामयाब नहीं हुआ । इसलिए इस मामले को अच्छी तरह से देखना चाहिए । मैं कहना चाहता हू कि पंजाब में जो Educationists हैं, या तालीम के साथ जिन का ताल्लुक है जिस तरह हैडमास्टर हैं टीचर्ज़ हैं, कमेटीज़ हैं, इन सब को बुला कर एक कमेटी बनानी चाहिए और वे इस मामले पर गौर करें 1967 में जो कमेटी बनाई गई थी, उस के बारे में अभी कोई बात नहीं हुई । इस को देख कर बड़ा अफसोस होता है ।

मैं इस सरकार और मिनिस्टर साहब को बताना चाहता हूं कि कोठारी कमिशन जो है, उस को यह सिर्फ इन्होंने और टीचर्ज़ की यूनीयन ने, ग्रेड्स का ही कोठारी कमिशन समझा है । मैं कहता हूं कि अगर मिनिस्टर साहब इस की रिपोर्ट को पढ़ कर देखें तो उस में कमिशन ने ऐजूकेशन को improve करने के लिए कुछ राए दी है । उन्होंने सारे हिन्दुस्तान का दौरा करके रिपोर्ट तैयार की है । इस लिए मैं कहता हूं टीचर्ज़ की association ने भी और सरकार ने भी कि सिवाए इसके कि उनके ग्रेड बढ़ा दिए जाएं इस रिपोर्ट से काई और काम नहीं लिया । गवर्नमेंट या किसी भी संस्था ने ऐजुकेशन को इम्प्रूव करने के लिए कोई काम नहीं किया । कोठारी कमिशन ने तो कहा था कि तालीम का मियार ऊंचा होना चाहिए । कमिशन ने कहा था कि टीचर्ज़ सैटिसफाइड होने चाहिएं, उनके ग्रेड ठीक होने चाहिएं और उनको समाज में अच्छा दर्जा मिलना चाहिए ताकि वे ठीक तरह काम कर सकें, और पढ़ा सकें । ग्रेड्स के लिए पंजाब में एजीटेशनज़ भी चलीं । कमिशन ने जो कहा था कि टीचर्ज़-टाट की एक खास रेशो होनी चाहिए, भाव कि स्टूडैन्टस की तादाद के मुताबिक टीचर होने चाहिएं उस पर कुछ अमल नहीं हुआ । इस लिए मैं मिनिस्टर साहब को कहूंगा कि अगर तालीम के ढांचे को ठीक करने की कोशिश न करेंगे तो टीचर्ज़ को अच्छे ग्रेड्स देने का भी कोई फायदा नहीं । मैं आप को बताता हूं कि एक प्राइमरी क्लास में एक सौ लड़का होता है । इतने लड़के कमरे में तो बैठ

नहीं सकते क्योंकि इतनी जगह नहीं है । अमृतसर, जालन्धर, और होशियारपुर जैसे बड़े बड़े शहरों में जो सरकारी स्कूल हैं, उन में बैठने के लिए लड़कों को जगह नहीं है । तो वे पढ़ेंगे कहां और कौन उनको पढ़ाएगा । मैं कहता हूं कि जितनी देर सरकार इस पालिसी पर कदम नहीं उठाएगी उतनी देर तक यह जो 30 करोड़ रुपया रखा है, यह ज़ाया जाएगा । लड़के पढ़ने जाते हैं, लेकिन स्कूल में जगह न होने के कारण वे पढ़ नहीं सकते । इस वजह से वे पढ़ने की बजाए और चीज़ें सीखते रहते हैं । इस लिए इस तरफ ध्यान देना चाहिए । दूसरे किताबों को जल्दी ठीक करना चाहिए । इस बारे में Educationists की राए लेनी चाहिए । इनमें भी बड़ा भारी स्कैन्डल हुआ है । जिस के हाथ में अख्तयार आ जाता है, वह अपनी मर्ज़ी करता है । इसमें इतना गबन और रिश्वत चल रही है, जिसका हिसाब नहीं लगाया जा सकता । उसको ठीक करना चाहिए ।

टीचर्ज़ के लिए refresher courses होने चाहिएं । उन्हें जो सहूलतें मिलनी चाहिएं, वे दी जाएं । पढ़ाई में जो नई बातें आई हैं, टीचर को उसके मुताबिक अपने आपको ढालना चाहिए । छुट्टियों के सारे ढांचे को ओवरहाल करना ज़रूरी है । यह ढांचा अंग्रेज़ों ने बनाया था । यह इस लिए कि उन्हों ने विलायत जाना होता था ताकि उन्हें 2–3 महीने की छुट्टी मिल जाए । यह छुट्टियों का अंग्रेजों का बनाया हुआ ढांचा चला आता है, मैं आप को बताता हूं कि यह जो 2–3 महीने की कालिजों व स्कूलों में छुट्टियां होती हैं, और जब छुट्टियों के बाद स्कूल खुलते हैं तो उस वक्त लड़के ब्लैंक हो कर ही आते हैं ; वे छुट्टियों में पढ़ाई नहीं करते । इस लिए विद्यार्थियों को छुट्टियों का कोई फायदा नहीं होता । मैं भी स्कूलों और कालिजों के साथ सम्बन्धित हूं । मैंने देखा है कि साल भर में सिर्फ 183 working days होते हैं कालिज में और इसी तरह तकरीबन स्कूलों में हैं । यह हाज़री के दिन हैं । जब इम्तिहान शुरू हो गए या गेम्ज़ आदि के जो दिन हैं, यह सब इसी में शामिल है । मैं आप को बताता हूं कि जिन क्लासों के इम्तिहान शुरू हो जाते हैं वे तो उस तरफ लग जाती हैं, पर दूसरी सारी क्लासों में भी इस दौरान पढ़ाई की ओर ध्यान नहीं दिया जाता । उन में तब प्रैप्रेट्री हौलीडेज़ होती हैं । मैं कहता हूं कि इतना वक्त ज़ाया किया जाता है कि जिसका कोई हिसाब नहीं । इस के लिए सरकार को सोच-विचार करना चाहिए । मैं कहूंगा कि छुट्टियों के दिनों में N.C.C. कोर्स आदि होने चाहिए, बजाए इसके कि लड़के छुट्टियों में लड़के घरों में बैठे रहें और लोगों को छेड़ते रहें । इस तरह से वातावरण खराब होता है । इस लिए उनको useful कामों में लगाना चाहिएं । कालिजों में अप्रैल, मई और जून में छुट्टियां होती हैं और 15 जुलाई के बाद दाखिले शुरु होते हैं । अगस्त में जाकर भी कालिजों में पढ़ाई शुरू होती है । इतने महीने ज़ाया ही चले जाते हैं और लड़के इन दिनों (छुट्टियों) में ठीक काम नहीं करते । इस की ज़िम्मेदारी किस पर है? यह हमारे पर ही है और किसी पर नहीं है । मैं कहता हूं कि इतनी छुट्टियां, फिर इम्तिहान तब रिज़ल्टस का प्रोग्राम और ट्रेनिंग का टाईम इत्यादि यह सारा इतना लम्बा अरसा है कि जिस में लड़कों का बहुत सारा टाईम ज़ाया जाता है । N.C.C. की ट्रेनिंग भी compulsory

[चौधरी बलबीर सिंह]

होनी चाहिए, और यह छुट्टियों में हो, ताकि लड़कों की सेहत ठीक हो और उनको discipline का पता चले । यह नौजवान हमारा कौमी सरमाया है इन का समय नष्ट होने से हम बचा सकते हैं। अगर हम इस सारे ढांचे को बदल दें । इस लिए में मिनिस्टर साहब से कहूंगा कि इस सारे ढांचे को बदल देना चाहिए । जहां कहीं भी मिनिस्टर जाते हैं, कोई पार्टी लीडर जाता है, गवर्नर जाता है, Vice-Chancellor जाता है या कोई भी बड़ा आदमी जाता है, तो वे कहते हैं कि हमारी तालीम का ढांचा ठीक नहीं है । मैं पूछता हूं कि इसको कौन ठीक करेगा । अब हमारा मुल्क गुलाम नहीं है । किसी बाहर के आदमी ने इस ढांचे को नहीं ठीक करना । हमने आप ही इस को ठीक करना है। सैन्टर के Education Minister भी कहेंगे कि तालीम का ढांचा ठीक नहीं, पंजाब के मिनिस्टर भी यही कहेंगे । इसी तरह से जो भी Education Dept. का जो हाई डिगनिटरी या मुल्क का बड़ा आदमी है, सब यही कहते हैं कि तालीम का ढांचा ठीक नहीं है । यह ढांचा हमने ही ठीक करना है किसी और ने नहीं करना । आप यह न देखें कि यू. पी. में क्या हो रहा है और सैन्टर में क्या हो रहा है । इसमें आप खुद पहल करें । यह आपने ही करना है ।

इस हाउस में सवाल आया है कि प्राइवेट स्कूलों को nationalise कर दिया जाए । मैं कहता हूं कि जो आलरेडी nationalized स्कूल या कालिज हैं उनकी हालत को आप देखें और इस के दूसरी तरफ जो प्राईवेट स्कूल व कालिज हैं उनको भी आप देखें । मैं कहूंगा कि प्राइवेट जो हैं वे दूसरों के मुकाबिले में अच्छे ढंग से चल रहे है । उनका इन्तजाम अच्छा है जैसे कि D.A.V. College, Jullundur, Hoshiarpur. इस किस्म की बहुत सी संस्थाएं हैं जहां पर बड़े बड़े लीडर गए और Educationists गए और उन्होंने कहा कि...... (विघ्न)

Mr. Chairman : Please wind up.

चौधरी बलबीर सिंह : जनाब, मुझे टाईम और मिलना चाहिए । मैंने यूनिवर्सिटी के बारे ज़रुरी मसले पर बोलना है । मैं जल्दी खत्म कर देता हूं । मैं 2-3 मिन्टों में ही कह देता हूं ।

मिनिस्टर साहब, खुद समझदार हैं और मैं कहूंगा कि वह इस ढंग को ठीक करने के लिए खुद पहल करें ।

फिर सभापति महोदय, टीचर्ज़ को सिक्योरिटी आफ़ सर्विस मिलनी चाहिए । कौन कहता है कि टीचर्ज़ को सर्विस की सिक्योरिटी नहीं मिलनी चाहिए ? यह जरूर मिलनी चाहिए । जिन लोगों ने इस मामले में दुकानदारी शुरु की हुई है, वह बन्द होनी चाहिए ताकि यह जो स्कूल चल रहें हैं, ठीक ढंग से चलें (विघ्न) सभापति महोदय, यह चार ज़िलों के कालिजों को गुरु नानक यूनिवर्सिटी में शामिल करने की बात है इसके बारे में मैं यह अर्ज़ करना चाहता हूं कि यह शायद अपनी पार्टी के किसी अन्दरूनी मकसद के लिये लोगों का ध्यान किसी और तरफ ले जाने के लिए यह फैसला किया गया है । गुरु नानक यूनिवर्सिटी अभी तो बन रही है (विघ्न) फिर यह 4 ज़िलों के जो कालेज हैं वह ठीक ढंग से चल रहे हैं और यह जो पंजाब यूनिवर्सिटी है यह बहुत अच्छी यूनिवर्सिटी

है और सारे देश में जो यूनिवर्सिटीज़ हैं, उनमें सब से अच्छी यूनिवर्सिटी पंजाब यूनिवर्सिटी है । सिर्फ हिन्दोस्तान में ही नहीं बाहर के मुल्कों में भी इस की कद्र है और जो यह कहता है कि मैं पंजाब यूनिवर्सिटी का ग्रैजुएट हूं उस को प्रायर्टी दी जाती है । (घंटी)

सभापति महोदय, मैं एक और अर्ज़ यह करना चाहता हूं कि इन्होंने पिछले साल यह फैसला किया था कि जालंधर और अमृतसर में यूनिवर्सिटीज़ खोली जाएंगी । अमृतसर में तो इन्होंने गुरु नानक यूनिवर्सिटी खोल दी है । जालन्धर के बारे में मैं अर्ज़ करना चाहता हूं कि वहां स्वामी दया नन्द जी के नाम की यूनिवर्सिटी बनाई जानी चाहिए । (विघ्न) स्वामी दया नन्द जी के नाम पर पंजाब में बहुत स्कूल और कालेज हैं । पंजाब में D.A.V. स्कूल और कालेज सबसे अच्छे हैं सब से बड़ा कालज डी. ए. वी. कालेज जालन्धर है और वह पढ़ाई में और खेलों में भी आगे है । . . (विघ्न)

Mr. Chairman : Please take your seat now.

चौधरी बलबीर सिंह : इस लिये मेरी अर्ज़ है कि जैसे अमृतसर में गुरु नानक यूनिवर्सिटी बनाई गई है, इसी तरह ही जालन्धर में स्वामी दया नन्द यूनिवर्सिटी बनाई जानी चाहिए । . . (विघ्न)

Mr. Chairman : Please take your seat now. (*Interruptions*)

ਸਰਦਾਰ ਬੇਅੰਤ ਸਿੰਘ (ਪਾਇਲ): ਚੇਅਰਮੈਨ ਸਾਹਿਬ, ਇਹ ਜਿਹੜਾ 30, 19, 14, 100 ਰੁਪਿਆ ਐਜੂਕੇਸ਼ਨ ਦੇ ਮਹਿਕਮੇ ਵਾਸਤੇ ਮੰਗਿਆ ਹੈ, ਮੈਂ ਉਸ ਦੇ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਚੇਅਰਮੈਨ ਸਾਹਿਬ, ਇਹ ਮਹਿਕਮਾ ਬਹੁਤ ਵੱਡਾ ਹੈ, ਲੇਕਿਨ ਇਸ ਵਿਚ ਪਿਛਲੇ ਕੁਝ ਸਾਲਾਂ ਤੋਂ ਹੈਪਹੈਜ਼ਰਡ ਤਰੀਕੇ ਨਾਲ ਕੰਮ ਕੀਤਾ ਗਿਆ ਹੈ। ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਅਨਪੜ੍ਹਤਾ ਨੂੰ ਦੂਰ ਕੀਤਾ ਜਾਵੇ। ਲੇਕਿਨ ਇਹ ਜਿਹੜਾ ਤਰੀਕਾ ਅਪਣਾਇਆ ਗਿਆ ਹੈ ਇਹ ਕੋਈ ਐਡਾ ਚੰਗਾ ਨਹੀਂ। ਪਹਿਲਾਂ ਤਾਂ ਸਟੂਡੈਂਟਸ ਸਕੂਲਾਂ ਵਿਚ ਦਸਵੀਂ ਤਕ ਪੜ੍ਹਦੇ ਹਨ ਔਰ ਫਿਰ ਹਰ ਇਕ ਸਟੂਡੈਂਟ ਕਾਲਜ ਵਿਚ ਜਾਣ ਦੀ ਕੋਸ਼ਿਸ਼ ਕਰਦਾ ਹੈ ਪਰ ਜਦੋਂ ਕਾਲਜ ਤੋਂ ਵਿਦਿਆ ਪਰਾਪਤ ਕਰਕੇ ਬਾਹਰ ਆਉਂਦਾ ਹੈ ਤਾਂ ਫਿਰ ਉਸ ਨੂੰ ਕੋਈ ਐਮਪਲਾਇਮੈਂਟ ਨਹੀਂ ਮਿਲਦੀ ਔਰ ਉਹ ਫਿਰ ਡਾਵਾਂ ਡੋਲ ਜਿਹਾ ਹੋ ਕੇ ਫਿਰਦਾ ਰਹਿੰਦਾ ਹੈ। ਚੇਅਰਮੈਨ ਸਾਹਿਬ, ਸਾਡੇ ਮੁਲਕ ਵਿਚ ਇਸ ਗਲ ਨੂੰ ਮੁੱਖ ਰਖ ਕੇ ਪੜ੍ਹਾਈ ਕੀਤੀ ਜਾਂਦੀ ਹੈ ਕਿ ਪੜ੍ਹ ਕੇ ਮੁਲਾਜ਼ਮਤ ਕਰਨੀ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਐਜੂਕੇਸ਼ਨ ਦਾ ਤਰੀਕਾ ਹੈ, ਇਸ ਵਿਚ ਰੈਵੋਲਿਊਸ਼ਨ ਲਿਆਉਣ ਦੀ ਲੋੜ ਹੈ। ਚੇਅਰਮੈਨ ਸਾਹਿਬ, ਪਹਿਲਾਂ ਅੱਠਵੀਂ ਜਮਾਤ ਤਕ ਜਿਤਨਾ ਚਿਰ ਪੜ੍ਹਨ ਲਿਖਣ ਨਾ ਲਗ ਜਾਣ, ਜਿਤਨਾ ਚਿਰ ਉਹ ਚਿਠੀ ਪੜ੍ਹਨ ਲਿਖਣ ਨਹੀਂ ਸਿਖਦਾ, ਉਨ੍ਹਾਂ ਨੂੰ ਉਥੇ ਪੜ੍ਹ ਲੈਣ ਦੇਣਾ ਚਾਹੀਦਾ ਹੈ। ਫਿਰ ਚੇਅਰਮੈਨ ਸਾਹਿਬ, ਹਰ ਸਕੂਲ ਵਿਚ ਇਕ ਸਾਈਕਾਲੋਜਿਸਟ ਹੋਣਾ ਚਾਹੀਦਾ ਹੈ ਜਿਹੜਾ ਇਹ ਦੇਖੇ ਕਿ ਬੱਚੇ ਦਾ ਝੁਕਾਉ ਕਿਹੜੇ ਪਾਸੇ ਹੈ। ਜੇ ਉਹ ਇੰਡਸਟਰੀ, ਐਗਰੀਕਲਚਰ ਜਾਂ ਜਿਸ ਪਾਸੇ ਵੀ ਹੋਣ ਉਨ੍ਹਾਂ ਮਹਿਕਮਿਆਂ ਵਿਚ ਉਨ੍ਹਾਂ ਨੂੰ ਭੇਜਿਆ ਜਾਵੇ ਔਰ ਸਿਰਫ ਉਹ ਬੰਦੇ ਉਪਰਲੀ ਤਾਲੀਮ ਵਿਚ ਜਾਣ ਜਿਹੜੇ ਕਿ ਇਨਟੈਲੇਕਚੂਅਲ ਹੋਣ। ਉਹ ਮੈਡੀਕਲ ਜਾਂ ਇੰਜੀਨੀਅਰਿੰਗ ਸਾਈਡ ਵਲ ਜਾਣ ਤਾਂ ਹੀ ਇਹ ਅਨਇਮਪਲਾਇਮੈਂਟ ਦਾ ਜੋ ਮਸਲਾ ਹੈ ਇਹ ਹੱਲ ਹੋ ਸਕਦਾ ਹੈ। ਚੇਅਰਮੈਨ ਸਾਹਿਬ, ਇਹ ਮਸਲਾ ਜਿਹੜਾ ਹੈ ਇਹ ਬੜਾ ਜ਼ਰੂਰੀ ਹੈ ਔਰ ਸਾਡੇ ਐਜੂਕੇਸ਼ਨ ਡੀਪਾਰਟਮੈਂਟ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਫਿਰ ਟੀਚਰਜ਼ ਦੇ ਬਾਰੇ ਅਰਜ਼ ਹੈ ਕਿ ਇਥੇ ਟੀਚਰਜ਼ ਦੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਮੈਂ ਕਹਿੰਦਾ ਹਾਂ ਕਿ ਜਿਤਨਾ ਗਰੇਡ ਕੁਠਾਰੀ ਕਮਿਸ਼ਨਰ ਅਨੁਸਾਰ ਪੰਜਾਬ

[ਸਰਦਾਰ ਬੇਅੰਤ ਸਿੰਘ]

ਵਿਚ ਇਨ੍ਹਾਂ ਨੂੰ ਮਿਲਿਆ ਹੈ, ਸ਼ਾਇਦ ਹੀ ਕਿਸੇ ਹੋਰ ਸੂਬੇ ਵਿੱਚ ਮਿਲਿਆ ਹੋ ਵੇ। ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਇਸੇ ਮਹੀਨੇ ਦੀ 10 ਤਾਰੀਖ ਨੂੰ ਇਨ੍ਹਾਂ ਮੁਲਾਜ਼ਮਾਂ ਨੇ ਸਟਰਾਈਕ ਕਰਨੀ ਸੀ, ਲੇਕਿਨ ਸਾਡੇ ਵਜ਼ੀਰ ਸਾਹਿਬਾਨ ਨੇ ਉਨ੍ਹਾਂ ਤਰੁੱਟੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਜਿਹੜਾ ਕਿ ਮੈਂ ਸਮਝਦਾ ਹਾਂ ਕਿ ਇਕ ਬੜਾ ਸ਼ਲਾਘਾ ਯੋਗ ਕਦਮ ਹੈ।

ਫਿਰ, ਮੈਂ ਚੇਅਰਮੈਨ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਜੂਕੇਸ਼ਨ ਡੀਪਾਰਟਮੈਂਟ ਵਿਚ ਜਿਹੜੀ ਕਮੀ ਮੈਂ ਦੇਖੀ ਹੈ ਉਹ ਇਹ ਹੈ ਕਿ ਸਕੂਲਾਂ ਵਿੱਚ ਇਨਸਪੈਕਸ਼ਨ ਬਹੁਤ ਘੱਟ ਹੁੰਦੀ ਹੈ। ਐਜੂਕੇਸ਼ਨ ਦਾ ਮਹਿਕਮਾ ਇਕ ਬਹੁਤ ਵੱਡਾ ਮਹਿਕਮਾ ਹੈ। ਇਸ ਦੇ ਵਿਚ ਡੀ.ਈ.ਓ. ਔਰ ਡਿਪਟੀ ਡੀ.ਈ.ਓ. ਲਾਏ ਗਏ ਹਨ ਜਿਹੜੇ ਕਿ ਇਨਸਪੈਕਸ਼ਨ ਵੀ ਕਰਦੇ ਹਨ। ਵਿਦ ਡਿਯੂ ਅਪਾਲਜੀ ਟੂ ਡੀ.ਪੀ.ਆਈ. ਕਿਉਂਕਿ ਉਹ ਲੇਡੀ ਹਨ, ਮੇਰਾ ਖਿਆਲ ਹੈ ਕਿ ਲੇਡੀ ਡੀ.ਈ.ਓ. ਵਾਸਤੇ ਇਹ ਇਨਸ-ਪੈਕਸ਼ਨ ਦਾ ਕੰਮ ਮੁਸ਼ਕਲ ਹੈ। (ਵਿਘਨ) ਸੋ ਮੈਂ ਸਮਝਦਾ ਹਾਂ ਕਿ ਅਗਰ ਥੋੜੇ ਚਿਰ ਵਾਸਤੇ ਇਨਾਂ ਲੇਡੀਜ਼ ਨੂੰ ਸਕੂਲਾਂ ਵਿਚ ਪ੍ਰਿੰਸੀਪਲਜ਼ ਵਗੈਰਾ ਲਗਾਇਆ ਜਾਵੇ ਤਾਂ ਇਹ ਠੀਕ ਹੈ। ਚੇਅਰਮੈਨ ਸਾਹਿਬ, ਛੋਟੇ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਲੇਡੀਜ਼ ਬਿਲਕੁਲ ਠੀਕ ਹਨ। ਪ੍ਰਾਇਮਰੀ ਕਲਾਸ ਵਿਚ ਜੋ ਬੱਚਾ ਸਿਖਦਾ ਹੈ, ਉਹੀ ਅਗੇ ਜਾ ਕੇ ਉਹ ਕਰਦਾ ਹੈ। ਸੋ ਮੇਰੀ ਅਰਜ਼ ਹੈ ਕਿ ਅਗਰ ਇਹ ਛੋਟੇ ਬੱਚਿਆਂ ਨੂੰ ਪੜ੍ਹਾਉਣ ਲਈ ਲੇਡੀਜ਼ ਲਾਈਆਂ ਜਾਣ ਤਾਂ ਬਹੁਤ ਅੱਛਾ ਰਹੇਗਾ, ਤਨਖਾਹ ਭਾਵੇਂ ਇਨ੍ਹਾਂ ਨੂੰ ਜ਼ਿਆਦਾ ਦਿਤੀ ਜਾਵੇ। (ਵਿਘਨ)।

ਫਿਰ, ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਇਕ ਐਜੂਕੇਸ਼ਨ ਬੋਰਡ ਬਣਾਇਆ ਹੈ। ਇਸ ਐਜੂਕੇਸ਼ਨ ਬੋਰਡ ਨੇ ਇਸ ਸਾਲ ਨਿਹਾਇਤ ਚੰਗਾ ਕੰਮ ਕੀਤਾ ਹੈ। ਚੇਅਰਮੈਨ ਸਾਹਿਬ, ਅਨਪੜ੍ਹਤਾ ਦੇ ਕਾਰਨ ਮਾਂ ਬਾਪ ਇਹੀ ਸੋਚਦੇ ਹਨ, ਬੱਚਾ ਪਾਸ ਹੋਣਾ ਚਾਹੀਦਾ ਹੈ ਚਾਹੇ ਉਹ ਨਕਲ ਨਾਲ ਪਾਸ ਹੋਵੇ ਜਾਂ ਕਿਸ ਤਰ੍ਹਾਂ ਹੋਵੇ, ਬੱਚਾ ਪਾਸ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਪਿਛਲੇ ਸਾਲ ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ ਨਕਲਾਂ ਵਾਸਤੇ ਇਹੋ ਜਿਹੇ ਕਿੰਨੇ ਕੇਸ ਹੋਏ, ਚਾਕੂ ਆਦਿ ਚਲੇ, ਲੇਕਿਨ ਹੁਣ ਇਸ ਐਜੂਕੇਸ਼ਨ ਬੋਰਡ ਨੇ ਕੁਝ ਕਾਬੂ ਪਾ ਲਿਆ ਹੈ। ਮੈਂ ਤਾਂ ਕਹਿੰਦਾ ਹਾਂ ਕਿ ਇਹ ਐਜੂਕੇਸ਼ਨ ਦਾ ਜਿਹੜਾ ਤਰੀਕਾ ਹੈ ਇਸ ਨੂੰ ਵੀ ਬਦਲਣਾ ਚਾਹੀਦਾ ਹੈ। ਮੈਂ ਤਾਂ ਸਮਝਦਾ ਹਾਂ ਕਿ ਅਗਰ ਕੋਈ ਲੜਕਾ ਐਗਜ਼ਾਮੀਨੇਸ਼ਨ ਵਿਚ ਕਿਤਾਬਾਂ ਲੈ ਕੇ ਲਿਖਣ ਤਾਂ ਵੀ ਠੀਕ ਹੈ। ਕਈ ਤਰ੍ਹਾਂ ਦੇ ਰੈਫਰੈਨਸਿਜ਼ ਕੋਟ ਕਰਨੇ ਹੁੰਦੇ ਹਨ, ਮੈਂ ਸਮਝਦਾ ਹਾਂ ਕਿ ਉਹ ਦੇਖ ਕੇ ਵੀ ਕਿਤਾਬ ਤੋਂ ਲਿਖ ਦੇਣ ਤਾਂ ਵੀ ਠੀਕ ਹੈ। ਜੇ ਸਟੂਡੈਂਟਸ ਨੇ ਕੁਝ ਪੜ੍ਹਿਆ ਹੋਵੇਗਾ ਤਾਂ ਹੀ ਉਹ ਕਿਧਰੋਂ ਦੇਖ ਕੇ ਲਿਖ ਸਕਦਾ ਹੈ। ਕਈ ਸਟੂਡੈਂਟਸ ਐਸੇ ਹਨ, ਮੈਂ ਸਮਝਦਾ ਹਾਂ ਕਿ ਉਹ ਕਿਤਾਬ ਲਿਜਾ ਕੇ ਉਥੋਂ ਦੇਖ ਕੇ ਵੀ ਨਹੀਂ ਲਿਖ ਸਕਦੇ। (ਵਿਘਨ) ਸੋ ਮੇਰੀ ਅਰਜ਼ ਹੈ ਕਿ ਇਸ ਐਗਜ਼ਾਮੀਨੇਸ਼ਨ ਸਿਸਟਮ ਨੂੰ ਕੁਝ ਬਦਲਣਾ ਚਾਹੀਦਾ ਹੈ ਔਰ ਇਸ ਦੇ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਇਕ ਐਕਟ ਪਿਛਲੇ ਸਾਲ ਪਾਸ ਕੀਤਾ ਗਿਆ ਸੀ ਜਿਸ ਵਿਚ ਸਿਕਉਰਟੀ ਆਫ਼ ਸਰਵਿਸ ਟੀਚਰਜ਼ ਨੂੰ ਦਿੱਤੀ ਹੈ। ਉਨ੍ਹਾਂ ਨੂੰ ਗੌਰਮੈਂਟ ਸਕੇਲਜ਼ ਅਨੁਸਾਰ ਚੰਗੀਆਂ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ। ਇਸ ਦੇ ਇਲਾਵਾ ਡਿਪਟੀ ਕਮਿਸ਼ਨਰਜ਼ ਨੂੰ ਹੱਕ ਦਿਤੇ ਗਏ ਹਨ ਕਿ ਅਗਰ ਕੋਈ ਮੈਨੇਜਮੈਂਟ ਕਿਸੇ ਨੂੰ ਕੱਢਣ ਲਈ ਗਲਤ ਤਰੀਕਾ ਇਸਤੇਮਾਲ ਕਰਦੀ ਹੈ ਤਾਂ ਉਹ ਸੁਣਵਾਈ ਕਰ ਸਕਦਾ ਹੈ ਅਤੇ ਟੀਚਰਜ਼ ਆਪਣੇ ਹੱਕਾਂ ਦੀ ਰਾਖੀ ਲਈ ਡਿਪਟੀ ਕਮਿਸ਼ਨਰਜ਼ ਨੂੰ ਅਪੀਲ ਕਰ ਸਕਦੇ ਹਨ। ਮੇਰੇ ਇਕ ਫਾਜ਼ਲ ਦੋਸਤ ਚੌਧਰੀ ਬਲਬੀਰ ਸਿੰਘ ਨੇ ਆਖਿਆ ਹੈ ਕਿ ਪ੍ਰਾਈਵੇਟ ਸਕੂਲ ਬਹੁਤ ਅੱਛੀ ਤਰ੍ਹਾਂ ਚਲਦੇ ਹਨ, ਹੋ ਸਕਦਾ

ਕਲਰਕ ਪੈਦਾ ਕਰਨ ਤੇ ਨਹੀਂ ਲਾਉਣਾ, ਸਾਨੂੰ ਮੁਲਕ ਦੇ ਬਚਿਆਂ ਨੂੰ ਟੈਕਨੀਕਲ ਸਿਖਿਆ ਦੇਣ ਤੇ ਜ਼ੋਰ ਲਾਉਣਾ ਚਾਹੀਦਾ ਹੈ। ਜਦੋਂ ਅਸੀਂ ਰਾ ਮੈਟੀਰੀਅਲ ਏਥੋਂ ਮਾਨਚੈਸਟਰ ਦੀਆਂ ਮਿਲਾਂ ਤਕ ਦੇ ਸਕਦੇ ਹਾਂ ਤਾਂ ਕੀ ਵਜਾਹ ਹੈ ਉਹ ਮਸ਼ੀਨਰੀ ਆਪਣੇ ਮੁਲਕ ਵਿਚ ਲਗਾ ਕੇ ਆਪਣੀ ਦੌਲਤ ਵਿੱਚ ਵਾਧਾ ਨਹੀਂ ਕਰਦੇ। ਅੱਜ ਅਸੀਂ ਬੜੇ ਹੀ ਖਤਰਨਾਕ ਹਾਲਾਤ ਤੇ ਖੜੇ ਹੋਏ ਹਾਂ, ਇਸ ਹਾਲਤ ਤੇ ਲਿਆਉਣ ਦੇ ਮੌਜੂਦਾ ਯੁਗ ਵਿਚ ਜਿਹੜੇ ਵੀ ਬੰਦੇ ਨੌਕਰੀਆਂ ਤੇ ਆਉਂਦੇ ਹਨ ਉਹ ਸਿਫਾਰਸ਼ੀ ਹੁੰਦੇ ਹਨ, ਸਰਕਾਰ ਨੂੰ ਕੰਪੀਟੀਸ਼ਨ ਵਿਚੋਂ ਸੀਲੈਕਟ ਕਰਕੇ ਬੰਦੇ ਰਖਣ ਚਾਹੀਦੇ ਹਨ, ਜਦੋਂ ਤਕ ਬਹੁਤ ਹੀ ਕਾਬਲ ਬੰਦੇ ਸਰਵਿਸਿਜ਼ ਦੇ ਵਿੱਚ ਨਹੀਂ ਆਉਂਦੇ, ਇਸ ਮੁਲਕ ਦਾ ਢਾਂਚਾ ਕਿਸੇ ਸੂਰਤ ਵਿਚ ਵੀ ਠੀਕ ਨਹੀਂ ਹੋਣਾ।

ਰੂਰਲ ਏਰੀਆਜ਼ ਦੇ ਵਿੱਚ ਕਾਲਜਿਜ਼ ਦੀ ਬੜੀ ਮੰਗ ਹੈ, ਇਨ੍ਹਾਂ ਤੇ ਜਦੋਂ ਤਕ ਪੈਸਾ ਨਹੀਂ ਲਗਦਾ ਉਦੋਂ ਤਕ ਪੇਂਡੂ ਜਨਤਾ ਦਾ ਸੁਧਾਰ ਨਹੀਂ ਹੋਣਾ। ਪਿਛਲੇ ਸਾਲ ਵੀ 22 ਕਰੋੜ ਰੁਪਿਆ ਤਾਲੀਮ ਦੇ ਮਹਿਕਮਾ ਨੂੰ ਦਿਤਾ ਸੀ। ਇਸ ਸਾਲ ਵੀ 30 ਕਰੋੜ ਦੇ ਕਰੀਬ ਐਜੂਕੇਸ਼ਨ ਦੇ ਮਹਿਕਮੇ ਤੇ ਖਰਚ ਹੋ ਜਾਣਾ ਹੈ। ਪਰ ਜਦੋਂ ਤਕ ਲੋਕਾਂ ਦੇ ਮਨ ਸਾਇੰਟਿਫੀਕਲੀ ਡੀਵੈਲਪ ਨਹੀਂ ਹੋਣਗੇ, ਉਨ੍ਹਾਂ ਨੂੰ ਟੈਕਨੀਕਲ ਗਿਆਨ ਨਹੀਂ ਹੋਵੇਗਾ। ਲੋਕਾਂ ਦੀ ਤਰੱਕੀ ਨਹੀਂ ਹੋਣੀ। ਜਦੋਂ ਤਕ ਮੌਜੂਦਾ ਤਾਲੀਮ ਨਵੀਆਂ ਲੀਹਾਂ ਤੇ ਨਹੀਂ ਚਲਾਈ ਜਾਂਦੀ ਮੁਲਕ ਦਾ ਸੁਧਾਰ ਨਹੀਂ ਹੋਣਾ। ਮੇਰੇ ਆਪਣੇ ਭੁਲੱਥ ਹਲਕੇ ਦਾ ਜਿਥੋਂ ਤਕ ਸਬੰਧ ਹੈ ਇਥੇ ਹੁਣ ਤਕ ਦੋ ਹੀ ਕਾਲਜਿਜ਼ ਹਨ, ਪਿੰਡਾਂ ਵਾਲਿਆਂ ਨੇ ਆਪ ਉਦਮ ਕਰਕੇ ਕਈ ਥਾਂਵਾਂ ਤੇ ਸਕੂਲ ਬਿਲਡਿੰਗਾਂ ਬਣਾਈਆਂ ਹਨ। ਬੇਗੋਵਾਲ ਅਤੇ ਨਟਾਲਾ ਦੋ ਹਾਈ ਸਕੂਲ ਹਨ, ਉਨ੍ਹਾਂ ਦੀ ਸਰਕਾਰ ਵੱਧ ਤੋਂ ਵੱਧ ਸਟਾਫ ਦੇ ਕੇ ਹਰ ਤਰ੍ਹਾਂ ਨਾਲ ਇਮਦਾਦ ਕਰੇ। ਇਸ ਏਰੀਆ ਵਿਚ ਜਿਥੇ ਕਿ 12—13 ਸਕੂਲ ਹੋਣੇ ਚਾਹੀਦੇ ਸਨ ਅਜ ਉਥੇ ਦੋ ਸਕੂਲ ਹਨ ਅਤੇ ਉਨ੍ਹਾਂ ਨੂੰ ਵੀ ਪੂਰੀ ਸਹਾਇਤਾ ਨਹੀਂ ਮਿਲਦੀ ।

ਇਕ ਗੱਲ ਮੈਂ ਮਿਊਜ਼ੀਅਮ ਦੇ ਮੁਤੱਲਕ ਵੀ ਅਰਜ਼ ਕਰ ਦੇਣੀ ਚਾਹੁੰਦਾ ਹਾਂ। ਇਹ ਇਕ ਬੜੀ ਵੱਡੀ ਚੀਜ਼ ਹੈ। ਏਥੇ ਇਸ ਬਜਟ ਦੇ ਵਿੱਚ ਮਹਿਜ਼ 6 ਲੱਖ ਰੁਪਿਆ ਹੀ ਰੱਖਿਆ ਗਿਆ ਹੈ। ਜਿਥੇ ਸਰਕਾਰ ਨੇ ਚੰਡੀਗੜ੍ਹ ਵਰਗਾ ਸ਼ਹਿਰ, ਭਾਖੜਾ ਜਿਤਨਾ ਵੱਡਾ ਡੈਮ ਬਣਾਇਆ ਹੈ, ਉਥੇ ਮਿਓ-ਜ਼ੀਅਮ ਵੀ ਇਕ ਬਹੁਤ ਜ਼ਰੂਰੀ ਚੀਜ਼ ਸੀ ਤਾਂ ਜੋ ਦੂਰੋਂ ਲੋਕੀ ਆ ਆ ਕੇ ਵੇਖਦੇ, ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪਦਾ ਧੰਨਵਾਦ ਕਰਦਾ ਹਾਂ।

ਕਾਮਰੇਡ ਬਾਬੂ ਸਿੰਘ ਮਾਸਟਰ: On a point of Privilege Sir ਏਥੇ ਕੁਟ ਮੋਸ਼ਨਾਂ ਡਾਂਗ ਸਾਹਿਬ ਵੱਲੋਂ ਦਿੱਤੀਆਂ ਗਈਆਂ ਹਨ ਪਰ ਸਾਡੇ ਗਰੁਪ ਦੇ ਇਕ ਵੀ ਨੁਮਾ-ਇੰਦੇ ਨੂੰ ਬੋਲਣ ਦਾ ਮੌਕਾ ਨਹੀਂ ਦਿਤਾ ਗਿਆ। ਜੇ ਇਸ ਤਰ੍ਹਾਂ ਦਾ ਹੀ ਸਲੂਕ ਕਰਨਾ ਹੈ ਫੇਰ ਕਟ ਮੋਸ਼ਨਜ਼ ਦੇਣ ਦਾ ਆਈਡੀਆ ਹੀ ਕੀ ਹੈ ?

ਸ਼੍ਰੀ ਸਭਾਪਤੀ: ਏਥੇ ਬੋਲਣ ਵਾਸਤੇ ਖੜ੍ਹਾ ਹੋਣ ਲਈ ਪ੍ਰਿਵਿਲਿਜ ਦਾ ਸਵਾਲ ਨਹੀਂ। ਇਹ ਤਾਂ ਸਪੀਕਰ ਦੀ ਆਈ ਕੈਚ ਕਰਨ ਵਾਲੀ ਗੱਲ ਹੈ। (There is no question of privilege involved in respect of rising to speak. It is a matter of catching the eye of the Speaker.)

ਡਾਕਟਰ ਅਮੀਰ ਸਿੰਘ ਕਲਕਟ (ਗੜ੍ਹਸ਼ੰਕਰ): ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ foreign Government is based on corruption. ਅਸੀਂ ਹਜ਼ਾਰਾਂ ਸਾਲ ਦੇ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਆ ਰਹੇ ਹਾਂ। ਸਾਡੇ ਤੇ ਅਜ ਵੀ ਅੰਗਰੇਜ਼ ਦੀ ਗੁਲਾਮੀ ਤੋਂ ਬਾਅਦ ਵੀਹ ਬਾਈ ਸਾਲ ਗੁਜ਼ਰ ਜਾਣ ਤੇ ਉਹੀ ਅਸਰ ਹੈ। ਹਿੰਦੁਸਤਾਨ ਵਿੱਚ

[ਡਾਕਟਰ ਅਮੀਰ ਸਿੰਘ ਕਲਕਟ]

ਬੜੇ ਚੰਗੇ ਚੰਗੇ ਅਫ਼ਸਰਾਂ ਵੱਡੀਆਂ, ਵੱਡੀਆਂ ਤਨਖਾਹ ਲੈਣ ਵਾਲਿਆਂ ਦੀ ਵੀ ਉਸੇ ਤਰ੍ਹਾਂ ਦੀ ਗੁਲਾਮਾਨਾ ਜ਼ਹਿਨੀਅਤ ਹੈ। ਜਿਸ ਪਾਸੇ ਅਸੀਂ ਆਪਣਾ ਐਜੂਕੇਸ਼ਨ ਦਾ ਸਿਸਟਮ ਚਲਾਇਆ ਹੈ, ਇਸ ਰਾਹੀਂ ਸਿਵਾਏ ਕਲਰਕ ਬਣਾਉਣ ਦੇ ਹੋਰ ਕੁਝ ਨਹੀਂ ਕੀਤਾ। ਜਿਸ ਰਸਤੇ ਤਾਲੀਮ ਮੌਜੂਦਾ ਜ਼ਮਾਨੇ ਵਿੱਚ ਸਾਡੇ ਬੱਚਿਆਂ ਨੂੰ ਦਿੱਤੀ ਜਾ ਰਹੀ ਹੈ ਇਹ ਸਹੀ ਰਸਤਾ ਨਹੀਂ ਹੈ। ਨਵੇਂ ਯੁਗ ਵਿੱਚ ਜਿਹੜਾ ਰਸਤਾ ਤਾਲੀਮ ਦੇ ਮਹਿਕਮੇਂ ਨੂੰ ਇਖਤਿਆਰ ਕਰਨਾ ਚਾਹੀਦਾ ਸੀ, ਉਹ ਸੀ ਰੀਸਰਚ ਸਾਈਡ। ਇਸ ਦਾ ਨਤੀਜਾ ਇਹ ਹੋਣਾ ਸੀ ਕਿ ਜਾਬ ਓਰੀਐਂਟੇਟਿਡ ਹੋਣ ਦੀ ਬਜਾਏ ਜਿਹੜੇ ਵੀ ਸਕਾਲਰਜ਼ ਆਉਂਦੇ, ਉਹ ਵਰਕ-ਓਰੀਐਂਟੇਟਿਡ ਹੁੰਦੇ ਅਤੇ ਖਾਸ ਲਾਈਨਜ਼ ਵਿਚ ਐਕਸਪਰਟ ਹੁੰਦੇ। ਮੈਨੂੰ ਇਹ ਗੱਲ ਦੇ ਕਹਿਣ ਦੇ ਵਿੱਚ ਕੋਈ ਝਿਜਕ ਨਹੀਂ ਕਿ ਮਰਦੇ ਮਜਾਹਦ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਐਜੂਕੇਸ਼ਨਲ ਇਨਸਟੀਚਿਊਟਸ ਦੇ ਨਾਲ ਨਾਲ ਟੈਕਨੀਕਲ ਟਰੇਨਿੰਗ ਲਈ ਆਈ. ਟੀ. ਆਈ. ਵੀ ਖੋਲ੍ਹੇ ਜਿਹੜੇ ਕਿ ਬੜੇ ਕਾਮਯਾਬ ਰਹੇ ਹਨ। ਇਨ੍ਹਾਂ ਰਾਹੀਂ ਬੱਚਾ ਦਸਵੀਂ ਪਾਸ ਕਰਕੇ ਕੁਝ ਨਾ ਕੁਝ ਟੈਕਨੀਕਲ ਲਾਈਨ ਇਖਤਿਆਰ ਕਰ ਕੇ ਆਪਣੀ ਰੋਜ਼ੀ ਕਮਾਉਣ ਦੇ ਯੋਗ ਹੋ ਜਾਂਦਾ ਹੈ। ਪਰ ਇਹ Institution ਦੇ ਵਿੱਚ ਇਮਾਨਦਾਰ ਸਟਾਫ਼ ਨਾ ਹੋਣ ਕਰਕੇ, ਏਥੇ ਹਦ ਦਰਜੇ ਦੀ ਕੁਰੱਪਸ਼ਨ ਹੈ। ਇਨ੍ਹਾਂ ਹਾਲਤਾਂ ਵਿੱਚ ਡੈਮੋਕਰੇਸੀ ਰਹਿ ਨਹੀਂ ਸਕਦੀ ਜਿਥੇ ਹਜ਼ਾਰਾਂ ਰੁਪਏ ਦੀ ਤਾਦਾਦ ਵਿਚ ਕੁਰੱਪਸ਼ਨ ਹੁੰਦੀ ਹੋਵੇ ਇਹ ਇਕ ਸੋਸ਼ਲ ਈਵਲ ਹੈ ਜਿਹੜੀ ਕਿ ਅੰਗਰੇਜ਼ ਦੇ ਜ਼ਮਾਨੇ ਵਿੱਚ ਆਮ ਸੀ ਅਤੇ ਉਸ ਜ਼ਮਾਨੇ ਵਿਚ ਤਨਖਾਹ ਕੋਈ ਨਹੀਂ ਸੀ ਪੁਛਦਾ ਕਿ ਕਿਤਨੀ ਹੈ ਉਸ ਵੇਲੇ ਖੁਲ੍ਹਮ ਖੁਲ੍ਹਾ ਇਹ ਪੁਛ ਹੁੰਦੀ ਸੀ ਕਿ ਇਸ ਨੌਕਰੀ ਤੋਂ ਉਤੋਂ ਕਿਤਨੀ ਆਮ-ਦਨ ਹੁੰਦੀ ਹੈ। ਉਸ ਵੇਲੇ ਇਸ ਕੌਮ ਦੀ ਗੁਲਾਮਾਨਾ ਜ਼ਹਿਨੀਅਤ ਸੀ, ਪਰ ਹੁਣ ਜਦੋਂ ਕਿ ਸਾਡਾ ਆਪਣਾ ਰਾਜ ਹੈ, ਇਸ ਤਰ੍ਹਾਂ ਦੀ ਜ਼ਹਿਨੀਅਤ ਹਰਗਿਜ਼ ਬਰਦਾਸ਼ਤ ਨਹੀਂ ਕਰਨੀ ਚਾਹੀਦੀ। ਜੇਕਰ ਇਸ ਐਜੂਕੇਸ਼ਨ ਦੇ ਢਾਂਚੇ ਨੂੰ ਅਸੀਂ ਇਸ ਤਰ੍ਹਾਂ ਮੋਲਡ ਕਰੀਏ ਜਿਹੜਾ ਕਿ ਵਰਕ-ਓਰੀਐਂਟਿਡ ਹੋਵੇ, ਜਿਹੜਾ ਇਸ ਤਰ੍ਹਾਂ ਦੀ ਤਾਲੀਮ ਦੇਵੇ ਜਿਸ ਨਾਲ ਚੰਗੇ ਸ਼ਹਿਰੀ ਬਣ ਸਕਣ, ਤਦ ਹੀ ਤਾਲੀਮ ਦੇਣ ਦਾ ਕੋਈ ਫ਼ਾਇਦਾ ਹੋ ਸਕਦਾ ਹੈ।

ਜਿਸ ਤਰ੍ਹਾਂ ਮੁਲਕ ਵਿੱਚ ਐਗਰੀਕਲਚਰ ਵਲ ਇਕ ਇਸ ਤਰ੍ਹਾਂ ਦਾ ਟਰੈਂਡ ਵਧਿਆ ਹੈ ਜਿਸ ਦੇ ਨਾਲ ਗਰੀਨ ਰੈਵੋਲਿਊਸ਼ਨ ਆਈ ਹੈ, ਇਸੇ ਤਰ੍ਹਾਂ ਦੀ ਰੈਵੋਲਿਊਸ਼ਨ ਇੰਡਸਟਰੀ ਦੇ ਪਾਸੇ ਵੀ ਆਉਣੀ ਚਾਹੀਦੀ ਹੈ ਤਾਂ ਜੋ ਗਰੀਬ ਇਨਸਾਨ ਅਤੇ ਉਨ੍ਹਾਂ ਦੇ ਬੱਚੇ ਵੀ ਬੈਟਰ ਵੇ ਆਫ਼ ਲਾਈਫ਼ ਗੁਜ਼ਾਰ ਸਕਣ ਅਤੇ ਚੰਗੀ ਤਰ੍ਹਾਂ ਅਛੇ ਰਾਹ ਇਖਤਿਆਰ ਕਰ ਸਕਣ।

ਹੁਣ ਮੈਂ ਐਜੂਕੇਸ਼ਨ ਦੇ ਮਹਿਕਮੇਂ ਵਲ ਆਉਂਦਾ ਹਾਂ। ਇਸ ਮਹਿਕਮੇਂ ਵਿੱਚ ਦੋ ਡੀ. ਪੀ. ਆਈ. ਹਨ, ਪਰ ਜੇਕਰ ਇਮਾਨਦਾਰੀ ਨਾਲ ਵੇਖਿਆ ਜਾਵੇ ਇਕ ਡੀ. ਪੀ. ਆਈ. ਦਾ ਸਾਰਾ ਕੰਮ ਹੈ, ਪਰ ਦੂਸਰੇ ਡੀ. ਪੀ. ਆਈ. ਦਾ ਵਾਧੂ ਦਾ ਮਹਿਕਮੇ ਤੇ ਬੋਝ ਹੈ। ਮਹਿਕਮੇ ਵਿੱਚ ਪਾਰਟੀ ਬਾਜ਼ੀ ਦਾ ਜ਼ੋਰ ਹੋਣ ਕਰਕੇ ਕੋਈ ਕੰਮ ਸਿਰੇ ਹੀ ਲਗਣ ਨਹੀਂ ਦਿੱਤਾ ਜਾਂਦਾ। ਮੈਨੂੰ ਇਸ ਗੱਲ ਵਿੱਚ ਸ਼ੱਕ ਨਹੀਂ ਕਿ ਮਨਿਸਟਰ ਸਾਹਿਬ ਬੜੇ ਅਛੇ ਆਦਮੀ ਹਨ ਅਤੇ ਉਹ ਦਿਲੋਂ ਚਾਹੁੰਦੇ ਹਨ ਕਿ ਤਾਲੀਮ ਵਿੱਚ ਤਰੱਕੀ ਹੋਵੇ, ਪਰ ਉਨ੍ਹਾਂ ਦੀ ਵਾਹ ਇਹ ਜਥੇਦਾਰ ਭਰਾ ਜਾਣ ਨਹੀਂ ਦੇਂਦੇ। ਇਹ ਹਰ ਵਕਤ ਟਰਾਂਸਫਰਾਂ ਕਰਾਉਂਦੇ ਹਨ, ਜੇ ਕੋਈ ਚੰਗਾ ਕੰਮ ਕਰਦਾ ਹੋਵੇ ਉਸ ਦੀ ਝਟ ਬਦਲੀ ਕਰਵਾ ਕੇ ਆਪਣੇ ਭਾਈ ਭਰਾ ਨੂੰ ਉਥੇ ਲਗਾਉਂਦੇ ਹਨ। ਇਸ ਕਿਸਮ ਦੇ ਟਰਾਂਸਫਰਜ਼ ਦੇ ਵਿੱਚ ਸਟਰਿਕਟ ਰੂਲਜ਼ ਬਣਨੇ ਚਾਹੀਦੇ ਹਨ, ਤਾਂ ਜੋ ਕਿਸੇ ਕਿਸਮ ਦੀ ਇੰਟਰਫੀਅਰੈਂਸ ਨਾ ਹੋਵੇ ਅਤੇ ਅਛੀ ਐਡਮਨਿਸਟਰੇਸ਼ਨ ਰੱਨ ਹੋ ਸਕੇ। ਮੇਰਾ ਆਪਣਾ ਤਜਰਬਾ ਵੀ ਇਹੋ ਹੈ ਕਿ ਉਹੀ ਆਦਮੀ

ਕਾਮਯਾਬ ਹੋ ਸਕਦਾ ਹੈ, ਜਿਹੜਾ ਐਡਮਨਿਸਟਰੇਸ਼ਨ ਤੇ ਪੂਰੀ ਤਰ੍ਹਾਂ ਕੰਟਰੋਲ ਕਰੇ, ਇਮਾਨਦਾਰ ਹੋਵੇ ਤੇ ਆਪਣੇ ਨੀਚੇ ਦੇ ਸਟਾਫ ਨੂੰ ਇਮਾਨਦਾਰ ਰਹਿਣ ਤੇ ਮਜਬੂਰ ਕਰੇ। ਪਰ ਇਹ ਵੇਖਣ ਵਿੱਚ ਆ-ਇਆ ਹੈ ਕਿ ਇਹ ਚੀਜ਼ਾਂ ਕਾਊਂਟ ਨਹੀਂ ਕਰਦੀਆਂ।

ਚੇਅਰਮੈਨ ਸਾਹਿਬ, ਤੁਹਾਡੀ ਗਿਆਤ ਦੇ ਵਿਚ ਹੈ ਕਿ ਮੇਰੇ ਦੁਸ਼ਮਣ ਨੇ ਮੇਰੇ ਖਿਲਾਫ਼ 10 ਲਖ ਰੁਪਿਆ ਖਰਚਿਆ ਸੀ, ਪਰ ਮੈਂ ਆਪਣੀ ਇਮਾਨਦਾਰੀ ਕਰਕੇ ਜਿਤ ਗਿਆ ਹਾਂ। ਲੋਕਾਂ ਨੇ ਇਮਾਨ ਦਾਰੀ ਦੀ ਕਦਰ ਕੀਤੀ ਹੈ।

ਸ੍ਰੀ ਸਭਾਪਤੀ: ਡਾਕਟਰ ਸਾਹਿਬ, ਜੋਸ਼ ਵਿਚ ਕਿਧਰੇ ਪੁਆਇੰਟ ਹੀ ਨਾ ਭੁਲ ਜਾਣਾ। (The hon. Member Dr. Amir Singh Kalkat should not get worked up lest he should forget his points.)

ਡਾਕਟਰ ਅਮੀਰ ਸਿੰਘ ਕਲਕਟ: ਅਜਿਹੀ ਕੋਈ ਗੱਲ ਨਹੀਂ, ਚੇਅਰਮੈਨ ਸਾਹਿਬ। ਚੇਅਰਮੈਨ ਸਾਹਿਬ, ਮੈਂ ਆਪ ਦੀ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਨੂੰ ਨਿਯੁਕਤ ਕਰਨ ਵੇਲੇ ਉਹ ਕਿਸੇ ਦਬਾਓ ਹੇਠ ਨਾ ਆਇਆ ਕਰਨ। ਇਹ ਅਹੁਦਾ ਬੜਾ ਉਚਾ ਹੁੰਦਾ ਹੈ। ਇਸ ਨੇ ਯੂਨੀਵਰਸਿਟੀ ਬਣਾਉਣੀ ਹੁੰਦੀ ਹੈ। ਸਟੂਡੈਂਟਸ ਨੂੰ ਉਸ ਨੇ ਬਣਾਉਣਾ ਹੁੰਦਾ ਹੈ। ਉਨ੍ਹਾਂ ਦਾ ਫਿਊਚਰ ਉਸ ਦੇ ਹੱਥਾਂ ਵਿਚ ਹੁੰਦਾ ਹੈ। ਉਸ ਦਾ ਪ੍ਰਭਾਵ ਵਿਦਿਆਰਥੀਆਂ ਤੇ ਬਹੁਤ ਪੈਂਦਾ ਹੈ, ਇਸ ਲਈ ਵਾਈਸ ਚਾਂਸਲਰ ਦੀ ਚੋਣ ਕਰਦੇ ਸਮੇਂ ਪੂਰਾ ਧਿਆਨ ਦਿਤਾ ਜਾਣਾ ਚਾਹੀਦਾ ਹੈ।

ਫਿਰ ਚੇਅਰਮੈਨ ਸਾਹਿਬ, ਇਥੇ ਵੈਦ ਕਰਤਾਰ ਸਿੰਘ ਜੀ ਨੇ ਐਜੂਕੇਸ਼ਨ ਦੇ ਮਹਿਕਮੇ ਦੇ ਇਕ ਅਸਿਸਟੈਂਟ ਦੇ ਖਿਲਾਫ਼ ਕੁਝ ਇਲਜ਼ਾਮ ਲਗਾਏ ਹਨ। ਉਸ ਨੂੰ ਤਾਂ ਹੁਣ ਤਕ ਚਲਦਾ ਕਰ ਦਿਤਾ ਜਾਣਾ ਚਾਹੀਦਾ ਸੀ। ਕਿਤਨੇ ਸ਼ਰਮ ਦੀ ਗੱਲ ਹੈ ਕਿ ਉਹ ਸ਼ਰਾਬ ਪੀਂਦਾ ਹੈ। ਇਹ ਵੀ ਇਲਜ਼ਾਮ ਲਗਾਇਆ ਗਿਆ ਸੀ ਕਿ ਜਦੋਂ ਉਹ ਫਿਰੋਜ਼ਪੁਰ ਵਿਚ ਪ੍ਰਿੰਸੀਪਲ ਸੀ ਤਾਂ ਉਹ ਸ਼ਰਾਬ ਪੀ ਕੇ ਕੁੜੀਆਂ ਉਪਰ ਪਾਊਡਰ ਸੁਟਦਾ ਸੀ। ਇਹੋ ਹੀ ਨਹੀਂ ਸਗੋਂ ਇਕ ਟੀਚਰ ਨੂੰ ਉਹ ਲਵ ਲੈਟਰ ਵੀ ਲਿਖਦਾ ਸੀ। ਮਹਿਕਮੇ ਦੀ ਤਵੀਲ ਵਿਚ ਉਸ ਦੇ ਲਵ ਲੈਟਰ ਮੌਜੂਦ ਹਨ। ਉਸ ਵਰਗੇ ਨੀਂਵੇਂ ਕਰੈਕਟਰ ਦੇ ਆਦਮੀ ਨੂੰ ਹੁਣ ਤਕ ਨਾ ਕਢਣਾ ਇਹ ਮਹਿਕਮੇਂ ਦੀ ਕਮਜ਼ੋਰੀ ਹੈ।

(ਸ੍ਰੀ ਦਲੀਪ ਸਿੰਘ ਪਾਂਧੀ ਵਲੋਂ ਵਿਘਨ।)

ਸ੍ਰੀ ਸਭਾਪਤੀ: ਪਾਂਧੀ ਸਾਹਿਬ, ਇੰਟਰਪਟ ਨਾ ਕਰੋ; ਜੋ ਕਹਿਣਾ ਹੈ ਚੇਅਰ ਨੂੰ ਐਡਰੈਸ ਕਰਕੇ ਕਹੋ। (The hon. Member Sardar Dalip Singh Pandhi should not interrupt the proceedings. If he wants to say some thing he should do so through the Chair.)

ਡਾਕਟਰ ਅਮੀਰ ਸਿੰਘ ਕਲਕਟ: ਫਿਰ ਚੇਅਰਮੈਨ ਸਾਹਿਬ ਇਹ ਵੀ ਬੜੀ ਅਜੀਬ ਗੱਲ ਹੈ ਕਿ ਅਜ ਕਲ ਪੇਪਰ ਲੀਕ ਹੋ ਜਾਂਦੇ ਹਨ। ਇਹ ਵੀ ਉਸੇ ਅਸਿਸਟੈਂਟ ਡਾਇਰੈਕਟਰ ਦੇ ਕੋਲ ਕੰਮ ਹੈ। ਇਕ ਇਕ ਪੇਪਰ 100 ਰੁਪਏ ਦਾ ਮਿਲ ਜਾਂਦਾ ਹੈ। ਜਦੋਂ ਇਸ ਤਰ੍ਹਾਂ ਪੇਪਰ ਲੀਕ ਆਊਟ ਹੋ ਜਾਣ ਤਾਂ ਮੈਂ ਪੁੱਛਦਾ ਹਾਂ ਕਿ ਜਿਹੜੇ ਸਾਡੇ ਬੱਚੇ ਮਿਡ ਨਾਈਟ ਆਇਲ ਬਰਨ ਕਰਦੇ ਹਨ, ਜਿਹੜੇ ਕਿ ਚੰਗੇ ਚੰਗੇ ਦਿਮਾਗ ਰਖਦੇ ਹਨ, ਉਹ ਉਨ੍ਹਾਂ ਦਾ ਮੁਕਾਬਲਾ ਕਿਸ ਤਰ੍ਹਾਂ ਕਰ ਸਕਣਗੇ, ਜਿਨ੍ਹਾਂ ਨੂੰ ਪੇਪਰਾਂ ਦਾ ਪਹਿਲਾਂ ਹੀ ਪਤਾ ਹੁੰਦਾ ਹੈ। ਇਸ ਲਈ ਇਸ ਚੀਜ਼ ਨੂੰ ਵੀ ਜਲਦੀ ਹੀ ਚੈਕ ਕਰਨਾ ਚਾਹੀਦਾ ਹੈ।

ਫਿਰ, ਚੇਅਰਮੈਨ ਸਾਹਿਬ, ਮੈਂ ਇਕ ਸਕੈਂਡਲ ਦਾ ਜ਼ਿਕਰ ਕਰਦਾ ਹਾਂ। ਉਹ ਹੈ ਕਿ ਇਕ ਇੰਸਟੀਚਿਊਟ ਆਫ਼ ਇੰਗਲਿਸ਼, ਪੰਜਾਬ ਵਿਚ ਚਲ ਰਹੀ ਹੈ। ਉਥੇ ਇਕ ਅਮਰੀਕਾ ਦੇ

[ਡਾਕਟਰ ਅਮੀਰ ਸਿੰਘ ਕਲਕਟ[

ਮਿਸਟਰ ਹਾਲਟ ਆਉਂਦੇ ਹਨ ਜੋ ਕਿ ਸਪੈਸ਼ਲ ਸੈਕਟਰੀ ਆਫ਼ ਕਲਚਰਲ ਅਫ਼ੇਅਰਜ਼, ਯੂ. ਐਸ. ਦੀ ਮਨਿਸਟਰੀ ਵਿਚ ਹਨ, ਉਹ ਆਉਂਦੇ ਰਹਿੰਦੇ ਹਨ। ਇਕ ਮਿਸਿਜ਼ ਗਰੀਨ ਦੇ ਘਰ ਪਾਰਟੀਆਂ ਹੁੰਦੀਆਂ ਹਨ ਅਤੇ ਡਾਕਟਰ ਡੀ. ਡੀ. ਜੋਤੀ ਅਤੇ ਮਿਸਟੇਰਟ ਸੇਠੀ ਆਪਣਾ ਸਾਰਾ ਰਿਕਾਰਡ ਚੁੱਕ ਉਥੇ ਲੈ ਜਾਂਦੇ ਹਨ ਅਤੇ ਯੂਨੀਵਰਸਿਟੀ ਦੇ ਬਾਰੇ ਰਾਜ਼ ਪਾਸ ਕਰ ਦਿੰਦੇ ਹਨ। ਮੈਂ ਸਮਝਦਾ ਹਾਂ ਕਿ ਇਸ ਪ੍ਰਕਾਰ ਦੇ ਲੋਕਾਂ ਦੇ ਵਿਰੁਧ ਇਨਕੁਆਇਰੀ ਕਰਕੇ ਸਜ਼ਾ ਦੇਣੀ ਚਾਹੀਦੀ ਹੈ ਜਿਹੜੇ ਕਿ ਸਾਡੀ ਨੇਸ਼ਨ ਦੇ ਕਰੈਕਟਰ ਨੂੰ ਰੁਈਨ ਕਰਦੇ ਹਨ। ਉਨ੍ਹਾਂ ਨੂੰ ਆਨ ਬੁਕਸ ਲਿਆਉਣਾ ਚਾਹੀਦਾ ਹੈ।

ਫਿਰ, ਚੇਅਰਮੈਨ ਸਾਹਿਬ, ਮੈਂ ਇਕ ਅਰਜ਼ ਹੋਰ ਕਰਨੀ ਚਾਹੁੰਦਾ ਹਾਂ ਕਿ ਅਜੇ ਪਰਸੋਂ ਹੀ 2 ਲਖ ਰੁਪਏ ਦੀ ਗ੍ਰਾਂਟ ਰੀਲੀਜ਼ ਹੋਈ ਹੈ। ਮੈਂ ਅਰਜ਼ ਕਰਦਾ ਹਾਂ ਕਿ ਬਜਟ ਪਾਸ ਹੋ ਜਾਂਦਾ ਹੈ ਤਾਂ ਸਤੰਬਰ ਜਾਂ ਹੱਦ ਅਕਤੂਬਰ ਤਕ ਗ੍ਰਾਂਟ ਡਿਸਟਰੀਬਿਊਟ ਕਰ ਦੇਣੀ ਚਾਹੀਦੀ ਹੈ। ਹੁਣ ਜੇ ਗ੍ਰਾਂਟ ਦਿਤੀ ਗਈ ਤਾਂ ਉਸ ਨੂੰ ਮਾਂ ਬਾਪ ਆਪ ਹੀ ਆਪਣੇ ਖਰਚਾਂ ਲਈ ਵਰਤ ਲੈਣਗੇ।

ਫਿਰ, ਮੈਂ ਕੁਝ ਗਲਾਂ ਟੈਕਸਟ ਬੁੱਕਾਂ ਬਾਰੇ ਕਹਿਣੀਆਂ ਚਾਹੁੰਦਾ ਹਾਂ। ਚੇਅਰਮੈਨ ਸਾਹਿਬ, ਸਾਡੀਆਂ ਟੈਕਸਟ ਬੁੱਕਾਂ ਬਹੁਤ ਪੁਰਾਣੀਆਂ ਹਨ। ਇਹ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਜਿਹੜੀਆਂ ਕਿ ਪੰਜਾਬ ਦੇ ਮਾਰਲ ਨੂੰ, ਕਰੈਕਟਰ ਨੂੰ ਦਿਖਾਣ, ਨੇਸ਼ਨ ਦੇ ਕਰੈਕਟਰ ਨੂੰ ਉਚਾ ਕਰਕੇ ਦਿਖਾਣ। ਹੁਣ ਦੀ ਇਕ ਮਿਸਾਲ ਮੈਂ ਤੁਹਾਨੂੰ ਦਿੰਦਾ ਹਾਂ ਕਿ ਅਠਵੀਂ ਜਮਾਤ ਦੀ ਕਿਤਾਬ ਦੇ ਵਿੱਚ ਅਮਰੀਕਾ ਦੇ ਇਕ ਸ਼ਾਇਰ ਦਾ ਹਾਲ ਦਿਤਾ ਹੋਇਆ ਹੈ ਜਿਹੜਾ ਕਿ ਕਦੇ ਹੋਇਆ ਹੀ ਨਹੀਂ (ਹਾਸਾ) ਇਸ ਲਈ ਇਸ ਪਾਸੇ ਵੀ ਮਨਿਸਟਰ ਸਾਹਿਬ ਨੂੰ ਆਪ ਧਿਆਨ ਦੇਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਦਾ ਹਾਲ ਬਹੁਤ ਭੈੜਾ ਹੈ। ਸਾਡੇ ਮਨਿਸਟਰ ਸਾਹਿਬ ਬੜੇ ਉਚੇ ਕਰੈਕਟਰ ਦੇ ਆਦਮੀ ਹਨ, ਮੈਂ ਉਨ੍ਹਾਂ ਨੂੰ ਐਪਰੀਸ਼ੇਟ ਕਰਦਾ ਹਾਂ। ਮੈਂ ਉਨ੍ਹਾਂ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਦੀ ਹਾਲਤ ਬਹੁਤ ਬੁਰੀ ਹੈ। ਫਿਰ ਉਥੇ ਦੀ ਸਰਾਊਂਡਿੰਗ ਦਾ ਬੱਚੇ ਤੇ ਬੜਾ ਪ੍ਰਭਾਵ ਪੈਂਦਾ ਹੈ। ਇਸ ਲਈ, ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਜ਼ ਦੀ ਸਰਾਊਂਡਿੰਗ ਚੰਗੀ ਹੋਣੀ ਚਾਹੀਦੀ ਹੈ। ਟੀਚਰਾਂ ਨੂੰ ਹੁਕਮ ਹੋਣਾ ਚਾਹੀਦਾ ਹੈ ਕਿ ਉਹ ਗਾਰਡਨ ਲਗਾਉਣ। ਕਿਉਂਕਿ ਜਿਹੜੇ ਤਾਂ ਉਪਰਲੇ ਦਰਜੇ ਦੇ ਆਦਮੀ ਹਨ ਉਹ ਤਾਂ ਆਪਣੇ ਬੱਚਿਆਂ ਨੂੰ ਇੰਗਲਿਸ਼ ਸਕੂਲਾਂ ਵਿਚ ਭੇਜ ਕੇ ਪੜ੍ਹਾ ਲੈਂਦੇ ਹਨ ਪਰ ਜੋ ਗਰੀਬ ਹਨ ਉਹ ਕੀ ਕਰਨ? ਇਸ ਲਈ ਮਨਿਸਟਰ ਸਾਹਿਬ ਨੂੰ ਮੈਂ ਇਕ ਸੁਝਾਵ ਦੇਂਦਾ ਹਾਂ ਕਿ ਪੀ. ਡਬਲਿਯੂ. ਡੀ. ਦੇ ਵਾਂਗ ਉਹ ਵੀ ਇਕ ਕੰਸਟ੍ਰਕਸ਼ਨ ਡਿਵੀਜ਼ਨ ਬਣਾ ਦੇਣ। ਉਹ ਸਕੂਲਾਂ ਦੀਆਂ ਬਿਲਡਿੰਗਾਂ ਜਲਦੀ ਤੋਂ ਜਲਦੀ ਬਣਾ ਦੇਵੇ। ਮੈਂ ਮਨਿਸਟਰ ਸਾਹਿਬ ਦੀ ਗਿਆਤ ਲਈ ਦਸਦਾ ਹਾਂ ਕਿ ਮੇਰੇ ਇਲਾਕੇ ਦੇ ਲੋਕਾਂ ਨੇ ਇਕ ਸਕੂਲ ਲਈ 10 ਹਜ਼ਾਰ ਰੁਪਿਆ ਵੀ ਦਿਤਾ ਅਤੇ 24 ਕਨਾਲ ਜ਼ਮੀਨ ਵੀ ਦਿਤੀ ਹੈ ਪਰ ਅਜੇ ਤਕ ਉਥੇ ਕੋਈ ਬਿਲਡਿੰਗ ਨਹੀਂ ਬਣੀ। 1,500 ਲੜਕੀਆਂ ਉਥੇ 5 ਕਮਰਿਆਂ ਦੇ ਵਿਚ ਪੜ੍ਹਦੀਆਂ ਹਨ ਅਤੇ ਜੇ ਕਸ਼ਮੀਰ ਵਿਚ ਵੀ ਕੋਈ ਗੱਲ ਹੋਵੇ ਤਾਂ ਉਸ ਸਕੂਲ ਦੇ ਵਿਚ ਛੁੱਟੀ ਹੋ ਜਾਂਦੀ ਹੈ। ਫਿਰ ਤੁਸੀਂ ਦਸੋ ਕਿ ਪੜ੍ਹਾਈ ਦਾ ਕੀ ਸਟੈਂਡਰਡ ਰਹੇਗਾ।

ਫਿਰ, ਮੈਂ ਹਰੀਜਨਾਂ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਡਾਕਟਰ ਭਗਤ ਸਿੰਘ ਬੜੇ ਚੰਗੇ ਅਤੇ ਨੇਕ ਆਦਮੀ ਹਨ, ਮੈਂ ਇਨ੍ਹਾਂ ਦਾ ਕਲਾਸ ਫੈਲੋ ਰਿਹਾ ਹਾਂ। ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਧਰਮਸ਼ਾਲਾਵਾਂ ਵਾਸਤੇ 25 ਲਖ ਰੁਪਏ ਰਖੇ ਹਨ। ਇਹ ਪਰ ਹੈਡ 9 ਆਨੇ ਬਣਦੇ ਹਨ।

ਜਿਹੜੀਆਂ ਕਲਾਸਾਂ ਹੁਣ ਤੋਂ ਨਹੀਂ ਸਦੀਆਂ ਤੋਂ ਪਿਛੜੀਆਂ ਹੋਈਆਂ ਹਨ ਉਨ੍ਹਾਂ ਦਾ 9 ਆਨੇ ਦੇ ਨਾਲ ਕੀ ਬਣ ਸਕਦਾ ਹੈ ? ਇਸ ਦੇ ਨਾਲ ਉਨ੍ਹਾਂ ਦਾ ਵਿਕਾਸ ਨਹੀਂ ਹੋ ਸਕਦਾ ....

ਜਥੇਦਾਰ ਹਰਦਿਤ ਸਿੰਘ ਪੂਲੀ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਨ੍ਹਾਂ ਨੇ 25 ਲਖ ਰੁਪਿਆ ਤਾਂ ਦਿਤਾ ਹੈ ਪਰ ਕਾਂਗਰਸ ਵਾਲਿਆਂ ਨੇ ਤਾਂ ਪਿਛਲੇ 20 ਸਾਲਾਂ ਵਿਚ ਹਰੀਜਨਾਂ ਨੂੰ 9 ਆਨੇ ਤਾਂ ਕੀ 4 ਆਨੇ ਵੀ ਨਹੀਂ ਦਿਤੇ (ਵਿਘਨ) ਹੁਣ ਤਾਂ ਇਹ ਰਕਮ 50 ਲਖ ਹੋ ਗਈ ਹੈ।

ਸ੍ਰੀ ਸਭਾਪਤੀ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ। ((This is no point of order)

ਡਾਕਟਰ ਅਮੀਰ ਸਿੰਘ ਕਲਕਟ: ਚੇਅਰਮੈਨ ਸਾਹਿਬ, ਮੈਂ ਗੌਰਮਿੰਟ ਦੀ, ਇਨ੍ਹਾਂ ਲੋਕਾਂ ਵਲ ਸਿਨਸੈਰਿਟੀ ਦੀ, ਇਕ ਉਦਾਹਰਣ ਦੇਣਾ ਚਾਹੁੰਦਾ ਹਾਂ। ਸਾਡੇ ਪੰਜਾਬ ਵਿਚ ਬੜੇ ਬੜੇ ਕਾਬਲ ਹਰੀਜਨ ਅਫਸਰ ਹਨ ਪਰ ਕੋਈ ਵੀ ਡੀ. ਸੀ. ਨਹੀਂ ਬਣ ਸਕਿਆ। ਫਿਰ ਕੋਈ ਆਈ. ਏ. ਐਸ. ਅਫਸਰ ਨਹੀਂ ਹੈ। ਜਦੋਂ ਕਿਸੇ ਹਰੀਜਨ ਦੀ ਤਰੱਕੀ ਦੀ ਵਾਰੀ ਆਉਂਦੀ ਹੈ ਤਾਂ ਉਸ ਨੂੰ ਖੁਡੇ ਲਾਈਨ ਲਗਾ ਦਿਤਾ ਜਾਂਦਾ ਹੈ ਜਿਸ ਤਰ੍ਹਾਂ ਅਸੀਂ ਕੋਈ ਕੰਮ ਨਾ ਕਰਨਾ ਹੋਵੇ ਤਾਂ ਕੋਈ ਸਬ ਕਮੇਟੀ ਬਣਾ ਦਿਤੀ ਜਾਂਦੀ ਹੈ। ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਜੇ ਉਹ ਹਿੰਦੁਸਤਾਨ ਦੀ ਫਾਊਂਡੇਸ਼ਨ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ ਤਾਂ ਸਾਨੂੰ ਕਿਸੇ ਤੋਂ ਵੀ ਘਿਰਣਾ ਨਹੀਂ ਕਰਨੀ ਚਾਹੀਦੀ। ਅਸੀਂ ਸਾਰੇ ਹਿੰਦੁਸਤਾਨੀ ਹਾਂ। ਅਸੀਂ ਹਿੰਦੁਸਤਾਨ ਦੇ ਬਜਟ ਦਾ 33 ਫੀ ਸਦੀ ਹਿੱਸਾ ਖਾਂਦੇ ਰਹੇ ਹਾਂ। ਅੱਜ ਅਸੀਂ ਕਹਿੰਦੇ ਹਾਂ ਕਿ ਅਸੀਂ ਗਰੀਨ ਰੈਵੋਲਿਊਸ਼ਨ ਲੈ ਆਏ ਹਾਂ, ਪਰ ਮੈਂ ਅਰਜ਼ ਕਰਦਾ ਹਾਂ ਕਿ ਇਹ ਸਾਡੇ ਦੇਸ਼ ਦੀ ਕੀਤੀ ਹੋਈ ਸਰਵਿਸ ਕਰਕੇ ਹੈ। ਜਿਸ ਦੇਸ਼ ਦਾ ਅਸੀਂ ਨਿਮਕ ਖਾਂਦੇ ਹਾਂ, ਉਸ ਦੀ ਸੇਵਾ ਕਰਨੀ ਸਾਡਾ ਫਰਜ਼ ਬਣਦਾ ਹੈ। ਇਸ ਲਈ, ਮੈਂ ਸਮਝਦਾ ਹਾਂ ਕਿ ਹਿੰਦੀ ਦੀ ਤਰੱਕੀ ਵੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਵੀ ਘਿਰਣਾ ਨਹੀਂ ਕਰਨੀ ਚਾਹੀਦੀ। ਮੈਂ ਇਹ ਸਮਝਦਾ ਹਾਂ ਕਿ ਜਿਹੜੀ ਰਕਮ ਹਿੰਦੀ ਲਈ ਰਖੀ ਗਈ ਹੈ ਉਹ ਘਟ ਹੈ। ਉਸ ਲਈ ਹੋਰ ਰਕਮ ਰਖ ਕੇ ਸਾਨੂੰ ਇਹ ਸਬੂਤ ਦੇਣਾ ਚਾਹੀਦਾ ਹੈ ਕਿ ਪੰਜਾਬ ਕਿਤਨਾ ਵਿਸ਼ਾਲ ਦਿਲ ਹੈ। (ਘੰਟੀ) ਫਿਰ, ਚੇਅਰਮੈਨ ਸਾਹਿਬ, ਮੈਂ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਦੀ ਗੱਲ ਕਰਦਾ ਹਾਂ। ਇਸ ਦਾ ਡਾਇਰੈਕਟਰ ਹਰ 2 ਮਹੀਨਿਆਂ ਬਾਅਦ ਬਦਲ ਦਿਤਾ ਜਾਂਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਕਿਸੇ ਡਾਇਰੈਕਟਰ ਨੂੰ ਇਥੇ ਟਿਕ ਕੇ ਕੰਮ ਕਰਨ ਦੇਣਾ ਚਾਹੀਦਾ ਹੈ। ਹਰੀਜਨਾਂ ਦੀ ਭਲਾਈ ਲਈ ਜੋ ਕੁਝ ਸਿਫਾਰਸ਼ਾਂ ਹੁੰਦੀਆਂ ਹਨ, ਉਹ ਕੋਲਡ ਸਟੋਰੇਜ ਵਿਚ ਰਖ ਦਿਤੀਆਂ ਜਾਂਦੀਆਂ ਹਨ। ਪਿਛੇ ਜਿਹੇ ਇਕ ਹਾਈ ਪਾਵਰ ਕਮੇਟੀ ਬਣਾਈ ਗਈ ਸੀ ਪਰ ਉਹ ਅਜੇ ਤਕ ਸਟਿਲ ਬਾਰਨ ਚਾਈਲਡ ਹੈ। ਮੈਂ, ਚੇਅਰਮੈਨ ਸਾਹਿਬ, ਇਹ ਸਜੈਸਟ ਕਰਾਂਗਾ ਕਿ ਹਰੀਜਨਾਂ ਨੂੰ ਆਪਣੇ ਬਰਾਬਰ ਤੇ ਲਿਆਉਣਾ ਚਾਹੀਦਾ ਹੈ। ਸਾਡੇ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਸੰਗਤ ਔਰ ਪੰਗਤ ਦਿਤੀ। ਸਾਨੂੰ ਗੁਰੂਆਂ ਦੀ ਕਹਾਵਤ ਤੇ ਚਲਣਾ ਚਾਹੀਦਾ ਹੈ। ਸਾਰਿਆਂ ਨੂੰ ਇਕੋ ਜਿਹਾ ਸਮਝਣਾ ਚਾਹੀਦਾ ਹੈ। ਸਾਨੂੰ ਸੋਸ਼ਲਿਸਟਿਕ ਪੈਟਰਨ ਆਫ਼ ਸੋਸਾਇਟੀ ਵਿਚ ਇਤਮਾਦ ਰਖਣਾ ਚਾਹੀਦਾ ਹੈ। (ਘੰਟੀ) ਮੈਂ ਸੁਜੈਸਟ ਕਰਾਂਗਾ ਕਿ ਜਿਸ ਤਰ੍ਹਾਂ ਸੈਂਟਰਲ ਸਰਕਾਰ ਨੇ ਹਰੀਜਨਾਂ ਦੀ ਰੀਜ਼ਰਵੇਸ਼ਨ ਅਕਾਰਡਿੰਗ ਟੂ ਪਾਪੂਲੇਸ਼ਨ ਕੀਤੀ ਹੈ, ਉਸੇ ਤਰ੍ਹਾਂ ਪੰਜਾਬ ਗੌਰਮੈਂਟ ਨੂੰ ਵੀ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਅਗੇ ਪੰਜਾਬ ਗੌਰਮੈਂਟ ਨੇ ਅਸੈਂਬਲੀ ਦਾ ਸਪੈਸ਼ਲ ਇਜਲਾਸ ਬੁਲਾ ਕੇ ਹਰੀਜਨਾਂ ਦੇ ਹਿਤ ਵਿਚ ਪਹਿਲ ਕੀਤੀ ਸੀ, ਉਸੇ ਤਰ੍ਹਾਂ ਹੁਣ ਵੀ ਇਹ ਚੀਜ਼ ਕਰ ਲੈਣੀ ਚਾਹੀਦੀ ਹੈ। ਹੁਣ ਵਕਤ ਥੋੜ੍ਹਾ ਹੈ। ਇਸ ਲਈ, ਮੈਂ ਚੇਅਰਮੈਨ ਸਾਹਿਬ, ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਵਕਤ ਦਿਤਾ। ਇਹ ਕਹਿ ਕੇ ਮੈਂ ਬੈਠਦਾ ਹਾਂ।

ਗਿਆਨੀ ਕੁੰਦਨ ਸਿੰਘ ਪਤੰਗ (ਸ਼ੇਰਪੁਰ ਐਸ. ਸੀ.) : ਵਿਦਿਆ ਇਕ ਐਸਾ ਧੰਨ ਹੈ ਜਿਹੜਾ ਕਿ ਅਮੁਕ ਹੈ। ਜੇ ਕਿਸੇ ਦੇਸ਼ ਨੂੰ ਤਰੱਕੀ ਤੇ ਦੇਖਣਾ ਹੋਵੇ ਤਾਂ ਉਸ ਦੇਸ਼ ਦੀ ਵਿਦਿਆ ਵੱਲ

[ਗਿਆਨੀ ਕੁੰਦਨ ਸਿੰਘ ਪਤੰਗ]

ਖਾਸ ਧਿਆਨ ਦੇਣਾ ਚਾਹੀਦਾ ਹੈ। ਪਰੰਤੂ ਸਾਡੇ ਦੇਸ਼ ਵਿੱਚ ਜਿਹੜੀ ਵਿਦਿਆ ਹੈ ਉਹ ਅੰਗਰੇਜ਼ ਰਾਜ ਵੇਲੇ ਦੇ ਢਾਂਚੇ ਅਨੁਸਾਰ ਚਲੀ ਆ ਰਹੀ ਹੈ। ਇਸ ਵਿਚ ਕਾਫੀ ਤਰੁਟੀਆਂ ਹਨ। ਜੇ ਇਹ ਤਰੁਟੀਆਂ ਦੂਰ ਕੀਤੀਆਂ ਜਾਣ ਤਾਂ ਸਾਡੀ ਵਿਦਿਆ ਕੁਝ ਹੋਰ ਚੰਗੀ ਹੋ ਜਾਵੇਗੀ। ਪਹਿਲਾਂ ਵਿਦਿਆਰਥੀ ਅਤੇ ਉਸਤਾਦ ਵਿਚ ਪਿਆਰ ਹੁੰਦਾ ਸੀ। ਵਿਦਿਆਰਥੀ ਆਪਣੇ ਉਸਤਾਦ ਦਾ ਸਤਿਕਾਰ ਕਰਦੇ ਸਨ। ਇਸ ਦਾ ਕਾਰਨ ਇਹ ਸੀ ਕਿ ਉਸ ਵੇਲੇ ਧਾਰਮਿਕ ਵਿਦਿਆ ਦਿੱਤੀ ਜਾਂਦੀ ਸੀ। ਇਸ ਕਰਕੇ ਵਿਦਆਰਥੀ ਆਪਣੇ ਉਸਤਾਦ ਦਾ ਸਤਿਕਾਰ ਕਰਦਾ ਸੀ ਅਤੇ ਉਸਤਾਦ ਵੀ ਆਪਣੇ ਵਿਦਿਆਰਥੀਆਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਨਾਲ ਪੜ੍ਹਾਉਂਦਾ ਸੀ। ਪ੍ਰੰਤੂ ਹੁਣ ਧਾਰਮਿਕ ਵਿਦਿਆ ਨਾ ਹੋਣ ਕਾਰਨ ਵਿਦਿਆਰਥੀ ਆਪਣੇ ਉਸਤਾਦ ਦੀ ਕਦਰ ਨਹੀਂ ਕਰਦੇ ਅਤੇ ਨਾ ਉਸਤਾਦ ਹੀ ਆਪਣੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਪਿਆਰਦਾ ਹੈ। ਉਹ ਤਾਂ ਵਿਦਿਆਰਥੀਆਂ ਤੋਂ ਪੈਸੇ ਲੈਣ ਦੇ ਭਾਈਵਾਲ ਰਹਿੰਦੇ ਹਨ। ਦੂਜੇ ਪਾਸੇ ਵਿਦਿਆਰਥੀ ਆਪਣੇ ਮਾਪਿਆਂ ਦਾ ਧਨ ਆਪਣੀ ਸ਼ੁਕੀਨੀ ਵਿਚ ਹੀ ਖਰਚ ਕਰ ਦਿੰਦੇ ਹਨ ਅਤੇ ਉਹ ਵਿਦਿਆ ਉਤੇ ਜ਼ੋਰ ਨਹੀਂ ਦਿੰਦੇ ਹਾਲਾਂ ਕਿ ਜਿਹੜੀ ਵਿਦਿਆ ਹੈ, ਇਸ ਬਾਰੇ ਕਿਸੇ ਵਿਦਵਾਨ ਨੇ ਕਿਹਾ ਹੈ:—

"ਦੋਇ ਦੋਇ ਲੋਚਨ ਸਰਵਾਨਾ ਵਿਦਵਾਨਾ ਤ੍ਰਈ ਲੋਚਨੈ"

ਵਿਦਿਆ ਤੀਸਰਾ ਨੇਤਰ ਹੈ। ਅਸੀਂ ਇਸ ਵੱਲ ਵਿਸ਼ੇਸ਼ ਕਰਕੇ ਧਿਆਨ ਨਹੀਂ ਦਿੱਤਾ। ਮੈਨੂੰ ਚੰਗੀ ਤਰ੍ਹਾਂ ਨਾਲ ਯਾਦ ਹੈ ਕਿ 1934 ਵਿੱਚ ਇਕ ਅਖਬਾਰ ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਬਾਰੇ ਇਕ ਕਾਰਟੂਨ ਨਿੱਕਲਿਆ ਸੀ। ਪੰਜਾਬ ਯੂਨੀਵਰਸਿਟੀ ਲਾਹੌਰ ਇੱਕ ਮੁਰਗੀ ਬਣਾਈ ਹੋਈ ਸੀ ਅਤੇ ਉਸ ਦੇ ਮਗਰ ਕਿੰਨੇ ਬੱਚੇ ਲੱਗੇ ਫਿਰਦੇ ਸਨ; ਭਾਵ ਮੁਰਗੀ ਸਿਰਫ ਕਲਰਕ ਬਣਾਉਣ ਵਾਸਤੇ ਹੈ, ਜਿਸ ਨਾਲ ਕਿ ਬੇਰੁਜ਼ਗਾਰੀ ਵਧਦੀ ਹੈ। ਉਹੀ ਹਾਲ ਹੁਣ ਹੈ। ਇਸ ਲਈ ਮੈਂ ਅਰਜ਼ ਕਰਾਂ, ਚੇਅਰਮੈਨ ਸਾਹਿਬ, ਕਿ ਜਿਤਨਾਂ ਚਿਰ ਸਾਡੇ ਵਿਦਿਆਰਥੀਆਂ ਨੂੰ ਨਾਲ ਦੀ ਨਾਲ ਧਾਰਮਿਕ ਵਿਦਿਆ, ਦਸਤਕਾਰੀ ਵਿਦਿਆ ਨਹੀਂ ਦਿੱਤੀ ਜਾਇਗੀ, ਉਨਾਂ ਚਿਰ ਸਾਡਾ ਦੇਸ਼ ਤਰੱਕੀ ਨਹੀਂ ਕਰੇਗਾ। ਧਾਰਮਿਕ ਵਿਦਿਆ ਨਾਲ ਲੋਕਾਂ ਵਿਚ ਪਿਆਰ ਰਹਿੰਦਾ ਹੈ। ਮਾਪੇ ਔਰ ਬੱਚਿਆਂ ਵਿੱਚ ਮੇਲ ਮਿਲਾਪ ਰਹਿੰਦਾ ਹੈ। ਜੇ ਇਹ ਧਾਰਮਿਕ ਵਿਦਿਆ ਨਾ ਹੋਵੇ ਤਾਂ ਉਸਤਾਦ ਤੇ ਵਿਦਿ-ਆਰਥੀਆਂ ਵਿੱਚ ਆਪਸ ਵਿਚ ਮੇਲ ਮਿਲਾਪ ਨਹੀਂ ਰਹਿੰਦਾ ਹੈ। ਸਾਡਾ ਹੁਣ ਦਾ ਢਾਂਚਾ ਵਿਦਿਆ ਦਾ ਤਬਦੀਲ ਕਰ ਦੇਣਾ ਚਾਹੀਦਾ ਹੈ। ਇਥੇ ਧਾਰਮਿਕ ਵਿਦਿਆ ਹੋਣੀ ਚਾਹੀਦੀ ਹੈ। ਇਥੇ ਦਸਤਕਾਰੀ ਵਿਦਿਆ ਹੋਣੀ ਚਾਹੀਦੀ ਹੈ। ਦਸਤਕਾਰੀ ਵਿਦਿਆ ਭੀ ਤਰ੍ਹਾਂ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਹੁਣ ਜਿੰਨੇ ਵਿਦਿਆਰਥੀ ਦਸਵੀਂ ਪਾਸ ਕਰਕੇ ਨਿਕਲਦੇ ਹਨ ਉਹ ਕਲਰਕੀ ਦੀ ਨੌਕਰੀ ਭਾਲਦੇ ਹਨ। ਸਰਕਾਰ ਭੀ ਉਨ੍ਹਾਂ ਨੂੰ ਸਾਰਿਆਂ ਨੂੰ ਨੌਕਰੀ ਦੇਣ ਦਾ ਪਰਬੰਧ ਨਹੀਂ ਕਰ ਸਕਦੀ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਦਸਤਕਾਰੀ ਵਿਦਿਆ ਦਿਤੀ ਜਾਵੇ ਤਾਂ ਕਿ ਜਦੋਂ ਉਹ ਸਕੂਲ ਜਾਂ ਕਾਲਜ ਵਿਚੋਂ ਨਿਕਲਣ ਉਹ ਦੁਕਾਨ ਪਾ ਸਕਣ, ਉਹ ਕਾਰਖਾਨੇ ਵਿਚ ਕੰਮ ਕਰ ਸਕਣ, ਉਹ ਆਪਣਾ ਰੁਜ਼ਗਾਰ ਲਭ ਸਕਣ ਅਤੇ ਇਨ੍ਹਾਂ ਨੂੰ ਬੇਰੁਜ਼ਗਾਰੀ ਦਾ ਮੂੰਹ ਨਾ ਦੇਖਣਾ ਪਵੇ। ਇਸ ਵੇਲੇ ਜਿਹੜੇ ਵਿਦਿਆਰਥੀ ਹਨ ਉਹ ਮਾਪਿਆਂ ਦਾ ਧਨ ਪੈਂਟ ਕੋਟ ਤੇ ਖਰਚ ਕਰ ਦਿੰਦੇ ਹਨ (ਵਿਘਨ) (ਸ਼ੋਰ)

(ਚੌਧਰੀ ਬਲਬੀਰ ਸਿੰਘ ਵਲੋਂ ਆਪਣੀ ਸੀਟ ਤੇ ਬੈਠੇ ਬੈਠੇ ਕੁਝ ਕਿਹਾ ਗਿਆ ਜੋ ਕਿ ਸ਼ੋਰ ਹੋਣ ਕਾਰਨ ਸੁਣਿਆ ਨਹੀਂ ਗਿਆ।)

ਵਿਦਿਆ ਇਨ੍ਹਾਂ ਨੂੰ ਵੀ ਕਿਸੇ ਨੇ ਨਹੀਂ ਦਿੱਤੀ ਹੈ। ਇਸ ਸਬੰਧ ਵਿਚ ਇਕ ਗੱਲ ਮੈਨੂੰ ਯਾਦ ਆ ਗਈ ਹੈ। ਕਿਸੇ ਨੇ ਕਿਹਾ ਹੈ ਕਿ :

"ਦੋ ਜਣਿਆਂ ਦੀ ਬਾਤ ਮੈਂ ਬਾਤ ਜੇ ਭਾਖੇ ਕੋਇ
ਤੀਸ ਬਤੀਸੀ ਦੋਹਿਰਾ ਜਾਣ ਲੀਜੀਏ ਸੋਇ"

ਤੀਹ ਅਤੇ ਬੱਤੀ ਕਿੰਨੇ ਹੁੰਦੇ ਹਨ ? 62-ਜੇ ਦੋ ਕੱਟ ਲਈਏ ਤਾਂ ਪਿੱਛੇ ਰਹਿ ਜਾਂਦਾ ਹੈ 60। ਇਹ ਦੇ ਅਰਥ ਇਹ ਆਪ ਕਰ ਲੈਣ ਹਿੰਦੀ ਵਿਚ ਕੀ ਹੁੰਦੇ ਹਨ ? ਬਿਨਾਂ ਬੁਲਾਏ ਠੀਕ ਨਹੀਂ ਹੁੰਦਾ। ਪਰ ਇਨ੍ਹਾਂ ਨੂੰ ਪਤਾ ਨਹੀਂ ਕੀ ਹੋਇਆ ਹੈ ? ਇਹ ਹਰ ਇੱਕ ਦੀ ਗੱਲ ਵਿੱਚ ਅੜਿਕਾ ਲਗਾਉਂਦੇ ਹਨ। ਇਨ੍ਹਾਂ ਦਾ ਨਾਂ ਚੌਧਰੀ ਸਾਹਿਬ ਨਹੀਂ ਅੜਿਕਾ ਸਾਹਿਬ ਹੋਣਾ ਚਾਹੀਦਾ ਹੈ। ਕਿਤੇ ਤੁਹਾਡਾ ਕੈਂਥਲ ਦਾ ਜਨਮ ਤਾਂ ਨਹੀਂ ਹੈ (ਵਿਘਨ)

ਸ੍ਰੀ ਚੇਅਰਮੈਨ : ਤੁਸੀਂ ਆਪਣੀ ਡਿਸਕਸ਼ਨ ਤੇ ਆਉ। (I would request the hon. Member to be relevant.)

ਗਿਆਨੀ ਕੁੰਦਨ ਸਿੰਘ ਪਤੰਗ : ਹਾਂ, ਮੈਂ ਕਹਿ ਰਿਹਾ ਸੀ ਕਿ ਹੁਣ ਦੀ ਵਿਦਿਆ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ।

ਸਾਡੇ ਇਸ ਵੇਲੇ ਸਾਂਝੀ ਵਿਦਿਆ ਮਤਲਬ ਲੜਕੇ ਅਤੇ ਲੜਕੀਆਂ ਦੀ ਸਾਂਝੀ ਵਿਦਿਆ ਚੱਲ ਰਹੀ ਹੈ। ਇਹ ਭੀ ਠੀਕ ਨਹੀਂ ਹੈ। 1937 ਵਿਚ ਮੈਂ ਆਪਣੇ ਵਿਦਿਆਰਥੀਆਂ ਨੂੰ ਇਮਤਿਹਾਨ ਦਿਵਾਉਣ ਲਈ ਅੰਮ੍ਰਿਤਸਰ ਲੈ ਗਿਆ, ਉਸ ਵੇਲੇ ਇਹ ਗੱਲਾਂ ਚਲਦੀਆਂ ਸਨ ਕਿ ਲੜਕੀਆਂ ਅਤੇ ਲੜਕਿਆਂ ਦੀ ਸਾਂਝੀ ਵਿਦਿਆ ਹੋਣੀ ਚਾਹੀਦੀ ਹੈ। ਪਰ ਉਸ ਵੇਲੇ ਭੀ ਮੇਰੀ ਇਹ ਰਾਏ ਸੀ ਕਿ ਇਹ ਸਾਂਝੀ ਲੜਕੇ ਅਤੇ ਲੜਕੀਆਂ ਦੀ ਵਿਦਿਆ ਨਹੀਂ ਹੋਣੀ ਚਾਹੀਦੀ। ਸਿਆਣਿਆਂ ਨੇ ਕਿਹਾ ਹੈ ਕਿ ਜੇ ਧਨ ਚਲਿਆ ਜਾਵੇ ਤਾਂ ਕੋਈ ਖਾਸ ਗੱਲ ਨਹੀਂ ਹੈ, ਜੇ ਸਿਹਤ ਚਲੀ ਜਾਵੇ ਤਾਂ ਕੁਝ ਵਿਗੜਦਾ ਹੈ, ਪਰ ਜੇ ਆਚਰਨ ਚਲਿਆ ਜਾਵੇ ਤਾਂ ਸਮਝੋ ਕਿ ਆਦਮੀ ਦਾ ਰਹਿੰਦਾ ਹੀ ਕੁਝ ਨਹੀਂ। ਇਹ ਜਿਹੜੀ ਪੁਰਾਣੀ ਵਿਦਿਆ ਸੀ ਉਹ ਅੱਛੀ ਸੀ। ਪਰ ਇਹ ਨਵੀਂ ਸਾਂਝੀ ਵਿਦਿਆ ਨੇ ਤਾਂ ਸਾਡੀ ਸਭਿਅਤਾ ਤੇ ਬਹੁਤ ਬੁਰਾ ਅਸਰ ਪਾਇਆ ਹੈ। ਮੈਂ ਆਪਣੀ ਰਾਏ ਦਿਆਂਗਾ ਕਿ ਇੱਕ ਤਾਂ ਦਸਤਕਾਰੀ ਵਿਦਿਆ ਸਕੂਲਾਂ ਅਤੇ ਕਾਲਜਾਂ ਵਿਚ ਹੋਣੀ ਚਾਹੀਦੀ ਹੈ ਅਤੇ ਦੂਜੇ ਸਾਂਝੀ ਵਿਦਿਆ ਨਹੀਂ ਹੋਣੀ ਚਾਹੀਦੀ ਹੈ। ਪਰਾਇਮਰੀ ਤੱਕ ਤਾਂ ਸਾਂਝੀ ਵਿਦਿਆ ਚਲੋ ਠੀਕ ਹੈ, ਪਰ ਇਸ ਕਲਾਸ ਤੋਂ ਉਪਰ ਇਹ ਸਾਂਝੀ ਵਿਦਿਆ ਨਹੀਂ ਹੋਣੀ ਚਾਹੀਦੀ। ਪੰਜਵੀਂ ਕਲਾਸ ਤੋਂ ਉਪਰ ਸਕੂਲ ਜਾਂ ਕਾਲਜ ਅੱਡੋ ਅੱਡ ਹੋਣੇ ਚਾਹੀਦੇ ਹਨ।

ਜਿਹੜੇ ਪਛੜੀਆਂ ਸ਼ਰੇਣੀਆਂ ਦੇ ਬੱਚਿਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ ਔਰ ਪਤਾ ਹੈ ਇਹ ਕਦੋਂ ਵਜ਼ੀਫੇ ਦਿਤੇ ਜਾਂਦੇ ਹਨ ? ਇਹ ਉਦੋਂ ਦਿੱਤੇ ਜਾਂਦੇ ਹਨ ਜਦੋਂ ਕਿ ਵਿਦਿਆਰਥੀ ਸਾਰਾ ਸਾਲ ਲਗਾ ਕੇ ਦੁਖੀ ਹੋ ਕੇ ਪੈਸੇ ਵੱਲੋਂ ਉਹ ਆਪਣੇ ਘਰ ਚਲਿਆ ਜਾਂਦਾ ਹੈ। ਉਸ ਦੇ ਘਰ ਜਾਣ ਮਗਰੋਂ ਵਜ਼ੀਫੇ ਸਕੂਲ ਜਾਂ ਕਾਲਜ ਵਿੱਚ ਪਹੁੰਚ ਜਾਂਦੇ ਹਨ। ਉਸ ਵਜ਼ੀਫੇ ਦਾ ਵਿਦਿਆਰੀਆਂ ਨੂੰ ਜਾਂ ਉਨ੍ਹਾਂ ਦੇ ਮਾਪਿਆਂ ਨੂੰ ਕੋਈ ਲਾਭ ਨਹੀਂ ਹੁੰਦਾ। ਜਿਹੜੇ ਪਛੜੀਆਂ ਜਾਤੀਆਂ ਦੇ ਗਰੀਬ ਬੱਚੇ ਹਨ, ਉਹ ਬੜੀ ਤੰਗੀ ਨਾਲ ਆਪਣੀਆਂ ਕਿਤਾਬਾਂ ਖਰੀਦਦੇ ਹਨ। ਪਰ ਇਹ ਵਜ਼ੀਫੇ ਦੀ ਸਹਾਇਤਾ ਉਨ੍ਹਾਂ ਨੂੰ ਕਦੋਂ ਹੁੰਦੀ ਹੈ ਜਦੋਂ ਪਾਣੀ ਨਕ ਤਕ ਆ ਜਾਂਦਾ ਹੈ (ਸ਼ੋਰ) (ਵਿਘਨ) ਮੈਂ ਬੇਨਤੀ ਕਰਾਂਗਾ (ਘੰਟੀ) ਪੈਪਸੂ ਵੇਲੇ ਪਹਿਲੀ ਜਮਾਤ ਤੋਂ ਪਛੜੀਆਂ ਜਾਤੀਆਂ ਦੇ ਬੱਚਿਆਂ ਨੂੰ ਵਜ਼ੀਫੇ ਮਿਲਿਆ ਕਰਦੇ ਸਨ ਪਰ ਹੁਣ ਇਹ ਵਜ਼ੀਫੇ ਨੌਂਵੀਂ ਜਮਾਤ ਵਿਚ ਮਿਲਦੇ ਹਨ। ਹੁਣ ਵਿਦਿਆਰਥੀਆਂ ਦੀ ਗਿਣਤੀ

[ਗਿਆਨੀ ਕੁੰਦਨ ਸਿੰਘ ਪਤੰਗ]

ਵਧੀ ਹੋਈ ਹੈ ਅਤੇ ਜਿਥੇ ਗਿਣਤੀ ਵਧੀ ਹੈ ਉਥੇ ਰੁਚੀ ਵੀ ਵਧੀ ਹੈ, ਇਨ੍ਹਾਂ ਗੱਲਾਂ ਨੂੰ ਮੁੱਖ ਰਖ ਕੇ ਵਜ਼ੀਫੇ ਵਿੱਚ ਵਾਧਾ ਕਰ ਦੇਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਇਹ ਜ਼ਰੂਰੀ ਹੈ ਕਿ ਮਹੀਨੇ ਦੇ ਮਹੀਨੇ ਵਜ਼ੀਫੇ ਮਿਲ ਜਾਣ। ਜੇ ਮਹੀਨੇ ਦੇ ਮਹੀਨੇ ਨਹੀਂ ਤਾਂ 3 ਮਹੀਨਿਆਂ ਦੇ ਬਾਅਦ ਤਾਂ ਵਜ਼ੀਫੇ ਜ਼ਰੂਰ ਮਿਲ ਜਾਣੇ ਚਾਹੀਦੇ ਹਨ ਤਾਕਿ ਉਨ੍ਹਾਂ ਦੀ ਔਕੜ ਦੂਰ ਹੋ ਜਾਵੇ। ਸਾਡਾ ਜ਼ਿਲ੍ਹਾ ਸੰਗਰੂਰ ਸਾਰਿਆਂ ਜ਼ਿਲ੍ਹਿਆਂ ਨਾਲੋਂ ਜ਼ਿਆਦਾ ਪਛੜਿਆ ਹੋਇਆ ਹੈ। ਵਿਦਿਆ ਵਿੱਚ ਤਾਂ ਬਹੁਤ ਹੀ ਪਛੜਿਆ ਹੋਇਆ ਹੈ। (ਵਿਘਨ) ਸਾਡੇ ਵਿਦਿਆ ਮੰਤਰੀ ਤਾਂ ਇਹੋ ਜਿਹੇ ਹਨ ਕਿ ਜੇ ਉਨ੍ਹਾਂ ਨੂੰ ਕਹਿ ਦੇਈਏ ਤਾਂ ਉਹ ਕਹਿੰਦੇ ਹਨ ਕਿ ਅਸੀਂ ਇਕੱਲੇ ਦਾ ਨਹੀਂ ਸੋਚਦੇ ਅਸੀਂ ਤਾਂ ਸਾਰੇ ਪੰਜਾਬ ਵਾਸਤੇ ਸੋਚਦੇ ਹਾਂ। (ਸਰਕਾਰੀ ਬੈਂਚਿਜ਼ ਵੱਲੋਂ ਪਰਸ਼ੰਸਾ) ਮੈਂ ਕਹਿੰਦਾ ਹਾਂ ਕਿ ਇਨ੍ਹਾਂ ਕਾਂਗਰਸੀ ਵੀਰਾਂ ਨੇ ਪਿਛਲੇ 20 ਸਾਲਾਂ ਵਿੱਚ ਸਾਡੇ ਵੱਲ ਜਿਹੜਾ ਵਿਦਿਆ ਦਾ ਪੁੱਠਾ ਕੜਛਾ ਸੁੱਟਿਆ ਸੀ, ਉਹ ਅੱਜ ਦੀ ਮਨਿਸਟਰੀ ਨੇ ਸਿੱਧਾ ਕੜਛਾ ਮਾਰਿਆ ਹੈ। (ਹਾਸਾ) ਇਸ ਲਈ ਮੈਂ ਕਹਿੰਦਾ ਹਾਂ ਜੇ ਅਸੀਂ ਉਨਤੀ ਕਰਨੀ ਹੈ ਤਾਂ ਸਕੂਲ ਅਤੇ ਕਾਲਿਜ ਜ਼ਿਆਦਾ ਤੋਂ ਜ਼ਿਆਦਾ ਖੋਲ੍ਹੇ ਜਾਣ। ਜ਼ਿਲ੍ਹਾ ਸੰਗਰੂਰ ਅਤੇ ਬਠਿੰਡਾ ਇਹ ਦੋਵੇਂ ਬੜੇ ਪਛੜੇ ਹੋਏ ਜ਼ਿਲ੍ਹੇ ਹਨ। (ਘੰਟੀ) ਇਸ ਲਈ ਮੈਂ ਕਹਿੰਦਾ ਹਾਂ ਕਿ ਹੋਰਨਾਂ ਜ਼ਿਲ੍ਹਿਆਂ ਵਿੱਚ ਜਿਥੇ ਅੱਗੇ ਹੀ ਬਹੁਤ ਸਾਰੇ ਕਾਲਜ ਅਤੇ ਸਕੂਲ ਹਨ, ਉਨ੍ਹਾਂ ਦੀ ਥਾਂ ਇਨ੍ਹਾਂ ਜ਼ਿਲ੍ਹਿਆਂ ਵਿਚ ਹੋਰ ਕਾਲਜ ਅਤੇ ਸਕੂਲ ਖੋਲ੍ਹਣੇ ਚਾਹੀਦੇ ਹਨ। ਮੇਰੇ ਹਲਕੇ ਵਿੱਚ ਮਿਡਲ ਸਕੂਲਾਂ ਦੀ ਅਤੇ ਹਾਈ ਸਕੂਲਾਂ ਦੀ ਕਾਫੀ ਮੰਗ ਹੈ। (ਘੰਟੀ) ਪਰ ਜਦੋਂ ਕਹਿੰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਤੁਹਾਨੂੰ ਭੀ ਦੇਖ ਲਵਾਂਗੇ। ਪਤਾ ਨਹੀਂ ਇਹ ਮੇਰੇ ਕੱਦ ਦਾ ਹਿਸਾਬ ਲਗਾ ਕੇ ਉਸ ਦੇ ਹਿਸਾਬ ਨਾਲ ਦੇਣਗੇ। (ਹਾਸਾ) ਇਸ ਲਈ ਮੈਂ ਕਹਿੰਦਾ ਹਾਂ (ਘੰਟੀ) ਮੇਰੇ ਹਲਕੇ ਵੱਲ ਜ਼ਰੂਰ ਧਿਆਨ ਦਿੱਤਾ ਜਾਵੇ। ਇਤਨਾ ਕੁਝ ਕਹਿੰਦਾ ਹੋਇਆ ਮੈਂ ਬੈਠਦਾ ਹਾਂ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ): ਮੈਂ ਤੁਹਾਡਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਬੜੇ ਜ਼ਰੂਰੀ ਮਸਲੇ ਤੇ ਬੋਲਣ ਲਈ ਟਾਈਮ ਦਿੱਤਾ ਹੈ। ਮੈਂ ਪਹਿਲਾਂ ਕੁਝ ਤਜਵੀਜ਼ਾਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਤੁਹਾਡੀ ਮਾਰਫਤ ਦੇਣਾ ਚਾਹੁੰਦਾ ਹਾਂ।

ਸ਼ਹਿਰਾਂ ਵਿਚ ਸਕੂਲਾਂ ਦੀ ਪਰੋਵਿੰਸ਼ੇਲਾਈਜ਼ੇਸ਼ਨ ਤੋਂ ਬਾਅਦ ਸਕੂਲਾਂ ਦੀ ਤਾਮੀਰ ਦਾ ਕੰਮ ਬੰਦ ਹੋ ਗਿਆ ਹੈ। ਇਸ ਦੇ ਵਾਸਤੇ ਭਾਵੇਂ ਸਾਨੂੰ ਕੋਈ ਨਵੇਂ ਕਾਨੂੰਨ ਬਣਾ ਕੇ ਮਿਊਂਸੀਪਲ ਕਮੇਟੀਆਂ ਜਾਂ ਬੋਰਡ ਨੂੰ ਵਿੱਚ ਹਿੱਸੇਦਾਰ ਬਣਾਇਆ ਜਾਵੇ ਅਤੇ ਸਕੂਲਾਂ ਦੀਆਂ ਬਿਲਡਿੰਗਾਂ ਤਿਆਰ ਕੀਤੀਆਂ ਜਾਣ। ਉਨ੍ਹਾਂ ਬਿਲਡਿੰਗਾਂ ਵਾਸਤੇ ਜਾਂ ਤਾਂ ਉਨ੍ਹਾਂ ਨੂੰ ਗਰਾਂਟਾਂ ਦਿਤੀਆਂ ਜਾਣ ਜਾਂ ਆਪ ਲੈ ਕੇ ਬਣਾਈਆਂ ਜਾਣ। ਇਸ ਲਈ, ਮੇਰਾ ਮਤਲਬ ਹੈ ਜਾਂ ਉਨ੍ਹਾਂ ਨੂੰ ਸਹਿਯੋਗ ਦੇ ਕੇ ਇਹ ਕੰਮ ਕੀਤਾ ਜਾਵੇ ਜਾਂ ਉਨ੍ਹਾਂ ਕੋਲੋਂ ਸਹਿਯੋਗ ਲੈ ਕੇ ਜ਼ਿੰਮੇਵਾਰੀ ਸੰਭਾਲੋ। ਜਿਹੜੇ ਸਕੂਲ ਅਪਗਰੇਡ ਕੀਤੇ ਜਾਣ ਉਨ੍ਹਾਂ ਦੀਆਂ ਲੋੜਾਂ ਨੂੰ ਇਸੇ ਸਾਲ ਪੂਰਾ ਕੀਤਾ ਜਾਣਾ ਚਾਹੀਦਾ ਹੈ ਤਾ ਕਿ ਉਹ ਸਹੀ ਮਾਅਨਿਆਂ ਵਿਚ ਅਪਗਰੇਡ ਹੋ ਸਕਣ।

ਸਕੂਲ ਬਿਲਡਿੰਗਾਂ ਦੀ ਤਾਮੀਰ ਲਈ ਇਨ੍ਹਾਂ ਨੂੰ ਆਪਣਾ ਮਹਿਕਮਾ ਬਣਾਉਣਾ ਚਾਹੀਦਾ ਹੈ ਤਾਕਿ ਬਿਲਡਿੰਗਾਂ ਜਲਦੀ ਤਿਆਰ ਹੋ ਸਕਣ। ਫਰਨੀਚਰ ਅਤੇ ਹੋਰ ਜ਼ਰੂਰੀਆਤ ਸਾਮਾਨ, ਜਦੋਂ ਬੱਜਟ (ਗਰਾਂਟ) ਪਾਸ ਹੋ ਜਾਵੇ ਤਾਂ ਜਲਦੀ ਗਰਾਂਟਸ ਭੇਜ ਦਿਤੀਆਂ ਜਾਣ ਤਾਕਿ ਉਹ ਇਸ ਨੂੰ ਟਾਈਮ ਨਾਲ ਵਰਤ ਸਕਣ। ਮਾਰਚ ਦੇ ਮਹੀਨੇ ਵਿਚ ਬੱਜਟ ਪਾਸ ਹੋ ਜਾਵੇਗਾ। ਇਸ ਲਈ ਅਪਰੈਲ,

ਮਈ ਅਤੇ ਜੂਨ ਤੱਕ; ਜੁਲਾਈ ਤੋਂ ਪਹਿਲਾਂ ਉਨ੍ਹਾਂ ਪਾਸ ਗਰਾਂਟਸ ਪਹੁੰਚ ਜਾਣੀਆਂ ਚਾਹੀਦੀਆਂ ਹਨ। ਪਿਛੇ ਇਹ ਦੇਖਿਆ ਗਿਆ ਹੈ ਕਿ ਜਦ ਮਾਲੀ ਸਾਲ ਖਤਮ ਹੋਣ ਤੇ ਆਇਆ ਤਾਂ ਉਸ ਵੇਲੇ ਗਰਾਂਟ ਭੇਜੀ ਗਈ ਜਦ ਕਿ ਆਮ ਤੌਰ ਤੇ ਮਾਰਚ ਦੇ ਮਹੀਨੇ ਵਿੱਚ ਦਿੱਤੀ ਜਾਂਦੀ ਹੈ। ਇਸ ਵਿੱਚ ਕੁਝ ਗਰਾਂਟਸ ਜਾਹਲੀ ਸਨ। ਇਸ ਤਰ੍ਹਾਂ ਇਹ ਬਹੁਤ ਸਾਰੀਆਂ ਲੈਪਸ ਹੋ ਜਾਂਦੀਆਂ ਹਨ ਅਤੇ ਕੁਰੱਪਸ਼ਨ ਵੱਧ ਜਾਂਦੀ ਹੈ। ਜਿਹੜੀ ਦੇਰ ਬਾਅਦ ਗਰਾਂਟ ਭੇਜੀ ਜਾਂਦੀ ਹੈ ਤਾਂ ਉਸ ਵੇਲੇ ਬੜੀ ਕਾਹਲੀ ਹੁੰਦੀ ਹੈ ਅਤੇ ਫਿਰ ਜਲਦੀ ਵਿੱਚ ਉਸ ਤੇ ਕੰਟਰੋਲ ਨਹੀਂ ਹੁੰਦਾ। ਫਿਰ ਇਹ ਚੀਜ਼ ਹੁੰਦੀ ਹੈ ਜਿਸ ਤਰ੍ਹਾਂ ਕਿ ਐਸਟੀਮੇਟ ਕਮੇਟੀ ਨੇ ਦੱਸਿਆ ਹੈ ਕਿ ਇਕ ਰੁਪਏ ਦੀ ਚੀਜ਼ ਨੂੰ 10 ਰੁਪਏ ਵਾਲੀ ਦਿਖਾਇਆ ਗਿਆ। ਇਸ ਲਈ ਗਰਾਂਟਸ ਟਾਈਮ ਨਾਲ ਜਾਣੀਆਂ ਚਾਹੀਦੀਆਂ ਹਨ।

ਇਸ ਤੋਂ ਅਗੇ ਮੈਂ ਟਰਾਂਸਫਰਾਂ ਵਾਲੇ ਪਾਸੇ ਆਉਂਦਾ ਹਾਂ। ਟਰਾਂਸਫਰ ਵਾਸਤੇ ਪੱਕਾ ਰੂਲ ਹੋਣਾ ਚਾਹੀਦਾ ਹੈ। ਸਾਡੇ ਮਨਿਸਟਰ ਸਾਹਿਬ ਦਾ ਅੱਧਾ ਵਕਤ ਤਾਂ ਟਰਾਂਸਫਰਜ਼ ਤੇ ਹੀ ਲੱਗ ਜਾਂਦਾ ਹੈ। ਫਿਰ, ਕਈ ਕੰਪਲੀਕੇਸ਼ਨਜ਼ ਪੈਦਾ ਹੋ ਜਾਂਦੀਆਂ ਹਨ। ਇਸ ਲਈ ਟਰਾਂਸਫਰ ਦੇ ਬਾਰੇ ਵਿੱਚ ਪੱਕਾ ਇੰਤਜ਼ਾਮ, ਪੱਕੇ ਰੂਲ ਹੋਣੇ ਚਾਹੀਦੇ ਹਨ।

ਡੀ. ਈ. ਓ., ਦੇ ਆਫਿਸ ਵਿੱਚ ਜਿਹੜਾ ਕਲੈਰੀਕਲ ਸਟਾਫ ਹੈ, ਖਾਸ ਕਰਕੇ ਜਿਹੜਾ ਐਡਮਨਿਸ-ਟਰੇਸ਼ਨ ਸਾਈਡ ਦਾ ਸਟਾਫ਼ ਹੈ, ਉਥੇ ਕਲਿਕ ਬਣ ਜਾਂਦੇ ਹਨ ਅਤੇ ਇਸ ਤਰ੍ਹਾਂ ਕੁਰੱਪਸ਼ਨ ਦੇ ਅੱਡੇ ਬਣ ਜਾਂਦੇ ਹਨ। ਇਸ ਚੀਜ਼ ਨੂੰ ਦੂਰ ਕਰਨ ਵਾਸਤੇ ਮੈਂ ਕਹਿੰਦਾ ਹਾਂ ਕਿ ਡੀ. ਈ. ਓ. ਦੇ ਆਫਿਸ ਦੇ ਕਲਰਕਾਂ ਨੂੰ ਹਰ ਸਾਲ ਇਸੇ ਦਫਤਰ ਦੀਆਂ ਦੂਜੀਆਂ ਪੋਸਟਾਂ ਤੇ ਅਤੇ ਜਿਹੜੇ ਜ਼ਿਲ੍ਹਾ ਕੇਡਰ ਤੋਂ ਉਪਰ ਹੋਣ ਉਨ੍ਹਾਂ ਨੂੰ ਦੋ ਸਾਲ ਬਾਅਦ ਜ਼ਰੂਰੀ ਬਦਲ ਦੇਣਾ ਚਾਹੀਦਾ ਹੈ ਤਾਕਿ ਕਿਸੇ ਕਿਸਮ ਦੀ ਕੁਰੱਪਸ਼ਨ ਨਾ ਹੋਵੇ।

ਇਥੇ ਜ਼ਿਕਰ ਆਇਆ ਸੀ, ਜਿਸ ਤਰ੍ਹਾਂ ਡਾਕਟਰ ਅਮੀਰ ਸਿੰਘ ਨੇ ਵੀ ਕਿਹਾ ਸੀ, ਕਿ ਇਥੇ ਇੰਗਲਿਸ਼ ਦੇ ਇਨਸਟੀਚਿਊਸ਼ਨਜ਼ ਦੇ ਕੁਝ ਐਸੇ ਅੱਡੇ ਬਣ ਗਏ ਹਨ ਜਿਨ੍ਹਾਂ ਦੀ ਆਊਟ ਪੁੱਟ ਕੁਝ ਨਹੀਂ। ਇਨ੍ਹਾਂ ਵਿੱਚ ਗੈਰ ਮੁਲਕੀਆਂ ਦੇ ਵੀ ਅੱਡੇ ਹਨ। ਇਸ ਤਰ੍ਹਾਂ ਦੇ ਜਿਹੜੇ ਇਨਸਟੀ-ਚਿਊਸ਼ਨਜ਼ ਹਨ, ਉਨ੍ਹਾਂ ਦੀ ਜਿਹੜੀ ਕਾਰਕਰਦਗੀ ਹੈ, ਉਸ ਦਾ ਜਾਇਜ਼ਾ ਲੈਣਾ ਚਾਹੀਦਾ ਹੈ, ਇਨ੍ਹਾਂ ਦੀ ਚੈਕਿੰਗ ਹੋਣੀ ਚਾਹੀਦੀ ਹੈ।

ਐਜੂਕੇਸ਼ਨ ਡੀਪਾਰਟਮੈਂਟ ਬਹੁਤ ਵੱਧ ਗਿਆ ਹੈ। ਇਸ ਵਾਸਤੇ ਕੋਈ ਐਡਵਾਇਜ਼ਰੀ ਬਾਡੀ ਹੋਣੀ ਚਾਹੀਦੀ ਹੈ, ਜਿਸ ਵਿੱਚ ਲੈਜਿਸਲੇਟਰਜ਼ ਅਤੇ ਐਜੂਕੇਸ਼ਨਿਸਟਸ ਹੋਣ। ਕਮੇਟੀ ਦਾ ਟਾਈਮ ਮੁਕੱਰਰ ਹੋਵੇ ਫਿਰ ਉਸ ਦੇ ਬਾਅਦ ਨਵੀਂ ਕਮੇਟੀ ਬਣ ਜਾਵੇ ਤਾਕਿ ਇਸ ਤੋਂ ਐਜੂਕੇਸ਼ਨ ਮਹਿਕਮੇ ਨੂੰ ਕੁਝ ਮੱਦਦ ਮਿਲ ਸਕੇ।

ਵਰਨੈਕੂਲਰ ਅਤੇ ਕਲਾਸੀਕਲ ਟੀਚਰਜ਼ ਕਿਸੇ ਵੇਲੇ ਬੀ. ਐਡ. ਟੀਚਰਾਂ ਦੇ ਬਰਾਬਰ ਹੁੰਦੇ ਸਨ (ਗਰੇਡ ਬਰਾਬਰ ਸਨ) ਲੇਕਿਨ ਹੁਣ ਇਨ੍ਹਾਂ ਦੇ ਬੀ. ਐਡ. ਨਾਲੋਂ ਘੱਟ ਹਨ। ਇਸ ਲਈ ਇਨ੍ਹਾਂ ਦੇ ਗਰੇਡ ਦੀ ਟੇਲ ਬੀ. ਐਡ. ਦੇ ਗਰੇਡ ਦੇ ਬਰਾਬਰ ਹੋਣੀ ਚਾਹੀਦੀ ਹੈ ਸਟਾਰਟਿੰਗ ਭਾਵੇਂ ਘੱਟ ਹੋਵੇ। ਫਿਰ ਇਨ੍ਹਾਂ-ਨੂੰ ਕੁਝ ਫਾਇਦਾ ਹੋ ਸਕਦਾ ਹੈ।

ਪਹਿਲੇ ਹਿੰਦੀ ਪੰਜਾਬੀ ਦੀਆਂ ਓ. ਟੀ, ਕਲਾਸਿਜ਼ ਹੁੰਦੀਆਂ ਸਨ, ਹੁਣ ਉਹ ਬੰਦ ਹੋ ਗਈਆਂ ਹਨ। ਇਨ੍ਹਾਂ ਨੂੰ ਜਾਰੀ ਕਰਨਾ ਚਾਹੀਦਾ ਹੈ।

ਹਿੰਦੀ ਦੇ ਮੁਤੱਲਕ ਜਿਹੜੀ ਰਕਮ ਰੱਖੀ ਗਈ ਹੈ, ਉਹ ਥੋੜ੍ਹੀ ਹੈ ਇਹ ਜ਼ਿਆਦਾ ਹੋਣੀ ਚਾਹੀਦੀ ਹੈ। ਹਿੰਦੁਸਤਾਨ ਵਿਚ ਜੇ ਅਸੀਂ ਤਰੱਕੀ ਕਰਨੀ ਹੈ ਤਾਂ ਇਸ ਦੇ ਵਾਸਤੇ ਰਕਮ ਵਧਾਉਣੀ ਚਾਹੀਦੀ

[ਸਰਦਾਰ ਕਿਰਪਾਲ ਸਿੰਘ]

ਹੈ। ਪਿਛਲਾ ਜੋ ਪ੍ਰੀਸੀਡੈਂਟ ਹੈ ਉਸ ਨੂੰ ਕਾਇਮ ਰੱਖਣਾ ਚਾਹੀਦਾ ਹੈ। ਹੁਣ ਕਈ ਲੋਕ ਕਹਿ ਰਹੇ ਹਨ ਕਿ ਹਿੰਦੀ ਨੂੰ ਖਤਮ ਕੀਤਾ ਜਾ ਰਿਹਾ ਹੈ। ਇਹ ਠੀਕ ਨਹੀਂ ਹੈ। ਸਗੋਂ ਕਈ ਲੋਕ ਜਿਹੜੇ ਇਸ ਚੀਜ਼ ਨੂੰ ਹਵਾ ਦੇ ਰਹੇ ਹਨ ਕਿ ਪੰਜਾਬੀ ਨਹੀਂ ਹੋਣੀ ਚਾਹੀਦੀ, ਹਿੰਦੀ ਹੋਣੀ ਚਾਹੀਦੀ ਹੈ ਅਤੇ ਹਿੰਦੀ ਨਹੀਂ ਹੋਣੀ ਚਾਹੀਦੀ ਪੰਜਾਬੀ ਹੋਣੀ ਚਾਹੀਦੀ ਹੈ, ਇਹ ਚੀਜ਼ ਨਹੀਂ ਹੋਣੀ ਚਾਹੀਦੀ। ਸਾਨੂੰ ਇਸ ਦੀ development ਲਈ ਕਦਮ ਉਠਾਉਣੇ ਚਾਹੀਦੇ ਹਨ।

ਜਿਥੋਂ ਤੱਕ ਇਸ ਮਹਿਕਮੇ ਵਿਚ ਲੇਡੀਜ਼ ਦਾ ਤੁਅੱਲੁਕ ਹੈ ਇਸ ਦੇ ਬਾਰੇ ਮੈਂ ਕਹਾਂਗਾ ਕਿ ਲੇਡੀ ਸਟਾਫ ਅਤੇ ਮੇਲ ਸਟਾਫ ਵਿੱਚ ਇਸ ਕਿਸਮ ਦਾ ਸਬੰਧ ਹੋਵੇ, ਕਿ ਇਸ ਵਿਚ ਮੇਲ ਸਟਾਫ ਜੋ ਹੈ ਕਿਸੇ ਕਿਸਮ ਦੀ ਕੁਰੱਪਸ਼ਨ ਨਾ ਕਰ ਸਕੇ।

ਗੁਰੂ ਨਾਨਕ ਯੂਨੀਵਰਸਿਟੀ ਦੇ ਮੁਤੱਲਕ ਇਥੇ ਹਾਊਸ ਵਿੱਚ ਰੌਲਾ ਪਿਆ ਸੀ। ਇਥੇ ਇਹ ਵੀ ਤਜਵੀਜ਼ ਆਈ ਕਿ ਜਲੰਧਰ ਵਿੱਚ ਸਵਾਮੀ ਦਇਆ ਨੰਦ ਯੂਨੀਵਰਸਿਟੀ ਕਾਇਮ ਕੀਤੀ ਜਾਵੇ। ਇਸ ਤਰ੍ਹਾਂ ਕਰਕੇ ਪੰਜਾਬ ਯੂਨੀਵਰਸਿਟੀ ਦੇ ਜਿਊਰਿਸਡਿਕਸ਼ਨ ਤੇ ਅਸਰ ਪਵੇਗਾ। ਜਿਹੜੀਆਂ ਨਵੀਆਂ ਯੂਨੀਵਰਸਿਟੀਆਂ ਬਣਾਉਣ ਦੀ ਗੱਲ ਹੈ, ਜਿਸ ਤਰ੍ਹਾਂ ਜਲੰਧਰ ਵਿਚ ਸਵਾਮੀ ਦਇਆ ਨੰਦ ਯੂਨੀਵਰਸਿਟੀ ਦੀ ਮੰਗ ਕੀਤੀ ਜਾ ਰਹੀ ਹੈ, ਉਨ੍ਹਾਂ ਦੇ ਪਿੱਛੇ ਜੋ ਇਹ ਖਿਆਲ ਹੈ ਕਿ ਪੰਜਾਬ ਯੂਨੀਵਰਸਿਟੀ ਨੂੰ ਤਕਸੀਮ ਕਰਨਾ ਹੈ ਤਾਂ ਫਿਰ ਹੋਰ ਗੱਲ ਹੈ, ਪਰ ਜੇਕਰ ਇਸ ਦੇ ਪਿੱਛੇ ਕੋਈ ਹੋਰ ਭਾਵਨਾ ਹੈ ਤਾਂ ਫਿਰ ਮਾੜੀ ਗੱਲ ਹੈ। ਹੋਰ ਯੂਨੀਵਰਸਿਟੀਆਂ ਬਣਾਉਣ ਤੋਂ ਇਨਕਾਰ ਨਹੀਂ। ਲੇਕਿਨ ਜਿਸ ਤਰ੍ਹਾਂ ਜਲੰਧਰ ਵਾਸਤੇ ਮੰਗ ਕੀਤੀ ਜਾ ਰਹੀ ਹੈ ਫਿਰ ਹੋਰ ਕਿਸੇ ਜ਼ਿਲ੍ਹੇ ਵਾਸਤੇ ਵੀ ਹੋ ਸਕਦੀ ਹੈ। ਇਸ ਤਰ੍ਹਾਂ ਪੰਜਾਬ ਯੂਨੀਵਰਸਿਟੀ ਤੇ ਅਸਰ ਪਵੇਗਾ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਸਕੂਲ ਬੋਰਡ ਦੇ ਸ਼ੇਅਰ ਨੂੰ ਵੀ ਵੰਡਣਾ ਪਵੇਗਾ। ਇਸ ਦੇ ਨਾਲ ਹੀ ਪੰਜਾਬ ਯੂਨੀਵਰਸਿਟੀ ਦਾ ਮੌਜੂਦਾ ਸਟਾਫ ਹੈ, ਇਨ੍ਹਾਂ ਯੂਨੀਵਰਸਿਟੀਆਂ ਵਿੱਚ ਵੰਡਣਾ ਪਵੇਗਾ ਔਰ ਇਹ ਕਰਨਾ ਵੀ ਚਾਹੀਦਾ ਹੈ ਤਾ ਕਿ ਉਨ੍ਹਾਂ ਦੀ ਸਰਵਿਸ ਸਿਕਿਉਅਰ ਰਹੇ। ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਯੂਨੀਵਰਸਿਟੀ ਦੇ ਮੁਲਾਜ਼ਮਾਂ ਦੀ ਵੀ ਸੁਰੱਖਿਆ ਹੋਣੀ ਚਾਹੀਦੀ ਹੈ। ਉਨ੍ਹਾਂ ਦੀ ਛਾਂਟੀ ਨਾ ਕੀਤੀ ਜਾਵੇ। ਇਨ੍ਹਾਂ ਯੂਨੀਵਰਸਿਟੀਆਂ ਵਿੱਚ ਜੋ ਸਟਾਫ ਰੱਖਿਆ ਜਾਵੇ, ਉਹ ਪੰਜਾਬ ਯੂਨੀਵਰਸਿਟੀ ਦੇ ਸਟਾਫ ਵਿਚੋਂ ਰਖਿਆ ਜਾਵੇ ਔਰ ਉਨ੍ਹਾਂ ਦੀ ਪਿਛਲੀ ਸਰਵਿਸ ਗਿਣੀ ਜਾਵੇ ਅਤੇ ਸਭ ਸਹੂਲਤਾਂ ਦਿਤੀਆਂ ਜਾਣ।

ਇਸ ਤੋਂ ਅੱਗੇ, ਮੈਂ ਡਾਕਟਰ ਸਾਹਿਬ ਦੇ ਸਮਾਜ ਭਲਾਈ ਮਹਿਕਮੇ ਦਾ ਜ਼ਿਕਰ ਕਰਦਾ ਹਾਂ। ਸਮਾਜ ਭਲਾਈ ਵਿੱਚ ਜੋ ਕੁਰੀਤੀਆਂ ਹਨ, ਨੂੰ ਦੂਰ ਕਰਨਾ ਚਾਹੀਦਾ ਹੈ।

ਸਾਡੇ ਦੇਸ਼ ਵਿਚ ਸ਼ਰਾਬ ਅਤੇ ਲਾਟਰੀ ਦੇ ਦੋ ਬੜੇ ਭੈੜੇ ਸਿਸਟਮ ਸਰਕਾਰ ਨੇ ਚਲਾਏ ਹਨ। ਇਸ ਨੇ ਲੋਕਾਂ ਦਾ ਸਤਿਆਨਾਸ ਕਰ ਦਿੱਤਾ ਹੈ। ਇਹ ਦੁਨੀਆਂ ਵਿਚ ਤਮਾਸ਼ਾ ਬਣ ਗਿਆ ਹੈ।

"ਹੈ ਗਰਮੀਏ ਆਦਮ ਸੇ ਹੰਗਾਮਾ ਏ ਆਲਮ ਗਰਮ
ਸੂਰਜ ਭੀ ਤਮਾਸ਼ਾਈ, ਤਾਰੇ ਭੀ ਤਮਾਸ਼ਾਈ"

ਅਗਰ ਆਦਮੀ ਕਿਸਮਤ ਦੇ ਚੱਕਰ ਵਿੱਚ ਪੈ ਜਾਵੇ ਤਾਂ ਕੁਝ ਨਹੀਂ ਹੁੰਦਾ। ਇਹ ਤਾਂ ਸਭ ਕੁਝ ਉਸ ਨੂੰ ਆਪ ਹੀ ਕਰਨਾ ਪਵੇਗਾ। ਬਾਕੀ ਸੂਰਜ, ਚੰਦ, ਤਾਰੇ ਅਤੇ ਇਹ ਸਭ ਜੋ ਚੀਜ਼ਾਂ ਹਨ ਇਹ ਤਾਂ ਤਮਾਸ਼ਾ ਦੇਖਣ ਵਾਲੇ ਹੀ ਹਨ। ਬਹੁਤੇ ਆਦਮੀ ਲਾਟਰੀ ਪਾ ਕੇ ਹੀ ਕਿਸਮਤ

ਅਜ਼ਮਾਂਦੇ ਹਨ ਅਤੇ ਕੁਝ ਨਹੀਂ ਕਰਦੇ । ਕਿਸਮਤ ਵੀ ਤਾਂ ਕੁਝ ਕਰਾਂਗੇ ਤਾਂ ਹੀ ਬਣੇਗੀ। ਇਸੇ ਤਰ੍ਹਾਂ ਸ਼ਰਾਬ ਹੈ ਜਿਸ ਤਰ੍ਹਾਂ ਸ਼ਰਾਬ ਦੀਆਂ ਬੋਤਲਾਂ ਵੇਚ ਕੇ ਪਰਚਾਰ ਕੀਤਾ ਜਾਂਦਾ ਹੈ । ਇਸ ਤਰ੍ਹਾਂ ਸਾਡੇ ਇਖਲਾਕ ਤੇ ਐਨਾ ਅਸਰ ਪੈਂਦਾ ਹੈ ਕਿ ਸਾਡੀ ਸੱਭਿਅਤਾ ਖਤਮ ਹੋ ਜਾਵੇਗੀ। (ਘੰਟੀ)

ਸਮਾਜ ਭਲਾਈ ਦੀ ਮੰਗ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਭਿਖਾਰੀਆਂ ਦਾ ਕਿੱਤਾ ਬੰਦ ਹੋਣਾ ਚਾਹੀਦਾ ਹੈ। ਜਿਹੜੇ ਬੈਗਰਜ਼ ਹੋਣ, ਉਨ੍ਹਾਂ ਵਾਸਤੇ ਬੈਗਰਜ਼ ਹੋਮ, ਬਣਾਉਣੇ ਚਾਹੀਦੇ ਹਨ। ਕੋਈ ਭਿਖਾਰੀ ਨਾ ਹੋਵੇ। ਉਨ੍ਹਾਂ ਲੋਕਾਂ ਲਈ ਕੰਮ ਅਜਿਹੇ ਦੇਣੇ ਚਾਹੀਦੇ ਹਨ ਜਿਥੇ ਕਿ ਉਨ੍ਹਾਂ ਨੂੰ ਆਪਣੇ ਜੀਵਨ ਦਾ ਸਾਧਨ ਮਿਲ ਸਕੇ ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਇਹ ਸਮਾਜ ਦੇ ਭਲੇ ਵਿਚ ਹੈ ਕਿ ਉਹ ਲੋਕ ਜਿਹੜੇ ਪੈਦਾਇਸ਼ੀ ਤੌਰ ਤੇ ਕੋਹੜੀ ਜਾਂ ਜਿਨਸੀ ਰੋਗੀ ਹਨ ਉਨ੍ਹਾਂ ਦੇ ਮੁਤਅਲਕ ਇਹ ਜਿਹੜੀ ਫੈਮਿਲੀ ਪਲੈਨਿੰਗ ਦੀ ਗੱਲ ਹੈ ਐਸੇ ਲੋਕਾਂ ਦੀ ਮੁਨਾਸਿਬ ਔਲਾਦ ਤੋਂ ਬਾਅਦ ਜਬਰੀ ਨਸਬੰਦੀ ਕੀਤੀ ਜਾਵੇ ਜਿਸ ਨਾਲ ਕਿ ਉਨ੍ਹਾਂ ਦੀ ਰੋਗੀ ਪੈਦਾਇਸ਼ ਘੱਟ ਸਕੇ। ਇਸ ਵਿਚ ਸਮਾਜ ਦਾ ਭਲਾ ਹੈ ।

ਇਸ ਤੋਂ ਅਗੇ ਮੇਰੀ ਅਰਜ਼ ਹੈ ਕਿ ਹਰੀਜਨਾਂ ਦੀ ਭਲਾਈ ਔਰ ਤਰੱਕੀ ਲਈ ਜ਼ਿਆਦਾ ਮੌਕੇ ਦਿਤੇ ਜਾਣੇ ਚਾਹੀਦੇ ਹਨ। (ਵਿਘਨ) ਚੇਅਰਮੈਨ ਸਾਹਿਬ, ਇਹ ਜਿਹੜੇ ਗਲਤ ਰਸਮੋਂ ਰਿਵਾਜ ਹਨ ਉਨ੍ਹਾਂ ਦੇ ਖਿਲਾਫ ਕੋਈ ਸਾਇੰਟੇਫਿਕ ਔਰ ਮੁਨਜ਼ਮ ਜੱਦੋ ਜਹਿਦ ਕਰਨੀ ਚਾਹੀਦੀ ਹੈ ਤਾਕਿ ਸਮਾਜ ਦੀ ਬੁਰਾਈ ਦੂਰ ਹੋ ਸਕੇ। ਜਿਥੋਂ ਤਕ ਇਸ ਵੇਲੇ ਤਾਲੀਮ ਦਾ ਤਅੱਲੁਕ ਹੈ, ਸਾਡੇ ਹੁਣ ਦੇ ਵਾਤਾਵਰਣ ਵਿਚ ਸਾਡੇ ਨੌਜਵਾਨ ਦਾ ਰੁਖ ਜਿਸ ਪਾਸੇ ਹੋ ਗਿਆ, ਉਸ ਪਾਸੇ ਹੀ ਤੁਰ ਪਿਆ। ਇਸ ਦੇ ਵਿਚ ਕਿਸੇ ਨੂੰ ਕੋਈ ਗਿਲਾ ਨਹੀਂ —

ਤਲਾਤਮ ਸੇ ਗਿਲਾ ਕੈਸਾ, ਖ਼ੁਦਾ ਸੇ ਕਿਸ ਲੀਏ ਸ਼ਿਕਵਾ,
ਸਫ਼ੀਨਾ ਜਿਸ ਜਗ੍ਹਾ ਡੂਬਾ ਵਹਾਂ ਪਰ ਨਾਖ਼ੁਦਾ ਹਮ ਥੇ ।

ਅਸੀਂ ਖੁਦ ਹੀ ਇਹ ਸ਼ਕਲ ਦਿੱਤੀ ਹੈ। ਉਸ ਵਿਚ ਨਾ ਇਕੱਲੀ ਇਸ ਗੌਰਮਿੰਟ ਦੀ ਗੱਲ ਹੈ ਔਰ ਨਾ ਹੀ ਕਿਸੇ ਹੋਰ ਦੀ। ਇਸ ਦੀ ਸਭ ਤੋਂ ਵਡੀ ਜ਼ਿੰਮੇਵਾਰੀ ਮੈਂ ਸਮਝਦਾ ਹਾਂ ਕਿ ਕਾਂਗਰਸ ਤੇ ਆਉਂਦੀ ਹੈ, ਜਿਸ ਨੇ ਪਿਛਲੇ ਸਾਲਾਂ ਵਿਚ ਆਪਣੇ ਕੰਮ ਨੂੰ ਆਪਣੀ ਐਡਮਨਿਸਟਰੇਸ਼ਨ ਨੂੰ ਅੰਗਰੇਜ਼ਾਂ ਦੇ ਨਕਸ਼ੇ ਕਦਮਾਂ ਤੇ ਚਲਾਇਆ ਔਰ ਇਸ ਸਮਾਜ ਦਾ ਢਾਂਚਾ ਵਿਗਾੜ ਕੇ ਰਖ ਦਿੱਤਾ। ਬਾਕੀ ਕੁਝ ਸਾਡੇ ਰਾਸ਼ਟਰੀ ਸੰਯੁਕਤ ਸੰਘ ਦੇ ਨੌਜਵਾਨਾਂ ਦੇ ਕਾਰਨਾਮਿਆਂ ਨੇ ਸਾਡੇ ਦੇਸ਼ ਦਾ ਹੁਲੀਆ ਵਿਗਾੜ ਦਿਤਾ। (ਵਿਘਨ) ਹੁਣ ਇਨ੍ਹਾਂ ਨੂੰ ਇਹ ਗੱਲਾਂ ਚੁਭਦੀਆਂ ਹਨ ਕਿਉਂਕਿ ਇਨ੍ਹਾਂ ਦਾ ਹੁਣ ਪ੍ਰਗਰੀ ਚੋਲੀ ਦਾ ਸਾਥ ਬਣ ਗਿਆ ਹੈ। ਸੋ, ਚੇਅਰਮੈਨ ਸਾਹਿਬ, ਜਿਥੋਂ ਤਕ ਸਾਡੇ ਨੌਜਵਾਨਾਂ ਦਾ ਤਅੱਲੁਕ ਹੈ, ਇਨ੍ਹਾਂ ਦੇ ਵਿੱਚ ਤਿੰਨ ਕਿਸਮ ਦੀਆਂ ਸ਼ਕਤੀਆਂ ਹੋਣੀਆਂ ਚਾਹੀਦੀਆਂ ਹਨ। ਪਹਿਲੀ ਇਹ ਹੈ ਕਿ ਉਹ ਆਪਣੀ ਸ਼ਖਸੀਅਤ ਡਿਵੈਲੱਪ ਕਰਨ। ਦੂਸਰਾ ਉਹ ਸਮਾਜ ਸੇਵਕ ਹੋਣ ਔਰ ਤੀਸਰਾ ਇਹ ਮਹਿਸੂਸ ਕਰਨ ਕਿ ਉਹ ਕਿਸੇ ਰਿਸਰਚ ਇੰਸਟੀਚਿਊਸ਼ਨ ਦੇ ਅੰਦਰ ਹਨ। (ਵਿਘਨ) ਚੇਅਰਮੈਨ ਸਾਹਿਬ, ਅੱਜ ਉਸਤਾਦ ਔਰ ਸ਼ਗਿਰਦ ਦੇ ਨਾਤੇ ਵਿਚ ਬੜਾ ਫਰਕ ਆ ਗਿਆ ਹੈ। ਲੇਕਿਨ ਪਹਿਲਾਂ ਜੋ ਪੜ੍ਹਦੇ ਸੀ ਔਰ ਜੋ [illegible] ਸੀ, ਉਨ੍ਹਾਂ ਦਾ ਇਕ ਦੂਜੇ ਪ੍ਰਤੀ ਪਿਆਰ ਔਰ [illegible] ਹੁੰਦੀ ਸੀ ।

[ਸਰਦਾਰ ਕਿਰਪਾਲ ਸਿੰਘ]
ਲੇਕਿਨ ਅੱਜ ਸ਼ਾਗਿਰਦ ਔਰ ਉਸਤਾਦ ਦੀ ਬੜੀ ਭਾਰੀ ਲੜਾਈ ਹੈ। ਇਕ ਦੂਜੇ ਲਈ ਕਿਸੇ ਕਿਸਮ ਦੀ ਕੋਈ ਹਮਦਰਦੀ ਨਹੀਂ ਪਿਆਰ, ਨਹੀਂ। ਇਸ ਲਈ ਮੈਂ, ਚੇਅਰਮੈਨ ਸਾਹਿਬ, ਕਹਾਂਗਾ ਕਿ ਤਾਲੀਮ ਦੇ ਜਿਹੜੇ ਮਕਸਦ ਹਨ ਉਹ ਵਾਜ਼ੇ ਹੋਣੇ ਚਾਹੀਦੇ ਹਨ। (ਘੰਟੀ) ਜਿਹੜੇ ਲੋਕ ਇਹ ਕਹਿੰਦੇ ਹਨ ਕਿ ਧਰਮ ਨੂੰ ਤਾਲੀਮ ਵਿਚੋਂ ਖਾਰਜ ਕਰ ਦਿੱਤਾ ਜਾਵੇ ਉਨ੍ਹਾਂ ਨੂੰ ਮੈਂ ਕਹਾਂਗਾ ਕਿ ਤਾਲੀਮ ਵਿੱਚੋਂ ਧਰਮ ਖਾਰਜ ਹੋਣ ਦੇ ਇਹ ਨਤਾਇਜ ਹਨ ਜਿਹੜੇ ਕਿ ਸਾਡੇ ਸਾਹਮਣੇ ਆ ਰਹੇ ਹਨ। ਜੇ ਕਾਨੂੰਨੀ ਤੌਰ ਤੇ ਧਰਮ ਨੂੰ ਤਾਲੀਮ ਵਿਚੋਂ ਖਾਰਜ ਕਰ ਦਿਤਾ ਜਾਵੇਗਾ ਤਾਂ ਇਸ ਦੇ ਹੋਰ ਬੁਰੇ ਨਤੀਜੇ ਨਿਕਲਣਗੇ : (ਘੰਟੀ)

ਇਲਮ ਰਾਹ ਬਰ ਤਨ ਜ਼ਮੀ ਮਾਰੇ ਬਵੱਦ
ਇਲਮ ਰਾਹਬਰ ਦਿਲਜ਼ਮੀ ਯਾਰੇ ਬਵੱਦ

ਜੇ ਇਹ ਤਾਲੀਮ ਜਾਨ ਔਰ ਸਰੀਰ ਵਾਸਤੇ ਹੈ ਤਾਂ ਇਕ ਬੇਕਾਰ ਤੇ ਬੇਸੂਦ ਹੈ, ਜੇ ਇਹ ਦਿਲ ਵਾਸਤੇ ਹੈ ਤਾਂ ਇਹ ਇਕ ਦੋਸਤ ਹੈ। (ਘੰਟੀ) ਤਾਲੀਮ ਵਿਚੋਂ ਕਦਰਾਂ ਨੂੰ ਉਜਾਗਰ ਕਰਨਾ ਅਤੇ ਧਰਮ ਤੇ ਯਕੀਨ ਕਰਨਾ ਜ਼ਰੂਰੀ ਹੈ ਔਰ ਇਹ ਮਕਸਦ ਐਜੂਕੇਸ਼ਨ ਦਾ ਹੋਣਾ ਚਾਹੀਦਾ ਹੈ। ਧਰਮ ਸਿਰਫ ਇਕ ਹੈ, ਇਸ ਦੇ ਵਿਚ ਕੋਈ ਝਗੜਾ ਨਹੀਂ। (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ (ਫੂਲ) : ਚੇਅਰਮੈਨ ਸਾਹਿਬ, ਅੱਜ ਪੰਜਾਬ ਦੇ ਬਹੁਤ ਬੜੇ ਮਹੱਤਤਾ ਵਾਲੇ ਵਿਸ਼ੇ ਸਾਡੇ ਸਾਹਮਣੇ ਹਨ। ਮੈਨੂੰ ਚੇਅਰਮੈਨ ਸਾਹਿਬ, ਇਸ ਗੱਲ ਦਾ ਬੜਾ ਦੁਖ ਹੈ ਕਿ ਲੋਕ ਭਲਾਈ ਔਰ ਸਮਾਜ ਭਲਾਈ ਦੀਆਂ ਗੱਲਾਂ ਤਾਂ ਬਹੁਤ ਹੁੰਦੀਆਂ ਹਨ ਲੇਕਿਨ ਇਸ ਦੇ ਵਿੱਚ ਹੀ ਸਾਡੀ ਸਰਕਾਰ ਦੀ ਸੀਰੀਅਸਨੈਸ ਪਰਗਟ ਹੋ ਜਾਂਦੀ ਹੈ ਕਿ ਇਤਨਾ ਮਹੱਤਤਾ ਵਾਲਾ ਵਿਸ਼ਾ ਹੈ, ਇਤਨੀਆਂ ਅਹਿਮ ਮੰਗਾਂ ਹਨ ਔਰ ਮੈਂਬਰ ਸਾਹਿਬਾਨ ਨੂੰ ਬੋਲਣ ਵਾਸਤੇ ਟਾਈਮ ਕਿਤਨਾ ਮਿਲਿਆ ਹੈ। ਇਸ ਗੱਲ ਤੋਂ ਹੀ ਸਾਡੀ ਸਰਕਾਰ ਦੀ ਸੀਰੀਅਸਨੈਸ ਦਾ ਪਤਾ ਲਗ ਜਾਂਦਾ ਹੈ। (ਵਿਘਨ) ਚੇਅਰਮੈਨ ਸਾਹਿਬ, ਅੱਜ ਇੰਡੀਆ ਵਿੱਚ ਸਭ ਤੋਂ ਵਡੀ ਔਰ ਹੈਵੀ ਐਡਮਨਿਸਟਰੇਸ਼ਨ ਪੰਜਾਬ ਦੇ ਵਿਚ ਹੈ। ਐਜੂਕੇਸ਼ਨ ਡੀਪਾਰਟਮੈਂਟ ਵਿੱਚ ਦੋ ਡੀ. ਪੀ. ਆਈ., 3 ਡਿਪਟੀ ਡੀ. ਪੀ. ਆਈ., 5 ਏ. ਡੀ. ਪੀ. ਆਈ. ਔਰ ਇਕ ਐਡਮਨਿਸਟਰੇਟਿਵ ਅਫ਼ਸਰ ਹੈ। ਚੇਅਰਮੈਨ ਸਾਹਿਬ, ਇਨ੍ਹਾਂ ਦੇ ਕੰਮ ਬਾਰੇ ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿਉਂਕਿ ਟਾਈਮ ਬਹੁਤ ਥੋੜ੍ਹਾ ਬੋਲਣ ਵਾਸਤੇ ਮਿਲਿਆ ਹੈ ਨਹੀਂ ਤਾਂ ਹੋਰ ਕਾਫ਼ੀ ਮਿਸਾਲਾਂ ਦਿੰਦਾ। 1963-64 ਵਿੱਚ ਕੁਝ ਐਜੂਕੇਸ਼ਨ ਕਰਮਚਾਰੀਆਂ ਦੇ ਬਾਰੇ ਕੁਝ ਚਾਰਜਿਜ਼ ਲਗੇ ਪਰ ਅਸ਼ੋਰੈਂਸ ਕਮੇਟੀ ਵਿੱਚ ਸਾਨੂੰ ਪਤਾ ਲਗਿਆ ਕਿ ਉਹ ਸਬੰਧਤ ਫਾਈਲ ਹੀ ਗੁੰਮ ਹੈ। ਇਸੇ ਤਰ੍ਹਾਂ ਟੀਚਰਜ਼ ਦੇ ਕਨਫਰਮੇਸ਼ਨ ਕੇਸ ਜਾਂ ਉਨ੍ਹਾਂ ਦੀਆਂ ਸਰਵਿਸ ਬੁੱਕਾਂ ਦੇ ਕੇਸ ਜਾਂ ਕੋਈ ਹੋਰ ਕੇਸ ਹਨ, ਜਿਹੜੇ ਕਿ ਐਵੇਂ ਹੀ ਪਏ ਹਨ ਔਰ ਕਿਹਾ ਜਾਂਦਾ ਹੈ ਕਿ ਰੀਆਰਗੇਨਾਈਜ਼ੇਸ਼ਨ ਵਿੱਚ ਫਾਈਲਾਂ ਇਧਰ ਉਧਰ ਹੋ ਗਈਆਂ। ਇਹੋ ਜਿਹੇ ਇਸ ਮਹਿਕਮੇ ਦੇ ਕੰਮ ਹਨ। ਚੇਅਰਮੈਨ ਸਾਹਿਬ, ਫਿਰ ਇਸ ਮਹਿਕਮੇ ਵਿੱਚ ਦੋ ਡੀ. ਪੀ. ਆਈ. ਹਨ। ਇਕ ਡੀ. ਪੀ. ਆਈ. ਤਾਂ ਸ਼ਾਇਦ ਸਾਰੀਆਂ ਮੀਟਿੰਗਾਂ ਅਟੈਂਡ ਕਰਨ ਵਾਸਤੇ ਹੀ ਰਖਿਆ ਗਿਆ ਹੈ ਔਰ ਅਸਲੀ ਡੀ. ਪੀ. ਆਈ. ਨੂੰ ਉਨ੍ਹਾਂ ਦਾ ਕੁਝ ਪਤਾ ਹੀ ਨਹੀਂ ਕਿ ਮੀਟਿੰਗ ਹੋਈ ਹੈ ਜਾਂ ਕੀ ਹੋਇਆ ਹੈ ਔਰ ਕੀ ਗਲ ਬਾਤ ਹੋਈ ਹੈ ? (ਵਿਘਨ) ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਰਿਆਣੇ ਨੇ ਇਹ ਇਕ ਬੜਾ ਅੱਛਾ ਕਦਮ ਚੁੱਕਿਆ ਹੈ ਕਿ ਉਨ੍ਹਾਂ ਨੇ ਏ. ਡੀ. ਪੀ. ਆਈ. ਔਰ ਸੀ. ਈ. ਓ. ਦੀਆਂ ਪੋਸਟਾਂ ਹੀ ਅਬਾਲਿਸ਼ ਕਰ ਦਿਤੀਆਂ ਹਨ। ਸਾਨੂੰ ਵੀ ਇਹੋ ਜਿਹੇ ਖਰਚ ਘਟਾਉਣ ਵਾਸਤੇ ਸੋਚਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਡਿਸਟ੍ਰਿਕਟ ਲੈਵਲ ਤੇ ਡੀ. ਈ. ਓ. ਜੋ ਕੰਮ ਕਰਦੇ ਹਨ ਉਨ੍ਹਾਂ ਦਾ ਗਰੇਡ ਪਰਿੰਸੀਪਲ ਦੇ ਬਰਾਬਰ ਦਾ ਗਰੇਡ ਹੈ। ਦੋਨਾਂ ਦਾ ਗਰੇਡ 700/1100 ਰੁਪਏ ਹੈ। ਪਰਿੰਸੀਪਲ ਸਮਝਦਾ ਹੈ ਕਿ ਸਾਡਾ ਬਰਾਬਰ ਦਾ ਗਰੇਡ ਹੈ ਡੀ. ਈ. ਓ. ਕੋਈ ਐਕਸ਼ਨ ਨਹੀਂ ਲੈ ਸਕਦਾ। ਮੇਰੀ ਅਰਜ਼ ਹੈ ਕਿ ਦੋਨਾਂ ਵਿੱਚ ਥੋੜ੍ਹਾ ਬਹੁਤ ਫਰਕ ਜ਼ਰੂਰ ਹੋਣਾ ਚਾਹੀਦਾ ਹੈ ਔਰ ਮੈਂ ਸਮਝਦਾ ਹਾਂ ਕਿ ਵਜ਼ੀਰ ਸਾਹਿਬ ਇਸ ਗੱਲ ਤੇ ਸੋਚਣਗੇ ਕਿ ਜਾਂ ਤਾਂ ਉਥੇ ਕੋਈ ਸੀਨੀਅਰ ਡੀ. ਈ. ਓ. ਲਗਾਏ ਜਾਣ ਜਾਂ ਕੋਈ ਹੋਰ ਥੋੜ੍ਹਾ ਬਹੁਤ ਫਰਕ ਰਖਣਗੇ। ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਡੀਸੈਨਟਰੇਲਾਈਜ਼ੇਸ਼ਨ ਦੀਆਂ ਇਹ ਬੜੀਆਂ ਗੱਲਾਂ ਕਰਦੇ ਹਨ, ਲੇਕਿਨ ਡੀ. ਈ. ਓ. ਨੂੰ ਸਟਾਫ ਨਹੀਂ ਦਿੱਤਾ ਗਿਆ। (ਵਿਘਨ) ਚੇਅਰਮੈਨ ਸਾਹਿਬ, ਡਿਪਟੀ ਡੀ. ਈ. ਓ. ਦੀ ਇਨਸਪੈਕਸ਼ਨ ਰਿਪੋਰਟ ਦੇ ਬਾਰੇ ਮੈਂ ਆਪ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਉਹ ਇਨਸਪੈਕਸ਼ਨ ਇਕ ਸੈਨੀਟਰੀ ਇਨਸਪੈਕਟਰ ਦੀ ਤਰ੍ਹਾਂ ਕਰਦੇ ਹਨ ਕਿ ਇਥੇ ਸਫਾਈ ਹੋਣੀ ਚਾਹੀਦੀ ਹੈ, ਇਥੇ ਸਫਾਈ ਹੋਣੀ ਚਾਹੀਦੀ ਹੈ, ਇਹ ਹੋਣਾ ਚਾਹੀਦਾ ਹੈ ਔਰ ਇਹ ਹੋਣਾ ਚਾਹੀਦਾ ਹੈ। ਇਹੋ ਜਿਹੀ ਉਨ੍ਹਾਂ ਦੀ ਇਨਸਪੈਕਸ਼ਨ ਰਿਪੋਰਟ ਹੁੰਦੀ ਹੈ ਜਾਂ ਇਕ ਪੁਲਿਸ ਮੈਨ ਦੀ ਤਰ੍ਹਾਂ ਉਨ੍ਹਾਂ ਦੀ ਰਿਪੋਰਟ ਹੁੰਦੀ ਹੈ। ਜਿਸ ਨਾਲ ਟੀਚਰਾਂ ਵਿੱਚ ਡਰ ਪੈਦਾ ਹੋ ਜਾਂਦਾ ਹੈ ਕਿ ਪਤਾ ਨਹੀਂ ਅਫ਼ਸਰ ਕੀ ਕਹੇਗਾ। ਫਿਰ, ਚੇਅਰਮੈਨ ਸਾਹਿਬ, ਇਹ ਵੀ ਆਪ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਟੂਰ ਰਖੇ ਜਾਂਦੇ ਹਨ। ਉਹ ਕਿਸ ਤਰ੍ਹਾਂ ਛੁੱਟੀਆਂ ਦਾ ਨਾਜਾਇਜ਼ ਲਾਭ ਉਠਾਉਣ ਵਾਸਤੇ ਟੂਰ ਰਖਦੇ ਹਨ। ਮੈਂ ਸਮਝਦਾ ਹਾਂ ਕਿ ਇਸ ਬਾਰੇ ਸਟਰਿਕਟ ਵਾਚ ਹੋਣੀ ਚਾਹੀਦੀ ਹੈ ਤਾਕਿ ਪੰਜਾਬ ਦਾ ਇਸ ਨਾਲ ਭਲਾ ਹੋ ਸਕੇ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਟਰਾਂਸਫਰਜ਼ ਦੇ ਬਾਰੇ ਮੈਂ ਇਕ ਗੱਲ ਕਹਾਂਗਾ ਕਿ ਕੁਝ ਟਰਾਂਸਫਰਜ਼ ਰੂਲਜ਼ ਬਣਨੇ ਚਾਹੀਦੇ ਹਨ। ਇਨ੍ਹਾਂ ਰੂਲਜ਼ ਦੇ ਬਣਨ ਨਾਲ, ਮੇਰਾ ਖਿਆਲ ਹੈ ਕਿ ਡੀ. ਪੀ. ਆਈ./ਡੀ. ਈ. ਓ. ਦਾ 50 ਫੀ ਸਦੀ ਟਾਈਮ ਬਚ ਸਕਦਾ ਹੈ। ਜੇ ਟਰਾਂਸਫਰਜ਼ ਦੇ ਬਾਰੇ ਕੋਈ ਰੂਲਜ਼ ਬਣਾਏ ਜਾਣ ਔਰ ਉਨ੍ਹਾਂ ਤੇ ਸਖਤੀ ਨਾਲ ਅਮਲ ਕੀਤਾ ਜਾਵੇ ਤਾਂ ਸਭ ਨਾਲ ਇਨਸਾਫ ਹੋਵੇ। ਡੀ. ਈ. ਓ. ਜਾਂ ਡੀ. ਪੀ. ਆਈ. ਦਾ 50 ਫੀ ਸਦੀ ਟਾਈਮ ਇਨ੍ਹਾਂ ਟਰਾਂਸਫਰਜ਼ ਵਿੱਚ ਹੀ ਵੇਸਟ ਹੋ ਜਾਂਦਾ ਹੈ। ਚੇਅਰਮੈਨ ਸਾਹਿਬ, ਹਰਿਆਣੇ ਵਿੱਚ ਮੁੱਖ ਮੰਤਰੀ ਸ੍ਰੀ ਬੰਸੀ ਲਾਲ ਨੇ ਇਕ ਮਿਸਾਲ ਕਾਇਮ ਕੀਤੀ ਹੈ ਜਿਹੜੀ ਕਿ ਇਨ੍ਹਾਂ ਨੇ ਮਿਡਟਰਮ ਟਰਾਂਸਫਰਜ਼ ਨੂੰ ਬੰਦ ਕੀਤਾ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਇਸ ਕੰਮ ਲਈ ਸੋਚਣਾ ਚਾਹੀਦਾ ਹੈ ਔਰ ਸਖਤੀ ਨਾਲ ਉਸਤੇ ਅਮਲ ਕਰਨਾ ਚਾਹੀਦਾ ਹੈ।

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਢਾਂਗ ਸਾਹਿਬ ਨੇ 1967 ਵਿੱਚ ਕੁਝ ਟਰਾਸਫਰਜ਼ ਦੇ ਰੂਲ ਬਣਾ ਕੇ ਦਿੱਤੇ ਸਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਰੂਲਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਸ ਤੋਂ ਇਲਾਵਾ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਟੀਚਰਜ਼ ਕਾਨਫਰੰਸ ਜੋ 1969 ਵਿੱਚ ਬਰਨਾਲੇ ਵਿੱਚ ਹੋਈ ਸੀ, ਉਸ ਵਿਚ ਇਨ੍ਹਾਂ ਨੇ ਕਿਹਾ ਸੀ ਕਿ ਸ਼ਹਿਰਾਂ ਵਿੱਚ ਜੋ ਟੀਚਰਜ਼ ਬੈਠੇ ਹਨ, ਉਨ੍ਹਾਂ ਨੂੰ ਵੀ ਬੀ. ਔਰ ਸੀ. ਕਲਾਸ ਸ਼ਹਿਰਾਂ ਦੇ ਰਹਿਣ ਵਾਲੇ ਐਮਪਲਾਈਜ਼ ਵਿਚ ਗਿਣਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀਆਂ ਸਿਫਾਰਸ਼ਾਂ ਤੇ ਗੌਰ ਹੋਣਾ ਚਾਹੀਦਾ ਹੈ।

ਹੁਣ ਮੈਂ ਟੈਕਸਟ ਬੁਕਸ ਬਾਰੇ ਕਹਾਂਗਾ ਕਿ ਇਥੇ ਯੂਨੈਸਕੋ ਪੈਟਰਨ ਲਾਗੂ ਕੀਤਾ ਹੋਇਆ ਹੈ। ਮੈਂ ਕਹਿੰਦਾ ਹਾਂ ਕਿ ਇਸ ਨੂੰ ਰੀਵਾਈਜ਼ ਕਰਨਾ ਚਾਹੀਦਾ ਹੈ। ਇਕ ਸਿਲੈਕਸ਼ਨ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਪ੍ਰਿੰਟਿੰਗ ਜਾਂ ਸ਼ਾਰਟੇਜ ਆਫ ਬੁਕਸ ਆਦਿ ਬਾਰੇ ਵਿਚਾਰ ਕਰੇ ਅਤੇ ਨਾਲੇ

[ਕਾਮਰੇਡ ਬਾਬੂ ਸਿੰਘ ਮਾਸਟਰ]

ਇਹ ਵੀ ਦੇਖੇ ਕਿ ਜਿਹੜੀਆਂ ਕਿਤਾਬਾਂ ਹੋਣ ਉਹ ਆਮ ਗਰੀਬਾਂ ਵਾਸਤੇ ਵੀ ਠੀਕ ਹੋਣ । ਹੁਣ ਕਿਤਾਬਾਂ ਜਿਹੜੀਆਂ ਮਿਲਦੀਆਂ ਹਨ ਉਹ ਰਿਜਨਲ ਤਾਂ ਕੋਈ ਮਿਲਦੀ ਹੀ ਨਹੀਂ ਅਤੇ ਜਿਲਦ ਵਾਲੀਆਂ ਮਿਲਦੀਆਂ ਹਨ ਉਸ ਦੇ ਵਿੱਚ ਹੀ ਗਰੀਬਾਂ ਤੋਂ ਚਾਰ ਪੰਜ ਆਨੇ ਮਾਰ ਲੈਂਦੇ ਹਨ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਕਿਤਾਬਾਂ ਵਾਸਤੇ ਕੋਆਪਰੇਟਿਵ ਸਟੋਰ ਹੋਣੇ ਚਾਹੀਦੇ ਹਨ ਜਿਸ ਦੇ ਵਿੱਚ ਟੀਚਰਜ਼ ਅਤੇ ਸਟੂਡੈਂਟਸ ਦਾ ਹਿੱਸਾ ਹੋਵੇ । ਇਹ ਕੋਆਪਰੇਟਿਵ ਸਟੋਰਜ਼ ਨੋ ਪ੍ਰਾਫਟ ਨੋ ਲਾਸ ਤੇ ਚਲਣੇ ਚਾਹੀਦੇ ਹਨ ਅਤੇ ਜਿਹੜਾ ਥੋੜ੍ਹਾ ਬਹੁਤਾ ਪ੍ਰਾਫਿਟ ਹੋਵੇ ਉਹ ਗਰੀਬ ਬੱਚਿਆਂ ਦੀ ਤਾਲੀਮ ਤੇ ਖਰਚ ਹੋਣਾ ਚਾਹੀਦਾ ਹੈ । ਲਾਇਬਰੇਰੀਆਂ ਵੀ ਬੱਚਿਆਂ ਨੂੰ ਲਾਇਕ ਬਣਾਉਣ ਵਾਸਤੇ ਜ਼ਰੂਰੀ ਹਨ । ਇਸ ਦੇ ਵਾਸਤੇ ਸਿਰਫ ਸਾਢੇ ਤਿੰਨ ਲੱਖ ਰੁਪਏ ਰੱਖੇ ਹਨ ਇਹ ਥੋੜ੍ਹੇ ਹਨ, ਹੋਰ ਰੱਖਣੇ ਚਾਹੀਦੇ ਸਨ ।

ਹੁਣ ਮੈਂ ਇਕ ਹੋਰ ਅਰਜ਼ ਕਰਾਂਗਾ ਕਿ ਜਿਹੜਾ ਸਾਇੰਸ ਦਾ ਮੈਟੀਰੀਅਲ ਅਤੇ ਫਰਨੀਚਰ ਖਰੀਦਿਆ ਜਾਂਦਾ ਹੈ ਉਸ ਦੀ ਬਲੈਕ ਪਰਚੇਜ਼ ਹੁੰਦੀ ਹੈ । ਉਸ ਦੇ ਵਿਚ ਅੱਧੀਆਂ ਤਾਂ ਬੋਗਸ ਕੰਪਨੀਆਂ ਹੁੰਦੀਆਂ ਹਨ ਜਿਹੜੀਆਂ ਕਿ ਫਰਮ ਨਹੀਂ ਹੁੰਦੀਆਂ । ਮੈਂ ਸਮਝਦਾ ਹਾਂ ਕਿ (ਘੰਟੀ) ਇਸ ਦੇ ਲਈ ਇਕ ਡਿਪਾਰਟਮੈਂਟਲ ਕਮੇਟੀ ਹੋਣੀ ਚਾਹੀਦੀ ਹੈ ਜਿਹੜੀ ਸਤੰਬਰ ਦੇ ਮਹੀਨੇ ਵਿੱਚ ਇਹ ਤੈਅ ਕਰ ਦੇਵੇ ਕਿ ਜਿਹੜੀਆਂ ਲੀਗਲ ਫਰਮਾਂ ਹਨ, ਉਨ੍ਹਾਂ ਕੋਲੋਂ ਇਹ ਪਰਚੇਜ਼ ਕੀਤੀ ਜਾਏ ।

ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਡਿਸਟਰਿਕਟ ਬਠਿੰਡਾ ਜਿਹੜਾ ਕਿ ਇਕ ਪਛੜਿਆ ਹੋਇਆ ਇਲਾਕਾ ਹੈ, ਉਸ ਦੇ ਨਾਲ ਬੜਾ ਧੱਕਾ ਹੋ ਰਿਹਾ ਹੈ । ਉਸ ਇਲਾਕੇ ਵਿੱਚ ਕਲਾਸੀਕਲ, ਵਰਨੈਕੁਲਰ ਅਤੇ ਡਰਾਇੰਗ ਟੀਚਰਜ਼ ਆਦਿ ਦੀਆਂ ਪੋਸਟਾਂ ਨਹੀਂ ਦਿੱਤੀਆਂ ਗਈਆਂ, ਜਦ ਕਿ ਸੰਗਰੂਰ ਵਿੱਚ ਦਿੱਤੀਆਂ ਹੋਈਆਂ ਹਨ । ਮੈਂ ਸਮਝਦਾ ਹਾਂ ਕਿ ਉਹ ਇਲਾਕਾ ਐਜੂਕੇਸ਼ਨ ਦੇ ਲਿਹਾਜ਼ ਨਾਲ ਪਛੜਿਆ ਹੋਇਆ ਇਲਾਕਾ ਹੈ । ਉਥੇ ਕਈ ਪਿੰਡ ਹਨ ਜਿਸ ਤਰ੍ਹਾਂ ਸੁਲਾਤਪੁਰ, ਅਕਲਾਲ, ਅਲੀਕਾ, ਢੱਡੀ, ਮਲੂਕਾ ਆਦਿ ਉਨ੍ਹਾਂ ਨੇ ਬੜੀਆਂ ਚੰਗੀਆਂ ਬਿਲਡਿੰਗਾਂ ਬਣਾਈਆਂ ਹੋਈਆਂ ਹਨ । ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਨੂੰ ਅਪ-ਗਰੇਡ ਕੀਤਾ ਜਾਏ ਪਰ ਹਾਲੇ ਤਕ ਨਹੀਂ ਕੀਤਾ ਗਿਆ । ਮੈਂ ਬਿਲਡਿੰਗਜ਼ ਦੇ ਬਾਰੇ ਵਿੱਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਪੰਚਾਇਤੀ ਰਾਜ ਦੀ ਤਰ੍ਹਾਂ ਇਕ ਸੈਪਰੇਟ ਡਵੀਜ਼ਨ ਬਣਾਉਣਾ ਚਾਹੀਦਾ ਹੈ ਤਾਂਕਿ ਜਿਹੜੀ ਬਿਲਡਿੰਗਾਂ ਦੀ ਹਾਲਤ ਹੈ ਉਹ ਸੁਧਾਰੀ ਜਾ ਸਕੇ ਅਤੇ ਬਿਲਡਿੰਗਾਂ ਦੀਆਂ ਛੱਤਾਂ ਬੱਚਿਆਂ ਦੇ ਉਤੇ ਨਾ ਡਿਗਣ ।

ਇਸ ਦੇ ਇਲਾਵਾ, ਮੈਂ ਇਕ ਅਰਜ਼ ਬੀ. ਈ. ਓ. ਦੀ ਨਿਯੁਕਤੀ ਬਾਰੇ ਕਰਨਾ ਚਾਹੁੰਦਾ ਹਾਂ । ਉਸ ਦੇ ਵਿੱਚ ਮੈਂ ਇਹ ਕਹਾਂਗਾ ਕਿ ਮਹਿਕਮੇ ਦੇ ਜਿਹੜੇ ਸੀਨੀਅਰ ਟੀਚਰਜ਼ ਹਨ ਉਨ੍ਹਾਂ ਨੂੰ ਲਗਾਉਣਾ ਚਾਹੀਦਾ ਹੈ ਉਹ ਚੰਗੀ ਤਰ੍ਹਾਂ ਬੱਚਿਆਂ ਦੀ ਦੇਖ ਭਾਲ ਵੀ ਕਰ ਸਕਦੇ ਹਨ ਅਤੇ ਟੀਚਰਜ਼ ਦੀ ਵੀ । ਕੁਝ ਅਜਿਹੇ ਵੀ ਲਗਾਏ ਜਾਂਦੇ ਹਨ ਜਿਹੜੇ ਕਾਲਜਾਂ ਵਿਚੋਂ ਨਿਕਲਦੇ ਸਾਰ ਲਗਾ ਦਿੱਤੇ ਜਾਂਦੇ ਹਨ, ਪਰ ਉਹ ਤਸੱਲੀ ਬਖਸ਼ ਕੰਮ ਨਹੀਂ ਕਰ ਸਕਦੇ ।

ਹੁਣੇ ਜਿਹੜੀ ਸਾਡੀ ਸਿਲੈਕਸ਼ਨ ਕਮੇਟੀ ਹੈ, ਉਸ ਦੇ ਵਿਚ ਨਾਨ-ਐਜੂਕੇਸ਼ਨਿਸਟਸ ਹਨ ਉਹ ਨਹੀਂ ਹੋਣੇ ਚਾਹੀਦੇ । ਇਸ ਤਰ੍ਹਾਂ ਐਜੂਕੇਸ਼ਨਿਸਟਸ ਹੋਣੇ ਚਾਹੀਦੇ ਹਨ । ਹੁਣ ਤਾਂ ਐਜੂਕੇਸ਼ਨ ਡਿਪਾਰਟਮੈਂਟ ਵਿਚ ਬੜੇ ਬੰਦੇ ਮਿਲ ਸਕਦੇ ਹਨ ਅਤੇ ਹਰੀਜਨ ਬੰਦੇ ਵੀ ਮਿਲ ਸਕਦੇ ਹਨ । ਉਨ੍ਹਾਂ ਐਜੂਕੇਸ਼ਨਿਸਟਸ ਦੀ ਕਮੇਟੀ ਹੋਣੀ ਚਾਹੀਦੀ ਹੈ (ਘੰਟੀ) ਮੈਂ ਵਾਈਂਡ ਅਪ ਕਰਦਾ ਹਾਂ ਜੀ । ਪ੍ਰਾਈਵੇਟ ਟੀਚਰਜ਼ ਸਿਕਿਉਰਿਟੀ ਐਕਟ ਪਾਸ ਕੀਤਾ ਹੈ ਲੇਕਿਨ ਹਾਲੇ ਵੀ ਪ੍ਰਾਈਵੇਟ ਮੈਨੇਜਮੈਂਟਸ ਟੀਚਰਜ਼ ਨੂੰ ਹੈਰਾਸ ਕਰਦੀਆਂ ਹਨ । ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਪ੍ਰਾਈਵੇਟ ਕਾਲਜਾਂ

ਪ੍ਰੋਫੈਸਰਜ਼ ਦੀ ਵੀ ਸਿਕਿਊਰਿਟੀ ਹੋਣੀ ਚਾਹੀਦੀ ਹੈ । ਮੈਂ ਅਰਜ਼ ਕਰਾਂ ਕਿ ਰਾਮਪੁਰੇ ਦੀ ਮੈਨੇਜਮੈਂਟ ਨੇ ਪ੍ਰਾਇਮਰੀ ਸੈਕਸ਼ਨ ਹੀ ਖਤਮ ਕਰ ਦਿੱਤਾ ਹੈ ਅਤੇ ਕਲ ਨੂੰ ਉਹ ਮਿਡਲ ਸੈਕਸ਼ਨ ਤੋੜ ਦੇਣਗੇ । ਸਾਨੂੰ ਵਿਦਿਆ ਬਾਰੇ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਾਨੂੰ ਇਸ ਨੂੰ ਨੈਸ਼ਨਲਾਈਜ਼ ਕਰ ਦੇਣਾ ਚਾਹੀਦਾ ਹੈ (ਘੰਟੀ) ਟੈਕਸਟ ਬੁਕਾਂ ਨੈਸ਼ਨਲਾਈਜ਼ ਕਰ ਦੇਣੀਆਂ ਚਾਹੀਦੀਆਂ ਹਨ (ਵਿਘਨ)

Mr. Deputy Speaker : Please resume your seat. (ਵਿਘਨ)

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਪੌਣੇ ਦੋ ਘੰਟੇ ਹੋ ਗਏ ਹਨ ਡਿਸਕਸ਼ਨ ਨੂੰ, ਸਾਡੇ ਇਕ ਬੰਦੇ ਨੂੰ ਟਾਈਮ ਦਿਤਾ ਗਿਆ ਹੈ ।

Mr. Deputy Speaker , That is for the House to decide and not for me.

Sardar Umrao Singh : The time is to be regulated by the Chair.

Mr. Deputy Speaker : According to the present programme I am going to apply the guillotine at 1.00 P.M.

Sardar Umrao Singh : Our party must get full share of time.

Mr. Deputy Speaker The guillotine is going to be applied at 1.00 P.M.

Sardar Umrao Singh : Our party is entitled to get 35 minutes. Only one Member has spoken from our side.

ਚੀਫ਼ ਪਾਰਲੀਮੈਂਟਰੀ ਸੈਕਟਰੀ (ਸਰਦਾਰ ਗੁਰਮੀਤ ਸਿੰਘ) : ਡਿਪਟੀ ਸਪੀਕਰ ਸਾਹਿਬ, ਚਾਰ ਡਿਪਾਰਟਮੈਂਟਸ ਦੇ ਮਨਿਸਟਰਜ਼ ਨੇ ਜਵਾਬ ਦੇਣਾ ਹੈ, ਐਗਰੀਕਲਚਰ, ਲੇਬਰ, ਐਜੂਕੇਸ਼ਨ ਅਤੇ ਸੋਸ਼ਲ ਵੈਲਫੇਅਰ (ਵਿਘਨ) (ਸ਼ੋਰ) ਅਗਰ ਇਹ ਚਾਹੁੰਦੇ ਹਨ ਤਾਂ ਹਾਊਸ ਅੱਧਾ ਘੰਟਾ ਐਕਸਟੈਂਡ ਕਰ ਦਿਤਾ ਜਾਵੇ । (ਸ਼ੋਰ)

Mr. Deputy Speaker : It has already been extended by half an hour.

ਸਰਦਾਰ ਉਮਰਾਓ ਸਿੰਘ : ਅਗਰ, ਸਪੀਕਰ ਸਾਹਿਬ, ਜਾਂ ਡਿਪਟੀ ਸਪੀਕਰ ਸਾਹਿਬ ਅਜ ਚੇਅਰ ਤੇ ਨਹੀਂ ਸੀ ਤਾਂ ਇਹ ਕੋਈ ਤਰੀਕਾ ਨਹੀਂ ਕਿ ਸਾਨੂੰ 10 ਮਿੰਟ ਤੋਂ ਜ਼ਿਆਦਾ ਟਾਈਮ ਨਾ ਦਿੱਤਾ ਜਾਏ (ਵਿਘਨ)

(*At this stage many hon. Members started speaking simultaneously*).

Mr. Deputy Speaker : Let Sardar Umrao Singh first make his point.

Sardar Umrao Singh : Sir, my submission is that only one Member has spoken from our party so far. Our party is entitled to 35 minutes. Two more Members from out side would like to speak. We are being denied our share of time. The allotment of time is not equitable. You may kindly extend the sitting if you like but you must give us our time.

ਚੀਫ਼ ਪਾਰਲੀਮੈਂਟਰੀ ਸੈਕਟਰੀ (ਸਰਦਾਰ ਗੁਰਮੀਤ ਸਿੰਘ) : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਤਾਂ ਦਰੁਸਤ ਹੈ ਕਿ ਇਨ੍ਹਾਂ ਦੇ ਇਕ ਸਪੀਕਰ ਨੂੰ ਟਾਈਮ ਮਿਲਿਆ ਹੈ । ਉਨ੍ਹਾਂ ਦਾ ਇਕ ਸਪੀਕਰ ਹੋਰ ਬੋਲ ਲਏ ਤੇ ਫਿਰ ਮਨਿਸਟਰ ਸਾਹਿਬਾਨ ਥੋੜ੍ਹਾ ਥੋੜ੍ਹਾ ਹੀ ਬੋਲ ਲੈਣਗੇ । (ਵਿਘਨ) ਵੈਸੇ ਅਜੇ ਕਈ ਡਿਮਾਂਡਜ਼ ਹਨ ਅਤੇ ਸੀ. ਐਮ. ਸਾਹਿਬ ਮੇਰੀ ਵੀ ਡਿਊਟੀ ਲਾ ਗਏ ਹਨ 3, 4 ਮਿੰਟ ਬੋਲਣ ਲਈ ।

Mr. Deputy Speaker: Even if I give 10 minutes to each Minister they will take 40 minutes. Therefore, I cannot give time to any other Member. If the House is to adjourn at 2.00 P.M. then I must apply the guillotine at 1.00 P.M.

Sardar Umrao Singh: We have no objection if the time is extended.

Mr. Deputy Speaker ; Sardar Umrao Singh, how many Members from your side would like to speak ?

Sardar Umrao Singh : Two Members for 10 minutes each.

Mr. Deputy Speaker : They can't be given ten minutes each. Would the Treasury Benches be satisfied if one more Member is called from their side ?

Sardar Umrao Singh : Our party is entitled to get 35 minutes.

Mr. Deputy Speaker ; I am sorry, I cannot go on like this.

Minister for Social Welfare : Mr. Deputy Speaker, in view of the importance of these Demands, I would request you that the time may be extended. If it cannot be done today, these (Demands) may be taken up on Monday.

Mr. Deputy Speaker ; What has been decided in the Business Advisory Committee, I cannot go beyond that.

Chief Parliamentary Secretary (Sardar Gurmit Singh) : Sir, you may give 10 minutes to Ravinder Singh from our party and 10 minutes to one Speaker from the Congress Party.

Mr. Deputy Speaker : That I will do.

Sardar Basant Singh : Sir, I would like to know whether I am going to get any time to-day?

Mr. Deputy Speaker : I will not be able to give you time to-day.

Minister for Social Welfare : What is the final decision, Sir?

Mr. Deputy Speaker : Ten minutes will be given to one Member each from the Treasury Benches and the Congress Party. Thereafter, the Ministers will reply to the debate.

Minister for Social Welfare : How many Ministers will reply to the debate ?

Mr. Deputy Speaker : I have got a list of four Ministers.

ਚੌਧਰੀ ਕੇਵਲ ਕ੍ਰਿਸ਼ਨ (ਮੁਕੇਰੀਆਂ) : ਡਿਪਟੀ ਸਪੀਕਰ ਸਾਹਿਬ, ਅੱਜ ਜੋ ਡੀਮਾਂਡਜ਼ ਹਾਊਸ ਸਾਹਮਣੇ ਪੇਸ਼ ਹਨ, ਉਨ੍ਹਾਂ ਵਿਚੋਂ ਐਜੂਕੇਸ਼ਨ ਦੀ ਡੀਮਾਂਡ ਸਭ ਤੋਂ ਵੱਡੀ ਡੀਮਾਂਡ ਹੈ । ਮੈਂ ਇਸ ਸਬੰਧੀ ਕੁਝ ਸ਼ਬਦ ਕਹਿਣਾ ਚਾਹੁੰਦਾ ਹਾਂ । ਇਸ ਡੀਮਾਂਡ ਵਿਚ 30 ਕਰੋੜ ਰੁਪਿਆ ਮੰਗਿਆ ਗਿਆ ਹੈ ਜਦ ਕਿ ਪਿਛਲੇ ਸਾਲ ਇਸ ਥੱਲੇ 28 ਕਰੋੜ ਰੁਪਿਆ ਖਰਚ ਹੋਇਆ । ਫਿਰ ਵੀ ਇਸ ਸਾਲ ਜੋ ਕੁਝ ਹੋਣਾ ਚਾਹੀਦਾ ਸੀ, ਉਹ ਪਿਛਲੇ ਸਾਲ ਨਾਲੋਂ ਬਹੁਤ ਘੱਟ ਹੈ । ਪਿਛਲੇ ਸਾਲ 44 ਸਰਕਾਰੀ ਮਿਡਲ ਸਕੂਲਾਂ ਨੂੰ ਹਾਈ ਕੀਤਾ ਗਿਆ ਸੀ, 144 ਪਰਾਇਮਰੀ ਸਕੂਲਾਂ ਨੂੰ ਮਿਡਲ ਬਣਾਇਆ ਗਿਆ ਸੀ ਅਤੇ 80 ਨਵੇਂ ਪਰਾਇਮਰੀ ਸਕੂਲ ਤੇ ਦੋ ਨਵੇਂ ਕਾਲਜ ਖੋਲ੍ਹੇ ਗਏ ਸਨ । ਇਸ ਸਾਲ 80 ਪਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਬਣਾਇਆ ਜਾਵੇਗਾ, 25 ਮਿਡਲ ਸਕੂਲਾਂ ਨੂੰ ਹਾਈ ਬਣਾਇਆ ਜਾਵੇਗਾ ਅਤੇ 80 ਨਵੇਂ ਪਰਾਇਮਰੀ ਸਕੂਲ ਖੋਲ੍ਹੇ ਜਾ ਰਹੇ ਹਨ । ਕਾਲਜ ਕੋਈ ਵੀ ਨਹੀਂ ਖੋਲ੍ਹਿਆ ਜਾ ਰਿਹਾ । ਹਾਲੇ ਐਜੂਕੇਸ਼ਨ ਦੇਣ ਲਈ ਸਕੂਲਾਂ ਦੀ ਬੜੀ ਕਮੀ ਹੈ । 5 ਸਾਲਾ ਯੋਜਨਾ ਪੜ੍ਹੀਏ ਤਾਂ ਪਤਾ ਚਲਦਾ ਹੈ ਕਿ ਇਨ੍ਹਾਂ 5 ਸਾਲਾਂ ਵਿਚ 400 ਨਵੇਂ ਪਰਾਇਮਰੀ ਸਕੂਲ ਖੋਲ੍ਹੇ ਜਾ ਰਹੇ ਹਨ । ਇਨ੍ਹਾਂ ਵਿਚ 8,000 ਜੇ. ਬੀ. ਟੀ. ਟੀਚਰਜ਼ ਐਬਜ਼ਾਰਬ ਹੋਣਗੇ । 400 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਬਣਾਇਆ ਜਾਵੇਗਾ ਜਿਨ੍ਹਾਂ ਵਿੱਚ 2,900 ਬੀ. ਏ., ਬੀ. ਟੀ. ਟੀਚਰ ਐਬਜ਼ਾਰਬ ਹੋਣਗੇ । 125 ਸਕੂਲ ਮਿਡਲ ਤੋਂ ਹਾਈ ਬਣਾਏ ਜਾ ਰਹੇ ਹਨ ਜਿਨ੍ਹਾਂ ਵਿੱਚ 1,000 ਬੀ. ਏ., ਬੀ. ਟੀ. ਟੀਚਰ ਐਬਜ਼ਾਰਬ ਹੋਣਗੇ । ਸਰਕਾਰ ਨੇ ਦੱਸਿਆ ਹੈ ਕਿ ਅਸੀਂ ਐਲੀਮੈਂਟਰੀ ਅਤੇ ਫਰੀ ਅਜੂਕੇਸ਼ਨ ਨੂੰ ਬੜ੍ਹਾਵਾ ਦਿਆਂਗੇ ਮਗਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਲਈ ਜੋ ਸਕੂਲ ਖੋਲ੍ਹੇ ਜਾ ਰਹੇ ਹਨ, ਉਨ੍ਹਾਂ ਦੀ ਤਾਦਾਦ ਬਹੁਤ ਘੱਟ ਹੈ ਅਤੇ ਡੀਮਾਂਡ ਬਹੁਤ ਵੱਧ ਹੈ । ਇਸ ਵੇਲੇ ਲੱਗ ਭਗ 600

ਹੋਰ ਸਕੂਲਾਂ ਦੀ ਡੀਮਾਂਡ ਹੈ ਪਰ ਇਸ ਦੇ ਮੁਕਾਬਲੇ ਵਿਚ ਬਹੁਤ ਘੱਟ ਸਕੂਲ ਖੋਲ੍ਹੇ ਜਾ ਰਹੇ ਹਨ । ਇਨ੍ਹਾਂ ਨਾਲ ਕਮੀ ਪੂਰੀ ਨਹੀਂ ਹੋਣ ਲੱਗੀ । ਦੂਸਰੇ ਪਾਸੇ ਬੇਕਾਰੀ ਦਾ ਇਹ ਹਾਲ ਹੈ ਕਿ ਲੁਧਿਆਣੇ ਵਿਚ ਵਜ਼ੀਰ ਤਾਲੀਮ ਨੇ ਦੱਸਿਆ ਕਿ 600 ਬੀ. ਏ., ਬੀ. ਐਡ. ਟੀਚਰਾਂ ਦੀਆਂ ਅਸਾਮੀਆਂ ਲਈ 16,000 ਉਮੀਦਵਾਰਾਂ ਦੀਆਂ ਅਰਜ਼ੀਆਂ ਆਈਆਂ । ਇਸੇ ਤਰ੍ਹਾਂ 2,200 ਜੇ. ਬੀ. ਟੀ. ਟੀਚਰਾਂ ਦੀਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਗਿਣਤੀ 24,000 ਤਕ ਪਹੁੰਚੀ । 5 ਸਾਲਾਂ ਵਿੱਚ 8,000 ਜੇ. ਬੀ. ਟੀ. ਅਤੇ 3,000 ਬੀ. ਏ., ਬੀ. ਟੀ. ਟੀਚਰਜ਼ ਐਬਜ਼ਰਾਬ ਹੋਣਗੇ । ਜੋ ਬਾਕੀ ਦੇ ਕਈ ਹਜ਼ਾਰ ਟਰੇਂਡ ਟੀਚਰ ਬੇਕਾਰ ਰਹਿਣਗੇ ਉਹ ਕਿਧਰ ਜਾਣਗੇ, ਪੰਜਾਬ ਵਿਚ ਉਹ ਐਬਜ਼ਾਰਬ ਨਹੀਂ ਹੋ ਸਕਦੇ, ਬਾਹਰ ਵੀ ਕਿਥੇ ਜਾ ਸਕਦੇ ਹਨ । ਇਨ੍ਹਾਂ ਪੜ੍ਹੇ ਲਿਖੇ ਲੋਕਾਂ ਵਿੱਚ ਬੇਕਾਰੀ ਨੂੰ ਦੂਰ ਕਰਨ ਦਾ ਸਰਕਾਰ ਨੇ ਯੋਜਨਾ ਵਿਚ ਕੋਈ ਪ੍ਰਬੰਧ ਨਹੀਂ ਕੀਤਾ । ਇਨ੍ਹਾਂ ਨੂੰ ਐਬਜ਼ਾਰਬ ਕਰਨ ਲਈ ਨਵੇਂ ਸਕੂਲ ਖੋਲ੍ਹਣੇ ਬਹੁਤ ਜ਼ਰੂਰੀ ਸਨ, ਜੋ ਨਹੀਂ ਖੋਲ੍ਹੇ ਜਾ ਰਹੇ । ਯੂਨੀਵਰਸਿਟੀਜ਼ ਖੋਲ੍ਹੀਆਂ, ਬੜੀ ਚੰਗੀ ਗੱਲ ਹੈ ਜੋ ਕਿ ਕਿਸੇ ਵੀ ਤਰੱਕੀ ਪਸੰਦ ਰਾਜ ਵਿੱਚ ਹੋਣੀ ਲਾਜ਼ਮੀ ਹੈ । ਲੇਕਿਨ ਇਨ੍ਹਾਂ ਵਿਚ ਪੜ੍ਹਨ ਲਈ ਬੱਚੇ ਤਾਂ ਹੀ ਹੋਣਗੇ ਅਗਰ ਪਹਿਲਾਂ ਪਰਾਇਮਰੀ ਅਤੇ ਮਿਡਲ ਦੀ ਫਰੀ ਤੇ ਕਮਪਲਸਰੀ ਐਜੂਕੇਸ਼ਨ ਹੋਵੇਗੀ । ਇਸ ਲਈ, ਨਵੇਂ ਸਕੂਲ ਜ਼ਿਆਦਾ ਤਾਦਾਦ ਵਿਚ ਖੋਲਣੇ ਚਾਹੀਦੇ ਹਨ । ਇਸ ਨਾਲ ਬੇਕਾਰ ਟੀਚਰ ਵੀ ਐਬਜ਼ਾਰਬ ਹੋ ਸਕਣਗੇ ।

ਫਿਰ, ਮੈਂ ਸਕੂਲ ਬਿਲਡਿੰਗਜ਼ ਦੀ ਗੱਲ ਕਰਨਾ ਚਾਹੁੰਦਾ ਹਾਂ । ਇਨ੍ਹਾਂ ਦੀ ਹਾਲਤ ਬੜੀ ਅਜੀਬ ਹੈ । ਪਰਾਇਮਰੀ ਸਕੂਲਾਂ ਵਿਚ ਸਿਰਫ 30.8 ਫ਼ੀ ਸਦੀ ਪਾਸ ਆਪਣੀਆਂ ਬਿਲਡਿੰਗਾਂ ਹਨ । ਇਨ੍ਹਾਂ ਵਿੱਚੋਂ ਵੀ 51 ਫ਼ੀ ਸਦੀ ਪਾਸ ਜੋ ਜਗ੍ਹਾ ਹੈ ਉਹ ਨਾਕਾਫ਼ੀ ਹੈ । 17.7 ਫ਼ੀ ਸਦੀ ਪਾਸ ਬਿਲਡਿੰਗਾਂ ਹੈ ਹੀ ਨਹੀਂ । ਯਾਨੀ ਜੇ ਧੁਪ ਹੋਵੇ ਤਾਂ ਛੁਟੀ ਤੇ ਜੇ ਬਾਰਸ਼ ਹੋਵੇ ਤਾਂ ਛੁਟੀ । ਮੈਂ ਅਰਜ਼ ਕਰਦਾ ਹਾਂ ਕਿ ਮੁਕੇਰੀਆਂ ਦਾ ਪਰਾਇਮਰੀ ਗਵਰਨਮੈਂਟ ਸਕੂਲ ਹੈ, ਉਸ ਦੀ ਹਾਲਤ ਇਹ ਹੈ ਕਿ 12 ਸੈਕਸ਼ਨ ਹਨ ਪਰ ਕਮਰੇ 6 ਹਨ ਅਤੇ ਉਥੇ 750 ਬੱਚੇ ਪੜ੍ਹਦੇ ਹਨ । ਹੁਣ ਤੁਸੀਂ ਆਪ ਅੰਦਾਜ਼ਾ ਲਗਾ ਲਉ ਕਿ ਉਨ੍ਹਾਂ ਬੱਚਿਆਂ ਦੀ ਤਾਲੀਮ ਦਾ ਕੀ ਹਾਲ ਹੋਵੇਗਾ । ਇਸੇ ਤਰ੍ਹਾਂ ਦਾ ਹਾਲ ਹੋਰ ਵੀ ਕਈ ਥਾਂ ਹੈ । ਇਸ ਲਈ, ਇਹ ਮਾਮੂਲੀ ਗੱਲ ਨਹੀਂ ਹੈ । ਇਸ ਵੱਲ ਸਰਕਾਰ ਦਾ ਫੌਰੀ ਧਿਆਨ ਜਾਣਾ ਚਾਹੀਦਾ ਹੈ ।

ਹੁਣ ਐਡਮਨਿਸਟਰੇਸ਼ਨ ਦੀ ਗੱਲ ਲਉ । ਇਸ ਵਿਚ ਰੈਡਟੇਪਇਜ਼ਮ ਬਹੁਤ ਹੈ । ਆਡੀਟਰਜ਼ ਹਰ ਥਾਂ ਹੈਡ ਆਫ ਦੀ ਇੰਸਟੀਚਿਊਸ਼ਨ ਪਾਸੋਂ ਪੈਸੇ ਲੈ ਕੇ ਗਰਾਂਟਸ ਮਨਜ਼ੂਰ ਕਰਦੇ ਹਨ ਅਤੇ ਟੀਚਰਜ਼ ਦੀਆਂ ਅਸਾਮੀਆਂ ਦੀ ਮਨਜ਼ੂਰੀ ਲਈ ਵੀ ਖੁਲ੍ਹੇ ਆਮ ਰਿਸ਼ਵਤ ਲੈਂਦੇ ਹਨ । ਸਰਕਾਰ ਤੋਂ ਸਕੂਲਾਂ ਦਾ ਇੰਤਜ਼ਾਮ ਠੀਕ ਨਹੀਂ ਕੀਤਾ ਜਾ ਰਿਹਾ । ਸਰਕਾਰ ਨੇ 647 ਪਰਾਈਵੇਟ ਸਕੂਲਾਂ ਦਾ ਇੰਤਜ਼ਾਮ ਸੰਭਾਲਿਆ ਹੈ । ਸਰਕਾਰ ਪਾਸ 7,007 ਪਰਾਇਮਰੀ ਸਕੂਲ, 797 ਮਿਡਲ ਸਕੂਲ, 513 ਹਾਈ ਸਕੂਲ ਅਤੇ 110 ਹਾਇਰ ਸੈਕੰਡਰੀ ਸਕੂਲ ਹਨ । ਸਕੂਲਾਂ ਦੀ ਤਾਦਾਦ ਪਹਿਲਾਂ ਨਾਲੋਂ ਵਧੀ ਹੈ ਪਰ ਜ਼ਿਲ੍ਹਿਆਂ ਦਾ ਸਟਾਫ ਪਹਿਲੇ ਵਾਲਾ ਹੀ, ਇਕ ਡੀ. ਈ. ਓ., ਦੋ ਡਿਪਟੀ, ਡੀ. ਈ. ਓ. ਅਤੇ ਡਿਸਟ੍ਰਿਕਟ ਦਾ ਕੁਲ ਸਟਾਫ ਹੈ 455 । ਨਤੀਜਾ ਇਹ ਹੈ ਕਿ ਇਹ ਸਟਾਫ ਇਤਨੇ ਲੰਬੇ ਚੌੜੇ ਕੰਮ ਦੀ ਸੰਭਾਲ ਨਹੀਂ ਕਰ ਸਕਦਾ । ਐਡਮਨਿਸਟਰੇਸ਼ਨ ਕਮਜ਼ੋਰ ਹੋਈ ਹੈ ਅਤੇ ਲਾਲ ਫੀਤਾ ਸ਼ਾਹੀ ਵਧੀ ਹੈ । ਮੈਂ ਇਕ ਮਿਸਾਲ ਦਿੰਦਾ ਹਾਂ । ਗਾਂਧੀ ਜਨਮ ਸ਼ਤਾਬਦੀ ਮਨਾਉਣ ਲਈ ਲੁਧਿਆਣਾ ਦੇ ਸਰਕਾਰੀ ਸਕੂਲਾਂ ਨੂੰ ਸਰਕੂਲਰ 13 ਮਾਰਚ ਨੂੰ ਮਿਲਿਆ ਜੋ ਦੋ ਅਕਤੂਬਰ ਨੂੰ ਮਨਾਉਣਾ ਸੀ, ਉਸ ਦਾ ਨੋਟਿਸ 13 ਮਾਰਚ ਨੂੰ ਗਿਆ । ਨੈਸ਼ਨਲ ਕਮੇਟੀ ਨੇ ਇਹ ਡੀ. ਪੀ. ਆਈ. ਨੂੰ 17 ਸਤੰਬਰ ਨੂੰ ਭੇਜਿਆ । ਡੀ. ਈ. ਓਜ਼. ਨੂੰ ਇਹ ਸਰਕੂਲਰ 4 ਨਵੰਬਰ ਨੂੰ ਭੇਜਿਆ ਗਿਆ ਅਤੇ ਉਥੋਂ ਸਕੂਲਾਂ ਵਿਚ 13 ਮਾਰਚ ਨੂੰ ਪਹੁੰਚਿਆ । ਇਹ ਹਾਲ ਹੈ ਰੈਡਟੇਪਇਜ਼ਮ ਦਾ । ਕੋਈ ਗੱਲ ਵਕਤ

[ਚੌਧਰੀ ਕੇਵਲ ਕ੍ਰਿਸ਼ਨ]

ਸਿਰ ਨਹੀਂ ਹੁੰਦੀ । ਇਹੀ ਗੱਲ ਰਿਸ਼ਵਤ ਦਾ ਸਾਧਨ ਬਣਦੀ ਹੈ ਜੋ ਇਸ ਵੇਲੇ ਹਰ ਥਾਂ ਚਲ ਰਹੀ ਹੈ ।

ਫਿਰ ਇਮਤਿਹਾਨਾਂ ਵਿੱਚ ਨਕਲ ਬਹੁਤ ਚਲਦੀ ਹੈ । ਇਸ ਬਾਰੇ ਬਹੁਤ ਸਾਰੇ ਸਾਥੀਆਂ ਨੇ ਰੋਸ਼ਨੀ ਪਾਈ ਹੈ ।

ਇਸ ਤੋਂ ਅਲਾਵਾ, ਆਰਜ਼ੀ ਟੀਚਰਾਂ ਦਾ ਸਵਾਲ ਹੈ । ਉਹ ਵਿਚਾਰੇ ਜ਼ਿੰਦਗੀ ਅਤੇ ਮੌਤ ਦੀ ਕਸ਼ਮਕਸ਼ ਵਿਚ ਗੋਤੇ ਖਾਂਦੇ ਰਹਿੰਦੇ ਹਨ । ਹਰ ਵੇਲੇ ਉਨ੍ਹਾਂ ਨੂੰ ਡਰ ਲੱਗਾ ਰਹਿੰਦਾ ਹੈ ਕਿ ਪਤਾ ਨਹੀਂ ਉਨ੍ਹਾਂ ਨੂੰ ਕਦੋਂ ਨੌਕਰੀ ਤੋਂ ਕਢ ਦਿਤਾ ਜਾਵੇਗਾ। ਮੈਂ ਜਾਣਦਾ ਹਾਂ ਕਿ ਵਜ਼ੀਰ ਤਾਲੀਮ ਸਮਝਦਾਰ ਹਨ ਅਤੇ ਯੋਗ ਵੀ ਹਨ, ਪਰ ਇਹ ਗੱਲ ਸਮਝ ਨਹੀਂ ਆਉਂਦੀ ਕਿ ਇਸ ਸਿਲਸਿਲੇ ਵਿਚ ਉਨ੍ਹਾਂ ਦਾ ਡਿਪਾਰਟਮੈਂਟ ਉਨ੍ਹਾਂ ਨੂੰ ਸਹਿਯੋਗ ਕਿਉਂ ਨਹੀਂ ਦਿੰਦਾ । ਇਸ ਵੇਲੇ ਪੰਜਾਬ ਵਿੱਚ ਅਨਕਨਫਰਮਡ ਟੀਚਰਜ਼ 19,321 ਹਨ । ਕੁਲ ਟੀਚਰਜ਼ ਦੀ ਗਿਣਤੀ 53,593 ਹੈ ਯਾਨੀ ਕੁਲ ਟੀਚਰਜ਼ ਦਾ 40 ਫ਼ੀ ਸਦੀ ਭਾਗ ਅਨਕਨਫਰਮਡ ਹੈ ਇਹ ਫਿਗਰਜ਼ ਇਨ੍ਹਾਂ ਹੀ ਦਿੱਤੀਆਂ ਹੋਈਆਂ ਹਨ । ਜੋ ਅਨਟਰੇਂਡ ਟੀਚਰਜ਼ ਹਨ, ਉਨ੍ਹਾਂ ਦੀ ਗਿਣਤੀ 1,076 ਹੈ । ਇਨ੍ਹਾਂ ਦੀ ਥਾਂ ਟਰੇਂਡ ਟੀਚਰ ਲਗਾਏ ਜਾ ਸਕਦੇ ਹਨ ।

ਇਕ ਗੱਲ ਮੈਂ ਹੋਰ ਕਹਿਣੀ ਹੈ । ਇਸ ਵਿੱਚ ਕਿਸੇ ਨੂੰ ਸ਼ੱਕ ਨਹੀਂ ਹੈ ਕਿ ਕਿਤੇ ਵੀ ਡਿਸਕ੍ਰਿਮੀਨੇਸ਼ਨ ਨਹੀਂ ਹੋਣੀ ਚਾਹੀਦੀ, ਖਾਸ ਕਰਕੇ ਤਾਲੀਮ ਮਹਿਕਮੇ ਵਿਚ । ਜਨਸੰਘੀ ਇਨ੍ਹਾਂ ਦੇ ਸਰਕਾਰ ਵਿਚ ਸਾਥੀ ਹਨ । ਇਨ੍ਹਾਂ ਦੇ ਅਖਬਾਰ ਨੇ ਕੱਲ੍ਹ ਦੇ ਪਰਚੇ ਵਿਚ ਲਿਖਿਆ ਹੈ ਕਿ ਇਸ ਮਹਿਕਮੇ ਵਿੱਚ ਬੜੀ ਡਿਸਕ੍ਰਿਮੀਨੇਸ਼ਨ ਹੈ । ਉਸ ਨੇ ਲਿਖਿਆ ਹੈ ਕਿ ਪੰਜਾਬੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ, ਰਜਿਸਟਰਾਰ ਅਤੇ ਜਿੰਨੇ ਹੈੱਡ ਆਫ ਦੀ ਡੀਪਾਰਮੈਂਟਸ ਹਨ, ਉਹ ਸਾਰੇ ਕੇਸ਼ਧਾਰੀ ਹਨ । ਮੈਂ ਕੇਸ਼ਧਾਰੀ ਅਤੇ ਨਾਨ-ਕੇਸ਼ਧਾਰੀ ਵਿਚ ਫਰਕ ਨਹੀਂ ਸਮਝਦਾ ਪਰ ਮੈਂ ਇਹ ਵੀ ਸਮਝਦਾ ਹਾਂ ਕਿ ਦੋਵਾਂ ਨੂੰ ਇਕੱਠੇ ਮਿਲ ਕੇ ਚਲਣਾ ਚਾਹੀਦਾ ਹੈ । ਕੋਈ ਫਰਕ ਜਾਂ ਵਿਤਕਰਾ ਨਹੀਂ ਹੋਣਾ ਚਾਹੀਦਾ। ਉਸ ਅਖਬਾਰ ਨੇ ਇਹ ਵੀ ਕਿਹਾ ਹੈ ਕਿ ਗੁਰੂ ਨਾਨਕ ਯੂਨੀਵਰਸਿਟੀ ਵਿਚ ਅਪੁਆਇੰਟਮੈਂਟਸ ਕਰਦੇ ਸਮੇਂ ਇਹ ਡਰ ਹੈ ਕਿ ਸਿਰਫ ਕੇਸ਼ਧਾਰੀਆਂ ਨੂੰ ਹੀ ਰੱਖਿਆ ਜਾਵੇ (ਵਿਘਨ) (ਘੰਟੀ) ।

ਇਕ ਗੱਲ ਮੈਂ ਇਹ ਕਹਿਣੀ ਹੈ ਕਿ ਪੰਜਾਬੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਅਤੇ ਪੰਜਾਬੀ ਦੇ ਮਜ਼ਮੂਨ ਲਾਜ਼ਮੀ ਹਨ । ਹਿੰਦੀ ਲਾਜ਼ਮੀ ਨਹੀਂ ਹੈ । ਇਸੇ ਤਰ੍ਹਾਂ ਗੁਰੂ ਨਾਨਕ ਯੂਨੀਵਰਸਿਟੀ ਵਿਚ ਵੀ ਹਿੰਦੀ ਨੂੰ ਕੋਈ ਜਗ੍ਹਾ ਨਹੀਂ ਹੈ । ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਕਿਹਾ ਸੀ ਕਿ 20 ਕਾਲਜ ਪੰਜਾਬੀ ਯੂਨੀਵਰਸਿਟੀ ਦੀ ਹੱਦ ਵਿਚ ਸ਼ਾਮਲ ਕੀਤੇ ਜਾਣਗੇ ਮਗਰ 36 ਕਾਲਜ ਹੁਣੇ ਹੀ ਸ਼ਾਮਲ ਕਰ ਦਿੱਤੇ ਗਏ ਹਨ ਅਤੇ ਚਾਰ ਜ਼ਿਲ੍ਹੇ ਪਟਿਆਲਾ, ਬਠਿੰਡਾ, ਸਗਰੂਰ ਅਤੇ ਰੋਪੜ ਇਸ ਨਾਲ ਜੋੜ ਦਿੱਤੇ ਗਏ ਹਨ, ਬਾਕੀ ਵੀ ਸ਼ਾਇਦ ਜੋੜ ਦਿਤੇ ਜਾਣ । ਗੁਰੂ ਨਾਨਕ ਯੂਨੀਵਰਸਿਟੀ ਨਾਲ 44 ਕਾਲਜ ਜੋੜਨ ਦਾ ਐਲਾਨ ਹੋ ਗਿਆ ਹੈ । ਇਸ ਤਰ੍ਹਾਂ ਇਕ ਜਿਉਂਦੀ ਜਾਗਦੀ ਯੂਨੀਵਰਸਿਟੀ ਜਿਸ ਦਾ ਪ੍ਰਭਾਵ ਹੈ, ਇਜ਼ਤ ਹੈ, ਉਸ ਵੱਲ ਧਿਆਨ ਨਹੀਂ ਦਿਤਾ । ਨਵੀਂ ਚੀਜ਼ ਬਣਨੀ ਚਾਹੀਦੀ ਹੈ, ਪਰ ਪਹਿਲਾਂ ਸਿਰਫ ਲੋਕਲ ਕਾਲਜ ਹੀ ਉਸ ਵਿਚ ਹੋਣੇ ਚਾਹੀਦੇ ਹਨ, ਰਿਹਾਇਸ਼ੀ ਯੂਨੀਵਰਸਿਟੀ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਇਕ ਬਣੀ ਬਣਾਈ ਚੀਜ਼ ਨੂੰ ਵਿਗਾੜਨਾ ਨਹੀਂ ਚਾਹੀਦਾ । ਇਸ ਨੂੰ ਖਤਮ ਕਰਨਾ ਕੋਈ ਚੰਗੀ ਗੱਲ ਨਹੀਂ ਹੈ ।

ਇਸ ਤੋਂ ਅੱਗੇ ਜ਼ਰੀਆ ਤਾਲੀਮ ਦੀ ਗੱਲ ਹੈ। ਜ਼ਰੀਆ ਤਾਲੀਮ ਦੀ ਆਜ਼ਾਦੀ ਗੌਰਮੈਂਟ ਸਕੂਲਾਂ ਵਿਚ ਨਹੀਂ। ਮੈਂ ਸਮਝਦਾ ਹਾਂ ਕਿ ਸਰਕਾਰ ਨੇ ਇਕ ਪਾਸੇ ਜਿਸ ਅਸੂਲ ਨੂੰ ਮੰਨ ਲਿਆ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ ਜ਼ਰੀਆ ਤਾਲੀਮ ਤੇ ਕੋਈ ਜ਼ਬਰ ਨਹੀਂ ਅਤੇ ਆਪਣੀ ਇੱਛਾ ਅਨੁਸਾਰ ਰਖਿਆ ਜਾ ਸਕਦਾ ਹੈ, ਪਰ ਇਹ ਆਜ਼ਾਦੀ ਕੋਈ ਮਹਨੇ ਨਹੀਂ ਰਖਦੀ। ਇਹ ਪੰਜਾਬ ਦੀ ਇਕ ਅਜਿਹੀ ਬਦਕਿਸਮਤ ਸਟੇਟ ਹੈ ਕਿ ਜਿਥੇ ਜ਼ਰੀਆ ਤਾਲੀਮ ਲਈ ਜਬਰ ਵਰਤਿਆ ਜਾਂਦਾ ਹੈ ਕਿ ਇਕ ਭਾਸ਼ਾ ਵਿਚ ਤਾਲੀਮ ਦਿਤੀ ਜਾਂਦੀ ਹੈ, ਇਹ ਨਾਮੁਨਾਸਿਬ ਗੱਲ ਹੈ। ਜਨ ਸੰਘ ਨੇ ਜਿਹੜਾ ਇਹ ਕਹਿ ਦਿਤਾ ਹੈ ਕਿ ਉਨ੍ਹਾਂ ਨੇ ਜ਼ਰੀਆ ਤਾਲੀਮ ਦੀ ਆਜ਼ਾਦੀ ਲੈ ਲਈ ਹੈ, ਇਹ ਲੋਕਾਂ ਨਾਲ ਇਕ ਭਾਰੀ ਫਰਾਡ ਕੀਤਾ ਗਿਆ ਹੈ। ਜੇਕਰ ਜਨ ਸੰਘ ਨੇ ਫਿਗਰਜ਼ ਵੇਖੀਆਂ ਹੁੰਦੀਆਂ ਤਾਂ ਉਨ੍ਹਾਂ ਨੂੰ ਪਤਾ ਲਗ ਜਾਂਦਾ ਕਿ ਕੀ ਆਜ਼ਾਦੀ ਉਨ੍ਹਾਂ ਜ਼ਰੀਆ ਤਾਲੀਮ ਵਿਚ ਲਈ ਹੈ। ਪ੍ਰਾਈਵੇਟ ਸਕੂਲ ਸਾਰੀ ਸਟੇਟ ਵਿਚ ਕੇਵਲ 647 ਹਨ ਜਿਥੇ ਕਿ ਸਰਕਾਰੀ ਸਕੂਲਾਂ ਦੀ ਗਿਣਤੀ 8,427 ਹੈ। ਹੁਣ ਸਰਕਾਰੀ ਬੈਂਚਾਂ ਤੇ ਬੈਠਣ ਵਾਲੇ ਜਨ ਸੰਘ ਵਾਲੇ ਆਪ ਹੀ ਅੰਦਾਜ਼ਾ ਲਗਾ ਲੈਣ ਕਿ ਕਿਥੇ ਤਕ ਉਨ੍ਹਾਂ ਨੇ ਜ਼ਰੀਆ ਤਾਲੀਮ ਵਿਚ ਆਜ਼ਾਦੀ ਲਈ ਹੈ। ਪ੍ਰਾਈਵੇਟ ਵਿਚੋਂ 33 ਫੀ ਸਦੀ ਸਕੂਲਾਂ ਵਿੱਚ ਜ਼ਰੀਆ ਤਾਲੀਮ ਪੰਜਾਬੀ ਹੈ। 50 ਫੀ ਸਦੀ ਸਕੂਲਾਂ ਵਿਚ ਅਪਰ ਪਰਾਇਮਰੀ ਸੈਕਸ਼ਨ ਹੀ ਨਹੀਂ। 17 ਫੀਸਦੀ ਸਕੂਲਾਂ ਵਿਚ ਪਰਾਇਮਰੀ ਸੈਕਸ਼ਨ ਨਾਲ ਹਨ। ਇਸ ਤਰ੍ਹਾਂ ਜੇਕਰ ਹਿਸਾਬ ਲਗਾ ਕੇ ਵੇਖੀਏ ਤਾਂ ਇਹ ਪਤਾ ਲਗਦਾ ਹੈ ਕਿ 113 ਸਕੂਲ ਸਿਰਫ ਰਹਿ ਜਾਂਦੇ ਹਨ, ਜਿਨ੍ਹਾਂ ਵਿੱਚ ਜ਼ਰੀਆ ਤਾਲੀਮ ਹਿੰਦੀ ਮੰਨਿਆ ਗਿਆ ਹੈ, ਸਾਰੇ ਪੰਜਾਬ ਦੇ ਪਰਾਈਵੇਟ ਸਕੂਲਾਂ ਵਿਚ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਨੇ ਕੀ ਲਿਆ ਹੈ ਅਤੇ ਕੀ ਨਹੀਂ ਲਿਆ। ਫਿਰ ਚਾਰ ਜ਼ਿਲ੍ਹਿਆਂ ਦੇ ਕਾਲਜ ਟ੍ਰਾਂਸਫਰ ਕਰ ਦਿਤੇ ਗਏ ਹਨ ਗੁਰੂ ਨਾਨਕ ਯੂਨੀਵਰਸਿਟੀ ਪਾਸ ਅਤੇ ਇਸ ਤਰ੍ਹਾਂ ਇਕ ਸਮਾਂ ਆ ਜਾਵੇਗਾ ਜਦ ਕਿ ਇੱਕ ਵੀ ਬੰਦਾ ਹਿੰਦੀ ਪੜ੍ਹਨ ਵਾਲਾ ਨਹੀਂ ਰਹੇਗਾ ਉਹ ਆਪਣੇ ਆਪ ਹੀ ਦੂਜੇ ਪਾਸੇ ਚਲੇ ਜਾਣਗੇ ਅਤੇ ਇਹ ਜ਼ਬਾਨ ਆਪਣੇ ਆਪ ਹੀ ਖਤਮ ਹੋ ਜਾਵੇਗੀ। ਜਦ ਅਸੀਂ ਜਨ ਸੰਘ ਨੂੰ ਕੋਈ ਗੱਲ ਕਹਿੰਦੇ ਹਾਂ ਤਾਂ ਇਨ੍ਹਾਂ ਨੂੰ ਮਰੋੜ ਉਠਣ ਲਗ ਪੈਂਦੇ ਹਨ, ਪਰ ਇਨ੍ਹਾਂ ਨੂੰ ਅਸਲੀਅਤ ਦਾ ਪਤਾ ਨਹੀਂ ਕਿ ਇਨ੍ਹਾਂ ਨੂੰ ਇਨ੍ਹਾਂ ਦੇ ਆਪਣੇ ਹੀ ਠੇਕੇਦਾਰਾਂ ਨੇ ਮਰਵਾ ਦੇਣਾ ਹੈ, ਜਿਸ ਤਰ੍ਹਾਂ ਠੇਕੇਦਾਰ ਸ਼ਿਖੰਡੀ ਨੇ ਭੀਸ਼ਮ ਪਿਤਾਮਾ ਨੂੰ ਮਰਵਾਇਆ ਸੀ। (ਵਿਘਨ)

Mr. Deputy Speaker : Please take your seat. I have given you enough time. (*Interruption*) Shri Gian Chand Vaid may please speak.

ਵਿੱਤ ਮੰਤਰੀ : ਤੁਸੀਂ, ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਮੈਂਬਰਾਂ ਨੂੰ ਬੋਲਣ ਲਈ ਟਾਈਮ ਦੇ ਰਹੇ ਹੋ ਜਾਂ ਤਾਂ ਹਾਊਸ ਦੇ ਟਾਈਮ ਨੂੰ ਐਕਸਟੈਂਡ ਕਰ ਦਿਓ ਕਿਉਂਕਿ ਮਨਿਸਟਰ ਨੇ ਜਵਾਬ ਦੇਣਾ ਹੈ ਅਤੇ ਨਾਰਮਲੀ ਗਿਲੋਟੀਨ ਇਕ ਵਜੇ ਲਗਣੀ ਹੈ। (ਵਿਘਨ)

Mr. Deputy Speaker : I cannot go on deciding every time as and when an hon. Minister comes in the House.

ਸ਼੍ਰੀ ਗਿਆਨ ਚੰਦ ਵੈਦ (ਦੀਨਾ ਨਗਰ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਇਨ੍ਹਾਂ ਮੰਗਾਂ ਦੇ ਬੋਲਣ ਦਾ ਵਕਤ ਦਿਤਾ ਹੈ। ਮੈਂ ਕੁਝ ਬੇਨਤੀਆਂ ਐਜੂਕੇਸ਼ਨ ਦੇ ਸਬੰਧ ਵਿਚ ਕਰਨੀਆਂ ਚਾਹੁੰਦਾ ਹਾਂ। ਸਾਡੇ ਦੇਸ਼ ਵਿੱਚ ਅਨ-ਪੜ੍ਹਤਾ ਬਹੁਤ ਹੈ। ਇਸ ਨੂੰ ਕਢਣ ਦੇ ਪੂਰੇ ਯਤਨ ਨਹੀਂ ਕੀਤੇ ਜਾ ਰਹੇ। ਸੈਂਟਰ ਦੀ ਸਰਕਾਰ ਨੇ ਜਿਹੜੇ ਯਤਨ ਕੀਤੇ ਹਨ ਉਹ ਵੀ ਪੂਰੇ ਨਹੀਂ ਹੋਏ ਅਤੇ ਰਾਜ ਵਿਚ ਅਨਪੜ੍ਹਤਾ ਦੂਰ ਕਰਨ ਦੇ

[ਸ਼੍ਰੀ ਗਿਆਨ ਚੰਦ ਵੈਦ]
ਅਤੇ ਨਿਰਅਕਸ਼ਰਤਾ ਦੂਰ ਕਰਨ ਦੇ ਉਚੇਚੇ ਤਰੀਕੇ ਵਰਤੇ ਜਾਣੇ ਚਾਹੀਦੇ ਹਨ ਅਤੇ ਪੂਰੇ ਯਤਨ ਕੀਤੇ ਜਾਣੇ ਚਾਹੀਦੇ ਹਨ। ਪ੍ਰਾਇਮਰੀ ਐਜੂਕੇਸ਼ਨ ਵਲ ਪੂਰਾ ਧਿਆਨ ਦੇ ਕੇ ਅਸੀਂ ਸਾਕਸ਼ਰਤਾ ਲਿਆ ਸਕਦੇ ਹਾਂ।

ਜਿਥੇ ਤਕ ਸਾਡੀ ਵਿਦਿਅਕ ਪ੍ਰਣਾਲੀ ਦਾ ਸਬੰਧ ਹੈ, ਇਹ ਗਲਤ ਢੰਗ ਦੀ ਹੈ ਅਤੇ ਇਸ ਵਿੱਚ ਤਬਦੀਲੀ ਦੀ ਲੋੜ ਹੈ ਕਿਉਂਕਿ ਇਹ ਬਹੁਤ ਪੁਰਾਣੀ ਬਣੀ ਹੋਈ ਹੈ। ਇਸ ਲਈ, ਇਸ ਦਾ ਕੋਈ ਲਾਭ ਨਹੀਂ ਰਿਹਾ। ਅਜ ਬੀ. ਏ., ਐਮ. ਏ. ਜਾਂ ਮੈਟ੍ਰਿਕ ਬਣ ਕੇ ਜੋ ਵਿਦਿਆਰਥੀ ਸਕੂਲ ਅਤੇ ਕਾਲਜਾਂ ਵਿੱਚੋਂ ਨਿਕਲ ਰਹੇ ਹਨ, ਇਨ੍ਹਾਂ ਨਾਲ ਬੇਕਾਰੀ ਵਿਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ। ਪੜ੍ਹੇ ਲਿਖਿਆਂ ਦੀ ਬੇਕਾਰੀ ਵਧ ਰਹੀ ਹੈ ਅਤੇ ਸਰਕਾਰ ਪਾਸ ਇੰਨੇ ਜ਼ਰੀਏ ਨਹੀਂ, ਐਨੇ ਸਾਧਨ ਨਹੀਂ ਕਿ ਉਹ ਇਨ੍ਹਾਂ ਸਾਰਿਆਂ ਬੇਰੁਜ਼ਗਾਰਾਂ ਨੂੰ ਨੌਕਰੀ ਦੇ ਸਕਣ। ਰਾਜ ਵਿਚ ਜਿਹੜੀਆਂ ਫਿਗਰਜ਼ ਬੇਕਾਰੀ ਬਾਰੇ ਹਨ, ਇਨ੍ਹਾਂ ਵਿਚ ਇੰਜੀਨੀਅਰ ਵੀ ਹਨ ਤਾਂ ਇਹ ਸੋਚਣ ਵਾਲੀ ਗੱਲ ਹੈ ਕਿ ਕਰ ਇੰਜੀਨੀਅਰ ਬਣ ਕੇ ਵੀ ਉਹ ਸਰਵਿਸ ਲਭੇ ਤਾਂ ਇਸ ਦਾ ਕੋਈ ਫਾਇਦਾ ਨਹੀਂ। ਉਸ ਨੂੰ ਆਪਣੇ ਪੈਰਾਂ ਤੇ ਆਪ ਖੜਾ ਹੋਣਾ ਚਾਹੀਦਾ ਹੈ ਅਤੇ ਕੋਈ ਕੰਮ ਧੰਦਾ ਸ਼ੁਰੂ ਕਰ ਲੈਣਾ ਚਾਹੀਦਾ ਹੈ। ਇਸੇ ਤਰ੍ਹਾਂ ਬਾਕੀ ਦੇ ਵਿਦਿਆਰਥੀ ਹਨ। ਇਸ ਲਈ, ਮੈਂ ਕਹਾਂਗਾ ਕਿ ਇਸ ਵਿਦਿਅਕ ਪ੍ਰਣਾਲੀ ਨੂੰ ਬਦਲਣ ਦੀ ਲੋੜ ਹੈ ਤਾਕਿ ਜਿਹੜਾ ਦਸਵੀਂ ਪਾਸ ਕਰੇ ਜਾਂ ਹਾਇਰ ਸੈਕੰਡਰੀ ਪਾਸ ਕਰੇ ਉਹ ਆਪਣੇ ਆਪਨੂੰ ਇਸ ਗਲ ਦੇ ਸਮਰਥ ਸਮਝੇ ਕਿ ਜੀਵਨ ਯਾਤਰਾ ਵਿਚ ਉਸ ਨੇ ਕਿਸ ਤਰ੍ਹਾਂ ਵਿਚਰਨਾ ਹੈ ਅਤੇ ਕਿਸ ਤਰ੍ਹਾਂ ਕਿਸ ਧੰਦੇ ਵਿਚ ਲਗ ਕੇ ਉਸ ਨੇ ਆਤਮ ਨਿਰਭਰ ਹੋ ਜਾਣਾ ਹੈ। ਇਸ ਤਰ੍ਹਾਂ ਦਾ ਵਿਸ਼ਵਾਸ ਵਿਦਿਆਰਥੀ ਦੇ ਮਨ ਵਿੱਚ ਤਾਂ ਹੀ ਪੈਦਾ ਹੋ ਸਕਦਾ ਹੈ, ਜੇਕਰ ਅਸੀਂ ਆਪਣੀ ਵਿਦਿਅਕ ਪ੍ਰਣਾਲੀ ਨੂੰ ਬਦਲ ਦੇਈਏ ਅਤੇ ਉਹ ਪ੍ਰਣਾਲੀ ਇਸ ਤਰ੍ਹਾਂ ਦੀ ਹੋਵੇ ਕਿ ਜਦ ਇਮਤਿਹਾਨ ਪਾਸ ਕਰ ਲਿਆ ਜਾਵੇ, ਆਤਮਨਿਰਭਰ ਹੋਇਆ ਜਾ ਸਕੇ।

ਇਕ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ 30 ਕਰੋੜ ਤੋਂ ਵਧ ਰਕਮ ਰਾਜ ਵਿੱਚ ਵਿਦਿਆ ਲਈ ਰਖੀ ਹੈ। ਪਰ ਅਫਸੋਸ ਹੈ ਕਿ ਹਰੀਜਨ ਭਲਾਈ ਲਈ ਕੇਵਲ 70 ਲਖ ਰੁਪਿਆ ਰਖਿਆ ਹੈ ਜਿਹੜਾ ਕਿ ਬਹੁਤ ਹੀ ਥੋੜ੍ਹਾ ਹੈ। ਇਹ ਘੱਟ ਤੋਂ ਘੱਟ ਇਕ ਕਰੋੜ ਹੋਣ ਚਾਹੀਦਾ ਸੀ। (ਇਕ ਮਾਨਯੋਗ ਮੈਂਬਰ : ਛਾਲ ਤਾਂ ਬੜੀ ਥੋੜ੍ਹੀ ਮਾਰੀ ਜੇ) ਇਤਨੀ ਥੋੜ੍ਹੀ ਰਕਮ ਨਾਲ ਹਰੀਜਨਾਂ ਦਾ ਸੁਧਾਰ ਨਹੀਂ ਹੋ ਸਕਦਾ। ਹਰੀਜਨਾਂ ਦੇ ਬੱਚਿਆਂ ਨੂੰ ਇਸ ਰਕਮ ਨਾਲ ਬਹੁਤਾ ਲਾਭ ਨਹੀਂ ਹੋ ਸਕੇਗਾ। ਇਸ ਲਈ ਇਸ ਨੂੰ ਜ਼ਰੂਰ ਵਧਾ ਦੇਣਾ ਚਾਹੀਦਾ ਹੈ।

ਜਿਥੋਂ ਤਕ ਹਰੀਜਨ ਵਿਦਿਆਰਥੀਆਂ ਦੇ ਵਜ਼ੀਫਿਆਂ ਦਾ ਸੰਬੰਧ ਹੈ, ਇਨ੍ਹਾਂ ਨੂੰ ਅਜੇ ਤਕ ਪਿਛਲੇ ਵਜ਼ੀਫੇ ਵੀ ਨਹੀਂ ਮਿਲੇ। ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਇਹ ਕਿਸ ਤਰ੍ਹਾਂ ਗੁਜ਼ਾਰਾ ਕਰ ਸਕਦੇ ਹਨ, ਜੇਕਰ ਵਜ਼ੀਫੇ ਵਕਤ ਸਿਰ ਨਾ ਦਿਤੇ ਜਾਣ। ਇਨ੍ਹਾਂ ਨੂੰ ਤਾਂ ਰੋਟੀ ਕਪੜਾ ਜੁਟਾਣਾ ਮੁਸ਼ਕਲ ਹੋ ਜਾਂਦਾ ਹੈ ਫੀਸਾਂ ਕਿਥੋਂ ਦੇਣ ? ਫਿਰ ਵਜ਼ੀਫੇ ਦੀ ਰਕਮ ਵੀ ਕਾਫੀ ਨਹੀਂ ਹੁੰਦੀ, ਪਰ ਕਿੰਨੇ ਦੁਖ ਦੀ ਗੱਲ ਹੈ ਕਿ ਵਕਤ ਸਿਰ ਨਹੀਂ ਮਿਲਦੇ। ਸਾਲ ਸਾਲ ਲੰਘ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਜਿਹੜੀ ਇਮਦਾਦ ਸਰਕਾਰ ਵਲੋਂ ਇਨ੍ਹਾਂ ਨੂੰ ਦਿਤੀ ਜਾਂਦੀ ਹੈ ਇਹ ਨਿਰਾਰਥਕ ਬਣ ਜਾਂਦੀ ਹੈ। ਇਸ ਲਈ, ਮੈਂ ਸਰਕਾਰ ਪਾਸ ਕਹਾਂਗਾ ਕਿ ਇਸ ਤਰ੍ਹਾਂ ਦਾ ਸਿਸਟਮ ਜਾਰੀ ਕਰ ਦੇਣ ਕਿ ਹਰ ਮਹੀਨੇ ਜਾਂ ਹਰ ਦੂਜੇ ਮਹੀਨੇ ਵਜ਼ੀਫੇ ਹਰੀਜਨ ਵਿਦਿਆਰਥੀਆਂ ਨੂੰ ਜ਼ਰੂਰ ਮਿਲ ਜਾਣੇ ਚਾਹੀਦੇ ਹਨ ਤਾਕਿ ਉਹ ਇਸ ਮਦਦ ਤੋਂ ਲਾਭ ਉਠਾ ਸਕਣ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਭਾਸ਼ਾ ਦੇ ਸਬੰਧ ਵਿੱਚ ਕੁਝ ਕਹਿਣਾ ਚਾਹੁੰਦਾ ਹਾਂ। ਬਹੁਤ ਸਾਰੇ ਸਜਣ ਹਿੰਦੀ ਦਾ ਵਿਰੋਧ ਕਰਦੇ ਹਨ ਪਰ ਮੈਂ ਤਾਂ ਇਹ ਕਹਾਂਗਾ ਪੰਜਾਬੀ ਦਾ ਵਿਕਾਸ ਨਹੀਂ ਹੋ ਸਕਦਾ, ਜਦ ਤਕ ਕਿ ਹਿੰਦੀ ਦਾ ਵਿਕਾਸ ਨਾ ਹੋਵੇ। ਹਿੰਦੀ ਇਕ ਸੰਪਰਕ ਭਾਸ਼ਾ ਹੈ ਅਤੇ ਹਿੰਦੀ ਸਹਾਇਕ ਭਾਸ਼ਾ ਹੈ। ਭਾਰਤ ਦੇ ਸੰਵਿਧਾਨ ਵਿਚ ਜਿਨ੍ਹਾਂ 14 ਬੋਲੀਆਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਇਹ ਰਾਈਜ਼ ਰਹਿਣਗੀਆਂ। ਮੈਂ ਤਾਂ ਸਾਰੀਆਂ ਨੂੰ ਹੀ ਹਿੰਦੀ ਦਾ ਰੂਪ ਸਮਝਦਾ ਹਾਂ। ਇਸ ਲਈ ਹਿੰਦੀ ਦੀ ਵਿਦਿਆ ਦਾ ਹੋਣਾ ਬਹੁਤ ਜ਼ਰੂਰੀ ਹੈ ਅਤੇ ਇਸ ਦੀ ਤਰੱਕੀ ਵੱਲ ਖਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ।

ਇਕ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਿੰਦੀ ਭਾਸ਼ਾ ਦੀ ਤਰੱਕੀ ਲਈ ਕੁਝ ਨਹੀਂ ਕੀਤਾ ਗਿਆ। ਹਿੰਦੀ ਤੋਂ ਅੰਗ੍ਰੇਜ਼ੀ ਜਾਂ ਅੰਗ੍ਰੇਜ਼ੀ ਤੋਂ ਹਿੰਦੀ ਆਦਿ ਕਰਨ ਲਈ ਟ੍ਰਾਂਸਲੇਸ਼ਨ ਵਿਭਾਗ ਕਾਇਮ ਕੀਤਾ ਹੋਇਆ ਹੈ ਅਤੇ ਇਸ ਨੂੰ ਵੀਹ ਸਾਲ ਹੋ ਗਏ ਹਨ ਕੰਮ ਕਰਦੇ ਨੂੰ, ਪਰ ਅੱਜ ਤਕ ਹਿੰਦੀ ਦੀ ਪੂਰੀ ਵੋਕੇਬੂਲਰੀ ਨਹੀਂ ਬਣੀ। ਪੰਜਾਬੀ ਪ੍ਰਦੇਸ਼ਕ ਭਾਸ਼ਾ ਹੈ ਪਰ ਹਿੰਦੀ ਨੂੰ ਕੋਈ ਸਹੂਲਤ ਨਹੀਂ ਦਿਤੀ ਗਈ ਅਤੇ ਜੇਕਰ ਸਹੂਲਤ ਨਾ ਦਿਤੀ ਗਈ ਤਾਂ ਪੰਜਾਬੀ ਵਿਕਾਸ ਨਹੀਂ ਕਰ ਸਕਦੀ। ਇਸ ਲਈ, ਮੈਂ ਆਪ ਦੇ ਰਾਹੀਂ ਇਹ ਕਹਾਂਗਾ ਕਿ ਹਿੰਦੀ ਨਾਲ ਪ੍ਰੇਮ ਕਰਨ ਅਤੇ ਇਸ ਦਾ ਵਿਰੋਧ ਨਾ ਕਰਨ। ਪੰਜਾਬੀ ਹਿੰਦੀ ਤੋਂ ਬਿਨਾਂ ਰਹਿ ਨਹੀਂ ਸਕਦੀ ਅਤੇ ਨਾ ਹੀ ਇਹ ਚਲ ਸਕਦੀ ਹੈ।

ਤਾਲੀਮ ਵਿਚ ਹਿੰਦੀ ਅਤੇ ਪੰਜਾਬੀ ਨਾਲ ਨਾਲ ਚਲ ਰਹੀਆਂ ਹਨ ਅਤੇ ਪੜ੍ਹਾਈਆਂ ਜਾ ਰਹੀਆਂ ਹਨ ਪਰ ਵੇਖਣ ਵਿਚ ਇਹ ਆਇਆ ਹੈ ਕਿ ਬਹੁਤ ਸਾਰੇ ਸ਼ਬਦ ਐਸੇ ਹਨ ਜਿਹੜੇ ਪੰਜਾਬੀ ਵਿਚ ਆਏ ਹਨ ਪਰ ਉਨ੍ਹਾਂ ਦਾ ਰੂਪ ਬਦਲ ਦਿੱਤਾ ਗਿਆ ਹੈ ਅਤੇ ਕਈ ਪੜ੍ਹੇ ਲਿਖੇ ਵਿਦਵਾਨ ਵੀ ਉਨ੍ਹਾਂ ਸ਼ਬਦਾਂ ਦਾ ਗ਼ਲਤ ਉਚਾਰਨ ਕਰਦੇ ਹਨ। ਉਤਸਾਹ ਸ਼ਬਦ ਨੂੰ ਉਤਸ਼ਾਹ ਕਹਿੰਦੇ ਹਨ ਅਤੇ ਜਿਹੜਾ ਬੱਚਾ ਪੰਜ ਸਾਲ ਦਾ ਇਸ ਸ਼ਬਦ ਦੇ ਉਚਾਰਨ ਨੂੰ ਉਤਸ਼ਾਹ ਕਹੇਗਾ ਤਾਂ ਉਹ ਗ਼ਲਤ ਹੋਵੇਗਾ ਅਤੇ ਜੇਕਰ ਉਤਸਾਹ ਕਹੇਗਾ ਤਾਂ ਵੀ ਗ਼ਲਤ ਹੋਵੇਗਾ, ਕਿਉਂਕਿ ਪੰਜਾਬੀ ਕਿਤਾਬਾਂ ਵਿਚ ਇਸ ਤਰ੍ਹਾਂ ਨਹੀਂ ਹੋਵੇਗਾ। ਇਸ ਲਈ, ਮੇਰੀ ਬੇਨਤੀ ਇਹ ਹੈ ਕਿ ਸ਼ਬਦ ਨਿਰਮਾਣ ਸਮੇਂ ਇਸ ਗੱਲ ਵਲ ਖਾਸ ਖਿਆਲ ਰਖਿਆ ਜਾਵੇ ਕਿ ਜਿਹੜੇ ਵੀ ਸ਼ਬਦ ਹਿੰਦੀ ਤੋਂ ਲਏ ਜਾਣ ਇਨ੍ਹਾਂ ਦਾ ਰੂਪ ਨਾ ਬਦ-ਲਿਆ ਜਾਵੇ ਅਤੇ ਤਤਸਮ ਹੀ ਰਹਿਣ ਦਿਤੇ ਜਾਣ ਤਦਭਵ ਨਾ ਕੀਤੇ ਜਾਣ। ਇਨ੍ਹਾਂ ਨੂੰ ਵਿਗਾੜਨ ਦਾ ਯਤਨ ਨਾ ਕੀਤਾ ਜਾਵੇ ਨਹੀਂ ਤਾਂ ਬੱਚਿਆਂ ਦੇ ਮਨਾਂ ਤੇ ਸ਼ਬਦਾਂ ਦੀ ਇਹ ਗ਼ਲਤ ਛਾਪ ਰਹਿ ਜਾਵੇਗੀ ਅਤੇ ਬੋਲੀ ਗ਼ਲਤ ਹੋ ਜਾਵੇਗੀ। ਇਕ ਸ਼ਬਦ ਲੋਪ ਹੈ ਛੁਪ ਜਾਣਾ ਪਰ ਅਸੀਂ ਇਸ ਅਰਥ ਲਈ ਸ਼ਬਦ ਅਲੋਪ ਦੀ ਵਰਤੋਂ ਕਰਦੇ ਹਾਂ ਜਿਸ ਦਾ ਭਾਵ ਬਿਲਕੁਲ ਉਲਟ ਹੋ ਜਾਂਦਾ ਹੈ 'ਅ' ਲਗਣ ਨਾਲ। ਇਸੇ ਤਰ੍ਹਾਂ ਪਰਉੜਤਾ ਦੀ ਥਾਂ ਪ੍ਰੌਤਦਾ ਵਰਤ ਰਹੇ ਹਾਂ ਇਹ ਠੀਕ ਨਹੀਂ। ਜੇਕਰ ਅਸੀਂ ਇਸ ਤਰ੍ਹਾਂ ਸ਼ਬਦਾਂ ਨੂੰ ਵਿਗਾੜਨ ਦਾ ਯਤਨ ਕਰਾਂਗੇ ਤਾਂ ਇਸ ਦਾ ਅਸਰ ਬੁਰਾ ਪਏਗਾ। ਹਿੰਦੀ ਤੇ ਸੰਸਕ੍ਰਿਤ ਦਾ ਸਬੰਧ ਅਟੁਟ ਹੈ। ਇਸ ਲਈ ਜਿੰਨੇ ਵੀ ਸ਼ਬਦ ਹਿੰਦੀ ਤੋਂ ਲਏ ਜਾਂਦੇ ਹਨ ਉਨ੍ਹਾਂ ਦਾ ਰੂਪ ਨਾ ਵਿਗਾੜਿਆ ਜਾਵੇ। ਆਦਮੀ ਗੁਲਾਮ ਬਣ ਸਕਦਾ ਹੈ ਪਰ ਭਾਸ਼ਾ ਕਿਸੇ ਦੀ ਗੁਲਾਮ ਨਹੀਂ ਬਣ ਸਕਦੀ। ਇਸ ਲਈ ਸਾਨੂੰ ਭਾਸ਼ਾ ਨੂੰ ਆਪਣੀ ਮਰਜ਼ੀ ਅਨੁਸਾਰ ਨਹੀਂ ਬਦਲਣਾ ਚਾਹੀਦਾ ਅਤੇ ਨਾ ਹੀ ਇਸ ਨੂੰ ਗੁਲਾਮ ਬਣਾਉਣਾ ਚਾਹੀਦਾ ਹੈ। ਇਸ ਲਈ, ਮੈਂ ਇਹ ਕਹਾਂਗਾ ਕਿ ਅਗਰ ਪੰਜਾਬੀ ਵਿਚ ਅੰਗ੍ਰੇਜ਼ੀ ਅਤੇ ਫਾਰਸੀ ਦੇ ਸ਼ਬਦ ਨਿਰਮਾਣ ਕਰ ਲਵਾਂਗੇ ਤਾਂ ਇਹ ਭਾਸ਼ਾ ਪਰਤੰਤਰ ਬਣ ਜਾਵੇਗੀ, ਸੁਤੰਤਰ ਨਹੀਂ ਰਹੇਗੀ। ਇਸੇ ਤਰ੍ਹਾਂ ਹਿੰਦੀ ਦੇ ਬਾਰੇ ਵਿੱਚ ਪ੍ਰਾਰਥਨਾ ਇਹ ਹੈ ਕਿ ਸਿਰਫ਼ ਸੰਸਕ੍ਰਿਤ ਵਿਚੋਂ ਹੀ ਤਤਸਮ ਰੂਪ ਦੇ ਸ਼ਬਦ ਹਿੰਦੀ ਵਿੱਚ ਲਏ ਜਾਣ ਬਾਕੀ ਦਾ ਕੋਈ

[ਸ੍ਰੀ ਗਿਆਨ ਚੰਦ ਵੇਦ]

ਫਾਇਦਾ ਨਹੀਂ। ਅੰਤ ਵਿਚ ਇਹੀ ਅਰਜ਼ ਕਰਾਂਗਾ ਕਿ ਭਾਸ਼ਾ ਨੂੰ ਸੁਤੰਤਰ ਰਖਣ ਦਾ ਯਤਨ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਕਥਨ ਸਮਾਪਤ ਕਰਦਾ ਹਾਂ।

ਸ੍ਰੀ ਡਿਪਟੀ ਸਪੀਕਰ: ਐਜੂਕੇਸ਼ਨ ਮਨਿਸਟਰ ਸਾਹਿਬ (ਵਿਘਨ) (The Education Minister may please speak now. (Interruption)

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਵਿਦਿਆ ਦੇ ਬਾਰੇ ਵਿਚ........................ (ਵਿਘਨ)

(ਇਸ ਸਮੇਂ ਦੋ ਤਿੰਨ ਮੈਂਬਰ ਬੋਲਣ ਲਈ ਖੜੇ ਹੋ ਗਏ।)

ਸਰਦਾਰ ਰਵੀਇੰਦਰ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਨੂੰ ਬੋਲਣ ਲਈ ਟਾਈਮ ਦੇਣਾ ਚਾਹੀਦਾ ਹੈ। ਤੁਸੀਂ ਅਪੋਜ਼ੀਸ਼ਨ ਵਾਲਿਆਂ ਨੂੰ ਟਾਈਮ ਦਿੱਤਾ ਹੈ।

Mr. Deputy Speaker : It was decided that one Member from the Opposition and one Member from the Treasury Benches would speak on the Demands for Grants.

(At this stage Sardar Ravi Inder Singh staged a walk-out)

ਵਿਦਿਆ ਮੰਤਰੀ (ਸਰਦਾਰ ਸੁਰਜੀਤ ਸਿੰਘ): ਡਿਪਟੀ ਸਪੀਕਰ ਸਾਹਿਬ, ਵਿਦਿਆ ਦੇ ਬਾਰੇ ਵਿਚ 30 ਕਰੋੜ 19 ਲਖ ਤੋਂ ਵਧ ਰਕਮ ਖਰਚ ਕੀਤੀ ਜਾ ਰਹੀ ਹੈ ਅਤੇ ਇਸ ਸਾਲ ਦੋ ਕਰੋੜ ਰੁਪਿਆ ਪਿਛਲੇ ਸਾਲ ਨਾਲੋਂ ਵਧ ਮੰਗਿਆ ਗਿਆ ਹੈ। ਭਾਰਤ ਵਿਚ ਸਿਰਫ ਚਾਰ ਸਟੇਟਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਬਜਟ ਦੀ ਸਾਡੀ ਪਰਸੈਂਟੇਜ ਨਾਲੋਂ ਜ਼ਿਆਦਾ ਖਰਚ ਵਿਦਿਆ ਤੇ ਕੀਤਾ ਜਾ ਰਿਹਾ ਹੈ। ਬਾਕੀਆਂ ਵਿੱਚ ਸਾਡੇ ਨਾਲੋਂ ਘਟ ਖਰਚ ਕੀਤਾ ਜਾ ਰਿਹਾ ਹੈ। ਪਰ ਕੁਝ ਸਟੇਟਸ ਐਸੀਆਂ ਵੀ ਹਨ ਜੋ ਐਜੂਕੇਸ਼ਨ ਤੇ ਸਾਡੇ ਨਾਲੋਂ ਕੁਝ ਵੱਧ ਖਰਚ ਕਰਦੀਆਂ ਹਨ। ਇਹ ਹਨ ਮਦਰਾਸ, ਮੱਧ ਪ੍ਰਦੇਸ਼, ਕੈਰੇਲਾ, ਉੜੀਸਾ, ਅਤੇ ਮੈਸੂਰ। ਭਾਵੇਂ ਜਿਤਨਾ ਵੱਧ ਤੋਂ ਵੱਧ ਅਸੀਂ ਜੋ ਐਜੂਕੇਸ਼ਨ ਤੇ ਖਰਚ ਕਰਨਾ ਚਾਹੀਏ ਤਾਂ ਅਸੀਂ ਕਰ ਸਕਦੇ ਹਾਂ ਪਰ ਇਕ ਲਿਮਟ ਮੁਕੱਰਰ ਹੈ, ਜਿਸ ਦੇ ਅੰਦਰ ਅਸੀਂ ਕੰਮ ਚਲਾਉਣਾ ਹੁੰਦਾ ਹੈ। ਮਹਿਕਮੇ ਦੇ ਪਾਸ 8,500 ਇਨਸਟੀਚਿਊਸ਼ਨਜ਼ ਹਨ ਅਤੇ 20 ਲੱਖ ਦੇ ਕਰੀਬ ਸਟੂਡੈਂਟਸ ਹਨ ਜਿਨ੍ਹਾਂ ਨੂੰ ਤਾਲੀਮ ਦੇਣੀ ਹੈ। ਇਹ ਇਕ ਬਹੁਤ ਵੱਡੇ ਵਿਕਾਸ ਵਾਲਾ ਮਹਿਕਮਾ ਹੈ। ਇਸ ਲਈ ਜਿਹੜੇ ਬਹੁਤ ਜ਼ਰੂਰੀ ਕੰਮ ਹੁੰਦੇ ਹਨ ਉਨ੍ਹਾਂ ਤੇ ਅਸੀਂ ਪੈਸਾ ਜ਼ਿਆਦਾ ਖਰਚ ਕਰਦੇ ਹਾਂ। ਮੈਨੂੰ ਖੁਸ਼ੀ ਹੈ ਕਿ ਬਹੁਤ ਸਾਰੇ ਮੈਂਬਰਜ਼ ਨੇ ਫੀਲ ਕੀਤਾ ਹੈ ਕਿ ਫੰਡਜ਼ ਇਸ ਮਹਿਕਮੇ ਲਈ ਜੋ ਪ੍ਰੋਵਾਈਡ ਕੀਤੇ ਹਨ ਥੋੜ੍ਹੇ ਹਨ ਇਹ ਜ਼ਿਆਦਾ ਹੋਣੇ ਚਾਹੀਦੇ ਹਨ, ਬਹੁਤ ਸਾਰੇ ਮੈਂਬਰਜ਼ ਨੇ ਬੋਲਦਿਆਂ ਇਹ ਗੱਲ ਕਹੀ।

ਅਸੀਂ ਪਿਛਲੇ ਸਾਲ ਤਾਲੀਮ ਦੇ ਮਹਿਕਮੇ ਵਿਚ ਹੋਰ ਵਿਕਾਸ ਕਰਨ ਲਈ ਚਾਰ ਲੈਜਿਸਲੇਸ਼ਨਜ਼ ਲਿਆਂਦੀਆਂ। ਇਨ੍ਹਾਂ ਦੇ ਵਿਚ ਇਕ Punjab Aided Schools (Security of Services) Act, 1969. ਹੈ। ਇਸ ਰਾਹੀ ਸਰਵਿਸਿਜ਼ ਸੁਰੱਖਿਅਤ ਹਨ। ਇਸੇ ਤਰ੍ਹਾਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਕਾਇਮ ਕੀਤਾ ਗਿਆ ਹੈ। ਅਤੇ ਇਸ ਦੇ ਪ੍ਰਬੰਧ ਹੇਠ ਜੋ ਵੀ ਹੁਣ ਤੱਕ ਕੰਮ ਹੋਇਆ ਹੈ ਉਹ ਬੜਾ ਹੀ ਸ਼ਲਾਘਾਯੋਗ ਹੈ। ਸਾਡੀ ਸਕੀਮ ਨੂੰ ਤਕਰੀਬਨ ਸਾਰੀਆਂ ਸਟੇਟਸ ਨੇ ਅਪਨਾਇਆ ਹੈ ਅਤੇ ਹੁਣ ਸਾਰੀਆਂ ਹੀ ਸਟੇਟਸ ਦੇ ਵਿਚ ਇਹ ਬੋਰਡਜ਼ ਕਾਇਮ ਹੋ ਗਏ ਹਨ।

ਜਿਥੇ ਤੱਕ ਸਕੂਲਜ਼ ਦੇ ਵਿੱਚ ਅਨਫੇਅਰ ਮੀਨਜ਼ ਵਰਤਣ ਦਾ ਸਵਾਲ ਹੈ, ਨਕਲ ਕਰਨ ਦਾ ਸਿਲਸਿਲਾ ਹੈ, ਇਹ ਦਿਨ ਬਦਿਨ ਵਧਦਾ ਹੀ ਜਾ ਰਿਹਾ ਹੈ। ਅਸੀਂ ਹੁਣ ਇਸ ਬੋਰਡ ਰਾਹੀਂ ਇਸ ਨੂੰ ਚੈਕ ਕਰਨ ਦੀ ਕੋਸ਼ਸ਼ ਕੀਤੀ ਹੈ ਅਤੇ ਹਾਊਸ ਨੂੰ ਮੈਨੂੰ ਇਹ ਦੱਸਣ ਵਿਚ ਖੁਸ਼ੀ ਹੈ ਕਿ ਇਸ ਪਾਸੇ ਕਾਫੀ ਹੱਦ ਤੱਕ ਚੈਕਿੰਗ ਹੋਈ ਹੈ। ਇਸ ਖਿਆਲ ਨਾਲ ਇਸ ਪਾਸੇ ਹੋਰ ਕਾਮਯਾਬੀ

ਹੋਵੇ ਅਸੀਂ ਲੋਕਾਂ ਪਾਸੋਂ ਤਜਵੀਜ਼ਾਂ ਮੰਗੀਆਂ ਹਨ । ਇਸ ਤਰ੍ਹਾਂ ਦਾ ਅਹਿਸਾਸ ਸੁਪਰਵਾਈਜ਼ਰੀ ਸਟਾਫ ਅਤੇ ਸਟੂਡੈਂਟਸ ਦੇ ਵਿਚ ਵਧਾਇਆ ਜਾ ਰਿਹਾ ਹੈ ਕਿ ਹੁਣ ਹੋਰ ਨਕਲ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ । ਇਹ ਉਹ ਮਹਿਸੂਸ ਕਰਦੇ ਹਨ ਜਿਥੇ ਕਿਤੇ ਵੀ ਲਾ ਐਂਡ ਆਰਡਰ ਦਾ ਪ੍ਰਾਬਲਮ ਕਰੀਏਟ ਹੋਇਆ, ਜਿਵੇਂ ਕਿ ਜਬਰਦਸਤੀ ਸਟੂਡੈਂਟਸ ਨੇ ਨਕਲ ਕਰਨੀ ਚਾਹੀ ਜਾਂ ਸੈਂਟਰ ਤੇ ਰੇਡ ਕਰਕੇ ਦਖਲ ਦੇਣ ਦੀ ਕੋਸ਼ਿਸ਼ ਕੀਤੀ, ਉਥੇ ਪੁਲੀਸ ਦੀ ਇਮਦਾਦ ਲਈ ਅਤੇ ਸਟੂਡੈਂਟਸ ਨੂੰ ਇਹ ਅਹਿਸਾਸ ਕਰਵਾਇਆ ਕਿ ਨਕਲ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ । ਇਸ ਪਾਸੇ ਹੁਣ ਉਤਨੀ ਸਰਗਰਮੀ ਨਹੀਂ ਹੈ । ਇਹ ਜਲਦੀ ਹੀ ਖਤਮ ਹੋ ਜਾਵੇਗੀ । ਹਰਿਆਣਾ ਸਰਕਾਰ ਨੇ 144 ਦਫਾ ਲਾਗੂ ਕੀਤੀ, ਪਰ ਇਸ ਤੋਂ ਮੈਂ ਇਹ ਸਮਝਦਾ ਹਾਂ ਕਿ ਉਸ ਦਾ ਰਿਜ਼ਲਟ ਇਹੋ ਨਿਕਲਿਆ ਕਿ ਬੱਚਿਆਂ ਤੇ ਇਸ ਦਾ ਬੁਰਾ ਅਸਰ ਪਿਆ ਹੈ, ਸਟੂਡੈਂਟਸ ਦਾ ਡਸਿਪਲਨ ਖਰਾਬ ਹੋ ਗਿਆ ਅਤੇ ਪੜ੍ਹਾਈ ਦਾ ਨੁਕਸਾਨ ਵੀ ਹੋਇਆ ।

ਚੌਧਰੀ ਬਲਬੀਰ ਸਿੰਘ ਨੇ ਟੈਕਸਟ ਬੁਕਸ ਦੇ ਬਾਰੇ ਫਰਮਾਇਆ ਸੀ, ਟੈਕਸਟ ਬੁਕਸ ਦਾ ਇਕ ਬਹੁਤ ਵੱਡਾ ਕੰਮ ਹੈ । ਅਸੀਂ ਹਾਇਰ ਸੈਕੰਡਰੀ ਅਤੇ ਦਸਵੀਂ ਜਮਾਤ ਤੱਕ ਦੀਆਂ ਟੈਕਸਟ ਬੁਕਸ ਛਪਾਉਣ ਦੀ ਕੋਸ਼ਿਸ਼ ਕੀਤੀ ਹੈ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਕਾਲਜ ਲੈਵਲ ਤੱਕ ਵੀ ਇਹ ਸਿਸਟਮ ਇੰਟਰੋਡਿਊਸ ਕਰਕੇ ਵਧਾਇਆ ਜਾਵੇ । ਅਸੀਂ ਚਾਹੁੰਦੇ ਹਾਂ ਟੈਕਸਟ ਬੁਕਸ ਦੇ ਸਿਲਸਿਲੇ ਵਿੱਚ ਜੋ ਕੁਰੱਪਸ਼ਨ ਹੈ, ਬੱਚਿਆਂ ਨੂੰ ਵਕਤ ਸਿਰ ਅਤੇ ਅੱਛੀਆਂ ਕਿਤਾਬਾਂ ਮਿਲਣ ਇਸ ਦੇ ਬਾਰੇ ਐਜੂਕੇਸ਼ਨ ਬੋਰਡ ਬੜੀ ਤਨਦੇਹੀ ਨਾਲ ਕੰਮ ਕਰ ਰਿਹਾ ਹੈ । ਸਕੂਲ ਬੋਰਡ ਦੇ ਪਾਸ ਐਸੀਆਂ ਕਿਤਾਬਾਂ ਵੀ ਨਜ਼ਰ ਵਿਚ ਆਈਆਂ ਜਿਨ੍ਹਾਂ ਦੇ ਵਿਚ ਬਹੁਤ ਗਲਤੀਆਂ ਸਨ, ਸਾਡੇ ਵੱਲੋਂ ਉਨ੍ਹਾਂ ਵਿੱਚ ਦਰੁਸਤੀ ਕਰਨ ਦੀ ਰਿਕੁਮੈਂਡੇਸ਼ਨ ਕੀਤੀ ਗਈ ਸੀ । ਬਹੁਤ ਹੱਦ ਤੱਕ ਇਹ ਗਲਤੀਆਂ ਦਰੁਸਤ ਕਰਵਾਈਆਂ ਜਾ ਚੁਕੀਆਂ ਹਨ ਅਤੇ ਸੋਧ ਤੋਂ ਬਾਅਦ ਹੀ ਇਹ ਬੱਚਿਆਂ ਨੂੰ ਇਸ਼ੂ ਹੁੰਦੀਆਂ ਹਨ । ਇਹ ਇਤਰਾਜ਼ ਵੀ ਕੁਝ ਮੈਂਬਰ ਸਾਹਿਬਾਨ ਨੇ ਕੀਤਾ ਹੈ ਕਿ ਟੈਕਸਟ ਬੁਕਸ ਦੇ ਮੁਆਮਲੇ ਵਿਚ ਬਲੈਕ ਬਹੁਤ ਚਲਦੀ ਹੈ । ਬੱਚਿਆਂ ਨੂੰ ਵਕਤ ਸਿਰ ਕਿਤਾਬਾਂ ਨਹੀਂ ਮਿਲਦੀਆਂ । ਅਸੀਂ ਹੁਣ ਇਹ ਪ੍ਰਬੰਧ ਕੀਤਾ ਹੈ ਕਿ ਕਿਤਾਬਾਂ ਦੀ ਸਪਲਾਈ ਵਕਤ ਸਿਰ ਹੋਵੇ ਤਾਂ ਜੋ ਬਲੈਕ ਦਾ ਇਮਕਾਨ ਹੀ ਨਾ ਰਹੇ ।

ਚੌਧਰੀ ਬਲਬੀਰ ਸਿੰਘ ਹੋਰਾਂ ਵੱਲੋਂ ਛੁਟੀਆਂ ਦੇ ਮੁਤੱਲਿਕ ਵੀ ਜ਼ਿਕਰ ਕੀਤਾ ਗਿਆ ਕਿ ਇਸ ਮਹਿਕਮੇ ਵਿਚ ਛੁਟੀਆਂ ਬਹੁਤ ਹੁੰਦੀਆਂ ਹਨ । ਇਸ ਮਹਿਕਮੇ ਵਿਚ ਠੀਕ ਹੈ ਬਹੁਤ ਜ਼ਿਆਦਾ ਛੁਟੀਆਂ ਹੁੰਦੀਆਂ ਹਨ । ਇਹ ਉਨ੍ਹਾਂ ਦਾ ਇਕ ਅੱਛਾ ਸੁਝਾਉ ਹੈ ਅਸੀਂ ਕੋਸ਼ਿਸ਼ ਕਰਾਂਗੇ ਜੇ ਛੁਟੀਆਂ ਦੇ ਵਿਚ ਕਿਸੇ ਹੱਦ ਤੱਕ ਕਮੀ ਹੋ ਸਕੀ ਤਾਂ ਜ਼ਰੂਰ ਕੀਤੀ ਜਾਵੇਗੀ ।

ਇਥੇ ਕੁਝ ਚਰਚਾ ਗੁਰੂ ਨਾਨਕ ਯੂਨੀਵਰਸਿਟੀ ਦੀ ਵੀ ਹੋਈ । ਇਹ ਠੀਕ ਹੈ ਕਿ ਜਦੋਂ ਬਣੀ ਸੀ ਉਸ ਵੇਲੇ ਕੋਈ ਖਾਸ ਕੰਮ ਨਹੀਂ ਸੀ । ਪਰ ਹੁਣ 46 ਕਾਲਜਿਜ਼ ਇਸ ਯੂਨੀਵਰਸਿਟੀ ਨਾਲ ਹੋਰ ਐਫਲੀਏਟ ਹੋ ਗਏ ਹਨ ਇਨ੍ਹਾਂ ਦੇ ਕੰਮ ਦਾ ਫੀਲਡ ਹੋਰ ਵੀ ਜ਼ਿਆਦਾ ਵੱਧ ਗਿਆ ਹੈ ।

ਇਥੇ ਕੈਪਟਨ ਰਤਨ ਸਿੰਘ ਨੇ ਬੋਲਦਿਆਂ ਕਿਹਾ ਸੀ ਕਿ ਪੰਜਾਬ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਨੂੰ ਥਰਾਟਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਮੈਂ ਅਰਜ਼ ਕਰਾਂਗਾ ਕਿ ਐਸੀ ਕੋਈ ਥਰਾਟਲ ਕਰਨ ਵਾਲੀ ਗੱਲ ਨਹੀਂ ਹੈ । ਅਸੀਂ ਹਮੇਸ਼ਾਂ ਤੋਂ ਹੀ ਪੰਜਾਬ ਯੂਨੀਵਰਸਿਟੀ ਨੂੰ ਆਪਣੀ ਯੂਨੀਵਰਸਿਟੀ ਸਮਝਦੇ ਰਹੇ ਹਾਂ ਪਰ ਚੰਡੀਗੜ੍ਹ ਦੇ ਫੈਸਲੇ ਤੋਂ ਬਾਅਦ ਕਿਸੇ ਦੀਆਂ ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ । ਮਾਰਚ 1969 ਤੋਂ ਲੈ ਕੇ ਅਸੀਂ ਇਸ ਯੂਨੀਵਰਸਿਟੀ ਤੇ ਕੋਈ 40 ਲੱਖ ਰੁਪਿਆ ਖਰਚ ਕੀਤਾ ਹੈ ।

Sardar Umrao Singh : I would like to seek information from the hon. Minister for Education. I would like to know whether the views of the Punjab University or the University Grants Commission or the Education Ministry, Government of India, were taken before the issue of Notification regarding the jurisdiction of the Guru Nanak University, Amritsar.

Mr. Deputy Speaker : The hon. Minister need not give this information, as the hon. Member has sought this information without my permission.

Sardar Umrao Singh : Sir, I sought your permission.

Mr. Deputy Speaker But I did not give my permission.

चौधरी बलबीर सिंह : व्यवस्था का प्रश्न । मैं यह अर्ज करूंगा कि अगर बोलने वाला give way कर दे तो आपकी इजाजत की जरूरत नहीं होती ।

Mr. Deputy Speaker : He did not give way.

Chaudhri Balbir Singh: But he stopped speaking.

Minister for Education: I stopped speaking because of interruption and disturbance in the House.

Mr. Deputy Speaker : These are good manners.

ਵਿਦਿਆ ਮੰਤਰੀ : ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਯੂਨੀਵਰਸਿਟੀ ਇਕ ਅਨਵੀਲਡਿੱਡ ਯੂਨੀਵਰਸਿਟੀ ਹੈ। ਇਸ ਦੇ ਪਾਸ 193 ਤੋਂ ਵਧ ਕਾਲਜਿਜ਼ ਹਨ ਅਤੇ $1\frac{1}{2}$ ਲੱਖ ਤੋਂ ਜ਼ਿਆਦਾ ਸਟੂਡੈਂਟਸ ਤਾਲੀਮ ਪਾ ਰਹੇ ਹਨ। ਇਕ ਯੂਨੀਵਰਸਿਟੀ ਦੇ ਲਈ 50 ਕਾਲਜਿਜ਼ ਅਤੇ 45 ਹਜ਼ਾਰ ਤੋਂ ਵਧ ਸਟੂਡੈਂਟਸ ਨਹੀਂ ਹੋਣੇ ਚਾਹੀਦੇ ਹਨ। ਇਸ ਵਿਚੋਂ ਪੰਜਾਬੀ ਯੂਨੀਵਰਸਿਟੀ ਬਣਾਈ ਗਈ, ਲੁਧਿਆਣਾ ਯੂਨੀਵਰਸਿਟੀ ਹੈ, ਜਿਸ ਵਿੱਚ 50 ਕਾਲਜਿਜ਼ ਹਨ ਅਤੇ 42 ਹਜ਼ਾਰ ਦੇ ਕਰੀਬ ਸਟੂਡੈਂਟਸ ਹਨ। ਇਸੇ ਤਰ੍ਹਾਂ ਗੁਰੂ ਨਾਨਕ ਯੂਨੀਵਰਸਿਟੀ ਵਿੱਚ 46 ਕਾਲਜਿਜ਼ ਹਨ ਅਤੇ ਸਟੂਡੈਂਟਸ ਦੀ ਤਾਦਾਦ $37\frac{1}{4}$ ਹਜ਼ਾਰ ਦੇ ਕਰੀਬ ਬਣਦੀ ਹੈ । ਪਰ ਪੰਜਾਬ ਯੂਨੀਵਰਸਿਟੀ ਦੇ ਨਾਲ ਇਸ ਵੇਲੇ ਚੰਡੀਗੜ੍ਹ ਦੇ ਕਾਲਜ ਮਿਲਾ ਕੇ ਜੇ ਹਰਿਆਣਾ ਅਤੇ ਹਿਮਾਚਲ ਇਸ ਨੂੰ ਛੱਡ ਵੀ ਜਾਣ ਤਾਂ ਵੀ 55 ਕਾਲਜ ਰਹਿ ਜਾਣਗੇ ਅਤੇ ਵਿਦਿਆਰਥੀਆਂ ਦੀ ਗਿਣਤੀ 43,700 ਹੋਵੇਗੀ ਇਸ ਤਰ੍ਹਾਂ ਇਹ ਯੂਨੀਵਰਸਿਟੀ ਫਿਰ ਵੀ ਬਾਕੀ ਦੀਆਂ ਯੂਨੀਵਰਸਿਟੀਆਂ ਤੋਂ ਵੱਡੀ ਹੋਵੇਗੀ । ਇਸ ਕਰਕੇ ਇਸ ਦੀ ਇੰਪੋਰਟੈਂਸ ਘਟ ਨਹੀਂ ਹੋਵੇਗੀ। ਫਿਰ, ਅਸੀਂ ਇਸ ਯੂਨੀਵਰਸਿਟੀ ਦੀ ਇੰਪੋਰਟੈਂਸ ਘਟਣ ਨਹੀਂ ਦਿਆਂਗੇ, ਕਿਉਂਕਿ ਸਾਨੂੰ ਪਤਾ ਹੈ ਕਿ ਇਸ ਯੂਨੀਵਰਸਿਟੀ ਦਾ ਕੈਂਪਸ ਬੜੀ ਮਿਹਨਤ ਨਾਲ ਬਣਾਇਆ ਗਿਆ ਹੈ ਅਤੇ ਸਾਰੇ ਹਿੰਦੁਸਤਾਨ ਦੀਆਂ ਯੂਨੀਵਰਸਿਟੀਆਂ ਤੋਂ ਚੰਗਾ ਹੈ । (ਤਾੜੀਆਂ) ਸਾਨੂੰ ਤਾਂ ਇਹ ਪਤਾ ਲਗਾ ਹੈ ਕਿ ਸਾਰੇ ਕਾਮਨਵੈਲਥ ਦੇ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਦੇ ਕੈਂਪਸ ਨਾਲੋਂ ਪੰਜਾਬ ਯੂਨੀਵਰਸਿਟੀ ਦਾ ਕੈਂਪਸ ਵਧੀਆ ਹੈ।

Mr. Deputy Speaker: How much more time would you take ?

Minister for Education : I will take 10 minutes more.

Mr. Deputy Speaker : You have already taken 10 minutes.

Minister for Education I would like to take 10 minutes more, Sir.

Sardar Ravi Inder Singh : Sir, I was also promised that I would get 10 minutes.

Mr. Deputy Speaker : I said that your party would get 10 minutes.

ਵਿਦਿਆ ਮੰਤਰੀ : ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਅਸੀਂ ਕਾਲਜ ਆਪਣੇ ਅਧਿਕਾਰ ਹੇਠ ਨਹੀਂ ਲੈਂਦੇ। ਡਿਪਟੀ ਸਪੀਕਰ ਸਾਹਿਬ, ਅਸੀਂ ਦੋ ਕਾਲਜ ਇਕ ਪੱਟੀ ਦਾ ਅਤੇ ਦੂਸਰਾ ਕਰਮਸਰ ਦਾ ਆਪਣੇ ਅਧਿਕਾਰ ਹੇਠ ਲਏ ਹਨ। ਪੱਟੀ ਵਿੱਚ ਬਿਲਡਿੰਗ ਬਣਾਉਣ

ਲਈ ਇਸ ਸਾਲ ਗ੍ਰਾਂਟ ਦਿੱਤੀ ਗਈ ਹੈ ਅਤੇ ਬਾਕੀ ਦੀ ਗ੍ਰਾਂਟ ਅਗਲੇ ਸਾਲ ਦਿੱਤੀ ਜਾਵੇਗੀ। ਕਰਮਸਰ ਦੀ ਕਾਲਜ ਦੀ ਬਿਲਡਿੰਗ ਬਣੀ ਹੋਈ ਹੈ। ਇਨ੍ਹਾਂ ਦੋਹਾਂ ਕਾਲਜਾਂ ਨੂੰ ਅਸੀਂ ਸਾਈਡ ਬਾਈ ਸਾਈਡ ਰੱਨ ਕਰ ਰਹੇ ਹਾਂ। ਇਸ ਦੇ ਨਾਲ ਹੀ ਮੁਕਤਸਰ ਵਿਚ ਕਾਲਜ ਦੀ ਨਵੀਂ ਬਿਲਡਿੰਗ ਬਣਾਈ ਜਾ ਰਹੀ ਹੈ। ਇਸ ਦੇ ਲਈ, ਇਸ ਸਾਲ 5 ਲੱਖ ਰੁਪਏ ਖਰਚੇ ਗਏ ਹਨ। ਇਸੀ ਤਰ੍ਹਾਂ ਟਾਂਡੇ ਵਿਚ ਕਾਲਜ ਲਈ ਬਿਲਡਿੰਗ ਦੀ ਲੋੜ ਹੈ, ਇਸ ਲਈ ਅਗਲੇ ਸਾਲ ਵਿੱਚ ਰੁਪਿਆ ਸੈਂਕਸ਼ਨ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਦੇਸ਼ ਦੀ ਤਰੱਕੀ ਦੇ ਲਈ ਸਾਇੰਸ ਦੀ ਨਾਲਜ ਹੋਣੀ ਜ਼ਰੂਰੀ ਹੈ। ਇਸ ਗੱਲ ਨੂੰ ਮੁੱਖ ਰਖਦੇ ਹੋਏ ਅਸੀਂ ਪ੍ਰਾਇਮਰੀ ਸਕੂਲ ਤੋਂ ਹੀ ਵਿਦਿਆ ਦੇ ਸਿਸਟਮ ਵਿਚ ਪ੍ਰੀਵਰਤਨ ਲਿਆ ਰਹੇ ਹਾਂ। ਸਾਇੰਸ ਦੇ ਲਈ ਇੰਸਟਰੂਮੈਂਟਸ ਦੀ ਬਹੁਤ ਲੋੜ ਹੁੰਦੀ ਹੈ, ਅਤੇ ਸਾਰੇ ਸਕੂਲਾਂ ਨੂੰ ਇਹ ਨਹੀਂ ਦਿਤੇ ਜਾ ਸਕਦੇ। ਇਸ ਲਈ, ਸਾਰੇ ਰਾਜ ਵਿਚ 180 ਪ੍ਰਾਇਮਰੀ ਸਕੂਲ ਅਜਿਹੇ ਸੀਲੈਕਟ ਕਰ ਲਏ ਗਏ ਹਨ ਜਿਨ੍ਹਾਂ ਨੂੰ ਸਾਇੰਸ ਦੇ ਜ਼ਰੂਰੀ ਇੰਸ-ਟਰੂਮੈਂਟਸ ਨਾਲ ਇਕਵਿਪਡ ਕਰ ਦਿਤਾ ਜਾਵੇਗਾ ਅਤੇ ਉਥੇ ਐਕਸਪੈਰੀਮੈਂਟ ਦੇ ਤੌਰ ਤੇ ਛੋਟੇ ਬੱਚਿਆਂ ਨੂੰ ਸਾਇੰਸ ਦੀ ਨਾਲਜ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਅਸੀਂ 160 ਮਿਡਲ ਸਕੂਲ ਸੀਲੈਕਟ ਕੀਤੇ ਹਨ ਅਤੇ ਹਰ ਇਕ ਸਕੂਲ ਨੂੰ 2,500 ਰੁਪਏ ਦੇ ਇਕਵਿਪਮੈਂਟਸ ਦੇ ਰਹੇ ਹਾਂ। ਇਸ ਦੇ ਨਾਲ ਸੂਬੇ ਦੇ ਵਿਚ ਸਾਇੰਸ ਦੀ ਪੜ੍ਹਾਈ ਚੰਗੀ ਹੋ ਸਕੇਗੀ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ ਰਾਜ ਵਿੱਚ ਸਕੂਲਾਂ ਦੀਆਂ ਬਿਲਡਿੰਗਾਂ ਦੀ ਬਹੁਤ ਥੁੜ ਹੈ। ਸਰਕਾਰ ਆਪ ਹੀ ਮਹਿਸੂਸ ਕਰਦੀ ਹੈ ਕਿ ਬਿਲਡਿੰਗਾਂ ਦਾ ਬਹੁਤ ਤੋੜਾ ਹੈ। ਇਸ ਪਾਸੇ ਵਲ ਪਹਿਲਾਂ ਮੁਨਾਸਬ ਤਵੱਜੋ ਨਹੀਂ ਦਿਤੀ ਗਈ ਸੀ। ਹਾਲ ਦੀ ਘੜੀ ਇਸ ਤੋੜੇ ਨੂੰ ਦੂਰ ਕਰਨ ਲਈ ਸਰਕਾਰ ਨੇ ਚੀਪ ਸ਼ੈਡ ਬਣਾਏ ਹਨ, ਜਿਨ੍ਹਾਂ ਦੀ ਕੀਮਤ 2,500 ਰੁਪਏ ਫੀ ਸ਼ੈਡ ਹੈ। ਇਸ ਦੇ ਨਾਲ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੀਆਂ ਬਿਲਡਿੰਗਾਂ ਦਾ ਘਾਟਾ ਕਾਫ਼ੀ ਹੱਦ ਤਕ ਦੂਰ ਹੋ ਜਾਵੇਗਾ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਸਕੂਲਾਂ ਨੂੰ ਅਪਗਰੇਡ ਕਰਨ ਦੀ ਗੱਲ ਕੀਤੀ ਗਈ ਹੈ। ਇਸ ਦੇ ਬਾਰੇ ਮੈਂ ਅਰਜ਼ ਕਰਾਂ ਕਿ ਇਸ ਵੇਲੇ ਲਗ ਭਗ 6 ਸੌ ਅਰਜ਼ੀਆਂ ਹਨ ਜਿਨ੍ਹਾਂ ਦੇ ਵਿਚ ਸਕੂਲਾਂ ਨੂੰ ਅਪਗਰੇਡ ਕਰਨੇ ਦੀ ਮੰਗ ਕੀਤੀ ਗਈ ਹੈ। ਪਰ ਅਸੀਂ ਇਸ ਬਜਟ ਦੇ ਵਿਚ 80 ਸਕੂਲਾਂ ਨੂੰ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਜਾਂ ਹਾਇਰ ਸੈਕੰਡਰੀ ਬਣਾਉਣ ਦੀ ਪ੍ਰੋਵੀਜ਼ਨ ਕੀਤੀ ਹੈ। ਇਸ ਦੇ ਨਾਲੋਂ ਵਧ ਪ੍ਰੋਵੀਜ਼ਨ ਜੇ ਕੀਤੀ ਜਾਂਦੀ ਤਾਂ ਬਜਟ ਇੰਬੈਲੰਸਡ ਹੋ ਜਾਂਦਾ। ਜਿਵੇਂ ਕਿ ਮੈਂ ਇਥੇ ਇਕ ਸਵਾਲ ਦੇ ਜਵਾਬ ਦੇਂਦੇ ਹੋਏ ਵੀ ਦੱਸਿਆ ਸੀ ਕਿ ਕਈਆਂ ਸਕੂਲਾਂ ਦੇ ਵਿੱਚ ਸਟਾਫ਼ ਪੂਰਾ ਨਹੀਂ ਹੈ। ਇਸ ਲਈ, ਕੇਵਲ ਉਥੇ ਹੀ ਸਕੂਲ ਅਪਗਰੇਡ ਕੀਤੇ ਜਾਣੇ ਚਾਹੀਦੇ ਹਨ ਜਿਥੇ ਕਿ ਪੂਰਾ ਪੂਰਾ ਸਟਾਫ ਭੇਜਿਆ ਜਾ ਸਕੇ ਨਹੀਂ ਤਾਂ ਉਨ੍ਹਾਂ ਨੂੰ ਅਪਗਰੇਡ ਕਰਨ ਦਾ ਕੋਈ ਫ਼ਾਇਦਾ ਨਹੀਂ ਹੈ।

ਫ਼ਿਰ, ਡਿਪਟੀ ਸਪੀਕਰ ਸਾਹਿਬ, 80 ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਸਾਡਾ ਨਿਸ਼ਾਨਾ 71 ਫੀ ਸਦੀ ਬੱਚਿਆਂ ਨੂੰ ਐਜੂਕੇਸ਼ਨ ਦੇਣ ਦਾ ਪੂਰਾ ਹੋ ਜਾਂਦਾ ਹੈ। ਪਿਛਲੇ ਸਾਲ ਇਹ 68 ਫੀ ਸਦੀ ਸੀ। ਹੁਣ ਇਹ 80 ਸਕੂਲ ਖੋਲ੍ਹਣ ਦੇ ਨਾਲ ਇਹ ਗਿਣਤੀ 71% ਹੋ ਜਾਣ ਦੀ ਆਸ ਹੈ।

[ਵਿਦਿਆ ਮੰਤਰੀ]

ਫਿਰ ਇਥੇ ਕਈ ਮੈਂਬਰਾਂ ਨੇ ਕਿਹਾ ਹੈ ਕਿ ਸਕੂਲਾਂ ਦੀਆਂ ਬਿਲਡਿੰਗਾਂ ਦੀਆਂ ਮੁਰੰਮਤਾਂ ਕਰ- ਵਾਉਣ ਲਈ ਇੱਕ ਵਖਰਾ ਕੰਸਟਰਕਸ਼ਨ ਦਾ ਸੈਲ ਖੋਲ੍ਹਣਾ ਚਾਹੀਦਾ ਹੈ। ਮੈਂ ਆਪ ਇਸ ਮੰਗ ਦੇ ਨਾਲ ਸਹਿਮਤ ਹਾਂ ਅਤੇ ਸਰਕਾਰ ਅਜਿਹਾ ਸੈਲ ਕਾਇਮ ਕਰਨ ਦੀ ਸੋਚ ਰਹੀ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਟਰਾਂਸਫਰਜ਼ ਕਰਨ ਦੀ ਪਾਲਿਸੀ ਬਾਰੇ ਗੱਲ ਕੀਤੀ ਗਈ ਹੈ। ਇਸ ਬਾਰੇ ਮੈਂ ਅਰਜ਼ ਕਰਾਂ ਕਿ ਨਵੀਂ ਪਾਲਿਸੀ ਬਣ ਰਹੀ ਹੈ। ਉਸ ਵਿਚ ਰਹਿੰਦੀਆਂ ਕਮੀਆਂ ਦਾ ਸੁਧਾਰ ਕਰ ਦਿਤਾ ਗਿਆ ਹੈ। ਹੁਣ ਜਿਹੜੀਆਂ ਮਿਡ ਟਰਮ ਟਰਾਂਸਫਰਜ਼ ਕਰਨੀਆਂ ਪੈਂਦੀਆਂ ਹਨ, ਉਹ ਨਹੀਂ ਕਰਨੀਆਂ ਪੈਣਗੀਆਂ । ਮੈਂ ਮੈਂਬਰ ਸਾਹਿ- ਬਾਨ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਇਸ ਪਾਲਿਸੀ ਤੇ ਦ੍ਰਿੜ੍ਹਤਾ ਨਾਲ ਅਮਲ ਕੀਤਾ ਜਾਵੇਗਾ । ਇਸ ਦੇ ਨਾਲ ਹੀ ਮੈਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਟੀਚਰਾਂ ਨੂੰ ਉਨ੍ਹਾਂ ਦੇ ਘਰਾਂ ਦੇ ਵਿਚ ਪੋਸਟ ਕਰਨ ਦਾ ਜਿਹੜਾ ਤਜਰਬਾ ਸੀ, ਉਹ ਕੋਈ ਚੰਗਾ ਨਹੀਂ ਰਿਹਾ। ਇਸ ਲਈ ਇਸ ਨੂੰ ਬੰਦ ਕਰ ਦਿਤਾ ਜਾਵੇਗਾ।

ਫਿਰ ਕਈ ਮੈਂਬਰ ਸਾਹਿਬਾਨ ਨੇ ਕਿਹਾ ਹੈ ਜਿਹੜੀ ਗ੍ਰਾਂਟ ਦਿੱਤੀ ਜਾਂਦੀ ਹੈ ਇਹ ਠੀਕ ਵਕਤ ਤੇ ਨਹੀਂ ਮਿਲਦੀ। ਮੈਂ ਇਸ ਦੇ ਬਾਰੇ ਅਰਜ਼ ਕਰਦਾ ਹਾਂ ਕਿ ਅਸੀਂ ਤਿੰਨ ਮਹੀਨੇ ਦੀ ਗ੍ਰਾਂਟ ਪੇਸ਼ਗੀ ਰੀਲੀਜ਼ ਕਰ ਦਿਤੀ ਹੈ। ਇਸ ਸਾਲ ਸ਼ਿਕਾਇਤਾਂ ਇਸ ਬਾਰੇ ਬਹੁਤ ਘਟ ਆਈਆਂ ਹਨ। ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਸਾਲ ਸਾਰੀਆਂ ਗ੍ਰਾਂਟਾਂ ਠੀਕ ਵਕਤ ਤੇ ਰਿਲੀਜ਼ ਹੋ ਜਾਣ।

ਫਿਰ ਇਥੇ ਹਰੀਜਨਾਂ ਦੇ ਵਜ਼ੀਫਿਆਂ ਦੇ ਬਾਰੇ ਕਿਹਾ ਗਿਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਸ ਦੇ ਲਈ ਬਜਟ ਦੇ ਵਿਚ 78 ਲੱਖ ਰੁਪਿਆ ਰਖਿਆ ਗਿਆ ਹੈ। ਕੁਝ ਮੈਂਬਰਾਂ ਨੇ ਇਹ ਮੰਗ ਕੀਤੀ ਹੈ ਕਿ ਇਕ ਸਰਕੂਲਰ ਜਾਰੀ ਕੀਤਾ ਜਾਵੇ ਕਿ ਇਹ ਵਜ਼ੀਫਿਆਂ ਦੀ ਰਕਮ ਹਰ ਹਰੀਜਨ ਵਿਦਿਆਰਥੀ ਨੂੰ ਠੀਕ ਟਾਈਮ ਤੇ ਮਿਲ ਜਾਵੇ। ਮੈਂ ਸਮਝਦਾ ਹਾਂ ਕਿ ਕਿਸੇ ਹੱਦ ਤੱਕ ਉਨ੍ਹਾਂ ਦੀ ਇਹ ਸ਼ਿਕਾਇਤ ਠੀਕ ਹੈ ਕਿ ਉਨ੍ਹਾਂ ਨੂੰ ਇਹ ਵਜ਼ੀਫਿਆਂ ਦੀ ਰਕਮ ਠੀਕ ਵਕਤ ਤੇ ਨਹੀਂ ਮਿਲਦੀ। ਪਰ, ਮੈਂ ਯਕੀਨ ਦਿਵਾਉਂਦਾ ਹਾਂ ਕਿ ਇਹ ਸ਼ਿਕਾਇਤ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਬਾਰਡਰ ਏਰੀਏ ਦੇ ਮੁਤੱਲਕ ਕੁਝ ਕਿਹਾ ਗਿਆ ਹੈ। ਮੈਂ ਇਸ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ 6 ਲਖ ਰੁਪਏ ਦੀ ਲਾਗਤ ਦੇ 40 ਨਵੇਂ ਪ੍ਰਾਇਮਰੀ ਸਕੂਲ ਬਾਰਡਰ ਦੇ ਏਰੀਏ ਵਿੱਚ ਖੋਲ੍ਹੇ ਜਾ ਰਹੇ ਹਨ। 4 ਹਾਈ ਸਕੂਲ ਉਸ ਏਰੀਏ ਵਿੱਚ ਬਣਾਏ ਜਾ ਰਹੇ ਹਨ। ਫਿਰ ਦੂਸਰੀ ਗੱਲ ਇਹ ਹੈ ਕਿ ਬਾਰਡਰ ਦੇ ਏਰੀਏ ਦਾ ਇਕ ਕਾਲਜ ਪੱਟੀ ਦਾ, ਸਰਕਾਰ ਨੇ ਪਹਿਲਾਂ ਹੀ ਟੇਕ ਓਵਰ ਕਰ ਲਿਆ ਹੈ। ਉਸ ਦੀ ਬਿਲਡਿੰਗ ਬਣਾਉਣ ਲਈ 2 ਲੱਖ ਦੀ ਗ੍ਰਾਂਟ ਇਸ ਸਾਲ ਦਿਤੀ ਗਈ ਹੈ। ਬਾਕੀ ਅਗਲੇ ਸਾਲ ਦਿਤੀ ਜਾਵੇਗੀ। ਇਸ ਤੋਂ ਬਿਨਾਂ ਕੁਝ ਉਹ ਇਲਕਾ ਹੈ ਜਿਸ ਦਾ ਬਾਰਡਰ ਹਿਮਾਚਲ ਦੇ ਨਾਲ ਮਿਲਦਾ ਹੈ ਜਿਵੇਂ ਕੰਡੀ ਦਾ ਇਲਾਕਾ। ਮੈਨੂੰ ਪਤਾ ਹੈ ਕਿ ਉਥੇ ਬੱਚਿਆਂ ਨੂੰ ਪੜ੍ਹਣ ਲਈ ਬਹੁਤ ਦੂਰ ਜਾਣਾ ਪੈਂਦਾ ਹੈ, ਖਾਸ ਕਰਕੇ ਹਾਈ ਸਕੂਲ ਦੇ ਬੱਚਿਆਂ ਨੂੰ। ਇਸ ਲਈ, ਉਥੇ ਦੇ ਸਕੂਲਾਂ ਨੂੰ ਅਪਗਰੇਡ ਕੀਤਾ ਜਾਵੇਗਾ।

ਇਸ ਦੇ ਨਾਲ ਹੀ ਕਈ ਸ਼ਹਿਰਾਂ ਦੇ ਵਿਚੋਂ ਇਹ ਮੰਗ ਆਈ ਹੈ ਕਿ ਮਿਉਨਿਸਪੈਲਟੀਆਂ ਦੇ ਸਕੂਲਾਂ ਨੂੰ ਪੂਰੀ ਤਰ੍ਹਾਂ ਸਰਕਾਰ ਲੈ ਲਵੇ। ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਸਕੂਲ ਅਜਿਹੇ ਹਨ ਜਿਹੜੇ ਕਿ ਕਿਰਾਏ ਦੀਆਂ ਬਿਲਡਿੰਗਾਂ ਵਿਚ ਚਲ ਰਹੇ ਹਨ। ਅਸੀਂ ਉਨ੍ਹਾਂ ਦੀਆਂ ਬਿਲਡਿੰਗਾਂ ਨਵੀਆਂ ਨਹੀਂ ਬਣਵਾ ਸਕਦੇ ਅਤੇ ਨਾਂ ਹੀ ਉਨ੍ਹਾਂ ਪੁਰਾਣੀਆਂ ਬਿਲਡਿੰਗਾਂ

ਦੀ ਮੁਰੰਮਤ ਹੀ ਕਰਵਾ ਸਕਦੇ ਹਾਂ। ਇਸ ਦੇ ਨਾਲ ਹੀ ਜਿਹੜੇ ਸਕੂਲ ਸਰਕਾਰ ਨੇ ਮਿਉਨਿਸਪਲ ਕਮੇਟੀਆਂ ਤੋਂ ਲਏ ਸੀ, ਉਨ੍ਹਾਂ ਬਾਰੇ ਸੁਪਰੀਮ ਕੋਰਟ ਨੇ ਫੈਸਲਾ ਦੇ ਕੇ ਉਸ ਫੈਸਲੇ ਨੇ ਸੈਟ-ਅਸਾਈਡ ਕਰ ਦਿੱਤਾ ਹੈ । ਇਸ ਲਈ, ਹੁਣ ਇਹ ਵਿਚਾਰ ਕਰ ਰਹੇ ਹਾਂ ਕਿ ਆਇਆ ਇਹ ਸਕੂਲ ਪੂਰੀ ਤਰ੍ਹਾਂ ਸਰਕਾਰ ਲੈ ਲਵੇ ਜਾਂ ਮਿਉਨਿਸਪਲ ਕਮੇਟੀਆਂ ਨੂੰ ਵਾਪਸ ਦੇ ਦਿਤੇ ਜਾਣ। ਅਜੇ ਤਕ ਕੋਈ ਫਾਈਨਲ ਫੈਸਲਾ ਨਹੀਂ ਹੋਇਆ ।

ਫਿਰ, ਇਥੇ ਟੀਚਰਾਂ ਦੇ ਬਾਰੇ ਕੁਝ ਕਿਹਾ ਗਿਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਉਹ ਰਾਜ ਹੈ ਜਿਸ ਨੇ ਸਭ ਤੋਂ ਪਹਿਲਾਂ ਐਜੂਕੇਸ਼ਨ ਕਮਿਸ਼ਨ ਦੀਆਂ ਸਫ਼ਾਰਸ਼ਾਂ ਲਾਗੂ ਕੀਤੀਆਂ ਸੀ । ਕੁਝ ਤਰੁਟੀਆਂ ਰਹਿ ਗਈਆਂ ਹਨ, ਜਿਵੇਂ ਕਿ ਵਰਨੈਕੂਲਰ ਟੀਚਰਾਂ ਦੀਆਂ ਤਨਖਾਹਾਂ, ਜੇ. ਬੀ. ਟੀ. ਦੇ ਗਰੇਡ ਆਦਿ ਅਜਿਹੀਆਂ ਕੁਝ ਹੋਰ ਤਰੁਟੀਆਂ ਹਨ ਜਿਨ੍ਹਾਂ ਦਾ ਸਾਨੂੰ ਪਤਾ ਹੈ। ਇਥੇ ਚੀਫ ਮਨਿਸਟਰ ਸਾਹਿਬ ਅਤੇ ਫਾਈਨੈਂਸ ਮਨਿਸਟਰ ਸਟੇਟਮੈਂਟਸ ਦੇ ਚੁਕੇ ਹਨ ਕਿ ਜਿਹੜੀਆਂ ਵੀ ਹਾਰਡ-ਸ਼ਿਪਸ ਹਨ ਉਹ ਛੇਤੀ ਹੀ ਦੂਰ ਕਰ ਦਿਆਂਗੇ।

ਇਹ ਕਿਹਾ ਜਾਂਦਾ ਹੈ ਕਿ ਟੀਚਰਜ਼ ਤਨਖਾਹ ਬਹੁਤ ਲੈਣ ਲਗ ਪਏ ਹਨ ਪਰ ਵਿਦਿਆ ਵਲ ਤਵਜੁਹ ਨਹੀਂ ਦਿੰਦੇ। ਕਈ ਸ਼ਿਕਾਇਤਾਂ ਵੀ ਇਸ ਪਾਸੇ ਆਈਆਂ ਹਨ । ਪਰ ਐਸੇ ਕੇਸਿਜ਼ ਵੀ ਹਨ ਜਿਥੇ ਟੀਚਰਜ਼ ਵਿਦਿਆ ਵਲ ਤਵਜੁਹ ਅੱਛੀ ਦਿੰਦੇ ਹਨ। ਇਹ ਚੀਜ਼ ਤਾਂ ਆਮ ਹੈ। ਹਰ ਸੁਸਾਇਟੀ ਵਿਚ ਅਛੇ ਬੰਦੇ ਵੀ ਹੁੰਦੇ ਹਨ ਅਤੇ ਮਾੜੇ ਬੰਦੇ ਵੀ ਹੁੰਦੇ ਹਨ। ਹੁਣ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸੁਪਰਵੀਜ਼ਨ ਰਾਹੀਂ ਇਸ ਚੀਜ਼ ਨੂੰ ਠੀਕ ਕੀਤਾ ਜਾਵੇ। ਜਿਹੜੇ ਬੱਚਿਆਂ ਦੀ ਜ਼ਿੰਦਗੀ ਨਾਲ ਖੇਲ੍ਹਦੇ ਹਨ, ਉਨ੍ਹਾਂ ਨੂੰ ਸੁਪਰਵੀਜ਼ਨ ਨਾਲ ਠੀਕ ਕੀਤਾ ਜਾਵੇ। ਇਹ ਗੱਲ ਨਹੀਂ ਹੈ ਕਿ ਤਨਖਾਹ ਜ਼ਿਆਦਾ ਹੋਣ ਕਰਕੇ ਉਹ ਵਿਦਿਆ ਵਲ ਤਵਜੁਹ ਨਹੀਂ ਦਿੰਦੇ, ਬਲਕਿ ਇਹ ਤਾਂ ਕੁਝ ਦੀਆਂ ਆਦਤਾਂ ਹੀ ਐਸੀਆਂ ਹੁੰਦੀਆਂ ਹਨ ਜਿਸ ਕਰਕੇ ਉਹ ਇਸ ਤਰ੍ਹਾਂ ਕਰਦੇ ਹਨ। (ਵਿਘਨ) ।

Mr. Deputy Speaker ; Would you let me know how much time will you take so that I may extend the time of guillotine?

Sardar Umrao Singh : Sir, you cannot extend the time of guillotine because it is decision of the House.

Mr. Deputy Speaker : The House has already been extended till 2.00 P.M.

Voices : No Sir, it has not been extended.

Sardar Umrao Singh : Sir, you can extend the time of the House upto 2.00 P.M. but the guillotine has to be applied at 1.00 P.M., as already fixed by the House.

Chief Parliamentary Secretary : The House can extend the time of guillotine.

Sardar Umrao Singh : We do not want that the time of guillotine should be extended. If the grants are not put in time, all the grants will not be deemed to have been voted by the House.

Mr. Deputy Speaker : I understand that originally the guillotine was to be applied at 12.00 noon. The House extended that time upto 1.00 P.M. Is it the wish of the House to extend it further ?

Sardar Umrao Singh : Sir, we do not want that the time for applying guillotine should be extended.

Mr. Deputy Speaker : All right, I apply the guillotine.

1.00 P.M.

Demand No. 15

Mr. Deputy Speaker : Question is—

That a sum not exceeding Rs 6,21,820 be granted to the Governor to defray the charges that will come in course of payment for the year 1970-71 in respect of 27—Scientific Departments.

The motion was carried.

Demand No. 16

Mr. Deputy Speaker : Now I will put Cut Motions to Demand No. 16 to the vote of the House. We first take up Cut Motion Nos. 1 and 2 by Comrade Satya Pal Dang and Comrade Babu Singh.

Mr. Deputy Speaker : Question is—

That the Demand be reduced by Rs. 10.

The motion was lost.

Mr. Deputy Speaker : Now we take up Cut Motion No. 3 by Chaudhri Balbir Singh.

Mr. Deputy Speaker : Question is—

That the Demand be reduced by Re 1.

The motion was lost.

Mr. Deputy Speaker : Motion is—

That a sum not exceeding Rs. 30,19,14,100 be granted to the Governor to defray the charges that will come in course of payment for the year 1970-71 in respect of 28—Education.

The motion was carried.

Demand No. 25

Mr. Deputy Speaker : Now I will put Cut Motions to Demand No. 25 to the vote of the House. We first take up Cut Motions Nos. 1 and 2 by Comrade Satya Pal Dang and Comrade Babu Singh.

Mr. Deputy Speaker : Question is—

That the Demand be reduced by Re 1.

The motion was lost.

Mr. Deputy Speaker : Now we take up Cut Motion No. 3 by Chaudhri Balbir Singh.

Mr. Deputy Speaker : Question is—

That the Demand be reduced by Re 1.

The motion was lost.

Mr. Deputy Speaker : Question is—

That a sum not exceeding Rs 75,28,500 be granted to the Governor to defray the charges that will come in course of payment for the year 1970-71 in respect of 39—Miscellaneous, Social and Developmental Organizations.

The motion was carried.

Demand No. 1

Mr. Deputy Speaker : Question is—

That a sum not exceeding Rs 2,56,42,700 be granted to the Governor to defray the charges that will come in course of payment for the year 1970-71 in respect of 9—Land Revenue.

The motion was carried.

Demand No. 6

Mr. Deputy Speaker : Question is—

That a sum not exceeding Rs. 7,13,200 be granted to the Governor to defray the charges that will come in course of payment for the year 1970-71 in respect of 14—Stamps.

The motion was carried.

Demand No. 7

Mr. Deputy Speaker : Question is—

That a sum not exceeding Rs. 60,400 be granted to the Governor to defray the charges that will come in course of payment for the year 1970-71 in respect of 15—Registration Fees.

The motion was carried.

Demand No. 8

Mr. Deputy Speaker : Question is—

That a sum not exceeding Rs 32,01,000 be granted to the Governor to defray the charges that will come in course of payment for the year 1970-71 in respect of 18—Parliament, State/Union Territory Legislatures.

The motion was carried.

Demand No. 10

Mr. Deputy Speaker : Question is—

That a sum not exceeding Rs 80,14,490 be granted to the Governor to defray the charges that will come in course of payment for the year 1970-71 in respect of 21—Administration of Justice.

The motion was carried.

Demand No. 11

Mr. Deputy Speaker : Question is—

That a sum not exceeding Rs 1,27,76,800 be granted to the Governor to defray the charges that will come in course of payment for the year 1970-71 in respect of 22—Jails.

The motion was carried.

Demand No. 13

Mr. Deputy Speaker : Question is—

That a sum not exceeding Rs 4,71,800 be granted to the Governor to defray the charges that will come in course of payment for the year 1970-71 in respect of 25—Supplies and Disposals.

The motion was carried.

Demand No. 14

Mr. Deputy Speaker : Question is—

That a sum not exceeding Rs 92,48,200 be granted to the Governor to defray the charges that will come in course of payment for the year 1970-71 in respect of 26—Miscellaneous Departments.

The motion was carried.

Demand No. 19

Mr. Deputy Speaker : Question is—

That a sum not exceeding Rs 6,24,92,100 be granted to the Governor to defray the charges that wil come in course of payment for the year 1970-71 in respect of 31—Agriculture.

The motion was carried.

Demand No. 20

Mr. Deputy Speaker : Question is—

That a sum not exceeding Rs 1,92,38,850 be granted to the Governor to defray the charges that will come in course of payment for the year 1970-71 in respect of 33—Animal Husbandry.

The motion was carried.

Minister for Finance, Food and Supplies : Sir, I would request that all the remaining Demands for Grants on the order paper may be put together, to the vote of the House.

Mr. Deputy Speaker : Is it the pleasure of the House that all the remaining Demands for Grants be put together to the vote of the House ?

Sardar Umrao Singh : Sir, the Rules are clear that Demands for Grants should be put one by one.

Mr. Deputy Speaker : Then I will put demands one by one.

Demand No. 21

Mr. Deputy Speaker : Question is—

That a sum not exceeding Rs 1,41,13,560 be granted to the Governor to defray the charges that will come in course of payment for the year 1970-71 in respect of 34—Co-operation.

The motion was carried.

Demand No. 23

Mr. Deputy Speaker : Question is—

That a sum not exceeding Rs 2,07,74,700 be granted to the Governor to defray the charges that will come in course of payment for the year 1970-71 in respect of 37—Community Development Projects, National Extension Services and Local Development Works.

The motion was carried.

Demand No. 24

Mr. Deputy Speaker : Question is—

That a sum not exceeding Rs 2,19,58,300 be granted to the Governor to defray the charges that will come in course of payment for the year 1970-71 in respect of 38—Labour and Employment.

The motion was carried.

Demand No. 29

Mr. Deputy Speaker : Question is—

That a sum not exceeding Rs 6,42,66,530 be granted to the Governor to defray the charges that will come in course of payment for the year 1970-71 in respect of 50—Public Works.

The motion was carried.

Demand No. 30

Mr. Deputy Speaker : Question is—

That a sum not exceeding Rs 1,34,85,570 be granted to the Governor to defray the charges that will come in course of payment for the year 1970-71 in respect of charges on Buildings and Roads Establishment.

The motion was carried.

Demand No. 31

Mr. Deputy Speaker : Question is—

That a sum not exceeding Rs 35,70,000 be granted to the Governor to defray the charges that will come in course of payment for the year 1970-71 in respect of 52—Capital Outlay on Public Works.

The motion was carried.

Demand No. 33

Mr. Deputy Speaker : Question is—

That a sum not exceeding Rs 1,15,68,100 be granted to the Governor to defray the charges that will come in course of payment for the year 1970-71 in respect of 64—Famine Relief.

The motion was carried.

Demand No. 34

Mr. Deputy Speaker : Question is—

That a sum not exceeding Rs 1,51,46,800 be granted to the Governor to defray the charges that will come in course of payment for the year 1970-71 in respect of 65—Pensions and Other Retirement Benefits.

The motion was carried.

Demand No. 35

Mr. Deputy Speaker : Question is—

That a sum not exceeding Rs 6,53,100 be granted to the Governor to defray the charges that will come in course of payment for the year 1970-71 in respect of 67—Privy Purses and Allowances of Indian Rules.

The motion was carried.

Demand No. 36

Mr. Deputy Speaker : Question is—

That a sum not exceeding Rs 1,39,73,700 be granted to the Governor to defray the charges that will come in course of payment for the year 1970-71 in respect of 68—Stationery and Printing.

The motion was carried.

Demand No. 37

Mr. Deputy Speaker : Question is—

That a sum not exceeding Rs 1,12,70,870 be granted to the Governor to defray the charges that will come in course of payment for the year 1970-71 in respect of 70—Forests.

The motion was carried.

Demand No. 38

Mr. Deputy Speaker : Question is—

That a sum not exceeding Rs 5,14,62,460 be granted to the Governor to defray the charges that will come in course of payment for the year 1970-71 in respect of 71— Miscellaneous.

The motion was carried.

Demand No. 39

Mr. Deputy Speaker : Question is—

That a sum not exceeding Rs 1,68,400 be granted to the Governor to defray the charges that will come in course of payment for the year 1970-71 in respect of 76—Other Miscellaneous Compensation and Assignments.

The motion was carried.

Demand No. 40

Mr. Deputy Speaker : Question is—

That a sum not exceeding Rs 2,000 be granted to the Governor to defray the charges that will come in course of payment for the year 1970-71 in respect of 78—Pre-partition Payments.

The motion was carried.

Demand No. 41

Mr. Deputy Speaker : Question is—

That a sum not exceeding Rs 43,64,800 be granted to the Governor to defray the charges that will come in course of payment for the year 1970-71 in respect of 95—Capital Outlay on Schemes of Agricultural Improvement and Research.

The motion was carried.

Demand No. 45

Mr. Deputy Speaker : Question is—

That a sum not exceeding Rs 7,21,44,090 be granted to the Governor to defray the charges that will come in course of payment for the year 1970-71 in respect of 103—Capital Outlay on Public Works

The motion was carried.

Demand No. 46

Mr. Deputy Speaker : Question is—

That a sum not exceeding Rs 16,20,000 be granted to the Governor to defray the charges that will come in course of payment for the year 1970-71 in respect of 109—Capital Outlay on Other Works.

The motion was carried.

Demand No. 48

Mr. Deputy Speaker: Question is—

That a sum not exceeding Rs. 2,00,000 be granted to the Governor to defray the charges that will come in course of payment for the year 1970-71 in respect of 120—Payment of Commuted Value of Pensions.

The motion was carried.

Demand No. 49

Mr. Deputy Speaker: Question is—

That a sum not exceeding Rs. 1,20,80,98,900 be granted to the Governor to defray the charges that will come in course of payment fot the year 1970-71 in respect of 124—Capital Outlay on Schemes of Government Trading.

The motion was carried.

Mr. Deputy Speaker: The House stands adjourned till 2.00 P.M. on Wednesday, the 25th March, 1970.

1.23 P.M.

(The Sabha then adjourned till 2.00 P. M. on Wednesday, the 25th March, 1970.)

APPENDIX

to

PUNJAB VIDHAN SABHA DEBATES

DATED 20TH MARCH, 1970

VOL. I-NO. 24

Non-payment of salary to certain Lady Social Workers posted in village Panjwar, district Amritsar

***1674. Sardar Kirpal Singh :** Will the Minister for Social Welfare with reference to the reply to Starred Question No. 9 included in the list of Starred Questions for 17th March, 1969 be pleased to state—

(a) whether it is a fact that the pay of Shrimati Amarjit Kaur Sandhu, former teacher of Community Centre, Panjwar, district Amritsar for the period from 31st July, 1967 to 5th October, 1967, was not paid to her till 28th February, 1970; if so, the reasons therefor;

(b) the date on which the appointment of the teacher mentioned in part (a) above was made in the Community Centre of Serai Naga ;

(c) whether it is a fact that the orders for the transfer of Shrimati Sudarshan Kumari from Panjwar Centre to Sarai Naga Centre were not carried out and her transfer orders were cancelled after 18 days and she was again posted at Panjwar; if so, the reasons therefor ;

(d) the number of students on roll in the Community Centre, Panjwar, as on 31st July, 1967 and as on the day when Shrimati Amarjit Kaur was posted in the said Centre as additional hand ;

(e) the average daily attendance of the students in the Panjwar Centre from 31st July, 1967 to 5th October, 1967; if the said average was equal to that as on 31st July, 1967, the reasons for which Shrimati Amarjit Kaur was posted there as additional hand ?

Dr. Bhagat Singh : (a) Yes, Smt. Amarjit Kaur Sandhu, Ex-Lady Social Worker Community Centre Panjwar was not paid her arrears from 31st July, 1967 to 5th October, 1967 . The arrear bill was sent to the Accountant General, Punjab for pre-audit who returned the bill/with some objections on 30th January, 1970. The bill has again been sent to the Accountant General, Punjab for pre-audit after removing the objections on 13th March, 1970.

(b) 31st July, 1967 forenoon.

(c) Yes, the orders for the transfer of Smt. Sudarshan Kumari from Panjwar Centre to Sarai Naga Centre were not carried out because her transfer orders were cancelled under the orders of the then Welfare Minister, Punjab.

(d) Attendance on 31st July, 1967.

(i) Balwari Class 27, (ii) Tailoring Class 26.

Attendance when (17th August, 1967) she was posted as an additional Lady Social Worker.

(i) Balwari Class .. 20

(ii) Tailoring .. 20

(e) Daily average attendance from 31st July, 1967 to 5th October, 1967 is as under:—

(i) Balwari Class 17, (ii) Tailoring Class 22

She was posted as an additional Lady Social Worker under the orders of the then Welfare Minister.

[(ੳ) ਹਾਂ ਜੀ।

ਸ੍ਰੀਮਤੀ ਅਮਰਜੀਤ ਕੌਰ ਸਾਬਕਾ ਸਮਾਜ ਸੇਵਕਾ ਦਾ ਮਿਤੀ 31 ਜੁਲਾਈ, 1967 ਤੋਂ 5 ਅਕਤੂਬਰ, 1967 ਦੀ ਤਨਖਾਹ ਦਾ ਏਰੀਅਰ ਬਿਲ ਜ਼ਿਲ੍ਹਾ ਭਲਾਈ ਅਫ਼ਸਰ, ਫ਼ਿਰੋਜ਼ਪੁਰ ਨੇ ਮਹਾਂ ਲੇਖਾਕਾਰ ਨੂੰ ਪ੍ਰੀਆਡਿਟ ਲਈ ਭੇਜਿਆ ਸੀ ਜੋ ਇਤਰਾਜ਼ ਲਗਾ ਕੇ ਮਿਤੀ 30 ਜਨਵਰੀ, 1970 ਨੂੰ ਮਹਾਂ ਲੇਖਾਕਾਰ ਪਾਸੋਂ ਮੁੜ ਆਇਆ ਸੀ। ਕਰਮਚਾਰੀ ਆਰਜ਼ੀ ਰਖਿਆ ਗਿਆ ਸੀ ਤੇ ਉਹਦੀ ਸੇਵਾ ਪੱਤਰੀ ਤਿਆਰ ਨਹੀਂ ਸੀ ਕੀਤੀ ਗਈ। ਮਹਾਂ ਲੇਖਾਕਾਰ ਦੇ ਇਤਰਾਜ਼ ਦੂਰ ਕਰਕੇ ਫ਼ਿਰ ਬਿਲ ਪ੍ਰੀਆਡਿਟ ਲਈ ਮਿਤੀ 13 ਮਾਰਚ, 1970 ਨੂੰ ਭੇਜਿਆ ਗਿਆ ਸੀ।

(ਅ) ਮਿਤੀ 31 ਜੁਲਾਈ, 1967 ਦੁਪਹਿਰ ਤੋਂ ਪਹਿਲਾਂ।

(ੲ) ਹਾਂ ਜੀ। ਸ੍ਰੀਮਤੀ ਸੁਦਰਸ਼ਨ ਕੁਮਾਰੀ ਦੀ ਤਬਦੀਲੀ ਸਮਾਜ ਕਲਿਆਣ ਕੇਂਦਰ ਪੰਜਵੜ ਤੋਂ ਸਰਾਏਨਾਗਾ ਉਸ ਵੇਲੇ ਦੇ ਮੰਤਰੀ ਜੀ ਦੇ ਹੁਕਮ ਨਾਲ ਕਰ ਦਿੱਤੀ ਗਈ ਸੀ ਤੇ ਸ੍ਰੀਮਤੀ ਅਮਰਜੀਤ ਕੌਰ ਨੂੰ ਸਮਾਜ ਕਲਿਆਣ ਕੇਂਦਰ ਪੰਜਵੜ ਵਿੱਚ ਵਾਧੂ ਸਮਾਜ ਸੇਵਕਾ ਦੇ ਤੌਰ ਤੇ ਨੀਯਤ ਕੀਤਾ ਗਿਆ ਸੀ।

(ਸ) 31 ਜੁਲਾਈ, 1967 ਨੂੰ ਹਾਜ਼ਰੀ–

ਬਾਲਵਾੜੀ ਕਲਾਸ .. 27

ਸਲਾਈ ਤੇ ਕਢਾਈ ਦੀ ਕਲਾਸ .. 26

ਜਿਸ ਵੇਲੇ (17 ਅਗਸਤ, 1968) ਵਾਧੂ ਸਮਾਜ ਸੇਵਕਾ ਨੀਯਤ ਹੋਈ :—

ਬਾਲਵਾੜੀ ਕਲਾਸ .. 20

ਸਲਾਈ ਤੇ ਕਢਾਈ ਦੀ ਕਲਾਸ .. 20

(ਹ) 31 ਜੁਲਾਈ, 1967 ਤੋਂ 5 ਅਕਤੂਬਰ, 1967 ਤਕ ਦੀ ਵਿਦਿਆਰਥੀਆਂ ਦੀ ਰੋਜ਼ਾਨਾ ਔਸਤ ਹਾਜ਼ਰੀ :—

ਬਾਲਵਾੜੀ ਕਲਾਸ .. 17

ਸਲਾਈ ਤੇ ਕਢਾਈ ਕਲਾਸ .. 22

ਉਸ ਵੇਲੇ ਦੇ ਸਮਾਜ ਭਲਾਈ ਮੰਤਰੀ ਜੀ ਦੇ ਹੁਕਮ ਨਾਲ ਲਗਾਇਆ ਗਿਆ ਸੀ।]

Transfers of teachers of certain Government Primary Schools in District Ludhiana in 1969

***1734. Jathedar Hardit Singh Bhathal** : Wll the Minister for Education be pleased to state whether it is a fact that all the teachers working in Government Primary Schools, Miani (Mangat B), Mansoorpur (Khamano Kalan) and Gaggarmajra (Samrala I), district Ludhiana were transferred at the time of general transfers during the year 1969; if so, the reasons therefor ?

ਸਰਦਾਰ ਸੁਰਜੀਤ ਸਿੰਘ : ਹਾਂ ਜੀ। ਇਹ ਬਦਲੀਆਂ ਲੋਕ ਹਿਤ ਵਿਚ ਕੀਤੀਆਂ ਗਈਆਂ ਸਨ।

	40. ਗ. ਪ. ਸ. ਮਨਸੂਰਪੁਰ	23-9-63	"
	41. ਗ. ਗ. ਹ. ਸ. ਸ. ਮਾਲਪੁਰ	15-1-59	1963
	42. ਗ. ਹ. ਸ. ਬਾਘਪੁਰ ਸਤੋਰ	24-9-68	1968
	43. ਗ. ਗ. ਹ. ਸ ਨਵੀ ਆਬਾਦੀ ਹੁਸ਼ਿਆਰਪੁਰ	6-3-63	1969
	44. " " "	30-9-53	1968
	45. ਗ. ਮ. ਸ. ਪਿਪਲਾਂ ਵਾਲਾ	1-1-65	"
	46. ਗ. ਪ. ਸ. ਐਤਵਾਲ	17-9-65	"

ਚੌਧਰੀ ਕੇਵਲ ਕ੍ਰਿਸ਼ਨ: ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੇ 25% ਰਖੇ ਗਏ ਹਨ ਇਹ ਕਿਉਂ ਰਖੇ ਗਏ ਹਨ ਜਦ ਕਿ ਕਈ ਕਈ ਟੀਚਰਜ਼ ਕਿੰਨੇ ਕਿੰਨੇ ਚਿਰ ਤੋਂ ਬੀ. ਟੀ ਕਰਕੇ ਬੈਠੇ ਹੁੰਦੇ ਹਨ? ਕੀ ਇਸ ਚੀਜ਼ ਨੂੰ ਮੁੱਖ ਰਖ ਕੇ ਇਹ ਜਿਹੜੀ ਰੇਸ਼ੋ ਰਖੀ ਹੈ ਕੀ ਇਹ ਘੱਟ ਨਹੀਂ ਅਤੇ ਕੀ ਇਸ ਨੂੰ ਮੁੱਖ ਰਖਦੇ ਹੋਏ ਪਰਸੈਂਟੇਜ ਵਧਾਉਣਗੇ?

ਵਿਦਿਆ ਮੰਤਰੀ : ਇਹ ਸਾਰਾ ਸੋਚ ਕੇ ਕੀਤਾ ਗਿਆ ਹੈ ਅਤੇ ਵਧਾਉਣ ਬਾਰੇ ਹਾਲੇ ਕੋਈ ਵਿਚਾਰ ਨਹੀਂ ?

चौधरी बलबीर सिंह : क्या इस सिलसिले में गवर्नमैंट कोई म्याद मुकर्रर करने के लिए तैयार है कि जब किसी को 5 साल का या 10 साल का अर्सा हो जाए, उसे ज़रूर ऐडजैस्ट कर दिया जाएगा ?

ਮੰਤਰੀ : ਐਸਾ ਨਹੀਂ ਹੋ ਸਕਦਾ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮੰਤ੍ਰੀ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਜਿਹੜੇ ਜੇ. ਬੀ. ਟੀ. ਟੀਚਰਜ਼ ਨੇ ਐਮ. ਏ. ਕੀਤੀ ਹੋਈ ਹੈ, ਉਨ੍ਹਾਂ ਨੂੰ ਕੋਈ ਇਨਸੈਂਟਿਵ ਨਹੀਂ ਦਿਤਾ ਗਿਆ, ਕੀ ਉਨ੍ਹਾਂ ਨੂੰ ਅਕਾਮੋਡੇਟ ਕਰਨ ਵਾਸਤੇ ਕੋਈ ਕਦਮ ਚੁਕਣ ਨੂੰ ਤਿਆਰ ਹਨ ?

ਮੰਤਰੀ : ਜਦੋਂ ਉਹ ਸਜਨ ਕੁਆਲੀਫੀਕੇਸ਼ਨਜ਼ ਇੰਪਰੂਵ ਕਰ ਲੈਂਦੇ ਹਨ ਤਾਂ ਜਿਸ ਵੇਲੇ ਮੌਕਾ ਆਉਂਦਾ ਹੈ ਉਨ੍ਹਾਂ ਨੂੰ ਸੀਨੀਆਰਟੀ ਦੇ ਹਿਸਾਬ ਨਾਲ ਐਡਜਸਟ ਕਰ ਦਿਤਾ ਜਾਂਦਾ ਹੈ ।

ਡਾਕਟਰ ਅਮੀਰ ਸਿੰਘ ਕਲਕੱਟ : ਮੈਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਕਈ ਮਹਿਕਮਿਆਂ ਵਿਚ ਜਦੋਂ ਕੋਈ ਸਜਣ ਕੁਆਲੀਫੀਕੇਸ਼ਨ ਇੰਪਰੂਵ ਕਰ ਲੈਂਦਾ ਹੈ ਤਾਂ ਉਨ੍ਹਾਂ ਨੂੰ ਇਨ–ਸੈਂਟਿਵ ਦਿਤਾ ਜਾਂਦਾ ਘੀ ਐਜੂਕੇਸ਼ਨ ਡਿਪਾਰਟਮੈਂਟ ਵਿਚ ਜਿਹੜੇ ਸਜਨ ਐਮ. ਏ. ਕਰਦੇ ਹਨ ਜਾਂ ਬੀ.ਟੀ. ਕਰਦੇ ਹਨ ਤਾਂ ਕੀ ਉਨ੍ਹਾਂ ਨੂੰ ਇੰਸੈਂਟਿਵ ਦੇਣ ਲਈ ਤਿਆਰ ਹਨ ?

ਮੰਤਰੀ : ਇਸ ਮਹਿਕਮੇ ਵਿਚ ਜ਼ਿਆਦਾ ਕੁਆਲੀਫੀਕੇਸ਼ਨਜ਼ ਇੰਪਰੂਵ ਕਰ ਲਿਤੀਆਂ ਜਾਂਦੀਆਂ ਹਨ ਅਤੇ ਇਸ ਲਈ ਇਹ ਸੁਆਲ ਹੀ ਪੈਦਾ ਨਹੀਂ ਹੁੰਦਾ ।

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਸ ਤਰਾਂ ਇੰਜੀਨੀਅਰਿੰਗ ਡਿਪਾਰਟਮੈਂਟ ਵਿਚ ਮਹਿਕਮਾਨਾ ਤਾਲੀਮ ਹਾਸਲ ਕਰਨ ਲਈ ਅਲਾਊਂਸ ਆਦਿ ਦਿਤੇ ਜਾਂਦੇ ਹਨ, ਕੀ ਇਥੇ ਵੀ ਅਲਾਊਂਸ ਦੇਣ ਲਈ ਕੋਈ ਵਿਚਾਰ ਕੀਤਾ ਜਾਏਗਾ?

ਮੰਤਰੀ : ਐਸਾ ਨਹੀਂ ਹੋ ਸਕਦਾ ।

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਅਨਐਡਜਸਟਿਡ ਬੀ. ਟੀ. ਹਨ ਉਨ੍ਹਾਂ ਦੀ ਐਡਜਸਟਮੈਂਟ ਦਾ ਕਰੀਟੇਰੀਆ ਕੀ ਹੈ? ਜੇ. ਬੀ. ਟੀ. ਦੀ ਅਪੁਆਇੰਟਮੈਂਟ ਤੋਂ ਉਨ੍ਹਾਂ ਦੀ ਸੀਨੀਆਰਟੀ ਗਿਣੀ ਜਾਂਦੀ ਹੈ ਜਾਂ ਜਦੋਂ ਉਹ ਬੀ. ਟੀ. ਪਾਸ ਕਰ ਲੈਂਦੇ ਹਨ?

ਮੰਤਰੀ : ਇਹ ਡੇਟ ਆਫ ਜੁਆਇੰਨਿੰਗ,ਐਜ਼ ਏ ਟੀਚਰ, ਤੋਂ ਉਨ੍ਹਾਂ ਦੀ ਸੀਨੀਆਰਟੀ ਗਿਣੀ ਜਾਂਦੀ ਹੈ ।

MARKET COMMITTEE KURALI, DISTRICT ROPAR

*1458. **Sardar Raja Singh** : Will the Minister for Agriculture be pleased to state :—

(a) the date when the Market Committee, Kurali, district Ropar, was constituted, a list showing the names of villages falling within the jurisdiction of the said Committee be laid on the Table of the House;

(b) whether the said Market Committee constructed any culverts during the period from 1965 to 1970;if so, the number thereof constructed, yearwise;

]Sardr Rajā Singh]

(c) whether the said Market Committee has constructed any cattle shed, office and Rest House out of its funds, if so, the amount spent on their construction and the amount paid for the land utilized for this purpose.;

(d) whether any portion of the land of the office and the rest house referred to in part (c) above has also been given on rent, if so, the name of the tenant and the monthly amount of rent,

Shri Radha Krishan : (a) 6th February, 1945 List of villages is laid on the table of the House.

(b) Yes	1965-66	..	4
	1966-67	..	4
	1967-68	..	12
	1968-69	..	10
	1969-70 (upto Feb.)	..	18
			48

(c) Yes	Cattle Shed	..	Rs. 7,321.77	Rs. 65,974.20
	Office	..	Rs. 17,968.43	
	Rest House	..	Rs. 40,684.00	
	Cost of Land	..	Rs. 70,552.54	
			Rs. 1,36,526.74	

(d) Yes a canteen (portion of rest house) to one Shri Sohan Lal at Rs. 36/- P.M.

List of Villages of the notified Market Area Kurali

1. Phantwan
2. Kherpur
3. Sheikhpura
4. Baraudi
5. Singh Pura
6. Majra
7. Sultanpur
8. Rampur
9. Multanpur Sodhian
10. Dhian Pura
11. Khera
12. Abhipura
13. Sohali
14. Tirtha
15. Hassan Pur
16. Shahpur
17. Chintgarh
18. Mianpur
19. Khizra bad
20. Bhagowal
21. Charheri
22. Ban Majra
23. Adrehra
24. Mathari
25. Chatauli
26. Akalgarh
27. Dhangtana
28. Bhupnagar
29. Tajpura
30. Chhota Salmpur
31. Mehrauli
32. Jhande Majra
33. Naggal

50. Gunno Majra
51. Mehram Pur
52. Labangarh
53. Harnam Pur
54. Fatehpur
55. Dhakran Kalan
56. Dhakoran Khurd
57. Thana Gobindgarh
58. Rattangarh
59. Fateh Garh
60. Andheri
61. Chand Pur
62. Sangatpura
63. Kubaheri
64. Dulwan
65. Burana
66. Pallanpur
67. Rungwana
68. Khadari
69. Mandhon Bhag Singh
70. Mundhon Mastana
71. Selempur Kalan
72. Barsal Pur
73. Saini Majra
74. Bazidpur
75. Buthgarh
76. Kartar Pur
77. Rajgarh
78. Behdali
79. Behdala
80. Nanheri
81. Naggal
82. Rakauli

34. Fatehgarh
35. Lakhnapur
36. Dosurna
37. Kansala
38. Taqipur
39. Mundhon Sangtia
40. Majri
41. Sialba
42. Fatehpur
43. Hoshiarpur
44. Manikpur
45. Nagalian
46. Kadi Majra
47. Tara Pur
48. Mirjapur
49. Gochar
83. Singh Pura
84. Jhingran
85. Nehlka
86. Chanalon
87. Kalewal
88. Chitmali
89. Paprali
90. Allapur
91. Kanauran
92. Goslan
93. Padiala
94. Badarpur
95. Barohli
96. Kurali (including Municipal area)
97. Dangara
98. Mamupur

[(ੳ) 6 ਫਰਵਰੀ 1945 ਪਿੰਡਾਂ ਦਾ ਵੇਰਵਾ ਸਦਨ ਵਿਚ ਪੇਸ਼ ਕੀਤਾ ਜਾਂਦਾ ਹੈ ।

(ਅ) ਹਾਂ ਜੀ ।

1965-66	..	4
1966-67	..	4
1967-68	..	12
1968-69	..	10
1969-70	..	18 (ਫਰਵਰੀ, 1970 ਤਕ)
	..	48

(ੲ) ਹਾਂ ਜੀ ।

ਕੈਟਲ ਸ਼ੈਡ	=	7,321.77	
ਦਫ਼ਤਰ	=	17,968.43	
ਗੈਸਟ ਹਾਊਸ	=	40,684.00	= 65,974.20
ਜ਼ਮੀਨ ਦੀ ਕੀਮਤ	=	70,552.54	= 1,36,526.74

(ਸ) ਇਕ ਕਨਟੀਨ (ਹੈਸਟ ਹਾਊਸ ਦਾ ਹਿੱਸਾ) ਸ੍ਰੀ ਸੋਹਨ ਲਾਲ ਨੂੰ 36 ਰੁਪਿਆ ਮਾਹਵਾਰ ਤੇ ।)

ਮਾਰਕਿਟ ਕਮੇਟੀ ਕੁਰਾਲੀ ਦੇ ਪਿੰਡਾਂ ਦਾ ਵੇਰਵਾ

1. ਫਤੌਂਵਾਂ
2. ਖੇਰ ਪੁਰ
3. ਸ਼ੇਖ ਪੁਰਾ
4. ਬਰੌਦੀ
5. ਸਿੰਘਪੁਰਾ
6. ਮਾਜਰਾ
7. ਸੁਲਤਾਨਪੁਰ
8. ਰਾਮਪੁਰ
9. ਮੁਲਾਂਪੁਰ ਸੋਢਿਆਂ
10 ਧਿਆਨ ਪੁਰਾ
11. ਘੇੜਾ
12. ਅਭੀਪੁਰਾ
13. ਸੁਹਾਲੀ
14. ਤੀਰਥਾ
15. ਹਸਨਪੁਰ
16. ਸ਼ਾਹਪੁਰ
17. ਚਿੰਤਗੜ੍ਹ
18. ਮੀਆਂ ਪੁਰ
19. ਖਿਦਰਾਬਾਦ
20. ਭਾਗੋਵਾਲ

[ਖੇਤੀ ਬਾੜੀ ਮੰਤਰੀ]

21. ਚਰਹੇੜੀ
22. ਬੈਨ ਮਾਜਰਾ
23. ਅਧਰੇੜ੍ਹਾ
24. ਮਥਾਰੀ
25. ਚਟੌਲੀ
26. ਅਕਾਲਗੜ੍ਹ
27. ਦਗਟਾਨਾ
28. ਭੂਪ ਨਗਰ
29. ਤਾਜਪੁਰਾ
30. ਛੋਟਾ ਸਲੀਮ ਪੁਰ
31. ਮਹਰੌਲੀ
32. ਝੰਡੇ ਮਾਜਰਾ
33. ਨਗਲ
34. ਫਤਹਿਗੜ੍ਹ
35. ਲਖਨੌਰ
36. ਦੁਸਾਰਨ੍ਹਾਂ
37. ਕਾਂਸਲਾਂ
38. ਤੱਕੀਪੁਰ
39. ਮੁੰਦੋਂ ਸੰਗਾਟੀਆਂ
40. ਮਾਜਰੀ
41. ਸਿਆਲਵਾ
42. ਫਤੇਹਪੁਰ
43. ਹੁਸਿਆਰਪੁਰ
44. ਮਾਨਕਪੁਰ ਸਰੀਫ
45. ਨਗੱਲੀਆਂ
46. ਕੱਦੀ ਮਾਜਰਾ
47. ਤਾਰਾ ਪੁਰ
48. ਮਿਰਜਾ ਪੁਰ
49. ਗੋਚਰ
50. ਗੁਨੋਂ ਮਾਜਰਾ
51. ਮਹਿਰਾਮਪੁਰ
52. ਲੱਭਣ ਗੜ੍ਹ
53. ਹਰਨਾਮ ਪੁਰ
54. ਫਤਹੇ ਪੁਰ
55. ਢਕੋਰਾਂ ਕਲਾਂ
56. ਢਕੋਰਾਂ ਖੁਰਦ
57. ਥਾਨਾ ਗੋਬਿੰਦਗੜ੍ਹ
58. ਰਤਨ ਗੜ੍ਹ
59. ਫਤੇਹਗੜ੍ਹ
60. ਅੰਧੇਰੀ
61. ਚਾਂਦ ਪੁਰ
62. ਸੰਗਤ ਪੁਰਾ
63. ਕੁਬਾ ਬੇਰੀ
64. ਢੁਲਵਾਂ
65. ਗੁਰਾਨਾਂ
66. ਪਲਾਂਪੁਰ
67. ਰੰਗਵਾਨਾਂ
68. ਖਡੇਰੀ
69. ਮੰਦੋ ਭਾਗ ਸਿੰਘ
70. ਮੰਦੋ ਮਸਤਾਨਾ
71. ਸਲੀਮ ਪੁਰ ਕਲਾਂ
72. ਬਰਸਲ ਪੁਰਾ
73. ਸੈਣੀ ਮਾਜ਼ਰਾ
74. ਬਜ਼ੀਦ ਪੁਰ
75. ਬੂਥ ਗੜ੍ਹ
76. ਕਰਤਾਰ ਪੁਰ
77. ਰਾਜ ਗੜ੍ਹ
78. ਬੱਡਾਲੀ
79. ਬੱਡਾਲਾ
80. ਨਨਹੇੜੀ
81. ਨਗਲ
82. ਰਕੌਲੀ
83. ਸਿੰਘਪੁਰਾ
84. ਝੀਗੜਾਂ
85. ਨਹਿਲਖਾ
86. ਓਨਾਲੋਂ
87. ਕਾਲੇਵਾਲ
88. ਚਿਤਾਮੱਲੀ
89. ਪਪੱਰਾਲੀ
90. ਅੱਲਾ ਪੁਰ
91. ਕਨੌਰਾਂ
92. ਗੋਸਲਾਂ
93. ਪੜਿਆਲਾ
94. ਬਦਰ ਪੁਰ
95. ਬਰੌਲੀ
96. ਕੁਰਾਲੀ (ਮਿਲਾਕੇ ਮਿਉਂਸਪਲ ਹਲਕਾ)
97. ਡੰਗਾਰਾਰਾ
98. ਮਾਮੂ ਪੁਰ]

ਸਰਦਾਰ ਰਾਜਾ ਸਿੰਘ : ਇਨ੍ਹਾਂ ਨੇ ਜੋ ਸਦਨ ਵਿਚ ਜਵਾਬ ਦਿਤਾ ਹੈ ਉਸ ਮੁਤਾਬਕ 65,974 ਰੁ. ਦਾ ਖ਼ਰਚ ਕੇਟਲ ਸ਼ੈਡ, ਆਫ਼ਿਸ ਅਤੇ ਰੈੱਸਟ ਹਾਊਸ ਤੇ ਹੋਇਆ ਹੈ । ਜਦੋਂ ਇਨ੍ਹਾਂ ਤਿੰਨਾਂ ਦੀ ਕਨਸਟ੍ਰੱਕਸ਼ਨ ਹੋ ਰਹੀ ਸੀ ਤਾਂ 4,000/- ਰੁ. ਸੀਮੈਂਟ ਲਈ ਕਮੇਟੀ ਦੇ ਹਿਸਾਬ ਵਿਚੋਂ ਕਢਾਇਆ ਗਿਆ ਸੀ, ਇਹ ਉਥੇ ਖਰਚ ਨਹੀਂ ਕੀਤਾ ਗਿਆ । ਕੀ ਵਜ਼ੀਰ ਸਾਹਿਬ ਇਸ ਦੀ ਇਨ-ਕੁਆਇਰੀ ਕਰਵਾਉਣਗੇ ਅਤੇ ਜ਼ਰੂਰੀ ਐਕਸ਼ਨ ਲੈਣਗੇ?

ਮੰਤਰੀ : ਇਹ ਸਵਾਲ ਪੈਦਾ ਤਾਂ ਨਹੀਂ ਹੁੰਦਾ । ਤਾਂ ਵੀ ਅਗਰ ਇਹ ਲਿਖਕੇ ਦੇਣਗੇ ਤਾਂ ਇਨਕੁਆਇਰੀ ਕਰ ਲਵਾਂਗੇ ।

चौधरी बलबीर सिंह : क्या मार्किट कमेटी यह चीजें बनाने का अपने तौर पर फसला कर सकती है ? इस बारे में सूबे के तौर पर कोई पालिसी है ?

ਮੰਤਰੀ: ਸਾਰੀ ਸਕੀਮ ਤਾਂ ਕਮੇਟੀ ਨੇ ਬਣਾਈ ਹੈ ਪਰ ਮਾਰਕਿਟਿੰਗ ਬੋਰਡ ਦੀ ਮਨਜ਼ੂਰੀ ਲੈਂਦੀ ਹੈ, ਨਕਸ਼ਾ ਵਗੈਰਾ ਬਣਦਾ ਹੈ। ਕੈਂਟੀਨ ਦਾ ਇਕ ਛੋਟਾ ਜਿਹਾ ਹਿੱਸਾ ਕਿਰਾਏ ਤੇ ਦਿੱਤਾ ਹੈ । ਸਾਰਾ ਹਿਸਾ ਨਹੀਂ ਦਿੱਤਾ ।

ਵੈਦ ਕਰਤਾਰ ਸਿੰਘ : ਜੋ ਮਾਰਕਿਟ ਕਮੇਟੀ ਦਾ ਪਰਧਾਨ ਹੈ ਉਹ ਇਕ ਪਿੰਡ ਦਾ ਸਰਪੰਚ ਵੀ ਹੈ । ਜਿਹੜੀਆਂ ਕੁੱਲੀਆਂ ਬਣੀਆਂ ਹਨ ਉਸ ਵਿਚੋਂ 50% ਆਪਣੇ ਪਿੰਡ ਦੇ ਇਰਦਗਿਰਦ ਬਣਾ ਦਿੱਤੀਆਂ ਹਨ । ਮਾਰਕਿਟ ਕਮੇਟੀ ਵਿਚੋਂ ਪੈਸਾ ਆਪਣੇ ਪਾਸ ਰੱਖਦਾ ਰਿਹਾ ਹੈ । ਜੋ ਸੀਮੈਂਟ ਲਗਣਾ ਸੀ ਉਹ ਖਾ ਗਿਆ । ਕੀ ਇਸ ਦੀ ਇਨਕੁਆਇਰੀ ਕਰਨ ਲਈ ਤਿਆਰ ਹਨ?

ਮੰਤਰੀ : ਲਿੱਖ ਕੇ ਦੇ ਦੇਣ ਪੂਰੀ ਇਨਕੁਆਇਰੀ ਕਰਾ ਲਵਾਂਗੇ ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਇਹ ਦਸਣਗੇ ਕਿ ਉਸ ਦੇ ਖਿਲਾਫ਼ ਇਕ ਐਮ. ਐਲ. ਏ. ਨੇ ਚਾਰਜਿਜ਼ ਲਾਏ ? ਹੋਰ ਲਿੱਖ ਕੇ ਕੀ ਦੇਣ । ਕੁਰੱਪਸ਼ਨ ਆਪ ਦੇ ਨੋਟਿਸ ਵਿਚ ਆ ਚੁਕੀ ਹੈ ।

ਮੰਤਰੀ : ਸੀਮੈਂਟ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਹ ਕੌਣ ਖਾ ਗਿਆ ਹੈ ਇਹ ਤਾਂ ਲਿੱਖ ਕੇ ਦੇਣਾ ਪਵੇਗਾ ।

ਸਰਦਾਰ ਰਾਜਾ ਸਿੰਘ : ਸਪੀਕਰ ਸਾਹਿਬ, ਸਵਾਲ ਇਹ ਸੀ :

> "whether any portion of the land of the office and the rest house referred to in part (c) above has also been given on rent; if so, the name of the tenant and the monthly amount of rent."

The answer that has been given to this part of the question is—

> "Yes, a canteen (portion of rest House) to one Shri Sohan Lal at Rs. 36/-p.m.

ਸਵਾਲ ਕੁਝ ਹੈ ਅਤੇ ਜਵਾਬ ਕੁਝ ਹੋਰ ਹੈ । ਜੋ ਜ਼ਮੀਨ ਮਾਰਕਿਟ ਕਮੇਟੀ ਕੁਰਾਲੀ ਵਾਸਤੇ ਖਰੀਦੀ ਗਈ ਸੀ ਉਸ ਵਿਚੋਂ ਚੇਅਰਮੈਨ ਨੇ 16 ਬਿਸਵੇ ਰਕਬਾ ਇੰਦਰ ਸਿੰਘ ਦੇ ਨਾਮ ਬੈ ਕੀਤਾ ਅਤੇ ਉਸ ਨੇ ਅਗੇ ਸਬਲੈਟ ਕੀਤਾ ਦਵਾਰਕਾਦਾਸ ਕੋਲ, ਡਿਪੋ ਵਾਲੇ ਨੂੰ । ਉਸ ਦੇ ਖਿਲਾਫ਼ ਮੁਕੱਦਮਾ ਚੱਲ ਰਿਹਾ ਹੈ। ਇਥੇ ਜਵਾਬ ਗ਼ਲਤ ਦਿਤਾ ਜਾ ਰਿਹਾ ਹੈ । ਕੀ ਵਜ਼ੀਰ ਸਾਹਿਬ ਪੜਤਾਲ ਕਰਨਗੇ ਕਿ ਝੂਠਾ ਜਵਾਬ ਦੇਣ ਵਾਲੇ ਅਫ਼ਸਰ ਦੇ ਖਿਲਾਫ਼ ਐਕਸ਼ਨ ਲਿਆ ਜਾ ਸਕੇ?

ਮੰਤਰੀ : ਕਿਰਾਏ ਦੇਣ ਵਾਲੀ ਜੋ ਗੱਲ ਹੈ ਉਹ ਤਾਂ ਮਾਰਕਿਟ ਕਮੇਟੀ ਨੇ ਸਿਰਫ਼ ਕੈਨਟੀਨ ਹੀ ਦਿੱਤੀ ਹੈ। ਜੋ ਗੱਲ ਇਹ ਕਹਿੰਦੇ ਹਨ ਉਸ ਦਾ ਜਵਾਬ ਇਹ ਹੈ ਕਿ 10 ਏਕੜ ਰਕਬਾ ਮੁਖ-ਤਲਿਫ਼ ਮਾਲਕਾਂ ਪਾਸੋਂ ਲਿਆ ਗਿਆ ਸੀ। ਉਨ੍ਹਾਂ ਵਿਚੋਂ ਇਕ ਫ਼ੌਜੀ ਸੀ ਅੰਗਰੇਜ਼ ਸਿੰਘ। ਉਸ ਨੇ ਕਿਹਾ ਕਿ ਸਾਡੀ ਜ਼ਮੀਨ ਐਕਵਾਇਰ ਨਹੀਂ ਹੋਣੀ ਚਾਹੀਦੀ। ਫ਼ੈਸਲਾ ਇਹ ਹੋਇਆ ਕਿ ਉਸ ਦੀ ਜ਼ਮੀਨ ਵਾਪਸ ਕਰ ਦਿੱਤੀ ਜਾਵੇ। ਉਸਨੂੰ ਜੋ ਜ਼ਮੀਨ ਦਿੱਤੀ ਗਈ ਉਹ ਪਹਿਲਾਂ ਕਿਸੇ ਹੋਰ ਆਦਮੀ ਦੀ ਜ਼ਮੀਨ ਸੀ। ਇਸ ਤੇ ਝਗੜਾ ਹੋ ਗਿਆ। ਉਸ ਤੋਂ ਮਗਰੋਂ ਅਸਲੀ ਪੋਜ਼ਸ਼ਨ ਵਾਪਸ ਕੀਤਾ ਗਿਆ। ਫਿਰ ਕਮੇਟੀ ਨੇ ਦਾਵਾ ਕਰ ਦਿਤਾ ਜੋ ਉਸ ਦੇ ਹੱਕ ਵਿਚ ਹੋ ਗਿਆ। ਹੁਣ ਡਿਗਰੀ ਹੋ ਗਈ ਹੈ ਅਤੇ ਕਬਜ਼ਾ ਲੈਣ ਦੀ ਕਾਰਵਾਈ ਜਾਰੀ ਹੈ।

PHARMACISTS REMOVED FROM SERVICE DURING JANUARY, 1970

*1610. **Sardar Kirpal Singh** : Will the Minister of State for Industries and Health be pleased to state—

(a) the number of pharmacists removed from service during the month of January, 1970 togetherwith the reasons for their removal;

(b) whether any Bonded Pharmacists have also been removed; if so, whether one Subhash Chander Anand of V. J. Hospital, Amritsar is also included in them;

(c) if the reply to part (b) above be in the affirmative, the details of allegations against the said employees ?

ਸਰਦਾਰ ਰਵੇਲ ਸਿੰਘ : (ਏ) ਚਾਰ ਪ੍ਰਸ਼ਾਸਕੀ ਕਾਰਨਾਂ ਕਰਕੇ।

(ਬੀ) ਇਕ, ਹਾਂ ਜੀ।

(ਸੀ) ਹਾਂ ਜੀ। ਉਹ ਛੇ ਮਹੀਨੇ ਦੇ ਆਧਾਰ ਤੇ ਕੰਮ ਕਰਦਾ ਸੀ ਅਤੇ ਮੈਡੀਕਲ ਸੁਪਰਡੈਂਟ ਵੀ. ਜੇ. ਹਸਪਤਾਲ, ਅੰਮ੍ਰਿਤਸਰ ਦੀ ਰਿਪੋਰਟ ਅਨੁਸਾਰ ਉਸ ਦਾ ਕੰਮ ਅਤੇ ਵਿਹਾਰ ਸੰਤੋਸ਼ਜਨਕ ਨਹੀਂ ਸੀ। ਇਸ ਤੋਂ ਇਲਾਵਾ ਉਸ ਦੇ ਵਿਰੁਧ ਸੁਪਰਡੈਂਟ ਡਿਸਪੈਂਸਰੀ ਅਤੇ ਦੂਜੇ ਕੁਲੀਗਾਂ ਨਾਲ ਮਿਲ ਕੇ ਕੰਮ ਨਾਂ ਕਰਨ ਬਾਰੇ ਵੀ ਇਲਜ਼ਾਮ ਸਨ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਮੈਡੀਕਲ ਸੁਪਰਡੈਂਟ ਦੇ ਵ੍ਹਿਮ ਤੇ ਇਕ ਆਦਮੀ ਦੀ ਰੋਟੀ ਖੋਹ ਲੈਣੀ ਕਿਥੇ ਤਕ ਜਾਇਜ਼ ਹੈ ਅਤੇ ਅਗਰ ਇਸ ਕੇਸ ਬਾਰੇ ਰੈਪਰੇ-ਜ਼ੈਂਟੇਸ਼ਨ ਆਵੇ ਤਾਂ ਕੀ ਇਹ ਕਾਰਵਾਈ ਦਾ ਯਕੀਨ ਦਿਵਾਉਂਦੇ ਹਨ ?

ਰਾਜ ਮੰਤਰੀ : ਅਗਰ ਰੈਪਰੇਜ਼ੈਂਟੇਸ਼ਨ ਆਵੇਗਾ ਤਾਂ ਜ਼ਰੂਰ ਹਮਦਰਦਾਨਾ ਗੌਰ ਕੀਤਾ ਜਾਵੇਗਾ।

ਡਾਕਟਰ ਅਮੀਰ ਸਿੰਘ ਕਲਕਟ : ਕੀ ਉਸ ਨੂੰ ਰਿਮੂਵ ਕਰਨ ਤੋਂ ਪਹਿਲਾਂ ਉਸ ਨੂੰ ਕੋਈ ਚਾਰਜਸ਼ੀਟ ਜਾਂ ਕੋਈ ਹੋਰ ਨੋਟਿਸ ਦਿੱਤਾ ਗਿਆ?

ਰਾਜ ਮੰਤਰੀ : ਉਹ ਕਰਮਚਾਰੀ ਐਡਹਾਕ ਬੇਸਿਜ਼ ਤੇ ਲਾਇਆ ਗਿਆ ਸੀ।

ਮਾਸਟਰ ਬਾਬੂ ਸਿੰਘ : ਕੀ ਮੰਤਰੀ ਸਾਹਿਬ ਦਸਣਗੇ ਕਿ ਉਸ ਦੀ ਸਰਵਿਸ ਇਨ ਟੋਟੋ ਕਿੰਨੀ ਹੋ ਗਈ ਸੀ?

ਰਾਜ ਮੰਤਰੀ : ਇਸ ਲਈ ਨੋਟਿਸ ਚਾਹੀਦਾ ਹੈ ।

चौधरी बलबीर सिंह : क्या बाकायदा तौर पर कार्यवाही करने से पहले किसी कर्मचारी के खिलाफ ऐक्शन लिया जा सकता है ? रूलज़ क्लियर हैं ।

ਰਾਜ ਮੰਤਰੀ : ਉਹ ਕਨਫਰਮਡ ਐਪਲਾਈ ਨਹੀਂ ਸੀ, 6 ਮਹੀਨੇ ਲਈ ਐਡਹਾਕ ਬੇਸਿਜ਼ ਤੇ ਲਾਇਆ ਗਿਆ ਸੀ ।

STARRED QUESTION NO. 1483

ਅ. ਸ. ਨੰਬਰ 134–3 ਗਟ–70/1424
ਮੁੱਖ ਮੰਤਰੀ, ਪੰਜਾਬ ।
ਮਿਤੀ 20 ਮਾਰਚ, 1970 ।

ਪਿਆਰੇ ਸਰਦਾਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰਬਰ 1483 ਜੋ ਮਿਤੀ 25 ਮਾਰਚ, 1970 ਲਈ ਸੁਆਲਾਂ ਦੀ ਸੂਚੀ ਵਿਚ ਸ਼੍ਰੀ ਸਰਦਾਰੀ ਲਾਲ ਕਪੂਰ ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਕ ਵੀ ਤਿਆਰ ਨਹੀਂ ਹੋ ਸਕਿਆ ਹੈ। ਲੋੜੀਦੀ ਸੂਚਨਾ ਸਬੰਧਤ ਥਾਵਾਂ ਤੋਂ ਇੱਕਤਰ ਕੀਤੀ ਜਾ ਰਹੀ ਹੈ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਵਾਬ ਦੇਣ ਦੀ ਮਿਆਦ ਵਿਚ 10 ਦਿਨਾਂ ਦਾ ਵਾਧਾ ਕਰਨ ਦੀ ਕਿਰਪਾਲਤਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸ਼ਪਾਤਰ,
ਸਹੀ/–
(ਗੁਰਨਾਮ ਸਿੰਘ)

ਸ. ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।

ਸ਼੍ਰੀ ਸਪੀਕਰ : Starred question No. 1483 ਸਵਾਲ ਨੂੰ ਅਗੇ ਪਾਉਣ ਲਈ ਕਿਹਾ ਗਿਆ ਹੈ । (Extension has been asked for in respect of starred question No. 1483.) (ਵਿਘਨ)

चौधरी बलबीर सिंह : स्पीकर साहिब इसी सैशन में इस का जवाब दिया गया है — (विघ्न) और ढंग से पूछा गया था । अब पोसटपोन करने का क्या मतलब है ?

TRAFFIC ACCIDENTS

*1013. **Shri Sardari Lal Kapur** : Will the Chief Minister be pleased to state—

(a) the number of traffic accidents, which have occurred in the State during the period from 1st April, 1969 to 6th January, 1970 and the nature thereof;

[Shri Sardari Lal Kapur]

(b) the number of deaths resulting from the accidents, referred to in part (a) above;

(c) the number of persons who were awarded punishment by the courts for such traffic offences, as referred to in part (a) above;

(d) the maximum and minimum punishments awarded in each of the said cases;

(e) the details of the steps taken by the Government to stop such large number of accidents;

(f) whether any rigid rules are enforced by the Government to ensure that really efficient/expert car/Tempo/Bus/Truck drivers pass out the requisite test/training;

(g) the steps taken by the Government to ensure that the Traffic Staff is more vigilant in the matter of enforcement of traffic rules in the State ?

Sardar Gurnam Singh : (a) 568. (Trucks 219, Buses 112, Station Wagons 2, Motor Cycles 26, Tractors 39, Jeeps 28, Scooters 27, Military Vehicles 14, Cars 77, Tempos 12, Bullock Carts 2, Tonga 1, Mare 1 and others 8).

(b) 275.

(c) 31.

(d) The details of maximum and minimum punishments awarded in each case are given in the enclosed statement.

(e) Road Accidents are mainly due to lack of road sense, non-use of dipper or defective dipper at night, over speeding and use of alcohol by drivers. To face this situation, night checkings are being carried out and prosecutions for non use of dipper, over speeding and driving in drunken condition are launched. Further, in collaboration with the District Police, Road Safety Weeks are being observed and educative propaganda regarding road consciousness amongst masses is regularly undertaken.

(f) A test for the issue of driving license in the case of light vehicles is given by a Police Officer of and above the rank of an Inspector and in the case of heavy vehicles by Motor Vehicles Inspector of the Transport Department.

(g) The mobile Traffic Staff has been asked to take effective steps amongst traffic violators and to enforce the provisions of Motor Vehicles Act rigidly.

[(ੳ) 568 (ਟਰੱਕ 219, ਬੱਸਾਂ 112, ਸਟੇਸ਼ਨ ਵੈਗਨਜ਼ 2, ਮੋਟਰ ਸਾਈਕਲਜ਼ 26, ਟਰੈਕਟਰਜ਼ 39, ਜੀਪਾਂ 28, ਸਕੂਟਰ 27, ਮਿਲਟਰੀ ਵਹੀਕਲਜ਼ 14, ਕਾਰਾਂ 77, ਟੈਂਪੂ 12, ਬੈਲ ਗੱਡੀਆਂ 2, ਤਾਂਗਾ 1 ਘੋੜੀ 1 ਅਤੇ ਹੋਰ 8 ।]

ਅ) 275

ੲ) 31

ਸ) ਹਰੇਕ ਕੇਸ ਵਿਚ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਦਿੱਤੀ ਗਈ ਸਜ਼ਾ ਦਾ ਵੇਰਵਾ ਨਾਲ ਨੱਥੀ ਲੜੀ ਵਿਚ ਦਿੱਤਾ ਗਿਆ ਹੈ ।

ਹ) ਸੜਕ ਦੁਰਘਟਨਾਂਵਾਂ ਦਾ ਕਾਰਨ ਮੁਖੀਆ ਤੌਰ ਤੇ ਸੜਕਾਂ ਦੀ ਠੀਕ ਨਾਂ ਵਰਤੋਂ, ਡੀਪਰਾਂ ਦਾ ਰਾਤ ਨੂੰ ਨਾਂ ਵਰਤਣਾ ਤੇ ਜਾਂ ਠੀਕ ਢੰਗ ਨਾਲ ਇਸਤੇਮਾਲ ਨਾਂ ਕਰਨਾਂ, ਤੇਜ਼ ਰਫ਼ਤਾਰੀ ਅਤੇ ਡਰਾਈਵਰਾਂ ਦਾ ਸ਼ਰਾਬ ਪੀਣਾ ਹੈ। ਇਸ ਸਥਿਤੀ ਦਾ ਮੁਕਾਬਲਾਂ ਕਰਨ ਲਈ ਰਾਤ ਨੂੰ ਵੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਡੀਪਰ ਦੀ ਨਾਂ ਵਰਤੋਂ, ਤੇਜ਼ ਰਫ਼ਤਾਰੀ ਅਤੇ ਸ਼ਰਾਬੀ ਹਾਲਤ ਵਿਚ ਡਰਾਈਵਰਾਂ ਦੇ ਚਲਾਨ ਕੀਤੇ ਜਾਂਦੇ ਹਨ ਅਤੇ ਸੜਕਾਂ ਚੇਤੰਨਤਾ ਦਾ ਸਿਖਿਆ ਪ੍ਰਾਪੇਗੰਡਾ ਜਨਤਾ ਨੂੰ ਦੱਸਿਆ ਜਾਂਦਾ ਹੈ ।

ਕ) ਲਾਈਟ ਗੱਡੀਆਂ ਦੇ ਡਰਾਈਵਰੀ ਲਾਇਸੈਂਸ ਦੀ ਜਾਂਚ, ਇਨਸਪੈਕਟਰ ਅਤੇ ਉਸ ਤੋਂ ਉਪਰਲੇ ਰੁਤਬੇਵਾਲਾ ਅਧਿਕਾਰੀ ਕਰਦਾ ਹੈ ,ਅਤੇ ਭਾਰੀ ਗੱਡੀਆਂ ਦੀ ਆਵਾਜਾਈ ਵਿਭਾਗ ਦਾ ਮੋਟਰ ਵਹੀਕਲ ਇਨਸਪੈਕਟਰ ।

ਖ) ਗਸ਼ਤੀ ਆਵਾਜਾਈ ਸਟਾਫ਼ ਨੂੰ ਆਵਾਜਾਈ ਦੀ ਉਲੰਘਣਾਂ ਕਰਨ ਵਾਲਿਆਂ ਦੇ ਵਿਰੁੱਧ ਅਸਰਦਾਰ ਕਦਮ ਚੁੱਕਣ ਲਈ ਅਤੇ ਮੋਟਰ ਵਹੀਕਲ ਐਕਟ ਦੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਹਦਾਇਤ ਕੀਤੀ ਗਈ ਹੈ ।]

List showing the details of punishments awarded in each case

(i) Fined Rs. 85/.
(ii) Fined Rs. 80/- or in default two weeks rigorous imprisonment.
(iii) Fined Rs. 80/- and one month rigorous imprisonment. In case of non-payment of fine to undergo one month R.I.
(iv) Fined Rs. 50/- or in default one month rigorous imprisonment.
(v) Fined Rs. 100/- or in default 1 month R.I.
(vi) Fined Rs. 150/- or in default 2 month R.I.
(vii) Fined Rs. 500/- or in default 6 months R.I.
(viii) Fined Rs. 1,500/- till the rising of court or in case of non payment of fine to undergo 6 months R.I.
(ix) Fined Rs. 50/-
(x) Fined Rs. 100/- or in default to undergo 2 months R.I.
(xi) Fined Rs. 500/- and 9 months R.I.
(xii) Fined Rs. 500/- and 9 months R.I.
(xiii) Fined Rs. 1,000/- and $1\frac{1}{2}$ years R.I. in case of non-payment of Fine to undergo 6 months R.I.
(xiv) Fined Rs. 30/- or in default to undergo 15 days R.I.
(xv) Fined Rs. 150/- and to undergo imprisonment till the rising of Court. In case of non-Payment of fine to undergo one month R.I.
(xvi) Fined Rs. 50/-.
(xvii) Fined Rs. 200/- or in default to undergo 2 months R.I.
xviii) Fined Rs. 250/- and R.I. for one month.
(xix) Fined Rs. 15/- and 15 days R.I.
(xx) Fined Rs. 40/- and to undergo simple imprisonment till rising of Court. In case of non-payment of fine to undergo one month R.I.
(xxi) Fined Rs. 150/- u/s 279 IPC or in default to undergo one month R.I. Also fined Rs. 150/- u/s 427 IPC or in default one month R.I.
(xxii) One person released u/s 4 of Probationers of Offenders Act on sum of Rs. 1,000/- for one year.

[Chief Minister]

(xxiii) One person released u/s 4 of Probationers of Offenders Act on a sum Rs. 1,000/- for six months.

(xxiv) One person released u/s 4 of Probationers of Offenders Act on a sum Rs. 3,000/- for 2 years and also to Pay Rs. 350/- as compensation.

(xxv) One person bound down u/s 4 of the Probationers of Offenders Act.

(xxvi) One person admonished u/s 3 of Probationers of Offenders Act.

(xxvii) One person ordered to furnish a security u/s 4 of the Probationers of Offenders Act on a sum of Rs. 2,000/- for two years

(xxviii) Ditto

(xxix) One person bound down u/s 4 of the Probationers of Offenders Act on a sum of Rs. 2,000/- for six months.

(xxx) Ditto

(xxxi) Ditto

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਸਮਝਦਾ ਹਾਂ ਕਿ ਐਕਸੀਡੈਂਟ ਇਸ ਲਈ ਜ਼ਿਆਦਾ ਹੁੰਦੇ ਹਨ ਕਿਉਂਕਿ ਇਨ੍ਹਾਂ ਕੇਸਾਂ ਵਿਚ ਸਜ਼ਾ ਬੜੀ ਘੱਟ ਹੁੰਦੀ ਹੈ । ਇਕ ਥਾਂ 20 ਨੰਬਰ ਤੇ ਸਿਰਫ਼ 40 ਰੁਪਏ ਜੁਰਮਾਨਾ ਕੀਤਾ ਗਿਆ । ਇਸ ਤਰ੍ਹਾਂ ਦੀ ਸਜ਼ਾ ਹੋਵੇ ਤਾਂ ਐਕਸੀਡੈਂਟ ਕਰਨ ਦੀ ਆਦਤ ਰਹਿੰਦੀ ਹੈ। ਕੀ ਇਸ ਗੱਲ ਨੂੰ ਦਰੁੱਸਤ ਕਰਨ ਲਈ ਕੋਈ ਤਰੀਕਾ ਇਖ਼ਤਿਆਰ ਕੀਤਾ ਜਾਵੇਗਾ ?

ਮੁੱਖ ਮੰਤਰੀ : ਅਸੀਂ ਦਖਲ ਨਹੀਂ ਦੇ ਸਕਦੇ ਕਿਉਂਕਿ ਜੂਡੀਸ਼ਰੀ ਅੱਡ ਹੈ ।

ਚੌਧਰੀ ਰਾਮ ਸਿੰਘ : ਟਰੈਫਿਕ ਆਫ਼ੈਂਸ ਕਰਨ ਵਾਲਿਆਂ ਦੇ ਤਿੰਨ ਥਾਂ ਚਲਾਨ ਹੁੰਦੇ ਹਨ, ਲੋਕਲੀ, ਜ਼ਿਲਾ ਪੱਧਰ ਦੇ ਅਤੇ ਸਟੇਟ ਪੱਧਰ ਤੇ । ਹਾਦਸੇ ਵਧ ਰਹੇ ਹਨ ਕਿਉਂਕਿ ਜਿਸ ਤਰ੍ਹਾਂ ਆਮ ਕਿਹਾ ਜਾਂਦਾ ਹੈ ਕਿ ਡਰਾਈਵਰ ਸ਼ਰਾਬ ਪੀ ਕੇ ਗੱਡੀਆਂ ਚਲਾਉਂਦੇ ਹਨ । ਇਹ ਜਿਹੜਾ ਤਿੰਨ ਥਾਂ ਤੇ ਚਲਾਨ ਕਰਨ ਦਾ ਇੰਤਜ਼ਾਮ ਕੀਤਾ ਹੋਇਆ ਹੈ ਇਹ ਹਾਦਸਿਆਂ ਦਾ ਤਦਾਰਕ ਨਹੀਂ ਕਰ ਸਕਦਾ । ਕੀ ਇਹ ਜਿਸ ਤਿੰਨ ਤਰ੍ਹਾਂ ਦੇ ਇੰਤਜ਼ਾਮ ਦਾ ਜੂਆ ਟਰੈਫਿਕ ਦੇ ਗਲੋਂ ਲਾਹੁਣ ਦਾ ਯਤਨ ਕਰਨਗੇ ?

ਮੁੱਖ ਮੰਤਰੀ : ਇਸ ਤੇ ਵਿਚਾਰ ਕਰ ਲਵਾਂਗੇ ।

चौधरी बलबीर सिंह : क्या मुख्य मंत्री बताएंगे कि रात को जो गड्डे चलते हैं इन के आगे लैंप लटकाने के बारे में कोई इन्स्ट्रकशन या रूल हैं ताकि ऐक्सीडैंट कम हों और अगर नहीं हैं तो क्या इन्हें जारी किया जाएगा ?

ਮੁੱਖ ਮੰਤਰੀ : ਮੈਂ ਕਹਿ ਨਹੀਂ ਸਕਦਾ ਕਿ ਇਸ ਸਬੰਧ ਵਿਚ ਕਾਨੂੰਨ ਹੈ ਜਾਂ ਨਹੀਂ । ਵੈਸੇ ਇਹ ਦਰੁੱਸਤ ਹੈ ਕਿ ਗੱਡਿਆਂ ਦੇ ਅਗੇ ਰਾਤ ਨੂੰ ਲਾਈਟ ਹੋਣੀ ਚਾਹੀਦੀ ਹੈ ਤਾਂ ਕਿ ਐਕਸੀਡੈਂਟ ਨਾ ਹੋਣ, ਜੇਕਰ ਇਸ ਤਰ੍ਹਾਂ ਦੀਆਂ ਇਨਸਟਰਕਸ਼ਨਾਂ ਨਾ ਹੋਈਆ ਤਾਂ ਜਾਰੀ ਕਰ ਦਿਤੀਆਂ ਜਾਣਗੀਆਂ ।

CLERKS RECOMMENDED FOR APPOINTMENT IN THE TRANSPORT DEPARTMENT

*1570. **Sardar Jasdev Singh Sandhu** : Will the Chief Minister be pleased to state—

(a) the total number of clerks recommended for appointment by the Chief Secretary, Punjab (previously selected by the defunct Subordinate Services Selection Board) to the office of the State Transport Commissioner during the period from November, 1969 upto date;

(b) the number of those who were appointed, if they were not appointed, the reasons therefor ?

Sardar Gurnam Singh : (a) One (Sadhu Singh).

(b) None. There was no regular vacancy and Shri Sadhu Singh declined to join in a temporary capacity.

[(ਏ) ਇਕ—ਸਾਧੂ ਸਿੰਘ]

(ਬੀ) ਕੋਈ ਨਹੀਂ। ਸਾਡੇ ਪਾਸ, ਕੋਈ ਬਾਕਾਇਦਾ ਅਸਾਮੀ ਖਾਲੀ ਨਹੀਂ ਸੀ ਅਤੇ ਸ੍ਰੀ ਸਾਧੂ ਸਿੰਘ ਨੇ ਅਸਥਾਈ ਸਮਰਥਾ ਵਿਚ ਹਾਜ਼ਰ ਹੋਣ ਤੋਂ ਇਨਕਾਰ ਕਰ ਦਿੱਤਾ ਸੀ।]

STARRED QUESTION No. 1171**

ਮੁੱਖ ਮੰਤਰੀ, ਪੰਜਾਬ।

ਅ.ਸ.ਨੰ: 2956 ਅਕ-(111) 70—1201

ਮਿਤੀ ਚੰਡੀਗੜ੍ਹ, 20 ਮਾਰਚ, 1970।

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 1171 ਜੋ ਮਿਤੀ 25 ਮਾਰਚ, 1970 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਬਾਲ ਮੁਕੰਦ ਸ਼ਰਮਾ ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦਾ ਸੂਚਨਾ ਸਬੰਧਤ ਥਾਂਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਨੂੰ ਮਿਤੀ 15 ਅਪਰੈਲ, 1970 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤ,

ਸਹੀ—

(ਗੁਰਨਾਮ ਸਿੰਘ)

ਸਰਦਾਰ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

STARRED QUESTIONS AND ANSWERS

PAY GRADES FOR SURVEYORS AS RECOMMENDED IN THE PUNJAB PAY COMMISSIONS REPORT

*1748. **Shri Gurdial Saini** : Will the Minister for Finance be pleased tb state :—

(a) whether it is a fact that Surveyors in Government service. have not been put in the proper category of technicians with proper grades as recommended in the Punjab Pay Commission's Report : if so, the reasons therefor;

**For Starred Question No. 1171 and reply there to please see Appendix to the Debate.

[Shri Gurdial Saini]

(b) whether the Government propose to give them proper grade according to their qualifications ?

Sardar Balwant Singh : The whole matter is under examination by the Senior Officers Committee on Pay Revision Anomalies.

ਸ੍ਰੀ ਗੁਰਦਿਆਲ ਸੈਣੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਸੀਨੀਅਰ ਆਫੀਸਰਜ਼ ਦੀ ਕਮੇਟੀ ਬਣਾਉਣ ਦੀ ਕੀ ਲੋੜ ਸੀ ? ਪੇ. ਕਮੀਸ਼ਨ ਨੇ ਜੋ ਤਜਵੀਜ਼ਾਂ ਕੀਤੀਆਂ ਸਨ ਉਨ੍ਹਾਂ ਨੂੰ ਲਾਗੂ ਕਿਉਂ ਨਹੀਂ ਸੀ ਕਰ ਦਿਤਾ ਗਿਆ ?

ਵਿੱਤ ਮੰਤਰੀ ; ਜਿੰਨੀਆਂ ਵੀ ਪੇ ਕਮਿਸ਼ਨ ਨੇ ਆਪਣੀਆਂ ਸਿਫਾਰਸ਼ਾਂ ਕੀਤੀਆਂ ਸਨ ਬਾਈ ਐਂਡ ਲਾਰਜ ਉਨ੍ਹਾਂ ਨੂੰ ਮੰਨ ਲਿਆ ਗਿਆ ਸੀ, ਇਹ ਕਮੇਟੀ ਤਾਂ ਐਨੋਮਲੀਜ਼ ਨੂੰ ਦੂਰ ਕਰਨ ਲਈ ਬਣਾਈ ਗਈ ਹੈ ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਇਹ ਦਸਣ ਗੇ ਕਿ ਇਹ ਸਾਰਾ ਕੰਮ ਕੱਦ ਖ਼ਤਮ ਹੋ ਜਾਵੇਗਾ ਅਤੇ ਕੱਦ ਤਕ ਫੈਸਲਾ ਹੋ ਜਾਵੇਗਾ ?

ਮੰਤਰੀ : ਛੇਤੀ ਹੀ ਇਨ੍ਹਾਂ ਬਾਰੇ ਫ਼ੈਸਲਾ ਕਰ ਦਿੱਤਾ ਜਾਵੇਗਾ ।

ਸ੍ਰੀ ਕੇਵਲ ਕ੍ਰਿਸ਼ਨ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀ ਸੀਨੀਅਰ ਆਫ਼ੀਸਰਜ਼ ਦੀ ਕਮੇਟੀ ਬਣਾਈ ਗਈ ਹੈ ਕੀ ਇਹ ਸਮਝਦੇ ਹਨ ਕਿ ਇਹ ਕਲਾਸ ਚਾਰ ਦੇ ਐਮਪਲਾਈਜ਼ ਦੇ ਬਾਰੇ ਵਿਚ ਸੋਚ ਸਕਦੇ ਹਨ ਜਾਂ ਨਹੀਂ ਅਤੇ ਕੀ ਇਸ ਵਿਚ ਉਨ੍ਹਾਂ ਦਾ ਕੋਈ ਨੁਮਾਇੰਦਾ ਇਸ ਵਿਚ ਲਿਆ ਜਾਵੇਗਾ ?

ਮੰਤਰੀ : ਇਸ ਕਮੇਟੀ ਨੇ ਕਲਾਸ ਚਾਰ ਦੇ ਮਲਾਜ਼ਮਾਂ ਦੇ ਕੇਸ ਨੂੰ ਕਨਸਿਡਰ ਕੀਤਾ ਅਤੇ ਆਪਣੀ ਰਿਪੋਰਟ ਕੈਬਨਿਟ ਵਿਚ ਪੇਸ਼ ਕੀਤੀ ਜਿਸ ਰਿਪੋਰਟ ਨੂੰ ਕੈਬਨਿਟ ਨੇ ਮੰਨ ਲਿਆ ਅਤੇ ਕਲਾਸ ਚਾਰ ਦੇ ਐਂਪਲਾਈਜ਼ ਦੀਆਂ ਤਨਖਾਹਾਂ ਵਿਚ ਕਾਫੀ ਵਾਧਾ ਕਰ ਦਿੱਤਾ ਗਿਆ ਹੈ ।

चौधरी बलबीर सिंह : क्या मंत्री महोदय बताएंगे कि सरकार इस सारे काम को कितने अर्से में मुकम्मल कर लेगी ?

ਮੰਤਰੀ ; ਮੈਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਇਸ ਕੰਮ ਨੂੰ ਛੇਤੀ ਹੀ ਮੁਕੰਮਲ ਕਰ ਦਿਤਾ ਜਾਵੇਗਾ ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀਆਂ ਅਨਾਮੋਲੀਜ਼ ਹਨ ਇਨ੍ਹਾਂ ਵਿਚ ਕਈ ਅਜਿਹੀਆਂ ਕੈਟੇਗਰੀਜ਼ ਵੀ ਹਨ ਜਿਨ੍ਹਾਂ ਦੇ ਗਰੇਡ ਪਹਿਲਾਂ ਮਿਲਦੇ ਜੁਲਦੇ ਸਨ ਪਰ ਹੁਣ ਰਿਵਾਇਜ਼ ਕਰਨ ਨਾਲ ਉਨ੍ਹਾਂ ਵਿਚ ਕਾਫੀ ਫਰਕ ਪੈ ਗਿਆ ਹੈ ਕੋਈ ਹੇਠਾਂ ਜਾਂ ਉਤਾਂਹ ਚਲੇ ਗਏ ਹਨ ?

Mr Speaker : It does not arise out of the main question.

ਸ੍ਰੀ ਗੁਰਦਿਆਲ ਸੈਣੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਪਿਛਲੀ ਵੇਰ ਬਜਟ ਸੈਸ਼ਨ ਵਿਚ ਜਦੋਂ ਸ੍ਰੀ ਕ੍ਰਿਸ਼ਨ ਲਾਲ ਫਿਨਾਂਸ ਮਨਿਸਟਰ ਸਨ, ਉਨ੍ਹਾਂ ਨੇ ਕਿਹਾ ਸੀ ਕਿ ਪੇ ਕਮਿਸ਼ਨ ਦੀ ਰਿਪੋਰਟ ਨਾਲ ਜਿਹੜੀਆਂ ਅਨਾਮੋਲੀਜ਼ ਆ ਗਈਆਂ ਹਨ ਇਨ੍ਹਾਂ ਨੂੰ ਨੈਕਸਟ ਸੈਸ਼ਨ ਤਕ ਜ਼ਰੂਰ ਦੂਰ ਕਰ ਦਿੱਤਾ ਜਾਵੇਗਾ । ਇਹ ਉਨ੍ਹਾਂ ਦੀ ਇਸ ਹਾਊਸ ਵਿਚ ਅਸ਼ੋਰੇਂਸ ਸੀ ਤਾਂ ਇਨ੍ਹਾਂ ਨੂੰ ਹੁਣ ਇਸ ਸਾਲ ਦੇ ਬਜਟ ਵਿਚ ਕਿਉਂ ਨਹੀਂ ਲਿਆਂਦਾ ਗਿਆ ?

ਮੰਤਰੀ : ਇਨ੍ਹਾਂ ਨੂੰ ਬਜਟ ਵਿਚ ਲਿਆਉਣ ਦੀ ਲੋੜ ਨਹੀਂ, ਇਸ ਦਾ ਫੈਸਲਾ ਕਰਨ ਲਈ ਤਾਂ ਕੈਬਨਿਟ ਆਪ ਐਨਟਾਇਟਲਡ ਹੈ ।

GRAM SEWAKS AND PANCHAYAT OFFICERS

*1757. **Bhagat Guran Dass Hans** : Will the Minister for Development and Animal Husbandry be pleased to state—

(a) the total number of posts of Gram Sewaks in the State at present together with the number out of these on which persons belonging to the Scheduled Castes are working;

(b) whether any seniority list of the Gram Sewaks, referred to above, has been maintained; if so, a copy there of be laid on the Table of the House;

(c) whether it is a fact that the Gram Sewaks are promoted as Panchayat Officers; if so,the number of Gram Sewaks who have been promoted as Panchayat Officers so far together with the number, names and full addresses of those belonging to the Scheduled Castes among them and the places where they are posted at present;

(d) the total number of the posts of Panchayat Officers in the State at present together with the number of such posts which have been reserved for Scheduled Castes and the number of persons working against such reserved posts;

(e) whether some posts of Panchayat Officers are lying vacant at present, if so, their number together with the number of posts out of these reserved for persons belonging to Scheduled Castes as also the time by which these are likely to be filled ?

Sardar Parkash Singh Badal (a) (i) 1,210

(ii) 88

(b) After the re-organisation of Punjab, a tentative seniority was drawn up. However, it has been decided to have a separate cadre of Gram Sewaks for each District. Steps are being taken to implement this decision. The lists are being prepared.

[Minister for Development and Animal Husbandry]

(c) Yes.

Graduates	Matriculates	Scheduled Castes
15	14	Nil

(d) (i) 116+5 (Leave Reserve)

(ii) 24

(iii) 9

(e) (i) 6.

(ii) 1.

(iii) Interviews have been fixed for 9th and 10th April, 1970.

[ਏ (i) 1,210

(ii) 88

(ਬੀ) ਪੰਜਾਬ ਦੇ ਪੁਨਰ ਗਠਨ ਮਗਰੋਂ ਗਰਾਮ ਸੇਵਕਾਂ ਦੀ ਇਕ ਪ੍ਰਯੋਗਆਤਮਕ ਸੀਨੀਆਰਤਾ ਸੂਚੀ ਬਣਾਈ ਗਈ ਤਾਂ ਵੀ ਇਹਨਾਂ ਦਾ ਜ਼ਿਲ੍ਹਾ ਪੱਧਰ ਤੇ ਵਖਰਾ ਕਾਡਰ ਬਣਾਉਣ ਦਾ ਨਿਰਣਾ ਕੀਤਾ ਗਿਆ । ਇਸ ਨਿਰਣੇ ਨੂੰ ਅਮਲ ਵਿਚ ਲਿਆਉਣ ਦੀ ਕਾਰਵਾਈ ਹੋ ਰਹੀ ਹੈ । ਇਸ ਸਬੰਧੀ ਸੂਚੀਆਂ ਤਿਆਰ ਹੋ ਰਹੀਆਂ ਹਨ ।

(ਸੀ) ਹਾਂ ਜੀ

ਬੀ.ਏ.ਪਾਸ	ਦਸਵੀਂ ਪਾਸ	ਅਨੁਸੂਚਿਤ ਜਾਤੀਆਂ
15	14	ਨਿਲ

(ਡੀ) (i) 116+5 (ਲੀਵ ਰਿਜ਼ਰਵ)

(ii) 24

(iii) 9

(ਈ) (1) 6

(2) 1

(3) ਇੰਟਰਵਿਯੂ 9 ਅਤੇ 10 ਅਪਰੈਲ, 1970 ਨੂੰ ਨੀਅਤ ਕੀਤੀ ਹੈ ।]

ਭਗਤ ਗੁਰਾਂ ਦਾਸ ਹੰਸ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਨ੍ਹਾਂ ਅਸਾਮੀਆਂ ਨੂੰ ਛੇਤੀ ਪੂਰ ਕਰਨ ਤੋਂ ਇਨ੍ਹਾਂ ਦਾ ਕੀ ਭਾਵ ਹੈ ਇਹ ਕਦ ਤਕ ਪੂਰ ਕੀਤੀਆਂ ਜਾਣਗੀਆਂ ?

ਵਿਕਾਸ ਮੰਤਰੀ : ਇਸ ਦੇ ਬਾਰੇ ਵਿਚ 10 ਅਪਰੈਲ ਨੂੰ ਇੰਟਰਵਿਯੂ ਰਖੀ ਗਈ ਹੈ ਅਤੇ ਕਮੀ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਵਜ਼ੀਰ ਸਾਹਿਬ ਦਸਣਗੇ ਕਿ ਗਰਾਮ ਸੇਵਕਾਂ ਵਿਚੋਂ ਕਿਨ੍ਹਿਆਂ ਨੂੰ ਪੰਚਾਇਤ ਅਫ਼ਸਰ ਪ੍ਰੋਮੋਟ ਕੀਤਾ ਜਾਂਦਾ ਹੈ ?

ਮੰਤਰੀ : 27% ਮੈਟਿਕ ਅਤੇ 13% ਗਰੈਜੂਏਟ ।

चौधरी बलबीर सिंह : क्या मंत्री महोदय बताएंगे कि क्या वह इस तरह का प्रबन्ध कर देंगे कि जब तक शैडूयूलड कास्ट की गिनती पूरी नहीं हो जाती, दूसरे मुलाजमों को नहीं लिया जाएगा ?

ਮੰਤਰੀ : ਇਸ ਵਿਚ 6 ਨਵੀਆਂ ਵੈਕੰਸੀਆਂ ਹਨ, ਇਨ੍ਹਾਂ ਵਿਚੋਂ ਤਿੰਨ ਰਿਜ਼ਰਵ ਰਖ ਦਿਤੀਆਂ ਗਈਆਂ ਹਨ ।

ਚੌਧਰੀ ਜਗਤ ਰਾਮ : ਕੀ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਹੈ ਕਿ 14 ਅਸਾਮੀਆਂ ਸਨ ਤੇ ਇਨ੍ਹਾਂ ਵਿਚੋਂ ਸੱਤ ਰਖੀਆਂ ਗਈਆਂ ਹਨ 7 ਹੋਰ ਆ ਸਕਦੀਆਂ ਸਨ ਜਿਨ੍ਹਾਂ ਤੇ ਹਰੀਜਨ ਆ ਸਕਦੇ ਸਨ ਪਰ ਪੋਸਟਾਂ ਪੂਰ ਕਰਨ ਤੋਂ ਬਾਦ ਉਨ੍ਹਾਂ ਦੀ ਰਿਪੋਰਟ ਮੰਗੀ ਗਈ ਅਤੇ ਇਹ ਕਹਿ ਦਿੱਤਾ ਗਿਆ ਕਿ ਇਹ ਰਿਪੋਰਟਾਂ ਉਨ੍ਹਾਂ ਦੇ ਖਿਲਾਫ ਜਾਂਦੀਆਂ ਹਨ ਤਾਂ ਕੀ ਪਹਿਲਾਂ ਉਨ੍ਹਾਂ ਪੋਸਟਾਂ ਨੂੰ ਪੂਰ ਕੀਤਾ ਜਾਵੇਗਾ, ਇਹ ਜਿਹੜੀਆਂ ਛੇ ਦੀਆਂ ਛੇ ਹਨ ਇਨ੍ਹਾਂ ਤੇ ਹਰੀਜਨ ਲਗਾ ਕੇ ਉਨ੍ਹਾਂ ਤੋਂ ਬਾਦ ਕੋਈ ਪੋਸਟਾਂ ਹੋਣ ਤਾਂ ਦੂਜੇ ਲਗਾਏ ਜਾਣਗੇ ?

ਮੰਤਰੀ : ਖੇਚਲੀ ਇਹ ਹੈ ਕਿ 1 ਨਵੰਬਰ, 1966 ਤੋਂ ਬਾਦ ਕੋਈ ਪੋਸਟਿੰਗ ਜਾਂ ਪ੍ਰੋਮੋਸ਼ਨ ਕੀਤੀ ਹੀ ਨਹੀਂ ਗਈ । ਹੁਣ ਕਰ ਰਹੇ ਹਾਂ ਅਤੇ ਕੋਸ਼ਿਸ਼ ਕਰਾਂਗਾ ਕਿ ਉਨ੍ਹਾਂ ਦੀ ਕਮੀ ਨੂੰ ਵੱਧ ਤੋਂ ਵੱਧ ਪੂਰਾ ਕੀਤਾ ਜਾਵੇ ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀਆਂ ਪੰਚਾਇਤ ਅਫਸਰਾਂ ਦੀਆਂ ਪੋਸਟਾਂ ਹਨ ਇਨ੍ਹਾਂ ਵਿਚ ਹਰੀਜਨ ਕੋਟੇ ਦੀ ਕਮੀ ਨੂੰ ਦੂਰ ਕਰਨ ਵਾਸਤੇ ਯਤਨ ਕੀਤਾ ਗਿਆ ਹੈ ਅਤੇ ਜੇਕਰ ਘਾਟਾ ਹੈ ਤਾਂ ਪੂਰਾ ਕਰਨ ਨੂੰ ਸਰਕਾਰ ਤਿਆਰ ਹੈ ਤਾਂ ਕਿ ਇਨ੍ਹਾਂ ਦੀ ਸ਼ਾਰਟੇਜ ਦੂਰ ਹੋ ਸਕੇ ?

ਮੰਤਰੀ : ਇਸ ਦੇ ਬਾਰੇ ਵਿਚ ਰੂਲ ਬਣਾਏ ਜਾ ਰਹੇ ਹਨ ਅਤੇ ਸਰਕਾਰ ਕੋਸ਼ਿਸ਼ ਕਰੇਗੀ ਕਿ ਵੱਧ ਤੋਂ ਵੱਧ ਸੀਟਾਂ ਹਰੀਜਨਾਂ ਨੂੰ ਦਿਤੀਆਂ ਜਾਣ ।

ਸਰਦਾਰ ਰਾਜਾ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਪੰਚਾਇਤ ਅਫਸਰਾਂ ਵਿਚ ਹਰੀਜਨਾਂ ਨੂੰ ਇਹ ਕਹਿ ਕੇ ਨਹੀਂ ਰਖਿਆ ਜਾਂਦਾ ਕਿ ਇਨ੍ਹਾਂ ਵਿਚ ਯੋਗਤਾ ਪੂਰੀ ਨਹੀਂ ਪਰ ਅਸਲੀਅਤ ਇਹ ਹੈ ਕਿ ਕਾਨਫੀਡੈਂਸ਼ਲ ਰਿਪੋਰਟਾਂ ਜਾਣ ਕੇ ਇਨ੍ਹਾਂ ਦੀਆਂ ਖ਼ਰਾਬ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨਾਲ ਧੱਕਾ ਹੋ ਰਿਹਾ ਹੈ । ਕੀ ਇਸ ਦੇ ਬਾਰੇ ਵਿਚ ਸਰਕਾਰ ਕੋਈ ਕਮਿਸ਼ਨ ਮੁਕੱਰਰ ਕਰਨ ਨੂੰ ਤਿਆਰ ਹੈ ਜਿਸ ਦਾ ਕੋਈ ਨਾਨ-ਆਫੀਸ਼ਲ ਚੇਅਰਮੈਨ ਹੋਵੇ ਜੋ ਹਰੀਜਨਾਂ ਨਾਲ ਸਰਵਿਸਾਂ ਵਿਚ ਹੋ ਰਹੀ ਵਧੀਕੀ ਨੂੰ ਵੇਖੇ ?

ਮੰਤਰੀ : ਅਜੇਹੀ ਤਾਂ ਕੋਈ ਗਲ ਨਹੀਂ ਪਰ ਜੇਕਰ ਕਿਸੇ ਖਾਸ ਕੇਸ ਵਿਚ ਕਿਸੇ ਹਰੀਜਨ ਅਫਸਰ ਨਾਲ ਧਕਾ ਕੀਤਾ ਗਿਆ ਹੋਵੇ ਤਾਂ ਦਸ ਦਿਤਾ ਜਾਵੇ ਅਸੀਂ ਉਸ ਦੀ ਹਕ ਰਫੀ ਕਰਨ ਨੂੰ ਤਿਆਰ ਹਾਂ ।

ਭਗਤ ਗੁਰਾਂ ਦਾਸ ਹੰਸ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਥੇ ਸਰਵਿਸਾਂ ਵਿਚ ਹਰੀਜਨਾਂ ਦੀ 21% ਥਾਂ ਪੂਰੀ ਨਹੀਂ ਅਤੇ ਉਨ੍ਹਾਂ ਨਾਲ ਧੱਕਾ ਹੋ ਰਿਹਾ ਹੈ ਇਸ ਕਮੀ ਨੂੰ ਪੂਰਾ ਕੀਤਾ ਜਾਵੇਗਾ ਇਸ ਤੋਂ ਪਹਿਲਾਂ ਕਿ ਹੋਰ ਆਦਮੀ ਰਖੇ ਜਾਣ ?

ਮੰਤਰੀ : ਇਹ ਸਾਰਾ ਧੱਕਾ ਕਾਂਗਰਸ ਰਾਜ ਦੇ ਵੇਲੇ ਕੀਤਾ ਗਿਆ ਸੀ ਅਸੀਂ ਤਾਂ ਸਗੋਂ ਠੀਕ ਕਰਨ ਦਾ ਯਤਨ ਕਰ ਰਹੇ ਹਾਂ ।

EXAMINERS APPOINTED FOR J. B. T. EXAMINATIONS HELD IN JUNE 1968

*1557. **Vaid Kartar Singh** : Will the Minister for Education be pleased to state—

(a) whether it is a fact that at the time of J. B. T. Examination held in June, 1968, it was decided by the Punjab Education Department that in the Departmental Examinations only those persons will be appointed Examiners who have been allocated to Punjab State;

(b) whether it is also a fact that teachers belonging to Haryana State were appointed Examiners indisregard of the decision referred to in para (a) above; if so, the reasons therefor and the name and designation of the Officer responsible therefor ?

ਸਰਦਾਰ ਸੁਰਜੀਤ ਸਿੰਘ : (ੲ) ਹਾਂ ਜੀ ।

(ਬੀ) ਹਾਂ ਜੀ ਦੋ ਉਪ-ਪਰੀਖਿਅਕਾਂ ਨੂੰ ਡੀ.ਪੀ.ਆਈ. (ਸ੍ਰੀ.ਪੀ.ਐਲ.ਸੋਂਧੀ) ਜੀ ਦੇ ਜ਼ਬਾਨੀ ਆਦੇਸ਼ ਅਨੁਸਾਰ ਉਪ-ਪਰੀਖਿਅਕ ਦੇ ਤੌਰ ਤੇ ਚਾਲੂ ਰਖਿਆ ਗਿਆ ਸੀ ।

ਵੈਦ ਕਰਤਾਰ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਉਹ ਇਸ ਗਲ ਦੀ ਇਨਕੁਆਰੀ ਕਰਾਉਣ ਨੂੰ ਤਿਆਰ ਹਨ ਕਿ ਸੋਂਧੀ ਸਾਹਿਬ ਦੇ ਬਦਲ ਜਾਣ ਤੇ ਨਜਾਇਜ਼ ਫਾਇਦਾ ਉਠਾਉਣ ਲਈ ਇਸ ਤਰ੍ਹਾਂ ਦਾ ਜਵਾਬ ਸਰਕਾਰ ਨੇ ਦਿਤਾ ਹੈ । ਅਤੇ ਇਹ ਬੇਬੁਨਿਆਦ ਗਲ ਹੈ ?

ਵਿਦਿਆ ਮੰਤਰੀ : ਇਸ ਗਲ ਬਾਰੇ ਉਸ ਵੇਲੇ ਦੇ ਅਸਿਸਟੈਂਟ ਡਾਇਰੈਕਟਰ ਤੋਂ ਪੁਛਿਆ ਗਿਆ ਸੀ ਅਤੇ ਤਾਂ ਜਵਾਬ ਦਿਤਾ ਗਿਆ ਹੈ ।

ਕਾਮਰੇਡ ਸੱਤਪਾਲ ਡਾਂਗ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਹ ਹੁਕਮ ਜਾਰੀ ਕੀਤਾ ਗਿਆ ਸੀ ਕਿ ਜਿਹੜੇ ਵੀ ਟੀਚਰ ਹਰਿਆਣੇ ਜਾਂ ਹਿਮਾਚਲ ਵਿਚ ਐਲੋਕੇਟ ਕੀਤੇ ਗਏ ਹਨ ਉਨ੍ਹਾਂ ਨੂੰ ਐਗਜ਼ਾਮੀਨਰ ਮੁਕੱਰਰ ਨਹੀਂ ਕੀਤਾ ਜਾਵੇਗਾ ?

ਮੰਤਰੀ : ਇਸ ਵਿਚੋਂ ਇਹ ਸਵਾਲ ਪੈਦਾ ਨਹੀਂ ਹੁੰਦਾ ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਕੀ ਹਰਿਆਣੇ ਦੇ ਐਜੂਕੇਸ਼ਨ ਡਿਪਾਰਟਮੈਂਟ ਨੇ ਵੀ ਕੁਝ ਪੰਜਾਬੀ ਟੀਚਰ ਅਪੁਆਇੰਟ ਕੀਤੇ ਸਨ?

ਸ੍ਰੀ ਸਪੀਕਰ : ਤੁਸੀਂ ਪੰਜਾਬ ਸਰਕਾਰ ਤੋਂ ਹਰਿਆਣੇ ਦੀ ਇਨਫਰਮੇਸ਼ਨ ਮੰਗਦੇ ਹੋ ? (ਵਿਘਨ) ਤਸ਼ਰੀਫ ਰੱਖੋ ਜੀ । (The hon. Member is asking for the information about Haryana from the Punjab Government (*interruption*) He may please resume his seat.)

चौधरी बलबीर सिंह : जिस अफसर ने रूलज़ के खिलाफ कोई काम किया, क्या सरकार उस के खिलाफ कोई ऐकशन लेगी ?

ਮੰਤਰੀ : ਉਨ੍ਹਾਂ ਦਾ ਕਹਿਣਾ ਸੀ ਕਿ ਸਾਡੇ ਇਨਸਟੀਚਿਊਸ਼ਨਜ਼ ਵਿਚ ਪੰਜਾਬੀ ਵੀ ਪੜ੍ਹਾਈ ਜਾਂਦੀ ਹੈ ਅਤੇ ਹਿੰਦੀ ਵੀ ਇਸ ਲਈ ਕਿ ਉਥੇ ਪੰਜਾਬੀ ਬਚੇ ਵੀ ਅਤੇ ਹਰਿਆਨਵੀ ਵੀ ਹਨ । ਇਸ ਲਈ ਮਹਿੰਦਰ ਨਾਥ ਪੁਰੀ ਅਤੇ ਸ੍ਰੀ ਤਨੇਜਾ ਦੋ ਆਦਮੀਆਂ ਨੂੰ ਅਪੁਆਇੰਟ ਕੀਤਾ ।

चौधरी बलबीर सिंह : अभी यहां पर मुख्य मंत्री ने एक जवाब में कहा है कि इन्स्ट्रक्शन्ज इशू की गई हैं क्या सरकार उन को खिलाफ वर्ज़ी करने वाले के खिलाफ ऐकशन लेगी ?

ਮੰਤਰੀ : ਕੋਈ ਖਿਲਾਫ ਵਰਜ਼ੀ ਨਹੀਂ ਕੀਤੀ ਗਈ । ਐਕਸ਼ਨ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਕਾਮਰੇਡ ਸੱਤਪਾਲ ਡਾਂਗ : ਜਿਸ ਅਫਸਰ ਨੇ ਜ਼ਬਾਨੀ ਹੁਕਮ ਦਿਤਾ ਸੀ, ਕੀ ਉਸ ਦੇ ਜ਼ਬਾਨੀ ਹੁਕਮ ਦਾ ਕਿਤੇ ਕੋਈ ਰਿਕਾਰਡ ਹੈ ?

ਮੰਤਰੀ : ਰਿਕਾਰਡਿੰਗ ਬਾਰੇ ਤਾਂ ਮੈਨੂੰ ਪਤਾ ਨਹੀਂ, ਜੋ ਉਸ ਅਫਸਰ ਦਾ ਜਵਾਬ ਸੀ ਉਹ ਮੈਂ ਹਾਊਸ ਨੂੰ ਦਸ ਦਿਤਾ ਹੈ ।

HEAD EXAMINERS APPOINTED FOR J. B. T. EXAMINATIONS HELD IN JUNE, 1968

*1558. **Vaid Kartar Singh** : Will the Minister for Education be pleased to state—

(a) whether it is a fact that at the time of J.B.T. Examination held in June, 1968, it was decided by the Punjab Education Department that only those persons would be appointed as Head Examiners who were working in the grade of not less than Rs. 700—1,100;

(b) if the reply to part (a) above be in the affirmative, whether some persons working in a grade lower than that referred to in part (a) above were appointed as Head Examiners. If so, the reasons therefor, the name and designation of the officer responsible therefor ?

ਸਰਦਾਰ ਸੁਰਜੀਤ ਸਿੰਘ : (ੲ) ਹਾਂ ਜੀ ।

(ਬੀ) ਹਾਂ ਜੀ । ਸਿਹਤ ਸਿਖਿਆ ਤੇ ਮਨੋਰੰਜਕ ਰੁਝੇਵੇਂ (Health Education and Recreational Activities) ਦੇ ਵਿਸ਼ੇ ਲਈ ਠੀਕ ਯੋਗਤਾ ਦੇ ਪੂਰੇ ਅਧਿਕਾਰੀ ਉਪਲਬਦ ਨਾਂ ਹੋਣ ਕਾਰਨ ਪਿਛਲੀ ਪਰੀਖਿਆ ਦੀ ਤਰ੍ਹਾਂ ਇਕ ਹੋਰ ਮੁਖ ਪਰੀਖਿਅਕ 400—800 ਦੇ ਗਰੇਡ ਵਾਲਾ, ਡੀਪੀਆਈ ਜੀ ਦੀ ਆਗਿਆ ਨਾਲ ਲਾਇਆ ਗਿਆ ।

ਸਰਦਾਰ ਕਿਰਪਾਲ ਸਿੰਘ : ਮਨਿਸਟਰ ਸਾਹਿਬ, ਨੇ ਸਵਾਲ ਦਾ ਜਵਾਬ ਦਿੰਦਿਆਂ ਇਸ ਗਲ ਨੂੰ ਮੰਨਿਆ ਹੈ ਕਿ ਉਹ ਅਫਸਰ ਐਗਜ਼ਾਮੀਨਰ ਨਹੀਂ ਲਗਾਇਆ ਜਾਵੇਗਾ ਜਿਸ ਦਾ ਗਰੇਡ 700—1,100 ਤੋਂ ਘਟ ਹੋਵੇ । ਕੀ ਵਧ ਤਨਖ਼ਾਹ ਲੈਣਾ ਵੀ ਕੋਈ ਡਿਊਟੀ ਵਿਚ ਕਨਸਿਡਰ ਕੀਤਾ ਜਾਂਦਾ ਹੈ ਜੋ ਇਸ ਨੂੰ ਮੁੱਖ ਰਖਿਆ ਗਿਆ ਹੈ ਕਿ ਇਤਨੀ ਵਧ ਹੋਵੇ ।

ਮੰਤਰੀ : ਇਸ ਸਵਾਲ ਦਾ ਜਵਾਬ ਜੋ ਬਣਦਾ ਸੀ ਉਹ ਦੇ ਦਿਤਾ ਗਿਆ ਹੈ ਕਿ ਐਗਜ਼ਾਮੀਨਰ ਉਹੀ ਲਗ ਸਕਦਾ ਹੈ ਜਿਸ ਦੀ ਤਨਖਾਹ ਇਤਨੀ ਹੋਵੇ, ਹੋਰ ਕੋਈ ਕਨਸਿਡਰੇਸ਼ਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਵੈਦ ਕਰਤਾਰ ਸਿੰਘ : ਜਿਹੜਾ ਮਹਿੰਦਰ ਨਾਥ ਖੋਸਲਾ ਨੂੰ ਲਗਾਇਆ ਗਿਆ ਸੀ ਕੀ ਉਸ ਦਾ ਗਰੇਡ ਵਧ ਸੀ ?

ਮੰਤਰੀ : ਆਨਰੇਬਲ ਮੈਂਬਰ ਦਾ ਸਵਾਲ ਸਬੰਧਤ ਨਹੀਂ ਇਸ ਲਈ ਮੈਂ ਕੁਝ ਨਹੀਂ ਕਹਿ ਸਕਦਾ ।

चौधरी बलबीर सिंह : इस तरह से तो अध्यक्ष महोदय, क्वैस्चन का परपज़ ही खत्म हो जाता है ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਰੋਜ਼ ਸਮਝਾਉਂਦੇ ਹੋ, ਇਹ ਸਮਝਦੇ ਨਹੀਂ ਕਿ ਕੁਐਸ਼ਚਨ ਦਾ ਪਰਪਜ਼ ਕੀ ਹੁੰਦਾ ਹੈ (ਹਾਸਾ) (The hon. Member Chaudhri Balbir Singh daily tries to make the Ministers understand the purpose of putting questions in the House but they do not understand (*Laughter*).

APPOINTMENT OF EXAMINERS FOR MIDDLE STANDARD EXAMINATION

1574. **Vaid Kartar Singh** : Will the Minister for Education be pleased to state.—

(a) whether it is a fact that for the purpose of appointment of Examiners in the Middle Standard Examination, Registration lists were maintained by the Punjab Education Department;

(b) whether it is also a fact that the then D.P.I. (Sh. P. L. Sondhi) passed orders on the 12th January, 1968, that fresh registration lists of Examiners should be prepared and those which existed previously should be treated as diminishing lists for purposes of appointment of Examiners, and the examiners appointed out of the old lists should be asked to re-register themselves after the expiry of their term of three years;

(c) whether it is also a fact that the present Assistant Director (Examinations) withheld the decision mentioned in part (b) above, issued fresh instructions under his D.O. letter No. 4-19/69-XN(5), dated the 14th August, 1969, cancelling the entire previous registration. If so, under what circumstances the previous orders have been superseded ?

ਸਰਦਾਰ ਸੁਰਜੀਤ ਸਿੰਘ : (ਏ) ਹਾਂ ਜੀ ।

(ਬੀ) ਹਾਂ ਜੀ ।

(ਸੀ) ਡੀ.ਪੀ.ਆਈ. ਦੇ ਮਈ, 1969 ਵਿਚ ਪਾਸ ਕੀਤੇ ਆਦੇਸ਼ ਅਨੁਸਾਰ ਨਵੀਂ ਰਜਿਸਟਰੇਸ਼ਨ ਵਾਸਤੇ ਨਵੀਆਂ ਹਦਾਇਤਾਂ ਤੇ ਨਵੇਂ ਪਰੋਫਾਰਮੇਂ, ਜੋ ਮਿਤੀ 14 ਅਗਸਤ, 1969 ਨੂੰ ਅ:ਸ:ਨੰਬਰ,4/1969 ਐਕਸ ਐਮ (5), ਅਧੀਨ ਜਾਰੀ ਕੀਤੀਆਂ ਗਈਆਂ । ਇਹ ਇਸ ਕਰਕੇ ਕਰਨਾ ਪਿਆ ਤਾਂ ਜੋ ਇਸ ਕੰਮ ਨੂੰ ਯੂਨੀਵਰਸਿਟੀ ਦੇ ਪੈਟਰਨ ਅਨੁਸਾਰ ਕੀਤਾ ਜਾਵੇ ।

ਚੌਧਰੀ ਰਾਮ ਸਿੰਘ : ਕੀ ਮੰਤਰੀ ਜੀ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜੇ ਵੀ ਮਿਡਲ ਸਕੂਲਾਂ ਦੇ ਹੈਡਮਾਸਟਰ ,ਹਾਈ ਸਕੂਲਾਂ ਅਤੇ ਹਾਇਰ ਸਕੈਂਡਰੀ ਸਕੂਲਾਂ ਦੇ ਮਾਸਟਰ ਲਗਾਏ ਜਾਂਦੇ ਹਨ , ਉਨ੍ਹਾਂ ਨੂੰ ਅਗੇ ਤੋਂ ਅਗੇ ਲਗਾਇਆ ਜਾਂਦਾ ਹੈ ਕੀ ਉਨ੍ਹਾਂ ਦਾ ਇਸ ਤਰ੍ਹਾਂ ਨੁਕਸਾਨ ਨਹੀਂ ਹੁੰਦਾ?

ਵਿਦਿਆ ਮੰਤਰੀ : ਆਨਰੇਬਲ ਮੈਂਬਰ ਸਵਾਲ ਨੂੰ ਗ਼ਲਤ ਸਮਝ ਗਏ ਹਨ, ਇਸ ਦੇ ਵਿਚੋਂ ਇਹ ਅਰਾਈਜ਼ ਹੀ ਨਹੀਂ ਹੁੰਦਾ ।

UNADJUSTED B.A. B.T./B. ED. TEACHERS

*1700. **Comrade Kulwant Singh : Will the Minister for Education** be pleased to state—

(a) whether it is a fact that unadjusted teachers who passed their B.T. examination in 1967 have been adjusted while those who did so in 1966 have not been adjusted, if so, reasons therefor;

(b) the basis/principles for selection of unadjusted B.A., B.T./B.Ed. teachers in Government schools for being adjusted ?

ਸਰਦਾਰ ਸੁਰਜੀਤ ਸਿੰਘ(ੳ)ਹਾਂ ਜੀ । ਕਿਉਂ ਕਿ ਜਿੰਨੀਆਂ ਅਸਾਮੀਆਂ 1966 ਤਕ ਪਾਸ ਕਰਨ ਵਾਲੇ ਬੀ.ਏ.ਬੀ.ਟੀ./ਬੀ.ਐਡ. ਅਧਿਆਪਕਾਂ ਲਈ ਰਖੀਆਂ ਸਨ ਉਹ ਖ਼ਤਮ ਹੋ ਚੁਕੀਆਂ ਸਨ, ਇਸ ਲਈ ਜਿਹੜੀਆਂ ਆਸਾਮੀਆਂ 1967 ਵਿਚ ਅਜਿਹੇ ਅਧਿਆਪਕਾਂ ਵਾਸਤੇ ਰਖੀਆਂ ਗਈਆਂ ਸਨ, ਉਨ੍ਹਾਂ ਦੇ ਵਿਰੁਧ 31 ਦਸੰਬਰ,1967 ਤਕ ਬੀ.ਟੀ/ਬੀ.ਐਡ. ਪਾਸ ਕਰਨ ਵਾਲੇ ਸਾਰੇ ਅਧਿਆਪਕ ਵਿਚਾਰੇ ਗਏ ਅਤੇ ਚੁਣੇ ਗਏ ।

(ਅ) ਅਨਵਿਵਸਥਿਤ ਬੀ.ਟੀ. ਟੀਚਰਾਂ ਦੀ ਵਿਵਸਥਾ ਸਾਲ ਵਾਰ ਕੀਤੀ ਜਾਂਦੀ ਹੈ ਅਤੇ ਕੁੱਲ ਖਾਲੀ ਅਸਾਮੀਆਂ ਦਾ 25 ਫ਼ੀ ਸਦੀ ਹਿਸਾ ਅਨਵਿਵਸਥਿਤ ਬੀ.ਟੀ/ਬੀ.ਐਡ. ਟੀਚਰਾਂ ਲਈ ਰਿਜ਼ਰਵ ਕੀਤਾ ਜਾਂਦਾ ਹੈ । ਇਨ੍ਹਾਂ ਅਵਿਵਸਥਤ ਬੀ. ਟੀ. ਟੀਚਰਾਂ ਦੀ ਚੋਣ ਯੋਗਤਾ, ਲੰਬੀ ਸੇਵਾ ਤੇ ਨਿਜੀ ਰਿਕਾਰਡ ਦੇ ਅਧਾਰ ਤੇ ਕੀਤੀ ਜਾਂਦੀ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ : ਇਸ ਸਵਾਲ ਦੇ ਜਵਾਬ ਵਿਚ, ਪਾਰਟ ਬੀ ਵਿਚ ਇਹ ਦਸਿਆ ਗਿਆ ਹੈ ਕਿ 25% ਨੂੰ ਐਡਜਸਟ ਕਰ ਲਿਆ ਜਾਂਦਾ ਹੈ, ਜਿਹੜੇ 75% ਰਹਿੰਦੇ ਹਨ ਉਨ੍ਹਾਂ ਵਿਚੋਂ ਹੁਣ ਤਕ ਕੋਈ ਸਿਲੈਕਸ਼ਨ ਹੋਈ ਹੈ ਯਾ ਨਹੀਂ ?

ਵਿਦਿਆ ਮੰਤਰੀ : ਇਨ੍ਹਾਂ ਦੀਆਂ ਐਪਲੀਕੇਸ਼ਨਾਂ ਮੰਗਾਈਆਂ ਗਈਆਂ ਹਨ ਅਤੇ ਇਨ੍ਹਾਂ ਬਾਰੇ ਸਿਲੈਕਸ਼ਨ ਕੀਤੀ ਜਾ ਰਹੀ ਹੈ ।

ਕਾਮਰੇਡ ਸੱਤਪਾਲ ਡਾਂਗ : ਕੀ ਵਜ਼ੀਰ ਸਾਹਿਬ ਦਸਣਗੇ ਕਿ ਪਹਿਲਾਂ 25% ਸਿਲੈਕਟ ਕਰ ਲਏ । ਜਿਹੜੇ ਇਸ ਤਰ੍ਹਾਂ 1966 ਵਿਚ ਰਹਿ ਗਏ, ਫੇਰ 1967–68 ਦੇ ਵਿਚ ਰਹਿ ਗਏ ਇਨ੍ਹਾਂ ਰਹਿਣ ਵਾਲਿਆਂ ਨੂੰ ਕਿਵੇਂ ਐਡਜਸਟ ਕੀਤਾ ਜਾਵੇਗਾ ?

ਮੰਤਰੀ : ਇਸ ਦੇ ਲਈ ਨੋਟਿਸ ਚਾਹੀਦਾ ਹੈ, ਪਤਾ ਕਰਕੇ ਦਸਿਆ ਜਾ ਸਕਦਾ ਹੈ ।

चौधरी बलबीर सिंह : उन्होंने तीन कुआलिफिकेशन बनाई हैं, जिन के आधार पर 25% को ऐडजस्ट करना होता है । मगर सरविसिज़ में कुआलिफिकेशनज़ के इलावा और भी बातें काऊंट करने वाली होती हैं । जैसे लैंग्थ आफ सरविस वगैरा । यह कौन देखता है ?

ਮੰਤਰੀ : ਇਸ ਕੰਮ ਦੇ ਲਈ ਬੜੇ ਵੱਡੇ ਵੱਡੇ ਅਫਸਰ ਲਗੇ ਹੋਏ ਹਨ, ਉਹ ਸਾਰੀਆਂ ਗਲਾਂ ਵੇਖਦੇ ਹਨ ਤਾਂ ਅਪੁਆਇੰਟ ਕਰਦੇ ਹਨ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਇਸ ਦੇ ਲਈ ਕੋਈ ਟਾਈਮ ਲਿਮਟ ਵੀ ਰਖਿਆ ਗਿਆ ਹੈ ਕਿ ਜੇ ਕੋਈ ਜੇ.ਬੀ.ਟੀ.ਹੋਵੇ ਬੀ.ਏ. ਹੋਵੇ ਜਾਂ ਐਮ.ਏ. ਹੋਵੇ ਉਹ ਕਦੋਂ ਤਕ ਹੋਵੇ ?

ਮੰਤਰੀ : ਇਸ ਬਾਰੇ ਟਾਈਮ ਲਿਮਟ ਨਹੀਂ ਹੋ ਸਕਦਾ ।

चौधरी बलबीर सिंह : हर कैटेगरी का अलग अलग नम्बर है । जो सिलैक्शन का बेस है वह क्या होगा ?

ਮੰਤਰੀ : ਹੋਰ ਕੋਈ ਬੇਸ ਨਹੀਂ, ਇਹ ਸਾਰੀ ਗਲ ਕਲੀਅਰਲੀ ਮੈਂ ਦਸ ਚੁਕਾ ਹਾਂ।

ਸ੍ਰੀ ਸਪੀਕਰ : ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਐਡਜਸਟਮੈਂਟ ਵਾਸਤੇ ਉਹ ਕੋਈ ਸਪੈਸੇਫਿਕ ਰੂਲਜ਼ ਬਣਾ ਦੇਣ ਤਾਂ ਜੋ ਕਿਸੇ ਦੀ ਕੋਈ ਰਿਆਇਤ ਨਾ ਹੋਵੇ। (I would suggest to the hon. Minister to frame specific rules governing the adjustments, so that there may not be any undue favour in any case.)

ਮੰਤਰੀ : ਸਪੈਸੇਫ਼ਿਕ ਰੂਲਜ਼ ਆਲਰੈਡੀ ਹਨ ,ਇਹ ਨੋਟਿਸ ਦੇਣ ਤਾਂ ਉਹ ਵੀ ਦਸ ਦੇਵਾਂਗਾ ।

ਕਾਮਰੇਡ ਸੱਤਪਾਲ ਡਾਂਗ : ਮੈਂ ਵਜ਼ੀਰ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਬੀ.ਟੀ. ਹੈ ਅਤੇ ਉਹ ਐਡਜਸਟ ਨਹੀਂ ਹੁੰਦਾ ਤਾਂ ਉਹ ਕਦੋਂ ਕਨਸਿਡਰ ਹੋਵੇਗਾ ਜਦੋਂ ਕਿ ਇਸ ਤੋਂ ਹਰ ਸਾਲ ਮਗਰੋਂ ਜਿਵੇਂ 66 ਤੋਂ ਬਾਅਦ 67 ਅਤੇ ਫੇਰ 68 ਵਿਚ ਇਸ ਤਰ੍ਹਾਂ ਦੇ ਟੀਚਰਜ਼ ਦਾ ਨੰਬਰ ਵਧਦਾ ਹੀ ਜਾਵੇਗਾ ।

ਮੰਤਰੀ : ਇਹ 66 ਵਾਲੇ ਰਹਿ ਨਹੀਂ ਜਾਣਗੇ ਜਦੋਂ 67 ਵਾਲੇ ਕਨਿਸਡਰ ਹੋਣਗੇ ਤਾਂ 66 ਵਾਲੇ ਵੀ ਨਾਲ ਹੀ ਕਨਸਿਡਰ ਹੋਣਗੇ , ਇਸ ਲਈ ਐਸੀ ਕੋਈ ਗੱਲ ਨਹੀਂ ਹੈ ।

POSTS OF ASSISTANT DIRECTORS, RESEARCH ASSISTANTS ETC. IN THE LANGUAGES DEPARTMENT, PUNJAB

*1759. **Bhagat Guran Das Hans** : Will the Minister for Education be pleased to state—

(a) the number of posts of Assistant Directors, Research Assistants, Lexicographers, Junior Research Assistants in the Languages Department, Punjab at present and the number of posts in each category which have been reserved for the Scheduled Castes according to the reservation quota, together with the number of Scheduled Castes persons appointed in each category;

(b) whether the reserved posts referred to in part a above have been filled in accordance with the reservation quota; if not, the reasons therefor together with the steps being taken to make good the difference;

(c) the number of Deputy Directors and Assistant Directors working at present in the said Department together with the names out of them who are Harijans;

(d) in case no Assistant Director has been appointed in accordance with the reservation quota, whether the Government propose to fill up the reserved posts of Assistant Directors by appointing persons be longing to the Scheduled Castes; if so, when ?

ਸਰਦਾਰ ਸੁਰਜੀਤ ਸਿੰਘ :

ਇਸ ਸਬੰਧ ਵਿਚ ਸੂਚਨਾ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਅਸਾਮੀਆਂ ਦਾ ਨਾਂ	ਅਸਾਮੀਆਂ ਦੀ ਗਿਣਤੀ	ਜਿੰਨੀਆਂ ਅਨੁਸੂਚਿਤ ਜਾਤੀਆਂ ਲਈ ਰਿਜ਼ਰਵ ਕੀਤੀਆਂ	ਜਿੰਨੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਰਮਚਾਰੀ ਕੰਮ ਕਰ ਰਹੇ ਹਨ ।
1.	ਸਹਾਇਕ ਡਾਇਰੈਕਟਰ	10	—	—
2.	ਖੋਜ ਸਹਾਇਕ	36	3	—
3.	ਸਹਾਇਕ ਕੋਸ਼ਕਾਰ	4	1	—
4.	ਜੂਨੀਅਰ ਖੋਜ ਸਹਾਇਕ	24	5	—

[Education Minister]

(ਬੀ) ਅਨੁਸੂਚਿਤ ਜਾਤੀਆਂ ਲਈ ਅਸਾਮੀਆਂ ਰਾਖਵੀਆਂ ਕਰਨ ਬਾਰੇ ਸਰਕਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾ ਰਹੀ ਹੈ । ਜਿੰਨੀਆਂ ਵੀ ਅਸਾਸਾਮੀਆਂ ਰਿਜ਼ਰਵ ਕੀਤੀਆਂ ਗਈਆਂ ਹਨ ਉਨ੍ਹਾਂ ਵਿਰੁਧ ਉਪਰੋਕਤ ਵਰਗ ਨਾਲ ਸਬੰਧਤ ਕੋਈ ਵਿਅਕਤੀ ਲੋਕ ਸੇਵਾ ਕਮਿਸ਼ਨ ਜਾਂ ਐਲ. ਐਸ.ਐਸ. ਬੋਰਡ ਵਲੋਂ ਨਹੀਂ ਚੁਣਿਆ ਗਿਆ । ਭਵਿਖ ਵਿਚ ਖਾਲੀ ਹੋਣ ਵਾਲੀਆਂ ਅਸਾਮੀਆਂ ਨੂੰ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਲਈ ਰਾਖਵੀਆਂ ਰਖਣ ਅਤੇ ਇਨ੍ਹਾਂ ਉਤੇ ਨਿਯੁਕਤੀ ਕਰਨ ਬਾਰੇ ਹਦਾਇਤਾਂ ਅਨੁਸਾਰ ਪਾਲਣਾ ਕੀਤੀ ਜਾ ਰਹੀ ਹੈ ।

(ਸੀ) ਸੂਚਨਾ ਹੇਠ ਲਿਖੇ ਅਨੁਸਾਰ ਹੈ :

ਲੜੀ ਨੰਬਰ	ਅਸਾਮੀ ਦਾ ਨਾਂ	ਅਸਾਮੀਆਂ ਦੀ ਗਿਣਤੀ	ਜਿੰਨੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਰਮਚਾਰੀ ਕੰਮ ਕਰ ਰਹੇ ਹਨ ।
1.	ਡਿਪਟੀ ਡਾਇਰੈਕਟਰ	1	1 (ਸ੍ਰੀ ਰਜਨੀਸ਼ ਕੁਮਾਰ)
2.	ਸਹਾਇਕ ਡਾਇਰੈਕਟਰ	10	—

(ਡੀ) ਭਵਿੱਖ ਵਿਚ ਸਿਧੀ ਭਰਤੀ ਦੁਆਰਾ ਭਰੀਆਂ ਜਾਣ ਵਾਲੀਆਂ ਸਹਾਇਕ ਡਾਇਰੈਕਟਰਾਂ ਦੀਆਂ ਅਸਾਮੀਆਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੁਆਰਾ ਭਰਨ ਦਾ ਯਤਨ ਕੀਤਾ ਜਾਵੇਗਾ। ਵਰਗ I ਅਤੇ II ਵਿਚ ਤਰਕੀ ਦੇ ਕੇ ਭਰਨ ਵਾਲੀਆਂ ਆਸਾਮੀਆਂ ਲਈ ਸਰਕਾਰੀ ਹਦਾਇਤਾਂ ਅਨੁਸਾਰ ਅਨੁਸੂਚਿਤ ਜਾਤੀਆਂ ਲਈ ਕੋਈ ਵਿਸ਼ੇਸ਼ ਰਿਜ਼ਰਵੇਸ਼ਨ ਨਹੀਂ ਕੀਤੀ ਜਾਂਦੀ ।

LOSS OF SERVICE BOOKS OF SOME TEACHERS IN DISTRICT PATIALA

*1799. **Sardar Dalip Singh Pandhi** : Will the Minister for Education be pleased to state—

(a) whether it is a fact that the Service Books of some teachers of Government Middle School, Salana district Patiala have been misplaced; if so, their names and the time since when the service books have been misplaced together with the reasons therefor;

(b) if the reply to part (a) above be in the affirmative, whether the said teachers have suffered loss on account of their failure to earn increments; if so, to what extent;

(c) whether the Service Books of any other teachers of any schools in the district Patiala have also been lost; if so, the names thereof and the time since when the Service Books have been lost;

(d) whether any teachers applied for tracing out the said Service Books; if so, their names and the details of action, if any, taken in this regard ?

ਸਰਦਾਰ ਸੁਰਜੀਤ ਸਿੰਘ : (ਏ) ਨਹੀਂ ਜੀ ।

(ਬੀ) ਸਵਾਲ ਹੀ ਨਹੀਂ ਉਠਦਾ ।

(ਸੀ) ਜੀ ਹਾਂ । (i) ਸ੍ਰੀ ਅਮਰ ਨਾਥ ਟੀਚਰ, ਗੌਰਮਿੰਟ ਸਕੂਲ ਭਾਦਸੋਂ ਮਿਤੀ ਮਈ, 1963 ਤੋਂ ।

(ii) ਸ੍ਰੀ ਹੁਕਮ ਚੰਦ, ਟੀਚਰ ਗੌਰਮਿੰਟ ਮਿਡਲ ਸਕੂਲ ਆਲੋਵਾਲ ਮਿਤੀ ਮਾਰਚ, 1968 ਤੋਂ ।

(ਡੀ) ਜੀ ਹਾਂ । (i) ਸ੍ਰੀ ਅਮਰ ਨਾਥ, ਟੀਚਰ ।

(ii) ਸ੍ਰੀ ਹੁਕਮ ਚੰਦ, ਟੀਚਰ ।

ਸਬੰਧਤ ਸਿਖਿਆ ਅਫ਼ਸਰਾਂ ਨੂੰ ਇਨ੍ਹਾਂ ਅਧਿਆਪਕਾਂ ਦੀਆਂ ਸੇਵਾ ਪਤਰੀਆਂ ਇਕ ਮਹੀਨੇ ਦੇ ਅੰਦਰ ਅੰਦਰ ਮੁੜ ਰਚਨ ਲਈ ਹਦਾਇਤਾਂ ਕਰ ਦਿਤੀਆਂ ਗਈਆਂ ਹਨ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਮਾਸਟਰ ਦੇਸ ਰਾਜ ਦੀ ਸਰਵਿਸ ਬੁਕ ਕਾਫੀ ਚਿਰ ਤੋਂ ਗੁੰਮ ਹੈ ਅਤੇ ਨਹੀਂ ਮਿਲ ਰਹੀ ਕੀ ਇਹ ਇਸ ਬਾਰੇ ਕੋਈ ਇਨਕੁਆਇਰੀ ਕਰਵਾਉਣਗੇ ?

ਮੰਤਰੀ : ਜ਼ਰੂਰ ਕਰਵਾਵਾਂਗੇ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਕੀ ਵਜ਼ੀਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਇਹ ਜਿਹੜੀਆਂ ਸਰਵਿਸ ਬੁਕਾਂ ਗੁੰਮ ਹੋਈਆਂ ਹਨ ਇਹ ਕਿਤਨੇ ਟੀਚਰਾਂ ਦੀਆਂ ਹੋਈਆਂ ਹਨ, ਜਿਹੜੀਆਂ ਕਿ ਮਿਲ ਨਹੀਂ ਰਹੀਆਂ ?

ਮੰਤਰੀ : ਇਹ ਦੋ ਸਰਵਿਸ ਬੁਕਾਂ ਦਾ ਜ਼ਿਕਰ ਹੈ ।

UNAUTHORISED CONSTRUCTIONS ON EVACUEE LANDS IN MOHALLA KABIR NAGAR, JULLUNDUR

*1760. **Shri Gurdial Saini** : Will the Minister for Local Government be pleased to state whether any cases of unauthorised constructions on the evacuee lands in Mohalla Kabir Nagar, Jullundur have come to the notice of the Government; if so, the action taken by the Government to stop and vacate such unauthorised constructions ?

Shri Manmohan Kalia : The Municipal Committee, Jullundur, issued notices to the persons who had made unauthorised constructions in the area in question. The aggrieved parties approached the Deputy Commissioner, Jullundur and the matter is under his consideration.

[ਜਿਨ੍ਹਾਂ ਵਿਅਕਤੀਆਂ ਨੇ ਪੁੱਛੇ ਗਏ ਖੇਤਰ ਵਿਚ ਗੈਰ ਕਾਨੂੰਨੀ ਤਾਮੀਰ ਕੀਤੀ ਸੀ ਉਨ੍ਹਾਂ ਨੂੰ ਨਗਰਪਾਲਕਾ ਜਲੰਧਰ ਵਲੋਂ ਨੋਟਿਸ ਜਾਰੀ ਕੀਤੇ ਗਏ । ਪੀੜਤ ਪਾਰਟੀਆਂ ਨੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਬੇਨਤੀ ਕੀਤੀ ਅਤੇ ਮਾਮਲਾ ਉਸ ਦੇ ਵਿਚਾਰ ਅਧੀਨ ਹੈ ।]

ਸ੍ਰੀ ਗੁਰਦਿਆਲ ਸੈਣੀ : ਕੀ ਮੰਤਰੀ ਮਹੋਦੇ ਦਸਣਗੇ ਕਿ ਡੀ.ਸੀ. ਨੇ ਜੋ ਸਟੇ ਦਿੱਤਾ ਹੈ, ਇਹ ਉਹ ਨਹੀਂ ਸੀ ਦੇ ਸਕਦਾ ਕਿਉਂਕਿ ਉਹ ਕੰਸਟ੍ਰਕਸ਼ਨ ਅਨਆਥੋਰਾਈਜ਼ਡ ਨਹੀਂ ਸੀ ਅਤੇ ਮਿਊਂਸੀਪਲ ਕਮੇਟੀ ਦੀ ਜਗ੍ਹਾ ਤੇ ਕੀਤੀ ਗਈ ਸੀ?

ਮੰਤਰੀ : ਸਵਾਲ ਇਹ ਹੈ ਕਿ ਜੋ ਉਹ ਅਨਆਥੋਰਾਈਜ਼ਡ ਕੰਸਟ੍ਰਕਸ਼ਨ ਹੈ ਤਾਂ ਵੀ ਜੋ ਅਪੀਲ ਡੀ. ਸੀ. ਨੂੰ ਕੀਤੀ ਗਈ ਸੀ ਤਾਂ ਉਸ ਨੇ ਇਨਕੁਆਰੀ ਕਰਨ ਵਾਸਤੇ ਸਟੇ ਆਰਡਰ ਦੇ ਦਿੱਤਾ ਸੀ ।

ਕਾਮਰੇਡ ਸੱਤ ਪਾਲ ਡਾਂਗ : ਕੀ ਮੰਤਰੀ ਸਾਹਿਬ ਦਸਣਗੇ ਕਿ ਕੀ ਇਹ ਠੀਕ ਹੈ ਮਿਊਂਸਿਪਲ ਐਕਟ ਦੇ ਹੇਠ ਡੀ.ਸੀ. ਅਜਿਹੇ ਕੇਸਾਂ ਵਿਚ ਸਟੇ ਆਰਡਰ ਨਹੀਂ ਦੇ ਸਕਦਾ ।

ਮੰਤਰੀ : ਇਹ ਇਕ ਲੀਗਲ ਪ੍ਰਾਪੋਜ਼ੀਸ਼ਨ ਹੈ, ਇਸ ਵੇਲੇ ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ ।

चौधरी बलबीर सिंह : क्या मंत्री महोदय बताएंगे जब डी. सी. को स्टे आर्डर देने का अधिकार नहीं था और उस ने स्टे आर्डर दे दिया है तो क्या उस के खिलाफ ऐक्शन लिया जाएगा ?

ਮੰਤਰੀ : ਉਥੇ ਜਿਹੜੀ ਕੰਸਟ੍ਰਕਸ਼ਨ ਹੋ ਰਹੀ ਸੀ, ਉਸ ਨੂੰ ਗਿਰਾਉਣ ਲਈ ਨੋਟਿਸਿਜ਼ ਜਾਰੀ ਕੀਤੇ ਗਏ ਸੀ ਤਾਂ ਡੀ. ਸੀ. ਨੇ ਹਿਊਮੈਂਨਟੇਰੀਅਨ ਗਰਾਊਂਡਜ਼ ਤੇ ਸਟੇ ਆਰਡਰ ਦੇ ਦਿਤਾ ਸੀ ਇਹ ਕੋਈ ਅਜਿਹੀ ਗੱਲ ਨਹੀਂ ਜਿਸ ਦੇ ਵਿਰੁਧ ਐਕਸ਼ਨ ਲਿਆ ਜਾਵੇ ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਡੀ.ਸੀ.ਦਾ ਇਹ ਫੈਸਲਾ ਜੂਡੀਸ਼ਲ ਸੀ ਜਾਂ ਐਗਜ਼ੈਕਟਿਵ ਫ਼ੈਸਲਾ ਸੀ ।

ਮੰਤਰੀ : ਜੂਡੀਸ਼ਲ ਫ਼ੈਸਲਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਹ ਠੀਕ ਨਹੀਂ ਕਿ ਡੀ.ਸੀ. ਅਜਿਹੇ ਕੇਸਾਂ ਦੇ ਵਿਚ ਸਟੇ ਆਰਡਰ ਨਹੀਂ ਦੇ ਸਕਦਾ ? ਉਹ ਕੇਵਲ ਮਿਊਂਸੀਪਲ ਕਮੇਟੀ ਦੇ ਰੈਜ਼ੋਲਿਊਸ਼ਨ ਨੂੰ ਸਸਪੈਂਡ ਕਰ ਸਕਦਾ ਹੈ, ਸਟੇ ਆਰਡਰ ਨਹੀਂ ਦੇ ਸਕਦਾ ?

ਮੰਤਰੀ : ਇਹ ਗਲਤ ਹੈ ।

Under Rule 236 of the Punjab Municipal Act 1911, the Government has wide powers. My order and order of the Municipality can be modified in conformity with law.

GRANT GIVEN BY MARKET COMMITTEE, KURALI, DISTRICT ROPAR FOR COMPLETING EARTH WORK ON CHANALON-SINGHPURA LINK ROAD

*1785. **Sardar Raja Singh** : Will the Minister for Agriculture be pleased to state :—

(a) whether any grant for completing the earth work on Chanalon-Singhpura Link road was given by the Market Committee, Kurali (district Ropar) during the year 1957-58;

(b) if the reply to part (a) above be in the affirmative, the amount of the said grant and the date on which it was given;

(c) the agency through which the amount of the grant referred to in parts (a) and (b) was spent ?

Shri Radha Krishan : (a) No, Sir. The grant was given in the year 1959-60 and not in 1957-58.

(b) Rs. 3.000 in March, 1960 (vide No. 124913, dated 10th March, 1961.)

(c) The grant was given by the Market Committee to the Sarpanch Gram Panchayat, Singhpura.

[(ੳ) ਸਾਲ 1957-58 ਵਿਚ ਨਹੀਂ ਪਰ ਸਾਲ 1959-60 ਵਿਚ ਕੀਤੀ ਗਈ ਸੀ ।

(ਅ) ਮਾਰਚ, 1960 ਵਿਚ 3,000 ਰੁਪਏ

(ੲ) ਮਾਰਕਿਟ ਕਮੇਟੀ ਵਲੋਂ ਗਰਾਮ ਪੰਚਾਇਤ ਸਿੰਘ ਪੁਰਾ ਨੂੰ ਗਰਾਂਟ ਕੀਤੀ ਗਈ ਸੀ ।]

ਸਰਦਾਰ ਰਾਜਾ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਚਨਾਲੋਂ-ਸਿੰਘਪੁਰ ਲਿੰਕ ਵਾਸਤੇ 3,000 ਰੁਪਏ ਮਾਰਕੀਟ ਕਮੇਟੀ, ਕੁਰਾਲੀ ਨੇ ਦਿਤੇ ਹਨ, ਇਹ ਠੀਕ ਨਹੀਂ ਅਤੇ ਬਲਾਕ ਸੰਮਤੀ ਮਾਜਰੀ ਨੇ 10 ਹਜ਼ਾਰ ਰੁਪਏ ਇਸ ਲਈ ਦਿੱਤੇ ਸੀ । 3,000 ਰੁਪਏ ਦੀ ਐਂਟਰੀ ਬੋਗਸ ਹੋਈ ਹੈ?

ਸ੍ਰੀ ਸਪੀਕਰ : ਤੁਸੀਂ ਦੋ ਡਿਪਾਰਟਮੈਂਟਸ ਨੂੰ ਇਕੱਠਾ ਕਰ ਦਿੱਤਾ ਹੈ, ਇਕੋ ਕੁਐਸ਼ਚਨ ਵਿਚ, ਇਸ ਲਈ ਇਹ ਡਿਸਅਲਾਓ ਕਰ ਦਿੱਤਾ ਜਾਂਦਾ ਹੈ । (The hon. Member has asked the question relating to two different departments. It has, therefore, been disallowed.)

DAMAGE CAUSED TO MAHATMA GANDHIS STATUE AT AMRITSAR ON 28TH JANUARY, 1970

*1177. **Shri Gian Chand Kharbanda** : Will the Chief Minister be pleased to state—

(a) whether any action has been taken by the Government against the persons who were responsible for attacking and damaging Mahatma Gandhi's Statue at Amritsar on 28th January, 1970 when a procession was organised by the Akalis on Chandigarh issue if so, the details thereof;

(b) whether it has come to the knowledge of the Government that the persons referred to in part (a) above were instigated to proceed to Ram Bagh Garden for attacking the said Statue, if so, the action taken against the instigators ;

(c) whether it is a fact that a National Flag was removed by some members of the procession and burnt near Mahatma Gandhi's Statue; if so, the action taken against the police officers who were on duty with the said procession ?

ਸਰਦਾਰ ਗੁਰਨਾਮ ਸਿੰਘ : (ੲੇ) ਇਸ ਸਬੰਧ ਵਿਚ ਮੁਕੱਦਮਾ ਦਰਜ ਹੋ ਚੁਕਿਆ ਹੈ ਅਤੇ ਉਸਦੀ ਤਫਤੀਸ਼ ਹੋ ਰਹੀ ਹੈ। ਅਜੇ ਤੱਕ ਕੋਈ ਮੁਲਜ਼ਮ ਨਹੀਂ ਮਿਲਿਆ।

(ਬੀ) ਨਹੀਂ ਜੀ।

(ਸੀ) ਕੌਮੀ ਝੰਡਾ ਕਿਸੇ ਸ਼ਰਾਰਤੀ ਆਦਮੀ ਨੇ ਰੈਵਿਨਿਯੂ ਬਿਲਡਿੰਗ ਤੋਂ ਲਾਹ ਲਿਆ ਸੀ। ਕੌਮੀ ਝੰਡੇ ਨੂੰ ਸਾੜਨ ਬਾਰੇ ਇਤਲਾਹ ਗਲਤ ਹੈ। ਇਸ ਸਬੰਧ ਵਿਚ ਕਿਸੇ ਪੁਲਿਸ ਅਫਸਰ ਨੂੰ ਡਿਊਟੀ ਸਮੇਂ ਅਣਗਹਿਲੀ ਦਾ ਦੋਸ਼ੀ ਨਹੀਂ ਪਾਇਆ ਗਿਆ।

[(a) A case has been registered and is under investigation. The culprits are being traced.

(b) No.

(c) The National Flag was removed from Revenue Building Amritsar by some miscreants. Information regarding burning of Flag is incorrect. No Police Officer was found negligent.]

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮੁੱਖ ਮੰਤਰੀ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਕੀ ਇਹ ਗੱਲ ਠੀਕ ਨਹੀਂ ਕਿ ਝੰਡਾ ਜਦੋਂ ਜਲਾਇਆ ਗਿਆ ਤਾਂ ਪੁਲਿਸ ਉਥੇ ਮੌਜੂਦ ਸੀ ਅਤੇ ਕੀ ਉਨ੍ਹਾਂ ਪੁਲੀਸ ਅਫਸਰਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ਕਿ ਜਿਹਨਾਂ ਦੇ ਸਾਹਮਣੇ ਉਹ ਝੰਡਾ ਜਲਾਇਆ ਗਿਆ ਸੀ ?

ਮੁੱਖ ਮੰਤਰੀ : ਇਨ੍ਹਾਂ ਨੇ ਇਕ ਸਵਾਲ ਵਿਚ ਹੀ ਕਈ ਸਵਾਲ ਕਰ ਦਿੱਤੇ ਹਨ ਪਰ ਜਵਾਬ ਇਹ ਹੈ ਕਿ ਪੁਲੀਸ ਦੇ ਸਾਹਮਣੇ ਕੋਈ ਝੰਡਾ ਨਹੀਂ ਜਲਾਇਆ ਗਿਆ।

ਸਰਦਾਰ ਸਰੂਪ ਸਿੰਘ : ਕੀ ਮੁੱਖ ਮੰਤਰੀ ਸਾਹਿਬ ਇਹ ਦਸਣਗੇ ਕਿ ਕੀ ਇਹ ਗੱਲ ਠੀਕ ਨਹੀਂ ਹੈ ਕਿ ਜਿਸ ਜਲੂਸ ਨੇ ਝੰਡੇ ਨੂੰ ਜਲਾਇਆ, ਉਸਦੀ ਅਗਵਾਈ ਇਨ੍ਹਾਂ ਦੇ ਪੀ. ਏ. ਮੇਜਰ ਸਿੰਘ ਕਰ ਰਹੇ ਸੀ ?

ਮੁੱਖ ਮੰਤਰੀ : ਇਹ ਗੱਲ ਗ਼ਲਤ ਹੈ।

चौधरी बलबीर सिंह : क्या मुख्य मंत्री बताएंगे कि क्या यह ठीक नहीं है कि पुलिस जलूस के साथ साथ चल रही थी ? तो झंडा भी उस के सामने ही उतार कर जलाया गया होगा ?

ਮੁੱਖ ਮੰਤਰੀ: ਹੋ ਸਕਦਾ ਹੈ ਕਿ ਪੁਲੀਸ ਵਾਲੇ ਉਥੇ ਨਾ ਹੋਣ।

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ।

ਸਰਦਾਰ ਕਿਰਪਾਲ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ (ਵਿਘਨ)

ਚੌਧਰੀ ਬਲਬੀਰ ਸਿੰਘ : ਆਪਨੇ ਇਜਾਜ਼ਤ ਦਿੱਤੀ ਹੈ (ਵਿਘਨ)

Mr. Speaker : Please resume your seat.

ਚੌਧਰੀ ਬਲਬੀਰ ਸਿੰਘ : ਜੇ ਹਾਊਸ ਵਿਚ ਕਾਰਵਾਈ ਠੀਕ ਢੰਗ ਨਾਲ ਨਾ ਚਲੇ (ਵਿਘਨ)

ਸ੍ਰੀ ਸਪੀਕਰ : ਆਪ ਸੁਣਨ ਦਾ ਕੰਮ ਥੋੜਾ ਕਰਦੇ ਹੋ। ਸਰਦਾਰ ਕਿਰਪਾਲ ਸਿੰਘ। (The hon. Member listens less. Sardar Kirpal Singh.)

ਸਰਦਾਰ ਕਿਰਪਾਲ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਇਹ ਜਲੂਸ ਅਕਾਲੀਆਂ ਅਤੇ ਜਨ ਸੰਘੀਆਂ ਦਾ ਸੀ ਅਤੇ ਮਹਾਤਮਾ ਗਾਂਧੀ ਦਾ ਜਿਹੜਾ ਬੁਤ ਤੋੜਿਆ ਗਿਆ ਹੈ ਇਹ ਕਿਤੇ ਇਨ੍ਹਾਂ ਦੋਵਾਂ ਪਾਰਟੀਆਂ ਦੇ ਪੁਰਾਣੇ ਨਜ਼ਰੀਆ ਅਨੁਸਾਰ ਹੀ ਨਾ ਹੋਇਆ ਹੋਵੇ।

ਮੁੱਖ ਮੰਤਰੀ : ਇਹ ਸਵਾਲ ਇਸ ਵਿਚੋਂ ਅਰਾਈਜ਼ ਹੀ ਨਹੀਂ ਹੁੰਦਾ ਹੈ।

ਚੌਧਰੀ ਕੇਵਲ ਕ੍ਰਿਸ਼ਨ : ਇਸ ਸਬੰਧ ਵਿਚ ਪੁਲਿਸ ਨੇ ਕਿੰਨੇ ਆਦਮੀ ਗਰਿਫਤਾਰ ਕੀਤੇ ਹਨ ਅਤੇ ਉਨ੍ਹਾਂ ਦੇ ਕੀ ਨਾਂ ਹਨ ?

ਮੁੱਖ ਮੰਤਰੀ : ਇਨ੍ਹਾਂ ਨੇ ਜਵਾਬ ਸੁਣਿਆ ਨਹੀਂ ਹੈ। ਮੈਂ ਜਵਾਬ ਵਿਚ ਕਿਹਾ ਸੀ ਕਿ ਦੀ ਕਲਪਰਿਟਸ ਆਰ ਬੀਂਗ ਟਰੇਸਡ।

ਚੌਧਰੀ ਤੁਲਸੀ ਰਾਮ ਚੌਹਾਨ : ਜਿਨ੍ਹਾਂ ਲੋਕਾਂ ਨੇ ਝੰਡੇ ਫਾੜੇ ਜਾਂ ਬੁਤ ਤੋੜੇ, ਇਸ ਸਬੰਧ ਵਿਚ ਕਿੰਨੇ ਆਦਮੀ ਗਰਿਫਤਾਰ ਹੋ ਚੁਕੇ ਹਨ ਜਾਂ ਕਿ ਕੋਈ ਵੀ ਗਰਿਫਤਾਰ ਨਹੀਂ ਹੋਇਆ।

Chief Minister : They are being traced.

NATIONAL FLAG REMOVED FROM JALLIANWALA BAGH'S, MAIN GATE, AMRITSAR ON 26TH JANUARY, 1970

*1178. **Shri Gian Chand Kharbanda** : Will the Chief Minister be pleased to state—

(a) whether any action has been taken against the persons who removed the National Flag from Jallianwala Bagh's Main Gate and also from Jallianwala Bagh Block Congress Committee's Office and burnt it opposite the Block Congress Office, and who also attacked and damaged the Block Congress Office Jallianwala Bagh, Amritsar on 26th January, 1970 if so, the details thereof ;

(b) whether any police officers/officials on duty with the said procession, were found negligent in the discharge of their duty ; if so, the action taken against them ?

		Rs.	Rs.	Rs.
(i)	Dairy Development Corporation	8,63,028 (Loss)	3,42,399 (Loss)	7,00,000 (Profit)
(ii)	Milk Plant, Verka (Amritsar)	3,90,641 (Profit)	7,71,348 (Profit)	10,00,000 (Profit).
(iii)	Milk Project, Chandigarh	12,26,470 (Loss)	10,37,385 (Loss)	2,25,000 (Loss)

[Minister for Development and Animal Husbandry]

[(ੳ) ਵਿਧਾਨ ਸਭਾ ਦੀ ਮੇਜ਼ ਪੁਰ ਇਕ ਸਟੇਟਮੈਂਟ ਰਖੀ ਜਾਂਦੀ ਹੈ ।

(ਅ) ਜੀ ਹਾਂ ।

(1) ਦੁੱਧ ਪਲਾਂਟਾਂ ਦੇ ਦੁੱਧ ਸ਼ੈਡ ਇਲਾਕਿਆਂ ਵਿਚ ਦੁੱਧ ਇਕੱਠਾ ਕਰਨ ਅਤੇ ਦੁੱਧ ਠੰਡਾ ਕਰਨ ਦੇ ਨਵੇਂ ਸੈਂਟਰ ਖੋਲ੍ਹੇ ਗਏ ।

(2) ਦੁੱਧ ਦੇ ਭਰਮੇ ਮੌਸਮ ਵਿਚ ਜ਼ਿਆਦਾ ਤੋਂ ਜ਼ਿਆਦਾ ਦੁੱਧ ਇਕੱਠਾ ਕੀਤਾ ਜਾਂਦਾ ਹੈ ।

(3) ਚੰਡੀਗੜ੍ਹ ਵਿਚ ਪ੍ਰਾਈਵੇਟ ਪਾਰਟੀਆਂ ਰਾਹੀਂ ਦੁੱਧ ਦੀ ਵਿਕਰੀ ਸ਼ੁਰੂ ਕੀਤੀ ਗਈ ਹੈ ।

(4) ਹਲਵਾਈਆਂ ਅਤੇ ਦੂਜੇ ਦੁਕਾਨਦਾਰਾਂ ਕੋਲ ਵੀ ਦੁੱਧ ਵੇਚਿਆ ਜਾਂਦਾ ਹੈ ।

(5) ਸਕਿਮਡ ਮਿਲਕ ਪੌਡਰ ਦੂਸਰੇ ਦੇਸਾਂ ਤੋਂ ਮੰਗਵਾਇਆ ਜਾਂਦਾ ਹੈ ਤਾਂ ਜੋ ਉਸ ਤੋਂ ਦਬਾਰਾ ਦੁੱਧ ਤਿਆਰ ਹੋ ਸਕੇ ।

(ੲ) ਦੁੱਧ ਪ੍ਰੋਜੈਕਟ ਚੰਡੀਗੜ੍ਹ ਘਾਟੇ ਵਿਚ ਜਾ ਰਿਹਾ ਹੈ, ਜਿਸ ਦੇ ਕਾਰਨ ਨਿਮਨ ਲਿਖਤ ਹਨ :—

(1) ਦੁੱਧ ਇਕੱਠਾ ਕਰਨ ਦੇ ਕੰਮ ਉਤੇ ਜ਼ਿਆਦਾ ਖਰਚਾ ਆਉਣ ਕਰਕੇ ਦੁੱਧ ਸ਼ੈਡ ਏਰੀਆ ਤੋਂ ਦੁੱਧ ਘੱਟ ਇਕੱਠਾ ਹੁੰਦਾ ਹੈ ।

(2) ਪਹਿਲਾਂ ਬਾਹਰਲੇ ਦੇਸ਼ਾਂ ਤੋਂ ਸਕਿਮਡ ਦੁੱਧ ਨਹੀਂ ਮੰਗਵਾਇਆ ਗਿਆ ਸੀ ।

(ੳ)	ਪ੍ਰਾਜੈਕਟ ਦਾ ਨਾਂ	1967-68	1968-69	1969-70
		ਰੁਪਏ	ਰੁਪਏ	ਰੁਪਏ
1.	ਡੈਰੀ ਵਿਕਾਸ ਕਾਰਪੋਰੇਸ਼ਨ	8,63,028 (ਹਾਨੀ)	3,42,399 (ਹਾਨੀ)	7,00,000 (ਲਾਭ)
2.	ਦੁੱਧ ਪਲਾਂਟ ਵੇਰਕਾ, ਅੰਮ੍ਰਿਤਸਰ	3,90,641 (ਲਾਭ)	7,71,348 (ਲਾਭ)	10,00,000 (ਲਾਭ)
3.	ਦੁੱਧ ਪ੍ਰੋਜੈਕਟ, ਚੰਡੀਗੜ੍ਹ	12,26,470 (ਹਾਨੀ)	10,37,385 (ਹਾਨੀ)	2,25,000 (ਹਾਨੀ)]

VAIDS AND HAKIMS NOMINATED TO THE BOARD OF AYURVEDIC AND UNANI SYSTEMS OF MEDICINE

618. **Sardar Kirpal Singh**: Will the Minister of State for Industries and Health be pleased to state—

(a) the number of Vaids and Hakims, separately, who were nominated as members of Board of Ayurvedic and Unani Systems of Medicine when it was constituted for the first time ;

(b) the number of times the said Board was re-constituted and the number of Vaids and Hakims, separately who were nominated each time;

(c) the number of Vaids and Hakims, separately who are members of the said Board at present; if the ratio of Hakims has now been decreased the reasons therefor;

(d) the number of such Vaids and Hakims nominated on the said Board who had studied the professions through Punjabi medium; if none, from amongst them has been nominated the reasons therefor?

ਸਰਦਾਰ ਰਵੇਲ ਸਿੰਘ : (ਏ) ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰੈਕਟੀਸ਼ਨਰਜ਼ ਐਕਟ, 1963 ਦੇ ਅਧੀਨ 1964 ਵਿਚ ਬਣਾਏ ਗਏ ਪਹਿਲੇ ਬੋਰਡ ਵਿਚ ਡਾਇਰੈਕਟਰ ਸਿਹਤ ਸੇਵਾਵਾਂ, ਚਾਰ ਵੈਦ ਅਤੇ ਇਕ ਹਕੀਮ ਸੀ ।

(ਬੀ) ਇਹ ਬੋਰਡ ਇਕ ਵਾਰ ਫਿਰ ਮਾਰਚ, 1968 ਵਿਚ ਬਣਾਇਆ ਗਿਆ, ਚਾਰ ਵੈਦ, ਇਕ ਹਕੀਮ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਇਸ ਦੇ ਮੈਂਬਰ ਸੀ ।

(ਸੀ) ਇਸ ਬੋਰਡ ਦੇ ਵਿਚ ਵੈਦਾਂ/ ਹਕੀਮਾਂ ਦੀ ਗਿਣਤੀ ਉਪਰ (ਏ) ਅਤੇ (ਬੀ) ਦੇ ਅਨੁਸਾਰ ਸੀ । ਇਸ ਅਨੁਪਾਤ ਵਿਚ ਕੋਈ ਅਦਲਾ ਬਦਲੀ ਨਹੀਂ ਹੋਈ ।

(ਡੀ) ਕੋਈ ਨਹੀਂ ਜੀ, ਕਿਉਂਕਿ ਆਯੁਰਵੈਦ ਦਾ ਸਿਖਿਆ ਮਾਧਿਅਮ ਹਿੰਦੀ/ਸੰਸਕ੍ਰਿਤ ਅਤੇ ਯੂਨਾਨੀ ਦਾ ਉਰਦੂ ਹੈ ।

LOSS OF SERVICE BOOK OF SHRIMATI SHUSHIL KAUR, SOCIAL STUDY MISTRESS

620. Raja Narinder Singh: Will the Minister for Education be pleased to state—

(a) whether he is aware of the general practice now prevalent among Government servants that documents are misplaced and lost so much so that even authentic record such as Service Books of the employees are lost and no action is taken by the Superior Officers against these careless workers;

(b) whether it is a fact that the Service Book of Shrimati Shushil Kaur, Social Study Mistress while serving in Government Girls Higher Secondary School, Model Town, Patiala was lost in 1968 and inspite of her repeated requests and a letter from a legislator to the Department no action seems to have been taken thereon;

(c) if the answers to parts (a) and (b) above be in the affirmative the action, if any, taken or proposed to be taken to reconstruct her Service Book as also to stop such carelessness on the part of some of the officials for future?

N.B. Replies to Unstarred Questions Nos. 616, 624, 625, 626 and 629 were received late from the government and are printed in the Appendix to this Debates.

ਸਰਦਾਰ ਸੁਰਜੀਤ ਸਿੰਘ: (ੲ) ਸੇਵਾ ਪੱਤਰੀਆਂ ਬਕਾਇਦਾ ਅਲਮਾਰੀ ਵਿਚ ਜਿੰਦੇ ਤੇ ਅੰਦਰ ਰਖੀਆਂ ਜਾਂਦੀਆਂ ਹਨ। ਅਜਿਹੇ ਦਸਤਾਵੇਜ਼ ਗੁੰਮਣ ਤੇ ਜੇਕਰ ਸੰਭਾਲ ਕਰਤਾ ਦਾ ਕਸੂਰ ਹੋਵੇ ਤਾਂ ਜ਼ਰੂਰ ਵਿਭਾਗੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਂਦੀ ਹੈ ।

(ਬੀ) ਹਾਂ ਜੀ, ਸੇਵਾ ਪੱਤਰੀ ਡੁਪਲੀਕੇਟ ਬਣਾਈ ਗਈ ਸੀ ।

(ਸੀ) ੲ ਤੇ ਬੀ ਦੇ ਅਧਾਰ ਤੇ ਸੁਆਲ ਹੀ ਨਹੀਂ ਉਠਦਾ ।

OLD AGE PENSION

627. **Comrade Satya Pal Dang** : Will the Minister for Social Welfare be pleased to state—

(a) the total number of applications for old age pension received by the Government up to 28th February, 1970 sinee the scheme was started and district-wise statement in this respect be laid on the Table of the House indicating also the number of females and males among them ;

(b) the total number of persons sanctioned old age pension ever since the scheme was started up to 28th February, 1970 and a district-wise statement in this respect be laid on the Table of the House indicating also the number of females and males amongst them ;

(c) the total amount disbursed by the Government as old age pension during the period mentioned above?

ਡਾਕਟਰ ਭਗਤ ਸਿੰਘ : (ਏ ਅਤੇ ਬੀ) ਲੋੜੀਂਦੀ ਸੂਚਨਾ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ :—

ਲੜੀ ਨੰ:	ਜ਼ਿਲ੍ਹੇ ਦਾ ਨਾਂ	ਸਕੀਮ ਦੇ ਸ਼ੁਰੂ ਹੋਣ ਤੋਂ ਮਿਤੀ 28-2-70 ਤਕ ਬੁਢਾਪਾ ਪੈਨਸ਼ਨ ਲਈ ਪਹੁੰਚੀਆਂ ਦਰਖਾਸਤਾਂ ਦੀ ਸੰਖਿਆ			ਸਕੀਮ ਦੇ ਸ਼ੁਰੂ ਹੋਣ ਤੋਂ ਮਿਤੀ 28-2-70 ਤੱਕ ਕਿਤਨੇ ਵਿਅਕਤੀਆਂ ਨੂੰ ਬੁਢਾਪਾ ਪੈਨਸ਼ਨ ਮਨਜ਼ੂਰ ਹੋਈ		
		ਕੁਲ	ਪੁਰਸ਼	ਇਸਤਰੀਆਂ	ਕੁਲ	ਪੁਰਸ਼	ਇਸਤਰੀਆਂ
1	2	3	4	5	6	7	8
1.	ਪਟਿਆਲਾ ..	1,730	931	799	1,110	477	633
2.	ਬਠਿੰਡਾ ..	1,094	588	506	680	359	321
3.	ਸੰਗਰੂਰ ..	1,233	665	568	692	411	281
4.	ਰੋਪੜ ..	578	308	270	408	246	162
5.	ਜਲੰਧਰ ..	2,735	1,470	1,265	1,623	691	932
6.	ਹੁਸ਼ਿਆਰਪੁਰ ..	2,811	1,512	1,299	1,890	1,052	838
7.	ਕਪੂਰਥਲਾ ..	885	476	409	651	314	337
8.	ਗੁਰਦਾਸਪੁਰ ..	989	532	457	663	335	328
9.	ਫਿਰੋਜ਼ਪੁਰ ..	2669	1,449	1,220	1,397	808	589
10.	ਲੁਧਿਆਣਾ ..	1,679	903	776	1,135	579	556
11.	ਅੰਮ੍ਰਿਤਸਰ ..	6,113	3,290	2,823	3,845	1,873	1,962
	ਕੁਲ ਜੋੜ ..	22,516	12,124	10,392	14,094	7,155	6,939

(ਸੀ) ਬੁਢਾਪਾ ਪੈਨਸ਼ਨ ਲਈ ਕੁਲ ਰਕਮ 69,32,194 ਰੁਪਏ 95 ਪੈਸੇ ਵੰਡੀ ਜਾ ਚੁੱਕੀ ਹੈ ।

SETTING UP NEW MANDIS AND PURCHASE CENTRES FOR THE PURCHASE OF WHEAT

628. Comrade Satya Pal Dang: Will the Minister for Finance be pleased to state:

(a) the total number of new Mandis and purchase centres proposed to be opened/sanctioned/started in the State before the new wheat comes into market for sale and a list thereof be laid on the Table of the House?

ਸਰਦਾਰ ਬਲਵੰਤ ਸਿੰਘ: 34 ਨਵੇਂ ਮੰਡੀ ਟਾਊਨਸ਼ਿਪ ਖੋਲ੍ਹਣ ਦੀ ਅਬਾਦਕਾਰੀ ਤੇ ਭੋਂ ਪ੍ਰਾਪਤੀ ਵਿਭਾਗ ਦੀ ਤਜਵੀਜ਼ ਹੈ । 37 ਨਵੇਂ ਖਰੀਦ ਸੈਂਟਰ ਖੋਲ੍ਹਣ ਦੀ ਤਜਵੀਜ਼ ਹੈ ।

ਸੂਚਨਾ ਸਦਨ ਦੇ ਸਾਹਮਣੇ ਰੱਖੀ ਜਾਂਦੀ ਹੈ ।

[(a) 34 new Mandi town-ships are proposed to be opened by the Colonization Department. 37 purchase centres have been proposed to be started during the coming Rabi season.

Requisite lists are laid on the Table of the House.]

List of 34 New Mandi townships proposed to be opened.

S.No	Name of Mandi	District
1.	Mehta	Amritsar
2.	Majitha	-do-
3.	Bhikhiwind	-do-
4.	Rayya	-do-
5.	Jhabal	-do-
6.	Nasihra Panuan	-do-
7.	Adampur	Jullundur
8.	Nawanshahr	-do-
9.	Khamano	Ludhiana
10.	Quila Raipur	-do-
11.	Machiwara	-do-
12.	Raikot	-do-
13.	Kharar	Rupar
14.	Ghanaur	Patiala
15.	Nabha	-do-
16.	Dudan	-do-
17.	Banur	-do-
18.	Balachaur	Hoshiarpur
19.	Tanda Urmar	-do-
20.	Dasuya	-do-
21.	Talwandi Sabho	Bhatinda
22.	Ferozepur Cantt.	Ferozepur
23.	Zira	-do-
24.	Makhu	-do-
25.	Dharamkot	-do-
26.	Ajitwala	-do-
27.	Bhalath	Kapurthala
28.	Kapurthala	-do-
29.	Dhariwal	Gurdaspur
30.	Shri Hargobindpur	-do-
31.	Qadian	-do-
32.	Batala	-do-
33.	Pathankot	-do-
34.	Barnala	Sangrur

List of 37 newly proposed purchased centres to be opened during the coming Rabi Season

S. No.	Name of purchase centre	District
1.	Dharamkot Randhawa	Gurdaspur
2.	Kahnuwan	-do-
3.	Dorangla	-do-
4.	Ghuman	-do-
5.	Mukandpur	Jullundur
6.	Behram	-do-
7.	Rahon	-do-
8.	Goraya	-do-
9.	Bilga	-do-
10.	Bundala	-do-
11.	Ugi	-do-
12.	Parjian	-do-
13.	Kalasanghia	Kapurthala
14.	Payal	Ludhiana
15.	Rauni	-do-
16.	Mamdot	Ferozepur
17.	Sayanwala	-do-
18.	Doda	-do-
19.	Bhaliana	-do-
20.	Lambi	-do-
21.	Talwandi Sabho	Bhatinda
22.	Panj Garaian	-do-
23.	Sherpur	Sangrur
24.	Cheema	-do-
25.	Sular Gharet	-do-
26.	Dirva	-do-
27.	Dudan Sadhan	Patiala
28.	Chanarthal Khurd	-do-
29.	Nanda Chaur	Hoshiarpur
30.	Mahalpur	-do-
31.	Jallowal	-do-
32.	Dabhida Ahrana	-do-
33.	Kot Patuhi	-do-
34.	Mainpur	Rupar
35.	Bur Majra	-do-
36.	Khasa Bazar	Amritsar
37.	Khadoor Sahib	-do-

APPROVAL/SANCTION OF P.S.E. CLASS II CADRE IN THE IRRIGATION BRANCH

631. Chaudhri Kewal Krishan: Will the Minister for Irrigation and Power be pleased to state :—

(a) the reasons for the delay in the matter of approval/sanction of P. S. E. Class II cadre in the P. W. D. Irrigation Branch;

(b) specific date by which the revised P. S. E. Class II cadre in the I. B. will be accorded sanction by the Punjab Government;

(c) the strength of P. S. E. Class II cadre for civil, mechanical and electrical Assistant Engineers being sanctioned by the Punjab Government?

Sardar Sohan Singh Bassi : (a) The Cadre is to be fixed in consultation with the State Finance Department. The case has since been taken up by the Department with the Finance Department.

(b) No specific date can be indicated by which it will be sanctioned.

(c) It is not possible to give the cadre strength of Class II officers before it is sanctioned.

[(ੳ) ਕਾਡਰ, ਰਾਜ ਦੇ ਵਿੱਤ ਵਿਭਾਗ ਦੇ ਮਸ਼ਵਰੇ ਨਾਲ ਨਿਯਤ ਕਰਨਾ ਹੈ। ਇਹ ਮਾਮਲਾ ਇਸ ਵਿਭਾਗ ਵੱਲੋਂ ਵਿੱਤ ਵਿਭਾਗ ਨਾਲ ਵਿਚਾਰਿਆ ਜਾ ਰਿਹਾ ਹੈ ।

(ਅ) ਇਸ ਦੇ ਮਨਜ਼ੂਰ ਹੋ ਜਾਣ ਦੀ ਮਿਤੀ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ।

(ੲ) ਕਾਡਰ ਨਿਯਤ ਹੋ ਜਾਣ ਤੋਂ ਪਹਿਲਾਂ ਦਰਜਾ 2 ਅਫਸਰਾਂ ਦੀ ਕਾਡਰ ਗਿਣਤੀ ਦੇਣੀ ਸੰਭਵ ਨਹੀਂ ਹੈ ।]

ਚੌਧਰੀ ਰਾਮ ਸਿੰਘ : ਪੁਆਇੰਟ ਆਫ਼ ਆਰਡਰ, ਸਰ ।

Mr. Speaker : There is no matter before the House. How can ou raise the point of order ?

ਚੌਧਰੀ ਰਾਮ ਸਿੰਘ : ** ** **

ਸ੍ਰੀ ਸਪੀਕਰ : ਇਹ ਜਿਹੜੇ ਲਫਜ਼ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਹੇ ਗਏ ਹਨ these should not form part of the proceedings. (The words uttered by the hon. Member without the permission of the Chair, should not form part of the Proceedings.)

ਚੌਧਰੀ ਤੁਲਸੀ ਰਾਮ ਚੌਹਾਨ : ਪੁਆਇੰਟ ਆਫ ਆਰਡਰ, ਸਰ ।

Mr. Speaker : Please resume your seat.

ਚੌਧਰੀ ਤੁਲਸੀ ਰਾਮ ਚੌਹਾਨ : ਜਿਹੜੇ ਕੁਐਸ਼ਚਨ ਬਾਕੀ ਹਨ,ਉਨ੍ਹਾਂ ਦਾ ਤੁਸੀਂ ਕਹਿ ਦਿਤਾ ਹੈ ਕਿ ਅੰਡਰ ਰੂਲ, 45 ਦੇ ਅਧੀਨ ਉਨ੍ਹਾਂ ਦੇ ਜਵਾਬ ਆ ਗਏ ਸਮਝੇ ਜਾਣਗੇ, ਪਰ ਮੈਂ ਪੁੱਛਦਾ ਹਾਂ ਕਿ ਜਿਹੜਾ ਜਵਾਬ ਗਲਤ ਦਿਤਾ ਜਾਂਦਾ ਹੈ । (ਵਿਘਨ) ਉਸ ਦਾ ਠੀਕ ਜਵਾਬ ਅਸੀਂ ਕਿਥੋਂ ਲਈਏ? (ਵਿਘਨ)

Mr. Speaker : Please resume your seat.

**Expunged as ordered by the Chair.

CALL ATTENTION NOTICES UNDER RULE 66

(Serial No. 187)

1. **Comrade Satya Pal Dang**: I beg to draw the attention of the Government towards an urgent matter of public importance, namely, the fact that due to non-payment of various compensatory allowances etc. by the Government to Block Samitis, the Samitis are finding it difficult to carry on their work and some of them are not able even to pay salaries of their employees. There is serious discontentment amongst large section of the public. The Government may please be asked to make a statement in the House.

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

ध्यानाकर्षण प्रस्ताव सं: 191

चौधरी बलबीर सिंह : मैं इस ध्यानाकर्षण प्रस्ताव द्वारा एक महत्वपूर्ण सार्वजनिक विषय की ओर सरकार तथा सदन का ध्यान दिलाना चाहता हूं । पंजाब सरकार ने कई बार आश्वासन दिलाया है कि जल के कर्मचारियों का वेतन पुलिस के कर्मचारियों के बराबर कर दिया जाएगा लेकिन अभी तक कोई कदम नहीं उठाया गया और जेल कर्मचारियों में बहुत असंतोष है । सरकार इस बारे में ब्यान दे कि वह क्या कदम उठा रही है ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

(Serial No. 193)

Comrade Satya Pal Dang : I beg to draw the attention of the Government towards an urgent matter of public importance, namely, the blocking of the houses of severel Harijan families of village Shahidgarh (near Bassi Pathana in Patiala District) in some cases with a pucca brick wall and in other cases with barbed wire fences raised in front of houses under orders of the village Sarpanch.

This act of unprecedented barbarism and cruelty was effected bacause the Harijans had refused to work at the farms of the Sarpanch and other members of the Panchayat on a daily wage of Rs. 2.50 while the normal daily wage in the neighbouring areas was Rs. 6

Responsible press representatives visited the village and found Harijan women and children shut up helplessly in their houses. Some children were found getting in and getting out of their houses by crawling under the barbed wire fences in front of their houses. Some others could get in and get out of their houses only by climbing the roof of an adjoining house with the help of a bamboo ladder and then climbing down another ladder in to the courtyard of the neighbour's house.

[Comrade Satya Pal Dang]

Blocking of the houses of the Harijans was effected without any authority as the land was situated within the Red Line and could not legally be leased for farming. Moreover, the whole operation was carried out despite and in violation of a stay order granted by a court.

This extremely high handed action and the failure of the authorities to take any action to protect the Harijans has created a grave situation and the same is likely to have serious repercussions throughout the State

ਸ੍ਰੀ ਸਪੀਕਰ : ਡਾਂਗ ਸਾਹਿਬ, ਕੀ ਇਸ ਬਾਰੇ ਕੋਈ ਸਟੇ ਆਰਡਰ ਵੀ ਜਾਰੀ ਹੋਇਆ ਹੈ? (Addressing Com. Satya Pal Dang: Has any stay order been issued in this respect?)

ਕਾਮਰੇਡ ਸਤਪਾਲ ਡਾਂਗ : ਮੈਂ ਦੱਸਦਾ ਹਾਂ ਜੀ ...... (ਵਿਘਨ)

Mr. Speaker : If there is a stay order then the matter is *sub-judice* and it should not form part of the proceedings.

ਕਾਮਰੇਡ ਸਤ ਪਾਲ ਡਾਂਗ ਸਪੀਕਰ ਸਾਹਿਬ, ਤੁਸੀਂ ਉਹ ਸਟੇ ਆਰਡਰ ਵਾਲਾ ਸੈਨਟੈਂਸ ਕੱਢ ਦਿਓ । It is not confirmed that there is a stay order. There is an unconfirmed report that there is a stay order and that stay order has been violated by the Sarpanch. There is no contempt of the court involved in it. ਅਗਰ ਸਟੇ ਆਰਡਰ ਹੋਇਆ ਹੈ ਤਾਂ ਇਸ ਨੂੰ ਸਰਪੰਚ ਨੇ ਹੀ ਵਾਇਉਲੇਟ ਕੀਤਾ ਹੈ । We are defending the dignity of the court by pointing out this. ਸੋ, ਸਪੀਕਰ ਸਾਹਿਬ, ਇਹ ਕਿਸ ਤਰ੍ਹਾਂ ਤੁਸੀਂ ਪਰੋਸੀਡਿੰਗ ਵਿਚੋਂ ਕਢ ਸਕਦੇ ਹੋ?

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

STATEMENTS LAID ON THE TABLE OF THE HOUSE IN REPLY TO CALL ATTENTION NOTICES

ਚੀਫ ਪਾਰਲੀਮੈਂਟਰੀ ਸਕੱਤਰ : ਮੈਂ ਧਿਆਨ ਦਿਵਾਊ ਮਤਾ ਨੰ: 18,57,103,119, 134 ਅਤੇ 137 ਦੇ ਜਵਾਬ ਸਦਨ ਦੀ ਮੇਜ਼ ਤੇ ਰੱਖਦਾ ਹਾਂ ।

(Serial No. 18)

1. **Comrade Babu Singh Master,**
2. **Comrade Satya Pal Dang :** to draw the attention of the Government towards an urgent matter of public importance , namely, the great consternation has been caused among agricultural workers especially those belonging to the Harijan community at the reported proposal to auction surplus evacuee lands. This move is diametrically opposed to the decision taken by the United Front Government of 1967 to allot these lands by drawing lots at the fixed price of Rs. 450/- per standard acre. The new move will enable the moneyed persons to get these lands, while the poor tillers will be driven to the wall.

While it is essential to eject rich persons who have occupied evacuee lands and set up prosperous farms there and distribute the land to the poor tillers especially Harijans, the reported proposal to evict even the Harijan tillers who reclaimed the inferior lands through hard labour has caused justified indignation among the rural poor.

In view of the urgent importance of the matter the Government may please be asked to make a statement in the House.

Sardar Atma Singh (Revenue and Rehabilitation Minister) : The first United Front Ministry which was headed by Sardar Gurnam Singh, had taken a decision to allot surplus rural evacuee lands to Harijans by lottery system at the rate of 5 standard acres or 10 ordinary acres, inclusive of their own holdings, if any. Before this decision could be implemented. the Janta Party Government came into power. They reversed it and took a fresh decision that these lands be disposed ofby auctions restricted to the members of Scheduled Castes. Only a head of the family was eligible to take part in the auction and was entitled to purchase area not more than 5 standard acres or 10 ordinary acres, including his own holding. To examine how the interest of the members of the Scheduled Castes could best be served, the present Government set up a Committee consisting of the following official and non-official members :—

Official Members

1. Irrigation and Power Minister — *Chairman*
2. Revenue and Rehabilitation Minister.
3. Social Welfare Minister.
4. Finance Minister.
5. Food and Supplies Minister.
6. Development and Animal Husbandry Minister.
7. Education Minister.
8. Minister of State for Finance and Forests.
9. Minister of State for P. W. D. (B&R).
10. Chief Parliamentary Secretary.

Non-Official Members

1. Shri Raja Singh, M.L.A.
2. Vaid Kartar Singh, M.L.A.
3. Shri Basant Singh Dakha, M.L.A.
4. Shri Tara Singh Layallpuri, M.L.A.
5. Ch. Sunder Singh, M.L.A.
6. Shri Gurdev Singh Badal, M.L.A.

The Financial Commissioner, Taxation was to act as Secretary to the Committee.

2. After careful consideratin of the pros and cons of the various issues involved and keeping in view the administrative, political , economic and social aspects of the matter, the Committee recommended that the Janta Party Government's decision be affirmed by the present United Front Ministry subject to the modification that a Rai Sikh, who was unauthorised occupant of any surplus rural evacuee area since Kharif 1969 and was head of the family could bid for that area alongwith members of Scheduled Castes. The policy of the Government is to help the poorer section of the Community and to debar specifically the rich people from purchasing these lands by fixing the ceiling of 5 standard acres or 10 ordinary acres. In this manner, the land will go to the Scheduled Castes landless tillers etc. and not to rich persons as apprehended in the call attention notice.

3. The sale of surplus rural evacuee lands by restricted auctions will provide equal opportunity to the members of Scheduled Castes, etc. to purchase the lands and is definitely more fair and equitable.

[Revenue and Rehabilitation Minister]

[ਸਰਦਾਰ ਗੁਰਨਾਮ ਸਿੰਘ ਦੀ ਅਗਵਾਈ ਹੇਠ ਪਹਿਲੀ ਫਰਟ ਸਰਕਾਰ ਨੇ ਵਾਧੂ ਪੈਡੂ ਨਿਕਾਸੀ ਭੋਂ ਨੂੰ 5 ਸਟੈਂਡਰਡ ਏਕੜ ਜਾਂ 10 ਸਾਧਾਰਨ ਏਕੜ, ਆਪਣੀ ਮਾਲਕੀ ਸਮੇਤ, ਜੇ ਕੋਈ ਹੋਵੇ, ਦੇ ਹਿਸਾਬ ਨਾਲ ਹਰੀਜਨਾਂ ਨੂੰ ਲਾਟਰੀ ਸਿਸਟਮ ਰਾਹੀਂ ਦੇਣ ਦਾ ਫੈਸਲਾ ਕੀਤਾ । ਇਸ ਤੋਂ ਪਹਿਲਾਂ ਕਿ ਇਸ ਫੈਸਲੇ ਤੇ ਅਮਲ ਦਰਾਮਦ ਕੀਤਾ ਜਾ ਸਕੇ,ਜਨਤਾ ਪਾਰਟੀ ਦੀ ਸਰਕਾਰ ਬਣ ਗਈ । ਉਸ ਸਰਕਾਰ ਨੇ ਇਸ ਫੈਸਲੇ ਨੂੰ ਉਲਟ ਕਰ ਦਿੱਤਾ ਅਤੇ ਨਵਾਂ ਫੈਸਲਾ ਕੀਤਾ ਕਿ ਇਹ ਜ਼ਮੀਨਾਂ ਹਰੀਜਨਾਂ ਵਿੱਚ ਸੀਮਿਤ ਬੋਲੀ ਰਾਹੀਂ ਨਿਪਟਾਈਆਂ ਜਾਣ । ਨਿਲਾਮੀ ਵਿੱਚ ਭਾਗ ਲੈਣ ਦਾ ਪਾਤਰ ਕੇਵਲ ਪਰਵਾਰ ਦਾ ਮੁੱਖੀ ਸੀ ਅਤੇ ਉਹ 5 ਸਟੈਂਡਰਡ ਏਕੜ ਜਾਂ 10 ਸਾਧਾਰਨ ਏਕੜ, ਆਪਣੀ ਮਾਲਕੀ ਸਮੇਤ, ਭੋਂ ਖਰੀਦਨ ਦਾ ਹੱਕਦਾਰ ਸੀ । ਹੁਣ ਦੀ ਸਰਕਾਰ ਨੇ ਨਿਮਨਲਿਖਤ ਸਰਕਾਰੀ ਤੇ ਗੈਰ ਸਰਕਾਰੀ ਮੈਂਬਰਾਂ ਦੀ ਇਕ ਕਮੇਟੀ ਇਹ ਘੋਖਣ ਲਈ ਬਣਾਈ ਕਿ ਹਰੀਜਨਾਂ ਦੇ ਹਿੱਤਾਂ ਨੂੰ ਕਿਵੇਂ ਚੰਗੀ ਤਰ੍ਹਾਂ ਬਚਾਇਆ ਜਾ ਸਕਦਾ ਹੈ :—

ਸਰਕਾਰੀ ਮੈਂਬਰ

1. ਬਿਜਲੀ ਅਤੇ ਸਿੰਜਾਈ ਮੰਤਰੀ ਚੇਅਰਮੈਨ
2. ਮਾਲ ਤੇ ਪੁਨਰਵਾਸ ਮੰਤਰੀ
3. ਸਮਾਜ ਭਲਾਈ ਮੰਤਰੀ
4. ਵਿੱਤ ਮੰਤਰੀ
5. ਖੁਰਾਕ ਤੇ ਸਪਲਾਈ ਮੰਤਰੀ
6. ਵਿਕਾਸ ਅਤੇ ਪਸ਼ੂ ਪਾਲਣ ਮੰਤਰੀ
7. ਵਿਦਿਆ ਮੰਤਰੀ
8. ਰਾਜ ਮੰਤਰੀ ਵਿੱਤ ਅਤੇ ਜੰਗਲ
9. ਰਾਜ ਮੰਤਰੀ ਲੋਕ ਨਿਰਮਾਣ
10. ਮੁੱਖ ਸੰਸਦੀ ਸਕੱਤਰ

ਗੈਰ ਸਰਕਾਰੀ ਮੈਂਬਰ

1. ਸ੍ਰੀ ਰਾਜਾ ਸਿੰਘ, ਐਮ. ਐਲ. ਏ.
2. ਵੈਦ ਕਰਤਾਰ ਸਿੰਘ, ਐਮ. ਐਲ. ਏ.
3. ਸ੍ਰੀ ਬਸੰਤ ਸਿੰਘ ਦਾਖਾ, ਐਮ. ਐਲ. ਏ.
4. ਸ੍ਰੀ ਤਾਰਾ ਸਿੰਘ ਲਾਇਲਪੁਰੀ, ਐਮ. ਐਲ. ਏ.
5. ਚੌਧਰੀ ਸੁੰਦਰ ਸਿੰਘ ,ਅਮ. ਐਲ. ਏ.
6. ਸ੍ਰੀ ਗੁਰਦੇਵ ਸਿੰਘ ਬਾਦਲ, ਐਮ. ਐਲ. ਏ.

ਫਾਈਨਾਨਸ਼ਿਅਲ ਕਮਿਸ਼ਨਰ, ਕਾ, ਨੇ ਇਸ ਕਮੇਟੀ ਦੇ ਸਕੱਤਰ ਦੇ ਤੌਰ ਤੇ ਕੰਮ ਕਰਨਾ ਸੀ ।

2. ਭਿੰਨ ਭਿੰਨ ਵਿਸ਼ਿਆਂ ਦੇ ਪੱਖ ਵਿਪੱਖ ਅਤੇ ਪ੍ਰਬੰਧਕੀ ਰਾਜਸੀ, ਆਰਥਿਕ ਤੇ ਸਮਾਜਿਕ ਤੱਥਾਂ ਨੂੰ ਮੱਖ ਰਖਦਿਆਂ ਹੋਇਆ ਧਿਆਨ ਪੂਰਵਕ ਵਿਚਾਰ ਕੀਤਾ ਤੇ ਕਮੇਟੀ ਨੇ ਸਿਫਾਰਸ਼ ਕੀਤੀ ਕਿ ਜਨਤਾ ਪਾਰਟੀ ਦੇ ਫੈਸਲੇ ਦੀ ਇਸ ਸੋਧ ਨਾਲ ਪੁਸ਼ਟੀ ਕਰ ਦਿੱਤੀ ਜਾਵੇ ਕਿ ਰਾਏ ਸਿੱਖ ਜਿਹੜਾ

ਖਰੀਫ 1969 ਤੋਂ ਕਿਸੇ ਵੀ ਵਾਧੂ ਪੇਂਡੂ ਨਿਕਾਸੀ ਭੋਂ ਤੇ ਨਾਜਾਇਜ਼ ਕਬਜ਼ੇਦਾਰ ਸੀ ਤੇ ਆਪਣੇ ਪਰਵਾਰ ਦਾ ਮੁੱਖੀ ਸੀ ,ਉਹ ਉਸ ਪੇਂਡੂ ਰਕਬੇ ਲਈ ਅਨੁਸੂਚਿਤ ਜਾਂਤੀਆਂ ਦੇ ਮੈਂਬਰਾਂ ਨਾਲ ਬੋਲੀ ਦੇ ਸਕਦਾ ਹੈ। ਸਰਕਾਰ ਦੀ ਨੀਤੀ ਸਮਾਜ ਦੇ ਗ਼ਰੀਬਾਂ ਦੀ ਸਹਾਇਤਾ ਕਰਨਾ ਹੈ ਅਤੇ ਸਰਕਾਰ ਨੇ 5 ਸਟੈਂਡਰਡ ਏਕੜ ਜਾਂ 10 ਸਾਧਾਰਨ ਏਕੜ ਦੀ ਉਚਤਮ ਸੀਮਾਂ ਨਿਰਧਾਰਤ ਕਰਕੇ ਅਮੀਰ ਲੋਕਾਂ ਤੇ ਇਨ੍ਹਾਂ ਜ਼ਮੀਨਾਂ ਨੂੰ ਖਰੀਦਣ ਤੇ ਰੋਕ ਲਾਈ ਹੈ। ਇਸ ਤਰੀਕੇ ਨਾਲ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਵਾਹਕਾਂ ਆਦਿ ਨੂੰ ਭੋਂ ਜਾਵੇਗੀ ਨਾ ਕਿ ਅਮੀਰ ਲੋਕਾਂ ਨੂੰ ਜਿਦਾਂ ਕਿ ਧਿਆਨ ਦਿਵਾਊ ਨੋਟਸ ਵਿੱਚ ਲਿਖਿਆ ਹੈ।

3. ਸੀਮਿਤ ਬੋਲੀ ਰਾਹੀਂ ਵਾਧੂ ਪੇਂਡੂ ਨਿਕਾਸੀ ਭੋਂ ਦੀ ਵੇਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਭੋਂ ਖਰੀਦਣ ਦਾ ਸਮਾਨ ਮੌਕਾ ਦੇਵੇਗੀ ਅਤੇ ਇਹ ਬਹੁਤ ਜਾਇਜ਼ ਤੇ ਇਨਸਾਫ ਯੋਗ ਹੋਵੇਗੀ।]

Serial No. 57

1. **Comrade Satya Pal Dang;**
2. **Comrade Kulwant Singh ;**
3. **Comrade Dana Ram;**
4. **Comrade Babu Singh :** to draw the attention of the Government towards an urgent matter of public importance, namely the acute discontentment prevailing in the working class of the State because of the fact that both the Labour Courts in the State have become infructuous and have ceased functioning. This has happened because of a decision of the Punjab High Court holding Labour Commissioner to be unauthorised to authenticate orders referring Industrial disputes to Labour Courts in the name of the Governor.

This means that Labour Courts are unable to adjudicate upon hundreds of disputes that had been referred to them. The State Government has so far not taken any steps to remedy the situation arising from the High Court judgement. There will be serious Labour unrest in the State if the situation is not remedied.

In view of the urgent public importance of the matter, the Government may please be asked to make a statement in the House.

ਸਰਦਾਰ ਬਲਵੰਤ ਸਿੰਘ: (ਵਿੱਤ ਮੰਤਰੀ) ਇੰਡਸਟਰੀਅਲ ਡਿਸਪਿਊਟਸ ਐਕਟ, 1947 ਦੀ ਧਾਰਾ 2-ਏ ਨਾਲ ਸਬੰਧ ਰੱਖਣ ਵਾਲੇ ਉਦਯੋਗਿਕ ਵਿਵਾਦਾਂ ਦਾ ਨਿਪਟਾਰਾ ਛੇਤੀ ਕਰਨ ਲਈ ਸਰਕਾਰ ਨੇ ਕਥਿਤ ਐਕਟ ਦੀ ਧਾਰਾ 39 ਅਧੀਨ ਆਪਣੇ ਅਧਿਕਾਰ ਦੀ ਵਰਤੋਂ ਕਰਦਿਆਂ ਇਸ ਐਕਟ ਦੀ ਧਾਰਾ 10 ਅਤੇ 12(5) ਅਧੀਨ ਵਰਤੇ ਜਾਣ ਵਾਲੇ ਆਪਣੇ ਅਧਿਕਾਰਾਂ ਦੀ ਡੈਲੀਗੇਸ਼ਨ ਮਿਤੀ 11 ਅਗਸਤ, 1967 ਨੂੰ ਕਿਰਤ ਕਮਿਸ਼ਨਰ ,ਪੰਜਾਬ ਦੇ ਹੱਕ ਵਿਚ ਕਰ ਦਿੱਤੀ ਇਸ ਅਨੁਸਾਰ ਕਿਰਤ ਕਮਿਸ਼ਨਰ ਪੰਜਾਬ ਨੇ ਰਾਜ ਵਿਚ ਕੰਮ ਕਰਦੀਆਂ ਲੇਬਰ ਕੋਰਟਾਂ ਨੂੰ ਕਈ ਕੇਸ ਨਿਆਂਨਿਰਨੇ ਲਈ ਭੇਜੇ। ਇਨ੍ਹਾਂ ਵਿਚੋਂ ਅਜਿਹਾ ਇਕ ਕੇਸ ਨਗਰਪਾਲਕਾ, ਪਟਿਆਲਾ ਦੇ ਕੁਝ ਕਰਮਚਾਰੀਆਂ ਨਾਲ ਸਬੰਧ ਰੱਖਦਾ ਸੀ। ਕਿਉਂਕਿ ਨਗਰਪਾਲਕਾ, ਪਟਿਆਲਾ ਨੇ ਇਸ ਕੇਸ ਨੂੰ ਡਿਫੈਂਡ ਨਹੀਂ ਕੀਤਾ ਸੀ, ਲੇਬਰ ਕੋਰਟ ਨੇ ਇਕ ਤਰਫਾਅਵਾਰਡ ਦੇ ਦਿੱਤਾ। ਇਸ ਝਗੜੇ ਨੂੰ ਲੇਬਰ ਕੋਰਟ ਪਾਸ ਨਿਆਂ-ਨਿਰਨੇ ਲਈ ਭੇਜੇ ਜਾਣ ਸਬੰਧੀ ਕਿਰਤ ਕਮਿਸ਼ਨਰ ਵਲੋਂ ਕੀਤੀ ਗਈ ਕਾਰਵਾਈ ਨੂੰ ਚੈਲੰਜ ਕਰਨ ਅਤੇ ਲੇਬਰ ਕੋਰਟ ਦੇ ਅਵਾਰਡ ਨੂੰ ਰੱਦ ਕਰਵਾਉਣ ਲਈ ਨਗਰਪਾਲਕਾ, ਪਟਿਆਲਾ ਇਹ ਮਾਮਲਾ, ਪੰਜਾਬ ਹਰਿਆਣਾ ਹਾਈ ਕੋਰਟ ਵਿਚ ਲੈ ਗਈ। ਸਿਵਲ ਰਿੱਟ ਨੰ: 1513,1969 ਦੇ ਕੇਸ ਵਿੱਚ ਸਬੰਧਤ ਧਿਰਾਂ ਵਲੋਂ ਦਿਤੀਆਂ ਗਈਆਂ ਦਲੀਲਾਂ ਸੁਨਣ ਉਪਰੰਤ ਮਾਨਯੋਗ ਹਾਈ ਕੋਰਟ ਨੇ ਇਹ ਫੈਸਲਾ ਦਿਤਾ ਕਿ ਕਿਰਤ ਕਮਿਸ਼ਨਰ ਪੰਜਾਬ, ਸਰਕਾਰ ਵਲੋਂ ਕਿਸੇ ਨੋਟੀਫਿਕੇਸ਼ਨ ਦੀ ਆਥੈਂਟੀਕੇਸ਼ਨ ਨਹੀਂ ਕਰ ਸਕਦਾ ਸੀ, ਕਿਉਂਕਿ ਉਹ ਇਕ ਸਕੱਤਰ, ਵਾਧੂ-ਸਕੱਤਰ, ਮੀਤ ਸਕੱਤਰ, ਉਪ ਸਕੱਤਰ ਜਾਂ ਇਕ ਅਧੀਨ ਸਕੱਤਰ ਦੇ ਤੌਰ ਤੇ ਕੰਮ ਨਹੀਂ ਕਰ ਰਿਹਾ ਸੀ, ਅਤੇ ਕਿਸੇ ਅਜਿਹੇ ਬਿਜ਼ਨੈਸ ਦਾ ਨਿਪਟਾਰਾ ਸਰਕਾਰ ਵਲੋਂ ਨਹੀਂ ਕਰ ਸਕਦਾ ਸੀ ਜਿਹੜਾ ਕਿ

[ਵਿੱਤ ਮੰਤਰੀ]

ਪੰਜਾਬ ਸਰਕਾਰ ਦੇ ਰੂਲਜ਼ ਆਫ ਬਿਜ਼ਨਸ 1966 ਅਧੀਨ ਰੈਗੂਲੇਟ ਹੁੰਦਾ ਹੈ । ਇਸ ਤਰ੍ਹਾਂ ਲੇਬਰ ਕੋਰਟ ਨੂੰ ਕੇਸ ਭੇਜਣ ਸਬੰਧੀ ਕਾਰਵਾਈ ਵਿਫਲ ਹੋ ਗਈ ਕਿਉਂਕਿ ਅਜਿਹਾ ਕਿਸੇ ਯੋਗ ਅਧਿਕਾਰੀ ਵਲੋਂ ਨਹੀਂ ਕੀਤਾ ਗਿਆ ਸੀ। ਉਦਯੋਗਿਕ ਝਗੜੇ ਨੂੰ ਲੇਬਰ ਕੋਰਟ ਪਾਸ ਭੇਜਣ ਸਬੰਧੀ ਨੋਟੀਫਿਕੇਸ਼ਨ ਅਧਿਕਾਰ-ਖੇਤਰ ਤੋਂ ਬਾਹਰ ਹੋਣ ਕਰਕੇ, ਲੇਬਰ ਕੋਰਟ ਦਾ ਅਵਾਰਡ ਵੀ ਅਧਿਕਾਰ-ਖੇਤਰ ਤੋਂ ਬਾਹਰ ਸੀ । ਇਸ ਸਬੰਧ ਵਿਚ ਕੀਤੀ ਗਈ ਲੈਟਰਜ਼—ਪੇਟੈਂਟ- ਅਪੀਲ ਵੀ ਮਾਨਯੋਗ ਹਾਈ ਕੋਰਟ ਵਲ ਰਦ ਕਰ ਦਿੱਤੀ ਗਈ। ਕਾਮਿਆਂ ਦੀ ਸਹਾਇਤਾ ਕਰਨ ਲਈ ਅਗਲੇਰੀ ਕਾਰਵਾਈ ਕਰਨ ਸਬੰਧੀ ਮਾਮਲਾ ਸਰਕਾਰ ਦੇ ਧਿਆਨ-ਗੋਚਰੇ ਹੈ ।

(Serial No. 103)

Chaudhri Kewal Krishan : to draw the attention of the Government towards an urgent matter of Public importance, namely that all the Private schools in the State which have been recognised. get 95 per cent of their total expenditure from the Government . But the Gover nment deducts thousands of rupees from the said amount every year, on account of liabilities, The Government releases the grant for four or five months after the lapse of a number of months as a result of which thousands of teachers get their salaries after months together on the receipt of the grant. Payment of salaries in this way, causes agreat hardship in these days of high rate of dearness. In many schools injustice is being done to the teachers by making deductions from their salaries as a result of which neither teachers nor the management committees of the Private Schools are satisfied. The Government should explain its policy in the House regarding the present system of deduction of liabilities and release of grant.

ਸਰਦਾਰ ਸੁਰਜੀਤ ਸਿੰਘ (ਵਿਦਿਆ ਮੰਤਰੀ): ਦਿੱਲੀ ਪ੍ਰਣਾਲੀ ਗ੍ਰਾਂਟ ਇਨ-ਏਡ ਸਕੀਮ ਦੇ ਅਧੀਨ ਉਹ ਪ੍ਰਾਈਵੇਟ ਸਕੂਲ ਜੋ 30 ਨਵੰਬਰ, 1967 ਨੂੰ ਮਾਨਤਾ ਪ੍ਰਾਪਤ ਸਨ, ਗ੍ਰਾਂਟ ਲੈਣ ਦੇ ਅਧਿਕਾਰੀ ਹਨ । ਇਸ ਸਕੀਮ ਦੇ ਤਹਿਤ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਉਨ੍ਹਾਂ ਦੇ ਪ੍ਰਮਾਣਿਤ ਘਾਟੇ ਦਾ 95% ਗ੍ਰਾਂਟ ਵਜੋਂ ਦਿੱਤਾ ਜਾਂਦਾ ਹੈ, ਇਸ ਸਕੀਮ ਦੇ ਅਧਾਰ ਤੇ 1 ਦਸੰਬਰ, 1967 ਤੋਂ ਪਹਿਲਾਂ ਸਕੂਲ ਮੈਨੇਜਮੈਂਟਾਂ ਜੋ ਰਕਮ, ਸਕੂਲ ਦੇ ਪ੍ਰਮਾਣਿਤ ਘਾਟੇ ਨੂੰ ਪੂਰਾ ਕਰਨ ਲਈ ਆਪਣੇ ਕੋਲੋਂ ਦਿੰਦੀਆਂ ਸਨ ਕੇਵਲ ਉਹੀ ਰਕਮ ਉਨ੍ਹਾਂ ਨੂੰ ਹੁਣ ਵੀ ਦੇਣੀ ਪੈਂਦੀ ਹੈ । ਇਸ ਰਕਮ ਵਿਚ ਹੋਰ ਕੋਈ ਵਾਧਾ ਨਹੀਂ ਕੀਤਾ ਗਿਆ । ਇਸ ਰਕਮ ਨੂੰ ਸਬੰਧਤ ਸਕੂਲ ਦੀ ਲਾਇਬਿਲਿਟੀ ਕਿਹਾ ਜਾਂਦਾ ਹੈ ।

2. ਪ੍ਰਾਈਵੇਟ ਸਕੂਲਾਂ ਨੂੰ ਗ੍ਰਾਂਟ ਤਿਮਾਹੀ ਵਾਰ ਅਗੇਤੀ ਮਨਜ਼ੂਰ ਕੀਤੀ ਜਾਂਦੀ ਹੈ, ਪਰੰਤੂ ਇਸ ਦੀ ਅਦਾਇਗੀ ਉਨ੍ਹਾਂ ਨੂੰ ਮਹੀਨੇ-ਵਾਰ ਹੁੰਦੀ ਹੈ । ਕੇਵਲ ਅਜਿਹਾ ਸਕੂਲਾਂ ਨੂੰ ਗ੍ਰਾਂਟ ਦੇਰੀ ਨਾਲ ਮਿਲਦੀ ਹੈ ਜਿਨ੍ਹਾਂ ਨੂੰ ਗ੍ਰਾਂਟ ਸਬੰਧੀ ਕਲੇਮ ਗਲਤ ਹੋਣ ਕਾਰਨ ਮੋੜਨੇ ਪੈਂਦੇ ਹਨ ਜਾਂ ਉਂਝ ਹੀ ਵੇਲੇ ਸਿਰ ਵਿਭਾਗ ਨਹੀਂ ਪੁੱਜਦੇ । ਸਿਖਿਆ ਵਿਭਾਗ ਦੇ ਪੱਧਰ ਤੇ ਗ੍ਰਾਂਟ ਜਾਰੀ ਕਰਨ ਵਿਚ ਕੋਈ ਢਿੱਲ ਨਹੀਂ ਕੀਤੀ ਜਾਂਦੀ । ਇਹ ਦੇਰੀ ਉਨ੍ਹਾਂ ਸਕੂਲਾਂ ਬਾਰੇ ਵੀ ਹੁੰਦੀ ਹੈ ਜਿਨ੍ਹਾਂ ਦੀ ਕੱਚੀ ਮਾਨਤਾ ਵਿਚ ਹਰ ਸਾਲ ਵਾਧਾ ਕੀਤਾ ਜਾਂਦਾ ਹੈ ਕਿਉਂ ਜੋ ਇਹ ਸਕੂਲ ਪੱਕੀ ਮਾਨਤਾਂ ਲੈਣ ਲਈ ਲੋੜੀਦੀਆਂ ਸ਼ਰਤਾਂ ਪਰੀਆਂ ਨਹੀਂ ਕਰਦੇ। ਇਨ੍ਹਾਂ ਦੀ ਕੱਚੀ ਮਾਨਤਾ ਵਿਚ ਹਰ ਸਾਲ ਵਾਧਾ ਕਰਨਾ ਪੈਂਦਾ ਹੈ ਤਾਂ ਜ ਵਿਦਿਆ-ਰਥੀਆਂ ਦੀ ਪੜ੍ਹਾਈ ਵਿਚ ਹਰਜ਼ ਨਾ ਹੋਵੇ । ਕੱਚੀ ਮਾਨਤਾ ਵਿਚ ਵਾਧਾ ਵੀ ਸਾਲ ਦੇ ਅਰੰਭ ਵਿਚ ਨਹੀਂ ਹੁੰਦਾ । ਕਿਉਂ ਜੋ ਸਕੂਲਾਂ ਵਲੋਂ ਆਏ ਕੇਸਾਂ ਵਿਚ ਉਣਤਾਈਆਂ ਹੁੰਦੀਆਂ ਹਨ ਅਤੇ ਹਰ ਸਕੂਲ ਦਾ ਨਵੇਂ ਸਿਰਿਉਂ ਨਿਰੀਖਣ ਕਰਨਾ ਪੈਂਦਾ ਹੈ । ਜਿਨ੍ਹਾਂ ਪ੍ਰਾਈਵੇਟ ਸਕੂਲਾਂ ਤੋਂ ਗ੍ਰਾਂਟ ਸਬੰਧੀ ਮੁਕੰਮਲ ਕਲੇਮ ਆਉਂਦੇ ਹਨ ਉਨ੍ਹਾਂ ਨੂੰ ਗ੍ਰਾਂਟ ਦੀ ਅਦਾਇਗੀ ਵਿਚ ਕੋਈ ਕਠਨਾਈ ਨਹੀਂ ਹੁਦੀ । ਜੇ ਬਾਕੀ ਸਕੂਲ ਵੀ ਮੁਕੰਮਲ ਕਲੇਮ ਭੇਜਦੇ ਰਿਹਾ ਕਰਨ ਤਾਂ ਤਿਮਾਹੀ ਦੀ ਗ੍ਰਾਂਟ ਸਮੇਂ ਸਿਰ ਜਾਰੀ ਕੀਤੀ ਜਾ ਸਕਦੀ ਹੈ ।

ਏਡਿਡ ਸਕੂਲਾਂ ਉਤੇ ਲਾਇਬਲਿਟੀ ਦਾ ਕੋਈ ਵਾਧੂ ਬੋਝ ਨਹੀਂ ਹੈ । ਇਹ ਰਕਮ ਤਾਂ ਕੇਵਲ ਉਹ ਹੀ ਹੈ ਜਿਹੜੀ ਕਿ ਮੈਨੇਜਮੈਂਟਾਂ ਦਿੱਲੀ ਪ੍ਰਣਾਲੀ ਸਕੀਮ ਲਾਗੂ ਹੋਣ ਤੋਂ ਪਹਿਲਾਂ ਵੀ ਆਪਣੇ ਫੰਡਾਂ ਵਿਚੋਂ ਦੇਂਦੀਆਂ ਸਨ। ਇਸ ਲਈ ਇਸ ਰਕਮ ਦੀ ਕਟੌਤੀ ਕਾਰਨ ਸਕੂਲ ਅਮਲੇ ਦੀ ਤਨਖਾਹ ਦੇਣ ਵਿਚ ਕੋਈ ਰੁਕਵਾਟ ਨਹੀਂ ਆਉਣੀ ਚਾਹੀਦੀ ।

3. ਅਧਿਆਪਕਾਂ ਦੀ ਤਨਖਾਹ ਵਿਚੋਂ ਕਟੌਤੀ ਕਰਨਾ ਬੜੀ ਨਾਜਾਇਜ਼ ਕਾਰਵਾਈ ਹੈ । ਸਰਕਾਰ ਦੇ ਧਿਆਨ ਵਿਚ ਕੋਈ ਅਜਿਹਾ ਕੇਸ ਨਹੀਂ ਆਇਆ ਜਿਸ ਵਿਚ ਕਿ ਸਕੂਲ ਅਧਿਆਪਕਾਂ ਦੀ ਤਨਖਾਹ ਵਿਚੋਂ ਕਟੌਤੀ ਦਾ ਦੋਸ਼ ਸਿੱਧ ਹੋਇਆ ਹੋਵੇ । ਜੇਕਰ ਕਿਸੇ ਕੇਸ ਵਿਚ ਇਹ ਦੋਸ਼ ਸਿੱਧ ਹੋ ਗਿਆ ਤਾਂ ਸਕੂਲ ਮੈਨੇਜਮੈਂਟ ਵਿਰੁਧ ਜ਼ਾਬਤੇ ਦੀ ਕਾਰਵਾਈ ਕੀਤੀ ਜਾਵੇਗੀ ।

ਧਿਆਨ ਦਿਵਾਊ ਮਤਾ ਨੰ: 119

1. **ਜਥੇਦਾਰ ਹਰਦਿਤ ਸਿੰਘ ਭੱਠਲ :**
2. **ਕਾਮਰੇਡ ਦਰਸ਼ਨ ਸਿੰਘ ਝਬਾਲ :**
3. **ਚੌਧਰੀ ਰਾਮ ਸਿੰਘ :**

ਕਾਮਰੇਡ ਸਤ ਪਾਲ ਡਾਂਗ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਕਿ ਪਿੰਡ ਅਤਰ ਸਿੰਘ ਵਾਲਾ ਦੀ 9 ਸਾਲਾ ਹਰੀਜਨ ਲੜਕੀ ਨੂੰ ਗੁੰਡਿਆਂ ਨੇ ਫੜਕੇ ਕਾਲਾ ਮੂੰਹ ਕੀਤਾ ਤੇ ਫੇਰ ਮਾਰ ਕੇ ਧਰਮਸ਼ਾਲਾ ਸੁਟ ਦਿੱਤਾ। ਪੁਲਿਸ ਨੇ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ । ਇਸ ਘਟਨਾ ਨਾਲ ਸਾਰੇ ਇਲਾਕੇ ਵਿਚ ਬੜੀ ਸਖ਼ਤ ਘਬਰਾਹਟ ਪੈਦਾ ਹੋ ਗਈ ਹੈ ਅਤੇ ਖਾਸ ਕਰਕੇ ਜ਼ਿਲ੍ਹੇ ਭਰ ਦੇ ਹਰੀਜਨਾਂ ਵਿਚ ਬਹੁਤ ਹੀ ਮਾਯੂਸੀ ਪਾਈ ਜਾਂਦੀ ਹੈ । ਇਹ ਗੰਭੀਰ ਘਟਨਾ ਬਾਰੇ ਸਬੰਧਤ ਵਜ਼ੀਰ ਜਵਾਬ ਦੇਣ ਦੀ ਕਿਰਪਾਲਤਾ ਕਰਨ ।

ਸਰਦਾਰ ਗੁਰਨਾਮ ਸਿੰਘ (ਮੁੱਖ ਮੰਤਰੀ): ਇਹ ਧਿਆਨ ਦਿਵਾਊ ਮਤਾ ਨੰ: 22 ਮਿਤੀ 2 ਮਾਰਚ, 70 ਅ:ਧ: 302 ਭ: ਦ: ਥਾਨਾ ਧਨੌਲਾ ਜ਼ਿਲ੍ਹਾ ਸੰਗਰੂਰ ਨਾਲ ਸਬੰਧਤ ਹੈ ਇਸ ਦੇ ਸੰਖੇਪ ਹਾਲਾਤ ਇਹ ਹਨ ਕਿ ਮਿਤੀ 2 ਮਾਰਚ, 70 ਨੂੰ ਚੰਦ ਸਿੰਘ ਚੌਕੀਦਾਰ ਪੁਤਰ ਮਾਗੀ ਸਿੰਘ ਹਰੀਜਨ ਵਾਸੀ ਅਤਰ ਸਿੰਘ ਵਾਲਾ ਨੇ ਥਾਨਾਂ ਧਨੌਲਾ ਵਿਚ ਰਪੋਟ ਕੀਤੀ ਕਿ ਉਸਦੇ ਪਿੰਡ ਮਿਤੀ 1 ਮਾਰਚ, 70 ਨੂੰ ਮੰਗਲ ਸਿੰਘ ਦੇ ਪੁੱਤਰ ਘੁਲੂ ਦਾ ਮੰਗਣਾ ਸੀ। ਉਹ ਵੀ ਹੋਰ ਆਦਮੀਆਂ ਨਾਲ ਮੰਗਲ ਸਿੰਘ ਦੇ ਘਰ ਮੌਜੂਦ ਸੀ । ਉਥੇ ਲਾਊਡ ਸਪੀਕਰ ਲਗਾ ਹੋਇਆ ਸੀ ਪਿੰਡ ਦੇ ਬੱਚੇ ਵੀ ਇੱਕਤਰ ਹੋਏ ਸਨ । ਉਸਦੀ ਲੜਕੀ ਗਿੰਦਰ ਉਮਰ ਸੱਤ ਸਾਲ ਵੀ ਉਥੇ ਸੀ ਉਸਨੇ ਸ਼ਾਮ ਨੂੰ ਆਪਣੀ ਲੜਕੀ ਨੂੰ ਪਤਾਸ਼ੇ ਲੈ ਕੇ ਦਿਤੇ ਤੇ ਕਿਹਾ ਕਿ ਘਰ ਨੂੰ ਚਲੀ ਜਾ ਤੇ ਆਪ ਉਹ ਉਥੇ ਕੰਮ ਕਰਨ ਲਗ ਪਿਆ। ਜਦ ਰਾਤ ਨੂੰ ਉਹ ਘਰ ਆਇਆ ਤਾਂ ਆਕੇ ਆਪਣੀ ਲੜਕੀ ਗਿੰਦਰ ਬਾਰੇ ਪੁਛਿਆ ਤਾਂ ਉਹ ਨਹੀਂ ਮਿਲੀ ਤੇ ਉਸਦੀ ਭਾਲ ਸ਼ੁਰੂ ਕੀਤੀ ਤੇ ਲਾਊਡ ਸਪੀਕਰ ਤੇ ਵੀ ਉਸਦੇ ਗੁੰਮ ਹੋਣ ਬਾਰੇ ਕਿਹਾ । ਪਰ ਕੋਈ ਪਤਾ ਨਾ ਲਗਾ ਤੇ ਰਾਤ ਨੂੰ ਉਸ ਨੇ ਆਪਣੇ ਕੁਝ ਸ਼ਰੀਕੇ ਦੇ ਆਦਮੀਆਂ ਨੂੰ ਪਿੰਡ ਦੁਆਲੇ ਬਿਠਾ ਦਿਤਾ । ਦੂਸਰੇ ਦਿਨ ਨੰਬਰਦਾਰ ਚੰਦ ਸਿੰਘ ਨੇ ਦਸਿਆ ਕਿ ਲੜਕੀ ਦੀ ਲਾਸ਼ ਧਰਮਸ਼ਾਲਾ ਵਿਚ ਕਪੜੇ ਨਾਲ ਢੱਕੀ ਫਰਸ਼ ਤੇ ਪਈ ਹੈ । ਜਦ ਕਪੜਾ ਲਾਹ ਕੇ ਵੇਖਿਆ ਤਾਂ ਉਹ ਮਰੀ ਪਈ ਸੀ। ਨੰਦ ਸਿੰਘ ਦੀ ਰਪੋਟ ਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ ਪਰ ਉਸ ਨੇ ਕਿਸੇ ਨਾਲ ਰੰਜ ਤੇ ਸ਼ੁਭਾ ਹੋਣਾ ਜ਼ਾਹਰ ਨਹੀਂ ਕੀਤਾ । ਫਿਰ ਵੀ ਸਥਾਨਕ ਪੁਲਿਸ ਨੇ ਆਪਣੀ

[ਮੁੱਖ ਮੰਤਰੀ]

ਕੋਸ਼ਿਸ਼ ਨਾਲ ਤਫਤੀਸ਼ ਕਰਕੇ ਦੋਸ਼ੀ ਬਾਬੂ ਸਿੰਘ ਪੁਤਰ ਕਾਲਾ ਸਿੰਘਵਾਸੀ ਭੁਤਨੇ ਹਾਲ ਅਬਾਦ ਅੱਤਰ ਸਿੰਘ ਵਾਲਾ ਨੂੰ ਮਿਤੀ 4 ਮਾਰਚ, 70 ਗ੍ਰਿਫਤਾਰ ਕਰ ਲਿਆ। ਦਸਿਆ ਜਾਂਦਾ ਹੈ ਕਿ ਦੋਸ਼ੀ ਨੇ ਲੜਕੀ ਗਿੰਦਰ ਨੂੰ ਗਲੀ ਵਿਚੋਂ ਜਾਂਦੀ ਨੂੰ ਚੁਕਿਆ ਸੀ ਤੇ ਉਸ ਨਾਲ ਜਨਾਹ ਬਿਲਜਬਰ ਕੀਤਾ ਤੇ ਉਸ ਨੂੰ ਮਾਰਕੇ ਧਰਮਸ਼ਾਲਾ ਵਿਚ ਸੁਟ ਦਿੱਤਾ। ਦੋਸ਼ੀ ਵਿਰੁੱਧ ਤਕਮੀਲ ਤਫਤੀਸ਼ ਕਰਕੇ ਚਲਾਨ ਸ਼ੀਘਰ ਹੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

2. ਇਹ ਕਹਿਣਾ ਬਿਲਕੁਲ ਗਲਤ ਹੈ ਕਿ ਪੁਲਿਸ ਵਲੋਂ ਕੋਈ ਕਾਰਵਾਈ ਨਾ ਕਰਨ ਕਾਰਨ ਇਲਾਕੇ ਵਿਚ ਬਹੁਤ ਰੋਸ ਪਰਗਟ ਹੋਇਆ ਹੈ। ਪੁਲਿਸ ਵਲੋਂ ਕਾਰਵਾਈ ਕਰਨ ਵਿਚ ਕੋਈ ਢਿਲ ਨਹੀਂ ਹੋਈ।

(Serial No. 134)

Chaudhri Satya Dev : to draw the attention of the Government towards an urgent matter of public importance, namely in Abohar Division where due to the great shortage of water the crops are already being ruined, it is a matter of great regret that the Muradwala head on Arniwala Rajbah was got cut during the last week.

The Xen. went to the spot and got this head cut whereby the whole of the water was diverted to Arniwala Rajbah. Likewise due to the total stoppage of water in Muradwala minor the crops of farmers of Villages Muradwala, Ghurhiana,Jhumian Wali ' Koharhawali, Muradwala, Dall Singh, Dharang wala and Bazedpur Katujanwali have been totally, ruined.so much so there is no drinking water in the said villages.Such an act of cruelty has never been committed upon the farmers heretofore by any Government.

The Government may be asked to make a statement in the matter.

Sardar Sohan Singh Bassi (Irrigation and Power Minister) : The statement is laid on the Table of the House.

Statement

A complaint to the effect that some changes had been made in the head of Muradwala minor of Arniwala Distributary was received by the Government. The Vigilance Officer of the Irrigation Department has been deputed to enquire into this complaint promptly. If it is found that any body has played any mischief, strict action will be taken agianst him. The matter is currently under investigation and enquiry.

[ਸਟੇਟਮੈਂਟ ਹਾਊਸ ਵਿਚ ਪੇਸ਼ ਕੀਤੀ ਜਾਂਦੀ ਹੈ।

ਸਟੇਟਮੈਂਟ

ਸਰਕਾਰ ਪਾਸ ਇਹ ਸ਼ਕਾਇਤ ਪੁਜੀ ਹੈ ਕਿ ਅਰਨੀਵਾਲਾ ਰਾਜਬਾਹ ਦੇ ਮੁਰਾਦ ਵਾਲਾ ਮਾਈਨਰ ਦੇ ਹੈਡ ਵਿਚ ਕੁਝ ਅਦਲਾ ਬਦਲੀ ਕੀਤੀ ਗਈ ਹੈ। ਇਸ ਸ਼ਕਾਇਤ ਦੀ ਛੇਤੀ ਤਫਤੀਸ਼ ਕਰਨ ਦਾ ਕੰਮ ਮਹਿਕਮਾ ਸਿੰਜਾਈ ਵਿਭਾਗ, ਪੰਜਾਬ ਦੇ ਚੌਕਸੀ ਅਫਸਰ ਨੂੰ ਸੌਂਪਿਆ ਗਿਆ ਹੈ। ਤਫਤੀਸ਼ ਉਪਰੰਤ ਜੇ ਪਤਾ ਲਗਾ ਕਿ ਕੋਈ ਕਿਸੇ ਨੇ ਸ਼ਰਾਰਤ ਕੀਤੀ ਹੈ ਤਾਂ ਉਸ ਦੇ ਵਿਰੁਧ ਸੱਖਤ ਕਾਰਵਾਈ ਕੀਤੀ ਜਾਵੇਗੀ। ਇਸ ਵੇਲੇ ਇਸ ਮਾਮਲੇ ਉਤੇ ਤਫਤੀਸ਼ ਅਤੇ ਪੜਤਾਲ ਹੋ ਰਹੀ ਹੈ]

(Serial No. 137)

Shri Sardari Lal Kapur.: to draw the attention of the Government towards an urgent matter of public importance, namely, harassment and continued attempt by the Police, Thana Dakha, District Ludhiana to dispossess Harijans of Village Ghamnewal, Tehsil Jagraon, District Ludhiana, of their land leased out to them by Government in the Rehabilitation Department near village Walipur Kalan, Thana Dakha, Tehsil Jagraon, under Pattanama order dated 18 April, 1961 for ten years from 1961 to 1971. This has caused greae harassment and panic amongst Harijans of the Illaka and others. The Minister concerned may be asked to make a detailed statement on the floor of the House.

Sardar Gurnam Singh (Chief Minister): This matter relates to a case (FIR No. 26 dated 7th February, 1970) registered at P.S. Dakha u/s 440/447/148/149 IPC on the statement of Shri Hazura Singh father of Shri Ranjit Singh of village Walipur. It was alleged that 8 killas of land was on 10 years lease with one Shri Bant Singh Ramdasia of village Ghamanwal. This land was duly auctioned by the Tehsildar (Sales) in 1963. It was purchased by Shri Ranjit Singh and others of Walipur but Shri Bant Singh continued to be in possession of the same until about 2 years ago when Shri Ranjit Singh and others paid Rs. 4,500/- to Shri Bant Singh Ramdasia and took possession of this land. Their possession was also recorded in the Revenue records. Shri Ranjit Singh and his co-sharers cultivated wheat and barley in this land and when crop grew to about one foot high, the said Shri Bant Singh and 13 others accused persons trespassed into this land, ploughed it thus destroying the standing crops. It is not correct to say that Dakha Police is harassing Harijans or that they are dispossessing them (Harijans) of their land. There is no panic amongst the Harijans of the Illaqa as alleged.

[ਇਸ ਮੁਆਮਲੇ ਦਾ ਸਬੰਧ ਮੁਕਦਮਾ (ਐਫ. ਆਈ. ਆਰ. ਨੰ:26 ਮਿਤੀ 7 ਫਰਵਰੀ, 70) ਅ: ਧ: 440/447/148/149 ਭ: ਦ: ਥਾਨਾ ਦਾਖਾ ਨਾਲ ਹੈ ਜਿਹੜਾ ਕਿ ਸ੍ਰੀ ਹਜ਼ੂਰਾ ਸਿੰਘ ਪਿਤਾ ਸ੍ਰੀ ਰਣਜੀਤ ਸਿੰਘ ਪਿੰਡ ਵਲੀਪੁਰ ਦੀ ਸਟੇਟਮੈਂਟ ਤੇ ਦਰਜ ਕੀਤਾ ਗਿਆ ਸੀ । ਦੂਸ਼ਨ ਲਗਾਏ ਸਨ ਕਿ 8 ਕਿਲਾ ਜ਼ਮੀਨ 10 ਸਾਲ ਲਈ ਸ੍ਰੀ ਬੰਤ ਸਿੰਘ ਰਮਦਾਸੀਆ ਵਾਸੀ ਘਮਨਵਾਲ ਪਾਸ ਲੀਜ਼ ਤੇ ਸੀ । ਇਸ ਜ਼ਮੀਨ ਨੂੰ ਤਹਿਸੀਲਦਾਰ (ਸੇਲਜ਼) ਨੇ 1963 ਵਿਚ ਨੀਲਾਮ ਕੀਤਾ ਸੀ - ਇਹ ਜ਼ਮੀਨ ਸ੍ਰੀ ਰਣਜੀਤ ਸਿੰਘ ਆਦਿ ਵਾਸੀ ਵਲੀਪੁਰ ਨੇ ਖਰੀਦ ਲਈ ਸੀ ਪਰ ਕਬਜ਼ਾ ਸ੍ਰੀ ਬੰਤ ਸਿੰਘ ਦਾ ਹੀ ਰਿਹਾ । ਲਗਭਗ ਦੋ ਸਾਲ ਹੋਏ ਸ੍ਰੀ ਰਣਜੀਤ ਸਿੰਘ ਆਦਿ ਨੇ 4500 ਰੁਪਏ ਸ੍ਰੀ ਬੰਤ ਸਿੰਘ ਨੂੰ ਦੇ ਕੇ ਜ਼ਮੀਨ ਦਾ ਕਬਜਾ ਲੈ ਲਿਆ ਸੀ । ਇਸ ਕਬਜ਼ੇ ਬਾਰੇ ਰਿਕਾਰਡ ਮਾਲ ਵਿਚ ਵੀ ਅੰਦਰਾਜ ਕੀਤਾ ਗਿਆ ਸੀ। ਸ੍ਰੀ ਰਣਜੀਤ ਸਿੰਘ ਤੇ ਉਸਦੇ ਨਾਲ ਦੇ ਹਿਸੇਦਾਰਾਂ ਨੇ ਇਸ ਜ਼ਮੀਨ ਵਿਚ ਕਣਕ ਤੇ ਜੌਂ ਬੀਜੇ। ਜਦ ਫਸਲ ਕਰੀਬਨ ਇਕ ਫੁਟ ਤਕ ਉਚੀ ਹੋ ਗਈ ਤਾਂ ਉਕਤ ਸ੍ਰੀ ਬੰਤ ਸਿੰਘ ਅਤੇ 13 ਹੋਰ ਆਦਮੀਆਂ ਨੇ ਇਸ ਜ਼ਮੀਨ ਵਿਚ ਦਾਖਲ ਹੋ ਕੇ ਹੱਲ ਚਲਾਇਆ ਅਤੇ ਇਸ ਤਰ੍ਹਾਂ ਖੜੀ ਫਸਲ ਤਬਾਹ ਕਰ ਦਿਤੀ । ਇਹ ਕਹਿਣਾ ਠੀਕ ਨਹੀਂ ਹੈ ਕਿ ਥਾਨਾ ਦਾਖਾ ਪੁਲਿਸ ਹਰੀਜਨਾਂ ਨੂੰ ਹੈਰਾਨ ਕਰ ਰਹੀ ਹੈ ਜਾਂ ਉਹ ਹਰੀਜਨਾਂ ਨੂੰ ਆਪਣੀਆਂ ਜ਼ਮੀਨਾਂ ਤੋਂ ਬੇਦਖਲ ਕਰਵਾ ਰਹੀ ਹੈ । ਹਰੀਜ਼ਨਾਂ ਵਿਚ ਕੋਈ ਦਹਿਸ਼ਤ ਨਹੀਂ ਪਾਈ ਜਾਂਦੀ ਹੈ ।

OBITUARY REFERENCES

Mr. Speaker : Now the House will take up Obituary References,

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਤੁਹਾਨੂੰ ਡਾਕ ਰਾਹੀਂ ਭੇਜੀ ਸੀ, ਉਸ ਦਾ ਮੈਨੂੰ ਕੋਈ ਜਵਾਬ ਨਹੀਂ ਮਿਲਿਆ । ਉਸ ਦੇ ਬਾਰੇ ਦੱਸ ਦਿਓ । (ਵਿਘਨ)

ਸ੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਉਥੇ ਦੇਖ ਲਵਾਂਗੇ । (The hon. Member may discuss this matter in my Chamber.)

ਮੁੱਖ ਮੰਤਰੀ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਮੇਜਰ ਅਮੀਰ ਸਿੰਘ, ਜਿਹੜੇ ਕਿ ਇਥੇ ਐਮ. ਐਲ. ਸੀ. ਅਤੇ ਐਮ. ਐਲ. ਏ. ਵੀ ਰਹੇ ਅਤੇ ਉਹ ਹਰਿਆਣਾ ਦੇ ਵਿਚ ਵੀ ਰਹੇ ਸਨ, ਜਿਨ੍ਹਾਂ ਦੀ ਪੈਦਾਇਸ਼ ਸੰਨ 1909 ਵਿਚ ਹੋਈ ਸੀ ਦਾ ਦਿਹਾਂਤ ਹੋ ਗਿਆ । ਇਸ ਸਟੇਟ ਦੇ ਵਿਚ ਉਹ ਪੜ੍ਹੇ ਸਨ, ਉਹ ਹੁਸ਼ਿਆਰਪੁਰ ਵੀ ਅਤੇ ਰੋਹਤਕ ਵਿਚ ਵੀ ਪੜ੍ਹੇ । ਫਿਰ ਉਹ

[ਮੁੱਖ ਮੰਤਰੀ]

ਫੌਜ ਵਿਚ ਭਰਤੀ ਹੋ ਗਏ ਅਤੇ ਜਿਥੇ ਕਿ ਉਹ ਸਬਸਟੈਂਸ਼ੀਅਲ ਰੈਂਕ ਤੇ, ਮੇਜਰ ਰੈਂਕ ਤੇ ਰਿਟਾਇਰ ਹੋਏ। ਉਨ੍ਹਾਂ ਨੂੰ ਗਲੈਂਟਰੀ ਐਵਾਰਡ ਵੀ ਮਿਲਿਆ ਸੀ। ਉਹ ਲੜਾਈ ਵਿਚ ਜ਼ਖਮੀ ਹੋਏ ਅਤੇ ਸੰਨ 1942 ਤੋਂ 1945 ਤਕ ਉਹ ਜਾਪਾਨ ਵਿਚ ਕੈਦ ਵੀ ਰਹੇ । ਫਿਰ ਆਕੇ ਉਨ੍ਹਾਂ ਨੇ ਕਾਂਗਰਸ ਪਾਰਟੀ ਜੁਆਇਨ ਕੀਤੀ ਔਰ ਕਾਂਗਰਸ ਦੀ ਟਿਕਟ ਤੇ ਉਹ ਅਸੈਂਬਲੀ ਦੇ ਮੈਂਬਰ ਰਹੇ, ਫਿਰ ਕੌਂਸਿਲ ਦੇ ਮੈਂਬਰ ਵੀ ਰਹੇ । ਉਨ੍ਹਾਂ ਨੇ ਮੁਲਕ ਦੀ ਕਾਫੀ ਖਿਦਮਤ ਕੀਤੀ ਹੈ ਔਰ ਆਪ ਇਕ ਨਿੱਘੇ ਪੁਰਸ਼ ਸਨ । ਉਨ੍ਹਾਂ ਦਾ ਦਿਹਾਂਤ 24 ਮਾਰਚ, 1970, ਨੂੰ ਪੀ. ਜੀ. ਆਈ, ਚੰਡੀਗੜ੍ਹ ਦੇ ਵਿਚ 62 ਸਾਲ ਦੀ ਉਮਰ ਵਿਚ ਹੋਇਆ, ਉਹ ਇਸ ਕਿਸਮ ਦੇ ਸੱਜਣ ਸਨ, ਜਿਨ੍ਹਾਂ ਦੇ ਦਿਹਾਂਤ ਦੇ ਨਾਲ ਸੂਬੇ ਨੂੰ ਅਤੇ ਮੁਲਕ ਨੂੰ ਬਹੁਤ ਘਾਟਾ ਪਿਆ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਮੁਲਕ ਦੀ ਖਾਤਰ ਬੜੀਆਂ ਬਹਾਦਰੀਆਂ ਕੀਤੀਆਂ । ਉਨ੍ਹਾਂ ਨੇ ਫੌਜ ਵਿਚ ਐਵਾਰਡ ਲਿਆ। ਫੌਜ ਤੋਂ ਰਿਟਾਇਰ ਹੋਕੇ ਉਨ੍ਹਾਂ ਨੇ ਮੁਲਕ ਦੀ ਸੇਵਾ ਕੀਤੀ । ਇਸ ਲਈ ਹਰ ਤਰੀਕੇ ਨਾਲ, ਮੈਂ ਸਮਝਦਾ ਹਾਂ ਕਿ, ਉਨ੍ਹਾਂ ਦੇ ਦਿਹਾਂਤ ਹੋਣ ਨਾਲ ਸਾਨੂੰ ਬੜਾ ਘਾਟਾ ਪਿਆ ਹੈ । ਔਰ ਇਹ ਬੜਾ ਅਫਸੋਸ ਹੁੰਦਾ ਹੈ ਕਿ ਉਹ ਘਾਟਾ ਪੂਰਾ ਨਹੀਂ ਹੋ ਸਕਦਾ । ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ। ਅਸੀਂ ਜੋ ਮਤਾ ਇਥੇ ਪਾਸ ਕਰੀਏ, ਉਹ ਉਨ੍ਹਾਂ ਦੇ ਘਰ ਵਾਲਿਆਂ ਨੂੰ ਭੇਜਿਆ ਜਾਵੇ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਹ ਬੜਾ ਦੁੱਖ ਭਰਿਆ ਦਿਹਾੜਾ ਹੈ ਕਿ ਸਾਡੇ ਵਿਚੋਂ ਮੇਜਰ ਅਮੀਰ ਸਿੰਘ ਚਲੇ ਗਏ ਹਨ । ਮੈਨੂੰ ਪਹਿਲੀ ਦਫਾ 1941 ਵਿਚ ਮੇਜਰ ਅਮੀਰ ਸਿੰਘ ਨੂੰ ਮਿਲਣ ਦਾ ਮੌਕਾ ਸਿੰਘਾਪੁਰ ਵਿਚ ਮਿਲਿਆ ਸੀ । ਉਨ੍ਹਾਂ ਤੇ ਇਕ ਬੜਾ ਵੱਡਾ ਹਵਾਈ ਹਮਲਾ ਹੋਇਆ ਸੀ ਅਤੇ ਜਿਸ ਵਿਚ ਉਹ ਬੜੇ ਜਖਮੀ ਹੋ ਗਏ ਸਨ । ਮੈਂ ਉਨ੍ਹਾਂ ਦੇ ਹੌਸਲੇ ਅਤੇ ਉਨ੍ਹਾਂ ਦੀ ਬਹਾਦਰੀ ਦੀ ਦਾਦ ਦਿੰਦਾ ਹਾਂ । ਉਨ੍ਹਾਂ ਦੇ ਹੌਸਲੇ ਅਤੇ ਬਹਾਦਰੀ ਦੀ ਗੱਲ ਇਹ ਹੈ ਕਿ ਜਦੋਂ ਉਹ ਸਮਝਦੇ ਸੀ ਕਿ ਪਤਾ ਨਹੀਂ ਉਨ੍ਹਾਂ ਨੇ ਬਚਣਾ ਵੀ ਹੈ ਕਿ ਨਹੀਂ, ਉਹ ਠੀਕ ਸਿਹਤਮਦ ਹੋ ਗਏ । ਫਿਰ ਉਹ ਦੇਸ਼ ਸੇਵਾ ਵਿਚ ਜੁਟ ਗਏ ਉਨ੍ਹਾਂ ਦੇ ਕੋਲ ਜਿੰਨੀ ਐਨਰਜੀ ਸੀ, ਉਹ ਸਾਰੀ ਦੀ ਸਾਰੀ, ਉਨ੍ਹਾਂ ਨੇ ਦੇਸ਼ ਹਿੱਤ ਵਾਸਤੇ ਲਗਾ ਦਿਤੀ ।

ਲੜਾਈ ਖ਼ਤਮ ਹੋਣ ਦੇ ਬਾਅਦ ਫਸਟ ਏਡ ਤੋਂ ਹੀ ਫੌਜੀਆਂ ਦੀ ਤਰ੍ਹਾਂ ਉਨ੍ਹਾਂ ਨੇ ਆਪਣੇ ਦੇਸ਼ ਵਿਚ ਸੋਸ਼ਲ ਸਰਵਿਸ ਸ਼ੁਰੂ ਕੀਤੀ। ਉਹ ਬੜੇ ਹਰਮਨ ਪਿਆਰੇ ਸਨ ਔਰ ਬੜੇ ਨਿੱਘੇ ਸ਼ਖਸ਼ ਸਨ। ਉਨ੍ਹਾਂ ਦੇ ਨਾਲ ਕੰਮ ਕਰਨ ਦੇ ਕਾਰਨ ਔਰ ਮੇਰਾ ਉਨ੍ਹਾਂ ਦੇ ਨਾਲ ਅਕਸਰ ਵਾਹ ਪੈਣ ਨਾਲ ਮੈਂ ਦਸ ਸਕਦਾ ਹਾਂ ਕਿ ਸਾਡੀ ਕੌਂਸਲ ਦੇ ਵਿਚ ਉਨ੍ਹਾਂ ਦੀਆਂ ਸਪੀਚਿਜ਼ ਹਮੇਸ਼ਾਂ ਕਨਸਟੱਰਕਟਿਵ ਹੁੰਦੀਆਂ ਸਨ । ਬੇਸ਼ਕ ਉਨ੍ਹਾਂ ਦੇ ਪਰਸਨਲ ਖਿਆਲਾਤ ਕੁਝ ਵੀ ਹੋਣ ਪਰ ਪੋਲੀਟੀਕਲੀ ਉਨ੍ਹਾਂ ਨੇ ਇਕ ਬੜਾ ਉਚਾ ਪੱਧਰ ਰਖਿਆ ਸੀ ਜਿਹੜਾ ਸਾਡੇ ਲਈ ਇਕ ਨਿਸ਼ਾਨਾ ਬਣ ਸਕਦਾ ਹੈ। ਉਹ ਪੈਪਸੂ ਰਾਜ ਵਿਚ ਡਿਪਟੀ ਮਨਿਸਟਰ ਵੀ ਰਹੇ ਔਰ ਉਨ੍ਹਾਂ ਦੇ ਮੁਤਲਕ, ਜਿਹੜੀਆਂ ਆਮ ਸ਼ਕਾਇਤਾਂ ਪੋਲੀਟੀਸ਼ਨ ਦੇ ਮੁਤੱਲਕ ਹੁੰਦੀਆਂ ਹਨ ਕਿਸੇ ਨੂੰ ਵੀ ਅੱਜ ਤਕ ਨਹੀਂ ਹੋਈਆਂ। ਮੈਂ ਸਮਝਦਾ ਹਾਂ ਕਿ ਹਰਿਆਣੇ ਦਾ ਇਹ ਨੁਕਸਾਨ ਨਹੀਂ ਹੋਇਆ ਇਹ ਸਾਰੇ ਹਿੰਦੁਸਤਾਨ ਦਾ ਨੁਕਸਾਨ ਹੋਇਆ ਹੈ ਕਿਉਂ ਜੋ ਇਹੋ ਜਿਹਾ ਨਿਘਾ ਤੇ ਸੁਚੱਜਾ ਵਰਕਰ ਸਾਡੇ ਵਿਚੋਂ ਚਲਾ ਗਿਆ ਹੈ । ਮੈਂ ਲੀਡਰ ਆਫ਼ ਦੀ ਹਾਊਸ ਸਰਦਾਰ ਗੁਰਨਾਮ ਸਿੰਘ ਜੀ ਦੇ ਨਾਲ ਸਹਿਮਤ ਹਾਂ ਔਰ ਆਪਣੀ ਪਾਰਟੀ ਦੀ ਤਰਫੋਂ ਆਪਣੀ ਤਰਫੋਂ ਜ਼ਾਤੀ ਤੌਰ ਤੇ, ਕਿਉਂਕਿ ਉਨ੍ਹਾਂ ਨਾਲ ਮੇਰੇ ਬੜੇ ਪੁਰਾਣੇ ਸਬੰਧ ਸੀ, ਉਨ੍ਹਾਂ ਨੂੰ ਸ਼ਰਧਾਂਜਲੀ ਅਰਪਨ ਕਰਦਾ ਹੈ ਔਰ ਪਰਮਾਤਮਾ ਅਗੇ, ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਕਿ ਉਹ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਜਿਹੜਾ ਮਤਾ ਇਸ ਹਾਊਸ ਵਿਚ ਸਰਬਸੰਮਤੀ ਨਾਲ ਪਾਸ ਹੋਵੇ ਉਹ ਉਨ੍ਹਾਂ ਦੇ ਪਿਛੇ ਰਹਿੰਦੀ ਬੀਰੀਵਡ ਫ਼ੈਮਿਲੀ ਨੂੰ ਭੇਜਿਆ ਜਾਵੇ ਔਰ ਮੈਂ ਆਸ ਕਰਦਾ ਹਾਂ ਕਿ ਸਾਡੇ ਲੈਜਿਸਲੇਟਰਜ਼ ਮੇਜਰ ਅਮੀਰ ਸਿੰਘ ਦੇ ਪਾਏ ਪੂਰਨਿਆਂ ਤੇ ਚਲਣਗੇ ।

ਸ੍ਰੀ ਸਪੀਕਰ : ਸਿਰਦਾਰ ਕਪੂਰ ਸਿੰਘ

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਹੁਣੇ ਹੀ ਆਇਆ ਹੈ ਕਿ ਸ੍ਰੀ ਜੈਪਾਲ ਸਿੰਘ ਜੋ ਪਾਰਲੀਮੈਂਟ ਦੇ ਮੈਂਬਰ ਸਨ ਉਨ੍ਹਾਂ ਦੀ ਮਿਰਤੂ ਹੋ ਗਈ ਹੈ । ਉਨ੍ਹਾਂ ਦੇ ਬਾਰੇ ਜੇ ਤੁਸੀਂ ਦੋ ਮਿੰਟ ਵਾਸਤੇ ਆਗਿਆ ਦੇ ਦਿਓ । (ਵਿਘਨ) ਸਪੀਕਰ ਸਾਹਿਬ, ਸ੍ਰੀ ਜੈਪਾਲ ਸਿੰਘ 24 ਸਾਲ ਐਮ. ਪੀ. ਰਹੇ । ਮੇਰੀ ਉਨ੍ਹਾਂ ਨਾਲ ਜ਼ਾਤੀ ਵਾਕਫੀਅਤ ਸੀ । ਆਕਸਫੋਰਡ ਵਿਚੋਂ ਉਨ੍ਹਾਂ ਨੇ ਗਰੈਜੂਏਸ਼ਨ ਕੀਤੀ ਸੀ । ਆਈ. ਏ. ਅਸ. ਵੀ ਕੀਤੀ । 1928 ਵਿਚ ਪਹਿਲੀ ਜਿਹੜੀ ਹਾਕੀ ਓਲੰਮਪਿਕ ਟੀਮ ਸੀ ਉਸ ਦੇ ਉਹ ਕੈਪਟਨ ਸੀ। ਉਹ ਬੜੇ ਅੱਛੇ ਔਰ ਉਘੇ ਇਨਸਾਨ ਸਨ । ਸਾਡੀ ਸੈਂਟਰ ਗੌਰਮਿੰਟ ਵਿਚ ਡਿਪਟੀ ਮਨਿਸਟਰ ਸ੍ਰੀਮਤੀ ਜਹਾਂਆਰਾ ਹਨ, ਇਹ ਉਨ੍ਹਾਂ ਦੇ ਖਾਵੰਦ ਸੀ । ਉਹ ਬੜੇ ਨੇਕ ਔਰ ਬੜੇ ਉਘੇ ਸਜਣ ਸਨ । ਆਪਣੇ ਇਲਾਕੇ ਝਾਰਖੰਡਾ ਦੇ ਵਿਚ ਉਹ ਬੜੇ ਉਘੇ ਲੀਡਰ ਸਨ । ਉਨ੍ਹਾਂ ਦੇ ਦਿਹਾਂਤ ਤੇ ਮੈਨੂੰ ਬੜਾ ਅਫਸੋਸ ਹੋਇਆ ਹੈ ਔਰ ਪਰਮਾਤਮਾ ਅਗੇ ਅਰਦਾਸ ਕਰਦਾ ਹਾਂ ਕਿ ਪਰਤਾਮਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਔਰ ਇਹ ਸ਼ੋਕ ਦਾ ਮਤਾ ਪਾਸ ਕਰਕੇ ਉਨ੍ਹਾਂ ਦੀ ਪਤਨੀ, ਜੋ ਕਿ ਡਿਪਟੀ ਮਨਿਸਟਰ ਹਨ, ਨੂੰ ਭੇਜਿਆ ਜਾਵੇ ।

ਮੇਜਰ ਹਰਿੰਦਰ ਸਿੰਘ (ਅਜਨਾਲਾ) : ਸਪੀਕਰ ਸਾਹਿਬ, ਜੋ ਲੀਡਰ ਆਫ਼ ਦੀ ਹਾਊਸ ਨੇ ਸ਼ੋਕ ਦਾ ਮਤਾ ਸ੍ਰੀ ਜੈਪਾਲ ਸਿੰਘ ਦੇ ਮੁਤਲਕ ਰਖਿਆ ਹੈ ਮੈਂ ਸੌ ਫੀ ਸਦੀ ਉਸ ਦੇ ਨਾਲ ਸਹਿਮਤ ਹਾਂ । ਮੈਨੂੰ ਉਨ੍ਹਾਂ ਦੇ ਬਾਰੇ ਕੁਝ ਜ਼ਾਤੀ ਤਜਰਬਾ ਵੀ ਹੈ ਔਰ ਉਹ ਮੇਰੇ ਦੋਸਤ ਵੀ ਸਨ ਕਿਉਂਕਿ ਮੈਨੂੰ ਵੀ ਕੁਝ ਅਵਸਰ ਮਿਲਿਆ ਸੀ ਸੈਂਟਰ ਵਿਚ ਸੇਵਾਦਾਰੀ ਕਰਨ ਦਾ । ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਉਨ੍ਹਾਂ ਦੀ ਖੇਡ ਦੇ ਮੈਦਾਨ ਵਿਚ, ਵਿਦਿਆ ਦੇ ਮੈਦਾਨ ਵਿਚ ਔਰ ਨਾਲ ਦੀ ਨਾਲ ਸਿਆਸਤ ਦੇ ਮੈਦਾਨ ਵਿਚ ਇਕ ਬੜੀ ਵਿਸ਼ੇਸ਼ ਪੋਜ਼ੀਸ਼ਨ ਸੀ । ਇਹ ਤਿੰਨੇ ਗੱਲਾਂ ਹੋਣੀਆਂ ਇਕ ਖਾਸ ਮਹੱਤਤਾ ਰਖਦੀਆਂ ਹਨ ਕਿਉਂਕਿ ਇਕ ਇਨਸਾਨ ਖਿਡਾਰੀ ਵੀ ਹੋਏ, ਸਿਆਸਤਦਾਨ ਵੀ ਹੋਏ ਔਰ ਵਿਦਵਾਨ ਵੀ ਹੋਏ, ਇਹ ਬੜਾ ਰੇਅਰ ਕਮਬੀਨੇਸ਼ਨ ਹੁੰਦਾ ਹੈ । ਮੈਂ ਸਮਝਦਾ ਹਾਂ ਕਿ ਜਿਤਨਾ ਚਿਰ ਵੀ ਉਹ ਪਾਰਲੀਮੈਂਟ ਦੇ ਮੈਂਬਰ ਰਹੇ ਹਨ ਉਨ੍ਹਾਂ ਦੀ ਵੈਲਯੂਏਬਲ ਕਨਟਰੀਬਿਯੂਸ਼ਨ ਹੁੰਦੀ ਸੀ । ਉਹ ਝਾਰਖੰਡ ਦੇ ਇਲਾਕੇ ਵਿਚ ਬੜੇ ਉਘੇ ਲੀਡਰ ਸੀ । ਉਨ੍ਹਾ ਦੀ ਸ੍ਰੀਮਤੀ ਵੀ ਸੈਂਟਰ ਵਿਚ ਡਿਪਟੀ ਮਨਿਸਟਰ ਹਨ, ਇਹ ਚੀਜ਼ ਵੀ ਜ਼ਾਹਰ ਕਰਦੀ ਹੈ ਕਿ ਉਨ੍ਹਾਂ ਦਾ ਪਰਵਾਰ ਸਿਆਸਤ ਵਿਚ ਕਿੰਨੀ ਸੂਝ ਬੂਝ ਰਖਦਾ ਹੈ ਕਿਉਂਕਿ ਸਿਆਸੀ ਸੂਝ ਬੂਝ ਵਾਲੇ ਇਨਸਾਨ ਹੀ ਅਗੇ ਆਇਆ ਕਰਦੇ ਹਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਇਸ ਦੁਨੀਆਂ ਵਿਚੋਂ ਜਾਣ ਨਾਲ ਦੇਸ਼ ਨੂੰ ਔਰ ਉਸ ਖ਼ਿਤੇ ਨੂੰ ਜਿਸ ਦੇ ਕਿ ਉਹ ਬੜੇ ਅਨਡਿਸਪਿਯੂਟਿਡ ਲੀਡਰ ਸਨ, ਬੜਾ ਘਾਟਾ ਹੋਇਆ ਹੈ ਔਰ ਇਸ ਦੇ ਇਲਾਵਾ ਪਾਰਲੀਮੈਂਟ ਨੂੰ ਵੀ ਸਚੇ ਔਰ ਸੁਚੱਜੇ ਪੋਲੀਟੀਸ਼ੀਅਨ ਦਾ ਘਾਟਾ ਪਿਆ ਹੈ - ਇਸ ਕਰਕੇ ਉਨ੍ਹਾਂ ਦੀ ਮੌਤ ਤੇ ਮੈਨੂੰ ਬੜਾ ਖੇਦ ਹੈ, ਮੈਂ ਤਾਂ ਇਕ ਮਾੜਾ ਜਿਹਾ ਗੁਰੂ ਘਰ ਦਾ ਕੂਕਰ ਹੋਣ ਦੇ ਨਾਤੇ ਅਰਦਾਸ ਕਰ ਸਕਦਾ ਹਾਂ । ਜਿਹੜੇ ਸਜਨ ਕਿਸੇ ਵਾਸਤੇ ਜੀਉਂਦੇ ਹਨ, ਕਿਸੇ ਕਾਜ਼ ਵਾਸਤੇ ਆਪਣੀ ਜ਼ਿਦਗੀ ਲਾਉਂਦੇ ਹਨ ਉਨ੍ਹਾਂ ਦੇ ਵਿਛੜਨ ਨਾਲ ਬੜਾ ਦੁਖ ਹੁੰਦਾ ਹੈ । ਜਾਣਾ ਤਾਂ ਹਰ ਇਕ ਨੇ ਹੁੰਦਾ ਹੈ ਲੇਕਿਨ ਉਨ੍ਹਾਂ ਨੂੰ ਗੁਰ ਦੀ ਦਰਗਾਹ ਵਿਚ ਖਾਸ ਤੌਰ ਤੇ ਵਿਸ਼ੇਸ਼ ਜਗਾ ਮਿਲਦੀ ਹੈ । ਸੋ ਮੈਂ

[ਮੇਜਰ ਹਰਿੰਦਰ ਸਿੰਘ]

ਪਰਮਾਤਮਾ ਅਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਮਿਲੇ ਔਰ ਪਿਛੇ ਰਹੇ ਪਰਵਾਰ ਨੂੰ ਗੁਰੂ ਭਾਣਾ ਮੰਨਣ ਦਾ ਬਲ ਦੇਵੇ :

"ਤੇਰਾ ਭਾਣਾ ਮੀਠਾ ਲਾਗੇ ਨਾਮ ਪਦਾਰਥ ਨਾਨਕ ਮਾਂਗੇ "।

ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਰਧਾਂਜਲੀ ਭੇਟ ਕਰਦਾ ਹਾਂ । ਮੈਂ ਆਪਣੇ ਵਲੋਂ ਔਰ ਆਪਣੀ ਪਾਰਟੀ ਵਲੋਂ ਲੀਡਰ ਆਫ਼ ਦੀ ਹਾਊਸ ਨੇ ਜੋ ਮਿਸਟਰ ਜੈਪਾਲ ਸਿੰਘ ਦੇ ਮੁਤਲਕ ਮਤਾ ਪੇਸ਼ ਕੀਤਾ ਹੈ ਉਸ ਨਾਲ ਸਹਿਮਤ ਹਾਂ ਔਰ ਇਹ ਮਤਾ ਉਨ੍ਹਾਂ ਦੇ ਪਰਵਾਰ ਨੂੰ ਭੇਜਿਆ ਜਾਵੇ ।

ਸਿਰਦਾਰ ਕਪੂਰ ਸਿੰਘ (ਸਮਰਾਲਾ) : ਸਪੀਕਰ ਸਾਹਿਬ, ਸਦਨ ਦੇ ਨੇਤਾ ਨੇ ਜਿਹੜੇ ਦੋ ਸ਼ੋਕ ਪਰਸਤਾਵ ਇਕ ਮੇਜਰ ਅਮੀਰ ਸਿੰਘ ਦੇ ਬਾਰੇ ਅਤੇ ਦੂਜਾ ਮਿਸਟਰ ਜੈਪਾਲ ਸਿੰਘ ਦੇ ਬਾਰੇ ਇਸ ਸਦਨ ਵਿਚ ਰਖੇ ਹਨ ਮੈਂ ਸ਼ਰੋਮਣੀ ਅਕਾਲੀ ਦਲ ਦੀ ਪੰਜ ਕੌਂਸਲੀ ਵਲੋਂ ਉਨ੍ਹਾਂ ਦਾ ਸਮਰਥਨ ਕਰਦਾ ਹਾਂ ਅਤੇ ਜਿਹੜੇ ਉਨ੍ਹਾਂ ਨੇ ਵਿਚਾਰ ਤੇ ਭਾਵ ਪਰਗਟ ਕੀਤੇ ਹਨ ਉਨ੍ਹਾਂ ਨਾਲ ਸਹਿਮਤ ਹਾਂ । ਮਿਸਟਰ ਜੈਪਾਲ ਸਿੰਘ ਜੀ ਨੂੰ ਮੈਂ ਨਿਜੀ ਤੌਰ ਤੇ ਜਾਣਦਾ ਸੀ ਅਤੇ ਪੰਜ ਸਾਲ ਉਨ੍ਹਾਂ ਦੇ ਨਾਲ ਲੋਕ ਸਭਾ ਵਿੱਚ ਕੰਮ ਕਰਦਾ ਰਿਹਾ ਹਾਂ ਉਹ ਉਚ ਕੋਟੀ ਦੇ ਵਿਦਵਾਨ ਤੇ ਬੜੇ ਨਿਘੇ ਸਜਣ ਪੁਰਸ਼ ਸਨ । ਉਹ ਬੜੇ ਉਘੇ ਖਿਡਾਰੀ ਅਤੇ ਦੇਸ਼ ਪਰਸਿਧ ਸਿਆਸਤਦਾਨ ਸਨ । ਉਨ੍ਹਾਂ ਦੀ ਮਿਰਤੂ ਦੇ ਨਾਲ ਸਾਰੇ ਦੇਸ਼ ਨੂੰ ਬੜਾ ਘਾਟਾ ਪਿਆ ਹੈ । ਜਿਹੜੇ ਵਿਚਾਰ ਇਸ ਸਦਨ ਵਿਚ ਰਖੇ ਗਏ ਹਨ, ਮੈਂ ਉਨ੍ਹਾਂ ਨਾਲ ਪੂਰਨ ਤੌਰ ਤੇ ਸਹਿਮਤ ਹਾਂ ਅਤੇ ਉਨ੍ਹਾਂ ਦੀ ਮਿਰਤੂ ਦਾ ਜੋ ਮਤਾ ਪਾਸ ਹੋਵੇ ਉਨ੍ਹਾਂ ਦੇ ਪ੍ਰਵਾਰ ਨੂੰ ਯੋਗ ਢੰਗ ਨਾਲ ਭੇਜ ਦਿਤਾ ਜਾਵੇ, ਇਹ ਭੀ ਮੇਰੀ ਬੇਨਤੀ ਹੈ ।

चौधरी बलबीर सिंह (होशियारपुर) : स्पीकर साहिब इस सदन में जो लीडर आफ दी हाऊस ने शोक प्रस्ताव पेश किया है, मैं उस का अनुमोदन करता हूं । श्री जैपाल सिंह अपने इलाके में बहुत प्रसिद्ध इनसान थे । जब भी उन के इलाके से कोई उम्मीदवार खड़ा होता था तब उन की मर्जी से खड़ा होता था । आज तक कोई आदमी भी उन की मर्जी के बगैर खड़ा नहीं हुआ । मैं उन की मौत और मेजर अमीर सिंह जो बड़े पंजाब के सदन के मैम्बर रहे थे उन की मौत पर भी आपनी पार्टी की तरफ से खेद प्रगट करता हूं और ईश्वर से प्रार्थना करता हूं कि उन को अपने चरणों में निवास दे और उन के परिवार को यह सदमा सहन करन की शक्ति दे । मेरी प्रार्थना है कि यह प्रस्ताव उन के घर वालों को भेजा जाए ।

ਕਾਮਰੇਡ ਬਾਬੂ ਸਿੰਘ ਮਾਸਟਰ (ਫੂਲ) : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਜਿਹੜੇ ਦੋ ਸ਼ੋਕ ਮਤੇ ਪੇਸ਼ ਹੋਏ ਹਨ ਔਰ ਜੋ ਲੀਡਰ ਆਫ਼ ਦੀ ਹਾਊਸ ਨੇ ਉਨ੍ਹਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਮੈਂ ਉਨ੍ਹਾਂ ਨਾਲ ਸਹਿਮਤੀ ਪਰਗਟ ਕਰਦਾ ਹਾਂ । ਉਹ ਬੜੇ ਚੰਗੇ, ਯੋਗ ਤੇ ਸਿਆਣੇ ਆਦਮੀ ਸਨ । ਜਿਸ ਤਰ੍ਹਾਂ ਮੇਜਰ ਸਾਹਿਬ ਨੇ ਦਸਿਆ ਹੈ ਕਿ ਉਨ੍ਹਾਂ ਦੇ ਵਿਚ ਕਿੰਨੀਆਂ ਸਿਫਤਾਂ ਸਨ। ਉਹ ਇਕ ਚੰਗੇ ਲੈਜਿਸਲੇਟਰ ਵੀ ਸਨ ਅਤੇ ਆਪਣੇ ਇਲਾਕੇ ਵਿਚੋਂ ਚੋਣਾਂ ਵਿਚ ਜਿਤਦੇ ਰਹੇ । ਇਹ ਚੀਜ਼ਾਂ ਉਨ੍ਹਾਂ ਦੇ ਗੁਣਾਂ ਨੂੰ ਜ਼ਾਹਰ ਕਰਦੀਆਂ ਹਨ ਅਤੇ ਉਹ ਦਸਦੀਆਂ ਹਨ ਕਿ ਲੋਕਾਂ ਦੇ ਕਿੰਨੇ ਹਰਮਨ ਪਿਆਰੇ ਸਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਪਰਵਾਰਾਂ ਨੂੰ ਇਸ ਹਾਊਸ ਵਲੋਂ ਸ਼ੋਕ ਮਤਾ ਭੇਜਿਆ ਜਾਵੇ ਤਾਂ ਕਿ ਉਨ੍ਹਾਂ ਨੂੰ ਸ਼ਾਂਤੀ ਰਹੇ ਕਿ ਸਾਡਾ ਨਾਉਂ ਜੀਉਂਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਰਧਾਂਜਲੀ ਭੇਟ ਕਰਦਾ ਹੋਇਆ ਬੈਠ ਜਾਂਦਾ ਹਾਂ ।

ਜਥੇਦਾਰ ਹਰਦਿਤ ਸਿੰਘ ਭੱਠਲ (ਧਨੌਲਾ): ਸਪੀਕਰ ਸਾਹਿਬ, ਇਹ ਜਿਹੜਾ ਸ਼ੋਕ ਮਤਾ ਮੁੱਖ ਮੰਤਰੀ ਸਾਹਿਬ ਨੇ ਹਾਊਸ ਵਿਚ ਰਖਿਆ ਹੈ, ਮੈਂ ਉਨ੍ਹਾਂ ਦੇ ਨਾਲ ਆਪਣੇ ਅਤੇ ਆਪਣੀ ਪਾਰਟੀ ਵਲੋਂ ਸਹਿਮਤ ਹੁੰਦਾ ਹਾਂ । ਇਹ ਜਿਹੜੇ ਦੋਵੇਂ ਸਜਣ ਮੇਜਰ ਅਮੀਰ ਸਿੰਘ ਅਤੇ ਸ੍ਰੀ ਜੈਪਾਲ ਸਿੰਘ ਸ਼ਹੀਦ ਹੋਏ ਹਨ, ਉਨ੍ਹਾਂ ਦੇ ਪਰੀਵਾਰਾਂ ਨਾਲ, ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ, ਉਨ੍ਹਾਂ ਦੇ ਮਿਤਰਾਂ ਦੋਸਤਾਂ ਨਾਲ ਦੁਖ ਪ੍ਰਗਟ ਕਰਦਾ ਹੋਇਆ ਦੋਹਾਂ ਨੂੰ ਸ਼ਰਧਾਜਲੀ ਭੇਂਟ ਕਰਦਾ ਹਾਂ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਮੁੱਖ ਮੰਤਰੀ ਸਾਹਿਬ ਨੇ ਜਿਹੜਾ ਸ਼ੋਕ ਪ੍ਰਸਤਾਵ ਹਾਊਸ ਵਿਚ ਰਖਿਆ ਹੈ ਮੈਂ ਅਪਣੀ ਪਾਰਟੀ ਵਲੋਂ ਉਸ ਦੇ ਨਾਲ ਸਹਿਮਤ ਹਾਂ । ਜਿਹੜੇ ਮਹਾਨ ਵਿਅਕਤੀ ਸਾਡੇ ਦੇਸ਼ ਦੀ ਸੇਵਾ ਕਰਦਿਆਂ ਅਤੇ ਦੇਸ਼ ਦੀ ਸੁਰਖਿਆ ਲਈ ਮਰਦੇ ਹਨ ਜਾਂ ਪਾਲੀਟਿਕਸ ਦੇ ਖੇਤਰ ਵਿਚ ਪਛੜੀਆਂ ਜਾਤੀਆਂ ਦੀ ਨੁਮਾਇੰਦਗੀ ਕਰਦਿਆਂ ਅਤੇ ਉਨ੍ਹਾਂ ਦੀ ਭਲਾਈ ਲਈ ਕੰਮ ਕਰਦੇ ਕਰਦੇ ਇਸ ਸੰਸਾਰ ਤੋਂ ਚਲੇ ਜਾਂਦੇ ਹਨ ਤਾਂ ਉਨ੍ਹਾਂ ਦੇ ਨੇਕ ਕੰਮ ਅਤੇ ਉਨ੍ਹਾਂ ਦੀ ਯਾਦ ਸਾਡੇ ਦਿਲਾਂ ਵਿਚ ਅਮਰ ਰਹਿ ਜਾਂਦੀ ਹੈ ।

ਜਿਸ ਤਰੀਕੇ ਨਾਲ ਉਨ੍ਹਾਂ ਦੋਹਾਂ ਸਜਣਾ ਨੇ ਸਾਡੇ ਦੇਸ਼ ਦੀ ਸੇਵਾ ਕੀਤੀ ਅਤੇ ਆਪਣੇ ਆਪਣੇ ਖੇਤਰ ਵਿਚ ਜੋ ਵੀ ਕੰਮ ਕੀਤੇ ਉਹ ਸਰਾਹਣਾ ਯੋਗ ਹਨ ਅਤੇ ਉਨ੍ਹਾਂ ਨੇ ਸਾਡੇ ਲਈ ਪੂਰਨੇ ਪਾਏ ਹਨ ਕਿ ਕਿਸ ਤਰ੍ਹਾਂ ਦੇਸ਼ ਦੀ ਸੇਵਾ ਅਤੇ ਲੋਕ ਭਲਾਈ ਦੇ ਕੰਮ ਤਨਦੇਹੀ ਨਾਲ ਕਰਨੇ ਚਾਹੀਦੇ ਹਨ ।

ਐਸੇ ਆਦਮੀਆਂ ਦੇ ਅਕਾਲ ਚਲਾਣੇ ਨਾਲ ਜਿਹੜਾ ਦੇਸ਼ ਨੂੰ ਨੁਕਸਾਨ ਹੋਇਆ ਹੈ ਉਹ ਸ਼ਬਦਾਂ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ । ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਈਸ਼ਵਰ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਉਹ ਇਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰੇ ।

ਸਰਦਾਰ ਬਸੰਤ ਸਿੰਘ (ਡਕਾਲਾ) : ਮੈਂ ਆਪਣੇ ਵਲੋਂ ਇਹ ਜਿਹੜੇ ਰੈਜ਼ੋਲਿਊਸ਼ਨਜ਼ ਸ਼ੋਕ ਦੇ ਇਸ ਹਾਊਸ ਵਿਚ ਪੇਸ਼ ਕੀਤੇ ਗਏ ਹਨ ਉਨ੍ਹਾਂ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ । ਮੈਨੂੰ ਦੋਹਾਂ ਹਸਤੀਆਂ ਨਾਲ ਇਕਠੇ ਰਹਿਣ ਦਾ ਮੌਕਾ ਮਿਲਿਆ ਹੈ ਉਸ ਤਜਰਬੇ ਦੀ ਬਿਨਾਂ ਤੇ ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਨੇ ਆਪਣੇ ਆਪਣੇ ਖੇਤਰ ਵਿਚ ਚੰਗੇ ਅਤੇ ਨੁਮਾਈਆਂ ਕੰਮ ਕੀਤੇ ਹਨ । ਕੁਦਰਤੀ ਤੌਰ ਤੇ ਉਨ੍ਹਾਂ ਚੰਗੀਆਂ ਹਸਤੀਆਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਹੀ ਨਹੀਂ ਬਲਕਿ ਸਾਰੇ ਦੇਸ਼ ਨੂੰ ਅਤੇ ਸਾਰੀ ਕੌਮ ਨੂੰ ਨੁਕਸਾਨ ਹੋਇਆ ਹੈ । ਇਥੇ ਜਿਹੜੇ ਜਜ਼ਬਾਤ ਪ੍ਰਗਟ ਕੀਤੇ ਹਨ ਮੈਂ ਉਨ੍ਹਾਂ ਨਾਲ ਸਹਿਮਤ ਹਾਂ ਅਤੇ ਉਨ੍ਹਾਂ ਦੇ ਘਰਾਂ ਨੂੰ ਪ੍ਰਸਤਾਵ ਪਹੁੰਚ ਜਾਣੇ ਚਾਹੀਦੇ ਹਨ । ਮੈਂ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੀ ਆਤਮਾਂ ਨੂੰ ਸ਼ਾਂਤੀ ਪ੍ਰਦਾਨ ਕਰੇ । ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਬੈਠ ਜਾਂਦਾ ਹਾਂ ।

ਸ੍ਰੀ ਸਪੀਕਰ : ਜਿਹੜੇ ਹਕੀਕਤ ਭਰੇ ਸ਼ੋਕ ਵਿਚਾਰ ਲੀਡਰ ਆਫ਼ ਦੀ ਹਊਸ ਅਤੇ ਦੂਸਰੇ ਨੇਤਾਵਾਂ ਨੇ ਹਾਊਸ ਵਿਚ ਪ੍ਰਗਟ ਕੀਤੇ ਹਨ, ਮੈਂ ਸਮਝਦਾ ਹਾਂ ਕਿ ਸਾਰਾ ਹਾਊਸ ਉਨ੍ਹਾਂ ਦੇ ਨਾਲ ਸਹਿਮਤ ਹੈ । ਇਹ ਹਾਊਸ ਦੀ ਆਗਿਆ ਨਾਲ ਦੋਵੇਂ ਮਤੇ ਹਾਊਸ ਵਲੋਂ ਉਨ੍ਹਾਂ ਦੇ ਪਰੀਵਾਰਾਂ ਨੂੰ ਹਮਦਰਦੀ ਵਜੋਂ ਭੇਜ ਦਿਤੇ ਜਾਣਗੇ । ਇਸ ਦੇ ਨਾਲ ਹੀ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਦੋ ਮਿੰਟਾਂ ਲਈ ਉਨ੍ਹਾਂ ਮਹਾਨ ਨੇਤਾਵਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਮੌਨ ਧਾਰਨ ਕਰਨ ।

(ਇਸ ਵਕਤ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਦੋ ਮਿੰਟਾਂ ਲਈ ਮੌਨ ਖੜੇ ਹੋ ਗਏ ।

(I think the entire House shares the sincere sentiments

[Mr. Speaker]

of grief and sorrow expressed by the Leader of the House, and other leaders. With the permission of the House both the condolence resolutions shall be forwarded to the bereaved families. With this, I will request the House to observe silence for two minutes as a mark of respect to the departed leaders.)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਕੁਝ ਐਸੇ ਹਾਲਾਤ ਹੋਏ ਇਸ ਸਦਨ ਵਿਚ ......(ਵਿਘਨ)...

ਸ੍ਰੀ ਸਪੀਕਰ : (ਵਿਘਨ) ਜ਼ਰਾ ਠਹਿਰੋ, ਕੁਝ ਪੇਪਰਜ਼ ਮੇਜ਼ ਤੇ ਲੇ ਕਰਨ ਵਾਲੇ ਹਨ। (Please wait. Some papers are to be laid on the Table.) (*interruption*)

PRESENTATION OF REPORTS

Chairman Adhoc Committee (Brig. Bikramajit Singh Bajwa) : Sir, I beg to present the Report of the Ad-hoc Committee appointed to enquire into the matter relating to the entry of Police/outsiders in the House on the 18th March, 1968.

Chairman, Public Accounts Committee (Sardar Shashpal Singh) : Sir, I beg to present the Twenty-Seventh Report of the Public Accounts Committee on the Appropriation Accounts of the Punjab Government for the years 1964-65 and 1965-66 and the Audit Reports 1966 and 1967.

Sir, I also beg to present the Twenty-Eighth Report of the Public Accounts Committee on the Appropriation Accounts of the Punjab Government for the years 1966-67 and 1967-68 and the Audit Reports 1968 and 1969.

Chairman, Estimates Committee (Sardar Teja Singh) : Sir, I beg to present the Report of the Estimates Committee on the Budget Estimates for the year 1969-70.

ਸਭਾਪਤੀ ਅਸ਼ਵਾਸਨ ਕਮੇਟੀ (ਭਗਤ ਗੁਰਾਂ ਦਾਸ ਹੰਸ): ਸ੍ਰੀ ਮਾਨ ਜੀ, ਮੈਂ ਸਾਲ 1969-70 ਦੀ ਆਸ਼ਵਾਸ਼ਨ ਕਮੇਟੀ ਦੀ 13ਵੀਂ ਰਿਪੋਰਟ ਹਾਊਸ ਦੇ ਸਾਹਮਣੇ ਪੇਸ਼ ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਬੇਨਤੀ ਕਰਦਾ ਹਾਂ ਕਿ ਇਹ ਰਿਪੋਰਟ ਅਜੇ ਛਪ ਕੇ ਪ੍ਰੈਸ ਵਿਚੋਂ ਨਹੀਂ ਆਈ, ਮੈਂ ਉਸ ਦੀ ਇਕ ਟਾਈਪਡ ਕਾਪੀ ਪੇਸ਼ ਕਰਦਾ ਹਾਂ। ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਉਹ ਜਦੋਂ ਪ੍ਰੈਸ ਵਿਚੋਂ ਛਪ ਕੇ ਆ ਜਾਵੇ ਤਾਂ ਉਸਦੀਆਂ ਕਾਪੀਆਂ ਹਾਊਸ ਦੇ ਮੈਂਬਰਾਂ ਨੂੰ ਦਿਤੀਆਂ ਜਾਣ।

PAPERS LAID ON THE TABLE OF THE HOUSE

Minister for Finance, Food and Supplies (Sardar Balwant Singh): Sir, I beg to lay on the Table :—

(1) the Appropriation Accounts of t Government of Punjab for the year, 1968-69 and Audit Report 1970;

(2) the Finance Accounts of the Government of Punjab for the year, 1968-69;

(3) the Annual Financial Statement (Budget Estimates) for the year, 1970-71 of the Punjab State Electricity Board, as required under section 61(3) of the Electricity (Supply) Act, 1948;

(4) the Annual Statement of Accounts of the Punjab State Electricity Board for the year 1968-69 and the Audit Report thereon, as required under section 69(1) of the Electricity (Supply) Act, 1948.

THE PUNJAB APPROPRIATION (NO. 2) BILL, 1970

Mr. Speaker : The next item on the Agenda is the Punjab Appropriation (No. 2) Bill, 1970.

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰੀ ਪਾਰਟੀ ਦਾ ਮੈਨਡੇਟ ਹੈ ਕਿ ਮੈਂ ਐਪ੍ਰੋਪ੍ਰੀਏਸ਼ਨ ਬਿਲ ਇੰਟਰੋਡਿਊਸ ਨਾ ਕਰਾਂ ।

Chief Minister : Sir, I beg to introduce the Punjab Appropriation (No. 2) Bill.

Sir, I also beg to move—

> That the Punjab Appropriation (No. 2) Bill be taken into consideration a once.

Mr. Speaker . Motion Moved—

> That the Punjab Appropriation (No. 2) Bill be taken into consideration at once.

